# ਨਾਨਕ ਬਾਣੀ ਵਿੱਚ ਪ੍ਰਕਿਰਤੀ ਦਾ ਸੰਕਲਪ
# Concept of Nature in Nanak-Bani

ਪੀ.ਐਚ.ਡੀ. ਦੀ ਡਿਗਰੀ ਲਈ ਪੰਜਾਬ ਯੂਨੀਵਰਸਟੀ ਚੰਡੀਗੜ੍ਹ
ਦੀ ਭਾਸ਼ਾ ਫ਼ੈਕਲਟੀ ਵਿੱਚ ਪ੍ਰਸਤੁਤ ਸ਼ੋਧ ਪ੍ਰਬੰਧ

**1984**


ਪ੍ਰਸਤੁਤ ਕਰਤਾ

ਜਸਪਾਲ ਸਿੰਘ ਪਾਲ
ਉਰਫ
ਨਛੱਤਰ ਸਿੰਘ ਪਾਲ

# ਤੱਤਕਰਾ

## ਅਧਿਆਇ ਪਹਿਲਾ

### ਗੁਰੂ ਨਾਨਕ ਦੇਵ ਜੀ ਦਾ ਜੀਵਨ, ਵਿਅਕਤਿਤਵ ਤੇ ਬਾਣੀ


| | | ਪੰਨਾ |
|---|---|---|
| – | ਜੀਵਨ ਦਾ ਪਹਿਲਾ ਭਾਗ | 1 - 3 |
| – | ਜੀਵਨ ਦਾ ਦੂਜਾ ਭਾਗ | 3 - 4 |
| – | ਉਦਾਸੀਆਂ | 4 - 6 |
| – | ਜੀਵਨ ਦਾ ਤੀਜਾ ਭਾਗ | 6 - 7 |
| – | ਗੁਰੂ ਨਾਨਕ ਦੇਵ ਜੀ ਦਾ ਵਿਅਕਤਿਤਵ | 7 - 11 |
| – | ਰਚਨਾ ਤੇ ਬਿਓਰਾ | 11 - 36 |
| – | ਪੈਰ-ਟਿੱਪਣੀਆਂ | 37 - 38 |


## ਅਧਿਆਇ ਦੂਜਾ

### ਪ੍ਰਕਿਰਤੀ ਦਾ ਸਰੂਪ


| | | |
|---|---|---|
| – | ਪ੍ਰਕਿਰਤੀ ਲਈ ਵਰਤੇ ਗਏ ਵਿਭਿੰਨ ਸ਼ਬਦ, ਪ੍ਰੀਭਾਸ਼ਾ ਤੇ ਪ੍ਰਕਿਰਤੀ ਦੇ ਵਿਭਿੰਨ - ਰੂਪ | 40 - 43 |
| – | ਪ੍ਰਕਿਰਤੀ ਦੇ ਵਿਭਿੰਨ ਰੂਪਾਂ ਦੀ ਆਲੋਚਨਾ | 44 - 44 |
| – | ਭਾਰਤੀ ਦਾਰਸ਼ਨਿਕ ਸਾਹਿੱਤ ਵਿਚ ਪ੍ਰਕਿਰਤੀ ਦੇ ਵਿਭਿੰਨ ਅਰਥ | 44 - 45 |
| – | ਭਾਰਤੀ ਦਰਸ਼ਨ-ਸਾਹਿੱਤ ਵਿਚ ਪ੍ਰਕਿਰਤੀ ਸੰਕਲਪ ਦਾ ਮਹੱਤਵ | 46 - 46 |
| – | ਪ੍ਰਕਿਰਤੀ ਤੇ ਤ੍ਰੈਗੁਣ | 47 - 48 |

- ਪ੍ਰਕਿਰਤੀ ਤੇ ਚਿੱਤ - ਬਿਰਤੀਆਂ 48 - 49
- ਪ੍ਰਕਿਰਤੀ ਤੇ ਦੇਸ਼ - ਕਾਲ 49 - 50
- ਭਾਰਤੀ ਖਟ - ਦਰਸ਼ਨ ਵਿਚ ਪ੍ਰਕਿਰਤੀ ਦਾ ਸੰਕਲਪ 50 - 52
- ਪ੍ਰਕਿਰਤੀ ਸਬੰਧੀ ਜੈਨ ਤੇ ਬੁੱਧ ਦ੍ਰਿਸ਼ਟੀਕੋਣ 52 - 53
- ਸ਼ਾਸਤ੍ਰੀ ਮੱਤਾਂ ਅਨੁਸਾਰ ਪ੍ਰਕਿਰਤੀ ਧਾਰਨਾ 53 - 59
- ਪੈਰ - ਟਿੱਪਣੀਆਂ 60 - 62


## ਅਧਿਆਇ ਤੀਜਾ


- ਮਨੁੱਖ ਅਤੇ ਪ੍ਰਕਿਰਤੀ ਦਾ ਆਦਿ - ਕਾਲੀਨ ਸਹਿਚਾਰ 64 - 68
- ਪ੍ਰਕਿਰਤੀ ਤੇ ਭਾਵ 68 - 72
- ਪ੍ਰਕਿਰਤੀ ਪ੍ਰੇਮ 72 - 73
- ਪ੍ਰਕਿਰਤੀ ਰਸ 74 - 76
- ਪ੍ਰਕਿਰਤੀ - ਕਾਵਿਕ ਤੇ ਵਿਗਿਆਨਕ ਅੰਤਰ 76 - 82
- ਪੈਰ - ਟਿੱਪਣੀਆਂ 83 - 84


## ਅਧਿਆਇ ਚੌਥਾ


- ਪੂਰਵ ਗੁਰੂ ਨਾਨਕ-ਕਾਵਿ ਵਿਚ ਪ੍ਰਕਿਰਤੀ 86 - 86
- ਨਾਥ - ਸਿਧ ਜੋਗੀ ਸਾਹਿੱਤ ਵਿਚ ਪ੍ਰਕਿਰਤੀ - ਚਿਤ੍ਰਣ 86 - 92
- ਭਗਤੀ - ਕਾਵਿ ਤੇ ਪ੍ਰਕਿਰਤੀ ਚਿਤ੍ਰਣ 93 - 95
- ਲੋਕ - ਕਾਵਿ ਤੇ ਪ੍ਰਕਿਰਤੀ 95 - 99
- ਪੂਰਵ ਗੁਰੂ ਨਾਨਕ ਦੇ ਦਾਰਸ਼ਨਿਕ-ਪੱਖ 99 - 104
- ਨਾਥ-ਜੋਗੀਆਂ ਦੀ ਪ੍ਰਾਕਿਰਤਕ ਅਨੁਭੂਤੀ-ਸ਼ੀਲਤਾ 104 - 108
- ਪੈਰ - ਟਿੱਪਣੀਆਂ 109 - 111

## ਅਧਿਆਇ ਪੰਜਵਾਂ

### ਗੁਰੂ ਨਾਨਕ - ਦਰਸ਼ਨ ਦੇ ਵਿਭਿੰਨ ਸਰੂਪ


| | | |
|---|---|---|
| — | ਬ੍ਰਹਮ ਦਾ ਸਰੂਪ | 113 - 135 |
| — | ਜੀਵ ਦਾ ਸਰੂਪ | 135 - 140 |
| — | ਜਗਤ ਦਾ ਸਰੂਪ | 141 - 152 |
| — | ਮਾਇਆ ਦਾ ਸਰੂਪ | 153 - 157 |
| — | ਪੈਰ - ਟਿੱਪਣੀਆਂ | 158 - 164 |


## ਅਧਿਆਇ ਛੇਵਾਂ


| | | |
|---|---|---|
| — | ਗੁਰ ਨਾਨਕ - ਬਾਣੀ ਵਿਚ ਪ੍ਰਕਿਰਤੀ ਦਾ ਸੰਕਲਪ | 166 - 168 |
| — | ਗੁਰ ਨਾਨਕ-ਬਾਣੀ ਵਿਚ ਪ੍ਰਕਿਰਤੀ ਲਈ ਵਰਤੇ ਗਏ ਵਿਭਿੰਨ - ਸ਼ਬਦ | 168 - 174 |
| — | ਪ੍ਰਾਕਿਰਤਕ - ਰੂਪਾਂ ਦਾ ਵਰਗੀਕਰਣ | 175 - 178 |
| — | ਕਾਦਰ ਤੇ ਕੁਦਰਤ | 178 - 181 |
| — | ਪ੍ਰਕਿਰਤੀ ਦਾ ਸਿਰਜਨਾ - ਸਿਧਾਂਤ | 181 - 187 |
| — | ਪ੍ਰਕਿਰਤੀ ਤੇ ਤ੍ਰੈਗੁਣ | 187 - 189 |
| — | ਪ੍ਰਕਿਰਤੀ ਦਾ ਵਿਵਹਾਰਕ - ਸੱਤਾ | 189 - 193 |
| — | ਪ੍ਰਕਿਰਤੀ ਦੀ ਆਵਰਤੀ | 193 - 197 |
| — | ਪ੍ਰਕਿਰਤੀ ਤੇ ਵਿਸਮਾਦ | 197 - 201 |
| — | ਪ੍ਰਕਿਰਤੀ ਦੀ ਅਨੰਤਤਾ | 201 - 203 |
| — | ਪ੍ਰਕਿਰਤੀ ਤੇ ਹੁਕਮ ਸਿਧਾਂਤ | 204 - 206 |
| — | ਪ੍ਰਕਿਰਤੀ ਦੀ ਉਪਦੇਸ਼ਾਤਮਿਕਤਾ | 206 - 208 |
| — | ਗੁਰੂ ਨਾਨਕ - ਬਾਣੀ ਵਿਚ ਪ੍ਰਕਿਰਤੀ ਦਾ ਰਹੱਸਾਤਮਿਕ - ਚਿਤ੍ਰਣ | 209 - 215 |
| — | ਪੈਰ - ਟਿੱਪਣੀਆਂ | 216 - 221 |

**ਅਧਿਆਇ ਸੱਤਵਾਂ**

**ਭਾਗ ਪਹਿਲਾ**

— ਗੁਰੂ ਨਾਨਕ - ਬਾਣੀ ਪ੍ਰਕਿਰਤੀ ਦਾ ਬਿੰਬਾਤਮਿਕ ਚਿਤ੍ਰਣ 223 - 229

— ਜਲ ਨਾਲ ਸਬੰਧਤ ਬਿੰਬ 229 - 232

— ਅਕਾਸ਼ ਨਾਲ ਸਬੰਧਤ ਬਿੰਬ 232 - 233

— ਬਨਸਪਤੀ ਨਾਲ ਸਬੰਧਤ ਬਿੰਬ 233 - 235

— ਰੁੱਤਾਂ ਨਾਲ ਸਬੰਧਤ ਬਿੰਬ 235 - 236

— ਜੀਵ - ਪਰਿੰਦਾਂ ਨਾਲ ਸਬੰਧਤ ਬਿੰਬ 236 - 239

— ਧਰਤੀ ਨਾਲ ਸਬੰਧਤ ਬਿੰਬ 239 - 241

**ਭਾਗ ਦੂਜਾ**

— ਗੁਰੂ ਨਾਨਕ - ਬਾਣੀ ਵਿਚ ਆਈਆਂ ਕੁਦਰਤ ਸਬੰਧੀ ਤੁਕਾਂ 242 - 247

— ਪੈਰ ਟਿੱਪਣੀਆਂ 248 - 251

**ਅਧਿਆਇ ਅੱਠਵਾਂ**

ਸਾਰੰਸ਼ 253 - 257

ਪੁਸਤਕ - ਸੂਚੀ 258 - 266

# ਭੂਮਿਕਾ

ਸ੍ਰੀ ਗੁਰੂ ਨਾਨਕ ਦੇਵ ਜੀ ਸਮੁੱਚੀ ਮਾਨਵਤਾ ਦੇ ਇਤਿਹਾਸ ਵਿਚ ਇਕ ਚਮਤਕਾਰੀ ਯੁਗ-ਪੁਰਸ਼ ਦੀ ਹੈਸੀਅਤ ਰੱਖਦੇ ਹਨ। ਉਹ ਬੌਧਿਕ, ਅਧਿਆਤਮਿਕ ਅਤੇ ਉਦਮ ਦੇ ਪੱਖੋਂ ਮਧ-ਕਾਲੀਨ ਮਹਾਂਪੁਰਖਾਂ ਵਿਚੋਂ ਇਕ ਅਦੁੱਤੀ ਵਿਅੱਕਤਿਤਵ ਦੇ ਮਾਲਕ ਸਨ। ਤੱਤਕਾਲੀਨ ਸੰਸਾਰ ਦੇ ਧਰਮਾਂ ਤੇ ਦਰਸ਼ਨਾਂ ਨੂੰ, ਉਨ੍ਹਾਂ ਬੜੀ ਬਚਿੱਤਰ ਮੌਲਿਕਤਾ ਨਾਲ ਘੋਖਿਆ, ਪਰਖਿਆ ਅਤੇ ਆਪਣੇ ਚਿੰਤਨ ਦੇ ਸਿੱਟਿਆਂ ਨੂੰ ਆਪਣੀ ਦੇਵੀ - ਬਾਣੀ ਵਿਚ ਸਮੋ ਦਿੱਤਾ। ਗੁਰੂ ਨਾਨਕ-ਬਾਣੀ ਆਪਣੇ ਸਮਕਾਲੀ ਸਮਾਜ ਦੀ ਬਹੁ-ਪੱਖੀ ਤਸਵੀਰ ਦੇ ਸਮੁੱਚ ਨੂੰ ਆਪਣੇ ਵਿਚ ਸੰਭਾਲੀ ਬੈਠੀ ਹੈ। ਗੁਰੂ ਨਾਨਕ ਦੇਵ ਜੀ ਨੇ ਪ੍ਰਚੱਲਤ ਵਿਚਾਰਧਾਰਾਵਾਂ ਨੂੰ ਮੌਲਿਕ ਢੰਗ ਨਾਲ ਗ੍ਰਹਿਣ ਕੀਤਾ ਅਤੇ ਇਕ ਨਵੇਂ ਵਿਆਪਿਕ ਅਮਲੀ ਜੀਵਨ ਫਲਸਫੇ ਦੀ ਨੀਂਹ ਰੱਖੀ, ਜੋ ਛੇਤੀ ਹੀ ਸਿੱਖ ਸਮਾਜ ਦੇ ਰੂਪ ਵਿਚ ਹੋਂਦ ਵਿਚ ਆ ਗਈ। ਗੁਰੂ ਨਾਨਕ-ਬਾਣੀ, ਗੁਰਮੱਤ ਦੀ ਅਧਾਰਸ਼ਿਲਾ ਬਣੀ ਜਿਸ ਉਤੇ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਆਦਿ ਗ੍ਰੰਥ ਵਰਗੇ ਸੰਸਾਰ ਦੇ ਸਭ ਤੋਂ ਵੱਡੇ ਧਰਮ- ਗ੍ਰੰਥ ਦਾ ਸਕੰਲਨ ਉਸਾਰਿਆ।

ਸ੍ਰੀ ਗੁਰੂ ਆਦਿ ਗ੍ਰੰਥ ਦਾ ਪੰਜਾਬੀ ਹੀ ਨਹੀਂ ਸਗੋਂ ਸਮੁੱਚੇ ਭਾਰਤੀ ਸਾਹਿੱਤ ਵਿਚ ਵਿਸ਼ੇਸ਼ ਸਥਾਨ ਹੈ। ਪ੍ਰਬੀਨ ਵਿਦਵਾਨਾਂ ਨੇ ਇਸ ਦਾ ਵਿਭਿੰਨ ਸੰਕਲਪੀ-ਪੱਖਾਂ ਤੋਂ ਦੀਰਘ ਅਧਿਐਨ ਕਰਕੇ ਇਸ ਦੀ ਗੌਰਵਤਾ ਨੂੰ ਉਜਾਗਰ ਕੀਤਾ ਹੈ। ਭਾਈ ਗੁਰਦਾਸ ਤੋਂ ਸ਼ੁਰੂ ਹੋਈ ਸਿੱਖ ਵਿਦਵਾਨਾਂ ਦੀ ਪ੍ਰੰਪਰਾਗਤ ਸ਼੍ਰੇਣੀ ਨੇ ਗੁਰਬਾਣੀ ਦੀ ਵਿਹਾਰਕ ਅਤੇ ਦਾਰਸ਼ਨਿਕ, ਲਿਖਤੀ ਅਤੇ ਅਲਿਖਤੀ ਵਿਆਖਿਆ ਕੀਤੀ ਹੈ।

ਸਿੱਖਾਂ ਦੀ ਨਿਰਮਲ-ਸੰਪਰਦਾ ਦੇ ਅਤੇ ਪ੍ਰਤਿਸ਼ਠ ਵਿਦਵਾਨ ਸੰਤਾਂ ਨੇ ਗੁਰਬਾਣੀ ਦੇ ਵੇਦਾਂਤਿਕ ਅਧਾਰ ਨਿਸ਼ਚਿਤ ਕਰਕੇ, ਇਸ ਨੂੰ ਭਾਰਤੀ ਅਧਿਆਤਮਿਕ ਸਾਹਿੱਤ ਵਿਚ ਮਾਨਤਾ ਦਿਵਾਈ ਹੈ ਅਤੇ ਗੁਰਬਾਣੀ ਦੀ ਸੰਸਕ੍ਰਿਤ ਭਾਸ਼ਾ ਵਿਚ ਵਿਆਖਿਆ ਉਪਲਬਧ ਕੀਤੀ ਹੈ। ਸੰਪਰਦਾਈ ਗਿਆਨੀਆਂ ਦੀ ਟਕਸਾਲ ਨੇ ਸ੍ਰੀ ਆਦਿ ਗ੍ਰੰਥ ਦੀ ਬਹੁ - ਪੱਖੀ ਦਾਰਸ਼ਨਿਕ ਤੇ ਭਾਸ਼ਾਈ ਵਿਆਖਿਆ ਨਾਲ ਸਿੱਖ- ਪ੍ਰਚਾਰਕਾਂ ਨੂੰ ਮਾਲਾ ਮਾਲ ਕਰਕੇ ਸਿੱਖ ਸਮਾਜ ਦੀ ਅਦੁੱਤੀ ਸੇਵਾ ਕੀਤੀ ਹੈ। ਭਾਵੇਂ ਪੰਡਿਤ ਤਾਰਾ ਸਿੰਘ ਨਰੋਤਮ, ਭਾਈ ਕਾਹਨ ਸਿੰਘ ਨਾਭਾ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਡਾ: ਸ਼ੇਰ ਸਿੰਘ, ਸ: ਸਰਦੂਲ ਸਿੰਘ 'ਕਵੀਸ਼ਰ', ਭਗਤ ਸਿੰਘ ਹੀਰਾ,

ਡਾ: ਤਾਰਨ ਸਿੰਘ ਅਤੇ ਪ੍ਰੀਤਮ ਸਿੰਘ ਗਿੱਲ ਆਦਿਕ ਨੇ ਗੁਰਬਾਣੀ ਦੀ ਬਹੁ-ਮੁੱਖੀ ਤਾਤਵਿਕ ਵਿਆਖਿਆ ਪੰਜਾਬੀ ਜਗਤ ਨੂੰ ਦਿੱਤੀ ਹੈ ਪਰ ਜਿਸ ਵਿਆਪਿਕ ਪੱਧਰ ਉਤੇ ਗੁਰਬਾਣੀ ਦਾ ਤੁਲਨਾਤਮਿਕ ਤੇ ਸੰਕਲਪੀ ਅਧਿਐਨ ਡਾ: ਸੁਰਿੰਦਰ ਸਿੰਘ ਕੋਹਲੀ ਨੇ ਖੁਦ ਕੀਤਾ ਅਤੇ ਆਪਣੀ ਸਮਰਥ ਤੇ ਨਰਨਸ਼ੀਲ ਅਗਵਾਈ ਹੇਠ ਪੰਜਾਬੀ ਵਿਦਵਾਨਾਂ ਤੋਂ ਕਰਵਾਇਆ ਹੈ, ਉਸ ਦਾ ਪੰਜਾਬੀ ਖੋਜ ਸਾਹਿੱਤ ਦੇ ਇਤਿਹਾਸ ਵਿਚ ਇਕ ਮਹੱਤਵ-ਪੂਰਨ ਸਥਾਨ ਹੈ। ਇਹ ਖੋਜ-ਪਰਪਾਟੀ ਉਨ੍ਹਾਂ ਹੱਥੋਂ ਸ਼ੁਰੂ ਹੋ ਕੇ ਸੰਪੂਰਨਤਾ ਤੱਕ ਪੁੱਜੀ ਹੈ। ਪੰਜਾਬੀ ਵਿਚ ਲਗਭਗ ਤਿੰਨ ਦਰਜਨ ਵਿਦਵਾਨਾਂ ਨੇ ਸ੍ਰੀ ਆਦਿ ਗ੍ਰੰਥ ਦੇ ਬਹੁਪੱਖੀ ਵਿਵੇਚਨ ਵਿਚ ਯੋਗਦਾਨ ਪਾਇਆ ਹੈ। ਮੇਰਾ ਇਹ ਸੋਧ-ਪ੍ਰਬੰਧ 'ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਦਾ ਸੰਕਲਪ' ਇਸੇ ਸੰਕਲਪੀ- ਪ੍ਰਪਾਟੀ ਦਾ ਹੀ ਇਕ ਅੰਗ ਹੈ।

ਪ੍ਰਕਿਰਤੀ ਹੀ ਸੰਸਾਰ ਹੈ। ਆਸਤਿਕਤਾ, ਪ੍ਰਕਿਰਤੀ ਨੂੰ ਪ੍ਰਮਾਤਮਾ ਦੀ ਰਚਨਾ ਮੰਨਦੀ ਹੈ। ਇਹ ਵਿਆਪਿਕ, ਗੋਚਰ ਅਤੇ ਅਗੋਚਰ, ਦ੍ਰਿਸ਼ਟ ਅਤੇ ਅਦ੍ਰਿਸ਼ਟ ਸੰਸਾਰ ਦੇ ਅਰਬਾਂ ਖਰਬਾਂ ਪੱਖ-ਪਹਿਲੂ, ਪ੍ਰਕਿਰਤੀ ਦਾ ਹੀ ਪਸਾਰ ਹਨ। ਮਨੁੱਖ ਪ੍ਰਕਿਰਤੀ ਦਾ ਸਰੇਸ਼ਟਤਮ, ਚੇਤੰਨ, ਬੁਧੀਸ਼ੀਲ ਅਤੇ ਕਲਾਤਮਕ ਯੋਗਤਾ ਵਾਲਾ ਜੀਵ ਹੈ, ਜਿਸ ਨੂੰ ਫ਼ਾਰਸੀ ਵਾਲੇ 'ਅਸ਼ਰਫ਼-ਅਲ- ਮਖ਼ਲੂਕਾਤ, ਕਹਿੰਦੇ ਹਨ। ਵਿਗਿਆਨੀਆਂ ਨੇ ਸਿੱਧ ਕਰ ਦਿੱਤਾ ਹੈ ਕਿ ਮਨੁੱਖ ਜੀਵਾਂ ਦੀ ਵਿਕਾਸ - ਲੜੀ ਦਾ ਸਿੱਟਾ ਹੈ। ਇਹ ਪ੍ਰਕਿਰਤੀ ਵਿਚੋਂ ਹੀ ਨਿੰਮਿਆ ਤੇ ਪ੍ਰਵਾਨ ਚੜ੍ਹਿਆ ਹੈ। ਪ੍ਰਕਿਰਤੀ ਹੀ ਇਸ ਦੀ ਜਨਨੀ, ਦਾਈ, ਪਾਲਕ ਅਤੇ ਪ੍ਰਤਿ-ਪਾਲਕ ਹੈ। ਪ੍ਰਕਿਰਤੀ ਤੋਂ ਬਗੈਰ ਮਨੁੱਖ ਦੀ ਕੋਈ ਹੋਂਦ ਨਹੀ। ਮਨੁੱਖਾਂ ਵਿਚੋਂ ਕਵੀ ਅਤੀ ਸੰਵੇਦਨਸ਼ੀਲ ਵਿਅੱਕਤੀ ਹੁੰਦਾ ਹੈ, ਉਹ ਆਪਣੇ ਆਲੇ ਦੁਆਲੇ ਦੇ ਪ੍ਰਭਾਵ ਨੂੰ ਦੂਜੇ ਮਨੁੱਖਾਂ ਨਾਲੋਂ ਬੜੀ ਭਿੰਨਤਾ ਅਤੇ ਤੀਬਰਤਾ ਨਾਲ ਅਨੁਭਵ ਕਰਦਾ ਹੈ। ਉਸ ਦੇ ਤੀਬਰ ਅਨੁਭਵ ਦੀ ਸ਼ਾਬਦਿਕ ਪੇਸ਼ਕਾਰੀ ਹੀ ਕਵਿਤਾ ਹੈ। ਹਰੇਕ ਕਵੀ ਆਪਣੀ ਅਨੁਭੂਤੀ, ਜੀਵਨ ਦੀ ਸਥਿਤੀ ਅਤੇ ਭ੍ਰਮਣ ਦੀ ਮਾਤਰਾ ਅਨੁਸਾਰ ਪ੍ਰਕਿਰਤੀ ਦੇ ਵਿਭਿੰਨ ਸਰੂਪਾਂ ਨੂੰ ਆਪਣੇ ਕਾਵਿ-ਸੰਕਲਪ ਵਿਚ ਗ੍ਰਹਿਣ ਕਰਦਾ ਹੈ। ਸੰਸਾਰ-ਕਾਵਿ ਵਿਚ ਪ੍ਰਕਿਰਤੀ ਚਿਤ੍ਰਣ ਦੀ ਇਕ ਸ਼ਕਤੀਸ਼ਾਲੀ ਪਰੰਪਰਾ ਮਿਲਦੀ ਹੈ, ਜੋ ਆਧੁਨਿਕ, ਉਦਯੋਗੀਕਰਨ ਅਤੇ ਸ਼ਹਿਰੀਕਰਣ ਦੇ ਪੜਾਅ ਤੱਕ ਆ ਕੇ ਮੱਠ ਪਈ ਹੈ, ਫਿਰ ਵੀ ਬਾਗਾਂ, ਪਾਰਕਾਂ ਅਤੇ ਫੁੱਲਾਂ ਦਾ ਪਿਆਰ ਸ਼ਹਿਰੀ ਮਨੁੱਖ ਦੇ ਪ੍ਰਕਿਰਤੀ ਪਿਆਰ ਵੱਲ ਸੰਕੇਤ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਇਕ ਯੁਗ-ਪੁਰਸ਼ ਮਹਾਂਕਵੀ ਸਨ। ਨਹਿੰਦੇ ਦੀ ਬਾਰ ਵਿਚ ਪੈਦਾ ਹੋਏ, ਬਚਪਨ ਵਿਚ ਪਸ਼ੂ ਚਾਰੇ, ਖੇਤੀ ਕੀਤੀ ਅਤੇ ਮਗਰੋਂ ਚਾਰ ਉਦਾਸੀਆਂ ਦੌਰਾਨ

ਕੁਦਰਤ ਦੀ ਵਿਵਿਧ-ਰੂਪਤਾ ਦਾ ਅਨੰਤ-ਮਾਇਆ। ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਚਿਤ੍ਰਣ ਦੇ ਸਰੂਪ, ਮਾਤਰਾ ਅਤੇ ਸੰਕਲਪ ਨੂੰ ਸਿਧਾਂਤਕ ਅਤੇ ਵਿਹਾਰਕ ਪਿਛੋਕੜ ਵਿਚ ਉਜਾਗਰ ਕਰਨਾ ਮੇਰੇ ਇਸ ਸ਼ੋਧ-ਪ੍ਰਬੰਧ ਦਾ ਉਦੇਸ਼ ਹੈ। ਪੰਜਾਬੀ-ਕਾਵਿ ਦੀਆਂ ਸਾਰੀਆਂ ਪਰਪਾਟੀਆਂ ਵਿਚ ਪ੍ਰਕਿਰਤੀ-ਚਿਤ੍ਰਣ ਦੇ ਯਥਾ ਸੰਦਰਭ ਦਰਸ਼ਨ ਹੁੰਦੇ ਹਨ। ਭਾਰਤੀ ਭਾਸ਼ਾਵਾਂ ਦੇ ਅਨੇਕਾਂ ਵਿਦਵਾਨਾਂ ਨੇ ਆਪਣੀਆਂ ਭਾਸ਼ਾਵਾਂ ਦੇ ਕਾਵਿ-ਸਾਹਿੱਤ ਵਿਚ ਪ੍ਰਕਿਰਤੀ ਚਿਤ੍ਰਣ ਸੰਬੰਧੀ ਆਪਣੇ ਸ਼ੋਧ-ਪ੍ਰਬੰਧ ਪ੍ਰਕਾਸ਼ਿਤ ਕੀਤੇ ਹਨ। ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਚਿਤ੍ਰਣ ਦਾ ਜਾਇਜ਼ਾ ਲੈਣਾ ਖੋਜ-ਕਾਰਜ ਦਾ ਉਪਯੁਕਤ ਵਿਸ਼ਾ ਹੈ।

ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਤਾਰਨ ਸਿੰਘ, ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਰਤਨ ਸਿੰਘ ਜੱਗੀ, ਡਾ. [illegible] ਸਿੰਘ, ਪ੍ਰਿੰ. ਪ੍ਰੀਤਮ ਸਿੰਘ, ਡਾ. ਕਾਲਾ ਸਿੰਘ ਬੇਦੀ, ਡਾ. ਸਤਿੰਦਰ ਸਿੰਘ, ਡਾ. ਸਵਿੰਦਰ ਸਿੰਘ ਉੱਪਲ, ਡਾ. ਦੀਵਾਨ ਸਿੰਘ, ਡਾ. ਮਹਿੰਦਰ ਕੌਰ ਗਿੱਲ, ਡਾ. ਦਰਸ਼ਨ ਸਿੰਘ, ਡਾ. ਅਤਰ ਸਿੰਘ, ਪ੍ਰੋ. ਰਾਮ ਸਿੰਘ, ਆਦਿ ਵਿਦਵਾਨਾਂ ਨੇ ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਚਿਤ੍ਰਣ ਦਾ ਸੰਕੇਤਕ ਅੰਸ਼ਕ ਰੂਪ ਵਿਚ ਵਿਵੇਚਨ ਅਤੇ ਸੰਕਿਤਨ ਕੀਤਾ ਹੈ। ਸਮੁੱਚੇ ਪੰਜਾਬੀ ਕਾਵਿ ਵਿਚ ਪ੍ਰਕਿਰਤੀ ਚਿਤ੍ਰਣ ਦੇ ਵਿਸ਼ੇ ਉਤੇ ਡਾ. ਗੁਰਦੇਵ ਸਿੰਘ ਦਾ ਸ਼ੋਧ-ਪ੍ਰਬੰਧ, ਪ੍ਰਕਾਸ਼ਤ ਹੋਇਆ ਹੈ। ਵਿਸ਼ੇ ਦੀ ਵਿਆਪਕਤਾ ਕਾਰਨ ਡਾ. ਗੁਰਦੇਵ ਸਿੰਘ ਨੇ ਗੁਰੂ-ਕਾਵਿ ਵਿਚ ਪ੍ਰਕਿਰਤੀ ਚਿਤ੍ਰਣ ਇਕ ਸੀਮਿਤ ਮਾਤਰਾ ਵਿਚ ਹੀ ਉਪਲਬਧ ਕਰ ਸਕੇ ਹਨ। ਮੈਂ ਆਪਣੇ ਖੋਜ-ਕਾਰਜ ਵਿਚ ਗੁਰੂ ਨਾਨਕ-ਬਾਣੀ ਵਿਚ ਪ੍ਰਕਿਰਤੀ-ਚਿਤ੍ਰਣ ਦਾ ਬਰੀਕ-ਬੀਨੀ ਅਧਿਐਨ ਕਰਨ ਦਾ ਯਤਨ ਕੀਤਾ ਹੈ ਅਤੇ ਪਰਾਪਤ ਅਕਾਦਮਿਕ, ਸੰਕਲਪਾਂ ਦੇ ਪੱਖ ਤੋਂ ਗੁਰੂ ਨਾਨਕ-ਬਾਣੀ ਦਾ ਚਿੰਤਨ ਕਰਨ ਦਾ ਯਥਾਸੰਭਵ ਯਤਨ ਕੀਤਾ ਹੈ।

ਮੇਰਾ ਇਹ ਖੋਜ-ਕਾਰਜ ਸਹਿਜ ਨਾਲ ਸਰੂਪਿਤ ਹੋਇਆ ਹੈ। ਸ਼ੋਧ-ਪ੍ਰਬੰਧ ਨੂੰ ਹੇਠ ਲਿਖੇ ਦਲੀਲ-ਪੂਰਵਕ ਅਧਿਆਵਾਂ ਵਿਚ ਨਿਰੂਪਿਤ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿਚ ਗੁਰੂ ਨਾਨਕ ਜੀਵਨ, ਵਿਅਕਤਿਤਵ ਅਤੇ ਬਾਣੀ ਦਾ ਆਧਾਰੀ ਵੇਰਵਾ ਉਪਲਬਧ ਕੀਤਾ ਗਿਆ ਹੈ ਤਾਂ ਜੋ ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਚਿਤ੍ਰਣ ਦੀ ਸੰਭਾਵਨਾ ਤੇ ਸੀਮਾ ਨੂੰ ਨਿਰਧਾਰਿਤ ਕੀਤਾ ਜਾ ਸਕੇ। ਦੂਜੇ ਅਧਿਆਇ ਵਿਚ ਪ੍ਰਕਿਰਤੀ ਦੀ ਸਰਬ-ਪ੍ਰਵਾਨਿਤ ਪ੍ਰੀਭਾਸ਼ਾ ਦੇ ਕੇ ਪ੍ਰਕਿਰਤੀ ਦਾ ਮਹੱਤਵ ਤੇ ਵਿਆਪਕਤਾ ਦਰਸਾਈ ਹੈ। ਤੀਜੇ ਅਧਿਆਇ ਵਿਚ ਪ੍ਰਕਿਰਤੀ ਦੀ ਗੋਦ ਵਿਚ ਵਿਗਸਦੇ ਮਨੁੱਖੀ ਸਹਿਚਾਰ ਦੀ ਗਾਥਾ ਅਤੇ ਪਰਸਪਰ-ਨਿਰਭਰਤਾ ਦਾ ਉਲੇਖ ਹੈ। ਇਸ ਅਧਿਆਇ ਵਿਚ ਮਨੁੱਖ ਦਾ ਪ੍ਰਕਿਰਤੀ, ਪ੍ਰੇਮ, ਪ੍ਰਕਿਰਤੀ ਅਨੁਭਵ, ਰਸ, ਕਾਵਿਕ ਤੇ ਵਿਗਿਆਨਕ ਅੰਤਰ ਆਦਿ ਦੀ ਵਿਆਖਿਆ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ।

ਚੌਥੇ ਅਧਿਆਇ ਵਿਚ ਪੂਰਵ ਨਾਨਕ ਪੰਜਾਬੀ-ਕਾਵਿ ਵਿਚ ਪ੍ਰਕਿਰਤੀ ਚਿਤ੍ਰਣ ਦੇ ਅੰਸ਼ ਲਭੇ ਗਏ ਹਨ ਅਤੇ ਇਸ ਪਰੰਪਰਾ ਦੇ ਨਿਸ਼ਾਨਦੇਹੀ ਕੀਤੀ ਗਈ ਹੈ ਤਾਂ ਜੋ ਨਾਨਕ ਬਾਣੀ ਦੀ, ਪ੍ਰਕਿਰਤੀ ਚਿਤ੍ਰਣ ਦੇ ਪੱਖੋਂ ਵਿਲੱਖਣਤਾ ਆਂਕੀ ਜਾ ਸਕੇ। ਇਸ ਵਿਚ ਪ੍ਰਾਪਤ ਸਿਧ-ਨਾਥ ਜੋਗੀ ਸਾਹਿੱਤ, ਫਰੀਦ ਬਾਣੀ, ਭਗਤ-ਕਾਵਿ ਅਤੇ ਲੋਕ ਸਾਹਿੱਤ ਨੂੰ ਆਧਾਰ ਬਣਾਇਆ ਗਿਆ ਹੈ।

ਪੰਜਵੇਂ ਅਧਿਆਇ ਵਿਚ ਗੁਰੂ ਨਾਨਕ ਬਾਣੀ ਦਾ ਦਾਰਸ਼ਨਿਕ ਵਿਵੇਚਨ ਕੀਤਾ ਗਿਆ ਹੈ। ਜਿਸ ਦੇ ਅੰਤਰਗਤ, ਬ੍ਰਹਮ, ਜਗਤ, ਜੀਵ ਅਤੇ ਮਾਇਆ ਆਦਿਕ ਪ੍ਰਮੁੱਖ ਵਿਸ਼ਿਆਂ ਸਬੰਧੀ ਗੁਰੂ ਨਾਨਕ ਦਾ ਦ੍ਰਿਸ਼ਟੀਕੋਣ ਦਰਸਾਇਆ ਗਿਆ ਹੈ ਤਾਂ ਜੋ ਪ੍ਰਕਿਰਤੀ ਸਬੰਧੀ ਗੁਰੂ ਨਾਨਕ ਦੇ ਸੰਕਲਪ ਨੂੰ ਵਧੇਰੇ ਸਪੱਸ਼ਟਤਾ ਨਾਲ ਸਮਝਿਆ ਜਾ ਸਕੇ। ਛੇਵੇਂ ਅਧਿਆਇ ਵਿਚ ਗੁਰੂ ਨਾਨਕ ਬਾਣੀ ਵਿਚ ਆਏ ਪ੍ਰਕਿਰਤੀ ਦੇ ਵਿਭਿੰਨ ਤੱਥ ਪੜਤਾਲੇ ਗਏ ਹਨ, ਜਿਸ ਨਾਲ ਗੁਰੂ ਨਾਨਕ ਦਾ ਪ੍ਰਕਿਰਤੀ ਸੰਕਲਪ ਇਕ ਸੰਗਠਿਤ ਰੂਪ ਵਿਚ ਉਭਰਦਾ ਹੈ। ਇਸ ਅਧਿਆਇ ਵਿਚ ਗੁਰੂ ਨਾਨਕ ਅਤੇ ਪ੍ਰਕਿਰਤੀ ਦੀ ਪਰਸਪਰ ਸਮੀਪਤਾ, ਗੁਰੂ ਨਾਨਕ ਦਾ ਪ੍ਰਕਿਰਤੀ ਪ੍ਰਤਿ ਵਤੀਰਾ ਅਤੇ ਪ੍ਰਭਾਵ ਦੀ ਮਾਤਰਾ ਸਪੱਸ਼ਟ ਕੀਤੀ ਗਈ ਹੈ।

ਬਿੰਬ ਅਤੇ ਅਲੰਕਾਰ ਕਾਵਿ ਦੇ ਭੂਸ਼ਣ ਹੁੰਦੇ ਹਨ। ਕਾਵਿ ਦਾ ਸੁਹਜ ਅਤੇ ਖੂਬਸੂਰਤੀ ਢੁਕਵੇਂ ਬਿੰਬਾਂ ਨਾਲ ਹੀ ਉਪਜਦੀ ਹੈ। ਬਿੰਬ-ਵਿਧਾਨ ਕਾਵਿ-ਸੁਹਜ ਦਾ ਸਾਰਥਿਕ ਮਾਧਿਅਮ ਹੈ, ਇਸ ਲਈ ਸੱਤਵੇਂ ਅਧਿਆਇ ਦੇ ਪਹਿਲੇ ਭਾਗ ਵਿਚ ਮੈਂ ਬਿੰਬ ਵਿਧਾਨ ਦੇ ਪ੍ਰਮਾਣਿਤ ਮਾਨ-ਦੰਡਾਂ ਅਨੁਸਾਰ ਗੁਰੂ ਨਾਨਕ ਬਿੰਬਾਵਲੀ ਦਾ ਵਰਗੀਕਰਨ ਪ੍ਰਸਤੁਤ ਕੀਤਾ ਹੈ। ਇਸ ਕਲਾ ਵਿਧਾਨਿਕ ਵਿਵੇਚਨ ਨਾਲ ਗੁਰੂ ਨਾਨਕ ਕਾਵਿ ਵਿਚ ਪ੍ਰਕਿਰਤੀ ਦਾ ਮਹੱਤਵ ਸਥਾਪਿਤ ਹੋਇਆ ਹੈ। ਸੱਤਵੇਂ ਅਧਿਆਇ ਦੇ ਭਾਗ ਦੂਜਾ ਵਿਚ ਗੁਰੂ ਨਾਨਕ ਬਾਣੀ ਦੀਆਂ ਉਹ ਤੁਕਾਂ ਸੰਕਲਿਤ ਕੀਤੀਆਂ ਹਨ, ਜਿਨ੍ਹਾਂ ਵਿਚ ਕੁਦਰਤ (ਪ੍ਰਕਿਰਤੀ) ਦਾ ਕੋਈ ਨਾ ਕੋਈ ਪੱਖ ਆਇਆ ਹੈ।

ਅਖੀਰਲੇ ਅੱਠਵੇਂ ਅਧਿਆਇ ਵਿਚ ਇਸ ਸਾਰੀ ਖੋਜ ਦਾ ਨਿਸ਼ਕਰਸ਼ ਦਿੱਤਾ ਗਿਆ ਹੈ ਤਾਂ ਜੋ ਇਸ ਸ਼ੋਧ-ਪ੍ਰਬੰਧ ਦੀ ਅਕਾਦਮਿਕ ਤੇ ਵਿਹਾਰਕ ਸਾਰਥਿਕਤਾ ਸਪੱਸ਼ਟ ਕੀਤੀ ਜਾ ਸਕੇ। ਪ੍ਰਕਿਰਤੀ ਸਬੰਧੀ ਗੁਰੂ ਨਾਨਕ ਦਾ ਸੰਕਲਪ, ਗੁਰੂ ਨਾਨਕ ਬਾਣੀ ਦਾ ਇਕ ਮਹੱਤਵ-ਪੂਰਣ ਅੰਗ ਹੈ। ਪ੍ਰਕਿਰਤੀ ਦੇ ਮਾਧਿਅਮ ਰਾਹੀਂ ਗੁਰੂ ਨਾਨਕ ਨੇ ਕਾਦਰ ਦੀ ਕੁਦਰਤ ਸਿਰਜਨਾ, ਵਿਸ਼ਾਲਤਾ ਅਤੇ ਵਿਵਿਧਤਾ ਨੂੰ ਦ੍ਰਿੜਾਇਆ ਹੈ। ਪ੍ਰਕਿਰਤੀ ਰਾਹੀਂ ਹੀ ਕਾਦਰ ਦੀ ਸਮਰਥਾ, ਅਸੀਮਤਾ, ਕਾਲ-ਮੁਕਤਤਾ ਅਤੇ ਨਿਰੰਤਰਤਾ ਪ੍ਰਮਾਣਿਤ ਹੋਈ ਹੈ ਅਤੇ ਕਾਦਰ ਨੂੰ ਹੀ ਸਾਰੀ ਪ੍ਰਕਿਰਤੀ ਦਾ, ਗੁਰੂ ਨਾਨਕ ਨੇ ਆਪਣੀ ਤਰਕਸ਼ੀਲਤਾ ਨਾਲ ਰਚਨਹਾਰਾ ਮੰਨਿਆ ਹੈ।

ਅੰਤਿਕਾ ਵਿਚ ਸਹਾਇਕ - ਪੁਸਤਕਾਵਲੀ ਧੰਨਵਾਦ ਸਹਿਤ ਅੰਕਿਤ ਕੀਤੀ ਗਈ ਹੈ।

ਇਸ ਵਿਧੀਗਤ ਖੋਜ ਕਾਰਜ ਨੂੰ ਮੈਂ ਆਪਣੇ ਮਿਹਰਬਾਨ ਪ੍ਰ: ਅਧਿਆਪਕ, ਅਚਾਰੀਆ ਅਤੇ ਸਮਰਥ ਨਿਗਰਾਨ ਡਾ: ਸੁਰਿੰਦਰ ਸਿੰਘ ਕੋਹਲੀ ਦੀਆਂ ਨਿਪੁੰਨ ਹਦਾਇਤਾਂ ਤੇ ਨਿਰਦੇਸ਼ਨਾਂ ਅਧੀਨ ਨੇਪਰੇ ਚਾੜ੍ਹ ਸਕਿਆ ਹਾਂ। ਮੇਰੀ ਇਹ ਖੁਸ਼-ਕਿਸਮਤੀ ਹੈ ਕਿ ਇਸ ਸੰਕਲਪ-ਪ੍ਰਣਾਲੀ ਖੋਜ ਵਿਧੀ ਦੇ ਨਿਰਮਾਤਾ ਵਿਦਵਾਨ ਡਾ: ਸੁਰਿੰਦਰ ਸਿੰਘ ਕੋਹਲੀ ਜੀ ਦੀ ਕ੍ਰਿਪਾਲਤਾ ਭਰੀ ਸਰਪ੍ਰਸਤੀ ਸਾਰੇ ਖੋਜ-ਕਾਰਜ ਦੌਰਾਨ ਪ੍ਰਾਪਤ ਰਹੀ ਹੈ। ਇਸੇ ਲਈ ਹੀ ਮੈਂ ਇਸ ਖੋਜ-ਕਾਰਜ ਨੂੰ ਸਾਰੇ ਸੰਭਵ ਪੱਖਾਂ ਤੋਂ ਨਿਖੇੜ ਸਕਿਆ ਹਾਂ। ਮੈਂ ਉਨ੍ਹਾਂ ਦੀ ਅਕਾਦਮਿਕ ਸਹਾਨਭੂਤੀ ਲਈ ਤਹਿ ਦਿਲੋਂ ਰਿਣੀ ਹਾਂ। ਮੈਂ ਉਨ੍ਹਾਂ ਵਿਦਵਾਨਾਂ ਪ੍ਰਤਿ ਡੂੰਘੀ ਕ੍ਰਿਤਗਤਾ ਰੱਖਦਾ ਹਾਂ, ਜਿਨ੍ਹਾਂ ਦੀਆਂ ਬਹੁ-ਮੁੱਲੀਆਂ ਖੋਜਾਂ ਤੋਂ ਮੈਂ ਆਪਣਾ ਸੋਧ-ਪ੍ਰਬੰਧ ਉਸਾਰਨ ਵਿਚ ਸੰਕਲਪੀ ਸਹਾਇਤਾ ਲੈ ਸਕਿਆ ਹਾਂ।

ਇਕ ਸ਼ਰਧਾਵਾਨ ਗੁਰਸਿੱਖ ਹੋਣ ਦੇ ਨਾਤੇ ਮੈਨੂੰ ਗੁਰਮੱਤ ਦੁਆਰਾ ਨਿਰਮਿਤ ਹੋਈ ਅਧਿਆਤਮਿਕਤਾ ਉਤੇ ਡੂੰਘੀ ਆਸਥਾ ਹੈ, ਸਿਮਰਨ ਅਤੇ ਗੁਰਮੱਤ ਚਿੰਤਨ ਨਾ ਕੇਵਲ, ਵਿਅੱਕਤੀਗਤ ਪ੍ਰਵਿਰਤੀ ਹੀ ਹੈ, ਸਗੋਂ ਸਮਾਜਿਕ ਤੌਰ ਤੇ ਗੁਰਮੱਤ ਦਰਸ਼ਨ ਨੂੰ ਸਿੱਖ ਸਮਾਜ ਵਿਚ ਵਧੇਰੇ ਲਗਨ ਨਾਲ ਪ੍ਰਚਾਰਨ ਵਿਚ ਵੀ ਕਰਮਸ਼ੀਲ ਹਾਂ। ਮੈਨੂੰ ਇਸ ਸੋਧ-ਪ੍ਰਬੰਧ ਨੂੰ ਸੰਪੂਰਨ ਕਰਨ ਵਿਚ ਸੰਤੋਖ-ਆਤਮਿਕ ਖੁਸ਼ੀ ਪ੍ਰਾਪਤ ਹੋਈ ਹੈ ਕਿ ਮੈਂ ਆਪਣੇ ਗੁਰੂ-ਕ੍ਰਿਤ ਦੀ ਦਾਰਸ਼ਨਿਕ ਅਤੇ ਕਲਾਤਮਿਕ ਮਹਿਮਾ ਨੂੰ ਉਜਾਗਰ ਕਰਨ ਵਿਚ ਆਪਣੇ ਵਿੱਤ-ਮੁਤਾਬਕ ਯੋਗਦਾਨ ਪਾ ਸਕਿਆ ਹਾਂ।

ਮਿਤੀ 20.6.84 (ਜਸਪਾਲ ਸਿੰਘ)

ਬੀ - 28 - 975
ਗੁਰਦੁਆਰਾ ਰੋਡ,
ਪੰਜਾਬ ਮਾਤਾ ਨਗਰ,
ਲੁਧਿਆਣਾ।

## ਅਧਿਆਇ ਪਹਿਲਾ

### ਗੁਰੂ ਨਾਨਕ ਦੇਵ ਜੀ ਦਾ ਜੀਵਨ, ਵਿਅਕਤਿਤਵ ਤੇ ਬਾਣੀ ।

- ਜੀਵਨ ਦਾ ਪਹਿਲਾ ਭਾਗ
- ਜੀਵਨ ਦਾ ਦੂਜਾ ਭਾਗ
- ਉਦਾਸੀਆਂ
- ਜੀਵਨ ਦਾ ਤੀਜਾ ਭਾਗ
- ਗੁਰੂ ਨਾਨਕ ਦੇਵ ਜੀ ਦਾ ਵਿਅਕਤਿਤਵ
- ਰਚਨਾ ਤੇ ਵਿਚਾਰ

ਪੈਰ-ਟਿੱਪਣੀਆਂ

# ਗੁਰੂ ਨਾਨਕ ਦੇਵ ਜੀ ਦਾ ਜੀਵਨ, ਵਿਅਕਤਿਤਵ ਤੇ ਬਾਣੀ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਮਹਿਤਾ ਕਾਲੂ ਜੀ ਦੇ ਘਰ ਵੈਸਾਖ[1] ਸੁਦੀ 3, ਸੰਮਤ 1526 ਬਿਕ੍ਰਮੀ ਜਾਂ 1469 ਈ. ਮੁਤਾਬਿਕ ਹੋਇਆ ਮੰਨਿਆ ਜਾਂਦਾ ਹੈ। ਪੁਰਾਤਨ ਜਨਮ ਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਵੈਸਾਖ 1526 ਬਿਕ੍ਰਮੀ ਦੱਸਿਆ ਹੈ। ਸ: ਕਰਮ ਸਿੰਘ ਹਿਸਟੋਰੀਅਨ ਵੀ ਇਹੋ ਮੰਨਦੇ ਹਨ। ਡਾ: ਤਾਰਨ ਸਿੰਘ ਨੇ ਵੀ ਬਾਬੇ ਦਾ ਜਨਮ ਵੈਸਾਖ ਹੀ ਮੰਨਿਆ ਹੈ। ਸੰਖੇਪ ਰੂਪ ਵਿਚ ਆਪ ਜੀ ਦੇ ਜੀਵਨ ਨੂੰ ਤਿੰਨ ਭਾਗਾਂ ਵਿਚ ਵੰਡਿਆ[2] ਜਾ ਸਕਦਾ ਹੈ।

1469 ਤੋਂ 1498 ਤੱਕ ਦੇ 30 ਸਾਲ ਗੁਰੂ ਜੀ ਨੇ ਆਪਣੇ ਪਿੰਡ ਤਲਵੰਡੀ ਤੇ ਸੁਲਤਾਨਪੁਰ ਲੋਧੀ ਵਿਚ ਗੁਜਾਰੇ।

1499 ਤੋਂ 1521 ਈ. ਤੱਕ 22 ਸਾਲ ਆਪਜੀ ਨੇ ਉਦਾਸੀਆਂ ਦੇ ਰੂਪ ਵਿਚ ਭਾਰਤ ਤੇ ਭਾਰਤ ਤੋਂ ਬਾਹਰ ਆਪਣੇ ਸਿਧਾਂਤਾਂ ਦੀ ਪ੍ਰਸ਼ਟੀ ਤੇ ਪ੍ਰਚਾਰ ਕਰਨ ਹਿਤ ਬਿਤਾਏ।

1521 ਤੋਂ 1539 ਤੱਕ ਜ਼ਿੰਦਗੀ ਦੇ ਅਖੀਰਲੇ ਸਾਲ ਆਪ ਨੇ ਕਰਤਾਰਪੁਰ ਵਿਚ ਲੰਘਾਏ ਤੇ ਉਥੇ ਹੀ ਜੋਤੀ ਜੋਤ ਸਮਾ ਗਏ।

## ਜੀਵਨ ਦਾ ਪਹਿਲਾ ਭਾਗ

ਗੁਰੂ ਨਾਨਕ ਦੇਵ ਜੀ ਨੇ ਜਿਸ ਘਰ ਜਨਮ ਲਿਆ ਉਥੇ ਉਨ੍ਹਾਂ ਦੀ ਇਕੋ ਭੈਣ ਨਾਨਕੀ ਸੀ ਪਰ ਇਹ ਘਰਾਣਾ ਪੁਰਾਣੀ ਵੈਦਿਕ ਸਭਿਅਤਾ ਨਾਲ ਸੰਬੰਧਿਤ ਸੀ ਜਿਵੇਂ ਕਿ 'ਵੇਦੀ' ਨਾਮ ਤੋਂ ਸਪਸ਼ਟ ਹੈ, ਇਸ ਕੁਲ ਦੇ ਬਜ਼ੁਰਗ ਕਿਸੇ ਸਮੇਂ ਵੇਦਾਂ ਦੇ ਗਿਆਤਾ ਸਨ। ਗੁਰੂ ਸਾਹਿਬ ਦੇ ਜਨਮ ਸਮੇਂ ਉਹ ਆਪਣਾ ਨਿਰਬਾਹ ਕੇਵਲ ਖੇਤੀਬਾੜੀ ਨਾਲ ਕਰਦੇ ਸਨ ਅਤੇ ਧਰਮ ਨੂੰ ਰਸਮੀ ਤੌਰ ਤੇ ਪ੍ਰਯੋਗ ਵਿਚ ਲਿਆਉਂਦੇ ਸਨ। ਆਪ ਦੇ ਪਿਤਾ ਕਾਲੂ ਨੂੰ ਆਪਣੇ ਸਮਾਜ ਵਿਚ ਕਾਫੀ ਚੰਗਾ ਮਾਣ ਪ੍ਰਾਪਤ ਸੀ। ਇਸ ਤੋਂ ਸਿੱਧ ਹੈ ਕਿ ਗੁਰੂ ਸਾਹਿਬ ਦਾ ਘਰੇਲੂ ਵਾਯੂ-ਮੰਡਲ ਰੱਜੇ ਪੁੱਜੇ ਹਿੰਦੂ ਘਰਾਣੇ ਦਾ ਸੀ, ਜਿਸ ਵਿਚ ਜਨਮ ਤੋਂ ਹੀ ਪ੍ਰੋਹਿਤ ਜੀਵਨ ਸੰਸਕਾਰ ਆਰੰਭ ਕਰ ਦਿੰਦੇ ਸਨ ਪਰ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਕਰਮ ਕਾਂਡਾਂ ਨੂੰ ਪਾਖੰਡ

ਸਮਝ ਕੇ ਹੋਸ਼ ਸੰਭਾਲਦਿਆਂ ਹੀ ਇਨਕਾਰ ਕਰ ਦਿੱਤਾ ਤੇ ਉਨ੍ਹਾਂ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਜਿਵੇਂ ਕਿ ਜਨੇਊ ਪਾਉਣ ਦੀ ਰਸਮ ਤੋਂ ਅਤੇ ਹੋਰ ਕਈ ਅਜੇਹੀਆਂ ਰਸਮਾਂ ਨੂੰ ਅਪਣਾਉਣ ਦੇ ਖਿਲਾਫ਼ ਪਰਚਾਰ ਅਰੰਭਿਆ।

ਗੁਰੂ ਸਾਹਿਬ ਨੇ ਸਮੇਂ ਦੇ ਹਾਲਾਤ ਨੂੰ ਚੰਗੀ ਤਰ੍ਹਾਂ ਵੇਖ ਲਿਆ ਸੀ। ਕਿ ਮਨੁੱਖ ਵਾਹਿਗੁਰੂ ਪਾਰਬ੍ਰਹਮ, ਪਰਮੇਸ਼ਰ ਦੇ ਅਸਲ ਪਿਆਰਿਆਂ ਦਾ ਪਿਆਰ ਤੇ ਸਤਿਕਾਰ ਛੱਡ ਗਿਆ ਹੈ। ਜਿਥੇ ਗੁਰੂ ਸਾਹਿਬ ਪਖੰਡੀ, ਭੇਖਧਾਰੀ ਸਾਧੂਆਂ ਦਾ ਖੰਡਨ ਕਰਦੇ ਸਨ ਉਥੇ ਆਪ ਸੱਚੇ ਕਰਮਯੋਗੀ, ਨਾਮ-ਅਭਿਆਸੀ ਤੇ ਸੱਚੇ ਦੀ ਲਿਵ ਅੰਦਰ ਮਸਤ ਰਹਿਣ ਵਾਲਿਆਂ ਨੂੰ ਪਰਮ-ਸੰਤ ਵੀ ਮੰਨਦੇ ਸਨ। ਬਚਪਨ ਵਿਚ ਆਪਜੀ ਨੇ ਘਰ ਛੱਡਣ ਤੋਂ ਪਹਿਲਾਂ ਸਾਧੂਆਂ ਨੂੰ ਰੋਟੀ ਖੁਆਉਣ ਦਾ ਸੱਚਾ ਸੌਦਾ ਕੀਤਾ ਤੇ ਪਰਮੇਸ਼ਰ ਦੇ ਪਿਆਰਿਆਂ ਪਿਛੇ ਪਿਤਾ ਦੇ ਵਪਾਰ ਲਈ ਦਿੱਤੇ ਕੁਲ ਪੈਸੇ ਬਰਬਾਦ ਕਰਕੇ ਸੱਚਾ ਸੌਦਾ ਕਰਨ ਦਾ ਢੰਗ ਲੋਕਾਂ ਨੂੰ ਦੱਸਿਆ। ਗੁਰੂ ਜੀ ਦੇ ਇਸ ਕਰਮ ਤੋਂ ਦੁਖੀ ਹੋਕੇ ਪਿਤਾ ਕਾਲੂ ਨੇ ਝਿੜਕਾਂ ਦਿੱਤੀਆਂ ਪਰ ਰਾਇਬੁਲਾਰ, ਤਲਵੰਡੀ ਦਾ ਸਰਦਾਰ, ਜਿਸ ਨੂੰ ਗੁਰੂ ਨਾਨਕ ਦੇਵ ਜੀ ਦੇ ਅਕਾਲ ਪੁਰਖ ਦੇ ਸਰੂਪ ਹੋਣ ਦਾ ਪੱਕਾ ਵਿਸ਼ਵਾਸ ਹੋ ਗਿਆ ਸੀ ਮਹਿਤਾ ਕਾਲੂ ਨੂੰ ਸਮਝਾਇਆ।

ਗੁਰੂ ਨਾਨਕ ਦੇ ਅੰਦਰ ਮੁਖੀ ਆਤਮ-ਚਿੰਤਨ ਤੇ ਸੰਸਾਰ ਵਲੋਂ ਉਪਰਾਮ ਬ੍ਰਿਤੀ ਨੂੰ ਵੇਖ ਕੇ ਪਿਤਾ ਕਾਲੂ ਜੀ ਨੇ ਮੱਝੀਆਂ ਚਰਾਣ ਲਈ ਭੇਜਿਆ ਪਰ ਆਪ ਜੀ ਨੂੰ ਇਸ ਕਿੱਤਿਓਂ ਵੀ ਉਲਾਂਭਾ ਹੀ ਮਿਲਿਆ। ਫਿਰ ਪਿਤਾ ਜੀ ਨੇ ਖੇਤੀਬਾੜੀ ਹੱਟੀ ਅਤੇ ਸੌਦਾਗਰੀ ਜਹੇ ਕੰਮਾਂ ਵਿਚ ਪਾਇਆ।

ਮਨ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨ ਖੇਤੁ।।[3]

... ... ...

ਹਾਣੁ ਹਟੁ ਕਰਿ ਆਰਜਾ ਸਚੁ ਨਾਮ ਕਰਿ ਵਥੁ।।[4]

... ... ...

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ।।[5]

ਪਰ ਆਪ ਨੇ ਦੁਨਿਆਵੀ ਕਿੱਤਿਆਂ ਨੂੰ ਠੁਕਰਾ ਕੇ ਅਸਲ ਕੰਮ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਦੀ ਸੰਸਾਰਕ ਕੰਮਾਂ ਤੋਂ ਉਪਰਾਮਤਾ ਵੇਖ ਕੇ ਕਾਲੂ ਨੇ ਆਪਜੀ ਨੂੰ ਸਰੀਰਕ ਰੋਗੀ ਜਾਣ ਕੇ ਵੈਦ ਬੁਲਾਇਆ ਪਰ ਵੈਦ ਨੂੰ ਵੀ ਬਿਮਾਰੀ ਦਾ ਗਿਆਨ ਪਰਾਪਤ

ਨਾ ਹੋ ਸਕਿਆ :

ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।।
ਭੋਲਾ ਵੈਦ ਨਾ ਜਾਣਈ ਕਰਕ ਕਲੇਜੇ ਮਾਹਿ।।[6]

ਮਹਿਤਾ ਕਾਲੂ ਜੀ ਚਿੰਤਾ ਨੂੰ ਵੇਖ ਕੇ ਅਤੇ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਰੁਚੀ ਦਾ ਵਿਚਾਰ ਕਰਕੇ, ਰਾਇਬੁਲਾਰ ਨੇ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੀ ਭੈਣ ਨਾਨਕੀ ਦੇ ਪਤੀ ਜੈ ਰਾਮ ਪਾਸ ਸੁਲਤਾਨਪੁਰ ਭੇਜ ਦਿੱਤਾ। ਇਨ੍ਹਾਂ ਦੇ ਬਹਿਨੋਈ ਜੈ ਰਾਮ ਨੇ ਨਾਨਕ ਨੂੰ ਮੋਦੀ ਖਾਨੇ ਦੀ ਨੌਕਰੀ ਦਿਵਾ ਦਿੱਤੀ। ਮੋਦੀਖਾਨੇ ਵਿਚ ਵੀ ਆਪ ਜੀ ਨੇ ਕੋਈ ਹਿਸਾਬ ਕਿਤਾਬ ਨਾ ਰੱਖ ਕੇ ਰੱਬ ਦੇ ਸਿਮਰਨ, ਪ੍ਰਭੂ ਦੀ ਯਾਦ ਵਿਚ ਜੁਟੇ ਰਹੇ ਅਤੇ ਸ਼ਿਕਾਇਤ ਹੋ ਜਾਣ ਕਾਰਨ ਤੇ ਹਿਸਾਬ ਕਿਤਾਬ ਦੀ ਪੜਤਾਲ ਕਰਨ ਤੇ ਮੋਦੀਖਾਨੇ ਦਾ ਸਾਰਾ ਹਿਸਾਬ ਠੀਕ ਸਾਬਤ ਹੋਇਆ।

ਇਸ ਤੋਂ ਬਾਅਦ ਆਪ ਜੀ ਦੀ ਸ਼ਾਦੀ ਮਾਤਾ ਸੁਲੱਖਣੀ ਜੀ ਨਾਲ ਕੀਤੀ ਗਈ, ਜਿਸ ਦੀ ਕੁੱਖੋਂ ਸ੍ਰੀ ਚੰਦ ਤੇ ਲਖਮੀ ਚੰਦ ਜੀ ਨੇ ਜਨਮ ਲਿਆ। ਜਨਮ ਸਮੇਂ ਸੂਤਕ ਨੂੰ ਮੰਨਿਆ ਗਿਆ ਪਰ ਗੁਰੂ ਨਾਨਕ ਸਾਹਿਬ ਨੇ ਇਸ ਰਸਮ ਦਾ ਵੀ ਜਨੇਊ ਦੀ ਤਰ੍ਹਾਂ ਖੰਡਨ ਕੀਤਾ। ਆਪਜੀ ਦੀ ਬਾਣੀ ਵਿਚ ਵਰਤੇ ਗਏ ਅਲੰਕਾਰਾਂ, ਬਿੰਬਾਂ ਤੇ ਬੋਲੀ ਤੋਂ ਸਪਸ਼ਟ ਹੈ ਕਿ ਆਪਜੀ ਨੇ ਪਿੰਡਾਂ ਦੇ ਜੀਵਨ ਨੂੰ ਆਪਣੇ ਆਲੇ ਦੁਆਲੇ ਵਸਣ ਵਾਲੇ ਕਿਸਾਨਾਂ, ਸ਼ਾਹੂਕਾਰਾਂ, ਗਰੀਬਾਂ ਦੇ ਜੀਵਨ ਨੂੰ, ਮੰਡੀਆਂ ਚਰਾਂਦਿਆਂ, ਬੇੜਿਆਂ ਤੇ ਖੂਹਾਂ ਨੂੰ ਚੰਗੀ ਤਰ੍ਹਾਂ ਵੇਖਿਆ ਹੈ। ਗੁਰੂ ਨਾਨਕ ਦੇਵ ਜੀ ਨੇ ਘਰ ਦੇ ਝਮੇਲਿਆਂ ਵਿਚ ਪੈ ਕੇ ਇਹ ਅਨੁਭਵ ਕੀਤਾ ਕਿ ਉਹ ਆਪਣੀ ਜ਼ਿੰਦਗੀ ਦੇ ਉਦੇਸ਼ - ਸਮਾਜ ਸੁਧਾਰ ਨੂੰ ਇਸ ਪ੍ਰਕਾਰ ਪੂਰਨ ਨਹੀਂ ਕਰ ਸਕਦੇ। ਸੋ, ਆਪ ਨੇ ਨਿਪੁੰਨਤਾ ਨਾਲ ਤੇ ਸਫਲਤਾ ਨਾਲ ਹੋ ਰਹੇ ਮੋਦੀਖਾਨੇ ਦੇ ਕੰਮ ਨੂੰ ਛੱਡ ਦਿੱਤਾ ਅਤੇ ਸਾਰੇ ਭਾਰਤ ਪ੍ਰਦੇਸ ਦੀ ਯਾਤਰਾ ਕਰਨ ਲਈ ਤੁਰ ਪਏ। ਤੁਰਨ ਵੇਲੇ ਆਪਜੀ ਦਾ ਨਾਅਰਾ ਸੀ "ਨਾ ਕੋਈ ਹਿੰਦੂ ਨਾ ਮੁਸਲਮਾਨ।"

<u>ਜੀਵਨ ਦਾ ਦੂਜਾ ਭਾਗ</u>

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਯੂ ਦਾ ਦੂਜਾ ਹਿੱਸਾ ਉਦਾਸੀ ਜੀਵਨ ਹੈ। ਇਤਿਹਾਸ ਵਿਚ ਆਪ ਦੀਆਂ ਚਾਰ ਉਦਾਸੀਆਂ ਪ੍ਰਸਿੱਧ ਹਨ। ਜਿਨ੍ਹਾਂ ਦਾ ਸਮਾਂ ਇਸ ਪ੍ਰਕਾਰ ਹੈ :

ਪਹਿਲੀ ਉਦਾਸੀ 1498 ਤੋਂ 1509 ਈ. ਤੱਕ।

ਦੂਜੀ ਉਦਾਸੀ 1510 ਈ. ਤੋਂ 1515 ਈ. ਤੱਕ।

ਤੀਜੀ ਉਦਾਸੀ 1515 ਤੋਂ 1517 ਈ. ਤੱਕ।

ਚੌਥੀ ਉਦਾਸੀ 1517 ਈ. ਤੋਂ 1521 ਈ. ਤੱਕ।

<u>ਪਹਿਲੀ ਉਦਾਸੀ 1498 ਈ. ਤੋਂ 1509 ਈ. ਤੱਕ</u>

ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਸੁਲਤਾਨਪੁਰ ਲੋਧੀ ਤੋਂ 1499 ਈ. ਵਿਚ ਆਰੰਭ ਹੁੰਦੀ ਹੈ, ਜਿਸ ਵਿਚ ਆਪਜੀ ਨੇ ਹਿੰਦੂ ਤੀਰਥਾਂ ਦਾ ਰਟਨ ਕੀਤਾ। ਮੁੱਖ ਤੌਰ ਤੇ ਆਪ ਕੁਰੂਕਸ਼ੇਤਰ, ਹਰਿਦੁਆਰ, ਬਿੰਦਰਾਬਨ, ਕਾਂਸੀ, ਚਿਟਾਂਗਾਂਗ, ਆਸਾਮ ਤੇ ਜਗਨ ਨਾਥ ਪੁਰੀ ਗਏ। ਜਿਥੇ ਕਰਮ ਅਨੁਸਾਰ ਆਪ ਨੇ ਕ੍ਰਿਸ਼ਨ ਜੀ ਦੇ ਨੀਤਾਂ-ਅਸਥਾਨ ਤੇ ਲੋਕਾਂ ਦੀਆਂ ਅੱਖਾਂ ਤੋਂ ਅਧਰਮ ਦੀ ਪੱਟੀ ਨੂੰ ਖੋਲ੍ਹਿਆ। ਅਧਿਆਤਮਕ ਵਾਰਤਾਲਾਪ ਰਾਹੀਂ ਮੂਰਤੀ ਪੂਜਾ ਦਾ ਖੰਡਨ ਕੀਤਾ, ਵਹਿਮ ਦੀ ਦੀਵਾਰ ਨੂੰ ਤੋੜਿਆ ਅਤੇ ਸਰਬ-ਵਿਆਪਕ ਵਾਹਿਗੁਰੂ ਦੀ ਕੁਦਰਤ ਸਮੱਗਰੀ ਰਾਹੀਂ ਸੱਚੀ ਆਰਤੀ ਦਾ ਜੀਵਿਤ ਚਿਤਰ ਪੇਸ਼ ਕਰਕੇ ਖੁਸ਼ ਕੀਤਾ ਤੇ ਲੋਕਾਂ ਨੂੰ ਸੱਚੀ ਆਰਤੀ ਕਰਨ ਦਾ ਉਪਦੇਸ਼ ਦਿੱਤਾ।

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।[7]

ਇਸ ਉਦਾਸੀ ਵਿਚ ਆਪ ਨੇ ਬਹੁਤ ਸਾਰੇ ਲੋਕਾਂ ਦੇ ਦਿਲਾਂ ਨੂੰ ਬਦਲਿਆ, ਠੱਗਾਂ ਨੂੰ ਸਾਧੂ ਬਣਾਇਆ, ਪਖੰਡੀਆਂ ਤੇ ਕਰਮ-ਕਾਂਡੀਆਂ ਨੂੰ ਬਾਹਰੀ ਅਡੰਬਰਾਂ ਚੋਂ ਕੱਢ ਕੇ ਪ੍ਰਭੂ ਦੀ ਪ੍ਰੇਮ-ਭਗਤੀ ਵਿਚ ਲਗਾਇਆ। ਹੰਕਾਰੀਆਂ ਦੇ ਹੰਕਾਰ ਨੂੰ ਚਕਨਾ ਚੂਰ ਕਰਕੇ ਸਭ ਨੂੰ ਮਾਨਵਤਾ ਦਾ ਪਾਠ ਪੜ੍ਹਾਇਆ।

ਇਸ ਤੋਂ ਬਿਨ੍ਹਾਂ ਕੇਂਦਰੀ ਧਾਰਮਿਕ ਅਸਥਾਨਾਂ ਤੇ ਆਪ ਨੇ ਰਿਵਾਜਾਂ ਤੇ ਫਜ਼ੂਲ ਰਸਮਾਂ, ਵਹਿਮਾਂ ਤੇ ਭਰਮਾਂ ਦਾ ਖੰਡਨ, ਛੂਤਛਾਤ, ਮੂਰਤੀ ਪੂਜਾ ਦੀਆਂ ਸਖਤ ਕੰਧਾਂ ਨੂੰ ਤੋੜਨ ਤੇ ਜ਼ੋਰ ਦਿੱਤਾ ਅਤੇ ਮਾਸ ਖਾਣਾ ਪਿਤਰਾਂ ਨੂੰ ਪਾਣੀ ਦੇਣ ਦੇ ਵਹਿਮਾਂ ਨੂੰ ਨਿੰਦਿਆ ਤੇ ਉਪਦੇਸ਼ ਸੁਣਾ ਦਿੱਤੇ। ਇਸ ਬਾਰਾਂ ਸਾਲ ਦੀ ਲੰਮੀ ਉਦਾਸੀ ਵਿਚ ਪੂਰਬੀ ਭਾਰਤ ਦੇ ਸਾਰੇ ਪ੍ਰਸਿੱਧ ਹਿੰਦੂ ਤੀਰਥਾਂ ਦੀ ਯਾਤਰਾ ਕਰਨ ਪਿੱਛੋਂ ਆਪ ਤਲਵੰਡੀ ਵਾਪਸ ਆਏ।

## <u>ਦੂਜੀ ਉਦਾਸੀ 1510 ਈ. ਤੋਂ 1515 ਈ. ਤੱਕ</u>

ਇਹ ਦੂਜੀ ਪੰਜ ਸਾਲਾ ਉਦਾਸੀ ਦੱਖਣ ਦਿਸ਼ਾ ਦੀ ਉਦਾਸੀ ਹੈ। ਜੋ ਕਿ 1510 ਈ. ਵਿਚ ਕਰਤਾਰਪੁਰ ਤੋਂ ਸ਼ੁਰੂ ਹੁੰਦੀ ਹੈ। ਇਸ ਉਦਾਸੀ ਵਿਚ ਆਪਜੀ ਨੇ ਹਿੰਦੂ ਤੀਰਥਾਂ ਦੀ ਯਾਤਰਾ ਦੇ ਨਾਲ ਨਾਲ ਬੁੱਧ ਤੇ ਜੈਨ ਧਰਮ ਦੇ ਤੀਰਥਾਂ ਦਾ ਵੀ ਰਟਨ ਕੀਤਾ ਹੈ। ਇਸ ਯਾਤਰਾ ਵਿਚ ਕੋਹ ਆਬੂ ਵਿਚ ਜੈਨੀਆਂ ਦੇ ਧਰਮ ਅਸਥਾਨ ਤੇ ਜੈਨੀਆਂ ਦੇ ਖਾਣ ਪੀਣ, ਰਹਿਣ ਸਹਿਣ ਨੂੰ ਵੇਖ ਕੇ ਇਨ੍ਹਾਂ ਦੀਆਂ ਕੁਰੀਤ ਰਸਮਾਂ ਉਪਰ ਸੁਚੱਜੀ ਟਿੱਪਣੀ ਕਰਕੇ ਨਿਰਮਲ ਪਾਣੀ ਨਾਲ ਇਸ਼ਨਾਨ ਕਰਨ ਦੀ ਮਹਾਨਤਾ ਨੂੰ ਪ੍ਰਗਟ ਕੀਤਾ ਹੈ।

ਇਸੇ ਉਦਾਸੀ ਵਿਚ ਹੀ ਲੰਕਾ ਬੁੱਧ ਧਰਮ ਦੇ ਪ੍ਰਸਿੱਧ ਕੇਂਦਰ ਪਹੁੰਚ ਕੇ ਆਪ ਨੇ ਸ਼ੁਭ ਕਰਮਾਂ ਉਤੇ ਜ਼ੋਰ ਦਿੱਤਾ ਅਤੇ ਨਿਰਵਾਣ ਪ੍ਰਾਪਤੀ ਦਾ ਮੁੱਖ ਸਾਧਨ ਅਸ਼ਟ ਮਾਰਗ ਨੂੰ ਦੱਸਿਆ। ਜਿੱਥੋਂ ਤੱਕ ਵਾਹਿਗੁਰੂ ਦੀ ਹਸਤੀ ਦੇ ਮੰਨਣ ਦਾ ਸੰਬੰਧ ਹੈ, ਬੋਧੀ ਇਸ ਤੋਂ ਬੇਨਿਆਜ਼ ਸਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਸੰਸਾਰ ਤੱਤਾਂ ਦੇ ਸੰਜੋਗ ਨਾਲ ਬਣਦਾ ਹੈ ਅਤੇ ਵਿਯੋਗ ਨਾਲ ਨਸ਼ਟ ਹੋ ਜਾਂਦਾ ਹੈ। ਗੁਰੂ ਜੀ ਨੇ ਲੰਕਾ ਨਿਵਾਸੀਆਂ ਨੂੰ ਇਹ ਗਿਆਨ ਦਿੱਤਾ ਹੈ ਕਿ ਇਹ ਤੱਤ ਵੀ ਅਪਾਰ ਸ਼ਕਤੀ ਦੇ ਭੈ ਵਿਚ ਬੱਝੇ ਹੋਏ ਹਨ ਤੇ ਉਹ ਸ਼ਕਤੀ ਪਰਮਾਤਮਾ ਹੈ। ਸਮੁੱਚੇ ਤੌਰ ਤੇ ਦੂਜੀ ਉਦਾਸੀ ਵਿਚ ਗੁਰੂ ਨਾਨਕ ਦੇਵ ਜੀ ਨੇ ਜੈਨੀ ਤੇ ਬੋਧੀ ਸਾਧੂਆਂ ਨਾਲ ਵਿਚਾਰ-ਗੋਸ਼ਟ ਕਰਕੇ ਸਮੁੱਚੀ ਮਾਨਵਤਾ ਦੇ ਸਿਧਾਂਤਾਂ ਨੂੰ ਪਰਚਾਰਿਆ।

## <u>ਤੀਜੀ ਉਦਾਸੀ 1515 ਤੋਂ 1517 ਈ. ਤੱਕ</u>

ਇਹ ਤੀਜੀ ਉਦਾਸੀ ਸਭ ਤੋਂ ਛੋਟੀ ਹੈ ਜੋ ਕਿ ਉੱਤਰ ਦਿਸ਼ਾ ਦੀ ਉਦਾਸੀ ਕਹਾਉਂਦੀ ਹੈ। ਇਸ ਨੂੰ ਸੁਮੇਰ ਪਰਬਤ ਦੀ ਉਦਾਸੀ ਦਾ ਨਾਂ ਵੀ ਦਿੱਤਾ ਜਾਂਦਾ ਹੈ। ਇਹ ਉਦਾਸੀ ਵੀ ਦੂਜੀ ਉਦਾਸੀ ਦੀ ਤਰ੍ਹਾਂ ਕਰਤਾਰਪੁਰ ਤੋਂ ਆਰੰਭ ਹੋ ਕੇ ਪਹਾੜੀ ਭਾਗਾਂ ਵਿਚ ਜਾਂਦੀ ਹੈ, ਜਿਥੇ ਸਿੱਧਾਂ, ਨਾਥਾਂ ਅਤੇ ਜੋਗੀਆਂ ਦੇ ਪ੍ਰਸਿੱਧ ਟਿਕਾਣੇ ਸਨ। ਉੱਤਰੀ ਭਾਰਤ ਵਿਚ ਇਸ ਸਮੇਂ ਸਿੱਧ ਤੇ ਜੋਗਮੱਤ ਦਾ ਬਹੁਤ ਬੋਲਬਾਲਾ ਸੀ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨੂੰ ਸਿੱਧੇ ਰਸਤੇ ਪਾਇਆ। ਆਪ ਨੇ ਨਾਥਾਂ ਨੂੰ ਦੱਸਿਆ ਕਿ ਸ਼ਰਾਬ ਪੀਣਾ ਇਖਲਾਕੀ ਜੁਰਮ ਹੈ ਅਤੇ ਨਾਮਰੂਪੀ ਰਸ ਵਿਚ ਰੱਤੇ ਰਹਿਣ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।

## ਚੌਥੀ ਉਦਾਸੀ 1517 ਤੋਂ 1521 ਈ. ਤੱਕ

ਚੌਥੀ ਉਦਾਸੀ ਵਿਚ ਗੁਰੂ ਸਾਹਿਬ ਨੇ ਪੱਛਮੀ ਦੇਸ਼ਾਂ ਦਾ ਰਟਨ ਕੀਤਾ, ਜਿਸ ਵਿਚ ਇਸਲਾਮ ਦੇ ਧਾਰਮਿਕ ਅਸਥਾਨਾਂ, ਮੱਕਾ, ਮਦੀਨਾ, ਬਗਦਾਦ, ਆਦਿ ਥਾਵਾਂ ਤੇ ਗਏ ਅਤੇ 1521 ਈ. ਵਿਚ ਕਰਤਾਰਪੁਰ ਵਾਪਸ ਮੁੜੇ। ਇਸ ਉਦਾਸੀ ਵਿਚ ਗੁਰੂ ਜੀ ਨੇ ਸਫਲ ਜੀਵਨ ਦੇ ਨੇਮ ਦੱਸੇ, ਜਿਨ੍ਹਾਂ ਨੇਮਾਂ ਤੋਂ ਬਿਨਾਂ ਕਿਸੇ ਵੀ ਮਨੁੱਖ ਨੂੰ ਪਰਮਾਤਮਾ ਦੀ ਦਰਗਾਹ ਵਿਚ ਢੋਈ ਨਹੀਂ ਮਿਲੇਗੀ। ਆਪ ਨੇ ਕਾਜ਼ੀਆਂ ਨਾਲ ਵਾਰਤਾਲਾਪ ਕਰਦਿਆਂ ਇਹ ਸਪਸ਼ਟ ਕੀਤਾ ਹੈ ਕਿ ਜਾਤ ਜਾਂ ਬਰਾਦਰੀ ਕਰਕੇ ਕੋਈ ਮਨੁੱਖ ਚੰਗਾ ਨਹੀਂ ਸਗੋਂ ਸ਼ੁਭ ਅਮਲਾਂ ਕਰਕੇ ਚੰਗਾ ਜਾਂ ਮਾੜਾ ਹੈ। ਇਸ ਪਰਕਾਰ ਇਸਲਾਮੀ ਰਵਾਇਤਾਂ ਨੂੰ ਸੰਕੇਤ ਬਣਾ ਕੇ ਲੋਕਾਂ ਨੂੰ ਨੇਕ ਅਮਲ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਮਾਨਵ ਧਰਮ ਨੂੰ ਸੱਚ ਤੇ ਸੁੱਚਾ ਤੇ ਉੱਚਾ ਧਰਮ ਦੱਸਿਆ। ਆਪ ਨੇ ਇਹ ਵੀ ਉਪਦੇਸ਼ ਦਿੱਤਾ ਕਿ ਪ੍ਰਭੂ ਪਰਮਾਤਮਾ ਮੰਦਰ ਜਾਂ ਮਸੀਤ ਵਿਚ ਨਹੀਂ ਰਹਿੰਦਾ ਸਗੋਂ ਹਰ ਥਾਂ ਵਿਆਪਕ ਹੈ ਤੇ ਹਾਜ਼ਰ ਨਾਜ਼ਰ ਹੈ। ਉਹ ਸਮੁੱਚੇ ਬ੍ਰਹਿਮੰਡ ਵਿਚ ਵਿਚਰ ਰਿਹਾ ਹੈ।

ਉਦਾਸੀਆਂ ਦੇ ਕਾਲ ( ਸਮੇਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰਥਿਕ, ਰਾਜਨੀਤਕ, ਧਾਰਮਿਕ ਤੇ ਸਮਾਜਕ ਹਾਲਤਾਂ ਨੂੰ ਵੇਖਿਆ ਅਤੇ ਆਪਣੀਆਂ ਰਚਨਾਵਾਂ ਦੁਆਰਾ ਕਲਮਬੰਦ ਕੀਤਾ। ਆਪ ਦੀਆਂ ਰਚਨਾਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਆਪ ਨੇ ਕਿਸੇ ਧਰਮ ਨੂੰ ਨਿੰਦਿਆ ਨਹੀਂ। ਸਗੋਂ ਧਰਮ ਦੇ ਨੇਕ ਅਰਥਾਂ ਨੂੰ ਉਜਾਗਰ ਕੀਤਾ ਹੈ। ਇਸੇ ਕਾਲ ਵਿਚ ਬਹੁਤ ਸਾਰੀਆਂ ਕੀਮਤੀਆਂ ਰਚਨਾਵਾਂ "ਦੱਖਣੀ ਓਅੰਕਾਰ ਤੇ ਸਿਧ ਗੋਸਟ" ਦੀ ਰਚਨਾ ਕੀਤੀ।

## ਜੀਵਨ ਦਾ ਤੀਜਾ ਭਾਗ 1521 ਤੋਂ 1539 ਈ.

ਉਦਾਸੀਆਂ ਤੋਂ ਉਪਰੰਤ 18 ਸਾਲ ਦਾ ਸਮਾਂ ਜ਼ਿੰਦਗੀ ਦਾ ਪਿਛਲੇਰਾ ਸਮਾਂ ਗੁਰੂ ਨਾਨਕ ਦੇਵ ਜੀ ਦਾ ਸੰਗਤੀ ਜੀਵਨ ਤੇ ਟਿਕਾਅ ਦਾ ਸਮਾਂ ਹੈ। ਜੋ ਕਿ ਆਪ ਜੀ ਨੇ ਕਰਤਾਰਪੁਰ ਵਿਚ ਬਿਤਾਇਆ। ਉਦਾਸੀਆਂ ਸਮੇਂ ਸਮਾਜੀ ਜੀਵਨ ਦੀ ਹਾਲਤਾਂ ਦਾ ਜੋ ਅਨੁਭਵ ਆਪ ਨੇ ਪ੍ਰਾਪਤ ਕੀਤਾ ਉਸ ਨੂੰ ਨੀਮੀਆਂ ਬਾਣੀਆਂ ਵਿਚ ਪ੍ਰਕਾਸ਼ਿਤ ਕੀਤਾ। ਇਨ੍ਹਾਂ ਬਾਣੀਆਂ ਰਾਹੀਂ ਆਪ ਜੀ ਨੇ ਸਮਾਜਿਕ ਅਵਸਥਾ ਨੂੰ ਸੁਧਾਰਨ ਤੇ ਰਾਜਨੀਤਕ ਪਹਿਲੂਆਂ ਉਪਰ ਟਿੱਪਣੀ ਕਰਕੇ, ਭਾਰਤ ਨੂੰ ਸਾਂਝੇ ਸਮਾਜਕ ਸੂਤਰ ਵਿਚ ਪ੍ਰੋਏ ਜਾਣ ਲਈ ਸੁਝਾ ਦਿੱਤੇ। ਗੁਰੂ ਜੀ ਦਾ ਇਹ ਵਿਚਾਰ ਸੀ ਕਿ ਜਾਤ ਬਰਾਦਰੀ ਤੇ ਛੂਤ ਛਾਤ ਦੇ ਬੰਧਨਾਂ ਦੀ ਰੋਕ ਥੋਕ ਹੀ ਉਨਤੀ

ਤੇ ਕੌਮੀ ਏਕਤਾ ਦੇ ਰਾਹ ਵਿਚ ਰੁਕਾਵਟ ਹੈ। ਸੋ ਆਪ ਨੇ ਇਨ੍ਹਾਂ ਬੁਰਾਈਆਂ ਤੋਂ ਛੁਟਕਾਰਾ ਪ੍ਰਾਪਤ ਕਰਨ ਉਤੇ ਜ਼ੋਰ ਦਿੱਤਾ। ਇਨ੍ਹਾਂ ਹੀ ਦਿਨਾਂ ਵਿਚ ਜਦੋਂ ਗੁਰੂ ਸਾਹਿਬ ਜੀ 'ਐਮਨਾਬਾਦ' ਭਾਈ ਲਾਲੋ ਪਾਸ ਠਹਿਰੇ ਹੋਏ ਸਨ, ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕਰ ਦਿੱਤਾ। ਗੁਰੂ ਜੀ ਨੇ ਇਸ ਲੜਾਈ ਵਿਚ ਇਸਤ੍ਰੀਆਂ ਦੀ ਦੁਰਦਸ਼ਾ ਤੇ ਮਜ਼ਲੂਮ ਲੋਕਾਂ ਤੇ ਹੋ ਰਹੇ ਅਨੇਕਾਂ ਜ਼ੁਲਮਾਂ ਨੂੰ ਆਪਣੀਆਂ ਅੱਖਾਂ ਨਾਲ ਤੱਕਿਆ ਤੇ ਆਪਣੀ ਬਾਣੀ 'ਬਾਬਰਵਾਣੀ' ਵਿਚ ਕਲਮਬੰਧ ਕੀਤਾ। ਗੁਰੂ ਜੀ ਨੇ ਇਸ ਜ਼ੁਲਮ ਲਈ ਪ੍ਰਮਾਤਮਾ ਤੇ ਵੀ ਰੋਸ ਪ੍ਰਗਟ ਕੀਤਾ। ਆਪਣੀ ਜ਼ਿੰਮੇਵਾਰੀ ਸਮਝ ਕੇ ਹੀ ਪ੍ਰਮਾਤਮਾ ਤੇ ਪ੍ਰਸ਼ਨ ਕੀਤਾ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।।
ਆਪੇ ਦੋਸ਼ ਨਾ ਦੇਈ ਕਰਤਾ ਜਮ ਕਰਿ ਮੁਗਲ ਚੜ੍ਹਾਇਆ।। [8]

... ... ...

ਇਸੇ ਕਾਲ ਵਿਚ ਆਪ ਜੀ ਨੇ ਜਪੁਜੀ ਸਾਹਿਬ ਤੇ ਬਾਰਾਮਾਹਾ ਤੁਖਾਰੀ ਦੇ ਮਹਾਨ ਰਚਨਾਵਾਂ ਰਚੀਆਂ। 1539 ਵਿਚ ਆਪ ਜੀ ਕਰਤਾਰਪੁਰ ਵਿਚ ਜੋਤੀ ਜੋਤ ਸਮਾਏ। ਗੁਰੂ ਸਾਹਿਬ ਨੇ ਜੋ ਜੀਵਨ ਤਜਰਬਾ ਗ੍ਰਹਿਣ ਕੀਤਾ ਉਸ ਦੀ ਮਨੋਹਰ ਛਾਪ ਆਪ ਜੀ ਦੀ ਬਾਣੀ ਅਤੇ ਕਲਾ ਉਤੇ ਲਗੀ ਹੋਈ ਹੈ। [10]

## ਗੁਰੂ ਨਾਨਕ ਦੇਵ ਜੀ ਦਾ ਵਿਅਕਤਿਤਵ

ਕਾਵਿ ਰਚਨਾ ਕਵੀ ਦੇ ਵਿਅਕਤਿਤਵ ਨਾਲ ਬਾਕੀ ਸਭ ਸਾਹਿਤ ਰੂਪਾਂ ਨਾਲੋਂ ਵਧੇਰੇ ਸੰਬੰਧਿਤ ਹੁੰਦਾ ਹੈ। ਕਾਵਿ ਸਾਹਿਤ ਅਨੁਭੂਤੀ-ਸ਼ੀਲਤਾ ਦਾ ਸਾਹਿਤ ਹੈ। ਸੋ ਕਾਵਿ ਕਵੀ ਦੇ ਵਿਅਕਤਿਤਵ ਵਿਚੋਂ ਹੀ ਵਿਕਸਿਤ ਹੁੰਦਾ ਹੈ, ਇਸ ਕਾਵਿ ਵਿਚੋਂ ਕਵੀ ਦੀ ਆਂਤਰਿਕ ਤੇ ਬਾਹਰੀ ਸ਼ਖਸੀਅਤ ਦੇ ਦਰਸ਼ਨ ਕੀਤੇ ਜਾ ਸਕਦੇ ਹਨ।

ਕਵੀ ਆਪਣੇ ਆਲੇ ਦੁਆਲੇ ਦੇ ਪ੍ਰਕਿਰਤਕ ਸੰਸਾਰ ਸਮਾਜਿਕ ਜੀਵਨ, ਸਮਕਾਲੀਨ, ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਪ੍ਰਸਥਿਤੀਆਂ, ਸਾਮਿਅਕ ਘਟਨਾਵਾਂ ਤੋਂ ਗੰਭੀਰ ਰੂਪ

ਵਿਚ ਪ੍ਰਭਾਵਿਤ ਹੁੰਦਾ ਹੈ। ਇਹ ਸਾਰਾ ਨਿਰੀਖਣ ਅਤੇ ਚਿੰਤਨ ਉਸ ਦੇ ਚੇਤੰਨ, ਅਰਧ-ਚੇਤਨ ਅਤੇ ਅਚੇਤਨ ਮਨ ਦਾ ਭਾਗ ਬਣਕੇ ਕਾਵਿ ਦੇ ਨਿਰਮਾਣ ਵਿਚ ਪ੍ਰਭਾਵੀ ਹੁੰਦਾ ਰਹਿੰਦਾ ਹੈ। ਸੋ ਕਿਸੇ ਕਵੀ ਦੇ ਕਾਵਿ ਵਿਚ ਵਰਤੇ ਗਏ ਬਿੰਬ ਅਤੇ ਪ੍ਰਤੀਕ ਵਿਧਾਨ ਤੋਂ ਅਸੀਂ ਉਸ ਦੇ ਜੀਵਨ ਅਨੁਭਵ ਅਤੇ ਸਮਾਜਿਕ ਪਿਛੋਕੜ ਦਾ ਭਲੀ ਪ੍ਰਕਾਰ ਨਿਰਣਾ ਕਰ ਸਕਦੇ ਹਾਂ। ਗੁਰੂ ਨਾਨਕ ਦੇ ਪ੍ਰਕਿਰਤੀ ਸੰਬੰਧੀ ਸੰਕਲਪ ਨੂੰ ਜਾਣਨ ਲਈ ਵੀ ਜ਼ਰੂਰੀ ਜਾਪਦਾ ਹੈ ਕਿ ਉਨ੍ਹਾਂ ਦੇ ਵਿਅਕਤਿਤਵ ਸੰਬੰਧੀ ਉਨ੍ਹਾਂ ਦੀ ਬਾਣੀ ਵਿਚ ਆਏ ਪ੍ਰਮਾਣਾਂ ਅਤੇ ਪ੍ਰਾਪਤ ਬਾਹਰਮੁਖੀ ਇਤਿਹਾਸਕ ਤੇ ਸਾਹਿੱਤਕ ਹਵਾਲਿਆਂ ਨੂੰ ਘੋਖੀਏ। ਇਹ ਵਿਸ਼ਲੇਸ਼ਣ ਉਨ੍ਹਾਂ ਦੇ ਕਾਵਿ-ਜਗਤ ਨੂੰ ਸਮਝਣ ਵਿਚ ਵੀ ਸਹਾਈ ਹੋਵੇਗਾ। ਸਨਾਤਨੀ ਪੰਜਾਬੀ ਸਾਹਿਤ ਦੇ ਪ੍ਰਸਿੱਧ ਵਿਦਵਾਨ ਤੇ ਸਨਾਤਨ ਡਾ: ਕਾਲਾ ਸਿੰਘ ਬੇਦੀ ਨੇ ਵਿਅਕਤਿਤਵ ਅਤੇ ਬਾਣੀ ਦੀ ਪ੍ਰਮਾਣਿਕਤਾ ਸੰਬੰਧੀ ਬੜੇ ਪਤੇ ਦੀ ਗੱਲ ਕੀਤੀ ਹੈ -"ਜੇ ਕ੍ਰਿਸ਼ਨ ਜੀ ਦੀ ਸੱਚੀ ਤਸਵੀਰ ਵੇਖਣੀ ਹੋਏ ਤਾਂ ਭਾਗਵਤ ਤੇ ਖਾਸ ਗੀਤਾ ਵਿਚ ਲਭਣੀ ਚਾਹੀਦੀ ਹੈ ਇਵੇਂ ਹੀ ਸਤਿਗੁਰੂ ਦੀ ਸੱਚੀ ਤਸਵੀਰ ਆਪ ਜੀ ਦੀ ਬਾਣੀ ਵਿਚੋਂ ਢੂੰਡਣੀ ਚਾਹੀਦੀ ਹੈ।"[11]

ਗੁਰੂ ਨਾਨਕ ਦੇਵ ਜੀ ਨੇ ਵੱਡੀ ਮਾਤਰਾ ਵਿਚ ਬਾਣੀ ਰਚੀ ਜੋ ਲਗਭਗ 50 ਸਾਲ ਰਚੀਂਦੀ ਰਹੀ ਹੋਵੇਗੀ। ਇਸ ਬਾਣੀ ਵਿਚ ਉਨ੍ਹਾਂ ਦਾ ਗ੍ਰਹਿਣ ਕੀਤਾ ਵਿਸ਼ਾਲ ਜੀਵਨ ਅਨੁਭਵ ਬਿੰਬਾਂ ਦੇ ਰੂਪ ਵਿਚ ਨਮੂਦਾਰ ਹੋਇਆ ਹੈ। ਇਹ ਬਿੰਬ ਉਨ੍ਹਾਂ ਦੇ ਜੀਵਨ ਦੇ ਹੰਢਾਏ ਖੇਤਰ ਵੱਲ ਸੰਕੇਤ ਕਰਦੇ ਹਨ।

ਗੁਰੂ ਨਾਨਕ ਦੇਵ ਇਕ ਅਤਿਅੰਤ ਕਲਪਨਾਸ਼ੀਲ ਅਤੇ ਸੰਵੇਦਨਸ਼ੀਲ ਕਵੀ ਸਨ। ਰਾਗਾਤਮਿਕਤਾ ਉਨ੍ਹਾਂ ਦੀ ਸਿਰਜਣਾਤਮਿਕਤਾ ਨਾਲ ਇਕਮਿਕ ਹੋਈ ਹੋਈ ਸੀ। ਰਾਗਾਂ ਵਿਚ ਰਚੀ ਬਾਣੀ ਇਸ ਗੱਲ ਦਾ ਪ੍ਰਮਾਣ ਹੈ ਕਿ ਉਹ ਭਾਰਤੀ ਸੰਗੀਤ ਪਰੰਪਰਾ ਦੇ ਨਿਪੁੰਨ ਸ਼ਾਸਤਰੀ ਸਨ। ਉਹ ਇਕ ਸਫਲ ਯਾਤਰੀ, ਸੁਘੜ ਅਤੇ ਨਿਪੁੰਨ ਮਹਾਂ ਕਵੀ ਸਨ। ਆਪਣੇ ਜੀਵਨ ਕਾਲ ਵਿਚ ਆਈਆਂ ਤਮਾਮ ਘਟਨਾਵਾਂ ਦੇ ਪ੍ਰਭਾਵ ਨੂੰ ਸਿੱਧੇ ਅਤੇ ਅਸਿੱਧੇ ਢੰਗ ਨਾਲ ਕਬੂਲ ਕੇ ਆਪਣੇ ਚਿੰਤਨ ਦਾ ਭਾਗ ਬਣਾਇਆ। ਉਨ੍ਹਾਂ ਦੇ ਪੇਂਡੂ ਜਨਮ ਤੇ ਬਚਪਨ ਦੇ ਪ੍ਰਮਾਣ ਉਨ੍ਹਾਂ ਦੀ ਬਾਣੀ ਵਿਚ ਆਏ ਪੇਂਡੂ ਦ੍ਰਿਸ਼ਾਂ, ਕੁਦਰਤੀ ਵਾਤਾਵਰਣ, ਸਰੋਵਰ, ਮਛਲੀ, ਖੇਤ, ਕਿਸਾਣ ਬਿਰਛ ਬੂਟੇ, ਘਾਹ ਬੂਝ, ਕੋਇਲ ਅਤੇ ਟਿੰਡ ਆਦਿ ਦੇ ਰੂਪਕਾਂ ਤੋਂ ਭਲੀ ਭਾਂਤ ਮਿਲਦਾ ਹੈ। ਗੁਰੂ ਨਾਨਕ ਪੇਂਡੂ ਜੀਵਨ ਅਤੇ ਪ੍ਰਕਿਰਤੀ ਤੋਂ ਬਹੁਤ ਪ੍ਰਭਾਵਤ ਸਨ। ਡਾ: ਰਤਨ ਸਿੰਘ ਦਾ ਮੱਤ ਹੈ ਕਿ ਆਪ ਨੇ ਪਿੰਡਾਂ ਦੇ ਜੀਵਨ ਨੂੰ ਬੜੇ ਧਿਆਨ ਨਾਲ ਵੇਖਿਆ ਤੇ ਵਿਚਾਰਿਆ। ਆਪ ਦੀ ਕਵਿਤਾ ਵਿਚ ਪਿੰਡ ਦੇ ਘਟਵਾਲੀਆਂ, ਕਿਸਾਣਾਂ ਤੇ ਸ਼ਾਹੂਕਾਰਾਂ ਦਾ ਵਰਣਨ ਹੈ। ਪਿੰਡ ਦੇ ਲੁਹਾਰ, ਸੁਨਿਆਰ,

ਜੁਲਾਹੇ, ਤੇਲੀ, ਸੁਨਿਆਰ, ਪਾਂਧੇ ਤੇ ਪੰਡਿਤ ਦਾ ਵਰਨਣ ਹੈ ਅਤੇ ਇਨ੍ਹਾਂ ਦੁਆਲੇ ਕਈ ਅਲੰਕਾਰ ਤੇ ਚਿੱਤਰ ਉਲੀਕੇ ਹਨ। ਆਪ ਨੇ ਆਪਣੇ ਘਰ ਵਿਚ ਹੀ ਪਿੰਡ ਦੇ ਪਟਵਾਰੀ ਦਾ ਜੀਵਨ ਵੇਖਿਆ, ਭੱਟੀ ਰਾਇਬੁਲਾਰ ਨਾਲ ਸੰਬੰਧਿਤ ਹੋਣ ਕਰਕੇ ਆਪ ਨੇ ਹੋਰ ਸਰਕਾਰੀ ਕਰਮਚਾਰੀਆਂ ਤੇ ਨਿਆਂਕਾਰਾਂ ਦਾ ਜੀਵਨ ਵੀ ਭਲੀਭਾਂਤ ਵੇਖਿਆ ਤੇ ਆਪ ਨੂੰ ਇਹ ਦਿਸ ਪਿਆ ਕਿ ਬਹੁਤੇ ਕਰਮਚਾਰੀ ਲੋਕਾਂ ਦਾ ਖੂਨ ਚੂਸਣ ਵਾਲੇ ਹਨ।"[12]

ਹਿੰਦੀ ਜਗਤ ਵਿਚ "ਨਾਨਕ ਬਾਣੀ" ਦੇ ਪ੍ਰਕਾਸ਼ ਨੂੰ ਸੰਪਾਦਿਤ ਕਰਨ ਵਾਲੇ ਡਾ: ਜੈਰਾਮ ਮਿਸ਼ਰ ਨੇ ਉਨ੍ਹਾਂ ਦੀ ਬਾਣੀ ਦੇ ਗੰਭੀਰ ਵਿਵੇਚਨ ਰਾਹੀਂ ਉਨ੍ਹਾਂ ਦੇ ਜੀਵਨ ਅਨੁਭਵ ਅਤੇ ਪ੍ਰਕ੍ਰਿਤੀ ਦੇ ਵਿਸ਼ਾਲ ਨਿਰੀਖਣ ਨੂੰ ਉਜਾਗਰ ਕੀਤਾ ਹੈ।[13]

ਗੁਰੂ ਨਾਨਕ ਮਹਾਨ ਤੇ ਸੱਚੇ ਦੇਸ਼-ਭਗਤ ਸਨ। ਉਨ੍ਹਾਂ ਦੇਸ਼ ਦੀ ਦੁਰਦਸ਼ਾ ਦਾ ਮਾਰਮਿਕ ਚਿਤ੍ਰਣ ਕੀਤਾ। ਰਾਜ ਸ਼੍ਰੇਣੀਆਂ ਤੇ ਕਰਮਚਾਰੀਆਂ ਦੇ ਜ਼ੁਲਮਾਂ ਨੂੰ ਬੜੀ ਨਿਰਭੈਤਾ ਨਾਲ ਨਸ਼ਰ ਕੀਤਾ।

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ" ਵਾਲਾ ਸ਼ਬਦ ਗੁਰੂ ਨਾਨਕ ਦੀ ਨਿਰਭੈਤਾ ਦਾ ਸਭ ਤੋਂ ਵੱਡਾ ਪ੍ਰਮਾਣ ਹੈ। ਉਨ੍ਹਾਂ ਨੇ ਬੜੀ ਦਲੇਰੀ ਨਾਲ ਮਹਾਤਮਾ ਬੁੱਧ ਅਤੇ ਭਗਤ ਕਬੀਰ ਵਾਂਗ ਆਪਣੀ ਬਾਣੀ ਲਈ ਲੋਕ ਬੋਲੀ ਨੂੰ ਅਪਣਾਇਆ ਅਤੇ "ਬੇਨੀ ਅਖਰ ਕੁਮਾਰੀਆ" ਕਹਿ ਕੇ ਪੰਡਤਾਂ ਨੂੰ ਲਾਹਣਤਾਂ ਪਾਈਆਂ। ਉਨ੍ਹਾਂ ਦੇ ਵਿਅਕਤਿਤਵ ਦੀ ਸੁਤੰਤਰੀ ਦਲੇਰੀ ਹੀ ਸੀ, ਜਿਸ ਨਾਲ ਉਨ੍ਹਾਂ ਸਾਰੇ ਪੂਰਬ-ਵਰਤੀ ਧਰਮਾਂ ਦਾ ਖੰਡਨ-ਮੰਡਨ ਕਰਕੇ ਸਿੱਖ ਧਰਮ ਦੇ ਰੂਪ ਵਿਚ ਮਨੁੱਖਤਾ ਨੂੰ ਇਕ ਮੌਲਿਕ ਧਰਮ ਸੰਕਲਪ ਦਿੱਤਾ। ਇਸ ਤੋਂ ਉਨ੍ਹਾਂ ਦੇ ਵਿਅਕਤਿਤਵ ਦੇ ਕ੍ਰਾਂਤੀਕਾਰੀ ਅਤੇ ਦੂਰਦਰਸ਼ੀ, ਸਮਾਜ ਸੁਧਾਰਕ ਗੁਣਾਂ ਦਾ ਵੀ ਪਤਾ ਲਗਦਾ ਹੈ। ਗੁਰੂ ਨਾਨਕ ਨੇ ਪ੍ਰਮਾਤਮਾ ਦੇ ਦਰ ਵਿਚ ਜਾਤ ਪਾਤ ਤੋਂ ਉੱਚਾ ਲੋਕ ਤੰਤਰ ਦਾ ਇਕ ਸੰਕਲਪ ਅਮਲੀ ਰੂਪ ਵਿਚ ਕਰਤਾਰਪੁਰ ਦੀ ਬਸਤੀ ਦੇ ਰੂਪ ਵਿਚ ਸਥਾਪਿਤ ਕੀਤਾ। ਜਾਤ ਪਾਤ ਦਾ ਖੰਡਨ ਅਤੇ ਇਸਤ੍ਰੀ ਦਾ ਸਮਾਜ ਵਿਚ ਗੌਰਵ ਤੇ ਸਨਮਾਨ ਦਿਵਾਇਆ। ਇਸਤ੍ਰੀ ਨੂੰ ਬੰਧਨ ਕਹਿਣ ਵਾਲੇ ਜੋਗੀਆਂ ਦੇ ਗੈਰ-ਸਮਾਜਿਕ ਜੀਵਨ-ਢੰਗ ਦਾ ਜ਼ੋਰਦਾਰ ਖੰਡਨ ਕੀਤਾ ਅਤੇ "ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ"। ਕਹਿਕੇ ਸਾਰੇ ਮੱਧ-ਕਾਲੀਨ ਸੰਸਾਰ ਵਿਚ ਇਸਤ੍ਰੀ ਦੀ ਸਰੇਸ਼ਟਤਾ ਦਾ ਝੰਡਾ ਬੁਲੰਦ ਕੀਤਾ। ਗੁਰੂ ਨਾਨਕ ਇਸਤ੍ਰੀ ਇਸ ਇਨਕਲਾਬੀ ਵਤੀਰੇ ਦੀ ਤਮਾਮ ਦਾਰਸ਼ਨਿਕ ਵਿਦਵਾਨਾਂ ਹੈ - ਵਿਦੇਸ਼ੀ ਇਤਿਹਾਸਕਾਰਾਂ ਨੇ ਮੁਕਤ-ਕੰਠ ਪ੍ਰਸੰਸਾ ਕੀਤੀ ਹੈ।[14]

ਗੁਰੂ ਨਾਨਕ ਰੱਬੀ ਪਿਆਰ ਵਿਚ ਰੰਗੇ ਹੋਏ ਮਸਤ ਕਵੀ ਸਨ, ਜਿਨ੍ਹਾਂ ਦੀ ਬਾਣੀ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਉਨ੍ਹਾਂ ਨੇ ਪ੍ਰਮਾਤਮਾ ਦੇ ਪ੍ਰਤੱਖ ਦਰਸ਼ਨ ਕੀਤੇ ਸਨ। ਉਨ੍ਹਾਂ ਆਪਣੇ ਇਸ ਰਹੱਸਵਾਦੀ ਅਨੁਭਵ ਨੂੰ ਲੋਕ-ਭਾਸ਼ਾ ਅਤੇ ਅਨੁਪਮ ਬਾਣੀ ਵਿਚ ਬਿਆਨਿਆ। ਉਨ੍ਹਾਂ ਹਉਮੈ, ਹੰਕਾਰ ਤੇ ਦਵੈਸ਼ ਦਾ ਨਾਸ਼ ਕਰਕੇ ਪ੍ਰਮਾਤਮਾ ਦੀ ਪ੍ਰਾਪਤੀ ਨੂੰ ਹੀ ਜੀਵਨ ਦਾ ਪਰਮ ਪੁਰਸ਼ਾਰਥ ਦਰਸਾਇਆ। ਇਸ ਸਾਧਨਾਮਈ ਪ੍ਰਾਪਤੀ ਵਿਚ ਕਰਮ, ਸਰਮ, ਗਿਆਨ, ਸੰਗ ਅਤੇ ਭਗਤੀ ਆਦਿਕ ਸਾਰਿਆਂ ਦੀ ਸਾਰਥਿਕ ਅਨਿਵਾਰਤਾ ਦਰਸਾਈ ਅਤੇ ਇਸ ਆਪਣੇ ਸਮਾਜਿਕ ਤੌਰ ਤੇ ਸਾਰਥਿਕ ਯੋਗ ਨੂੰ ਰਾਜ ਯੋਗ ਦਾ ਨਾਂ ਦਿੱਤਾ, ਜਿਸ ਵਿਚ ਉਪਰੋਕਤ ਸਾਰੇ ਯੋਗਾਂ ਦਾ ਵਚਿੱਤ੍ਰ ਸਮਨਵੈ ਹੋਇਆ ਹੈ। ਭਗਤੀ ਮਾਰਗ ਉਨ੍ਹਾਂ ਦੀ ਜੀਵਨ-ਜਾਚ ਅਤੇ ਵਿਅਕਤਿਤਵ ਦਾ ਅਨਿੱਖੜ ਅੰਗ ਸੀ। ਉਨ੍ਹਾਂ ਪ੍ਰਮਾਤਮਾ ਨਾਲ ਰਿਸ਼ਤੇ ਨੂੰ ਸੰਸਾਰਕ ਰਿਸ਼ਤਿਆਂ ਅਤੇ ਪਤੀ-ਪਤਨੀ, ਮਾਤਾ ਪਿਤਾ ਬਾਲਕ ਦਾਸ-ਸੁਆਮੀ ਦੇ ਸੰਦਰਭ ਵਿਚ ਰੱਖ ਦੇ ਦਰਸਾਇਆ।

ਗੁਰੂ ਨਾਨਕ ਮਹਾਨ ਤਿਆਗੀ ਸਨ। ਹਰ ਕੂੜ ਰੀਤੀ ਦਾ ਖੰਡਨ ਕਰਨ ਦੀ ਸਮਰੱਥਾ ਰੱਖਦੇ ਸਨ। ਡਾ: ਮਿਸ਼ਰ ਦਾ ਕਹਿਣ ਹੈ, "ਗੁਰੂ ਨਾਨਕ ਦੇਵ ਪੂਰਨ ਯੋਗੀ ਅਤੇ ਆਦਰਸ਼-ਗ੍ਰਿਹਸਥੀ ਸਨ। ਮਾਨਵਤਾ ਦੀ ਕੁਰਲਾਹਟ ਸੁਣਕੇ ਉਨ੍ਹਾਂ ਆਪਣਾ ਘਰ ਬਾਰ, ਪੁੱਤਰ-ਕਲੱਤਰ, ਧਨ ਸੰਪਤੀ ਦਾ ਛਿਣ ਭਰ ਤਿਆਗ ਕਰ ਦਿੱਤਾ। ਪੂਰਨ-ਜੋਗੀ ਦੀ ਤਰ੍ਹਾਂ ਸਦਾ ਪ੍ਰਮਾਤਮਾ ਵਿਚ ਲੀਨ ਰਹਿੰਦੇ ਸਨ ਅਤੇ ਸਾਰੀਆਂ ਆਸ਼ਕਤੀਆਂ ਦਾ ਤਿਆਗ ਕਰ ਚੁੱਕੇ ਸਨ। ਉਹ ਸਹਿਜ-ਜੋਗੀ ਸਨ।"[15] ਗੁਰੂ ਨਾਨਕ ਦੇ ਤਿਆਗ ਦੀ ਇਸੇ ਬਿਰਤੀ ਨੇ ਸਿੱਖ ਸਮਾਜ ਨੂੰ ਕੁਰਬਾਨੀਆਂ, ਤਿਆਗ ਅਤੇ ਸ਼ਹਾਦਤਾਂ ਦੇਣ ਦੀ ਕੁਵੱਤ ਦਿੱਤੀ।

ਗੁਰੂ ਨਾਨਕ ਇਕ ਮਹਾਂ-ਘੁਮੱਕੜ ਸਨ, ਉਨ੍ਹਾਂ ਆਪਣਾ ਜੀਵਨ ਅਨੁਭਵ ਪ੍ਰਪੱਕ ਕਰਨ ਲਈ ਚਾਰ ਉਦਾਸੀਆਂ ਧਾਰਨ ਕੀਤੀਆਂ। ਇਕ ਬੰਨਿਓਂ ਮਾਨ ਸਰੋਵਰ ਦੀਆਂ ਬਰਫ਼ਾਂ ਤੱਕ ਪੁੱਜੇ ਤੇ ਦੂਜੇ ਬੰਨੇ ਅਰਬ ਦੇ ਰੇਗਿਸਤਾਨ ਨੂੰ ਵੀ ਆਪਣੀ ਸ਼ਖਸ਼ੀਅਤ ਨਾਲ ਸ਼ੋਭਿਤ ਕੀਤਾ। ਇਹ ਸਾਰਾ ਅਨੁਭਵ ਬਹੁਮੁਖੀ ਬਣਕੇ ਉਨ੍ਹਾਂ ਦੀ ਕਵਿਤਾ ਦਾ ਪ੍ਰਕਾਸ਼ ਅਤੇ ਖੁਸ਼ਬੂ ਬਣਿਆ। ਏਨੇ ਮਾਨਨੀਯ ਪੁਰਸ਼ ਹੋਤੇ ਵੀ ਆਪ ਮਿਠਤੁ ਅਤੇ ਨਿਮਰਤਾ ਦੇ ਪੁੰਜ ਸਨ। "ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤ।"

ਆਪਣੇ ਆਪ ਨੂੰ "ਦਾਸਨ ਦਾਸ" ਪਤ ਤੇ "ਨੀਚ", ਹੋਛੀ ਮੱਤ ਵਾਲਾ ਕਿਹਾ। ਗੁਰੂ ਨਾਨਕ ਦੀ ਬਾਣੀ ਵਿਚ ਆਈ ਆਪਣੇ ਮੱਤ ਦੀ ਉਦਾਰਤਾ ਵਿਚ ਇਕ ਦਲੀਲ-ਭਰੀ ਸ਼ਕਤੀ ਹੈ, ਕਿਸੇ ਹਉਮੈਂ ਦਾ ਪ੍ਰਗਟਾਵਾ ਨਹੀਂ। ਉਨ੍ਹਾਂ ਦੀ ਸ਼ਖਸ਼ੀਅਤ ਹਰ ਪ੍ਰਕਾਰ ਦੇ ਹਉਮੈ ਤੋਂ ਮੁਕਤ ਸੀ।

ਗੰਭੀਰਤਾ ਇਸ ਮਹਾਨ-ਪੁਰਸ਼ ਦੀ ਸ਼ਖਸ਼ੀਅਤ ਦਾ ਗੁਣ ਸੀ। ਉਹ ਹਰ ਪ੍ਰਕਾਰ ਦੇ ਵਿਖਾਵੇ, ਝੂਠ ਅਤੇ ਦੰਭ ਤੋਂ ਨਿਰਲੇਪ ਸਨ। ਉਨ੍ਹਾਂ ਦੇ ਸ਼ਿੰਗਾਰ ਰਸ ਵਿਚ ਵੀ ਇਕ ਇਖਲਾਕੀ ਸ਼ਿਸ਼ਟਤਾ ਹੈ। ਉਨ੍ਹਾਂ ਨਾਮ ਸਿਮਰਨ ਤੇ ਤਮਾਮ ਸੰਸਾਰਕ ਖੁਸ਼ੀਆਂ ਵਾਰ ਸੁੱਟੀਆਂ ਸਨ।

ਗੁਰੂ ਨਾਨਕ ਨੇ ਆਪਣੇ ਪ੍ਰਚਲਿਤ ਬੇਦੇ ਕਤੇਬੇ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਅਤੇ ਕਮਾਲ ਦੀ ਨਿੱਜੀ ਮੌਲਿਕਤਾ ਨਾਲ ਆਪਣੇ ਮੱਤ ਦੀ ਸਾਰਥਿਕਤਾ ਤੇ ਸਰੇਸ਼ਟਤਾ ਦਰਸਾਈ। ਡਾ: ਸਤਿੰਦਰ ਸਿੰਘ ਦਾ ਮੱਤ ਹੈ ਕਿ ਗੁਰੂ ਪ੍ਰੰਪਰਾਗਤ ਹੁੰਦੇ ਹੋਏ ਵੀ ਰੂੜ੍ਹੀਵਾਦੀ ਨਹੀਂ ਸਨ ਸਗੋਂ ਮੌਲਿਕ ਤੇ ਸੁਤੰਤਰ ਕਵੀ ਸਨ ਕਿਉਂਕਿ ਪਰੰਪਰਾ ਨੂੰ ਨਵੇਂ ਅਰਥ ਦੇ ਕੇ ਹੀ ਸੁਰਜੀਤ ਕੀਤਾ ਜਾ ਸਕਦਾ ਹੈ।"[16]

ਗੁਰੂ ਨਾਨਕ ਬਾਣੀ ਤੋਂ ਆਪ ਇਕ ਉੱਚੇ ਸਾਹਿਤਕਾਰ ਵੀ ਪ੍ਰਮਾਣਿਤ ਹੁੰਦੇ ਹਨ। ਨਾਟਕੀ ਸੰਬਾਦ ਆਪ ਦੀ ਤੇਜ਼-ਤਰਾਰ ਬੁੱਧੀ ਦੇ ਲਖਾਇਕ ਹਨ। ਗੋਸ਼ਟਾਂ ਦੇ ਰੂਪ ਵਿਚ ਪ੍ਰਸ਼ਨ-ਉੱਤਰ ਵਿਧੀ ਆਪ ਦੀ ਨਿਪੁੰਨ, ਦਲੀਲ-ਬਾਜ਼ੀ ਅਤੇ ਮੰਤਕੀ ਸੂਝ-ਬੂਝ ਦੀ ਲਖਾਇਕ ਹੈ। ਗੁਰੂ ਨਾਨਕ ਦਾ ਬਚਪਨ ਅਤੇ ਬਹੁਤ ਸਾਰਾ ਸਮਾਂ ਜੀਵਨ ਪ੍ਰਕਿਰਤੀ ਦੀ ਗੋਦ ਵਿਚ ਹੀ ਬੀਤਿਆ। ਪ੍ਰਕਿਰਤੀ ਦੀ ਵਿਸ਼ਾਲਤਾ ਨੂੰ ਉਨ੍ਹਾਂ ਨੇ ਇਕ ਦਾਰਸ਼ਨਿਕ ਵਿਗਿਆਨੀ ਦੀ ਸੂਝ ਨਾਲ ਵੇਖਿਆ ਅਤੇ ਮਹਾਨ ਕਵੀ ਦੀ ਕਲਪਨਾ ਨਾਲ ਚਿਤਰ ਕੇ ਆਪਣੇ ਕਾਵਿ ਵਿਚ ਅਨੁਪਮ ਪ੍ਰਾਕਿਰਤਕ ਬਿੰਬਾਂ ਰਾਹੀਂ ਅਲੰਕ੍ਰਿਤ ਕੀਤਾ। [illegible] ਪ੍ਰਕਿਰਤੀ ਨਾਲ ਉਨ੍ਹਾਂ ਦਾ ਕਾਵਿਕ-ਪ੍ਰਸੰਗ, ਉਨ੍ਹਾਂ ਦੀ ਵਿਅਕਤਿਤਵ ਦੀ ਵਿਆਪਕਤਾ ਦਾ ਪ੍ਰਮਾਣ ਹੋ ਨਿਬੜਿਆ ਹੈ। ਉਨ੍ਹਾਂ ਮਨੁੱਖੀ ਮਨ ਨੂੰ ਵੀ ਇਸ ਦੇ ਹਾਵਾਂ ਭਾਵਾਂ ਦੀ ਵਾਸਤਵਿਕਤਾ ਦੇ ਰੂਪ ਵਿਚ ਸਮਝਿਆ। ਉਨ੍ਹਾਂ ਦੇ ਵਿਅਕਤਿਤਵ ਦਾ ਉਪਰੋਕਤ ਵਿਵੇਚਨ ਉਨ੍ਹਾਂ ਦੀ ਸਰਵ-ਸ੍ਰੇਸ਼ਟ ਬਾਣੀ ਉੱਤੇ ਆਧਾਰਿਤ ਹੈ, ਜਿਸਨੂੰ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ, ਜਨਮ ਸਾਖੀਕਾਰਾਂ ਨੇ ਜਨਮ ਸਾਖੀਆਂ ਵਿਚ ਅਤੇ ਅਨੁਯਾਈ ਵਿਧੀਆਂ ਵਾਲੇ ਅਕਾਦਮੀਸ਼ਨਾਂ, ਗੰਭੀਰ ਵਿਦਵਾਨਾਂ ਨੇ ਆਪਣੀਆਂ ਅਛੂੰਤੀ ਖੋਜਾਂ ਵਿਚ ਮੂਰਤੀਮਾਨ ਕੀਤਾ ਹੈ। ਇਨ੍ਹਾਂ ਵਿਦਵਾਨਾਂ ਵਿਚ ਸਰਵ ਸ੍ਰੀ ਡਾ: ਸੁਰਿੰਦਰ ਸਿੰਘ ਕੋਹਲੀ, ਡਾ: ਮੋਹਨ ਸਿੰਘ ਦੀਵਾਨਾ, ਡਾ: ਤਾਰਾ ਸਿੰਘ ਬੇਦੀ, ਡਾ: ਤਾਰਨ ਸਿੰਘ, ਡਾ: ਰਤਨ ਸਿੰਘ ਜੱਗੀ, ਡਾ: ਪ੍ਰੇਮ ਪ੍ਰਕਾਸ਼ ਸਿੰਘ, ਪ੍ਰੋ: ਰਾਮ ਸਿੰਘ, ਡਾ: ਦਲੀਪ ਸਿੰਘ 'ਦੀਪ', ਡਾ: ਦੀਵਾਨ ਸਿੰਘ, ਪ੍ਰਿੰ: ਪ੍ਰੀਤਮ ਸਿੰਘ, ਪ੍ਰਿੰ: ਸਾਹਿਬ ਸਿੰਘ, ਪ੍ਰਿੰ: ਜੋਧ ਸਿੰਘ, ਡਾ: ਮਹਿੰਦਰ ਕੌਰ ਗਿੱਲ, ਡਾ: ਸਤਿੰਦਰ ਸਿੰਘ, ਡਾ: ਤਰਲੋਚਨ ਸਿੰਘ, ਡਾ: ਗੁਪਾਲ ਸਿੰਘ ਦਰਦੀ ਅਤੇ ਡਾ: ਸੁਰਿੰਦਰ ਸਿੰਘ ਕੋਹਲੀ ਦੇ ਸਰੇਸ਼ਟਤਵ ਅਧੀਨ ਤਿੰਨ ਦਰਜਨ ਤੋਂ ਵੱਧ ਗੁਰਬਾਣੀ ਦੇ ਨੌਜਵਾਨ ਖੋਜੀ ਸ਼ਾਮਲ ਹਨ।

## ਰਚਨਾ ਤੇ ਵਿਉਰਾ

ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਰਾਜਨੀਤਕ, ਆਰਥਿਕ, ਸਮਾਜਿਕ ਤੇ ਧਾਰਮਿਕ ਕੁਰੀਤਾਂ ਤੋਂ ਪ੍ਰਭਾਵਿਤ ਹੈ। ਆਪ ਜੀ ਦੀ ਬਾਣੀ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਦਾ ਭਾਰਤੀ ਧਰਮ ਸੰਸਥਾਪਕਾਂ, ਸਮਾਜ ਸੁਧਾਰਕਾਂ ਤੇ ਸਮਕਾਲੀਨ ਸੰਤਾਂ, ਸੂਫੀਆਂ ਵਿਚ ਗੌਰਵਪੂਰਬ ਸਥਾਨ ਹੈ। ਆਪ ਜੀ ਦੀ ਬਾਣੀ ਪਵਿੱਤ੍ਰ ਤੇ ਨਿਰਾਲੀ ਹੈ। ਇਸ ਬਾਣੀ ਦੇ ਆਧਾਰ ਤੇ ਅਸੀਂ ਬਿਨਾਂ ਝਿਜਕ ਕਹਿ ਸਕਦੇ ਹਾਂ ਕਿ ਸਤਿਗੁਰੂ ਨਾਨਕ ਮਧਯੁਗ ਦੇ ਮੌਲਿਕ-ਚਿੰਤਕ, ਕ੍ਰਾਂਤੀਕਾਰੀ ਸੁਧਾਰਕ, ਮਹਾਨ ਦੇਸ਼ ਭਗਤ, ਭਗਤੀ ਲਹਿਰ ਦੇ ਮੋਢੀ, ਦੀਨ ਦੁਨੀਆਂ ਦੇ ਦਰਦੀ ਅਤੇ ਕੁਦਰਤੀ ਰਾਸ਼ਟਰ ਨਿਰਮਾਤਾ ਸਨ। ਆਪ ਜੀ ਦੀ ਸਮੁੱਚੀ ਬਾਣੀ ਕਈ ਰੰਗਾਂ ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ। ਸਧਾਰਣ ਤੌਰ ਤੇ ਅਸੀਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਦੋ ਭਾਗਾਂ ਵਿਚ ਵੰਡ ਸਕਦੇ ਹਾਂ। ਲੰਮੀਆਂ ਬਾਣੀਆਂ ਤੇ ਫੁਟਕਲ ਬਾਣੀਆਂ ਜਾਂ ਸ਼ਬਦ।

ਲੰਮੀਆਂ ਬਾਣੀਆਂ ਵਿਚ 'ਜਪੁਜੀ' ਸਿਧ ਗੋਸ਼ਟਿ, ਦੱਖਣੀ ਓਅੰਕਾਰ, ਪਟੀ, ਥਿਤੀ, ਬਾਰਹਮਾਹਾ ਤੁਖਾਰੀ ਅਤੇ ਤਿੰਨ ਵਾਰਾਂ - ਮਲਾਰ, ਮਾਝ ਤੇ ਆਸਾ ਸ਼ਾਮਿਲ ਹਨ। ਇਨ੍ਹਾਂ ਵਿਚੋਂ ਜਪੁਜੀ, ਸਿਧ ਗੋਸ਼ਟਿ ਤੇ ਦਖਣੀ ਓਅੰਕਾਰ ਦਾਰਸ਼ਨਿਕਤਾ ਪ੍ਰਧਾਨ ਹਨ। ਜਦ ਕਿ ਤਿੰਨੇ ਵਾਰਾਂ ਤੇ ਵਿਸ਼ੇਸ਼ ਕਰਕੇ ਆਸਾ ਦੀ ਵਾਰ ਸਮਾਜਕ ਹਨ। 'ਥਿਤੀ ਤੇ ਪਟੀ' ਵੀ ਦਾਰਸ਼ਨਿਕ ਬਾਣੀਆਂ ਹਨ ਪਰ 'ਸਿਧ ਗੋਸ਼ਟਿ' ਤੇ 'ਜਪੁਜੀ' ਜਿਤਨੀਆਂ ਨਹੀਂ।

ਫੁਟਕਲ ਬਾਣੀਆਂ ਵਿਚ ਸਲੋਕ, ਪਦੇ, ਅਸ਼ਟਪਦੀਆਂ, ਛੰਤ, ਪਹਰੇ, ਅਲਾਹਣੀਆਂ, ਕੁਚੱਜੀ, ਸੁਚੱਜੀ, ਸ਼ਬਦ (ਜੋਗੀ ਅੰਦਰ ਜੋਗੀਆਂ, ਸੋਦਰ) ਤੇ ਰਾਇਸਾ ਆਦਿ ਸ਼ਾਮਿਲ ਹਨ। ਪਹਿਲਾਂ ਲੰਮੀਆਂ ਬਾਣੀਆਂ ਤੇ ਵਿਚਾਰ ਕਰਾਂਗੇ।

## ਜਪੁਜੀ

'ਜਪੁਜੀ' ਦੀ ਰਚਨਾ ਉਪਰ ਭਾਵੇਂ ਕਿਸੇ ਕਰਤਾ ਦਾ ਨਾਮ ਨਹੀਂ ਪਰ ਸਪੱਸ਼ਟ ਹੈ ਕਿ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਲਿਖਤ ਹੈ ਕਿਉਂਕਿ ਇਸ ਵਿਚਲੀ 'ਸੋਦਰ' ਵਾਲੀ ਪਉੜੀ' ਆਸਾਰਾਗ ਵਿਚ ਮਿਲਦੀ ਹ ਜਿਥੇ ਮਹੱਲਾ ਪਹਿਲਾ ਵੀ ਲਿਖਿਆ ਹੋਇਆ ਹੈ। ਇਹ ਬਾਣੀ ਅਕਾਰ ਕਰਕੇ ਨਹੀਂ ਸਗੋਂ ਵਿਚਾਰ ਕਰਕੇ ਮਹੱਤਵਪੂਰਣ ਹੈ। ਵਾਸਤਵ ਵਿਚ ਗੁਰੂ ਨਾਨਕ ਸਾਹਿਬ ਦੀ ਇਸ ਰਚਨਾ ਨੂੰ ਸਾਰੀ ਬਾਣੀ ਦਾ ਤੱਤ ਤੇ ਸਿਰਮੌਰ ਮੰਨਿਆ ਜਾਂਦਾ ਹੈ ਭਾਵ

ਸਾਰੇ ਗੁਰੂ ਗ੍ਰੰਥ ਸਾਹਿਬ ਦਾ ਮੂਲ ਜਪੁਜੀ ਵਿਚ ਹੈ। ਵਿਚਾਰ ਤੇ ਕਲਾ ਦੋਹਾਂ ਪੱਖਾਂ ਤੋਂ ਇਹ ਸਰਬ-ਸਰੇਸ਼ਟ ਬਾਣੀ ਹੈ। ਸਿੱਖ ਧਰਮ ਦੇ ਮੂਲ ਸਿਧਾਂਤ ਤੇ ਬੁਨਿਆਦੀ ਨੇਮ ਇਸ ਬਾਣੀ ਵਿਚ ਅੰਕਿਤ ਹਨ।

ਜਪੁਜੀ ਦਾ ਕੇਂਦਰੀ ਵਿਸ਼ਾ 'ਸੱਚ' ਰੂਪ 'ਬ੍ਰਹਮ' ਦੀ ਵਿਆਖਿਆ ਕਰਨਾ ਹੈ ਤੇ ਪੂਰਨ ਪੁਰਸ਼ ਬਣਨ ਦੇ ਸਾਧਨ ਦਸਣਾ ਹੈ। ਸੱਚ ਦੀ ਸੰਖੇਪ ਵਿਆਖਿਆ ਜਪੁਜੀ ਦੇ ਆਰੰਭ ਦਿੱਤੇ ਮੂਲ ਮੰਤ੍ਰ ਵਿਚ ਕਈ ਵਿਸ਼ੇਸ਼ਣਾਂ ਨਾਲ ਕੀਤੀ ਹੈ। 'ਜਪੁਜੀ' ਦਾ ਆਰੰਭ ਸਿੱਧਾ ਸਪਸ਼ਟ ਤੇ ਪ੍ਰਭਾਵਸ਼ਾਲੀ ਹੈ। ਸੰਖਿਪਤਾ ਤੇ ਇਕ ਸੁਰਤਾ ਇਸ ਦੇ ਵਿਸ਼ੇਸ਼ ਗੁਣ ਹਨ। 'ਸਚਿਆਰਾ' ਹੋਣ ਦਾ ਸਾਧਨ ਦਸਦੇ ਗੁਰੂ ਜੀ ਨੇ ਹੁਕਮ ਦੀ ਮਹਾਨਤਾ ਉਜਾਗਰ ਕੀਤੀ ਹੈ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।[17]

ਜਿਸ ਦੁਆਰਾ ਹੁਕਮ ਦੀ ਸੋਝੀ ਮਿਲਦੀ ਹੈ ਇਸ ਤੋਂ ਬਿਨਾਂ ਗੁਰੂ ਦੀ ਸਿਖਿਆ, ਸੁਣਨ, ਮੰਨਣ ਤੇ ਪਰਵਾਨ ਹੋਣ ਦੇ ਸਾਰੇ ਪੱਖ ਦੱਸੇ ਹਨ। ਪ੍ਰਭੂ ਮਿਲਾਪ ਦਾ ਮੁੱਖ ਸਾਧਨ ਭਗਤੀ ਦੱਸਿਆ ਹੈ। ਜੋ ਕਿ ਗੁਰੂ ਦੁਆਰਾ ਪ੍ਰਾਪਤ ਹੁੰਦੀ ਹੈ। ਆਪ ਜੀ ਨੇ ਭਗਤੀ, ਗਿਆਨ, ਕਰਮ ਦਾ ਨਿਖੇੜ ਕੀਤਾ ਹੈ। ਉਸ ਵੇਲੇ ਦੇ ਪ੍ਰਚੱਲਤ ਮੱਤਾਂ ਦਾ ਮੁਲਾਂਕਣ ਵੀ ਕੀਤਾ ਹੈ ਤੇ ਸਦਾਚਾਰਕ ਕੀਮਤਾਂ ਬਾਰੇ ਸੁਝਾ ਵੀ ਦਿੱਤੇ ਹਨ। ਅਧਿਆਤਮਕ (ਭਗਤੀ ਮਾਰਗ) ਉਨਤੀ ਦੇ ਵੀ ਵੱਖ ਵੱਖ ਪੜਾਅ ਧਰਮ, ਗਿਆਨ, ਸਰਮ ਤੇ ਕਰਮ ਖੰਡਾਂ ਨੂੰ ਦਸਕੇ ਅੰਤਿਮ ਜਾਂ ਮੰਜ਼ਿਲ 'ਸਚਖੰਡ' ਨਾਲ ਪ੍ਰੀਚਤ ਕਰਵਾਇਆ ਹੈ। ਇਹੋ ਕੇਂਦਰੀ ਵਿਸ਼ਾ ਹੈ ਤੇ ਆਦਿ ਤੋਂ ਲੈ ਕੇ ਅੰਤ ਤੱਕ ਗੁਰੂ ਜੀ ਨੇ ਇਸ ਨੂੰ ਯੋਗਤਾ ਨਾਲ ਨਿਭਾਹਿਆ ਹ। ਉਸ ਵਿਸ਼ੇ ਦੇ ਇਰਦ ਗਿਰਦ ਹੋਰ ਅਨੇਕਾਂ ਹੀ ਖ਼ਿਆਲ ਗੁੰਦੇ ਪਏ ਹਨ ਜੋ ਇਸ ਦੀ ਉਸਾਰੀ ਵਿਚ ਸਹਾਇਕ ਹੁੰਦੇ ਹਨ। ਇਕ ਖਾਸ ਦਰਸ਼ਨ ਨੂੰ ਨਿਰੂਪਣ ਕਰਨਾ ਇਸ ਬਾਣੀ ਦਾ ਮੁੱਖ ਉਦੇਸ਼ ਹੈ, ਇਸ ਲਈ ਦਾਰਸ਼ਨਿਕ ਪੱਖ ਤੋਂ ਇਹ ਰਚਨਾ ਸਰਬੋਤਮ ਹੈ ਤੇ ਫਿਰ ਵਿਸ਼ੇਸ਼ਤਾ ਇਹ ਹੈ ਕਿ ਬਾਣੀ ਨਿਰਾ ਦਰਸ਼ਨ ਹੀ ਨਹੀਂ ਸਗੋਂ ਰਹੱਸਵਾਦੀ ਅੰਸ਼ਾਂ ਨਾਲ ਭਰਪੂਰ ਹੈ। ਭਾਵੇਂ ਇਹ ਠੋਸ ਸਚਾਈ ਹੈ ਕਿ ਰਹੱਸਵਾਦੀ ਤੇ ਅਧਿਆਤਮਕ ਕਵੀ ਚਿੰਨ੍ਹਾਂ ਦੀ ਘੱਟ ਹੀ ਵਰਤੋਂ ਕਰਦੇ ਹਨ ਪਰ ਗੁਰੂ ਸਾਹਿਬ ਇਕ ਅਜਿਹੇ ਕਲਾਕਾਰ ਹਨ, ਜਿਨ੍ਹਾਂ ਨੇ ਤਰਕ ਦੀ ਵਰਤੋਂ ਨਾਲ ਵਿਚਾਰਾਂ ਨੂੰ ਦ੍ਰਿੜ ਕੀਤਾ ਹੈ। ਸਮੁੱਚੇ ਤੌਰ ਤੇ ਹਰ ਧਰਮ ਦੇ ਸਾਰ ਤੇ ਸੰਕੇਤ ਇਸ ਬਾਣੀ ਵਿਚ ਮਿਲਦੇ ਹਨ।

ਸਾਰੀ ਬਾਣੀ ਦੇ ਵਿਸ਼ੇ ਵਸਤੂ ਦੇ ਪਿੱਛੇ ਇਹ ਵਿਚਾਰ ਹੈ ਕਿ ਪ੍ਰਮਾਤਮਾ, ਵਾਹਿਗੁਰੂ ਅਕਾਲਪੁਰਖ ਇਕ ਹੈ ਜੋ ਥਾਪਿਆ ਨਹੀਂ ਜਾ ਸਕਦਾ।[18] ਉਹ ਸਤਿ ਹੈ, ਕਰਤਾ ਪੁਰਖ ਹੈ,

ਅਜੂਨੀ ਹੈ, ਸਾਰਾ ਸੰਸਾਰ ਉਸ ਦੇ ਹੁਕਮ ਅੰਦਰ ਵਿਚਰ ਰਿਹਾ ਹੈ:

ਥਾਪਿਆ ਨਾ ਜਾਇ ਕੀਤਾ ਨਾ ਹੋਇ।
ਆਪੇ ਆਪ ਨਿਰੰਜਨ ਸੋਇ।[18]

... ... ...

ਹੁਕਮੀ ਹੋਵਣ ਆਕਾਰ ਹੁਕਮ ਨ ਕਹਿਆ ਜਾਈ।.....
ਹੁਕਮੈਂ ਅੰਦਰ ਸਭ ਕੋ ਬਾਹਰ ਹੁਕਮ ਨ ਕੋਇ।।[19]

ਇਸ ਦਾ ਸੰਖੇਪ ਰੂਪ ਵਿਚ ਜ਼ਿਕਰ ਹੈ। ਇਸ ਤੋਂ ਬਾਦ ਜੀਵ ਬਾਰੇ ਦੱਸਿਆ ਹੈ ਕਿ ਜੀਵ ਤੇ ਪ੍ਰਮਾਤਮਾ ਵਿਚਕਾਰ ਕੂੜ ਦੀ ਦੀਵਾਰ ਖੜੀ ਹੈ, ਜਿਸ ਨੂੰ ਤੋੜ ਕੇ ਜੀਵ ਆਤਮਾ ਪ੍ਰਮਾਤਮਾ ਨੂੰ ਪ੍ਰਾਪਤ ਕਰ ਸਕਦੀ ਹੈ ਤੇ ਜੋਤੀ ਸਰੂਪ ਪਰਮਾਤਮਾ ਵਿਚ ਲੀਨ ਹੋਕੇ ਅਭੇਦ ਹੋ ਸਕਦੀ ਹੈ।

'ਜਪੁ' ਇਕ ਕਾਵਿ ਪ੍ਰਬੰਧ ਹੈ, ਜਿਸ ਵਿਚ ਆਦਿ ਤੇ ਅੰਤਲੇ ਸਲੋਕਾਂ ਸਮੇਤ ਕੁਲ 40 ਪਉੜੀਆਂ ਜਾਂ ਬੰਦ ਹਨ। ਇਹ ਸਾਰੇ ਬੰਦ ਵਿਚ ਇਕ ਸੁੰਦਰ ਮਾਲਾ ਦੇ ਮਣਕਿਆਂ ਵਾਂਗ ਪਰੋਏ ਹੋਏ ਹਨ ਜਿਸ ਦਾ ਸ਼ੋਮਣੀ ਮਣਕਾ ਮੂਲਮੰਤ੍ਰ ਹੈ। ਸੁਣਿਐ, ਮੰਨੈ, ਅਸੰਖ ਤੇ ਆਦੇਸ ਵਾਲੀਆਂ ਚਾਰ ਚਾਰ ਪਉੜੀਆਂ ਦੀ ਤਰਤੀਬ ਤਾਂ ਸਪੱਸ਼ਟ ਰੂਪ ਵਿਚ ਦਿਖਾਈ ਦਿੰਦੀ ਹੈ। ਇਸੇ ਲਈ ਇਹ ਪ੍ਰਬੰਧ-ਕਾਵਿ ਅਖਵਾਉਣ ਦੀ ਹੱਕਦਾਰ ਹੈ। ਇਸ ਬਾਣੀ ਵਿਚ ਛੰਦਾਂ-ਬੰਦੀ ਦੇ ਅਦਭੁਤ ਤਜਰਬੇ ਦਿਖਾਈ ਦਿੰਦੇ ਹਨ, ਉਪਰੋਂ ਨਜ਼ਰੇ ਵੇਖਿਆਂ ਇਸ ਰਚਨਾ ਵਿਚ ਅਲੰਕਾਰਾਂ ਦੀ ਅਣਹੋਂਦ ਮਹਿਸੂਸ ਹੁੰਦੀ ਹੈ ਪਰ ਵਾਸਤਵ ਵਿਚ ਇਹ ਬਾਣੀ ਇਕ ਵਿਸ਼ਾਲ ਚਿਤ੍ਰ ਹੈ। ਪ੍ਰਮਾਣ ਦੇ ਤੌਰ ਤੇ ਪਹਿਲੀ ਪਉੜੀ ਕੁਦਰਤੀ ਨਿਯਮ ਅਰਥਾਤ ਵਿਸ਼ਾਲ ਤੇ ਸੁੰਦਰ ਚਿਤਰ ਪੇਸ਼ ਕਰਦੀ ਹੈ। ਅੱਠ ਤੋਂ ਪੰਦਰਾਂ ਤੱਕ ਵਾਲੀਆਂ ਪਉੜੀਆਂ 'ਭਗਤਾ ਸਦਾ ਵਿਗਾਸ' ਵਾਲੀ ਹਾਲਤ ਦਾ ਚਿਤਰ ਪੇਸ਼ ਕਰਦੀਆਂ ਹਨ। ਜਿਨ੍ਹਾਂ ਤੋਂ ਇਤਨਾ ਸਪੱਸ਼ਟ ਹੈ ਕਿ ਰੂਪਕ ਤੇ ਉਪਮਾਂ ਦੀ ਘਾਟ ਹੈ ਪਰ ਚਿਤ੍ਰਾਂ ਤੇ ਪ੍ਰਤੀਕਾਂ ਦੀ ਭਰਮਾਰ ਹੈ।

'ਜਪੁਜੀ' ਵਿਚ ਜਿਤਨੇ ਵੀ ਚਿਤ੍ਰ ਪੇਸ਼ ਕੀਤੇ ਹਨ - ਉਨ੍ਹਾਂ ਦੇ ਜੀਵਨ ਬ੍ਰਹਮੰਡ ਦੇ ਵਿਸ਼ਾਲ ਪੱਖਾਂ ਉਪਰ ਰੌਸ਼ਨੀ ਪਾਈ ਹੈ ਪਰ ਉਨ੍ਹਾਂ ਦਾ ਵਿਸਥਾਰ ਨਹੀਂ ਦਿੱਤਾ ਸਗੋਂ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ-ਵੇਤਾ ਨਾਲ ਸੁੰਦਰਤਾ ਦਾ ਪ੍ਰਭਾਵ ਕਾਇਮ ਕੀਤਾ ਹੈ।

ਅਤਿ ਸੰਕੇਤਕਤਾ ਤੇ ਸੰਖਿਪਤਾ ਜਿਥੇ 'ਜਪੁਜੀ' ਦੀ ਵਿਸ਼ੇਸ਼ਤਾ ਹੈ, ਉਥੇ ਭਾਵਾਂ ਨੂੰ ਸਮਝਣ ਵਿਚ ਕਠਨ ਬਣਾਉਂਦੀ ਹੈ। ਇਸ ਤੋਂ ਛੁਟ 'ਜਪੁਜੀ' ਵਿਚ ਕੋਈ ਵੀ ਭਾਵ ਪੇਸ਼ ਕਰਨ ਵੇਲੇ ਭੂਮਿਕਾ ਨਹੀਂ ਬੰਨ੍ਹੀ ਸਗੋਂ ਹਰ ਪਉੜੀ ਦੇ ਕੇਂਦਰੀ ਭਾਵ ਜਾਂ ਵਿਸ਼ੇ ਨੂੰ ਇਕਦਮ ਉਠਾਉਣਾ ਸ਼ੁਰੂ ਕਰ ਦਿੱਤਾ ਹੈ ਜੋ ਕਿ ਸਿੱਧੇ ਤੌਰ ਤੇ ਪ੍ਰਭਾਵ ਪਾਉਂਦਾ ਹੈ। ਭਾਵੇਂ ਜਪੁਜੀ ਦੇ ਵਿਚਾਰ ਸਿੱਧੇ ਪਧਰੇ ਨਹੀਂ ਸਗੋਂ ਗੁੰਝਲਦਾਰ ਹਨ ਪਰ ਉਨ੍ਹਾਂ ਨੂੰ ਪੇਸ਼ ਕਰਨ ਵਿਚ ਅਤਿ ਦੀ ਸਰਲਤਾ ਤੇ ਸਪਸ਼ਟਤਾ ਵਿਖਾਈ ਗਈ ਹੈ। 'ਜਪੁਜੀ' ਦੀ ਸੰਕੇਤਕ ਸ਼ਬਦਾਵਲੀ ਭਾਰਤੀ ਸਾਹਿਤ ਵਿਚੋਂ ਲਈ ਗਈ ਹੈ। ਕਿਧਰੇ ਕਿਧਰੇ ਸ਼ਬਦਾਂ ਨੂੰ ਦੁਹਰਾ ਕੇ ਸੰਗੀਤ ਤੇ ਸਪੱਸ਼ਟਤਾ ਪੈਦਾ ਕੀਤੀ ਹੈ। ਸਮੁੱਚੇ ਤੌਰ ਤੇ ਵਿਸ਼ੇ ਤੇ ਕਲਾ ਪੱਖ ਤੋਂ ਗੁਰੂ ਨਾਨਕ ਸਾਹਿਬ ਦੀਆਂ ਸਭ ਬਾਣੀਆਂ ਤੋਂ ਸਰੇਸ਼ਟ ਦਾਰਸ਼ਨਿਕ ਰਚਨਾ ਹੈ।

<u>ਸਿਧ ਗੋਸ਼ਟਿ</u>

ਗੋਸ਼ਟਿ ਦਾ ਅਰਥ ਹੈ ਵਾਦ ਵਿਵਾਦ ਜਾਂ ਵਿਚਾਰ ਚਰਚਾ, ਸੋ ਸਿਧ ਗੋਸਟਿ ਤੋਂ ਭਾਵ ਹੈ, ਸਿੱਧਾਂ ਨਾਲ ਹੋਈ ਗਿਆਨ-ਚਰਚਾ। ਜਿਸ ਦੀ ਪੁਸ਼ਟੀ ਸਾਨੂੰ ਭਾਈ ਗੁਰਦਾਸ ਜੀ ਤੋਂ ਮਿਲਦੀ ਹੈ, ਜਿਨ੍ਹਾਂ ਨੇ ਪਹਿਲੀ ਵਾਰ ਵਿਚ ਲਿਖਿਆ ਹੈ ਕਿ ਸਿਧ ਗੋਸਟਿ ਨਾਮੀ ਬਾਣੀ ਅਚਲ ਬਟਾਲੇ ਵਿਚ ਗੁਰੂ ਨਾਨਕ ਦੀ ਸਿੱਧਾਂ ਨਾਲ ਹੋਈ ਗੋਸ਼ਟਿ ਤੋਂ ਉਤਪੰਨ ਹੋਈ ਹੈ :

ਕਬਹੂ ਸੁ ਗੁਪਤਾ ਕਬਹੂ ਸੁ ਮੁਕਤਾ
ਕਬਹੂ ਸੁ ਅੰਤਰਿ ਬਾਹਿਰ ਜੁਗਤਾ [20]

ਧਾਰਮਿਕ ਵਾਦ-ਵਿਵਾਦ ਜਾਂ ਰਿਵਾਜ ਬਹੁਤ ਪੁਰਾਣਾ ਹੈ ਜਿਵੇਂ ਪਲੇਟੋ ਤੇ ਸੁਕਰਾਤ ਦੀਆਂ ਗੋਸ਼ਟੀਆਂ ਮਸ਼ਹੂਰ ਹਨ। ਪਰ ਛੰਦਪੱਧਤੀ ਵਿਚ ਗੋਸ਼ਟਿ ਸੰਸਥਾ ਸਾਹਿਤ ਨੂੰ ਗੁਰੂ ਨਾਨਕ ਦੇਵ ਜੀ ਦੀ ਹੀ ਦੇਣ ਹੈ।

ਇਸ ਨਾਮੀ ਬਾਣੀ ਵਿਚ ਜੋਗ ਮੱਤ ਦੇ ਸਿਧਾਂਤਾਂ ਦੀ ਵਿਸਥਾਰ ਨਾਲ ਵਿਆਖਿਆ ਕੀਤੀ ਹੈ। ਇਸ ਵਿਚ ਗੁਰੂ ਸਾਹਿਬ ਨੇ ਜੋਗੀਆਂ ਵਲੋਂ ਹੋਏ ਪ੍ਰਸ਼ਨਾਂ ਦੇ ਉਤਰ ਦਿਤੇ ਹਨ। ਪਰਮਾਣ ਦੇ ਤੌਰ ਤੇ ਕੁਝ ਪ੍ਰਸ਼ਨ ਇਸ ਪ੍ਰਕਾਰ ਹਨ:

ਤੁਹਾਡਾ ਮਾਰਗ ਕਿਹੜਾ ਹੈ? ਉਸ ਮਾਰਗ ਵਿਚ ਜੀਵਨ ਪ੍ਰਯੋਜਨ ਕੀ ਹੈ? ਆਵਾਗਵਨ ਕਿਵੇਂ ਛੁਟਕਾਰਾ ਪ੍ਰਾਪਤ ਹੁੰਦਾ ਹੈ ਤੇ ਮਾਇਆ ਦੇ ਜਾਲ ਤੋਂ ਕਿਵੇਂ ਮੁਕਤੀ ਮਿਲਦੀ ਹੈ? ਇਨ੍ਹਾਂ ਸਭ ਸਵਾਲਾਂ ਦੇ ਜਵਾਬ ਗੁਰੂ ਜੀ ਨੇ ਕਾਵਿਰੂਪ ਵਿਚ ਬੜੇ ਪ੍ਰਭਾਵਸ਼ਾਲੀ ਤੇ ਸੁੰਦਰ ਢੰਗ ਨਾਲ ਦਿੱਤੇ ਹਨ।

ਉਦਾਹਰਣ ਦੇ ਤੌਰ ਤੇ ਪ੍ਰਸ਼ਨ - ਮੁਕਤ ਕੌਣ ਹੈ ਤੇ ਬੰਧਨ ਵਿਚ ਕੌਣ ਹੈ? [21]

ਉਤਰ : ਗੁਰਮੁਖ ਮੁਕਤ ਹੈ ਤੇ ਮਨਮੁਖ ਬੰਧਨ ਵਿਚ ਹੈ। ਇਸੇ ਤਰ੍ਹਾਂ ਹੀ ਸਾਰੀ ਬਾਣੀ ਵਿਚਾਰ ਚਰਚਾ ਪ੍ਰਸ਼ਨ ਉਤਰ ਦੇ ਰੂਪ ਵਿਚ ਹੈ:

ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ। ਅੰਤਰਿ ਬਾਹਰਿ ਸਬਦਿ ਸੁ ਜੁਗਤਾ।
ਮਨਮੁਖ ਬਿਨਸੈ ਆਵੈ ਜਾਇ। ਨਾਨਕ ਗੁਰਮੁਖਿ ਸਾਚਿ ਸਮਾਇ।। [21]

ਸੋ ਸਪੱਸ਼ਟ ਹੈ ਕਿ ਜੋਗੀਆਂ ਨੇ ਆਪਣੇ ਹਠ ਜੋਗ ਦੇ ਸਾਧਨਾਂ ਦੇ ਪ੍ਰਸ਼ਨ ਕੀਤੇ ਤੇ ਸਤਿਗੁਰੂ ਨੇ ਭਗਤੀ ਗਿਆਨ ਦੇ ਨੁਕਤਿਆਂ ਤੇ ਸਾਧਿਆਂ ਦੇ ਹੱਲ ਦੱਸੇ। ਵਾਸਤਵ ਵਿਚ ਗੁਰੂ ਜੀ ਸਭ ਅਵਗੁਣਾਂ ਨੂੰ ਦੂਰ ਕਰਕੇ ਗੁਰਮੁਖ ਬਣਨ ਲਈ ਜ਼ੋਰ ਦੇਂਦੇ ਹਨ ਤੇ 26 ਤੋਂ 42 ਤੱਕ ਦੀਆਂ ਪਉੜੀਆਂ ਵਿਚ ਗੁਰਮੁਖ ਦੇ ਲੱਛਣ ਦੱਸੇ ਹਨ। ਗੁਰੂ ਦੇ ਦੱਸੇ ਹੋਏ ਰਾਹ ਤੇ ਚੱਲਣਾ ਹੀ ਗੁਰਮੁਖ ਦਾ ਧਰਮ ਹੈ ਅਤੇ ਇਸੇ ਦੇ ਅਧਾਰ ਤੇ ਮੁਕਤੀ ਪ੍ਰਾਪਤ ਕਰੀ ਦੀ ਹੈ, ਹਠ ਜੋਗ ਨਾਲ ਨਹੀਂ। [22]

ਇਸ ਪ੍ਰਕਾਰ ਸਿਧ ਗੋਸਟਿ ਵਿਚ ਜੋਗੀਆਂ ਵਿਚ ਆ ਚੁੱਕੀ ਗਿਰਾਵਟ ਨੂੰ ਬਿਆਨਿਆ ਹੈ ਤੇ ਜ਼ਿਕਰ ਇਹ ਕੀਤਾ ਹੈ ਕਿ 'ਨਿਰੰਕਾਰ' ਆਪਣੀ ਗਤਿ ਮਿਤ ਆਪ ਜਾਣਦਾ ਹੈ, ਹੋਰ ਕੋਈ ਉਸ ਦੀ ਵਿਆਖਿਆ ਨਹੀਂ ਕਰ ਸਕਦਾ। ਉਹ ਆਪ ਹੀ ਗੁਪਤ ਤੇ ਪ੍ਰਗਟ ਹੋਕੇ ਸਭ ਰੰਗਾਂ ਨੂੰ ਮਾਣ ਰਿਹਾ ਹੈ। ਸਾਧਨਾਂ ਕਰਨ ਵਾਲੇ ਸਿੱਧ, ਚੇਲੇ ਤੇ ਗੁਰੂ ਖੋਜਦੇ ਫਿਰਦੇ ਹਨ ਪਰ ਉਸ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਕਰ ਸਕੇ। ਇਸ ਲਈ ਪ੍ਰਭੂ ਦੀ ਰਜ਼ਾ (ਹੁਕਮ) ਵਿਚ ਰਹਿਣਾ, ਨਾਮ ਦਾ ਫਲ ਮੰਗਣਾ ਤੇ ਉਸ ਦੇ ਦਰਸ਼ਨਾਂ ਤੋਂ ਕੁਰਬਾਨ ਹੋਣਾ ਹੀ ਗੁਰਮੁਖ ਦਾ ਲਕਸ਼ ਹੈ। [23]

ਇਸ ਬਾਣੀ ਵਿਚ ਗੁਰੂ ਜੀ ਨੇ ਜੋਗ ਮੱਤ ਦਾ ਖੰਡਨ ਨਹੀਂ ਕੀਤਾ, ਸਗੋਂ ਆਪਣੇ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ ਪਰ ਫਿਰ ਵੀ ਗੁਰੂ ਨਾਨਕ ਦੇਵ ਜੀ ਨੇ ਭੇਖਾਂ ਦਾ ਖੰਡਨ ਜ਼ਰੂਰ ਕੀਤਾ ਹੈ। ਗੁਰੂ ਨਾਨਕ ਜੀ ਨੇ ਦੱਸਿਆ ਹੈ ਕਿ ਗੇਰੂਏ ਕੱਪੜੇ ਪਾਕੇ ਮੁੰਦਰਾਂ ਕੰਨਾਂ ਵਿਚ ਲਟਕਾ ਕੇ, ਚਿਮਟਾ ਤੇ ਖੱਪਰ ਫੜਕੇ, ਸੁੰਨ ਸਮਾਧੀਆਂ ਵਿਚ ਬੈਠ ਪ੍ਰਭੂ ਦੀ ਭਗਤੀ ਨਹੀਂ ਹੁੰਦੀ। ਇਸ ਲਈ ਅਵਗੁਣਾਂ ਨੂੰ ਛੱਡ ਮਨ ਦੀ ਮੈਲ ਨੂੰ ਦੂਰ ਕਰਕੇ, ਸ਼ੁਭ ਗੁਣਾਂ ਦੀ ਪ੍ਰਾਪਤੀ ਲਈ ਪ੍ਰਯਤਨਸ਼ੀਲ ਹੋਕੇ ਗੁਰੂ ਦੇ ਦਸੇ ਰਸਤੇ ਤੇ ਚਲਣ ਨਾਲ ਹੀ ਮਨੁੱਖ ਰੱਬ ਦੀ ਪ੍ਰਾਪਤੀ ਕਰ ਸਕਦਾ ਹੈ।

ਇਹ ਲੰਮੀ ਬਾਣੀ ਰਾਮਕਲੀ ਰਾਗ ਵਿਚ ਉਚਾਰੀ ਗਈ ਹੈ, ਜਿਸ ਦੇ 73 ਛੰਦ ਹਨ (ਛੰਤ) ਉਨ੍ਹਾਂ ਛੰਤਾਂ ਵਿਚ ਪਉੜੀ ਛੰਦ ਵਰਤਿਆ ਹੈ। ਸ਼ੈਲੀ ਅਲੰਕ੍ਰਿਤ ਨਹੀਂ ਸਗੋਂ ਗੁਰੂ ਸਾਹਿਬ

ਦੀ ਆਪਣੀ ਸਹਿਜਮਈ ਸ਼ਖਸ਼ੀਅਤ ਵਿਚੋਂ ਨਿਕਲੀ ਹੈ। ਬੋਲੀ ਮੁਖ ਤੌਰ ਤੇ ਸਾਧ-ਭਾਖਾ ਪ੍ਰਭਾਵਿਤ ਹੁੰਦੀ ਹੈ। ਫ਼ਾਰਸੀ ਸ਼ਬਦਾਵਲੀ ਦੀ ਭਰਪੂਰ ਹੈ। ਅਲੰਕਾਰ ਤੇ ਤਸ਼ਬੀਹਾਂ ਦੇ ਵਿਸਥਾਰ ਘਰੇਲੂ ਰੰਗ ਪਰ ਰੂਪਕਾਂ ਦੀ ਵਰਤੋਂ ਸੁਤੇ-ਸਿੱਧ ਹੈ ਜੋ ਕਿ ਇਸ ਬਾਣੀ ਦੀ ਖੂਬੀ ਹੈ।

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵ ਸਾਗਰ ਤਰੀਐ ਨਾਨਕ ਨਾਮ ਵਖਾਣੇ।
ਰਹਹਿ ਇਕਾਂਤ ਏਕੋ ਮਨ ਵਸਿਆ, ਆਸਾ ਮਾਹਿ ਨਿਰਾਸੋ।।
ਅਗਮ ਅਗੋਚਰ ਦੇਖ ਦਿਖਾਏ ਨਾਨਕ ਤਾਕਾ ਦਾਸੋ।।

ਗੁਰੂ ਗ੍ਰੰਥ , ਪੰਨਾ 539

<u>ਪਟੀ (ਰਾਗ ਆਸਾ)</u>

'ਪਟੀ' ਗੁਰੂ ਨਾਨਕ ਦੇਵ ਜੀ ਦੀ ਕਲਾਤਮਿਕ ਨਿਪੁੰਨਤਾ ਵਾਲੀ ਰਚਨਾ ਹੈ, ਜਿਸ ਵਿਚ ਗੁਰਮੁਖੀ ਲਿਪੀ ਦੇ ਪੈਂਤੀ ਅੱਖਰ ਲੈ ਕੇ ਉਨ੍ਹਾਂ ਅੱਖਰਾਂ ਦੇ ਲੁਕੇ ਹੋਏ ਅਧਿਆਤਮਕ ਰਹੱਸਵਾਦ ਦਾ ਨਿਰੂਪਣ ਕਰਕੇ ਦੱਸਿਆ ਹੈ। ਇਸ ਬਾਣੀ ਦੀ ਸਭ ਤੋਂ ਮਹਾਨ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਸਾਰੇ ਭਗਤੀ ਦਰਸ਼ਨ ਦਾ ਸਾਰ ਗੁਰੂ ਨਾਨਕ ਦੇਵ ਜੀ ਨੇ ਪੈਂਤੀ, ਦੋ ਸਤਰੇ ਛੰਦਾਂ ਵਿਚ ਕਲਮ-ਬੰਧ ਕੀਤਾ ਹੈ।

'ਪੱਟੀ' ਵਿਚ ਪ੍ਰਭੂ ਭਗਤੀ ਤੇ ਮਨੁੱਖ ਦੀ ਅਗਿਆਨਤਾ ਬਾਰੇ ਚਰਚਾ ਕੀਤੀ ਹੋਈ ਹੈ ਅਤੇ ਇਹ ਦਰਸਾਇਆ ਹੈ ਕਿ ਪ੍ਰਮਾਤਮਾ ਇਸ ਸਾਰੇ ਖੇਲ੍ਹ ਦੇ ਪਸਾਰੇ ਵਿਚ, ਸਭ ਕੁਝ ਉਸ ਦੀ ਰਜ਼ਾ ਵਿਚ ਹੁੰਦਾ ਹੈ। ਪ੍ਰਭੂ ਭਗਤੀ ਹੀ ਇਕ ਮਹਾਨ ਮਾਰਗ ਹੈ, ਜਿਸ ਰਾਹੀ ਮਨੁੱਖ ਸੰਸਾਰ ਰੂਪੀ ਭਵਸਾਗਰ ਨੂੰ ਤਰ ਸਕਦਾ ਹੈ।

ਗੁਰੂ ਜੀ ਨੇ ਵਰਨਣ ਕੀਤਾ ਹੈ ਕਿ ਮਨੁੱਖ ਦਾ ਉਦੇਸ਼ ਹੈ - ਆਦਿ ਪੁਰਖ ਪਿਤਾ ਪਰਮੇਸ਼ਰ ਨੂੰ ਪਹਿਚਾਨਣ ਦਾ ਹੈ। ਤਾਂਕਿ ਮਾਇਆ ਰੂਪੀ ਅਗਿਆਨਤਾ ਦੇ ਅੰਧੇਰੇ ਤੋਂ ਨਿਕਲ ਕੇ, ਉਸ ਦੇ ਹੁਕਮ ਵਿਚ ਚਲਕੇ ਮੁਕਤੀ ਪ੍ਰਾਪਤ ਕਰ ਸਕੇ। ਭਾਵੇਂ ਦੁਖ ਸੁਖ ਕਰਮਾਂ ਅਨੁਸਾਰ ਮਿਲਦੇ ਹਨ ਪਰ ਫਿਰ ਵੀ ਚੰਗਿਆਈਆਂ ਤੇ ਬੁਰਿਆਈਆਂ ਸਭ ਅਕਾਲ ਪੁਰਖ ਦੇ ਅਧੀਨ ਹਨ। ਜੇਕਰ ਮਨੁੱਖ ਉਸ ਦੇ ਹੁਕਮ ਅਨੁਸਾਰ ਚੱਲੇ ਤਾਂ ਨਾਮ ਦੀ ਦਾਤ ਦੁਆਰਾ ਜੀਵਨ ਨੂੰ ਸਫਲ ਬਣਾ ਸਕਦਾ ਹੈ।

ਠੇਠ ਬੋਲੀ ਤੇ ਸੰਕੇਤਕ ਚਿੰਨ੍ਹਾਤਮਕ ਸ਼ਬਦਾਵਲੀ ਇਸ ਰਚਨਾ ਦਾ ਵਿਸ਼ੇਸ਼ ਗੁਣ ਹੈ। ਚਿਤਰਾਂ ਦੀ ਬਹੁਤੀ ਵਰਤੋਂ ਨਹੀਂ ਕੀਤੀ ਗਈ ਪਰ ਇਸ ਦੇ ਉਲਟ ਅਨੁਪ੍ਰਾਸ ਅਲੰਕਾਰ ਦੀ

ਵਰਤੋਂ ਆਮ ਹੈ। ਇਸ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ ਅੰਤਮ ਸਤਰ ਵਿਚ ਸਾਇਰ ਹੋਣ ਦਾ ਦਾਅਵਾ ਕੀਤਾ ਹੈ:-

ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ।।[24]

## ਓਅੰਕਾਰ

ਰੂਪ ਦੇ ਪੱਖ ਤੋਂ ਓਅੰਕਾਰ, ਪੱਟੀ ਨਾਲ ਮਿਲਦੀ ਜੁਲਦੀ ਰਚਨਾ ਹੈ। ਜਿਸ ਵਿਚ ਪੈਂਤੀ ਅੱਖਰਾਂ ਦੇ ਜ਼ਰੀਆ ਬੰਦਾਂ ਦੀ ਰਚਨਾ ਕੀਤੀ ਗਈ ਹੈ। ਰੂਪ ਤੇ ਕਾਵਿ ਰੂਪ ਪੱਟੀ ਵਾਲਾ ਹੀ ਹੈ ਪਰ ਇਕ ਇਕ ਅੱਖਰ ਦੇ ਅਧਾਰ ਦੁਆਲੇ ਦੋ ਦੋ ਤਿੰਨ ਤਿੰਨ ਬੰਦ ਉਸੀ ਭਾਵ ਨੂੰ ਸਪੱਸ਼ਟ ਕਰਨ ਵਾਸਤੇ ਰਚੇ ਗਏ ਹਨ। ਇਸ ਤੋਂ ਬਿਨਾਂ ਇਹ ਬਾਣੀ ਪੱਟੀ ਨਾਲੋਂ ਵਧੇਰੇ ਦਾਰਸ਼ਨਿਕ ਹੈ। ਇਹ ਵਿਸ਼ੇ ਤੇ ਦਾਰਸ਼ਨਿਕਤਾ ਦੇ ਪੱਖ ਤੋਂ ਸਿੱਧ-ਗੋਸਟਿ ਨਾਲ ਮਿਲਦੀ ਹੈ ਕਿਉਂਕਿ ਇਸ ਵਿਚ ਬ੍ਰਹਮਣਾਂ ਨਾਲ ਕੀਤੇ ਗਏ ਜੀਵਨ ਦੇ ਵੱਖ ਵੱਖ ਹਿੱਸਿਆਂ ਵਿਚਲੇ ਵਿਚਾਰਾਂ ਦਾ ਨਿਚੋੜ ਹੈ।

ਓਅੰਕਾਰ ਗੁਰੂ ਸਾਹਿਬ ਦੀ ਲੰਮੀ ਰਚਨਾ ਹੈ, ਜਿਸ ਵਿਚ ਸਦਾਚਾਰਕ, ਧਾਰਮਕ ਤੇ ਦਾਰਸ਼ਨਿਕ ਵਿਚਾਰ ਦਿੱਤੇ ਹਨ। ਇਸ ਦਾ ਵਿਸ਼ੇ ਇਸ ਪ੍ਰਕਾਰ ਹੈ:

ਓਅੰਕਾਰ ਬ੍ਰਹਮਾ ਉਤਪਤਿ। ਓਅੰਕਾਰ ਕੀਆ ਜਿਨ ਚਿਤਿ।।[25]

ਓਅੰਕਾਰ ਸਾਰੀ ਉਤਪਤੀ, ਵਿਕਾਸ ਤੇ ਜੋਤੀ ਦਾ ਸੋਮਾ ਹੈ। ਸਾਰੀ ਸ੍ਰਿਸ਼ਟੀ, ਖੰਡ, ਬ੍ਰਹਮੰਡ ਸਭ ਕੁਝ ਉਸ ਤੋਂ ਹੀ ਪੈਦਾ ਹੋਕੇ ਉਸੇ ਵਿਚ ਲੀਨ ਹੋ ਜਾਂਦੇ ਹਨ। ਉਸ ਨੂੰ ਪਹਿਚਾਨਣ ਲਈ ਗੁਰੂ ਦੀ ਸੰਗਤ ਲੋੜੀਂਦੀ ਹੈ। ਤਾਂ ਜੋ ਹਉਮੈ ਦੀ ਮੈਲ ਲਹਿ, ਮਨੁੱਖ ਆਵਾਗਵਣ ਤੋਂ ਮੁਕਤੀ ਪ੍ਰਾਪਤ ਕਰ ਸਕੇ। ਪ੍ਰਮਾਤਮਾ ਦਾ ਨਾਮ ਸਦੀਵੀ ਹੈ, ਜਿਸ ਦੁਆਰਾ ਅਗਿਆਨਤਾ ਦੂਰ ਹੁੰਦੀ ਹੈ ਅਤੇ ਲਬ, ਲੋਭ ਤੇ ਹੰਕਾਰ ਦੇ ਬੰਧਨ ਟੁੱਟਦੇ ਹਨ।

ਗੁਰੂ ਸਾਹਿਬ ਨੇ ਦੱਸਿਆ ਹੈ ਕਿ ਹਰ ਮਨੁੱਖ ਸੁਖ ਦਾ ਚਾਹਵਾਨ ਹੈ ਪਰ ਸੁੱਖ ਜੀਵਨ ਨੂੰ ਆਚਾਰ ਅਨੁਸਾਰ ਜੀਉਣ ਤੋਂ ਬਿਨ੍ਹਾਂ ਪ੍ਰਾਪਤ ਨਹੀਂ ਹੋ ਸਕਦਾ ਜੋ ਮਨੁੱਖ ਵਿਚਾਰਵਾਨ ਹੈ ਉਹ ਨਾਮ ਮੁਕਤੀ ਦੇ ਸਾਧਨ ਨੂੰ ਗਿਆਨ ਦੀ ਕਸਵੱਟੀ ਦੁਆਰਾ ਅਪਣਾ ਕੇ ਪ੍ਰਮਾਤਮਾ ਦੀ ਜੋਤ ਨੂੰ ਅਨੁਭਵ ਕਰ ਸਕਦਾ ਹੈ। ਗੁਰਮੁਖ ਪ੍ਰਭੂ ਨੂੰ ਸਰਬ-ਵਿਆਪਕ ਜਾਣ ਕੇ, ਗੁਰੂ ਦੀ

ਸਿੱਖਿਆ ਤੇ ਚਲ ਕੇ ਉਸ ਤੀਕ ਪਹੁੰਚ ਸਕਦਾ ਹੈ। ਨਾਮ ਦੇ ਸਵੇਰੇ, ਦੁਬਿਧਾ ਤੇ ਵਿਕਾਰ, ਨਾਸ਼ਵਰ ਥੋੜ੍ਹੇ ਦੀ ਖੁਸ਼ੀ, ਮਾਇਆ ਦੀ ਭੁਭਤ, ਸੰਸਾਰਕ ਵਸਤੂਆਂ ਦੀ ਖਿੱਚ, ਸਾਰੀਆਂ ਬੁਰੀਆਂ ਸਤਿਗੁਰ ਨਾਲ ਤਿਆਗੀਆਂ ਜਾਂਦੀਆਂ ਹਨ।

ਇਸ ਦੁਨੀਆ ਵਿਚ ਮਨੁੱਖੀ ਜੀਵਨ ਤੇ ਮਾਇਆ ਥੋੜ੍ਹ ਚਿਰ ਦੀ ਹੋਂਦ ਵਾਲੇ ਹਨ। ਜੀਵਨ ਨੂੰ ਸਫਲ ਬਣਾਉਣ ਲਈ ਪ੍ਰਮਾਤਮਾ ਨੂੰ ਪਿਆਰ ਕਰਨਾ, ਉਸ ਦੇ ਹੁਕਮ ਅਨੁਸਾਰ ਚੱਲਣਾ ਤੇ ਉਸ ਦੀ ਬੇਅੰਤਤਾ ਨੂੰ ਮੁੱਖ ਰੱਖਣਾ ਅਤੀ ਜ਼ਰੂਰੀ ਹੈ। ਸੱਚੀ ਵਿਦਿਆ ਨਾਮ ਦਾ ਵਿਚਾਰ ਹੈ, ਜਿਸ ਦੁਆਰਾ ਤੱਤ ਦੀ ਸੂਝ ਪੈਦਾ ਹੁੰਦੀ ਹੈ। ਪੂਰਨ ਗਿਆਨਵਾਨ ਉਹ ਹੈ ਜਿਸ ਨੂੰ ਨਾਮ ਰੂਪੀ ਅੰਮ੍ਰਿਤ ਦੀ ਦਾਤ ਪ੍ਰਾਪਤ ਹੋ ਰਹੀ ਹੈ। ਵਿਰੋਧਾਤਮਿਕ ਸ਼ਬਦਾਵਲੀ ਅਨੁਪ੍ਰਾਸ ਦੀ ਵਰਤੋਂ ਤੇ ਤੇਜ਼ ਚਾਲ ਇਸ ਦੀ ਬਾਣੀ ਦੀ ਕਲਾਤਮਿਕ ਵਿਸ਼ੇਸ਼ਤਾ ਹੈ( ਨੂੰ ਪ੍ਰਗਟ ਕਰਦੇ ਹਨ) ਇਹ ਬਾਣੀ ਰਾਮਕਲੀ ਰਾਗ ਵਿਚ ਲਿਖੀ ਗਈ ਹੈ।

ਹੰਸੁ ਚਲੈ ਉਠਿ ਡੁਮਣੋ, ਮਾਇਆ ਭੂਲੀ ਆਥਿ॥ [26]

... ... ...

ਗਾਫਲ ਕਰਮ ਪਰੇ ਬਹੁਤੀ ਧਰਮਪੁਰਿ, ਗੁਰਮੁਖਿ ਮਨੁ ਧੀਰਾ॥ [27]

## ਥਿਤੀ

'ਥਿਤੀ' ਦੀ ਰਚਨਾ ਵਿਚ ਕੁਲ 20 ਪਉੜੀਆਂ ਹਨ। ਹਰ ਪਉੜੀ ਚੰਨ ਦੀਆਂ ਥਿਤਾਂ ਤੇ ਆਧਾਰਤ ਹੈ। ਪੁਰਾਤਨ ਸ਼ਾਸਤਰਾਂ ਅਨੁਸਾਰ ਵਿਸ਼ੇਸ਼ ਦਿਨਾਂ ਤੇ ਕੀਤੇ ਕਰਮ ਵਿਸ਼ੇਸ਼ ਮਹਾਨਤਾ ਰੱਖਦੇ ਹਨ। ਗੁਰੂ ਨਾਨਕ ਦੇਵ ਜੀ ਨੇ ਵੀ ਇਨ੍ਹਾਂ ਦੀ ਮਹਾਨਤਾ ਨੂੰ ਮੁੱਖ ਰੱਖਦਿਆਂ ਇਹ ਬਾਣੀ ਰਚੀ ਹੈ। ਪਰ ਗੁਰੂ ਸਾਹਿਬ ਦਾ ਸਿਧਾਂਤ ਇਹ ਹੈ ਕਿ ਘੜੀ ਉਹੀ ਸੁਲੱਖਣੀ ਹੈ, ਜਿਹੜੀ ਅਕਾਲ ਪੁਰਖ, ਵਾਹਿਗੁਰੂ ਦੀ ਵਿਚਾਰ ਤੇ ਸਿਮਰਨ ਵਿਚ ਬਤੀਤ ਹੋਵੇ।

ਇਸ ਦਾ ਵਿਸ਼ਾ ਸਦਾਚਾਰਕ ਤੇ ਸਿਧਾਂਤਵਾਦਿਕ ਹੈ। ਪਹਿਲੇ ਸੱਤ ਬੰਦਾਂ ਵਿਚ ਸਰਬਗੁਣ ਪਰਮਾਤਮਾ ਦੀ ਉਸਤਤੀ ਹੈ ਅਠਵੇਂ ਬੰਦ ਵਿਚ ਜੋਗੀਆਂ, ਸੰਨਿਆਸੀਆਂ, ਬੈਰਾਗੀਆਂ, ਜੈਨੀਆਂ ਤੇ ਵੈਸ਼ਨਵੀਆਂ ਆਦਿ ਦੇ ਕਰਮ ਕਾਂਡ ਦਰਸਾਏ ਹਨ। ਨੌਂ ਤੋਂ ਸਤਾਰਾਂ ਬੰਦਾਂ ਵਿਚ ਵਧੇਰੇ ਕਰਕੇ ਸਮਾਜਕ ਰੂਪ ਪੇਸ਼ ਕੀਤੇ ਹਨ ਅਤੇ ਆਖਰੀ ਤਿੰਨ ਪਉੜੀਆਂ ਵਿਚ ਗੁਰੂ ਦੀ ਮਹਿਮਾ ਦਰਸਾ ਕੇ, ਮਨੁੱਖ ਨੂੰ ਆਪੇ ਦੀ ਪਹਿਚਾਣ ਦਾ ਮਾਰਗ ਦੱਸਿਆ ਹੈ। ਜਿਸ ਦੁਆਰਾ ਉਹ ਮਮਤਾ

ਦੇ ਜਾਲ ਵਿਚੋਂ ਨਿਕਲ ਕੇ, ਮਨ ਦੀਆਂ ਵਾਸਨਾਵਾਂ ਨੂੰ ਨਾਸ਼ ਕਰਕੇ ਪ੍ਰਭੂ ਪਰਮੇਸ਼ਰ ਦੀ ਪਹਿਚਾਣ ਕਰ ਸਕਦਾ ਹੈ।

ਤੂਟੇ ਨੇਹੁ ਕਿ ਬੋਲਹਿ ਸਹੀ॥ ਤੂਟੇ ਬਾਹ ਦੁਹੁ ਦਿਸ ਗਹੀ॥ [28]

ਕਲਾਤਮਿਕ ਪੱਖ ਤੋਂ ਇਹ ਰਚਨਾ ਸ਼ਬਦਾਵਲੀ ਦੀ ਸਾਦਗੀ, ਵਰਨਣ ਦੀ ਸਰਲਤਾ, ਵਿਚਾਰਾਂ ਨੂੰ ਸੁਹੱਪਣ ਨਾਲ ਪੇਸ਼ ਕਰਨ ਦੇ ਗੁਣਾਂ ਦੀ ਪ੍ਰਤੀਕ ਹੈ। ਅਨੁਪ੍ਰਾਸ ਦੀ ਵਰਤੋਂ ਆਮ ਹੈ। ਬਿਤੀ ਇਕ ਨੈਤਕ-ਕਾਵਿਕ ਕ੍ਰਿਤ ਹੈ।

<u>ਬਾਰਹ ਮਾਹਾ</u>

'ਬਾਰਹ ਮਾਹ ਤੁਖਾਰੀ' ਗੁਰੂ ਨਾਨਕ ਦੇਵ ਜੀ ਦੀ ਵਧੀਆ ਨਮੂਨੇ ਦੀ ਰਾਗਾਤਮਕ ਰਚਨਾ ਹੈ ਜਿਸ ਵਿਚ ਭਾਵਾਂ ਦੀ ਕੋਮਲਤਾ, ਕੁਦਰਤ ਦੀ ਰੰਗੀਨੀ ਤੇ ਮਨੁੱਖੀ ਹਿਰਦੇ ਦੀ ਬਿਹਬਲਤਾ ਚਿਤ੍ਰੀ ਗਈ ਹੈ।

ਮਨੋਵਿਗਿਆਨਕ ਢੰਗ ਦੁਆਰਾ ਗੁਰੂ ਨਾਨਕ ਸਾਹਿਬ ਨੇ ਕੁਦਰਤ ਤੇ ਮਨੁੱਖੀ ਮਨ ਦੇ ਸੰਬੰਧ ਨੂੰ ਜੋੜ ਕੇ ਸਪੱਸ਼ਟ ਕੀਤਾ ਹੈ। ਜਿਉਂ ਜਿਉਂ ਕੁਦਰਤ ਵਿਚ ਪਰਿਵਰਤਨ ਹੁੰਦਾ ਹੈ ਤਿਉਂ ਤਿਉਂ ਮਨੁੱਖੀ ਮਨ ਵਿਚ ਤਬਦੀਲੀ ਹੋਣੀ ਸੁਭਾਵਕ ਹੈ। ਜੋ ਆਤਮਾ ਪਰਮਾਤਮਾ ਤੋਂ ਵਿਛੜ ਗਈ ਹੈ, ਉਹ ਸਦਾ ਮੁਰਝਾਈ ਤੇ ਮੁਰਦਾ ਰੂਹ ਵਸੀ ਹੈ। ਬਾਹਰਮੁਖੀ ਬਨਸਪਤੀ ਉਤੇ ਭਾਵੇਂ ਬਹਾਰ ਆ ਕੇ ਜਾਏ, ਬਸੰਤ ਆ ਜਾਏ ਜਾਂ ਪੱਤਝੜ ਛਾ ਜਾਏ ਪਰ ਇਸ ਦੇ ਉਲਟ ਜੋ ਜੀਵ ਆਤਮਾ, ਪਰਮਾਤਮਾ ਨੂੰ ਮਿਲ ਜਾਏ ਉਹ ਸਦਾ ਸੁਹਾਗਣ ਦੀ ਪਦਵੀ ਪ੍ਰਾਪਤ ਕਰ ਲੈਂਦੀ ਹੈ। ਜਿਹੜਾ ਮਨੁੱਖ ਵਾਹਿਗੁਰੂ ਨਾਲ ਇਕ-ਮਿਕ ਹੋ ਜਾਏ ਉਸ ਦੇ ਅੰਦਰ ਪੂਰਨ ਅਨੰਦ ਦੇ ਫੁਹਾਰੇ ਛੁਟਦੇ ਹਨ।

ਇਸ ਰਚਨਾ ਵਿਚ ਬਾਕੀ ਰਚਨਾਵਾਂ ਨਾਲੋਂ ਵਿਲੱਖਣਤਾ ਇਹ ਹੈ ਕਿ ਇਹ ਕਿਸੇ ਧਰਮ ਜਾਂ ਕਰਮ ਦੀ ਆਲੋਚਨਾ ਤੋਂ ਉਤਾਂਹ ਉਠ ਕੇ ਸਰਬ-ਪ੍ਰਵਾਣਤ ਦੀ ਰਚਨਾ ਹੈ। ਇਸ ਕਾਵਿ ਰੂਪੀ ਰਚਨਾ ਵਿਚ ਵਰਨਣ ਦੀ ਥਾਂ ਜਜ਼ਬੇ ਦੀ ਬਹੁਲਤਾ ਹੈ।

ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨਾ ਸੁਖਾਵਏ॥
ਨਾਨਕ ਸਾ ਸੋਹਾਗਣਿ ਕੰਤੀ, ਪਿਰ ਕੈ ਅੰਕਿ ਸਮਾਵਏ॥ [29]

ਕੁਦਰਤ ਚਿਤ੍ਰ-ਚਿਤ੍ਰਨ ਵਿਚ ਇਹ ਰਚਨਾ ਪੰਜਾਬੀ ਸਾਹਿਤ ਵਿਚ ਸਰਬੋਤਮ ਹੈ। ਬਾਰਹਮਾਹ ਤੁਖਾਰੀ ਸੰਖੇਪ ਰਚਨਾ ਹੋਣ ਕਰਕੇ ਭਾਵਾਂ ਨੂੰ ਕਠਨ ਬਣਾ ਦਿੰਦੀ ਹੈ। ਇਸ ਦੀ ਬੋਲੀ ਸੁਲਝੇ ਹੋਏ ਪੇਂਡੂ ਬਜ਼ੁਰਗ ਦੀ ਹੈ - ਜਿਸ ਵਿਚ ਘਰੋਗੀ ਸ਼ਬਦਾਵਲੀ, ਬਦਲਦੀਆਂ ਰੁੱਤਾਂ ਨਾਲ ਸਬੰਧਤ ਚਿਤ੍ਰ, ਮਨੋਵੇਗ ਨਾਲ ਮੇਲ ਖਾਂਦੇ ਅਲੰਕਾਰ, ਰਸ, ਰੰਗ ਦੇ ਗੁਣ ਮੌਜੂਦ ਹਨ।

ਗੁਰੂ ਨਾਨਕ ਸਾਹਿਬ ਦੀਆਂ ਨੌਮੀਆਂ ਦਾਰਸ਼ਨਿਕ ਬਾਣੀਆਂ ਤੋਂ ਬਾਅਦ ਅਧਿਆਤਮਿਕ ਬਾਣੀਆਂ ਹਨ, ਜਿਨ੍ਹਾਂ ਦੇ ਸਮਾਜਿਕ ਅਰਥ ਬੜੇ ਡੂੰਘੇ ਹਨ। ਜਿਨ੍ਹਾਂ ਦਾ ਸਾਂਝਾ ਕਾਵਿਰੂਪ 'ਵਾਰ' ਹੈ। ਇਹ ਵਾਰਾਂ ਗਿਣਤੀ ਵਿਚ ਤਿੰਨ ਹਨ। ਇਹ ਤਿੰਨੇ ਵਾਰਾਂ ਮਨੁੱਖ ਤੇ ਪਰਮਾਤਮਾ ਦੇ ਹਸਤੀ ਅਤੇ ਉਨ੍ਹਾਂ ਦੇ ਪਰਸਪਰ ਸੰਬੰਧਾਂ ਦੇ ਸਾਰੇ ਪੱਖਾਂ ਦਾ ਨਿਰੂਪਣ ਕਰਨ ਵਾਲੇ ਵਿਸ਼ੇ ਨੂੰ ਸਪੱਸ਼ਟ ਕਰਦੀਆਂ ਹਨ। ਇਹ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੇਠਲੀ ਤਰਤੀਬ ਅਨੁਸਾਰ ਅਰਥਾਤ ਵਾਰ ਮਾਝ, ਵਾਰ ਆਸਾ ਤੇ ਵਾਰ ਮਲਾਰ ਹਨ।

## ਵਾਰ ਮਾਝ

ਇਸ ਵਾਰ ਵਿਚ ਦੱਸਿਆ ਹੈ ਕਿ ਸੰਸਾਰ ਬਹੁਰੰਗੀ ਹੈ। ਇਸ ਅੰਦਰ ਜੀਵ ਨਾਮ ਤੋਂ ਬਿਨਾਂ ਦੁਖੀ ਹੋ ਰਿਹਾ ਹੈ। ਵਾਸਤਵ ਵਿਚ ਜਿੰਨ੍ਹਾਂ ਚਿਰ ਮਨੁੱਖੀ ਹਿਰਦੇ ਵਿਚ ਤ੍ਰਿਸ਼ਨਾ ਤੇ ਲਾਲਚ ਦੀ ਅੱਗ ਬਲ ਰਹੀ ਹੈ ਤਦ ਤੱਕ ਕਿਸੇ ਵੀ ਕਰਮ-ਕਾਂਡ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਦੁਨਿਆਵੀ ਪੜ੍ਹਾਈ ਮਾਇਆ ਤੋਂ ਛੁਟਕਾਰਾ ਨਹੀਂ ਦਿਵਾਉਂਦੀ। ਅਸਲ ਵਿਚ ਮਨੁੱਖ ਅਗਿਆਨਤਾ ਕਰਕੇ ਦੁਨਿਆਵੀ ਪਦਾਰਥਾਂ ਤੇ ਵਸਤਾਂ ਨੂੰ ਆਪਣੀਆਂ ਸਮਝਦਾ ਹੈ। ਇਹੋ ਅਪਣੱਤ ਹਉਮੈ ਦੇ ਦੁੱਖ ਦਾ ਕਾਰਣ ਬਣੀ ਹੈ। ਸੋ ਜਦ ਤੱਕ ਮਨੁੱਖ ਅੰਦਰ ਤ੍ਰਿਸ਼ਨਾ ਤੇ ਮੋਹ ਦਾ ਖੋਟ ਹੈ ਤਦ ਤੱਕ ਇਸ ਦੀ ਪਹੁੰਚ ਰੱਬੀ ਦਰਬਾਰ ਤੱਕ ਨਹੀਂ ਹੋ ਸਕਦੀ। ਸਿਰਫ ਉਹੀ ਮਨੁੱਖ ਵਿਆਪਕ ਤੇ ਸਮਰਥ ਗੁਰੂ ਦੀ ਦਰਬਾਰ ਵਿਚ ਮਾਣ ਪ੍ਰਾਪਤ ਕਰ ਸਕਦਾ ਹੈ ਜੋ ਉਸ ਦੀ ਸ਼ਰਨ ਵਿਚ ਆਉਂਦਾ ਹੈ ਤੇ ਜਿਸ ਉਤੇ ਗੁਰੂ ਦੀ ਨਦਰ ਜਾਂ ਮਿਹਰ ਹੁੰਦੀ ਹੈ।

ਗੁਰੂ ਦੇ ਮਿਲਾਪ ਤੋਂ ਹਉਮੈ ਦਾ ਨਾਸ਼ ਹੁੰਦਾ ਹੈ ਤੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਪਰ ਉਸੇ ਵਿਅਕਤੀ ਦੀ ਹਉਮੈ ਨਾਸ਼ ਹੁੰਦੀ ਹੈ ਜੋ ਉਸ ਅਕਾਲ ਪੁਰਖ ਦੀ ਸ਼ਰਨ ਵਿਚ ਆ ਜਾਂਦਾ ਹੈ ਤੇ ਉਸ ਦੀ ਮਿਹਰ ਸਦਕਾ ਗੁਰੂ ਦੇ ਦਸੇ ਰਾਹ ਤੇ ਚਲਕੇ ਨਾਮ ਪ੍ਰਾਪਤ ਕਰਦਾ ਹੈ। ਇਸ ਦੇ ਨਾਲ ਨਾਲ ਇਹ ਵੀ ਦਸਿਆ ਹੈ ਕਿ ਪ੍ਰਮਾਤਮਾ ਪਾਸ ਆਤਮਾ ਦੀ ਖੁਰਾਕ 'ਪਿਆਰ' ਹੈ ਪਰ ਕੇਵਲ ਉਸ ਮਨੁੱਖ ਦੀ ਆਤਮਾ ਨੂੰ ਪਿਆਰ ਦੀ ਦਾਤ ਪ੍ਰਾਪਤ ਹੋਵੇਗੀ, ਜੇਕਰ ਉਹ ਤ੍ਰਿਸ਼ਨਾ ਦੇ ਚਿੱਕੜ ਵਿਚੋਂ ਨਿਕਲੇਗਾ।

ਦੁਨੀਆਂ ਦੇ ਸਿਰ ਉਪਰ ਹਰ ਵੇਲੇ ਮੌਤ ਦਾ ਡਰ ਕਾਇਮ ਹੈ ਪਰ ਚੰਗੇ ਕਰਮ ਕਾਂਡਾਂ ਤੋਂ ਛੁਟਕਾਰਾ ਪਾ ਕੇ ਹੀ ਮਨੁੱਖ ਚੰਗੇ ਭਾਗਾਂ ਰਾਹੀਂ ਸਤਿਗੁਰੂ ਦਾ ਮੇਲ ਪ੍ਰਾਪਤ ਕਰਦਾ ਹੈ। ਪ੍ਰਮਾਤਮਾ ਦੀ ਉਸਤਤੀ ਨਾਲ ਹੀ ਪੂਰਨ ਆਨੰਦ ਦੀ ਪ੍ਰਾਪਤ ਹੁੰਦੀ ਹੈ।

ਵਾਸਤਵ ਵਿਚ ਇਸ ਵਾਰ ਵਿਚ ਸਮਕਾਲੀਨ ਸਮਾਜ ਤੇ ਰਾਜਸੀ ਪ੍ਰਬੰਧ ਦੀ ਤਿੱਖੀ ਆਲੋਚਨਾ ਕੀਤੀ ਹ ਤੇ ਰਾਜਸੀ ਪ੍ਰਬੰਧ ਵਿਚ ਰਿਸ਼ਵਤ ਬਾਰੇ ਬੇਈਮਾਨੀ ਤੇ ਬੜਾ ਸੁੰਦਰ ਕਟਾਖਸ਼ ਹੈ। ਗੁਰੂ ਨਾਨਕ ਦੇਵ ਜੀ ਨੇ ਸਾਫ਼ ਸ਼ਬਦਾਂ ਵਿਚ ਦਸਿਆ ਹੈ ਕਿ ਜੇਕਰ ਕੱਪੜੇ ਉਪਰ ਰੱਤ ਲਗ ਜਾਵੇ ਤਾਂ ਮਨੁੱਖ ਦਾ ਜਾਮਾ ਅਪਵਿਤ੍ਰ ਹੋ ਜਾਂਦਾ ਹੈ ਤਾਂ ਉਨ੍ਹਾਂ ਲੋਕਾਂ ਦੀ ਕਮਾਈ ਕਿਵੇਂ ਸਫਲ ਹੋ ਸਕਦੀ ਹੈ ਜੋ ਲੋਕਾਂ ਦਾ ਖੂਨ ਪੀਂਦੇ ਹਨ:

ਜੇ ਰਤੁ ਲਗੇ ਕਪੜੇ ਜਾਮਾ ਹੋਇ ਪਲੀਤ।।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤ।। [30]

ਇਸੇ ਲਈ ਗੁਰੂ ਨਾਨਕ ਜੀ ਨੇ ਹੱਕ ਹਲਾਲ ਦੀ ਕਮਾਈ ਕਰਣ ਤੇ ਜ਼ੋਰ ਦਿੱਤਾ ਹੈ ਉਨ੍ਹਾਂ ਅਨੁਸਾਰ ਹਰਾਮ ਦੀ ਕਮਾਈ ਮਨੁੱਖ ਦੀ ਬੁੱਧੀ ਨੂੰ ਭ੍ਰਿਸ਼ਟ ਕਰਦੀ ਹੈ:

ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।।

... ...

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲ ਨਾ ਜਾਇ।। [31]

ਇਸ ਤੋਂ ਕੁਝ ਜੀਵਨ ਦੀਆਂ ਸਮੱਸਿਆਵਾਂ ਬਾਰੇ ਲਿਖਿਆ ਹੈ ਜਿਵੇਂ ਜੈਨੀਆਂ ਦੇ ਕੁਚੀਲ ਰਹਿਣ ਬਾਰੇ, ਜ਼ਾਤ ਪਾਤ ਤੇ ਛੂਤ-ਛਾਤ ਬਾਰੇ। ਛੂਤ ਛਾਤ ਦਾ ਖੰਡਨ ਕਰਦੇ ਹੋਏ ਗੁਰੂ ਜੀ ਕਹਿੰਦੇ ਹਨ ਕਿ ਰੱਬੀ ਦਰਬਾਰ ਵਿਚ ਜ਼ਾਤ ਪਾਤ ਕਿਸੇ ਪੁਛਣੀ ਨਹੀਂ, ਉਥੇ ਤਾਂ ਸਿਰਫ਼ ਨਾਮ ਦੀ ਕੀਮਤ ਪਵੇਗੀ:

ਜਾਤੀ ਦੈ ਕਿਆ ਹਥਿ ਸਚੁ ਪਰਖੀਐ।।
ਮਹੁਰਾ ਹੋਵੈ ਹਥਿ ਮਰੀਐ ਚਖੀਐ।। [32]

ਇਸ ਤੋਂ ਬਿਨਾਂ ਰਾਜਨੀਤੀ ਉਪਰ ਚਾਨਣਾ ਪਾਉਂਦੇ ਹੋਏ ਵਕਤ(ਸਮੇਂ ਦੇ ਹਾਕਮਾਂ ਤੇ ਕਰਮਚਾਰੀਆਂ ਨੂੰ ਕੁੱਤੇ ਤੇ ਧਰਮਹੀਣ ਕਸਾਈ ਦੱਸਿਆ ਹੈ ਜਿਹੜੇ ਕਿ ਨਿਆਂ (ਇਨਸਾਫ਼)

ਦੀ ਬਜਾਏ ਅਨਿਆਏ ਤੇ ਅਧਰਮ ਕਰ ਰਹੇ ਸਨ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।
ਹਉ ਭਾਲਿ ਵਿਕੁੰਨੀ ਹੋਈ, ਅੰਧੇਰੈ ਰਾਹੁ ਨ ਕੋਈ।

... ... ..

ਕਹੁ ਨਾਨਕ ਕਿਨਿ ਬਿਧਿ ਗਤਿ ਹੋਈ। [33]

ਸੋ, ਸਲੋਕਾਂ ਵਿਚ ਦਸਿਆ ਹੈ ਕਿ ਗੁਰੂ ਦੇ ਗਿਆਨ ਰਾਹੀਂ ਰਾਜਸੀ ਤੇ ਸਮਾਜਿਕ ਦਸ਼ਾ ਦਾ ਸੁਧਾਰ ਹੋ ਸਕਦਾ ਹੈ। ਪਉੜੀਆਂ ਵਿਚ ਦਾਰਸ਼ਨਿਕ ਤੇ ਅਧਿਆਤਮਿਕ ਵਿਚਾਰ ਹਨ। ਆਤਮਾ ਤੇ ਬ੍ਰਹਮੰਡ ਦੀ ਅਸਲੀਅਤ ਅਤੇ ਗੁਰੂ ਦੀ ਮਹਾਨਤਾ ਬਾਰੇ ਵਿਚਾਰ ਪੇਸ਼ ਕੀਤੇ ਹਨ।

ਇਸ ਵਾਰ ਵਿਚ ਇਹ ਵੀ ਪ੍ਰਗਟ ਕੀਤਾ ਹੈ ਕਿ ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਇਹ ਸਭ ਕੁਝ ਉਸੇ ਪ੍ਰਮਾਤਮਾ ਦੇ ਖੇਲ ਦਾ ਪਸਾਰਾ ਹੈ। ਇਥੋਂ ਤੱਕ ਕਿ ਧਰਤ ਤੇ ਨਭ ਵੀ ਉਸ ਦਾ ਖੇਲ ਹੈ। ਸਭ ਤੋਂ ਮਹੱਤਵ ਪੂਰਨ ਵਸਤੂ ਨਾਮ ਹੈ ਜੋ ਕਿ ਗੁਰੂ ਪਾਸੋਂ ਪ੍ਰਾਪਤ ਹੁੰਦੀ ਹੈ।

ਪ੍ਰਮਾਤਮਾ ਹੀ ਮਹਾਨ ਪਾਰਖੂ ਹੈ ਜੋ ਖੋਟਿਆਂ ਤੇ ਖਰਿਆਂ ਦੀ ਪਰਖ ਕਰਦਾ ਹੈ ਅਤੇ ਖੋਟਿਆਂ ਨੂੰ ਖਰੇ ਬਣਾਉਂਦਾ ਹੈ। ਨਾਮ ਵਿਚ ਹੀ ਸਾਰੇ ਬਰਕਤ ਹੈ ਉਸ ਤੋਂ ਬਿਨਾਂ ਸਾਰੇ ਕਰਮ ਫਜ਼ੂਲ ਹਨ। ਕਿਉਂਕਿ ਉਸੇ ਦੀ ਮੇਹਰ ਨਾਲ ਰਹਿਮ, ਭਰਮ ਤੇ ਨੇਕ ਨਾਮ ਹੁੰਦੇ ਹਨ। ਵਾਹਿਗੁਰੂ ਤੋਂ ਬਿਨਾਂ ਸਭ ਕੁਝ ਝੂਠ ਹੈ। ਸਫਲ ਤੇ ਉੱਤਮ ਲੋਕ ਨਾਮ ਦੁਆਰਾ ਵਾਸ਼ਨਾ ਨੂੰ ਮਾਰਦੇ ਹਨ ਅਤੇ ਸ਼ਬਦ ਰਾਹੀਂ ਜੀਵਨ ਨੂੰ ਸੰਵਾਰ ਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦਾ ਨਿੱਜੀ ਵਿਚਾਰ ਹੈ ਕਿ ਪ੍ਰਮਾਤਮਾ ਹੀ ਕਰਤਾ ਧਰਤਾ ਹੈ। ਸੰਸਾਰ ਦੀ ਡੋਰੀ ਉਸ ਦੇ ਹੱਥ ਵਿਚ ਹੈ। ਮਨੁੱਖ ਦੇ ਆਪਣੇ ਹੱਥ ਕੁਝ ਵੀ ਨਹੀਂ।

ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ।
ਮੋਹ ਠਗਉਲੀ ਪਾਇ ਕੈ, ਤੁਧੁ ਆਪਹੁ ਜਗਤੁ ਖੁਆਇਆ। [34]

ਆਪ ਜੀ ਦਾ ਪੱਕਾ ਤੇ ਪੂਰਨ ਵਿਸ਼ਵਾਸ ਹੈ ਕਿ ਜਿਊਂਦਾ ਉਹੀ ਮਨੁੱਖ ਹੈ, ਜਿਸ ਦੇ ਮਨ ਵਿਚ ਹਰੀ ਦਾ ਵਾਸਾ ਹੈ ਪਰ ਜਿਹੜੇ ਮਨੁੱਖ ਵਿਕਾਰਾਂ ਵਿਚ ਫਸੇ ਹੋਏ ਹਨ,

ਉਹ ਵਾਸਤਵ ਵਿਚ ਮੁਰਦੇ ਹਨ:

ਸੋ ਜੀਵਿਆ ਜਿਸ ਮਨਿ ਵਸਿਆ ਸੋਇ।।
ਨਾਨਕ ਅਵਰੁ ਨਾ ਜੀਵੈ ਕੋਇ।। [35]

ਇਸ ਵਾਰ ਵਿਚ ਕੁਲ 27 ਪਉੜੀਆਂ ਹਨ, ਜਿਨ੍ਹਾਂ ਵਿਚੋਂ 14 ਪਉੜੀਆਂ ਨਾਲ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਨ। ਵਾਰ ਦੀ ਬੋਲੀ ਤੇ ਫਾਰਸੀ ਤੇ ਅਰਬੀ ਦਾ ਪ੍ਰਭਾਵ ਹੈ। ਅਲੰਕਾਰ ਪੰਜਾਬੀ ਜੀਵਨ ਤੇ ਕੁਦਰਤ ਵਿਚੋਂ ਲਏ ਗਏ ਹਨ।

<u>ਵਾਰ ਆਸਾ</u>

'ਆਸਾ ਦੀ ਵਾਰ' ਸਭ ਤੋਂ ਵੱਧ ਉਤਕ੍ਰਿਸ਼ਟ ਵਾਰ ਹੈ, ਜਿਸ ਵਿਚ ਮਨੁੱਖ ਨੂੰ ਗੁਰਮੁਖ ਬਣਨ ਲਈ ਸਿਖਿਆ ਦਰਜ ਕੀਤੀ ਹੋਈ ਹੈ। ਇਸ ਬਾਣੀ ਦਾ ਰੋਜ਼ਾਨਾ ਅੰਮ੍ਰਿਤ ਵੇਲੇ ਕੀਰਤਨ ਸਿੱਖੀ ਜੀਵਨ ਦਾ ਜ਼ਰੂਰੀ ਅੰਗ ਬਣ ਗਿਆ ਹੈ। ਅਧਿਆਤਮਿਕ, ਧਾਰਮਿਕ, ਸਮਾਜਿਕ-ਸੁਧਾਰਕ ਤੇ ਰਾਜਸੀ ਵਿਚਾਰ ਇਸ ਵਾਰ ਵਿਚ ਹਨ। ਸਭਿਆਚਾਰਕ ਅਧੋਗਤੀ, ਰਾਜਨੀਤਕ, ਅਨਿਆਇ ਸਮਾਜਿਕ ਤੇ ਧਾਰਮਿਕ ਪਖੰਡਤਾ ਦਾ ਭਰਪੂਰ ਖੰਡਨ 15ਵੀਂ ਤੇ 16ਵੀਂ ਪਉੜੀ ਵਿਚ ਮਿਲਦਾ ਹੈ। ਇਸ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਦੇ ਇਕ ਹੋਣ ਉਪਰ ਜ਼ੋਰ ਦਿੱਤਾ ਹੈ। ਅਕਾਲ ਪੁਰਖ ਹੀ ਸ੍ਰਿਸ਼ਟੀ ਦਾ ਰਚਨਹਾਰ ਹੈ ਤੇ ਇਹ ਸਾਰੀ ਕੁਦਰਤ ਉਸ ਦੇ ਵੱਸ ਵਿਚ ਹੈ। ਵਾਹਿਗੁਰੂ ਨੇ ਹੀ ਇਸ ਦੀ ਸਿਰਜਨਾ ਕੀਤੀ ਹੈ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।। [36]

ਗੁਰੂ ਸਾਹਿਬ ਨੇ ਇਹ ਵੀ ਦੱਸਿਆ ਹੈ ਕਿ ਇਸ ਸੰਸਾਰ ਦੀ ਉਤਪਤੀ ਸਤਿ ਤੋਂ ਹੋਈ ਹੈ। ਸੋ ਸਭ ਕੁਝ ਸਤਿ ਦਾ ਅੰਗ ਹੈ ਅਤੇ ਸਤਿ ਹੈ। ਸਤਿ ਦਾ ਅੰਸ਼ ਕੂੜ ਨਹੀਂ ਇਸ ਲਈ ਸਭ ਕੁਝ ਹੀ ਸੱਚ ਹੈ। ਇਸੇ ਆਧਾਰ ਤੇ ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰ ਨੂੰ ਸੱਚਾ ਪਾਤਿਸ਼ਾਹ ਦੱਸਿਆ ਹੈ।

ਗੁਰੂ ਸਾਹਿਬ ਇਸੇ ਵਾਰ ਰਾਹੀਂ ਮਨੁੱਖ ਨੂੰ ਭਵਸਾਗਰ ਤੋਂ ਪਾਰ ਉਤਰਨ ਲਈ ਪ੍ਰੇਰਨਾ ਦਿੰਦੇ ਹਨ। ਪ੍ਰਮਾਤਮਾ ਦਾ ਡਰ ਰੱਖਣਾ ਜ਼ਰੂਰੀ ਹੈ। ਕਿਉਂਕਿ ਉਸ ਦਾ ਭਉ

ਵਿਆਪਕ ਹੈ:

ਤੂੰ ਵਿਚਿ ਪਵਣੁ ਵਰੈ ਸਭ ਥਾਉ।
ਤੂੰ ਫਿਰ ਚਲਹਿ ਨਚ ਚਰਿਆਉ।[37]

ਇਸ ਤੋਂ ਇਲਾਵਾ ਸਮਾਜਿਕ ਰਸਮਾਂ ਦਾ ਵਰਨਣ ਕੀਤਾ ਹੈ ਜੋ ਕਿ ਸਮਾਜ ਨੂੰ ਘੁਣ ਵਾਂਗ ਖਾ ਰਹੀਆਂ ਸਨ। ਜਨੇਊ ਦਾ ਖੰਡਨ ਕਰਦਿਆਂ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜਨੇਊ ਕੇਵਲ ਇਕ ਧਾਗਾ ਹੈ, ਇਸ ਲਈ ਸੂਤ ਰੂਪੀ ਦਾ ਜਨੇਊ ਪਹਿਨਣਾ ਜ਼ਰੂਰੀ ਹੈ:

ਦਇਆ ਕਪਾਹ ਸੰਤੋਖ ਸੂਤ, ਜਤ ਗੰਢੀ ਸਤੁ ਵਟੁ।
ਏਹੁ ਜਨੇਊ ਜੀਅ ਕਾ ਹਈ ਤਾ ਪਾਂਡੇ ਘਤੁ।।
ਨਾ ਏਹੁ ਤੁਟੈ ਨਾ ਮਲ ਲਗੈ ਨਾ ਏਹ ਜਲੈ ਨਾ ਜਾਇ।।
ਧੰਨੁ ਸੁ ਮਾਣਸ ਨਾਨਕਾ, ਜੋ ਗਲਿ ਚਲੇ ਪਾਇ।।[38]

ਮਨ ਵਿਚ ਲੋਭ ਦਾ ਹੋਣਾ, ਝੂਠ ਬੋਲਣਾ, ਪਰਾਏ ਧਨ ਤੇ ਰੂਪ ਤੇ ਅੱਖ ਰੱਖਣੀ ਆਦਿ ਦਾ ਗੁਰੂ ਸਾਹਿਬ ਨੇ ਖੰਡਨ ਕੀਤਾ ਹੈ:

ਮਨ ਕਾ ਸੂਤਕ ਲੋਭ ਹੈ ਜਿਹਵਾ ਸੂਤਕੁ ਕੂੜੁ।
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪ।
ਕੰਨੀ ਸੂਤਕ ਕੰਨਿ ਪੈ ਲਾਇ ਤਬਾਰੀ ਖਾਹਿ।।
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ।।[39]

ਇਨ੍ਹਾਂ ਭਰਮਾਂ ਤੇ ਸੂਤਕਾਂ ਨੂੰ ਮਨ ਵਿਚੋਂ ਕੱਢਣ ਦੀ ਲੋੜ ਹੈ। ਫੋਕੇ ਕਰਮਾਂ ਦੀ ਲੋੜ ਨਹੀਂ।

ਗੁਰੂ ਨਾਨਕ ਦੇਵ ਜੀ ਨੇ ਹਉਮੈ ਨੂੰ ਮਾਰਨ ਲਈ ਵਧੇਰੇ ਜ਼ੋਰ ਦਿੱਤਾ ਹੈ। ਇਸਤ੍ਰੀ ਜਾਤੀ ਜਿਸ ਨੂੰ ਸਦੀਆਂ ਤੋਂ ਨਿੰਦਿਆ ਤੇ ਭੰਡਿਆ ਜਾਂਦਾ ਸੀ, ਗੁਰੂ ਸਾਹਿਬ ਨੇ ਜ਼ਿੰਦਗੀ(ਜੀਵਨ) ਦਾ ਸਤਿਕਾਰਯੋਗ ਭਾਗ ਕਹਿ ਕੇ ਇਸਤ੍ਰੀ ਜਾਤੀ ਦੀ ਵਡਿਆਈ ਕੀਤੀ ਹੈ ਅਤੇ ਇਸ ਨੂੰ ਬਰਾਬਰ ਦਾ ਹੱਕ ਦਿਵਾਇਆ ਹੈ। ਧਾਰਮਿਕ ਤੇ ਸਮਾਜਿਕ ਪਖੰਡਾਂ ਨੂੰ ਦੂਰ ਕਰਕੇ ਚੰਗੇ ਹਿੰਦੂ ਮੁਸਲਮਾਨ ਬਣਨ ਲਈ ਪ੍ਰੇਰਿਆ ਹੈ।

ਇਸ ਵਾਰ ਵਿਚ ਗੁਰੂ ਜੀ ਨੇ ਗੁਰਮੁਖ ਨੂੰ ਉਪਦੇਸ਼ ਦਿੱਤਾ ਹੈ ਕਿ ਮਨੁੱਖ ਸੋਹਣੇ ਸਰੀਰ ਕਰਕੇ ਨਹੀਂ ਸਗੋਂ ਸ਼ੁਭ ਤੇ ਚੰਗੇ ਗੁਣਾਂ ਕਰਕੇ ਸੁੰਦਰ ਅਖਵਾਉਂਦਾ ਹੈ। ਆਪ ਜੀ ਨੇ ਸਿੰਮਲ ਰੁੱਖ ਦੀ ਉਪਮਾ ਦਿੱਤੀ ਹੈ। ਇਹ ਦਰੱਖਤ ਭਾਵੇਂ ਵੇਖਣ ਵਿਚ ਉਚਾ ਤੇ ਸੁੰਦਰ ਹੈ ਪਰ ਫਲਹੀਣ ਹੋਣ ਕਰਕੇ ਸਲਾਹੁਣਯੋਗ ਨਹੀਂ ਹੈ। ਇਸੇ ਪ੍ਰਕਾਰ ਮਨੁੱਖ ਵੀ ਗੁਣਾਂ ਕਰਕੇ ਹੀ ਸਲਾਹਿਆ ਜਾਂਦਾ ਹੈ। ਝੂਠੇ ਨਿਉਣ ਦੀ ਆਪ ਜੀ ਨੇ ਨਿੰਦਾ ਕੀਤੀ ਹੈ, ਮਨੁੱਖ ਦਾ ਮਨ ਨੀਵਾਂ ਹੋਣਾ ਚਾਹੀਦਾ ਹੈ।

ਇਸ ਵਾਰ ਦੇ ਸਾਰੇ ਸਲੋਕ ਗੁਰੂ ਸਾਹਿਬ ਦੇ ਗਹਿਰੇ ਅਨੁਭਵ ਵਿਚੋਂ ਪੈਦਾ ਹੋਏ ਹਨ। ਜਿਵੇਂ ਸੱਚੇ ਦੀ ਉਸਤਤ, ਕੁਦਰਤ ਦੀ ਉਪਮਾ ਤੇ ਹਉਮੈ ਦਾ ਖੰਡਨ ਪੰਦਰਵੇਂ ਸਲੋਕ ਤੋਂ 19ਵੇਂ ਸਲੋਕ ਤੱਕ ਸਮਾਜਿਕ ਪਾਖੰਡਾਂ ਨੂੰ ਨੰਗਾ ਕੀਤਾ ਹੈ। ਇਸ ਤੋਂ ਛੁਟ ਇਸ ਵਿਚ ਸਪਸ਼ਟ ਤੌਰ ਤੇ ਚਿੰਨ੍ਹ ਤੇ ਪ੍ਰਤੀਕ ਵਰਤੇ ਹਨ। ਜਿਵੇਂ - "ਕੂੜ ਛਿਨ ਘੋਰ ਅੰਧਾਰ" ਵਿਚ 'ਅੰਧਾਰ' ਸਿੰਮਲ ਰੁਖ ਸਰਾਇਰਾ' ਵਿਚ ਸਿੰਮਲ ਪ੍ਰਭਾਵ ਪ੍ਰਗਤ ਚਿੰਨ੍ਹ ਹੈ। ਕਿਧਰੇ ਕਿਧਰੇ ਹਾਸ ਰਸ ਦੀ ਵਰਤੋਂ ਕਰਕੇ ਸਮੁੱਚੀ ਰਚਨਾ ਦੇ ਰਸ ਨੂੰ ਬਦਲਿਆ ਹੈ:

> ਲਿਖਿ ਲਿਖਿ ਪੜਿਆ ਤੇਤਾ ਕੜਿਆ ॥
> ਬਹੁ ਤੀਰਥ ਭਵਿਆ ਤੇਤੋ ਲਵਿਆ ॥[40]

ਸਮੁੱਚੇ ਤੌਰ ਤੇ ਇਸ ਵਾਰ ਵਿਚ 24 ਪਉੜੀਆਂ ਹਨ ਅਤੇ 59 ਸਲੋਕ ਹਨ ਜਿੰਨ੍ਹਾਂ ਵਿਚੋਂ 44 ਸਲੋਕ ਗੁਰੂ ਨਾਨਕ ਦੇਵ ਜੀ ਦੇ ਤੇ 15 ਸਲੋਕ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਨ। ਇਨ੍ਹਾਂ ਸਲੋਕਾਂ ਤੇ ਪਉੜੀਆਂ ਦੀ ਸ਼ੈਲੀ ਭਾਵੀਂ, ਰੂਹਦਾਰ, ਗੌਰਦਾਰ, ਨਿਆਇਸ਼ੀਲ ਅਤੇ ਪ੍ਰਕਾਸ਼ਵਾਦੀ ਹੈ।

## ਵਾਰ ਮਲਾਰ

ਮਲਾਰ ਰਾਗ ਵਰਖਾ ਦਾ ਰਾਗ ਹੈ ਅਤੇ ਇਸ ਵਾਰ ਤੇ ਕਈ ਸਲੋਕ ਵਰਖਾ ਦਾ ਵਰਣਨ ਕਰਦੇ ਹਨ, ਜਿੰਨ੍ਹਾਂ ਦਾ ਭਾਵ ਇਹ ਹੈ ਕਿ ਇਹ 'ਵਰਖਾ' ਪ੍ਰਮਾਤਮਾ ਵੱਲੋਂ ਭੇਜੀ ਗਈ ਹੈ। ਬੱਦਲਾਂ ਵਿਚੋਂ ਨਾਮ ਰੂਪੀ ਅੰਮ੍ਰਿਤ ਦੀ ਬਰਖਾ ਹੁੰਦੀ ਹੈ ਜੋ ਮਨੁੱਖੀ ਹਿਰਦੇ ਰੂਪੀ ਧਰਤੀ ਤੇ ਪੈਕੇ ਉਸ ਨੂੰ ਉਪਜਾਊ ਸ਼ਕਤੀ ਪ੍ਰਦਾਨ ਕਰਦੀ ਹੈ। ਇਸ ਵਾਰ ਰਾਹੀਂ ਸਪੱਸ਼ਟ ਹੁੰਦਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਵੀ ਪਾਣੀ ਵਿਚੋਂ ਹੋਈ ਹੈ।

ਇਸ ਵਾਰ ਦਾ ਵਿਸ਼ਾ ਮਾਤ੍ਰ ਤੇ ਆਸਾ ਵਾਰ ਜਿਹਾ ਹੀ ਹੈ - ਪ੍ਰਮਾਤਮਾ ਤੇ ਮਨੁੱਖ ਦਾ ਆਪਸ ਵਿਚ ਦੀ ਸੰਬੰਧ ਹੈ। ਇਸ ਵਾਰ ਦੇ ਆਰੰਭ ਵਿਚ ਨਿਰੰਕਾਰ ਦੀ ਸਿਫਤ-ਸਲਾਹ

ਕੀਤੀ ਗਈ ਹੈ ਅਤੇ ਪ੍ਰਭੂ ਨੂੰ ਪ੍ਰਾਪਤ ਕਰਨ ਲਈ ਇਕੋ ਸਾਧਨ ਭਗਤੀ ਦੱਸਿਆ ਹੈ। ਇਸ ਦੇ ਨਾਲ ਗੁਰੂ ਦੇਵ ਫੁਰਮਾਉਂਦੇ ਹਨ ਕਿ ਅਕਾਸ਼, ਪਾਤਾਲ, ਸੂਰਜ, ਧਰਤੀ, ਰਾਤ ਦਿਨ ਸਭ ਉਸ ਪ੍ਰਮਾਤਮਾ ਦੇ ਬਣਾਏ ਹੋਏ ਹਨ। ਇਸ ਜਗਤ ਵਿਚ ਕੇਵਲ ਇਕ ਪ੍ਰਮਾਤਮਾ ਹੀ ਅਟੱਲ ਤੇ ਅਮਰ ਹੈ, ਬਾਕੀ ਸਭ ਵਸਤੂਆਂ ਨਾਸ਼ਵਾਨ ਹਨ। ਸਾਰੇ ਦੇਵੀ ਦੇਵਤੇ ਉਸ ਅਕਾਲ ਪੁਰਖ ਦੇ ਭੇਜੇ ਹੋਏ ਹਨ। ਇਹ ਦੁਨੀਆਂ ਗੁਰਮੁਖਾਂ ਤੇ ਮਨਮੁਖਾਂ ਦਾ ਅਖਾੜਾ ਹੈ, ਜਿਸ ਵਿਚ ਗੁਰਮੁਖ ਜਿਤਦੇ ਹਨ ਤੇ ਮਨਮੁਖ ਹਾਰ ਖਾਕੇ ਪਛਾੜੇ ਜਾਂਦੇ ਹਨ। ਇਸ ਦੇ ਨਾਲ ਨਾਲ ਇਹ ਵੀ ਦੱਸਿਆ ਗਿਆ ਹੈ ਕਿ ਪ੍ਰਮਾਤਮਾ ਨੇ ਹੀ ਪਰਵ੍ਰਿਤ ਤੇ ਨਿਰਵਿਰਤ ਮਾਰਗ ਪੈਦਾ ਕੀਤੇ ਹਨ। ਵਾਹਿਗੁਰੂ ਦੇ ਸਾਰੇ ਭਗਤ ਪ੍ਰਵਿਰਤ ਮਾਰਗ ਨੂੰ ਅਪਣਾਉਂਦੇ ਹਨ। ਇਸ ਪ੍ਰਕਾਰ ਪਹਿਲੀਆਂ ਪੰਜ ਪਉੜੀਆਂ ਵਿਚ ਪ੍ਰਮਾਤਮਾ ਦੀ ਅੰਗੰਮੀ ਸ਼ਕਤੀ ਦਾ ਵਿਚਾਰ ਕੀਤਾ ਹੈ।

ਛੇ ਤੋਂ ਲੈ ਕੇ ਦਸ ਤੱਕ ਦੀਆਂ ਪਉੜੀਆਂ ਵਿਚ ਉਪਰਲੀਆਂ ਪੰਜ ਪਉੜੀਆਂ ਦੇ ਅਧਾਰ ਤੇ ਸਿੱਟਾ ਕੱਢਿਆ ਹੈ ਕਿ ਐਸੇ ਪ੍ਰਮਾਤਮਾ ਦੀ ਅਰਾਧਨਾ ਕਰਨੀ ਚਾਹੀਦੀ ਹੈ, ਜੋ ਮਹਾਨ ਸ਼ਕਤੀਮਾਨ ਤੇ ਕਰਮਾਂ ਅਨੁਸਾਰ ਕੰਮ ਕਰਨ ਵਾਲਾ ਹੈ। ਉਸ ਨੇ ਆਪ ਹੀ ਦਵੈਤ ਉਤਪੰਨ ਕੀਤੀ ਹੈ ਅਤੇ ਉਸੀ ਦੀ ਕ੍ਰਿਪਾ ਨਾਲ ਮਨੁੱਖ ਇਸ ਵਿਚੋਂ ਨਿਕਲ ਕੇ ਸੱਚੀ ਸੂਝ ਪ੍ਰਾਪਤ ਕਰਦਾ ਹੈ। ਗਿਆਰਵੀਂ ਤੋਂ ਚੌਦਵੀਂ ਪਉੜੀ ਤੱਕ ਇਸ ਪੱਖ ਨੂੰ ਉਜਾਗਰ ਕਰਨ ਦਾ ਸਫਲ ਭਾਂਤ ਯਤਨ ਕੀਤਾ ਗਿਆ ਹੈ ਕਿ ਜੀਵ ਹੰਕਾਰ (ਹਉਮੈ) ਕਰਕੇ ਆਪਣੇ ਅਸਲੀ ਭਾਵ ਅਕਾਲ ਪੁਰਖ ਤੋਂ ਨਿਖੜਿਆ ਹੋਇਆ ਹੈ। ਪਰ ਉਸ ਦੇ ਨਾਮ ਦਾ ਸਿਮਰਨ ਕਰਨ ਨਾਲ ਹੰਕਾਰ ਦਾ ਨਾਸ਼ ਤੇ ਪਰਮ ਸੁੱਖ ਦੀ ਪ੍ਰਾਪਤੀ ਹੁੰਦੀ ਹੈ।

ਪੰਦਰਵੀਂ ਤੋਂ ਅਠਾਰਵੀਂ ਪਉੜੀ ਤੱਕ ਦਸਿਆ ਗਿਆ ਹੈ ਕਿ ਜਿਸ ਤਰ੍ਹਾਂ ਰਾਗ, ਤਾਲ, ਨਾਚ ਨਾਲ ਮਨੁੱਖ ਵਾਹਿਗੁਰੂ ਨੂੰ ਪ੍ਰਾਪਤ ਨਹੀਂ ਕਰ ਸਕਦਾ ਇਸੇ ਤਰ੍ਹਾਂ ਬਾਕੀ ਕਰਮਾਂ ਦੇ ਕਰਨ ਨਾਲ ਅਤੇ ਗੁਰੂ ਕ੍ਰਿਪਾ ਤੋਂ ਬਗੈਰ ਜੀਵ ਵਾਹਿਗੁਰੂ ਦੀ ਪ੍ਰਾਪਤੀ ਵਿਚ ਸਫਲ ਨਹੀਂ ਹੋ ਸਕਦਾ। ਇਕ ਕੰਮ ਗੁਰੂ, ਅਕਾਲ ਪੁਰਖ ਦਾ ਵਿਚੋਲਾ ਬਣਕੇ ਹੀ ਕਰ ਸਕਦਾ ਹੈ। ਅਰਥਾਤ ਗੁਰੂ ਬਾਝੋਂ ਨਾਮ ਰੂਪੀ ਅੰਮ੍ਰਿਤ ਦੀ ਮਿੱਠੀ ਦਾਤ ਕਿਸੇ ਨੂੰ ਪ੍ਰਾਪਤ ਨਹੀਂ ਹੁੰਦੀ।

ਇਸੇ ਤਰ੍ਹਾਂ 19ਵੀਂ ਤੋਂ 28ਵੀਂ ਪਉੜੀ ਤੱਕ ਪ੍ਰਮਾਤਮਾ ਦੀ ਉਸਤੱਤ ਕੀਤੀ ਹੈ - ਨਾਮ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ। ਸਾਰੇ ਜੀਵ ਪ੍ਰਮਾਤਮਾ ਦੀ ਰਜ਼ਾ ਅਨੁਸਾਰ ਕੰਮ ਕਰਦੇ ਹਨ ਕਿਉਂਕਿ ਗੁਰੂ ਸੰਸਾਰ ਤੇ ਮਨੁੱਖਤਾ ਦੀ ਭਲਾਈ ਲਈ ਪ੍ਰਮਾਤਮਾ ਵਲੋਂ ਭੇਜਿਆ ਹੋਇਆ ਹੈ ਜੋ ਕਿ ਨਾਮ ਰੂਪੀ ਅੰਮ੍ਰਿਤ ਦੇ ਕੇ ਮਨੁੱਖ ਨੂੰ ਸੁਖੀ ਬਣਾਂਦਾ ਹੈ। ਇਸ ਤੋਂ ਇਲਾਵਾ ਇਹ ਵੀ ਦਸਿਆ ਹੈ ਕਿ ਹਰ ਮਨੁੱਖ ਆਪਣੇ ਕੀਤੇ ਕਰਮਾਂ ਦਾ ਫਲ ਅਵੱਸ਼ ਭੁਗਤੇਗਾ ਤੇ ਭੁਗਤ ਰਿਹਾ ਹੈ।

ਪ੍ਰਭੂ ਦੇ ਭੈ ਵਿਚ ਰਹਿ ਕੇ ਹੀ ਲਾਭ ਪ੍ਰਾਪਤ ਹੁੰਦਾ ਹੈ ਪਰ ਮਨਮੁਖ ਡਰ ਵਿਚ ਨਹੀਂ ਰਹਿੰਦੇ। ਇਸੇ ਕਰਕੇ ਗੁਰਮੁਖ ਹੀ ਭੈ ਵਿਚ ਰਹਿੰਦੇ ਹੋਏ ਲਾਭ ਪ੍ਰਾਪਤ ਕਰਦੇ ਹਨ ਕਿਉਂਕਿ ਉਹ ਸਮਝਦੇ ਹਨ ਕਿ ਜੀਵ ਨਾਮ ਤੋਂ ਬਗੈਰ ਸਚਿਆਰਾ ਨਹੀਂ ਬਣ ਸਕਦਾ। ਕਿਸੇ ਪ੍ਰਕਾਰ ਦੇ ਵੇਸ ਦਾ ਭੇਖ ਦੁਆਰਾ ਜੀਵ ਕਲਿਆਣਤਾ ਪ੍ਰਾਪਤ ਨਹੀਂ ਕਰ ਸਕਦਾ। ਜੀਵ ਦਾ ਨਿਸਤਾਰਾ ਦਇਆਲੂ ਤੇ ਕ੍ਰਿਪਾਲੂ ਪ੍ਰਭੂ ਹੀ ਕਰ ਸਕਦਾ ਹੈ। ਜੋ ਸਾਰਿਆਂ ਜੀਵਾਂ ਅੰਦਰ ਨਿਵਾਸ ਕਰਦਾ ਹੈ। ਇਸ ਤੋਂ ਭਲੀ ਭਾਂਤ ਪ੍ਰਗਟ ਹੈ ਕਿ ਸਾਰਾ ਸੰਸਾਰ ਉਸ ਵਾਹਿਗੁਰੂ ਦੀ ਰਚਨਾ ਹੈ ਤੇ ਹੁਕਮ ਅੰਦਰ ਸੰਸਾਰਕ ਕਾਰ-ਵਿਹਾਰ ਚਲ ਰਿਹਾ ਹੈ। ਉਪਰੋਕਤ ਪਉੜੀਆਂ ਵਿਚ ਅਕਾਲ ਪੁਰਖ ਦੇ ਵੱਖ ਵੱਖ ਨਾਂ ਰੱਖ ਕੇ ਵੱਖ ਵੱਖ ਰੂਪਾਂ ਦੀ ਅਤਿ ਹੀ ਸੁੰਦਰ ਸ਼ਬਦਾਂ ਰਾਹੀਂ ਉਸਤਤੀ ਕੀਤੀ ਗਈ ਹੈ। ਇਸ ਵਾਰ ਦੀਆਂ ਕੁੱਲ 28 ਪਉੜੀਆਂ ਅਤੇ 59 ਸਲੋਕ ਹਨ, ਜਿੰਨ੍ਹਾਂ ਦੀ ਉਸਾਰੀ ਇਕ ਚੰਗੇ, ਸੁਚੱਜੇ ਕਾਰੀਗਰ ਨੇ ਅਤਿ ਸੁੰਦਰ ਢੰਗ ਨਾਲ ਕੀਤੀ ਹੈ।

ਕਮਾਲ ਤੇ ਸੁਚੱਜੇ ਉਸਰਈਏ ਨੇ ਕਲਾਤਮਿਕ ਸੁੰਦਰਤਾ-ਵਿਸ਼ਾਲ ਕਲਪਨਾ ਪ੍ਰਭੂ ਉਸਤਤੀ, ਆਕਾਸ਼ ਅਤੇ ਧਰਤੀ ਦੇ ਮਨ-ਮੋਹਣੇ ਪੰਜਾਬੀ ਸੁਭਾਵਾਂ ਵਾਲੇ ਚਿਤ੍ਰ ਚਿਤ੍ਰਨ ਵਿਚ ਕਮਾਲ ਦੀ ਕਲਮਸ਼ਕਤੀ ਤੋਂ ਕੰਮ ਲਿਆ ਹੈ।

ਸੰਖੇਪ ਰੂਪ ਵਿਚ ਗੁਰੂ ਜੀ ਨੇ ਦੱਸਿਆ ਹੈ ਕਿ ਪ੍ਰਮਾਤਮਾ ਇਕ ਹੈ, ਉਹੀ ਸ੍ਰਿਸ਼ਟੀ ਦਾ ਰਚਨਹਾਰ ਹੈ। ਪ੍ਰਭੂ ਪ੍ਰਮਾਤਮਾ ਦੀ ਪ੍ਰਾਪਤੀ ਲਈ ਦੇਵੀ ਦੇਵਤਿਆਂ ਦੀ ਉਪਾਸ਼ਨਾ ਨਹੀਂ ਸਗੋਂ ਗੁਰੂ ਦੇ ਹੁਕਮ ਵਿਚ ਰਹਿ ਕੇ, ਹਉਮੈ ਤਿਆਗ ਕੇ ਨਾਮ ਸਿਮਰਨ ਕਰੇ। ਨਾਮ ਪ੍ਰਾਪਤੀ ਵਾਹਿਗੁਰੂ ਦੀ ਨਦਰ ਨਾਲ ਹੁੰਦੀ ਹੈ।

## ਫੁਟਕਲ ਬਾਣੀਆਂ ਜਾਂ ਸ਼ਬਦ

### ਸਲੋਕ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੁਲ 258 ਸਲੋਕ ਲਿਖੇ ਹਨ ਜਿੰਨ੍ਹਾਂ ਵਿਚੋਂ 33 ਸਲੋਕ ਵਾਰਾਂ ਤੇ ਵਧੀਕ ਸਲੋਕਾਂ ਦੇ ਅੰਤਰਗਤ ਅਤੇ ਬਾਕੀ ਸਲੋਕ ਵੱਖ ਵੱਖ ਰਾਗਾਂ ਵਿਚ ਵਾਰਾਂ ਨਾਲ ਦਰਜ ਹਨ। ਇਹ ਸਲੋਕ ਮੁੱਖ ਤੌਰ ਤੇ ਸਮਾਜਕ, ਰਾਜਨੀਤਕ ਤੇ ਧਾਰਮਿਕ ਹਾਲਾਤ ਤੋਂ ਪ੍ਰਭਾਵਿਤ ਹੋਕੇ ਰਚੇ ਗਏ ਹਨ ਅਤੇ ਇਨ੍ਹਾਂ ਦੁਆਰਾ ਉਪਰੋਕਤ ਬੁਰਿਆਈਆਂ ਕਾਰਨ ਜਨਤਾ ਦੀ ਦੁਰਦਸ਼ਾ ਦੀ ਤਰਜਮਾਨੀ ਕਰਦੇ ਹਨ। ਇਸ ਪ੍ਰਕਾਰ ਦੇ ਸਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਪ੍ਰਚੱਲਤ ਧਰਮਾਂ ਵਿਰੁਧ ਅਤਿਭ੍ਰਸ਼ਟਤਾ ਉਸ ਸਮੇਂ ਦੀ ਕਾਵਿ-ਲਹਿਰ ਸਲੋਕਾਂ ਦੁਆਰਾ ਹੀ ਪ੍ਰਗਟ ਕੀਤੀ ਹੈ।

ਇਸ ਤੋਂ ਬਿਨ੍ਹਾਂ ਪ੍ਰਭੂ ਦੀ ਉਪਮਾਂ ਦੇ ਸਲੋਕ, ਪੁਰਾਤਨ ਰਸਮਾਂ, ਭੇਖਾਂ, ਪਾਖੰਡਾਂ ਤੇ ਕਰਮ ਕਾਂਡਾਂ ਦੀ ਆਲੋਚਨਾ ਦੇ ਸਲੋਕ ਲੋਕਾਂ ਦੇ ਆਚਾਰ ਨੂੰ ਉਚਾ ਕਰਨ ਲਈ ਸਦਾਚਾਰਕ ਪਰਚਾਰ ਦੇ ਸਲੋਕ ਅਤੇ ਫੁਟਕਲ ਸਲੋਕ, ਜਿਨ੍ਹਾਂ ਵਿਚ ਆਪ ਦੇ ਪ੍ਰਭੂ ਪਿਆਰ, ਭਗਤੀ ਆਦਿ ਭਾਵਾਂ ਵਾਲੇ ਸਲੋਕ ਸਮਿਲਤ ਹਨ। ਗੁਰੂ ਸਾਹਿਬ ਨੇ ਸਮੇਂ ਦੇ ਹਾਲਾਤ ਤੋਂ ਪ੍ਰਭਾਵਿਤ ਹੋਕੇ ਜੀਵਨ ਨੂੰ ਆਦਰਸ਼ਕ ਤੇ ਚੰਗਾ ਬਣਾਉਣ ਦੇ ਸੁਝਾ ਇਨ੍ਹਾਂ ਸਲੋਕਾਂ ਵਿਚ ਪੇਸ਼ ਕੀਤੇ ਹਨ।

ਵਿਸ਼ੇ ਦੇ ਹਰ ਪੱਖ ਨੂੰ ਘੋਖਣ ਦਾ ਜਤਨ ਕੀਤਾ ਗਿਆ ਹੈ ਜਿਵੇਂ ਸੂਤਕ ਤੇ ਜਨੇਊ ਆਦਿ ਦੇ ਸਲੋਕਾਂ ਵਿਚ ਸਿਰਫ਼ ਹਿੰਦੂਆਂ ਦੇ ਦ੍ਰਿਸ਼ਟੀਕੋਣ ਨੂੰ ਹੀ ਨਹੀਂ ਪੇਸ਼ ਕੀਤਾ ਸਗੋਂ ਇਨ੍ਹਾਂ ਰਸਮਾਂ ਰਿਵਾਜਾਂ ਦੀ ਮੌਲਿਕ ਵਿਆਖਿਆ ਕੀਤੀ ਹੈ।

ਇਸ ਪ੍ਰਕਾਰ ਸਲੋਕ ਬੜੇ ਤੀਖਣ ਪ੍ਰਭਾਵ ਵਾਲੇ ਹਨ। ਇਨ੍ਹਾਂ ਸਲੋਕਾਂ ਵਿਚ ਕਈ ਥਾਈਂ ਪ੍ਰਭਾਵ ਨੂੰ ਕਾਇਮ ਰੱਖਣ ਲਈ ਸ਼ਬਦਾਂ ਨੂੰ ਦੁਹਰਾਇਆ ਗਿਆ ਹੈ। ਕਲਾ ਨਿਪੁੰਨਤਾ ਅਜੇਹੀ ਹੈ ਕਿ ਪ੍ਰਭਾਵ ਫਿੱਕਾ ਨਹੀਂ ਪੈਂਦਾ ਸਗੋਂ ਜ਼ੋਰਦਾਰ ਹੁੰਦਾ ਹੈ। ਸਲੋਕ ਵਧੇਰੇ ਭਗਤੀ ਭਾਵ ਤੇ ਸਮਾਜਿਕ ਹਨ। [redacted] ਫਲਸਰੂਪ ਉਨ੍ਹਾਂ ਵਿਚ ਰਾਗਾਤਮਿਕਤਾ ਦੀ ਘਾਟ ਹੈ ਭਾਵੇਂ ਤੋਲ ਤੇ ਤੁਕਾਂਤ ਨੂੰ ਕਾਇਮ ਰੱਖਿਆ ਗਿਆ ਹੈ। ਵਿਸ਼ੇ ਦੇ ਪੱਖੋਂ ਸਲੋਕ ਬੌਧਿਕ ਵਧੇਰੇ ਤੇ ਭਾਵੁਕ ਘੱਟ ਹਨ। ਸਲੋਕਾਂ ਦੀ ਬੋਲੀ ਪ੍ਰਭਾਵ-ਪੂਰਤ ਵਧੇਰੇ ਹੈ ਅਤੇ ਸਹਿਜ ਸੁਭਾਵਕ ਮੂੰਹੋਂ ਨਿਕਲਦੀ ਹੋਈ ਪ੍ਰਤੀਤ ਹੁੰਦੀ ਹੈ:

ਫਕੜ ਜਾਤੀ ਫਕੜ ਨਾਉ।। ਸਭਨਾਂ ਜੀਆਂ ਇਕ ਛਾਉ।।[41]

... ... ...

ਕੂੜ ਬੋਲਿ ਮੁਰਦਾਰੁ ਖਾਇ।। ਅਵਰੀ ਨੋ ਸਮਝਾਵਣਿ ਜਾਇ।।

... ...

ਹੱਕ ਪਰਾਇਆ, ਨਾਨਕਾ ਉਸ ਸੂਅਰੁ ਉਸ ਗਾਇ।।

... ...

ਕਲਿ ਕਾਤੀ ਰਾਜੇ ਕਸਾਈ ਧਰਮ ਪੰਖ ਕਰਿ ਉਡਰਿਆ।।[42]

## ਪਦੇ

ਛੋਟੀਆਂ ਗੀਤਮਈ ਕਵਿਤਾਵਾਂ ਜਾਂ ਸ਼ਬਦਾਂ ਨੂੰ ਪਦੇ ਆਖਦੇ ਹਨ ਪਰ 'ਪਦਾ' ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਬੰਦ ਲਈ ਵਰਤਿਆ ਹੈ। ਇਸ ਲਈ ਦੋ ਬੰਦਾਂ ਵਾਲੇ ਸ਼ਬਦ

ਦੋ ਪਦੇ (ਦੁਪਦੇ) ਤਿੰਨਾਂ ਵਾਲੇ ਤਿਪਦੇ ਅਤੇ ਇਸ ਤਰ੍ਹਾਂ ਚਉਪਦੇ ਪੰਚਪਦੇ ਤੇ ਛੇ-ਪਦੇ ਹਨ ਇਨ੍ਹਾਂ ਦੀ ਗਿਣਤੀ ਗੁਰੂ ਗ੍ਰੰਥ ਸਾਹਿਬ ਵਿਚ ਕ੍ਰਮਵਾਰ ਇਸ ਪ੍ਰਕਾਰ ਹੈ:

ਦੁਪਦੇ ਤਿੰਨ, ਤਿਪਦੇ 9, ਚਉਪਦੇ 167, ਪੰਚਪਦੇ 20 ਤੇ ਛੇ-ਪਦੇ 5 ।

ਅਸਲ ਵਿਚ ਪਦੇ ਜਾਂ ਸ਼ਬਦ ਗੁਰੂ ਸਾਹਿਬ ਦੀਆਂ ਵੈਰਾਗਮਈ ਸਰੋਦੀ ਸੁਰਾਂ ਹਨ। ਇਨ੍ਹਾਂ ਸਰੋਦੀ ਸੁਰਾਂ ਵਿਚ ਆਪ ਨੇ ਬਿਰਹੋਂ 'ਪੀੜਾਂ ਦੀ ਹਵਾਕ ਕੱਢੀ ਹੈ ਤੇ ਸੰਸਾਰ ਵਿਚਲੀਆਂ ਕਮਜ਼ੋਰੀਆਂ ਦਾ ਵਰਨਣ ਕੀਤਾ ਹੈ। ਕਿਤੇ ਕਿਤੇ ਸਮਾਜਿਕ, ਧਾਰਮਿਕ ਅਤੇ ਰਾਜਸੀ ਪੱਤਨ ਦਾ ਜ਼ਿਕਰ ਹੈ। ਪਰ ਮੁੱਖ ਤੌਰ ਤੇ ਸਾਰਿਆਂ ਸ਼ਬਦਾਂ ਵਿਚ ਪ੍ਰਭੂ ਪ੍ਰੇਮ ਦਾ ਸੰਦੇਸ਼ ਦਿੱਤਾ ਹੈ।

ਵਾਸਤਵ ਵਿਚ ਹਰ ਪਦੇ ਵਿਚ ਕਿਸੇ ਪੱਖ ਤੋਂ ਜੀਵਨ ਦੀ ਆਲੋਚਨਾ ਕਰਕੇ, ਉਸ ਕਮਜ਼ੋਰੀ ਦਾ ਇਲਾਜ ਸੁਝਾਇਆ ਹੁੰਦਾ ਹੈ ਭਾਵੇਂ ਪੁੱਠ ਦਾਰਸ਼ਨਿਕ ਜਾਂ ਧਾਰਮਿਕ ਸਿਧਾਂਤ ਦੀ ਹੀ ਹੁੰਦੀ ਹੈ। ਪਦਿਆਂ ਵਿਚ ਸ਼ਾਂਤ ਰਸ ਪ੍ਰਧਾਨ ਹੈ ਪਰ ਸ਼ਿੰਗਾਰ ਰਸ ਤੇ ਹੋਰ ਰਸਾਂ ਦਾ ਪ੍ਰਯੋਗ ਵੀ ਕਈ ਥਾਵਾਂ ਤੇ ਮਿਲਦਾ ਹੈ।

ਗਿਣਤੀ ਵਿਚ ਚਉਪਦੇ ਸਭ ਤੋਂ ਵੱਧ ਲਿਖੇ ਗਏ ਹਨ ਜਿਵੇਂ ਕਿ ਉਪਰਲੀ ਗਿਣਤੀ ਸਪਸ਼ਟ ਹੈ। ਇਨ੍ਹਾਂ ਪਦਿਆਂ ਦਾ ਵਿਸ਼ਾ ਦੁਖਾਂਤ ਹੈ ਪਰ ਦੁਪਦੇ 3 ਤੇ ਤਿਪਦੇ 38 ਬਾਬਰ ਦੇ ਅੱਤਿਆਚਾਰ ਨੂੰ ਨੰਗਾ ਕਰਦੇ ਹਨ ਜੋ ਕਿ ਸਮਾਜਿਕ ਤੇ ਰਾਜਨੀਤਕ ਅਧੋਗਤੀ (ਦੁਰਦਸ਼ਾ) ਦੀ ਅਨੁਪਮ ਉਦਾਹਰਣ ਹਨ।

**ਅਸ਼ਟਪਦੀਆਂ**

ਅਸ਼ਟਪਦੀ ਤੋਂ ਭਾਵ ਹੈ - ਅੱਠ ਪੌੜਿਆਂ ਜਾਂ ਬੰਦਾਂ ਦੀ ਕਵਿਤਾ। ਅਸ਼ਟਪਦੀਆਂ ਗੁਰੂ ਨਾਨਕ ਦੇਵ ਜੀ ਨੇ ਕੁੱਲ 102 ਰਚੀਆਂ ਹਨ, ਜੋ ਵੱਖ ਵੱਖ ਰਾਗਾਂ ਵਿਚ ਅੰਕਿਤ ਹਨ। ਅਸ਼ਟਪਦੀਆਂ ਚਉਪਦਿਆਂ ਤੋਂ ਬਿਲਕੁਲ ਉਲਟ ਹਨ ਕਿਉਂਕਿ ਚਉਪਦੇ ਦੁੱਖ ਨੂੰ ਬਿਆਨ ਕਰਦੇ ਹਨ ਪਰ ਅਸ਼ਟਪਦੀਆਂ ਮਿਲਾਪ ਦੇ ਸਾਧਨ ਪਰਚਾਰਦੀਆਂ ਹਨ। ਅਸਲ ਵਿਚ ਅਸ਼ਟਪਦੀਆਂ ਧਾਰਮਿਕ ਤੇ ਸਦਾਚਾਰਕ ਵਿਹਾਰ ਦ੍ਰਿੜਾਉਂਦੀਆਂ ਹਨ:-

ਜਗੁ ਕਊਆ ਨਾਮੁ ਨਹੀ ਚੀਤਿ।। ਨਾਮੁ ਬਿਸਾਰਿ ਗਿਰੇ ਦੇਖਿ ਭੀਤਿ।।
ਮਨੂਆ ਡੋਲੈ ਚੀਤਿ ਅਨੀਤਿ।। ਜਗ ਸਿਉ ਤੂਟੀ ਝੂਠ ਪਰੀਤਿ।।
ਕਾਮੁ ਕ੍ਰੋਧ ਬਿਖੁ ਬਜਰੁ ਭਾਰ।। ਨਾਮ ਬਿਨਾ ਕੈਸੇ ਗੁਨ ਚਾਰੁ।।[43]

ਆਪ ਜੀ ਨੇ ਇਨ੍ਹਾਂ ਛੰਤਾਂ ਵਿਚ ਪਤਨੀ ਦੇ ਸੁਲਭਰੂਪੀ ਸ਼ਿੰਗਾਰ ਦਾ ਰਜ ਕੇ ਵਰਨਣ ਕੀਤਾ ਹੈ। ਪਰ ਫਿਰ ਵੀ ਪ੍ਰਭਾਵ ਪਾਉਣ ਲਈ ਨਾਟਕੀ ਲਟਕਾਓ ਤੇ ਸੁਝਾਓ ਹੈ।

ਛੰਤ

ਛੰਤਾਂ ਵਿਚ ਗੁਰੂ ਸਾਹਿਬ ਨੇ ਕਈ ਸਥਾਨਾਂ ਤੇ ਬੰਦਿਸ਼ਾਂ ਦੀ ਵੀ ਉਲੰਘਣਾ ਕੀਤੀ ਹੈ ਅਤੇ ਇਤਨੀ ਤੇਜ਼ੀ ਦਾ ਪ੍ਰਯੋਗ ਹੈ ਕਿ ਬਾਲੜੀ ਆਪ ਗੁਰੂ ਪਿਤਾ ਜੀ ਨੂੰ ਗੁਰੂ ਵਰ ਲਭਣ ਲਈ ਬੇਨਤੀ ਕਰਦੀ ਹੈ। ਕਿਉਂਕਿ ਉਸ ਪ੍ਰਭੂ, ਪਤੀ-ਪਰਮੇਸ਼ਰ ਤੋਂ ਬਿਨਾਂ ਰਹਿਣਾ ਕਠਿਨ ਹੈ।

ਆਮ ਕਰਕੇ ਛੰਤ ਚਾਰ ਪੌਦਿਆਂ ਦੀ ਰਚਨਾ ਹੈ ਪਰ ਹਰ ਪੌਦੇ ਵਿਚ ਛੇ ਸਤਰਾਂ ਹੁੰਦੀਆਂ ਹਨ:

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ।।
ਫਿਰ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ।।
ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈਂ ਚਮਕਏ।।
ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਾਰਿਆ।।
ਸਚੁ ਕਹੈ ਨਾਨਕ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ।।[44]

ਗੁਰੂ ਜੀ ਨੇ ਕੁੱਲ 24 ਛੰਤ ਲਿਖੇ ਹਨ। ਇਹ ਛੰਤ ਗਉੜੀ ਆਸਾ, ਵਡਹੰਸ, ਸੂਹੀ, ਧਨਾਸਰੀ, ਬਿਲਾਵਲ ਤੇ ਤੁਖਾਰੀ ਰਾਗ ਵਿਚ ਅੰਕਿਤ ਹਨ। ਇਨ੍ਹਾਂ ਛੰਤਾਂ ਵਿਚ ਪ੍ਰਭਾਵ ਕਾਇਮ ਰੱਖਣ ਲਈ ਦੁਹਰਾਉ ਕਾਫੀ ਹੈ। ਇਸ ਤੋਂ ਬਿਨਾਂ ਇਨ੍ਹਾਂ ਛੰਤਾਂ ਦੀ ਬੋਲੀ ਬੜੀ ਭਾਵਪੂਰਤ, ਸੁਭਾਉ ਤੇ ਤਜਰਬੇਕਾਰੀ ਹੈ ਪਰ ਉਸ ਉਤੇ ਲੋਕ ਰਸਮਾਂ ਦੀ ਗਹਿਰੀ ਛਾਪ ਹੈ।

**ਪਹਰੇ**

'ਪਹਰੇ' ਗੁਰੂ ਨਾਨਕ ਸਾਹਿਬ ਨੇ ਕੇਵਲ ਦੋ ਰਚੇ ਹਨ ਜੋ ਕਿ ਸ੍ਰੀ ਰਾਗ ਵਿਚ ਦਰਜ ਹਨ। 'ਪਹਰ' ਦਾ ਭਾਵ ਹੈ ਦਿਨ ਜਾਂ ਰਾਤ ਦਾ ਚੌਥਾ ਹਿੱਸਾ। ਉਮਰ ਨੂੰ ਗੁਰੂ ਜੀ ਨੇ ਰਾਤ ਦਾ ਨਾਮ ਦਿੱਤਾ ਹੈ, ਜਿਸ ਵਿਚ ਮਨੁੱਖ ਪ੍ਰਮਾਤਮਾ ਤੋਂ ਵਿਛੜ ਕੇ ਕਲਖ ਵਿਚ

ਫਸਿਆ ਹੋਇਆ ਹੈ ਇਸ ਕਾਵਿ ਵਿਚ ਰਾਤ ਰੂਪੀ ਜੀਵਨ ਨੂੰ ਬਿਤਾ ਦੇਂਦਾ ਹੈ। ਇਸ ਪ੍ਰਕਾਰ ਪਹਰੇ ਵਿਚ ਜੀਵਨ ਨੂੰ ਚਾਰ ਪਹਿਰਾਂ ਵੰਡਿਆ ਹੋਇਆ ਹੈ। ਪਹਿਲਾ ਪਹਿਰ ਬਾਲਪਣ ਦਾ ਹੈ ਜੋ ਖੇਡ ਕੁੱਦ ਕੇ ਲੰਘਦਾ ਹੈ। ਦੂਜਾ ਤੇ ਤੀਜਾ ਜਵਾਨੀ ਦਾ ਤੇ ਵਿਚਕਾਰਲੀ ਉਮਰ ਦਾ ਧਨ ਕਮਾਉਣ ਤੇ ਭੋਗਣ ਕਰਨ ਵਿਚ ਲੰਘਦਾ ਹੈ ਅਤੇ ਚੌਥਾ ਪਹਿਰ ਬੁਢਾਪੇ ਦਾ ਹੈ। ਇਹ ਨਿਰਬਲਤਾ ਤੇ ਮੌਤ ਦੇ ਨੇੜੇ ਦਾ ਸਮਾਂ ਹੈ:

ਪਹਿਲੇ ਪਹਿਰ ਰੈਣਿਕੇ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ।।

... ... ...

ਕਹੁ ਨਾਨਕ ਪ੍ਰਾਣੀ ਪਹਿਲੇ ਪਹਿਰੇ ਹੁਕਮਿ ਪਇਆ ਗਰਭਾਸਿਸ।।
ਦੂਜੇ ਪਹਰੇ ਰੈਣਿ ਕੇ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ।।

... .... ...

ਕਹੁ ਨਾਨਕ ਪ੍ਰਾਣੀ ਦੂਜੇ ਪਹਰੇ ਵਿਸਰ ਗਇਆ ਧਿਆਨੁ।।
ਤੀਜੇ ਪਹਰੇ ਰੈਣ ਕੇ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ।।

... ... ...

ਕਹੁ ਨਾਨਕ ਤੀਜੇ ਪਹਰੇ ਪ੍ਰਾਣੀ ਧਨ ਜੋਬਨ ਸਿਉ ਚਿਤੁ।।
ਚਉਥੇ ਪਹਰੇ ਰੈਣਿ ਕੇ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ।।
ਕਹੁ ਨਾਨਕ ਪ੍ਰਾਣੀ ਚਉਥੇ ਪਹਿਰੇ ਲਾਵੀ ਲੁਣਿਆ ਖੇਤੁ।।[45]

ਇਨ੍ਹਾਂ ਪਹਿਰਿਆਂ ਦਾ ਭਾਵ ਇਹ ਹੈ ਕਿ ਜੀਵਨ ਇਕ ਅਦੁੱਤੀ ਤੇ ਅਮੁੱਲਕ ਵਸਤੂ ਹੈ ਪਰ ਇਹ ਐਵੇਂ ਵਿਅਰਥ ਹੀ ਲੰਘ ਜਾਂਦਾ ਹੈ। ਜੀਵਨ ਮੰਤਵ ਦੀ ਪ੍ਰਾਪਤੀ ਲਈ ਜਤਨਸ਼ੀਲ ਹੋਣਾ ਚਾਹੀਦਾ ਹੈ।

ਪਹਿਰਿਆਂ ਵਿਚ ਲੋਕ-ਕਾਵਿ ਦਾ ਵਾਯੂ ਮੰਡਲ ਪੈਦਾ ਕਰਨ ਲਈ ਵਿਸ਼ੇਸ਼ ਸ਼ਬਦਾਂ ਦਾ ਦੁਹਰਾਓ ਕੀਤਾ ਗਿਆ ਹੈ। ਪਹਿਲੀ ਪੂਰੀ ਸਤਰ ਹਰ ਪਦੇ ਦੀ ਛੇਵੀਂ ਸਤਰ ਵਿਚ ਦੁਹਰਾਈ ਜਾਂਦੀ ਹੈ। ਤੀਜੀ ਸਤਰ ਦੂਜੀ ਦਾ ਹੀ ਰੂਪ ਅਤੇ ਹਰ ਚੌਥੀ ਸਤਰ ਵਿਚ ਚਿਤਾਵਨੀ ਹੈ। ਪੰਜਵੀਂ ਸਤਰ ਸਿਖਿਆ ਭਰਪੂਰ ਹੈ।

ਪਹਿਰਿਆਂ ਵਿਚ ਲੈਅ, ਰਾਗ, ਕਾਫੀਆ ਆਦਿ ਪ੍ਰਤੱਖ ਹੈ ਪਰ ਅਲੰਕਾਰ ਬਹੁਤੇ ਨਹੀਂ। ਜਿਨ੍ਹਾਂ ਦੀ ਵਰਤੋਂ ਬੜੀ ਸੁੰਦਰ ਤੇ ਵਧੇਰੇ ਮਾਤਰਾ ਵਿਚ ਕੀਤੀ ਹੈ।

## ਅਲਾਹਣੀਆਂ

ਸਧਾਰਨ ਜੀਵਨ ਵਿਚ ਅਲਾਹਣੀਆਂ ਮੌਤ ਦੇ ਗੀਤ ਹਨ। ਮੌਤ ਦੇ ਸਮੇਂ ਜਦੋਂ ਸਿਆਪਾ ਹੋ ਰਿਹਾ ਹੁੰਦਾ ਹੈ ਉਸ ਸਮੇਂ ਗਾਈਆਂ ਜਾਂਦੀਆਂ ਹਨ। ਗੁਰੂ ਜੀ ਨੇ ਦਸਿਆ ਹੈ ਕਿ ਸੰਸਾਰੀ ਜੀਵ ਦੀ ਮੌਤ ਕਈ ਪਰਕਾਰ ਨਾਲ ਹੁੰਦੀ ਹੈ। ਮਾਇਆ ਧਾਰੀ ਤੇ ਮਨਮੁਖ ਦੀ ਮੌਤ ਭਿਆਨਕ ਹੈ। ਪਰ ਗੁਰਮੁਖ ਦੀ ਮੌਤ ਅਨੰਦਮਈ ਹੈ।

ਗੁਰੂ ਨਾਨਕ ਦੇਵ ਜੀ ਰਚਿਤ 'ਅਲਾਹੁਣੀਆਂ' ਅਧਿਆਤਮਿਕ ਹਨ। ਇਨ੍ਹਾਂ ਦਾ ਪ੍ਰਭਾਵ ਨਿਰਾਸ਼ਤਾਮਈ ਨਹੀਂ ਭਾਵੇਂ ਵਾਯੂ-ਮੰਡਲ ਮੌਤ ਦਾ ਹੀ ਹੈ। ਇਹੋ ਜਿਹੇ ਵਾਕੰਸ਼ 'ਮੁਹਲਤਿ ਪੁਨੀ', 'ਪਾਈ ਭਰੀ' ਲਿਖਿਆ ਆਇਆ ਰੁੰਨੇ ਵੀਰ ਸਬਾਏ ਆਦਿ ਇਸ ਵਾਯੂ ਮੰਡਲ ਨੂੰ ਉਤਪੰਨ ਕਰਦੇ ਹਨ:

ਧੰ ਸਿਰੰਦਾ ਸਚਾ ਪਾਤਿਸਾਹੁ ਜਿਨਿ ਜੁਗ ਧੰਧੈ ਲਾਇਆ।
ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ।
ਜਾਨੀ ਘਤਿ ਚਲਾਇਆ, ਲਿਖਿਆ ਆਇਆ ਰੁੰਨੇ ਵੀਰ ਸਬਾਏ।।
ਕਾਇਆ ਹੰਸ ਥੀਆ ਵੇਛੋੜਾ ਜਾ ਦਿਨ ਪੁੰਨੇ ਮੇਰੀ ਮਾਏ।।
ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬ ਕਮਾਇਆ।
ਧੰਨ ਸਿਰੰਦਾ ਸਚਾ ਪਾਤਿਸਾਹੁ ਜਿਨਿ ਜੁਗੁ ਧੰਧੈ ਲਾਇਆ।
ਸਾਹਿਬ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ।
ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ।

... ... ...

ਵਾ ਨਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ।

... ... ...

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ। [46]

## ਕੁਚੱਜੀ

ਕੁਚੱਜੀ ਭੈੜੇ ਚੱਜਾਂ ਵਾਲੀ ਇਸਤ੍ਰੀ ਨੂੰ ਕਹਿੰਦੇ ਹਨ। ਵਾਹਿਗੁਰੂ ਭਗਤ ਜਦ ਪ੍ਰਮਾਤਮਾ ਨੂੰ ਨਹੀਂ ਪਾ ਸਕਦੇ ਤਾਂ ਆਪਣਾ ਦੋਸ਼ ਸਮਝਦੇ ਹਨ। ਇਵੇਂ ਹੀ ਇਕ ਔਰਤ ਆਪਣੇ

ਪਤੀ ਦੇ ਪਿਆਰ ਨੂੰ ਜਿੱਤਣ ਵਿਚ ਅਸਫਲ ਹੁੰਦੀ ਹੈ ਤਾਂ ਉਹ ਆਪਣਾ ਦੋਸ਼ ਕਢਦੀ ਹੈ। ਗੁਰੂ ਜੀ ਨੇ ਸੂਹੀ ਰਾਗ ਵਿਚ 16 ਸਤਰਾਂ ਦੀ ਕੁਚੱਜੀ ਸਿਰਲੇਖ ਹੇਠ ਕਵਿਤਾ ਰਚੀ ਹੈ ਜਿਸ ਵਿਚ ਲਹਿੰਦੀ ਸ਼ਬਦਾਵਲੀ ਦੀ ਵਰਤੋਂ ਨਾਲ ਮਿਠਾਸ ਭਰੀ ਗਈ ਹੈ।

ਮੰਞੁ ਕਚੱਜੀ ਅਮਾਵਣਿ ਡੋਸੜੇ, ਹਉ ਕਿਉ ਸਹੁ ਰਾਵਣਿ ਜਾਉ ਜੀਉ।।
ਇਕ ਦੂ ਇਕਦਿ ਚੜੰਦੀਆਂ, ਕਉਣ ਜਾਣੈ ਮੇਰਾ ਨਾਉ ਜੀਉ।।
ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀ ਏਹਿ ਜੀਉ।।
ਸੇ ਗੁਣ ਮੰਞੁ ਨਾ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ।

... ...

ਸਭਿ ਰਾਤੀ ਸੋਹਾਗਣੀ ਮੈਂ ਡੋਹਾਗਣਿ ਕਾਈ ਰਾਤਿ ਜੀਉ।[47]

<u>ਸੁਚੱਜੀ</u>

ਸੁਚੱਜੀ ਕੁਚੱਜੀ ਤੇ ਬਿਲਕੁਲ ਉਲਟ ਹੈ ਭਾਵ ਸੁਚੱਜੀ ਚੰਗੇ ਗੁਣਾਂ ਵਾਲੀ ਔਰਤ ਨੂੰ ਕਹਿੰਦੇ ਹਨ ਅਤੇ ਉਸ ਵਿਚ ਕੁਚੱਜੀ ਵਾਲੇ ਦੋਸ਼ ਨਹੀ ਹੁੰਦੇ। ਜਿਸ ਦਾ ਫਲਸਰੂਪ ਸੁਚੱਜੀ ਪ੍ਰਮਾਤਮਾ ਰੂਪੀ ਪਤੀ ਦੇ ਮਿਲਾਪ ਦਾ ਅਨੰਦ ਪ੍ਰਾਪਤ ਕਰਦੀ ਹੈ।

ਸੁਚੱਜੀ ਆਪਣੇ ਗੁਣਾਂ ਤੇ ਮਾਣ ਨਹੀਂ ਕਰਦੀ ਸਗੋਂ ਮਿਲਾਪ ਨੂੰ ਪ੍ਰਭੂ ਪ੍ਰੀਤਮ ਦੀ ਬਖਸ਼ਸ਼ ਸਮਝਦੀ ਹੈ। ਪ੍ਰਮਾਤਮਾ ਦੇ ਭਾਣੇ ਵਿਚ ਰਾਜ਼ੀ ਰਹਿੰਦੀ ਹੈ ਅਤੇ ਦੁੱਖ ਸੁੱਖ ਦੀ ਪ੍ਰਵਾਹ ਨਹੀ ਕਰਦੀ। ਇਸ ਕਾਵਿ ਵਿਚ ਵੀ ਕੁਚੱਜੀ ਕਾਵਿ ਦੀ ਤਰ੍ਹਾਂ ਲਹਿੰਦੀ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ।

ਜਾਂ ਤੂੰ ਤਾ ਮੈਂ ਸਭ ਕੋ ਤੂੰ ਸਾਹਿਬ ਮੇਰੀ ਰਾਸਿ ਜੀਉ।।
ਤੁਧੁ ਅੰਤਰਿ ਹਉ ਸੁਖ ਵਸਾ ਤੂੰ ਅੰਤਰਿ ਸਾਬਾਸਿ ਜੀਉ।।
ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸ ਜੀਉ।।
ਭਾਣੈ ਥਲ ਸਿਰਿ ਸਰੁ ਵਹੈ ਕਮਲ ਫੁਲੈ ਆਕਾਸਿ ਜੀਉ।
ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ।।[48]

ਸੁਚੱਜੀ ਸ਼ਬਦ ਤੋਂ ਐਸੀ ਜੀਵ ਆਤਮਾ ਦਾ ਅਰਥ ਲਿਆ ਹੈ, ਜਿਸ ਨੇ ਪ੍ਰੇਮ-ਭਾਵ ਨੂੰ ਆਪਣਾ ਤਨ, ਮਨ, ਧੰਨ, ਪਤੀ ਪ੍ਰਮਾਤਮਾ ਨੂੰ ਸਮਰਪਣ ਕਰ ਦਿੱਤਾ ਹੋਵੇ। ਸੁਚੱਜੀ

ਔਰਤ ਆਪਣੀ ਮਰਜੀ ਨੂੰ ਵਾਹਿਗੁਰੂ ਦੇ ਹੁਕਮ ਅਧੀਨ ਕਰ ਦਿੰਦੀ ਹੈ।

## ਸੋਦਰੁ

'ਸੋਦਰ' ਦਾ ਸ਼ਬਦ ਸਿਰਫ਼ ਜਪੁਜੀ ਦਾ ਅੰਗ ਹੀ ਨਹੀਂ ਸਗੋਂ ਗੁਰੂ ਗ੍ਰੰਥ ਸਾਹਿਬ ਵਿਚ ਰਹਿਰਾਸ ਅਤੇ ਆਸਾ ਰਾਗ ਵਿਚ ਵੀ ਅੰਕਿਤ ਹੈ। ਇਸ ਸ਼ਬਦ ਵਿਚ ਪ੍ਰਭੂ ਦੇ ਦਰ ਦਾ ਨਕਸ਼ਾ ਪੇਸ਼ ਕੀਤਾ ਹੈ। ਇਹ ਬ੍ਰਹਮੰਡ ਦੀ ਵਿਸ਼ਾਲਤਾ ਦਾ ਬੇਮਿਸਾਲ ਸ਼ਬਦ ਹੈ। ਇਸ ਵਿਚ ਸਾਰੇ ਬ੍ਰਹਮੰਡ ਦੇ ਪ੍ਰਬੰਧ ਨਹੀਂ ਨਾਮਦੀ ਇਕਸੁਰਤਾ ਦੱਸੀ ਹੈ। ਪ੍ਰਮਾਤਮਾ ਸਭ ਦੀ ਸੰਭਾਲ ਕਰ ਰਿਹਾ ਹੈ, ਉਸ ਦੀ ਰਜ਼ਾ ਵਿਚ ਰਹਿਣਾ ਤੇ ਉਸ ਦੀ ਰਚਨਾਤਮਿਕਤਾ ਨਾਲ ਇਕ ਸੁਰ ਹੋਣਾ ਹੀ ਭਗਤੀ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਪ੍ਰਮਾਤਮਾ ਇਸੇ ਇਕ ਖ਼ਾਸ ਕੇਂਦਰ ਤੋਂ ਸਾਰੇ ਬ੍ਰਹਮੰਡ ਨੂੰ ਕਿਸੇ ਮਿਥੇ ਪ੍ਰਬੰਧ ਹੇਠ ਚਲਾ ਰਿਹਾ ਹੈ ਅਤੇ ਇਸ ਨੂੰ ਬਦਲਣ ਦੀ ਸ਼ਕਤੀ ਉਸ ਤੋਂ ਛੁਟ ਹੋਰ ਕਿਸੇ ਵਿਚ ਨਹੀਂ।

## ਰਾਇਸਾ

'ਰਾਇਸਾ' ਰਚਨਾ ਬਾਰੇ ਮਤਭੇਦ ਹੈ। ਕਈ ਇਸ ਨੂੰ ਅਸ਼ਟਪਦੀ ਦਾ ਨਾਮ ਦਿੰਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਬੀੜ ਵਿਚ ਇਸ ਨੂੰ ਸ਼ਬਦ ਆਖਿਆ ਹੈ ਤੇ ਰਾਇਸਾ ਮ: 1 ਦੇ ਨਾਮ ਨਾਲ ਦਰਜ ਹੈ।

'ਰਾਇਸਾ' ਕਿੱਸੇ ਨੂੰ ਕਹਿੰਦੇ ਹਨ। ਇਸ ਲਈ ਇਹ ਵੀ ਇਕ ਲੋਕ-ਪ੍ਰਿਯ ਕਾਵਿ ਰੂਪ ਹੈ। ਇਸ ਵਿਚ ਗੁਰੂ ਸਾਹਿਬ ਨੇ ਵਾਹਿਗੁਰੂ ਅਕਾਲਪੁਰਖ ਨੂੰ ਨਾਇਕ ਮੰਨ ਕੇ ਉਸ ਦੀ ਉਪਮਾ ਤੇ ਉਸ ਦੇ ਕਰਤੱਵਾਂ ਦਾ ਕਿੱਸਾ ਭਾਵ 'ਰਾਇਸਾ' ਲਿਖਿਆ ਹੈ। ਇਸੇ ਦਾ ਵਿਸ਼ਾ ਕੋਈ ਨਵਾਂ ਨਹੀਂ ਸਗੋਂ ਬਖਰਵਾਣੀ ਤੇ ਅਨਭਾਣੀਆਂ ਵਾਲਾ ਹੈ।

ਇਸੇ ਲਈ ਕਿਹਾ ਜਾਂਦਾ ਹੈ ਕਿ 'ਰਾਇਸਾ' ਉਸ ਸੰਬੰਧ ਦੀ ਇਕ ਕੜੀ ਹੈ ਜਿਸ ਵਿਚ ਦੁਖਾਂਤ ਰਸ ਦੀ ਵਰਤੋਂ ਕੀਤੀ ਗਈ ਹੈ:

ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ।
ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ।।੧ ।।
ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ।। ੧ ।। ਰਹਾਉ ।।
ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ।
ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ।। 2 ।। [49]

## ਆਰਤੀ

'ਆਰਤੀ' ਇਕ ਸ਼ਬਦ ਹ ਜੋ ਕਿ ਕੀਰਤਨ ਸੋਹਿਲਾ ਬਾਣੀ ਦਾ ਹਿੱਸਾ ਹੈ। ਇਹ ਸ਼ਬਦ ਧਨਾਸਰੀ ਰਾਗ ਵਿਚ ਅੰਕਿਤ ਹੈ। ਇਸ ਵਿਚ ਗੁਰੂ ਜੀ ਨੇ ਸਾਰੇ ਬ੍ਰਹਮੰਡ ਨੂੰ ਮਹਾਨ ਸਰਬ ਸ਼ਕਤੀ ਮਾਨ ਪ੍ਰਮਾਤਮਾ ਦੀ ਆਰਤੀ ਉਤਾਰਦਿਆਂ, ਭਾਵ ਉਸਤਤ ਕਰਦਿਆਂ ਚਿਤਰਿਆ ਹੈ। ਗਗਨ, ਚੰਦ, ਸੂਰਜ, ਤਾਰੇ, ਬਨਸਪਤੀ ਤੇ ਸੁਗੰਧਤ ਹਵਾ ਇਸ ਆਰਤੀ ਨੂੰ ਸੁਸ਼ੋਭਿਤ ਕਰਦੇ ਹਨ।

ਗੁਰੂ ਜੀ ਦਸਦੇ ਹਨ ਕਿ ਇਸ ਤਰ੍ਹਾਂ ਮਹਾਨ ਪ੍ਰਮਾਤਮਾ ਦੇ ਗੁਣ ਗਾਏ ਜਾਂਦੇ ਹਨ। ਉਹ ਸਭ ਵਿਚ ਵਿਦਮਾਨ ਹੈ ਤੇ ਉਸ ਦੀ ਜੋਤ ਨਾਲ ਹੀ ਸਾਰਾ ਬ੍ਰਹਮੰਡ ਪ੍ਰਕਾਸ਼ਮਾਨ ਹੈ। ਇਸ ਗੱਲ ਦੀ ਸੋਝੀ ਗੁਰੂ ਦੀ ਸਿੱਖਿਆ ਦੁਆਰਾ ਆਉਂਦੀ ਹੈ। ਅੰਤ ਵਿਚ ਇਹ ਮੰਗ ਕੀਤੀ ਹੈ "ਹੇ ਪ੍ਰਮਾਤਮਾ", ਤੂੰ ਜੀਵ ਨੂੰ ( ਜੀਵਾਤਮਾ ) ਨਾਮ ਰੂਪੀ ਅੰਮ੍ਰਿਤ ਦੀ ਦਾਤ ਬਖਸ਼ ਤਾਂ ਕਿ ਉਸ ਨੂੰ ਆਪੇ ਦੀ ਸੋਝੀ ਹੋ ਜਾਵੇ।

## ਪੈਰ - ਟਿੱਪਣੀਆਂ

### ਅਧਿਆਇ - ਪਹਿਲਾ

1. ਤਾਰਨ ਸਿੰਘ (ਡਾ: ) - ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 13.
2. - ਉਹੀ -
3. ਆਦਿ ਗ੍ਰੰਥ - ਸੋਰਠਿ ਮ: ੧, ਪੰਨਾ 595.
4. - ਉਹੀ -
5. - ਉਹੀ -
6. - ਉਹੀ - , ਪੰਨਾ 1279.
7. - ਉਹੀ - , ਪੰਨਾ 663.
8. - ਉਹੀ -, ਪੰਨਾ 360.
9. ਸ਼ੇਰ ਸਿੰਘ (ਡਾ:) - ਫਿਲਾਸਫੀ ਆਫ਼ ਸਿੱਖਿਜ਼ਮ, ਪੰਨਾ 23,24.
10. ਤਾਰਨ ਸਿੰਘ (ਡਾ:) - ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 13.
11. ਬੇਦੀ, ਕਾਲਾ ਸਿੰਘ (ਡਾ:) - ਗੁਰੂ ਨਾਨਕ ਭਾਸ਼ਾ, ਪੰਨਾ 10.
12. ਤਾਰਨ ਸਿੰਘ (ਡਾ:) - ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 14.
13. ਮਿਸ਼ਰ ਜੈ ਰਾਮ (ਡਾ:) - ਗੁਰੂ ਨਾਨਕ ਬਾਣੀ (ਹਿੰਦੀ), ਪੰਨਾ 35.
14. - ਉਹੀ - , ਪੰਨਾ 15.
15. - ਉਹੀ - , ਪੰਨਾ 820.
16. ਸਤਿੰਦਰ ਸਿੰਘ (ਡਾ:) - ਗੁਰੂ ਨਾਨਕ ਕਾਵਿ ਅਧਿਐਨ, 1969 ਅੰਮ੍ਰਿਤਸਰ,
    ਪੰਨਾ 145.
17. ਆਦਿ ਗ੍ਰੰਥ, ਜਪੁਜੀ
18. - ਉਹੀ - ,
19. - ਉਹੀ -
20. - ਉਹੀ -, ਪੰਨਾ 939.
21. - ਉਹੀ -
22. - ਬੇਦੀ, ਕਾਲਾ ਸਿੰਘ (ਡਾ:) - ਗੁਰੂ ਨਾਨਕ ਦਰਸ਼ਨ, ਪੰਨਾ 178.

23. ਤਾਰਨ ਸਿੰਘ (ਡਾ.) - ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 153.

24. ਆਦਿ ਗ੍ਰੰਥ, ਪੰਨਾ 434.

25. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 352.

26. ਆਦਿ ਗ੍ਰੰਥ, ਪੰਨਾ 935.

27. ਉਹੀ, ਪੰਨਾ 930.

28. ਉਹੀ, ਪੰਨਾ 933.

29. ਉਹੀ, ਪੰਨਾ 906 1108.

30. ਉਹੀ, ਪੰਨਾ 140.

31. ਉਹੀ, ਪੰਨਾ 142.

32. ਉਹੀ, ਪੰਨਾ 142.

33. ਉਹੀ, ਪੰਨਾ 145

34. ਉਹੀ, ਪੰਨਾ 138

35. ਉਹੀ, ਪੰਨਾ 142

36. ਉਹੀ, ਪੰਨਾ 463

37. ਉਹੀ, ਪੰਨਾ 464

38. ਉਹੀ, ਪੰਨਾ 471

39. ਉਹੀ, ਪੰਨਾ 472

40. ਉਹੀ, ਪੰਨਾ 467

41. ਉਹੀ, ਪੰਨਾ 83

42. ਉਹੀ, ਪੰਨਾ 140

43. ਉਹੀ, ਪੰਨਾ 1287

44. ਉਹੀ, ਪੰਨਾ 438-39

45. ਉਹੀ, ਪੰਨਾ 74

46. ਉਹੀ, ਪੰਨਾ 578-82

47. ਉਹੀ, ਪੰਨਾ 762

48. ਉਹੀ, ਪੰਨਾ 762-63.

49. ਉਹੀ, ਪੰਨਾ 288

## ਅਧਿਆਇ ਦੂਜਾ

## ਪ੍ਰਕਿਰਤੀ ਦਾ ਸਰੂਪ

- ਪ੍ਰਕਿਰਤੀ ਲਈ ਵਰਤੇ ਗਏ ਵਿਭਿੰਨ ਸ਼ਬਦ, ਪ੍ਰੀਭਾਸ਼ਾ ਅਤੇ ਪ੍ਰਕਿਰਤੀ ਦੇ ਵਿਭਿੰਨ ਰੂਪ
- ਪ੍ਰਕਿਰਤੀ ਦੇ ਵਿਭਿੰਨ ਰੂਪਾਂ ਦੀ ਆਲੋਚਨਾ
- ਭਾਰਤੀ ਦਾਰਸ਼ਨਿਕ ਸਾਹਿੱਤ ਵਿਚ ਪ੍ਰਕਿਰਤੀ ਵਿਭਿੰਨ ਅਰਥ
- ਭਾਰਤੀ ਦਰਸ਼ਨ ਵਿਚ ਪ੍ਰਕਿਰਤੀ ਸੰਕਲਪ ਦਾ ਮਹੱਤਵ
- ਪ੍ਰਕਿਰਤੀ ਤੇ ਤ੍ਰੈਗੁਣ
- ਪ੍ਰਕਿਰਤੀ ਤੇ ਚਿੱਤ-ਬ੍ਰਿਤੀਆਂ
- ਪ੍ਰਕਿਰਤੀ ਤੇ ਦੇਸ਼-ਕਾਲ
- ਭਾਰਤੀ ਖਟ-ਦਰਸ਼ਨ ਵਿੱਚ ਪ੍ਰਕਿਰਤੀ ਦਾ ਸੰਕਲਪ
- ਪ੍ਰਕਿਰਤੀ ਸਬੰਧੀ ਜੈਨ ਤੇ ਬੁੱਧ ਦ੍ਰਿਸ਼ਟੀਕੋਣ
- ਅਭਾਰਤੀ ਮੱਤਾਂ ਅਨੁਸਾਰ ਪ੍ਰਕਿਰਤੀ-ਧਾਰਨਾ

ਫੁਟ-ਟਿੱਪਣੀਆਂ

## ਪ੍ਰਕਿਰਤੀ ਦਾ ਸਰੂਪ

ਮਨੁੱਖੀ ਚੇਤਨਾ ਨੇ ਬ੍ਰਹਿਮੰਡ ਦੇ ਹਰੇਕ ਪੱਖ ਦਾ ਤਾਰਕਿਕ ਵਿਵੇਚਨ ਕਰਕੇ, ਉਸਨੂੰ ਦਰਸ਼ਨ ਰੂਪ ਵਿਚ ਪ੍ਰਕਾਸ਼ਤ ਕੀਤਾ ਹੈ। ਮਨੁੱਖੀ ਗਿਆਨ ਦਾ ਖਜ਼ਾਨਾ ਮਨੁੱਖ ਦੇ ਸੈਂਕੜੇ ਸਦੀਆਂ ਦੇ ਵਿਕਾਸ-ਕ੍ਰਮ ਦੁਰਾਨ ਸੰਚਿਤ ਹੋਇਆ ਹੈ। ਪ੍ਰਕਿਰਤੀ ਵਿਚ ਮਨੁੱਖ ਹੀ ਅਜਿਹਾ ਸਰਵਸ਼ਰੇਸ਼ਟ ਚਿੰਤਨਸ਼ੀਲ ਪ੍ਰਾਣੀ ਹੈ ਜੋ ਪ੍ਰਕਿਰਤੀ ਦੇ ਕਾਰਜ-ਰਹੱਸਾਂ ਨੂੰ ਸਹਿਜੇ ਸਹਿਜੇ ਸਮਝ ਕੇ ਉਸ ਉਤੇ ਵਸ਼ੀਕਾਰ ਪ੍ਰਾਪਤ ਕਰਦਾ ਆਇਆ ਹੈ। ਗਿਆਨ ਦੀ ਕੋਈ ਸੀਮਾਂ ਨਹੀਂ ਅਤੇ ਨਾ ਇਸ ਦਾ ਕੋਈ ਅੰਤ ਹੈ। ਮਨੁੱਖੀ ਗਿਆਨ ਸਾਪੇਖਕ ਹੈ ਅਤੇ ਉਸ ਦੀ ਦਰੁਸਤੀ ਅਤੇ ਖੇਤਰ ਦੀ ਇਕ ਸੀਮਾਂ ਹੈ। ਉਹ ਆਪਣੇ ਵਿਸ਼ੇਸ਼ ਖੇਤਰ ਵਿਚ ਹੀ ਸੱਚ ਹੈ ਅਤੇ ਉਸ ਦੀ ਸੀਮਾਂ ਤੋਂ ਅੱਗੇ ਗਿਆਨ ਦੇ ਹੋਰ ਖੇਤਰ ਅਰੰਭ ਹੋ ਜਾਂਦੇ ਹਨ। ਭਾਵੇਂ ਹਰੇਕ ਗਿਆਨ ਇਸ ਸਮੁੱਚੇ ਬ੍ਰਹਿਮੰਡ ਦੀ ਹਕੀਕਤ ਦਾ ਇਕ ਭਾਗ ਹੀ ਹੈ ਅਤੇ ਮਨੁੱਖ ਆਪਣੀ ਸਮਝ ਦੀ ਸੀਮਾਂ ਅਨੁਸਾਰ ਹੀ ਕਿਸੇ ਪ੍ਰਕਾਰ ਦੇ ਗਿਆਨ ਨੂੰ ਗ੍ਰਹਿਣ ਕਰ ਸਕਦਾ ਹੈ।

ਉਪਯੋਗਿਕ ਸੌਖ ਲਈ ਹਰ ਪ੍ਰਕਾਰ ਦੇ ਗਿਆਨ ਦਾ ਵਰਗੀਕਰਨ ਅਤੇ ਅੱਗੋਂ ਹੋਰ ਉਪਵਰਗੀਕਰਨ ਕੀਤਾ ਗਿਆ ਹੈ ਤਾਂ ਜੋ ਹਰੇਕ ਖੇਤਰ ਨੂੰ ਬਰੀਕੀ ਨਾਲ ਘੋਖਿਆ ਜਾ ਸਕੇ, ਇਸ ਬਰੀਕਬੀਨੀ ਦਾ ਹੀ ਸਿੱਟਾ ਹੈ ਕਿ ਮਨੁੱਖ ਨੇ ਕੁਦਰਤ ਦੀਆਂ ਮੁੱਖ ਸ਼ਕਤੀਆਂ ਅਤੇ ਕਾਰਜ-ਵਿਧੀਆਂ ਨੂੰ ਜਾਣਕੇ ਹਜ਼ਾਰਾਂ ਤਰ੍ਹਾਂ ਦੇ ਉਪਕਰਣ ਬਣਾਕੇ ਆਪਣੀ ਗਿਆਨ ਪ੍ਰਾਪਤੀ ਦੇ ਖੇਤਰ ਵੀ ਵਿਸ਼ਾਲਤਰ ਕਰ ਲਿਆ ਹੈ। ਵਿਗਿਆਨਕ ਤਰਤੀਬ ਅਤੇ ਨਿਆਏ-ਸ਼ਾਸਤ੍ਰੀ ਵਿਧੀਆਂ ਨਾਲ ਮਨੁੱਖ ਨੇ ਆਪਣੇ ਗਿਆਨ ਨੂੰ ਤਰਤੀਬ ਦੇ ਲਈ ਹੈ। ਇਹ ਤਰਤੀਬ ਮਨੁੱਖੀ ਸੂਝ-ਬੂਝ ਅਤੇ ਦਾਨਸ਼ਵਰੀ ਦਾ ਕਰਿਸ਼ਮਾ ਹੈ, ਜਿਸ ਨਾਲ ਬ੍ਰਹਿਮੰਡ ਦੇ ਹਰੇਕ ਪੱਖ ਬਾਰੇ ਸਾਨੂੰ ਪ੍ਰੀਭਾਸ਼ਤ ਢੰਗ ਦਾ ਗਿਆਨ ਉਪਲਬਧ ਹੈ।

ਪ੍ਰਕਿਰਤੀ ਹੀ ਮਨੁੱਖ ਦਾ ਮੂਲ ਆਧਾਰ ਹੈ। ਕਿਉਂਕਿ ਮਨੁੱਖ ਪ੍ਰਾਕਿਰਤਕ ਚੇਤਨਾ ਦਾ ਸ੍ਰੇਸ਼ਟਤਮ ਨਮੂਨਾ ਹੈ ਅਤੇ ਉਸ ਅਸਤਿਤਵ ਤੇ ਜ਼ਿੰਦਗੀ ਦੀ ਬਰਕਰਾਰੀ ਪ੍ਰਾਕਿਰਤਕ ਪਦਾਰਥਾਂ ਉਤੇ ਹੀ ਨਿਰਭਰ ਹੈ। ਗਿਆਨੀਆਂ ਦਾ ਮੱਤ ਹੈ ਕਿ ਹਰ ਪ੍ਰਕਾਰ ਦੇ ਵਿਗਿਆਨਕ ਉਪਕਰਣ ਦਾ ਅਧਾਰ ਪ੍ਰਕਿਰਤੀ ਵਿਚ ਪਹਿਲਾਂ ਹੀ ਮੌਜੂਦ ਹੈ। ਵਿਗਿਆਨੀਆਂ ਨੇ ਉਸ ਆਧਾਰ ਨੂੰ ਲੱਭ ਕੇ ਆਪਣੀ ਮਰਜ਼ੀ ਅਨੁਸਾਰ, ਕਾਰਜਸ਼ੀਲ ਹੋਣ ਦੇ ਸਮਰਥ ਬਣਾ ਲਿਆ ਹੈ। ਪ੍ਰਕਿਰਤੀ ਦੀ ਹਰੇਕ

ਪ੍ਰਕਿਰਿਆ ਸੰਬੰਧੀ ਮਾਨਵ ਕੋਲ ਗਿਆਨ ਮੌਜੂਦ ਹੈ ਕਿਉਂਕਿ ਸਾਡਾ ਖੋਜ-ਖੇਤਰ ਪ੍ਰਕਿਰਤੀ ਦੇ ਉਸ ਸਰੂਪ ਨਾਲ ਸਬੰਧਤ ਹੈ ਜੋ ਮਹਾਂਕਵੀ ਗੁਰੂ ਨਾਨਕ ਦੀ ਬਾਣੀ ਵਿਚ ਰੂਪਮਾਨ ਹੋਇਆ ਹੈ ਇਸ ਲਈ ਆਪਣੇ ਵਿਸ਼ੇ ਦੇ ਅਗ੍ਰਸਰ ਹੋਣ ਤੋਂ ਪਹਿਲਾਂ ਅਸੀਂ ਪ੍ਰਕਿਰਤੀ ਸਬੰਧੀ ਕੁਝ ਪ੍ਰਸਿੱਧ ਵਿਚਾਰਵਾਨਾਂ ਦੇ ਪ੍ਰਭਾਸ਼ਤ ਚਿੰਤਨ ਦਾ ਉਲੇਖ ਕਰਨਾ ਜ਼ਰੂਰੀ ਸਮਝਦੇ ਹਨ।

ਦਾਰਸ਼ਨਿਕ ਸਾਹਿੱਤ ਵਿਚ ਪ੍ਰਕਿਰਤੀ ਸ਼ਬਦ ਦੇ ਸਰੂਪ ਅਤੇ ਇਸ ਦੀ ਸ਼ਾਬਦਿਕ ਸੀਮਾਂ ਨਿਰਧਾਰਿਤ ਕਰਦਿਆਂ ਵਿਚਾਰਕਾਂ, ਚਿੰਤਕਾਂ ਤੇ ਵਿਦਵਾਨਾਂ ਨੇ ਪ੍ਰਕਿਰਤੀ ਦੀਆਂ ਵੱਖ ਵੱਖ ਪ੍ਰੀਭਾਸ਼ਾਵਾਂ ਦਿੱਤੀਆਂ ਹਨ। ਕੋਸ਼ ਅਨੁਸਾਰ ਪ੍ਰਕਿਰਤੀ 'ਕ' ਧਾਤੂ ਤੋਂ ਬਣਿਆ ਕਿਦਤ ਰੂਪ ਹੈ, ਪ੍ਰਕਿਤਿ-ਪ੍ਰਕ੍ਰਿਸ਼ਟੇਨ-ਕ੍ਰਿਯਤੇ ਇਤਿ ਪ੍ਰਕ੍ਰਿਤੀ ਅਰਥਾਤ ਬੜੀ ਸਾਵਧਾਨੀ ਜਾਂ ਮੁਸ਼ਕਲ ਨਾਲ ਰਚੀ ਹੋਈ। ਇਸ ਦਾ ਭਾਵ ਇਹ ਹੈ ਕਿ ਕਿਸੇ ਅਦਿੱਖ ਸ਼ਕਤੀ ਦੁਆਰਾ ਸਿਰਜੀ ਮਹਾਨ ਕ੍ਰਿਤ ਹੀ ਪ੍ਰਕਿਰਤੀ ਹੈ।[1]

ਹਿੰਦੀ ਕੋਸ਼ ਅਨੁਸਾਰ ਪ੍ਰਕਿਰਤੀ ਉਹ ਵਸਤੂ ਹੈ, ਜਿਸ ਦਾ ਆਰੰਭ ਹੋ ਚੁੱਕਾ ਹੈ। ਸੁਭਾਉ-ਮਿਜ਼ਾਜ਼ ਦਾ ਮੂਲਤਤ ਹੈ, ਜਿਸਦਾ ਕਾਰਨ ਜਗਤ ਹੈ।[2] ਡਾ: ਰਘੂਵੰਸ਼ ਅਨੁਸਾਰ, ਪੱਛਮ ਵਿਚ ਜੜ੍ਹ-ਚੇਤਨ ਦੇ ਅਧਾਰ ਤੇ ਭੌਤਿਕ ਤੱਤ ਦੀ ਪ੍ਰਕਿਰਤੀ ਦੇ ਰੂਪ ਵਿਚ ਅਤੇ ਵਿਗਿਆਨਕ ਤੱਤ ਨੂੰ ਪਰਮ-ਤੱਤ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। ਇਹੋ ਭੇਦ ਪ੍ਰਕਿਰਤੀਵਾਦੀ ਅਤੇ ਈਸ਼ਵਰਵਾਦੀ ਵਿਚਾਰਕਾਂ ਦੇ ਦ੍ਰਿਸ਼ਟੀਕੋਣ ਦਾ ਕਾਰਨ ਹੈ।[3] ਪ੍ਰਕਿਰਤੀ ਲਈ ਅੰਗਰੇਜ਼ੀ ਸੰਸਕ੍ਰਿਤੀ ਅਤੇ ਭਾਸ਼ਾ ਵਿਚ 'ਨੇਚਰ' ਸ਼ਬਦ ਦੀ ਵਰਤੋਂ ਕੀਤੀ ਗਈ ਮਿਲਦੀ ਹੈ, ਜੋ ਲਾਤੀਨੀ ਭਾਸ਼ਾ ਤੋਂ ਬਣਿਆ ਸ਼ਬਦ ਹੈ, ਜਿਸਦੇ ਅਰਥ ਹਨ - ਉਤਪੰਨ ਹੋਈ ਸ਼ੈਅ।[4]

ਪ੍ਰਕਿਰਤੀ ਲਈ ਇਕ ਹੋਰ ਪ੍ਰਭਾਸ਼ਾ ਇਸ ਤਰ੍ਹਾਂ ਹੈ। ਸਾਧਾਰਨ ਰੂਪ ਵਿਚ ਸਾਰੇ ਦ੍ਰਿਸ਼ਟਮਾਨ ਨੂੰ ਇਸ ਦੇ ਪ੍ਰਤੱਖ ਸਰੂਪ ਦੀ ਰੂਪਾਤਮਿਕਤਾ ਅਤੇ ਇਸ ਦੀ ਸਹਿਤ ਚੇਤਨਾ ਨੂੰ ਪ੍ਰਕਿਰਤੀ ਮੰਨਿਆ ਗਿਆ ਹੈ।[5]

ਵੈਬਸਟਰ ਨੇ ਪ੍ਰਕਿਰਤੀ ਨੂੰ ਸੁਭਾਅ ਦੇ ਅਰਥਾਂ ਵਿਚ ਵੀ ਲਿਆ ਹੈ ਅਤੇ ਇਸ ਦਾ ਭਾਵ ਆਪਸੀ ਸਹਿਚਾਰ ਅਤੇ ਭਿੰਨ ਭਿੰਨ ਦ੍ਰਿਸ਼ਟੀਕੋਣਾਂ ਦੀ ਵਿਅੱਕਤੀਗਤ ਇਕਸਾਰਤਾ ਹੈ।[6]

ਬਰਨਰਡ ਬਸਕਟ ਪ੍ਰਕਿਰਤੀ ਦੀ ਪ੍ਰਭਾਸ਼ਾ ਦਿੰਦੇ ਆਖਦੇ ਹਨ ਕਿ ਮਨੁੱਖ ਦਾ ਸਮੁੱਚਾ ਗਿਆਨ ਪ੍ਰਕਿਰਤੀ ਸੰਬੰਧੀ ਹੀ ਹੈ। ਪ੍ਰਕਿਰਤੀ ਹਰ ਪ੍ਰਕਾਰ ਦੇ ਗਿਆਨ ਦਾ ਜ਼ਖੀਰਾ ਹੈ। ਇਸ ਲਈ ਕੁਦਰਤ ਗਿਆਨ ਤੇ ਗਿਆਨ ਕੁਦਰਤ ਹੈ। ਕਿਸੇ ਮਨੁੱਖ ਜਾਂ ਵਸਤੂ ਦੇ ਆਦਿ ਜਾਂ ਮੂਲ ਗੁਣ

ਪ੍ਰਕਿਰਤੀ ਅਖਵੰਦੇ ਹਨ। ਪ੍ਰਕਿਰਤੀ ਦੀ ਸੀਮਾ ਵਿਚ ਹਰ ਵਸਤੂ ਆ ਜਾਂਦੀ ਹੈ, ਜਿਸ ਦੀ ਸੋਝੀ ਸਾਨੂੰ ਪੰਜਾਂ ਗਿਆਨ ਇੰਦਰੀਆਂ ਰਾਹੀ ਹੁੰਦੀ ਹੈ।[7]

ਪਲੈਟੋ, ਟਾਮਸ, ਅਰਸਤੂ, ਕਾਂਟ ਤੇ ਟੈਨੀਸਨ ਦੇ ਵਿਚਾਰ ਵੀ ਮਹੱਤਵਪੂਰਨ ਹਨ। ਪੈਥਾਗਰੋਸ ਪ੍ਰਕਿਰਤੀ ਸਿਧਾਂਤ ਦਾ ਮੂਲ ਗਿਣਤੀ ਨੂੰ ਮੰਨਦਾ ਹੈ।[8] ਆਗਸਟਨ ਪ੍ਰਕਿਰਤੀ ਦੀ ਪ੍ਰੀਭਾਸ਼ਾ ਦਿੰਦਾ ਆਖਦਾ ਹੈ ਕਿ ਪ੍ਰਕਿਰਤੀ ਪਸਾਰੇ ਦਾ ਕਾਰਨ ਪਰਮ ਰਜ਼ਾ ਹੈ।[9] ਇਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ ਵਿਚ ਪ੍ਰਕਿਰਤੀ ਨੂੰ ਪ੍ਰਮਾਤਮਾ ਦੀ ਕਰਤਾਰੀ ਸ਼ਕਤੀ ਮੰਨਿਆ ਹੈ। ਇਸ ਦਾ ਭਾਵ ਸਾਰੀ ਪ੍ਰਕਿਰਤੀ ਰੱਬ ਦੀ ਰਚਨਾ ਹੈ।[10]

"ਗੁਰੂ ਨਾਨਕ ਪ੍ਰਕਾਸ਼" ਦੇ ਕਰਤਾ ਨੇ ਪ੍ਰਕਿਰਤੀ ਤੇ ਜਗਤ ਦਾ ਵਿਸਤਾਰ ਦਿੰਦਿਆਂ, ਪੰਜਾਂ ਤੱਤਾਂ ਦੇ ਮੇਲ ਤੇ ਸੁਭਾਅ ਨੂੰ ਪ੍ਰਕਿਰਤੀ ਕਿਹਾ ਹੈ।

"ਏਕ ਏਕ ਤੱਤ ਤਕੀ ਪੰਜ ਹੋ ਪ੍ਰਕਿਰਤੀ ਭਈ।"[11]

ਭਗਤ ਕਬੀਰ ਜੀ ਨੇ ਰਜੋ ਸਤੋ ਤਮੋ ਤੱਤਵਾਂ ਦੀ ਸੁਮੇਲਤਾ ਨੂੰ ਹੀ ਪ੍ਰਕਿਰਤੀ ਦਾ ਨਾਂ ਦਿੱਤਾ ਹੈ।

> ਰਜ ਗੁਣ, ਤਮ ਗੁਣ, ਸਤ ਗੁਣ ਕਹੀਐ।
> ਇਹ ਤੇਰੀ ਸਭ ਮਾਇਆ।।[12]

ਮਹਾਨ ਕੋਸ਼ ਦੇ ਕਰਤਾ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨੇ ਪ੍ਰਕਿਰਤੀ ਦੀ ਪ੍ਰੀਭਾਸ਼ਾ ਦਿੰਦੇ ਇਸ ਨੂੰ ਕਾਦਰ ਦੀ ਕੁਦਰਤ ਕਿਹਾ ਹੈ ਭਾਵ ਕਾਦਰ ਦੀ ਪੈਦਾ ਕੀਤੀ ਰਚਨਾ। ਉਨ੍ਹਾਂ ਨੇ ਪ੍ਰਕਿਰਤੀ ਨੂੰ ਸੁਭਾਅ ਤੇ ਮਿਜ਼ਾਜ ਦੇ ਅਰਥ ਵੀ ਦਿੱਤੇ ਹਨ।[13]

ਪ੍ਰਕਿਰਤੀ ਸੰਬੰਧੀ ਉਪਰੋਕਤ ਸਾਹਿਤਕ ਪ੍ਰੀਭਾਸ਼ਾਵਾਂ ਤੋਂ ਇਲਾਵਾ ਭਾਰਤੀ ਦਾਰਸ਼ਨਿਕ ਸਾਹਿੱਤ ਦੇ ਅਚਾਰੀਆਂ, ਵਿਦਵਾਨਾਂ ਤੇ ਵਿਚਾਰਕਾਂ ਨੇ ਪ੍ਰਕਿਰਤੀ ਦੀਆਂ ਪ੍ਰੀਭਾਸ਼ਾਵਾਂ ਪ੍ਰਸਤੁਤ ਕੀਤੀਆਂ ਹਨ। ਪ੍ਰਕਿਰਤੀ ਸ਼ਬਦ ਦੀ ਵਿਭਿੰਨ ਅਰਥਾਂ ਵਿਚ ਹੋਈ ਵਰਤੋਂ ਭਾਵੇਂ ਅਨੇਕ ਪ੍ਰਾਚੀਨ ਧਾਰਮਿਕ ਗ੍ਰੰਥਾਂ ਵਿਚ ਮਿਲਦੀ ਹੈ ਪਰ ਪ੍ਰਕਿਰਤੀ ਵਿਚਾਰ ਨੂੰ ਸਿਧਾਂਤਕ ਰੂਪ ਵਿਚ ਇਕ ਵੱਖਰੇ ਦਾਰਸ਼ਨਿਕ ਸੰਕਲਪ ਵਜੋਂ ਸ਼ੰਕਰਾਚਾਰੀਆ ਨੇ ਹੀ ਪੇਸ਼ ਕੀਤਾ ਹੈ।[14]

ਸ਼ੰਕਰ ਦੀ ਇਸ ਵਿਚਾਰਧਾਰਾ ਦਾ ਆਧਾਰ ਬ੍ਰਿਹਦਾਰਣਿਕ ਅਤੇ ਸ਼ਵੇਤਾਸ਼ਵੇਤਰ ਉਪਨਿਸ਼ਦ ਵਿਚ ਆਏ ਪ੍ਰਕਿਰਤੀ ਦੇ ਅਰਥ ਹੀ ਹਨ।[15] ਸ਼ੰਕਰ ਦੇ ਗੁਰੂ ਗਉੜਪਦ ਨੇ ਪ੍ਰਕਿਰਤੀ ਨੂੰ ਕੇਵਲ ਜਗਤ ਦਾ ਕਾਰਣ ਨਾ ਮੰਨਦੇ ਹੋਏ ਇਸ ਨੂੰ ਅਚਿੰਤਯ ਸ਼ਕਤੀ ਕਿਹਾ ਹੈ।[16]

ਸ਼ੰਕਰਾਚਾਰੀਆ ਵੀ ਆਪਣੇ ਗੁਰੂ ਵਾਂਗ ਇਸ ਕਥਨ ਦੀ ਪੁਸ਼ਟੀ ਕਰਦਾ ਹੋਇਆ ਪ੍ਰਕਿਰਤੀ ਨੂੰ ਅਨਿਰਬਚਨੀਯ ਸ਼ਕਤੀ ਮੰਨਦਾ ਹੈ। ਉਸ ਅਨੁਸਾਰ ਪ੍ਰਕਿਰਤੀ ਅਵਰਨਣ ਸ਼ਕਤੀ ਹੈ। ਇਹ ਨਾ ਸੱਤ ਹੈ ਨਾ ਅਸੱਤ ਤੇ ਨਾ ਹੀ ਅਸੱਤ ਸੱਤ। ਸ਼ੰਕਰ ਦੀ ਇਸੇ ਪ੍ਰਭਾਸ਼ਾ ਦੀ ਵਿਆਖਿਆ ਵਿਗਿਆਨਕ ਯੁੱਗ ਦੇ ਵਿਚਾਰਵਾਨ ਰਾਧਾ ਕ੍ਰਿਸ਼ਨਨ, ਰੇਵਾਨੰਦ, ਕਾਂਤੀ ਚੰਦਰ ਪਾਂਡੇ ਤੇ ਚੰਦਰਧਰ ਆਦਿ ਨੇ ਵੀ ਕੀਤੀ ਹੈ। ਸ਼ੰਕਰਾਚਾਰੀਆ ਪ੍ਰਕਿਰਤੀ ਦੀ ਪ੍ਰਭਾਸ਼ਾ ਇਕ ਹੋਰ ਦ੍ਰਿਸ਼ਟੀ ਤੋਂ ਦਿੰਦਾ ਹੋਇਆ ਇਸ ਨੂੰ ਬ੍ਰਹਮ ਦੀ ਸਿਰਜਨਾਤਮਿਕ ਸ਼ਕਤੀ ਮੰਨਦਾ ਹੈ।[17]

ਇਸ ਦਾ ਭਾਵ ਕਿ ਦ੍ਰਿਸ਼ਟਮਾਨ ਜਗਤ ਪ੍ਰਕਿਰਤੀ ਦੀ ਹੀ ਉਪਜ ਹੈ। ਸ਼ੰਕਰਾਚਾਰੀਆ ਅਨੁਸਾਰ ਪ੍ਰਕਿਰਤੀ ਉਹ ਸ਼ਕਤੀ ਹੈ, ਜਿਸ ਦੇ ਸਹਿਯੋਗ ਨਾਲ ਬ੍ਰਹਮ ਜਗਤ ਵਿਚ ਵਿਆਪਕ ਹੁੰਦਾ ਹੈ। ਸ਼ੰਕਰ ਦੇ ਵਿਚਾਰ ਨੂੰ ਆਧੁਨਿਕ ਯੁੱਗ ਦੇ ਵਿਚਾਰਵਾਨਾਂ, ਏ.ਕੇ. ਬੈਨਰਜੀ[18], ਡਕਨ-ਗ੍ਰੀਨਲੀਜ਼,[19] ਏ.ਈ. ਗਫ,[20] ਆਦਿ ਨੇ ਵੱਖ ਵੱਖ ਸ਼ਬਦਾਂ ਰਾਹੀਂ ਪ੍ਰਸਤੁਤ ਕੀਤਾ ਹੈ। ਇਨ੍ਹਾਂ ਚਿੰਤਕਾਂ ਦੀ ਵਿਚਾਰਧਾਰਾ ਦਾ ਸਾਰ-ਤੱਤ ਇਹ ਨਿਕਲਦਾ ਹੈ ਕਿ ਪ੍ਰਕਿਰਤੀ ਉਹ ਸ਼ਕਤੀ ਹੈ, ਜਿਹੜੀ ਪਰਿਵਰਤਨ ਰਹਿਤ ਬ੍ਰਹਮ ਨੂੰ ਪਰਿਵਰਤਨਸ਼ੀਲ ਰੂਪ ਵਿਚ ਉਜਾਗਰ ਕਰਦੀ ਹੈ। ਦੂਜੇ ਸ਼ਬਦਾਂ ਵਿਚ ਉਹ ਸ਼ਕਤੀ ਜਿਹੜੀ ਏਕਤਾ ਨੂੰ ਅਨੇਕਤਾ ਵਿਚ ਪ੍ਰਗਟਾਉਂਦੀ ਕਰਦੀ ਹੈ। ਪ੍ਰਕਿਰਤੀ ਦਾ ਤ੍ਰੈਗੁਣਾਤਮਿਕ ਵਰਨਣ ਵੀ ਕੀਤਾ ਗਿਆ ਹੈ ਕਿਉਂਕਿ ਪ੍ਰਕਿਰਤੀ ਰਜਸ, ਸਤਵ ਤੇ ਤਮਸ ਗੁਣਾਂ ਦੇ ਸੰਜੋਗ ਦੀ ਲਖਾਇਕ ਹੈ। ਗੀਤਾ ਵੀ ਪ੍ਰਕਿਰਤੀ ਨੂੰ ਤ੍ਰੈਗੁਣਾਤਮਿਕ ਸ਼ਕਤੀ ਮੰਨਦੀ ਹੈ। ਪਰੰਤੂ ਗੀਤਾ ਦੀ ਤ੍ਰੈਗੁਣਾਤਮਿਕ ਸ਼ਕਤੀ ਸਾਂਖ ਨਾਲੋਂ ਵੱਖਰੀ ਕਿਸਮ ਦੀ ਹੈ। ਗੀਤਾ ਦੀ ਪ੍ਰਕਿਰਤੀ ਬ੍ਰਹਮ ਦੀ ਸਿਰਜਨਾਤਮਿਕ ਸ਼ਕਤੀ ਵੀ ਹੈ।[21]

ਗੀਤਾ ਅਨੁਸਾਰ ਬ੍ਰਹਮ ਆਪਣੀ ਤਿੰਨਾਂ ਗੁਣਾਂ ਵਾਲੀ ਸ਼ਕਤੀ ਦੁਆਰਾ ਜਗਤ ਦੀ ਉਤਪਤੀ ਕਰਦਾ ਹੈ ਅਤੇ ਸੰਸਾਰ ਦੀ ਕਾਰ ਚਲਾਉਂਦਾ ਹੈ ਪਰੰਤੂ ਸਾਂਖ ਦੇ ਤਿੰਨ ਗੁਣਾਂ ਦਾ ਪਰਸਪਰ ਮੇਲ ਆਪਣੇ ਆਪ ਹੁੰਦਾ ਹੈ।

ਮੱਧਕਾਲੀਨ ਚਿੰਤਕ ਵੱਲਭ ਅਤੇ ਆਧੁਨਿਕ ਯੁੱਗ ਦੇ ਵਿਦਵਾਨ ਸ਼ਿਵਾਨੰਦ, ਦੋਵੇਂ ਪ੍ਰਕਿਰਤੀ ਨੂੰ ਅਹੰਕਾਰ ਦੀ ਉਪਜ ਮੰਨਦੇ ਹਨ। ਰਾਮਾਨੁਜ ਵੀ ਪ੍ਰਕਿਰਤੀ ਨੂੰ ਰਜੋ, ਸਤੋ, ਤਮੋ ਤਿੰਨਾਂ ਗੁਣਾਂ ਤੋਂ ਉਪਜੀ ਮੰਨਦਾ ਹੈ। ਉਪਰੋਕਤ ਵਿਚਾਰ ਉਪਰੰਤ ਪ੍ਰਕਿਰਤੀ ਦੇ ਨਿਮਨਲਿਖਤ ਸਰੂਪ ਉਜਾਗਰ ਹੁੰਦੇ ਹਨ :

ਪ੍ਰਕਿਰਤੀ ਅਨਿਰਬਚਨੀਯ ਸ਼ਕਤੀ ਹੈ,  
ਇਹ ਬ੍ਰਹਮ ਦੀ ਸਿਰਜਨਾਤਮਿਕ ਸ਼ਕਤੀ ਹੈ,  
ਇਹ ਬ੍ਰਹਮ ਦੀ ਸਮਰੱਥਕ ਸ਼ਕਤੀ ਹੈ,  
ਇਹ ਬ੍ਰਹਮ ਦਾ ਸਗੁਣ ਸਰੂਪ ਹੈ ।

## ਪ੍ਰਕਿਰਤੀ ਦੇ ਇਨ੍ਹਾਂ ਰੂਪਾਂ ਦੀ ਅਲੋਚਨਾ

ਰਾਮਾਨੁਜ, ਰੰਗਤ ਸ੍ਰੀ ਵਿਵੇਕਾਨੰਦ, ਅਰਬਿੰਦੂ ਅਤੇ ਸ਼ਿਵਨੰਦ ਆਦਿ ਨੇ ਭਾਵੇਂ ਸ਼ੰਕਰ ਦੇ ਪ੍ਰਕਿਰਤੀ ਸਰੂਪ ਦੀ ਵਿਆਖਿਆ ਨਵੀਨ ਤੇ ਨਵੇਕਲੇ ਰੂਪ ਵਿਚ ਕਰਨ ਦਾ ਯਤਨ ਕੀਤਾ ਹੈ ਪਰ ਅਸਲ ਵਿਚ ਇਹ ਸਾਰੇ ਸ਼ੰਕਰ ਦੀ ਪ੍ਰਕਿਰਤੀ ਧਾਰਨਾ ਤੋਂ ਦੂਰ ਨਹੀਂ ਜਾ ਸਕੇ ਭਾਵ ਕੋਈ ਨਿਰਣੈਜਨਕ ਵਿਆਖਿਆ ਨਹੀਂ ਕਰ ਸਕੇ। ਇਸ ਲਈ ਇਨ੍ਹਾਂ ਸਾਰਿਆਂ ਦੀ ਆਲੋਚਨਾ ਕਰਨਾ, ਇਕ ਤਰ੍ਹਾਂ ਦੀ ਸ਼ੰਕਰ ਦੀ ਪ੍ਰਕਿਰਤੀ ਧਾਰਨਾ ਦੀ ਆਲੋਚਨਾ ਕਰਨ ਦੇ ਤੁਲ ਹੈ। ਜੇ ਪ੍ਰਕਿਰਤੀ ਅਨਿਰਬਚਨੀਯ ਭਾਵ ਨਾ ਇਹ ਸੱਤ ਹੈ ਨਾ ਅਸੱਤ ਅਤੇ ਨਾ ਹੀ ਸੱਤ-ਅਸੱਤ ਤਾਂ ਫਿਰ ਇਹ ਹੈ ਕੀ? ਕੀ ਇਸ ਦੀ ਕੋਈ ਵੱਖਰੀ ਹੋਂਦ ਹੈ, ਜੇ ਹੈ ਤਾਂ ਇਸ ਦਾ ਬ੍ਰਹਮ ਨਾਲ ਕੀ ਸੰਬੰਧ ਹੈ? ਸ਼ੰਕਰ ਅੰਤਮ ਸਚਾਈ ਬ੍ਰਹਮ ਨੂੰ ਹੀ ਮੰਨਦਾ ਹੈ, ਇਹ ਸੱਤਾ ਅਨਿਰਬਚਨੀਯ ਹੈ, ਅਕਥਨੀ ਹੈ। ਜੇਕਰ ਪ੍ਰਕਿਰਤੀ ਬ੍ਰਹਮ ਤੋਂ ਵੱਖਰੀ ਹਸਤੀ ਹੈ ਤਾਂ ਇਹ ਬ੍ਰਹਮ ਦੀ ਸਿਰਜਨਾਤਮਿਕ ਸ਼ਕਤੀ ਕਿਵੇਂ ਹੋਈ। ਸ਼ੰਕਰ ਅਨੁਸਾਰ ਜੇਕਰ ਜਗਤ ਮਾਇਆ ਦੀ ਉਪਜ ਹੈ ਤਾਂ ਜਗਤ ਦੇ ਸੰਬੰਧ ਵਿਚ ਬ੍ਰਹਮ ਦਾ ਕੀ ਸਥਾਨ ਹੋਇਆ? ਕੀ ਬ੍ਰਹਮ ਜਗਤ ਦੀ ਸਿਰਜਨਾ ਕਰਨ ਦੇ ਸਮਰੱਥ ਨਹੀਂ। ਜੇ ਬ੍ਰਹਮ ਸਰਬ-ਸਮਰੱਥ ਤੇ ਸਰਬ-ਸ਼ਕਤੀਮਾਨ ਹੈ ਤਾਂ ਉਸ ਨੂੰ ਜਗਤ ਸਿਰਜਨ ਵਿਚ ਮਾਇਆ ਦੀ ਲੋੜ ਕਿਵੇਂ ਪੈ ਸਕਦੀ ਹੈ? ਕੀ ਪ੍ਰਕਿਰਤੀ ਦੀ ਵੱਖਰੀ ਹੋਂਦ ਹੈ, ਜੇਕਰ ਪ੍ਰਕਿਰਤੀ ਦੀ ਵੱਖਰੀ ਹਸਤੀ ਹੈ ਤਾਂ ਉਸ ਦਾ ਬ੍ਰਹਮ ਨਾਲ ਕੀ ਰਿਸ਼ਤਾ ਹੈ। ਇਹ ਅਜਿਹੇ ਪ੍ਰਸ਼ਨ ਹਨ ਜਿਨ੍ਹਾਂ ਦਾ ਸ਼ੰਕਰ ਨੇ ਕੋਈ ਉੱਤਰ ਨਹੀਂ ਦਿੱਤਾ। ਜੇਕਰ ਪ੍ਰਕਿਰਤੀ ਨੂੰ ਬ੍ਰਹਮ ਦੀ ਸਮਰੱਥਕ ਸ਼ਕਤੀ ਮੰਨਿਆ ਜਾਵੇ ਤਾਂ ਇਸ ਦੀ ਵੱਖਰੀ ਸੁਤੰਤਰ ਹੋਂਦ ਨਿਸ਼ਚਿਤ ਹੋ ਸਕਦੀ ਹੈ ਪਰ ਸ਼ੰਕਰ ਤਾਂ ਅਦਵੈਤਵਾਦੀ ਹੈ। ਇਸ ਤਰ੍ਹਾਂ ਸ਼ੰਕਰ ਦੇ ਵਿਚਾਰਾਂ ਵਿਚ ਵਿਰੋਧਾਭਾਸ ਜਾਪਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਵੈਦਿਕ ਕਾਲ ਤੋਂ ਅੱਜ ਤੀਕ ਪ੍ਰਕਿਰਤੀ ਦੀ ਕੋਈ ਸੰਪੂਰਨ ਤੇ ਨਿਰਣੈਜਨਕ ਪ੍ਰਭਾਸ਼ਾ ਨਹੀਂ ਹੋ ਸਕੀ।

## ਭਾਰਤੀ ਦਾਰਸ਼ਨਿਕ ਸਾਹਿਤ ਵਿਚ ਪ੍ਰਕਿਰਤੀ ਦੇ ਵਿਭਿੰਨਅਰਥ।

ਦਾਰਸ਼ਨਿਕ ਰੂਪ ਵਿਚ ਪ੍ਰਕਿਰਤੀ ਸ਼ਬਦ ਦਾ ਪ੍ਰਯੋਗ ਕਦੋਂ ਹੋਇਆ? ਇਹ ਇਕ ਜਟਿਲ ਤੇ ਵਿਵਾਦ-ਜਨਕ ਵਿਸ਼ਾ ਹੈ। ਭਾਰਤ ਦੇ ਪ੍ਰਾਚੀਨਤਮ ਆਰੀਆ ਗ੍ਰੰਥ ਰਿਗਵੇਦ ਵਿਚ ਵੀ ਇਸ ਦੀ ਅਣਹੋਂਦ ਨਹੀਂ। ਵੈਦਿਕ ਕਾਲ ਦੇ ਦਾਰਸ਼ਨਿਕਾਂ ਨੇ ਪ੍ਰਕਿਰਤੀ ਨੂੰ ਦੇਵਰੂਪ ਕਿਹਾ ਹੈ।[22] ਵੇਦਾਂ ਵਿਚ ਪ੍ਰਕਿਰਤੀ ਨੂੰ ਬ੍ਰਹਮ ਦੀ ਸਿਰਜਨਾਤਮਿਕ ਸ਼ਕਤੀ ਦਾ ਨਾਂ ਦਿੱਤਾ ਗਿਆ ਹੈ। ਭਾਵ ਪ੍ਰਭੂ ਦੀ ਪੈਦਾ ਕੀਤੀ ਹੋਈ ਸ਼ਕਤੀ ਹੈ, ਜੋ ਸਭ ਆਕਾਰਾਂ ਦਾ ਪਾਲਣਹਾਰ ਤੇ ਪ੍ਰੀਵਰਤਨਸ਼ੀਲ ਹੈ। ਪ੍ਰਕ੍ਰਿਤੀ ਆਪਣੇ ਸਰੂਪ ਵਿਚ ਆਉਣ ਤੋਂ ਪਹਿਲਾਂ ਸੁੰਨ ਵਿਚ ਹੀ ਲੀਨ ਸੀ। ਸਾਂਖ ਅਨੁਸਾਰ ਪ੍ਰਕਿਰਤੀ

ਤੇ ਪੁਰਸ਼ ਅਨਾਦੀ ਹਨ ਭਾਵ ਆਦਿ-ਕਾਲ ਤੋਂ ਹੋਂਦ ਵਿਚ ਹਨ। ਇਸ ਨੂੰ ਦਵੈਤਵਾਦ ਵੀ ਕਿਹਾ ਜਾਂਦਾ ਹੈ। ਸਾਂਖ ਸ਼ਾਸਤ੍ਰੀਆਂ ਨੇ ਪੁਰਸ਼ ਤੇ ਪ੍ਰਕਿਰਤੀ ਨੂੰ ਅਲਿਪਤ ਹਾਲਤ ਵਿਚ ਵੱਖਰੀਆਂ ਵੱਖਰੀਆਂ ਹਸਤੀਆਂ ਮੰਨਿਆ ਹੈ, ਇਨ੍ਹਾਂ ਅਨੁਸਾਰ ਪੁਰਸ਼ ਅਕਾਰਾਤਮਿਕ ਤੇ ਪ੍ਰਕਿਰਤੀ ਸੁਕਾਰਾਤਮਿਕ ਸ਼ਕਤੀ ਹੈ। ਸਾਂਖ ਸ਼ਾਸਤ੍ਰ ਵਿਚ ਪ੍ਰਕਿਰਤੀ ਨੂੰ ਮਾਇਆ ਦੇ ਅਰਥਾਂ ਵਿਚ ਵਰਤਿਆ ਹੈ।[23] ਸਾਂਖ-ਮੱਤ ਪ੍ਰਕਿਰਤੀ ਨੂੰ ਮਾਇਆ ਤਾਂ ਮੰਨਦਾ ਹੀ ਹੈ ਪਰੰਤੂ ਜਗਤ ਦੇ ਰੂਪ ਵਿਚ ਵਿਕਸਿਤ ਹੋਣ ਦੇ ਅਰਥਾਂ ਵਿਚ ਵੀ ਲੈਂਦਾ ਹੈ।[24] ਉਪਨਿਸ਼ਦਾਂ ਵਿਚ ਪ੍ਰਕਿਰਤੀ ਨੂੰ ਪਰਮ ਸੱਤਾ ਦਾ ਚਿੰਨ੍ਹ ਕਿਹਾ ਹੈ।[25] ਪ੍ਰਕਿਰਤੀ ਸ਼ਬਦ ਦਾ ਉਪਨਿਸ਼ਦਾਂ ਵਿਚ ਅਨੇਕ ਵਾਰੀ ਵਿਭਿੰਨ ਅਰਥਾਂ ਵਿਚ ਪ੍ਰਯੋਗ ਹੋਇਆ ਮਿਲਦਾ ਹੈ। ਬ੍ਰਿਹਦਾਰਣਯਕ ਉਪਨਿਸ਼ਦ ਵਿਚ ਇਸ ਸ਼ਬਦ ਦੀ ਵਰਤੋਂ ਅਨੇਕ ਰੂਪ ਧਾਰਦੀ ਸ਼ਕਤੀ ਦੇ ਰੂਪ ਵਿਚ ਕੀਤੀ ਗਈ ਮਿਲਦੀ ਹੈ। ਸ਼੍ਵੇਤਾਸ਼੍ਵੇਤਰ-ਉਪਨਿਸ਼ਦ ਵਿਚ ਸਾਂਖ ਦੀ ਨਿਆਈਂ ਪ੍ਰਕਿਰਤੀ ਨੂੰ ਮਾਇਆ ਦੇ ਅਰਥਾਂ ਵਿਚ ਹੀ ਉਜਾਗਰ ਕੀਤਾ ਹੈ। ਇੰਜ ਹੀ ਪ੍ਰਸ਼ਨ-ਉਪਨਿਸ਼ਦ ਵਿਚ, ਇਸਦੀ ਵਰਤੋਂ ਤ੍ਰੰਤੀ ਦੇ ਅਰਥ ਵਿਚ ਹੋਈ ਹੈ। ਛੰਦੋਗ-ਉਪਨਿਸ਼ਦ ਇਸ ਨੂੰ ਅਸੱਤ ਦੇ ਅਰਥਾਂ ਵਿਚ ਲੈਂਦਾ ਹੈ।[26]

ਭਗਵਤ ਗੀਤਾ ਅਨੁਸਾਰ ਪ੍ਰਕਿਰਤੀ ਪ੍ਰਸ਼ੋਤਮ ਕਾਰਨ ਹੋਂਦ ਵਿਚ ਆਈ। ਪ੍ਰਸ਼ੋਤਮ ਦੀ ਸ਼ਕਤੀ ਸ੍ਰਿਸ਼ਟੀ ਦਾ ਕਾਰਣ ਕਰਨ ਹੈ। ਪ੍ਰਕਿਰਤੀ ਉਸ ਦੀ ਸ਼ਕਤੀ ਦਾ ਹੀ ਸਾਕਾਰ ਰੂਪ ਹੈ।

ਇੰਜ ਪ੍ਰਾਚੀਨਤਮ ਭਾਰਤੀ ਧਾਰਮਿਕ ਸਾਹਿੱਤ ਵਿਚ ਪ੍ਰਕਿਰਤੀ ਸ਼ਬਦ ਦੀ ਵਰਤੋਂ, ਜਿਨ੍ਹਾਂ ਵੱਖ ਵੱਖ ਅਰਥਾਂ ਵਿਚ ਹੋਈ ਹੈ, ਉਹ ਹਨ ਦੇਵ-ਰੂਪ, ਬ੍ਰਹਮ ਦੀ ਸਿਰਜਨਾਤਮਿਕ ਸ਼ਕਤੀ, ਮਾਇਆ, ਜਗਤ ਤੇ ਸ੍ਰਿਸ਼ਟੀ, ਈਸ਼ਵਰੀ ਸ਼ਕਤੀ, ਪਰਮ ਸੱਤਾ ਦਾ ਚਿੰਨ੍ਹ ਅਤੇ ਪ੍ਰਸ਼ੋਤਮ ਦੀ ਕਿਰਤ ਆਦਿ। ਵੇਖਣ ਵਿਚ ਤਾਂ ਇਨ੍ਹਾਂ ਸਾਰੇ ਅਰਥਾਂ ਵਿਚ ਭਿੰਨਤਾ ਪ੍ਰਤੀਤ ਹੁੰਦੀ ਹੈ ਪਰ ਜੇ ਗਹੁ ਨਾਲ ਵੀਚਾਰੀਏ ਤਾਂ ਇਨ੍ਹਾਂ ਅਰਥਾਂ ਵਿਚ ਅੰਤਰੀਵ ਸਮਾਨਤਾ ਰੂਪਮਾਨ ਹੁੰਦੀ ਹੈ। ਪ੍ਰਕਿਰਤੀ ਦੇ ਵੱਖ ਵੱਖ ਅਰਥਾਂ ਦੀ ਪਿਛੋਕੜ ਵਿਚ ਜਿਹੜੀ ਸੱਤਾ ਹੈ, ਉਹ ਇਕ ਹੈ, ਜਿਸ ਨੂੰ ਪਰਮ ਸੱਚ, ਪਰਮ ਤੱਤ, ਬ੍ਰਹਮ, ਤੇ ਈਸ਼ਵਰ ਕਿਹਾ ਗਿਆ ਹੈ। ਭਾਰਤੀ ਦਰਸ਼ਨ ਦੇ ਵਕਸ਼ਕ ਸ਼ਾਸਤ੍ਰੀਆਂ ਦੇ ਵਿਚਾਰਾਂ ਵਿਚ ਇਕਸੁਰਤਾ ਪ੍ਰਤੀਤ ਹੋਣ ਲਗ ਪੈਂਦੀ ਹੈ, ਕਿਉਂਕਿ ਇਸ ਪ੍ਰਕਿਰਤੀ ਦਾ ਕਾਰਣ ਕਰਤਾ ਇਕ ਹੈ। ਕੇਵਲ ਜਗਤ ਭਾਵੇਂ ਇਕ ਈਸ਼ਵਰ-ਸ਼ਕਤੀ ਦਾ ਹੀ ਪ੍ਰਗਟ ਰੂਪ ਹੈ ਪਰ ਜੀਵ ਅਵਿਦਿਆ ਕਾਰਨ ਇਸ ਭਰਮ ਵਿਚ ਪੈ ਕੇ ਆਪਣੇ ਅਸਲੇ ਤੋਂ ਦੂਰ ਹੈ ਅਤੇ ਪ੍ਰਕਿਰਤੀ ਨੂੰ ਹੀ ਸਭ ਕੁਝ ਸਮਝਣ ਲਗ ਪੈਂਦਾ ਹੈ ਭਾਵ ਉਸ ਨੂੰ ਦਾਤ-ਪਿਆਰੀ ਹੋਣ ਲਗ ਪੈਂਦੀ ਹੈ ਤੇ ਦਾਤਾਰ ਵਿਸਰ ਜਾਂਦਾ ਹੈ।

## ਭਾਰਤੀ ਦਰਸ਼ਨ ਵਿਚ ਪ੍ਰਕਿਰਤੀ ਸੰਕਲਪ ਦਾ ਮਹੱਤਵ

ਪ੍ਰਕਿਰਤੀ ਵੈਦਿਕ ਕਾਲ ਤੋਂ ਹੀ ਭਾਰਤੀ ਦਰਸ਼ਨ ਦਾ ਵਿਸ਼ਸ਼, ਮਹੱਤਵਪੂਰਨ ਅਤੇ ਅਨਿੱਖੜਵਾਂ ਅੰਗ ਰਹੀ ਹੈ। ਵੈਦਿਕ ਅਤੇ ਅਵੈਦਿਕ ਸਭ ਮੱਤਾਂ ਦੇ ਵਿਚਾਰਵਾਨ (ਦਰਸ਼ਨ ਸਾਸ਼ਤ੍ਰੀ) ਪ੍ਰਕਿਰਤੀ ਬਾਰੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਕੁਝ ਨਾ ਕੁਝ ਜ਼ਰੂਰ ਕਹਿੰਦੇ ਰਹੇ ਹਨ। ਵੈਦਿਕ ਮੱਤ ਵਾਲੇ ਪ੍ਰਕਿਰਤੀ ਦੇ ਮਹੱਤਵ ਨੂੰ ਸਪੱਸ਼ਟ ਰੂਪ ਵਿਚ ਪ੍ਰਗਟ ਕਰਦੇ ਰਹੇ ਹਨ ਪਰ ਅਵੈਦਿਕ ਮੱਤ ਜਿਵੇਂ ਕਿ ਬੁੱਧ ਮੱਤ ਤੇ ਜੈਨ ਮੱਤ ਆਦਿ ਵੀ ਪ੍ਰਕਿਰਤੀ ਨੂੰ ਅਸਿੱਧੇ ਢੰਗ ਨਾਲ ਭਾਵ ਅਨੁ-ਪ੍ਰਮਾਣੂ ਰੂਪ ਵਿਚ ਚਿਤ੍ਰਿਤ ਕਰਦੇ ਰਹੇ ਹਨ। ਪ੍ਰਕਿਰਤੀ ਧਾਰਨਾ ਦਾ ਅਰੰਭ ਭਾਵੇਂ ਪਹਿਲਾਂ ਵੀ ਸੀ ਪਰ ਸ਼ੰਕਰਾਚਾਰੀਆ ਦੇ ਵਿਚਾਰਾਂ ਨਾਲ ਹੋਰ ਵੀ ਮਹੱਤਤਾ ਦਾ ਕਾਰਨ ਬਣਿਆ, ਕਿਉਂਕਿ ਸ਼ੰਕਰਾਚਾਰੀਆ ਨੇ ਇਸ ਨੂੰ ਇਕ ਸਿਧਾਂਤਕ ਰੂਪ ਦੇ ਕੇ, ਭਾਰਤੀ ਵਿਚਾਰਧਾਰਾ ਦੇ ਅੰਤਰਗਤ ਨਵੇਂ ਰੂਪ ਵਿਚ ਪ੍ਰਚੱਲਤ ਕਰ ਦਿੱਤਾ। ਇਸ ਦਾ ਭਾਰਤੀ ਚਿੰਤਨ-ਪ੍ਰਣਾਲੀ ਵਿਚ ਵਿਸ਼ੇਸ਼ਤਮ ਤੇ ਮਹੱਤਵਪੂਰਨ ਸਥਾਨ ਹੈ।

ਪ੍ਰਕਿਰਤੀ ਸਿਧਾਂਤ ਸ਼ੰਕਰਾਚਾਰੀਆ ਦੇ ਸਮੇਂ ਤੋਂ ਹੀ ਵਿਚਾਰ ਵਿਮਰਸ਼ ਤੇ ਵਿਵਾਦ ਦਾ ਮੁੱਖ ਵਿਸ਼ਾ ਰਹਿਆ ਆ ਰਿਹਾ ਹੈ। ਅੱਜ ਵੀ ਇਸ ਸਿਧਾਂਤ ਨੇ ਭਾਰਤੀ ਚਿੰਤਕਾਂ, ਵਿਚਾਰਵਾਨਾਂ, ਦਰਸ਼ਨ-ਸਾਸ਼ਤ੍ਰੀਆਂ ਤੇ ਸਾਹਿੱਤਕਾਰਾਂ ਨੂੰ ਆਕਰਸ਼ਿਤ ਤੇ ਪ੍ਰਭਾਵਿਤ ਕੀਤਾ ਹੈ।[27] ਪ੍ਰਕਿਰਤੀ ਨੂੰ ਭਾਰਤੀ ਦਰਸ਼ਨ ਧਰਮ ਅਤੇ ਸਾਹਿੱਤ ਦਾ ਕੇਂਦਰ ਪ੍ਰਮਾਣਿਤ ਕੀਤਾ ਜਾਂਦਾ ਹੈ। ਕਿਉਂਕਿ ਇਸ ਸਿਧਾਂਤ ਤੋਂ ਬਿਨ੍ਹਾਂ ਦ੍ਰਿਸ਼ਟਮਾਨ ਜੱਗਤ ਦੀਆਂ ਸਚਾਈਆਂ ਵਾਸਤਵਿਕਤਾਵਾਂ ਦਾ ਪਰਮ ਸੱਚ ਨਾਲ ਸਬੰਧ ਸਪੱਸ਼ਟ ਤੇ ਉਜਾਗਰ ਨਹੀਂ ਹੁੰਦਾ। ਪ੍ਰਕਿਰਤੀ ਸਿਧਾਂਤ ਤੋਂ ਬਿਨ੍ਹਾਂ ਗੋਚਰ ਜਗਤ ਦੀ ਉਤਪਤੀ, ਵਿਕਾਸ, ਵਿਨਾਸ਼, ਉਦੇਸ਼ ਤੇ ਕਰਮ ਨੂੰ ਨਿਆਏਯੁਕਤ ਕਰਨਾ ਕਠਨ ਹੈ।[28] ਪ੍ਰਕਿਰਤੀ ਧਰਮ ਲਈ, ਸਾਹਿੱਤ ਲਈ ਅਤੇ ਵਿਗਿਆਨ ਲਈ ਵਿਸ਼ੇਸ਼ਤਮ ਮਹੱਤਵ ਰੱਖਦੀ ਹੈ। ਪ੍ਰਕਿਰਤੀ ਸਿਧਾਂਤ ਨੂੰ ਸਮਝਣ ਅਤੇ ਜਾਣਨ ਤੋਂ ਬਗੈਰ ਗੋਚਰ-ਜੱਗਤ ਦੀ ਵਾਸਤਵਿਕਤਾ ਨੂੰ ਉਜਾਗਰ ਕਰਨ ਦੀ ਹੋਰ ਕੋਈ ਵਿਧੀ ਨਹੀਂ। ਇਸ ਲਈ ਪ੍ਰਕਿਰਤੀ ਸਿਧਾਂਤ ਸਮੁੱਚੇ ਵੈਦਿਕ-ਦਰਸ਼ਨ ਦਾ ਧੁਰਾ ਹੈ, ਜਿਸ ਦੇ ਗਿਰਦ ਵੇਦਾਂਤ ਦਾ ਸਾਰਾ ਅਦਵੈਤ-ਵਾਦ ਘੁੰਮਦਾ ਹੈ। ਇਹੋ ਕਾਰਨ ਹੈ ਕਿ ਸ਼ੰਕਰ ਪਿੱਛੋਂ ਰਾਮਾਨੁਜ, ਮਾਧਵ, ਵੱਲਭ ਤੇ ਨਿਮਬਾਰਕ ਆਦਿਕ ਵਿਚਾਰਵਾਨਾਂ ਨੇ ਇਸ ਸਿਧਾਂਤ ਦੀ ਭਰਪੂਰ ਵਿਆਖਿਆ ਕੀਤੀ ਹੈ। ਅਜੋਕੇ ਵਿਗਿਆਨਕ ਯੁਗ ਵਿਚ ਜਿਵੇਂ ਕਿ ਉਪਰੋਕਤ ਦਰਸਾਇਆ ਗਿਆ ਹੈ। ਡਾ: ਰਾਧਾ ਕ੍ਰਿਸ਼ਨਨ, ਸਵਾਮੀ ਵਿਵੇਕਾਨੰਦ, ਸੁਆਮੀ ਸ਼ਿਵਾਨੰਦ, ਅਰਬਿੰਦੂ, ਦਾਸ ਗੁਪਤਾ ਆਦਿ ਨੇ ਪ੍ਰਕਿਰਤੀ ਸਿਧਾਂਤ ਦੀ ਨਵੀਨ ਤੇ ਵਿਗਿਆਨਿਕ ਵਿਆਖਿਆ ਕਰਨ ਦਾ ਉਪਰਾਲਾ ਕੀਤਾ ਹੈ।

## ਪ੍ਰਕਿਰਤੀ ਤੇ ਤ੍ਰੈਗੁਣ

## ਪ੍ਰਕਿਰਤੀ ਤੇ ਤ੍ਰੈਗੁਣ

ਪ੍ਰਕਿਰਤੀ ਸਾਂਖ ਅਤੇ ਯੋਗ ਸ਼ਾਸਤ੍ਰ ਅਨੁਸਾਰ ਮਹੇਤ ਦੇ ਸ਼ਾਬਦਿਕ ਅਰਥਾਂ ਦੀ ਧਾਰਨੀ ਹੈ। ਇਨ੍ਹਾਂ ਮੱਤਾਂ ਅਨੁਸਾਰ ਮਹੇਤ ਗੁਣਾਂ ਦੇ ਸੰਜੋਗ ਕਾਰਨ ਹੋਂਦ ਵਿਚ ਆਉਂਦੀ ਹੈ।[29] ਇਸ ਦੇ ਹੋਂਦ ਵਿਚ ਆਉਣ ਨਾਲ ਇਸ ਦਾ ਸੰਬੰਧ ਮਨੁੱਖ ਦੀਆਂ ਚਿਤ ਬ੍ਰਿਤੀਆਂ ਅਤੇ ਦੇਸ਼-ਕਾਲ ਨਾਲ ਜੁੜਦਾ ਹੈ। ਗੁਰਮਤ ਵਿਚ ਪ੍ਰਕਿਰਤੀ ਦੇ ਸੰਬੰਧ ਵਿਚ ਦੇਸ਼ ਕਾਲ ਸੰਬੰਧੀ ਇਸ ਤਰ੍ਹਾਂ ਲਿਖਿਆ ਗਿਆ ਹੈ :

ਦਿਵਸ ਰਾਤਿ ਦੋਇ ਦਾਈ ਦਾਇਆ[30]

ਭਾਵ ਇਹ ਹੋਇਆ ਕਿ ਪ੍ਰਕਿਰਤੀ ਤਿੰਨਾਂ ਗੁਣਾਂ ਦਾ ਮੇਲ ਹੈ। ਅਸਲ ਵਿਚ ਤਿੰਨ ਗੁਣ ਹੀ ਪ੍ਰਕਿਰਤੀ ਹਨ ਅਤੇ ਗੁਣੀਆਂ ਦੇ ਸਮੂਹ ਦਾਰਸ਼ਨਿਕਾਂ ਨੇ ਭਾਵੇਂ ਉਹ ਪੱਛਮੀ ਹਨ ਭਾਵੇਂ ਪੂਰਬੀ, ਪ੍ਰਕਿਰਤੀ ਨੂੰ ਬ੍ਰਹਮ ਦਾ ਪ੍ਰਗਟ ਜਾਂ ਅਵਿਅੱਕਤ ਰੂਪ ਮੰਨਿਆ ਹੈ। ਇਸ ਤਰ੍ਹਾਂ ਨਿਰਗੁਣ ਬ੍ਰਹਮ ਪ੍ਰਕਿਰਤੀ ਦੁਆਰਾ ਸਗੁਣ ਰੂਪ ਵਿਚ ਪ੍ਰਗਟ ਹੁੰਦਾ ਹੈ। ਪ੍ਰਕਿਰਤੀ ਦੀ ਉਤਪਤੀ ਤਿੰਨਾਂ ਗੁਣਾਂ ਕਾਰਨ ਹੈ।[31] ਇਸ ਲਈ ਇਸ ਨੂੰ ਤ੍ਰੈਗੁਣਾਤਮਿਕ ਵੀ ਆਖਿਆ ਗਿਆ ਹੈ। ਗੁਰਮੱਤ ਵੀ ਪ੍ਰਕਿਰਤੀ ਦੀ ਉਪਜ ਦੇ ਸੰਬੰਧ ਵਿਚ ਤਿੰਨਾਂ ਗੁਣਾਂ ਦਾ ਵਰਨਣ ਕਰਦੀ ਹੈ।[32]

ਮਾਇਆ ਮਾਈ ਤ੍ਰੈਗੁਣ ਪ੍ਰਸੂਤ ਜਮਾਇਆ।।

ਉਪਰੋਕਤ ਗੁਰਬਾਣੀ ਦੇ ਵਿਚਾਰ ਅਨੁਸਾਰ, ਚਾਰੇ ਵੇਦ, ਮਹੀਨੇ, ਦਿਨ ਵਾਰ, ਸਾਰਾ ਪ੍ਰਾਕਿਰਤਕ ਸਿਲਸਿਲਾ ਤਿੰਨਾਂ ਗੁਣਾਂ ਦੇ ਸੰਜੋਗ ਨਾਲ ਉਪਜਦਾ ਹੈ। ਪਰਮਾਤਮਾ ਇਨ੍ਹਾਂ ਤਿੰਨਾਂ ਗੁਣਾਂ ਦੁਆਰਾ ਹੀ ਜਗਤ ਦੀ ਰਚਨਾ ਉਤਪੰਨ ਕਰਦਾ ਹੈ। ਭਗਵਾਨ ਸ਼੍ਰੀ ਕ੍ਰਿਸ਼ਨ ਨੇ ਵੀ ਪ੍ਰਕਿਰਤੀ ਤ੍ਰੈਗੁਣਾਤਮਿਕ ਆਖਿਆ ਹੈ।[33]

ਸਾਂਖ ਅਨੁਸਾਰ ਪ੍ਰਕਿਰਤੀ ਵਿਚ ਤਿੰਨਾਂ ਗੁਣਾਂ ਦਾ ਸਮੂੱਹ ਹੈ। ਸਤਵਗੁਣ ਨੂੰ ਪ੍ਰਕਾਸ਼ ਮਈ, ਰਜਸ ਨੂੰ ਪ੍ਰਵਿਰਤੀਮਈ ਅਤੇ ਤਾਮਸ ਨੂੰ ਰੋਕ-ਮਈ ਆਖਿਆ ਜਾਂਦਾ ਹੈ। ਇਹ ਤਿੰਨੇ ਗੁਣ ਇਕ ਦੂਜੇ ਨਾਲ ਮਿਲਦੇ ਹਨ ਅਤੇ ਪ੍ਰਕਿਰਤੀ ਵਿਚ ਹੋਰ ਵਸਤੂਆਂ ਦੀ ਉਪਜ ਦਾ ਕਾਰਨ ਬਣਦੇ ਹਨ। ਸਤਵ ਗੁਣ ਪ੍ਰਕਾਸ਼ ਮਈ, ਹਲਕਾ, ਪਿਆਰਾ ਤੇ ਗਿਆਨ-ਮਈ ਹੁੰਦਾ ਹੈ। ਰਜਸ, ਉਤੇਜਿਤ ਤੇ ਕ੍ਰਿਆਸ਼ੀਲ ਹੁੰਦਾ ਹੈ। ਤਾਮਸ, ਅੰਧਕਾਰਮਈ ਤੇ ਭਾਰੀ ਹੋਣ ਕਾਰਨ ਅਗਿਆਨਮਈ ਹੁੰਦਾ ਹੈ। ਪ੍ਰਭਾਵ ਵਜੋਂ ਸਤਵ ਸੁਖ, ਰਜਸ ਦੁਖ ਅਤੇ ਤਾਮਸ ਉਪਸੀਨਤਾ ਦੇ ਪੈਦਾ ਕਰਨ ਵਾਲਾ ਹੁੰਦਾ ਹੈ।

ਬਹੁਤ ਸਾਰੇ ਵੇਦਾਂਤੀਆਂ ਨੇ ਪ੍ਰਕਿਰਤੀ ਵਿਚਲੇ ਤਿੰਨਾਂ ਗੁਣਾਂ ਨੂੰ ਬ੍ਰਹਮਾ ਬਿਸ਼ਨੂੰ ਤੇ ਸ਼ਿਵ ਦੀ ਸੰਗਿਆ ਦਿੱਤੀ ਹੈ।[34] ਪ੍ਰਕਿਰਤੀ ਦਾ ਸਮੱਸਤ ਪਸਾਰਾ, ਇਨ੍ਹਾਂ ਤਿੰਨਾਂ ਗੁਣਾਂ ਹੀ ਵਿਚਰ ਰਿਹਾ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਜਪੁਜੀ ਸਾਹਿਬ ਵਿਚ ਇਸ ਤਰ੍ਹਾਂ ਆਖਿਆ ਹੈ -

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ।।
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।।[35]

ਕਿਉਂਕਿ ਪ੍ਰਕਿਰਤੀ ਦਾ ਸਾਰਾ ਕਾਰਜ ਖੇਤਰ ਤਿੰਨਾਂ ਗੁਣਾਂ ਰਾਹੀਂ ਸੰਪੂਰਨ ਹੁੰਦਾ ਹੈ, ਇਸ ਲਈ ਪ੍ਰਕਿਰਤੀ ਅਤੇ ਤਿੰਨਾਂ ਗੁਣਾਂ ਦਾ ਆਪਸ ਵਿਚ ਨਿਕਟਤਮ ਸੰਬੰਧ ਹੈ। ਪ੍ਰਕਿਰਤੀ ਤੋਂ ਬਿਨ੍ਹਾਂ ਤਿੰਨਾਂ ਗੁਣਾਂ ਦੀ ਸਥਿਰਤਾ ਤੇ ਕਾਰ-ਵਿਹਾਰਤਾ ਕੋਈ ਅਰਥ ਨਹੀਂ ਰੱਖਦੀ। ਇਸ ਲਈ ਸਿੱਟਾ ਇਹ ਨਿਕਲਿਆ ਕਿ ਪ੍ਰਕਿਰਤੀ ਤਿੰਨਾਂ ਗੁਣਾਂ ਨੂੰ ਪੈਦਾ ਕਰਨ ਵਾਲੀ ਸ਼ਕਤੀ ਹੈ, ਜਿਹੜੀ ਬ੍ਰਹਮ ਦੇ ਹੁਕਮ ਵਿਚ ਸੰਸਾਰ ਦੇ ਪਸਾਰ ਨੂੰ ਗਤੀਸ਼ੀਲ ਰੱਖਦੀ ਹੈ।

<u>ਪ੍ਰਕਿਰਤੀ ਅਤੇ ਚਿਤ-ਬਿਰਤੀਆਂ</u>

ਪ੍ਰਕਿਰਤੀ ਅਤੇ ਚਿਤ-ਬਿਰਤੀਆਂ ਦਾ ਆਪਸੀ ਮਹੱਤਵਪੂਰਨ ਸੰਬੰਧ ਹੈ। ਸਾਂਖ ਮੱਤ ਵਿਚ ਦੋ ਤੱਤ ਅਨਾਦੀ ਮੰਨੇ ਹਨ - ਇਕ ਪੁਰਖ ਅਤੇ ਦੂਜਾ ਪ੍ਰਕਿਰਤੀ।[36] ਇਹ ਮੱਤ ਪੁਰਖ ਨੂੰ ਚਿਤ ਅਤੇ ਪ੍ਰਕਿਰਤੀ ਨੂੰ ਜੜ੍ਹ ਮੰਨਦਾ ਹੈ। ਚਿਤ ਅਤੇ ਅਚਿਤ ਪ੍ਰਕਿਰਤੀ ਦੇ ਆਪਸੀ ਸੰਜੋਗ ਤੋਂ ਬਿਰਤੀਆਂ ਪੈਦਾ ਹੁੰਦੀਆਂ ਹਨ। ਇਨ੍ਹਾਂ ਦੇ ਸੰਜੋਗ ਤੋਂ ਹੀ ਸੰਕਲਪ ਪੈਦਾ ਹੁੰਦੇ ਹਨ। ਸੰਕਲਪਾਂ ਦੇ ਪੈਦਾ ਹੋਣ ਨਾਲ ਬੁੱਧੀ ਅਤੇ ਹਉਮੈ ਉਪਜਦੀ ਹੈ। ਇਹ ਹਉਮੈ ਬਾਦ ਵਿਚ ਮਨੁੱਖ ਦੇ ਆਵਾਗਵਣ ਦਾ ਕਾਰਨ ਬਣਦੀ ਹੈ। ਸਿੱਟਾ ਇਹ ਹੋਇਆ ਕਿ ਪ੍ਰਕਿਰਤੀ ਚਿਤ ਬ੍ਰਿਤੀਆਂ ਪੈਦਾ ਕਰਕੇ ਜੀਵ ਨੂੰ ਪ੍ਰਭੂ ਤੋਂ ਨਿਖੇੜਨ ਦਾ ਸਾਧਨ ਬਣਦੀ ਹੈ। ਇਸੇ ਨੂੰ ਹੀ ਸ਼ੰਕਰ ਨੇ ਮਾਇਆ ਆਖਿਆ ਹੈ। ਇਹੋ ਹੀ ਪ੍ਰਭੂ ਦੀ ਲੀਲਾ ਹੈ, ਜਿਸ ਨੂੰ ਗੁਰਬਾਣੀ ਵਿਚ ਦੂਜੀ ਕੁਦਰਤਿ ਆਖਿਆ ਹੈ।[37]

ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।

ਅਦਵੈਤਵਾਦੀ ਦ੍ਰਿਸ਼ਟੀ ਤੋਂ ਮਨ, ਚਿਤ ਦੇ ਅਰਥਾਂ ਵਿਚ ਸੰਕਲਪਾਂ ਨੂੰ ਪੈਦਾ ਕਰਨ ਵਾਲਾ ਹੈ ਇਸ ਸੰਬੰਧ ਵਿਚ ਗੁਰਮੱਤ ਦਾ ਸਿਧਾਂਤ ਕੁਝ ਭਿੰਨ ਕਿਸਮ ਦਾ ਹੈ। ਗੁਰਮਤਿ ਮਨ

ਦੀ ਉਪਜ ਪੰਜਾਂ ਤੱਤਾਂ ਦੁਆਰਾ ਮੰਨਦੀ ਹੈ।[38]

ਇਹ ਮਨ ਕਰਮਾ ਇਹ ਮਨ ਧਰਮਾ
ਇਹ ਮਨ ਪੰਚ ਤੱਤ ਕੇ ਧਰਮਾ
ਇਹ ਮਨ ਸਾਕਤ ਇਹ ਮਨ ਮੂੜਾ।

ਪ੍ਰਕਿਰਤੀ ਵਿਚ ਪੰਜੇ ਤੱਤ ਵਿਦਮਾਨ ਹਨ ਅਤੇ ਇਹ ਤੱਤ ਪ੍ਰਕਿਰਤੀ ਦੇ ਕਾਰਜ-ਵਾਹਕ ਹਨ। ਮਨ, ਬ੍ਰਿਤੀਆਂ ਪੈਦਾ ਕਰਦਾ ਹੈ ਪਰ ਖੁਦ ਤੱਤਾਂ ਦਾ ਬਣਿਆ ਹੋਇਆ ਹੈ, ਇਸ ਲਈ ਚਿੱਤ ਬਿਰਤੀਆਂ ਤੇ ਪ੍ਰਕਿਰਤੀ ਦਾ ਆਪਸ ਵਿਚ ਨੇੜਤਾ ਵਾਲਾ ਸੰਬੰਧ ਨਿਰਧਾਰਤ ਹੋ ਜਾਂਦਾ ਹੈ। ਨਿਆਏ ਚਿੰਤਕ ਮਨ ਨੂੰ ਅਣੂ ਸਮਝਦਾ ਹੈ ਅਤੇ ਇਸ ਦਾ ਸੰਬੰਧ ਰੂਹ ਨਾਲ ਜੋੜਦਾ ਹੈ। ਚਿੰਤਕ ਦੀ ਦ੍ਰਿਸ਼ਟੀ ਤੋਂ ਰੂਹ ਅਨਾਦੀ ਹੈ ਪਰ ਅੰਤ੍ਹ-ਚਿੱਤ ਤੇ ਬੁਧੀ ਦੇ ਹੰਕਾਰ ਪੈਦਾ ਕਰਨ ਕਰਕੇ ਜਗਤ, ਮਾਇਆ ਰੂਪ ਭਾਸਦਾ ਹੈ। ਗੁਰਬਾਣੀ ਵਿਚ "ਮਨ ਜੀਤੇ ਜਗ ਜੀਤ" ਦਾ ਭਾਵ ਵੀ ਮਨ ਤੇ ਕਾਬੂ ਪਾਉਣਾ ਹੈ ਕਿਉਂਕਿ ਇਹ ਚਿੱਤ-ਬ੍ਰਿਤੀਆਂ ਪੈਦਾ ਕਰਦਾ ਹੈ।

ਚਿੱਤ (ਮਨ) ਬ੍ਰਿਤੀਆਂ ਪੈਦਾ ਕਰਦਾ ਹੈ ਅਤੇ ਬ੍ਰਿਤੀਆਂ ਕਰਮ ਪੈਦਾ ਕਰਦੀਆਂ ਹਨ। ਅਤੇ ਕਰਮ ਮਨੁੱਖ ਦੇ ਬੰਧਨਾਂ ਦਾ ਕਾਰਣ ਬਣਦੇ ਹਨ। ਮਨੁੱਖ ਦਾ ਬੰਧਨ ਵਿਚ ਪੈਣਾ ਹੀ ਪ੍ਰਕਿਰਤੀ ਦੀ ਪ੍ਰਕਿਰਤਕਸ਼ੀਲਤਾ ਨੂੰ ਜਾਰੀ ਰੱਖਣਾ ਹੈ। ਇਸ ਲਈ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ ਚਿੱਤ-ਬਿਰਤੀਆਂ ਦੇ ਪੈਦਾ ਹੋਣ ਤੋਂ ਬਿਨ੍ਹਾਂ ਪ੍ਰਕਿਰਤੀ ਕਾਰਵਿਹਾਰਕਤਾ ਸੰਭਵ ਹੀ ਨਹੀਂ ਹੁੰਦੀ।

ਪ੍ਰਕਿਰਤੀ ਤੇ ਦੇਸ਼-ਕਾਲ

ਦੇਸ਼-ਕਾਲ ਤੇ ਪ੍ਰਕਿਰਤੀ ਆਪਸ ਵਿਚ ਅੰਤਰ-ਨਿਹਤ ਹਨ। ਇਹ ਕਹਿਣਾ ਉਚਿਤ ਹੋਵੇਗਾ ਕਿ ਦੇਸ਼, ਕਾਲ ਤੇ ਪ੍ਰਕਿਰਤੀ ਆਪਸ ਵਿਚ ਅਭੇਦ ਹਨ। ਕਾਲ ਤੋਂ ਬਿਨਾਂ ਦੇਸ਼ ਭਾਵ ਸਥਾਨ ਅਤੇ ਸਥਾਨ ਤੋਂ ਬਿਨਾਂ ਕਾਲ ਦੀ ਹੋਂਦ ਕੋਈ ਅਰਥ ਨਹੀਂ ਰੱਖਦੀ। ਪਰ ਇਹ ਦੋਵੇਂ ਪ੍ਰਕਿਰਤੀ ਦੇ ਅੰਤਰਗਤ ਵਿਚਰਦੇ ਅਤੇ ਕਾਰਜ ਕਰਦੇ ਹਨ। ਵਿਗਿਆਨਕ ਦ੍ਰਿਸ਼ਟੀ ਤੋਂ ਵੀ ਪ੍ਰਕਿਰਤੀ ਤ੍ਰੈਗੁਣਾਤਮਿਕ ਪਸਾਰਾ ਤੇ ਪ੍ਰਕਿਰਤੀ ਦੀਆਂ ਹੱਦਾਂ ਤੋਂ ਪਰੇ ਤੇ ਸੁਤੰਤਰ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਪ੍ਰਕਿਰਤੀ ਨੂੰ ਉਪਰੋਕਤ ਅਰਥ ਦਿੱਤੇ ਹਨ -

ਪਾਤਾਲਾਂ ਪਾਤਾਲ, ਲਖ ਅਗਾਸਾਂ ਅਗਾਸੁ
ਉੜਕ ਉੜਕ ਭਾਲਿ ਥਕੇ ਵੇਦਿ ਕਹਨੁ ਇਕੁ ਧਾਤੁ

ਕੇਤੇ ਇੰਦ ਚੰਦ ਸੂਰ
ਕੇਤੇ ਮੰਡਲ ਦੇਸ ।।[39]

ਜਿਥੇ ਪ੍ਰਕਿਰਤੀ ਦੇ ਕਾਰਜ ਖੇਤਰ ਵਿਚ ਤ੍ਰੈਗੁਣ ਤੇ ਚਿਤ ਬਿਰਤੀਆਂ ਦਾ ਸਥਾਨ ਮਹੱਤਵ ਪੂਰਨ ਹੈ। ਉਥੇ ਪਹਿਲਿਆਂ ਦੋਹਾਂ ਦੇ ਹੋਂਦ ਵਿਚ ਆਉਣ ਲਈ ਸਥਾਨ ਤੇ ਕਾਲ ਬਹੁਤ ਜ਼ਰੂਰੀ ਹਨ।

ਚਿਤ ਬ੍ਰਿਤੀਆਂ ਦਾ ਕਾਰਜ ਕੇਵਲ ਉਸ ਅਵੱਸਥਾ ਵਿਚ ਹੀ ਸੰਪੂਰਣ ਹੁੰਦਾ ਹੈ, ਜਦੋਂ ਇਸ ਦਾ ਸੰਬੰਧ ਦੇਸ਼ ਕਾਲ ਨਾਲ ਜੁੜਦਾ ਹੈ। ਦੇਸ਼ ਕਾਲ ਤੋਂ ਬਿਨ੍ਹਾਂ ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ, ਪ੍ਰਕਿਰਤੀ ਦੀ ਗਤੀਸ਼ੀਲਤਾ ਕੋਈ ਮਹੱਤਵ ਨਹੀ ਰੱਖਦੀ ਕਿਉਂਕਿ ਪ੍ਰਕਿਰਤੀ ਦੀ ਹੋਂਦ ਨੂੰ ਅਸੀ ਕੇਵਲ ਦੇਸ਼ ਕਾਲ ਦੀ ਮੌਜੂਦਗੀ ਵਿਚ ਹੀ ਅਨੁਭਵ ਕਰਦੇ ਹਾਂ। ਸਮੇਂ ਅਤੇ ਸਥਾਨ ਨਾਲ ਹੀ ਜੀਵਾਤਮਾ ਦਾ ਜਨਮ ਮਰਨ ਦੁੱਖ ਸੁੱਖ ਦੇ ਫਲ ਭੋਗਣ ਦਾ ਸੰਬੰਧ ਜੁੜਦਾ ਹੈ। ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਦੇਸ਼-ਕਾਲ ਦਾ ਹੋਂਦ ਵਿਚ ਆਉਣਾ ਹੀ ਪ੍ਰਕਿਰਤੀ ਦਾ ਕਾਰਜ ਖੇਤਰ ਨਿਸ਼ਚਿਤ ਕਰਦਾ ਹੈ। ਇਸ ਲਈ ਪ੍ਰਕਿਰਤੀ ਤੇ ਦੇਸ਼-ਕਾਲ ਦਾ ਆਪਸੀ ਨਿਕਟਤਮ ਸੰਬੰਧ ਹੈ।

<u>ਭਾਰਤੀ ਖਟ-ਦਰਸ਼ਨ ਵਿਚ ਪ੍ਰਕਿਰਤੀ ਦਾ ਸੰਕਲਪ</u>

ਖਟ ਦਰਸ਼ਨ ਪ੍ਰਨਾਲੀਆਂ ਵਿਚੋਂ ਸਾਂਖ ਸਭ ਤੋਂ ਪੁਰਾਤਨ ਹੈ। ਉਪਨਿਸ਼ਦਾਂ ਵਿਚ ਵੀ ਇਸ ਦਾ ਵਰਨਣ ਮਿਲਦਾ ਹੈ। ਉਪਨਿਸ਼ਦਾਂ ਵਿਚ ਸਮਾਨੰਤਰ ਰੂਪ ਵਿਚ ਦੋ ਚਿੰਤਨ ਪ੍ਰਨਾਲੀਆਂ ਦਾ ਵਿਕਾਸ ਦੇਖਿਆ ਜਾ ਸਕਦਾ ਹੈ। ਅੱਗੇ ਜਾਕੇ ਇਹ ਦੋਵੇਂ ਪਰਨਾਲੀਆਂ ਸਾਂਖ ਤੇ ਵੇਦਾਂਤ ਦਾ ਸਰੂਪ ਗ੍ਰਹਿਣ ਕਰਦੀਆਂ ਹਨ। ਸਾਂਖ ਪ੍ਰਨਾਲੀ ਅਨੁਸਾਰ ਗੋਚਰ ਜਗਤ ਦਾ ਕਾਰਨ ਕੇਵਲ ਦੋ ਤੱਤ ਹਨ - ਪੁਰਸ਼ ਤੇ ਪ੍ਰਕਿਰਤੀ - ਦੋਵੇਂ ਅਨਾਦੀ ਹਨ ਪੁਰਸ਼ ਚਿੱਤ ਅਤੇ ਪ੍ਰਕਿਰਤੀ ਅਚਿੱਤ। ਸਾਂਖ ਅਨੁਸਾਰ ਚਿੱਤ ਅਤੇ ਅਚਿੱਤ ਦੇ ਸੰਜੋਗ ਕਾਰਨ ਜਗਤ ਅਤੇ ਹੋਰ ਪਦਾਰਥਾਂ ਦੀ ਉਤਪਤੀ ਤੇ ਵਿਕਾਸ ਹੁੰਦਾ ਹੈ। ਵੇਦਾਂਤ ਦਾ ਵਿਦਵਾਨ ਸ਼ੰਕਰਾਚਾਰੀਆ ਅਦਵੈਤਵਾਦੀ ਦ੍ਰਿਸ਼ਟੀ ਤੋਂ ਜਿਸਨੂੰ ਮਾਇਆ ਆਖਦਾ ਹੈ, ਸਾਂਖ ਉਸ ਨੂੰ ਪ੍ਰਕਿਰਤੀ ਆਖਦਾ ਹੈ।[40] ਸਾਂਖ ਦੀ ਪ੍ਰਕਿਰਤੀ ਤ੍ਰੈਗੁਣਾਤਮਿਕ ਹੈ, ਸਾਂਖ ਅਨੁਸਾਰ ਪ੍ਰਕਿਰਤੀ ਵਿਚ ਤਿੰਨਾਂ ਗੁਣਾਂ ਦਾ ਸੰਤੁਲਨ ਹੈ। ਇਨ੍ਹਾਂ ਤਿੰਨਾਂ ਗੁਣਾਂ ਨੂੰ ਇਕੱਠਿਆਂ ਰੱਖਣਾ ਤੇ ਇਨ੍ਹਾਂ ਦੀ ਸੰਭਾਲ ਕਰਨੀ ਪ੍ਰਕਿਰਤੀ ਦਾ ਕਾਰਜ ਹੈ। ਗੁਰੂ ਨਾਨਕ ਨੇ ਪ੍ਰਕਿਰਤੀ ਨੂੰ ਆਪਣੇ ਰਹੱਸਵਾਦੀ ਦ੍ਰਿਸ਼ਟੀ ਤੋਂ " ਕੁਦਰਤਿ" ਆਖਿਆ ਹੈ ਕਿਉਂਕਿ ਸਾਂਖ ਇਕ ਨਾਸਤਕ

ਮੱਤ ਹੈ ਜਿਹੜਾ ਕਿ ਪ੍ਰਕਿਰਤੀ ਨੂੰ ਪ੍ਰਮਾਤਮਾ ਦੀ ਰਚਨਾ ਸਵੀਕਾਰ ਨਹੀਂ ਕਰਦਾ ਸਗੋਂ ਇਸ ਨੂੰ (ਪ੍ਰਕਿਰਤੀ) ਜੜ੍ਹ ਦੀ ਉਪਜ ਮੰਨਦਾ ਹੈ ਅਤੇ ਪੁਰਸ਼ (ਚਿੱਤ) ਨਾਲ ਇਸ ਦਾ ਸੰਜੋਗ ਕਰਵਾਉਂਦਾ ਹੈ। ਸਾਂਖ ਦਾ ਪੁਰਸ਼ ਜਦੋਂ ਪ੍ਰਕਿਰਤੀ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉਹ ਆਵਾਗਉਣ ਦਾ ਭਾਗੀ ਬਣਦਾ ਹੈ ਦੂਜੇ ਸ਼ਬਦਾਂ ਵਿਚ ਸਾਂਖ ਮੱਤ ਅਨੁਸਾਰ ਪ੍ਰਕਿਰਤੀ ਅਤੇ ਪੁਰਸ਼ ਦੋ ਵੱਖਰੀਆਂ ਹਕੀਕਤਾਂ ਹਨ, ਜਿਹੜੀਆਂ ਕਿ ਅਦਵੈਤਵਾਦੀ ਦ੍ਰਿਸ਼ਟੀ ਤੋਂ ਠੀਕ ਨਹੀਂ ਜਾਪਦੀਆਂ। ਗੁਰੂ ਨਾਨਕ ਦੀ ਪ੍ਰਕਿਰਤੀ ਅਦਵੈਤਵਾਦੀ ਦ੍ਰਿਸ਼ਟੀ ਤੋਂ ਪੁਰਸ਼ ਅਤੇ ਪ੍ਰਕਿਰਤੀ ਦੋਹਾਂ ਨੂੰ ਇਕੋ ਪਰਮ ਸੱਤ ਤੋਂ ਪੈਦਾ ਹੋਈਆਂ ਅੰਤਰ-ਨਿਹਤ ਵਸਤੂਆਂ ਮੰਨਦਾ ਹੈ। ਯੋਗ ਸ਼ਾਸਤ੍ਰ ਦਾ ਕਰਤਾ ਪਤੰਜਲ ਰਿਸ਼ੀ ਨੂੰ ਮੰਨਿਆ ਜਾਂਦਾ ਹੈ। ਇਹ ਵੀ ਇਕ ਮਹੱਤਵਪੂਰਨ ਦਰਸ਼ਨ ਹੈ, ਜਿਸਦਾ ਅਧਾਰ ਆਤਮਾ ਤੇ ਪ੍ਰਮਾਤਮਾ ਦਾ ਮਿਲਾਪ ਹੈ। ਯੋਗ ਦਾ ਸ਼ਾਬਦਿਕ ਅਰਥ ਵੀ ਜੋੜ ਜਾਂ ਮੇਲ ਹੈ। ਪਤੰਜਲੀ ਚਿਤ ਬਿਰਤੀਆਂ ਦੇ ਨਿਰੋਧ ਨੂੰ ਹੀ ਯੋਗ ਆਖਦਾ ਹੈ। ਚਿੱਤ ਦੇ ਵਿਕਾਰਾਂ ਨੂੰ ਰੋਕਣ ਅਤੇ ਪੁਰਸ਼ ਦੇ ਯਥਾਰਥਕ ਸਰੂਪ ਨੂੰ ਪ੍ਰਗਟਾਉਣਾ ਹੀ ਯੋਗ ਹੈ। ਯੋਗ ਦਰਸ਼ਨ ਅਨੁਸਾਰ ਅਵਿਦਿਆ, ਹਉਮੈ, ਲਗਾਉ ਘ੍ਰਿਣਾ ਆਦਿ ਦੀ ਉਤਪਤੀ ਚਿੱਤ-ਬਿਰਤੀਆਂ ਤੋਂ ਹੁੰਦੀ ਹੈ ਅਤੇ ਚਿੱਤ-ਬਿਰਤੀਆਂ ਪ੍ਰਕਿਰਤੀ ਕਾਰਣ ਹੋਂਦ ਵਿਚ ਆਉਂਦੀਆਂ ਹਨ। ਯੋਗ ਦਾ ਪ੍ਰਕਿਰਤੀ ਸੰਕਲਪ ਗੁਰਮਤ ਤੇ ਵੇਦਾਂਤ ਨਾਲੋਂ ਵਿਭਿੰਨ ਹੈ। ਯੋਗ ਅਨੁਸਾਰ ਪ੍ਰਕਿਰਤੀ ਦੀ ਉਤਪਤੀ ਜੀਵ ਦੇ ਕਾਰਨ ਹੈ, ਇਸੇ ਲਈ ਯੋਗ ਦੀਆਂ ਚਿੱਤ-ਬਿਰਤੀਆਂ ਦਾ ਨਿਰੋਧ ਵੀ ਕੇਵਲ ਜੀਵ ਦੇ ਸੰਬੰਧ ਵਿਚ ਪ੍ਰਗਟ ਹੁੰਦਾ ਹੈ। ਅੰਤਮ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਯੋਗ ਮੱਤ ਦੀ ਪ੍ਰਕਿਰਤੀ ਵੀ ਸਾਂਖ ਮੱਤ ਦੇ ਅੰਤਰਗਤ ਹੀ ਵਿਚਰਦੀ ਹੈ, ਇਹ ਵੱਖਰੀ ਗੱਲ ਹੈ ਕਿ ਯੋਗ ਨੇ ਸਾਂਖ ਦੀਆਂ ਕਈ ਤਰੁਟੀਆਂ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ।[41]

ਨਿਆਏ ਸ਼ਾਸਤਰ ਅਤੇ ਵਿਸ਼ੇਸ਼ਕ ਸ਼ਾਸਤਰ ਅਸਲ ਵਿਚ ਦੋ ਵੱਖ ਵੱਖ ਚਿੰਤਨ ਪ੍ਰਣਾਲੀਆਂ ਹਨ ਪਰ ਆਪਸ ਵਿਚ ਵਿਚਾਰਾਂ ਦੀ ਪਰਸਪਰ ਸਾਂਝ ਹੋਣ ਕਾਰਨ ਦੋਹਾਂ ਨੂੰ ਨਿਆਏ-ਵਿਸ਼ੇਸ਼ਕ ਦਾ ਇਕੱਠਾ ਨਾਮ ਵੀ ਦਿੱਤਾ ਜਾਂਦਾ ਹੈ। ਨਿਆਏ ਦਾ ਖੇਤਰ ਗਿਆਨ ਤੇ ਸਚਾਈ ਹੈ। ਨਿਆਏ ਦਾ ਜੀਵ ਪਰਮਾਣੂਆਂ ਦੀ ਤਰ੍ਹਾਂ ਨਿੱਤ ਹੈ ਅਤੇ ਇਸ ਦਾ ਜਨਮ ਮਰਨ ਹੁੰਦਾ ਹੈ। ਇਸ ਦੇ ਬੰਧਨ ਦਾ ਕਾਰਨ ਚੇਤਨਾ ਹੈ। ਨਿਆਏ ਅਨੁਸਾਰ ਪ੍ਰਕਿਰਤੀ ਦਾ ਵਿਆਪਕ ਹੋਣਾ ਅਸਲ ਵਿਚ ਅਸ਼ੁੱਧ ਗਿਆਨ ਦੇ ਕਾਰਨ ਹੀ ਹੈ। ਸ਼ੁੱਧ ਗਿਆਨ ਦੀ ਪ੍ਰਾਪਤੀ ਨਾਲ ਮਨੁੱਖ ਜਾਂ ਜੀਵ ਪ੍ਰਕਿਰਤਕ ਬੰਧਨਾਂ ਤੋਂ ਮੁਕਤ ਹੋ ਸਕਦਾ ਹੈ। ਵਿਸ਼ੇਸ਼ਕ ਦਰਸ਼ਨ ਆਤਮਾ ਨੂੰ ਦ੍ਰਵ ਮੰਨਦਾ ਹੈ, ਜਿਵੇਂ ਨਿਆਏ ਦਾ ਪ੍ਰਮਾਣੂ ਅਨੇਕ ਰੂਪ ਵਿਚ ਹੈ, ਉਸੇ ਤਰ੍ਹਾਂ ਵਿਸ਼ੇਸ਼ਕ ਦੀਆਂ ਆਤਮਾਵਾਂ ਵੀ ਅਨੇਕ ਹਨ। ਵਿਸ਼ੇਸ਼ਕ ਮਨ ਨੂੰ ਅਣੂ ਮੰਨਦਾ ਹੈ। ਇਹ ਅਨਿੱਤ ਅਤੇ ਅਨੇਕ ਹੈ। ਇਸ ਦੀ

ਉਤਪਤੀ ਤੇ ਵਿਨਾਸ਼ ਸੰਭਵ ਨਹੀਂ।[42] ਵੈਸ਼ੇਸ਼ਿਕ ਅਨੁਸਾਰ ਮਨ ਇਕ ਅੰਤਰੀਵ ਇੰਦਰੀ ਹੈ ਜਿਸ ਦਾ ਸੰਜੋਗ ਆਤਮਾ ਨਾਲ ਹੁੰਦਾ ਹੈ। ਇਹ ਸੰਜੋਗ ਹੀ ਮਨੁੱਖ ਦੇ ਦੁੱਖ ਸੁੱਖ ਦਾ ਕਾਰਨ ਬਣਦਾ ਹੈ। ਸਮੁੱਚੇ ਰੂਪ ਵਿਚ ਅਸੀਂ ਆਖ ਸਕਦੇ ਹਾਂ ਕਿ ਨਿਆਏ ਵੈਸ਼ੇਸ਼ਿਕ ਦੀ ਪ੍ਰਕਿਰਤੀ ਧਾਰਨਾ ਬ੍ਰਹਮ ਦੀ ਸਮੱਰਥਕ ਸ਼ਕਤੀ ਹੈ, ਜਿਸ ਨਾਲ ਬ੍ਰਹਮ ਜਗਤ ਦੀ ਉਤਪਤੀ ਕਰਦਾ ਹੈ।

ਮਿਮਾਂਸਾ ਦਰਸ਼ਨ ਕੇਵਲ ਸਮੂਹ ਦੇ ਸਰੂਪ ਦੀ ਵਿਆਖਿਆ ਹੀ ਕਰਦਾ ਹੈ, ਇਸੇ ਲਈ ਇਸ ਦਾ ਤੱਤਵ - ਗਿਆਨ ਅਧੂਰਾ ਤੇ ਅਵਿਕਸਿਤ ਹੈ। ਅੱਗੇ ਜਾ ਕੇ ਮਿਮਾਂਸਾ ਦੀਆਂ ਦੋ ਸ਼੍ਰੇਣੀਆਂ ਬਣ ਜਾਂਦੀਆਂ ਹਨ। ਪੂਰਵ - ਮਿਮਾਂਸਾ ਤੇ ਉਤਰ - ਮਿਮਾਂਸਾ। ਪ੍ਰਕਿਰਤੀ ਦੇ ਸੰਬੰਧ ਵਿਚ ਇਸ ਮੱਤ ਵਿਚ ਵਿਚਾਰ ਨਾ ਹੋਣ ਦੇ ਬਰਾਬਰ ਹੀ ਹਨ।

## ਵੇਦਾਂਤ ਦਰਸ਼ਨ ਵਿਚ ਪ੍ਰਕਿਰਤੀ ਦਾ ਸੰਕਲਪ

ਵੇਦਾਂਤ ਨੂੰ ਸਭ ਦਰਸ਼ਨ ਪ੍ਰਣਾਲੀਆਂ ਵਿਚੋਂ ਮਹੱਤਵਪੂਰਨ ਮੰਨਿਆ ਜਾਂਦਾ ਹੈ। ਵੇਦਾਂਤ ਵਿਚ ਪ੍ਰਕਿਰਤੀ ਨੂੰ ਮਾਇਆ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਸ਼ੰਕਰਾਚਾਰੀਆ ਅਨੁਸਾਰ ਪ੍ਰਕਿਰਤੀ ਬ੍ਰਹਮ ਦੀ ਸਮਰਥਕ ਸ਼ਕਤੀ ਹੈ ਜਿਸ ਦੁਆਰਾ ਨਿਰਗੁਣ ਬ੍ਰਹਮ ਜਗਤ ਵਿਚ ਵਿਅੱਕਤ ਹੁੰਦਾ ਹੈ। ਪ੍ਰਕਿਰਤੀ ਦੇ ਕਾਰਨ ਹੀ ਜਗਤ ਅਸੱਤ ਤੇ ਮਿਥਿਆ ਹੈ।[43] ਬਾਦ ਵਿਚ ਆਉਣ ਵਾਲੇ ਵੇਦਾਂਤੀਆਂ ਵਿਚ ਰਾਮਾਨੁਜ ਨੇ ਸਗੁਣ ਬ੍ਰਹਮ ਦੀ ਵਿਆਖਿਆ ਕਰਕੇ, ਪ੍ਰਕਿਰਤੀ ਨੂੰ ਬ੍ਰਹਮ ਦੀ ਸਿਰਜਨਾਤਮਿਕ ਸ਼ਕਤੀ ਆਖਿਆ ਹੈ। ਆਧੁਨਿਕ ਕਾਲ ਵਿਚ ਅਰਬਿੰਦੂ, ਘੋਸ਼ ਨੇ ਵੀ ਪ੍ਰਕਿਰਤੀ ਨੂੰ ਦੋ ਪ੍ਰਕਾਰਾਂ ਵਿਚ ਵੰਡਿਆ ਹੈ ਵਿਦਿਆ ਪ੍ਰਕਿਰਤੀ ਅਤੇ ਅਵਿਦਿਆ ਪ੍ਰਕਿਰਤੀ। ਵਿਦਿਆ ਪ੍ਰਕਿਰਤੀ ਬ੍ਰਹਮ ਦੀ ਸਹਿਯੋਗੀ ਸ਼ਕਤੀ ਹੈ ਅਤੇ ਅਵਿਦਿਆ ਪ੍ਰਕਿਰਤੀ ਦਾ ਸੰਬੰਧ ਜੀਵਆਤਮਾ ਨਾਲ ਹੈ। ਇਹ ਅਵਿਦਿਆ ਪ੍ਰਕਿਰਤੀ ਹੀ ਮਨੁੱਖ ਦੇ ਬੰਧਨ ਦਾ ਕਾਰਨ ਹੈ। ਉਪਰ ਅੰਕਿਤ ਕੀਤੇ ਗਏ ਖਟ ਦਰਸ਼ਨ ਵਿਚ ਪ੍ਰਕਿਰਤੀ ਸੰਬੰਧੀ ਜੋ ਵਿਚਾਰ ਪ੍ਰਸਤੁਤ ਕੀਤੇ ਗਏ ਹਨ, ਉਨ੍ਹਾਂ ਨੂੰ ਨਿਮਨ ਲਿਖਤ ਅਨੁਸਾਰ ਦਰਸਾਇਆ ਜਾ ਸਕਦਾ ਹੈ।

- ਪ੍ਰਕਿਰਤੀ ਸਿਰਜਨਾਤਮਿਕ ਸ਼ਕਤੀ ਹੈ ਤੇ ਜਗਤ ਦੀ ਉਤਪਤੀ ਦਾ ਕਾਰਨ ਹੈ।
- ਪ੍ਰਕਿਰਤੀ ਸਿਰਜਨਾਤਮਿਕ ਸ਼ਕਤੀ ਤਾਂ ਹੈ ਪਰ ਇਹ ਬ੍ਰਹਮ ਦੀ ਸਹਿਯੋਗੀ ਸ਼ਕਤੀ ਦੇ ਰੂਪ ਵਿਚ ਕਿਸੇ ਵੱਖਰੀ ਹੋਂਦ ਦੀ ਲਖਾਇਕ ਹੈ।
- ਪ੍ਰਕਿਰਤੀ ਤ੍ਰੈਗੁਣਾਤਮਿਕ ਹੈ।
- ਪ੍ਰਕਿਰਤੀ ਦਾ ਕਾਰਜ ਖੇਤਰ ਮਨ ਅਤੇ ਚਿੱਤ - ਬਿਰਤੀਆਂ ਹਨ।

## ਪ੍ਰਕਿਰਤੀ ਸੰਬੰਧੀ ਜੈਨ ਤੇ ਬੁੱਧ ਦ੍ਰਿਸ਼ਟੀਕੋਣ

ਭਾਰਤ ਸਿਖਰੇ ਹੀ ਫਲਸਫੇ ਦਾ ਮੋਢੀ ਹੈ। ਪ੍ਰਾਚੀਨ ਭਾਰਤੀ ਰਿਸ਼ੀਆਂ ਨੇ ਨਿਰੋਲ ਬੌਧਿਕ ਵਿਧੀਆਂ ਸੰਬੰਧੀ ਡੂੰਘਾ ਚਿੰਤਨ ਕੀਤਾ ਅਤੇ ਭਿੰਨ ਭਿੰਨ ਦਰਸ਼ਨਾਂ ਦਾ ਵਿਕਾਸ

ਹੋਇਆ। ਪਰਮਾਤਮਾ ਤੇ ਪ੍ਰਕਿਰਤੀ ਸੰਬੰਧੀ ਦਾਰਸ਼ਨਿਕ ਧਾਰਨਾਵਾਂ ਵੇਦ-ਰਿਚਾਵਾਂ ਵਿਚ ਚੋਖੀ ਮਾਤਰਾ ਵਿਚ ਉਪਲਬਧ ਹਨ। ਭਾਵੇਂ ਪ੍ਰਕਿਰਤੀ ਸੰਬੰਧੀ ਵੈਦਿਕ-ਰਿਸ਼ੀਆਂ ਵਿਚ ਸਮਤਾ ਨਹੀਂ ਸ੍ਰਿਸ਼ਟੀ ਦੀ ਰਚਨਾ ਕਿਤੇ ਅਗਨੀ ਤੋਂ, ਸੋਮ ਤੋਂ ਕਿਤੇ ਇੰਦਰ, ਵਿਸ਼ਵ-ਕਰਮਾ ਵਿਸ਼ਨੂੰ ਆਦਿਕ ਦੇਵਤਿਆਂ ਦੁਆਰਾ ਮੰਨੀ ਗਈ ਹੈ। ਯੁਜਰਵੇਦ ਵਿਚ ਉਲੇਖ ਹ ਕਿ ਸ੍ਰਿਸ਼ਟੀ ਦੇ ਆਰੰਭ ਵਿਚ ਕੇਵਲ ਅਵਿਅੱਕਤ ਚੇਤਨ ਸੀ, ਇਸ ਤੋਂ ਸ੍ਰਿਸ਼ਟੀ ਦੀਆਂ ਵਿਵਿੱਧਤਾਵਾਂ ਉਤਪੰਨ ਹੋਈਆਂ ਇਸ ਸਰਵ-ਵਿਆਪੀ ਸ਼ਕਤੀ ਤੇ ਗਿਆਨ ਸ਼ਕਤੀ ਇੱਛਾ-ਸ਼ਕਤੀ ਤੇ ਕਿਰਿਆ ਸ਼ਕਤੀ ਦਾ ਜਨਮ ਹੋਇਆ।

ਸ੍ਰਿਸ਼ਟੀ ਸੰਬੰਧੀ ਉਪਨਿਸ਼ਦਾਂ ਵਿਚ ਵੀ ਸਮਤਾ ਨਹੀਂ ਹੈ ਉਪਨਿਸ਼ਦਾਂ ਵਿਚ ਇਸ ਨੂੰ ਅਬਿਨਾਸੀ ਬ੍ਰਹਮ ਤੋਂ ਉਤਪੰਨ ਹੋਈ ਦੱਸਿਆ ਗਿਆ ਹੈ। ਪ੍ਰਸ਼ਨ- ਉਪਨਿਸ਼ਦ ਵਿਚ ਸ੍ਰਿਸ਼ਟੀ ਕ੍ਰਮ ਸੰਬੰਧੀ [illegible] ਵੇਰਵਾ ਅੰਕਤ ਹੈ। ਸਭ ਤੋਂ ਪਹਿਲਾਂ ਪ੍ਰਾਣ ਦੀ ਰਚਨਾ ਹੋਈ ਫਿਰ ਸ਼ਰਧਾ ਉਤਪੰਨ ਕੀਤੀ ਗਈ ਅਤੇ ਉਸ ਤੋਂ ਮਗਰੋਂ ਕ੍ਰਮਵਾਰ ਮਨ , ਬੀਰਜ, ਤਪ ਅਤੇ ਅਨੇਕ ਮੰਤ੍ਰ, ਕਰਮ ਵੱਖ ਵੱਖ ਲੋਕ ਅਤੇ ਉਨ੍ਹਾਂ ਦਾ ਨਾਮ - ਕਰਣ ਹੋਇਆ।[44] ਦਰਸ਼ਨ ਧਰਮ ਦੀ ਬੁਨਿਆਦ ਹੈ। ਪ੍ਰਾਚੀਨ ਭਾਰਤੀ ਰਿਸ਼ੀਆਂ ਅਤੇ ਮਹਾਤਮਾਵਾਂ ਨੇ ਡੂੰਘੇ ਚਿੰਤਨ ਦੁਆਰਾ ਅਨੇਕਾਂ ਦਰਸ਼ਨ ਤੇ ਮੱਤ ਸਥਾਪਿਤ ਕੀਤੇ ਜੋ ਮਗਰੋਂ ਅਮਲੀ ਰੂਪ ਵਿਚ ਅਨੇਕਾਂ ਮੱਤ-ਮਤਾਂਤਰਾਂ ਦਾ ਅਧਾਰ ਬਣੇ।

ਵੈਦਿਕ - ਬ੍ਰਹਮ ਵੀ ਮੱਤਾਂ ਤੋਂ ਮਗਰੋਂ ਭਾਰਤ ਵਿਚ ਜੈਨ ਤੇ ਬੁੱਧ ਮੱਤ ਪ੍ਰਮੁੱਖ ਧਰਮ ਬਣ ਗਏ, ਜਿਨ੍ਹਾਂ ਦੇ ਸੰਸਥਾਪਕਾਂ ਨੇ ਅਮਲੀ ਜੀਵਨ, ਅਧਿਆਤਮਿਕ ਸਾਧਨਾ, ਪਰਖ ਤੇ ਅਪਰੋਖ ਸੰਸਾਰ ਸੰਬੰਧੀ ਆਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ। ਇਨ੍ਹਾਂ ਨੇ ਵੀ ਪ੍ਰਕਿਰਤੀ ਸੰਬੰਧੀ ਆਪਣੀ ਸਮਰਥਾ ਵਿਅਕਤ ਕੀਤੀ। ਜੈਨ- ਮੱਤ ਵਾਲੇ ਵੱਖ ਵੱਖ ਪ੍ਰਕਾਰ ਦੇ ਦ੍ਰਵਾਂ ਦੇ ਸੰਜੋਗਾਂ ਤੋਂ ਸੰਸਾਰ ਦੀ ਉਤਪਤੀ ਮੰਨਦੇ ਹਨ। ਕਿਉਂਕਿ ਦ੍ਰਵ-ਗੁਣ ਪਰਿਵਰਤਨਸ਼ੀਲ ਨਹੀਂ ਹੁੰਦੇ ਇਸ ਲਈ ਇਸ ਦ੍ਰਿਸ਼ਟੀ ਤੋਂ ਸੰਸਾਰ ਨਿੱਤ ਹੈ ਪਰ ਉਨ੍ਹਾਂ ਦੇ ਪ੍ਰਯਾਏ ਬਦਲਦੇ ਰਹਿੰਦੇ ਹਨ, ਇਸ ਲਈ ਸੰਸਾਰ ਨਿੱਤ ਹੀ ਨਹੀਂ [illegible] ਪਰਿਵਰਤਨਸ਼ੀਲ ਵੀ ਹੈ, ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਜੈਨ ਮੱਤ ਵਾਲੇ ਇਕ ਦ੍ਰਿਸ਼ਟੀ ਤੋਂ ਸੰਸਾਰ ਦੀ ਨਿੱਤ ਤੇ ਦੂਜੀ ਦ੍ਰਿਸ਼ਟੀ ਤੋਂ ਅੰਕਿਤ ਮੰਨਦੇ ਹਨ।[45] ਜੈਨ ਮੱਤ , ਮਾਦੇ ਨੂੰ ਪ੍ਰਕਿਰਤੀ ਦਾ ਅਧਾਰ ਮੰਨਦਾ ਹੈ ਅਤੇ ਨਾਸਤਿਕਤਾ ਦਾ ਧਾਰਨੀ ਹੈ।[46]

ਬੁੱਧ ਮੱਤ ਵਾਲਿਆਂ ਨੇ ਜਗਤ ਸੱਤਾ ਨੂੰ ਸੁਤੰਤਰ ਮੰਨਦਿਆਂ ਹੋਇਆਂ ਇਸ ਨੂੰ ਪਰਿਵਰਤਨਸ਼ੀਲ ਦੱਸਿਆ ਹੈ। ਬੁੱਧ ਮੱਤ ਪ੍ਰਮਾਤਮਾ ਦੀ ਹੋਂਦ ਸੰਬੰਧੀ ਚੁੱਪ ਹੈ ਅਤੇ ਇਸ ਦਾ ਪ੍ਰਕਿਰਤੀ ਪ੍ਰਤਿ ਦ੍ਰਿਸ਼ਟੀਕੋਣ ਜੈਨ ਮੱਤ ਵਾਲਾ ਹੀ ਹੈ।

## <u>ਅਭਾਰਤੀ ਮੱਤਾਂ ਅਨੁਸਾਰ ਪ੍ਰਕਿਰਤੀ ਧਾਰਨਾ</u>

ਦਰਸ਼ਨ-ਖੇਤਰ ਵਿਚ ਭਾਰਤੀ ਚਿੰਤਨ ਨੂੰ ਸਾਰੇ ਸੰਸਾਰ ਵਿਚ ਇਤਿਹਾਸਕ ਸ਼੍ਰੇਸ਼ਟਤਾ ਪ੍ਰਾਪਤ ਹੈ। ਫਲਸਫੇ ਦਾ ਕੋਈ ਵੀ ਅਜਿਹਾ ਪੱਖ ਨਹੀਂ ਜਿਹੜਾ ਪ੍ਰਾਚੀਨ ਅਤੇ ਆਧੁਨਿਕ ਭਾਰਤੀ ਚਿੰਤਕਾਂ ਤੋਂ ਅਛੂਤਾ ਰਹਿ ਗਿਆ ਹੋਵੇ। ਉਤਰ-ਪੱਛਮ ਵੱਲੋਂ ਏਸ਼ੀਆਈ ਅਤੇ ਯੂਰਪੀ ਕੌਮਾਂ ਹਮੇਸ਼ਾਂ, ਭਾਰਤ ਵਿਚ ਪ੍ਰਵੇਸ਼ ਕਰਦੀਆਂ ਰਹੀਆਂ ਅਤੇ ਉਹ ਆਪਣਾ ਧਰਮ, ਦਰਸ਼ਨ ਸਾਹਿਤ, ਕਲਾ, ਗਿਆਨ, ਸਭਿਆਚਾਰ ਅਤੇ ਭਵਨਕਾਰੀ ਨਾਲ ਲੈ ਕੇ ਆਏ। ਪ੍ਰਮੁੱਖ ਤੌਰ ਤੇ ਭਾਰਤੀ ਜਨ ਜੀਵਨ ਅਤੇ ਫਲਸਫੇ ਨੂੰ ਸਭ ਤੋਂ ਵੱਧ ਇਸਲਾਮ ਨੇ ਪ੍ਰਭਾਵਤ ਕੀਤਾ। ਇਸਲਾਮੀ ਦਰਸ਼ਨ ਉਤੇ ਪੂਰਬ ਕਾਲੀ ਪਾਰਸੀ ਯਹੂਦੀ ਅਤੇ ਇਸਾਈ ਮੱਤਾਂ ਦਾ ਹਾਂ-ਮੁੱਖੀ ਜਾਂ ਨਾਂਹ ਮੁੱਖੀ ਪ੍ਰਭਾਵ ਜ਼ਰੂਰ ਪਿਆ ਹੈ। ਮੱਧਕਾਲੀਨ ਭਗਤੀ-ਤਰੰਗ ਅਤੇ ਵਿਸ਼ੇਸ਼ ਕਰਕੇ ਗੁਰੂ ਨਾਨਕ ਦੀ ਵਿਚਾਰਧਾਰਾ ਭਾਰਤੀ ਪਿਸ਼ਟਭੂਮੀ ਵਿਚ ਉਪਰੋਕਤ ਅਭਾਰਤੀ ਧਰਮਾਂ ਦੇ ਦ੍ਰਿਸ਼ਟੀਕੋਣ ਦਾ ਗੰਭੀਰ ਵਿਵੇਚਨ ਕਰਦੀ ਹੋਈ ਪ੍ਰਭਾਵ ਕਬੂਲ ਕਰਦੀ ਹੈ। ਪਾਰਸੀ ਯਹੂਦੀ ਅਤੇ ਇਸਾਈ ਮੱਤਾਂ ਦਾ ਅਪਰੋਖ ਰੂਪ ਵਿਚ ਗੁਰੂ ਨਾਨਕ ਦੀ ਵਿਚਾਰਧਾਰਾ ਤੇ ਪ੍ਰਭਾਵ ਪਿਆ ਮੰਨਿਆ ਜਾ ਸਕਦਾ ਹੈ। ਇਸਲਾਮ ਦਾ ਪ੍ਰਭਾਵ ਤਾਂ ਬਹੁਤ ਹੀ ਪ੍ਰਤੱਖ ਹੈ। ਅਸੀਂ ਆਪਣੇ ਵਿਸ਼ੇ ਦੀ ਸੀਮਾ ਅਨੁਸਾਰ, ਇਨ੍ਹਾਂ ਅਭਾਰਤੀ ਮੱਤਾਂ ਦੇ ਪ੍ਰਕਿਰਤੀ ਸੰਬੰਧੀ ਸੰਕਲਪ ਨਾ ਪ੍ਰਾਪਤ ਸਾਰ ਦੇ ਕੇ ਆਪਣੇ ਅਨੁਸੰਧਾਨ ਕਾਰਜ ਨੂੰ ਅੱਗੇ ਤੋਰਨਾ ਚਾਹੁੰਦੇ ਹਾਂ।

ਗੁਰੂ ਨਾਨਕ ਸਾਹਿਬ ਨੇ ਆਪਣੀ ਤੀਜੀ ਉਦਾਸੀ ਦੌਰਾਨ ਮੱਧ ਪੂਰਬੀ ਦੇਸ਼ਾਂ ਸਾਊਦੀ ਅਰਬ, ਇਰਾਕ, ਸੀਰੀਆ, ਫਲਸਤੀਨ, ਮਿਸਰ, ਤੁਰਕੀ, ਇਰਾਨ, ਰੂਸੀ ਤੁਰਕਿਸਤਾਨ ਅਤੇ ਅਫਗਾਨਿਸਤਾਨ ਵਿਚ ਗਏ, ਇਥੇ ਉਨ੍ਹਾਂ ਦੀਆਂ ਗੋਸ਼ਟਾਂ ਇਨ੍ਹਾਂ ਮੱਧ-ਪੂਰਬੀ ਦੇਸ਼ਾਂ ਵਿਚਲੇ ਧਰਮਾਂ ਦੇ ਅਨੁਆਈਆਂ ਨਾਲ ਹੋਈਆਂ। ਇਹ ਦੇਸ਼ ਸੰਸਾਰ ਦੇ ਪ੍ਰਾਚੀਨ ਧਰਮਾਂ ਦੇ ਜਨਮ ਸਥਾਨ ਸਨ। ਯਹੂਦੀਵਾਦ, ਪਾਰਸੀ ਮੱਤ, ਇਸਾਈਅਤ ਅਤੇ ਇਸਲਾਮ, ਇਨ੍ਹਾਂ ਦੇਸ਼ਾਂ ਦੇ ਮਹਾਂਪੁਰਖਾਂ ਦੀ ਮਨੁੱਖਤਾ ਨੂੰ ਉਸਦੀ ਦੇਣ ਹੈ। ਗੁਰੂ ਨਾਨਕ ਦਰਸ਼ਨ ਦੇ ਵਿਕਾਸ ਵਿਚ ਸੁਭਾਵਿਕ ਹੀ ਇਨ੍ਹਾਂ ਚਾਰ ਧਰਮਾਂ ਦੇ ਫਲਸਫੇ ਅਤੇ ਪ੍ਰਕਿਰਤੀ ਸੰਬੰਧੀ ਦ੍ਰਿਸ਼ਟੀਕੋਣ ਦਾ ਪ੍ਰਭਾਵ ਪਿਆ ਹੋਵੇਗਾ।

### <u>ਯਹੂਦੀਵਾਦ</u>

ਯਹੂਦੀਵਾਦ ਉਪਰੋਕਤ ਚਾਰੇ ਮੱਤਾਂ ਵਿਚੋਂ ਸਭ ਤੋਂ ਪੁਰਾਣਾ ਹੈ। ਜਿਸਦਾ ਮੁੱਖ ਸਥਾਨ ਯੂਰੋਸ਼ਲਮ ਹੈ। ਯਹੂਦੀਵਾਦ ਇਜ਼ਰਾਈਲ ਦੇ ਚੋਣਵੇਂ ਲੋਕਾਂ ਦਾ ਧਰਮ ਹੈ। ਏਕੇਸ਼ਵਰਵਾਦ ਅਤੇ ਇਜ਼ਰਾਈਲ ਦੀ ਦੇਣ ਯਹੂਦੀਵਾਦ ਦੇ ਦੋ ਬੁਨਿਆਦੀ ਅਸੂਲ ਹਨ। ਇਸਰਾਈਲ ਇਬਰਾਨੀ ਭਾਸ਼ਾ

ਦਾ ਸ਼ਬਦ ਹੈ।[47] ਜੋ ਇਸਰਾ+ਈਲ ਤੋਂ ਬਣਿਆ ਹੈ, ਜਿਸ ਦਾ ਅਰਥ ਖ਼ੁਦਾ ਵਲੋਂ ਚੁਣਿਆ ਹੋਇਆ ਹੈ। ਇਸ ਧਾਰਨਾ ਅਨੁਸਾਰ ਯਹੂਦੀ ਆਪਣੇ ਆਪ ਨੂੰ ਖ਼ੁਦਾ ਦੇ ਵਿਸ਼ੇਸ਼ ਚੁਣੇ ਮਨੁੱਖ ਅਤੇ ਇਜ਼ਰਾਈਲ ਨੂੰ ਖ਼ੁਦਾ ਦਾ ਵਿਸ਼ੇਸ਼ ਸਥਾਨ ਮੰਨਦੇ ਹਨ। ਪਰਮਾਤਮਾ ਇਕ ਤੇ, ਕੇਵਲ ਇਕ ਹੈ ਜਿਹੜਾ ਸਰਬ ਵਿਆਪਕ, ਸਰਬ-ਸ਼ਕਤੀਮਾਨ, ਸਰਬ-ਗਿਆਤਾ, ਆਦਿ ਜੁਗਾਦਿ, ਨਿਆਂਸ਼ੀਲ ਅਤੇ ਕ੍ਰਿਪਾਲੂ ਹੈ। ਉਸ ਨੇ ਮਨੁੱਖ ਦੀ ਆਪਣੀ ਕਲਪਨਾ ਅਨੁਸਾਰ ਸਿਰਜਨਾ ਕੀਤੀ ਹੈ, ਜਿਹੜਾ ਪ੍ਰਮਾਤਮਾ ਦੇ ਪਿਆਰ ਅਤੇ ਕ੍ਰਿਪਾ-ਦ੍ਰਿਸ਼ਟੀ ਨਾਲ ਨਪੁੰਨਤਾ ਪ੍ਰਾਪਤ ਕਰ ਸਕਦਾ ਹੈ। ਯਹੂਦੀਵਾਦ ਵਿਚ ਕਿਸੇ ਵਿਚੋਲੇ ਦੀ ਕੋਈ ਲੋੜ ਨਹੀਂ। ਬੁੱਤ-ਪੂਜਾ ਅਤੇ ਬਹੁ-ਦੇਵਤਾਵਾਦ ਨੂੰ ਯਹੂਦੀਵਾਦ ਵਿਚ ਖੰਡਨ ਕੀਤਾ ਗਿਆ ਹੈ। ਸੇਵਾ ਹੀ ਮਨੁੱਖੀ ਜੀਵਨ ਦਾ ਉਦੇਸ਼ ਹੈ। ਸਵੈ-ਵਿਨਾਸ਼ ਨੂੰ ਗੁਨਾਹ ਸਮਝਿਆ ਜਾਂਦਾ ਹੈ ਅਤੇ ਸਰੀਰਬਲੀ ਨੂੰ ਇਕ ਗੁਣ। ਆਤਮਾ, ਪ੍ਰਮਾਤਮਾ ਦਾ ਸਾਹ ਹੈ ਅਤੇ ਪ੍ਰਮਾਤਮਾ ਵਾਂਗ ਹੀ ਇਹ ਅਮਰ ਹੈ। ਯਹੂਦੀ ਮੱਤ ਅਨੁਸਾਰ ਬ੍ਰਹਿਮੰਡ ਪ੍ਰਮਾਤਮਾ ਦੇ ਇਕ ਸ਼ਬਦ ਉਚਾਰਨ ਨਾਲ ਉਤਪੰਨ ਹੋ ਗਿਆ ਸੀ।[48] ਕਿਉਂਕਿ ਪ੍ਰਮਾਤਮਾ ਨੇਕ ਹੈ, ਇਸ ਲਈ ਉਸ ਦੀ ਰਚਨਾ ਵੀ ਭਲੀ ਹੈ। ਨਾ ਕੋਈ ਸ਼ੈਤਾਨ ਹੈ ਅਤੇ ਨਾ ਕੋਈ ਨਰਕ। ਜੋ ਪ੍ਰਮਾਤਮਾ ਦੀ ਇੱਛਾ ਤੋਂ ਪਰੇ ਜਾਂਦਾ ਹੈ, ਉਹ ਗੁਨਾਹਗਾਰ ਹੈ। ਬਦੀ ਉਦੋਂ ਉਪਜਦੀ ਹੈ ਜਦੋਂ ਮਨੁੱਖ ਪ੍ਰਭੂ ਦਾ ਮਾਰਗ ਛੱਡਕੇ ਆਪਣੀਆਂ ਇੱਛਾਵਾਂ ਦੇ ਮਗਰ ਤੁਰਦਾ ਹੈ (ਪਿੱਛੇ ਲਗਦਾ ਹੈ) ਬੇਗਰਜ਼ ਤੇ ਮੁਖਲਿਸ ਅਰਦਾਸ ਸਾਨੂੰ ਪ੍ਰਮਾਤਮਾ ਦੇ ਨੇੜੇ ਲੈ ਜਾਂਦੀ ਹੈ।[49] ਗੁਨਾਹਾਂ ਲਈ ਪਛਤਾਵਾ, ਪ੍ਰਮਾਤਮਾ ਲਈ ਪਿਆਰ ਤੇ ਮਨੁੱਖਤਾ ਦੀ ਸੇਵਾ, ਵਿਅਕਤੀ ਲਈ ਜ਼ਰੂਰੀ ਕਾਰਜ ਹਨ। ਹਜ਼ਰਤ ਮੂਸਾ ਯਹੂਦੀਵਾਦ ਦੇ ਮੋਢੀ ਮੰਨੇ[50] ਜਾਂਦੇ ਹਨ। ਪ੍ਰਮਾਤਮਾ ਨੇ ਮੂਸਾ ਰਾਹੀਂ ਦਸ ਹੁਕਮਨਾਮੇ ਭੇਜੇ। ਇਹ ਹੁਕਮਨਾਮੇ ਨੈਤਿਕਤਾ ਦਾ ਆਧਾਰ ਹਨ। ਮੂਸਾ ਦੇ ਗ੍ਰੰਥ ਨੂੰ ਤੌਰਾਤ, ਦਾਊਦ ਦੇ ਗ੍ਰੰਥ ਨੂੰ ਜ਼ਬੂਰ, ਈਸਾਈ ਗ੍ਰੰਥ ਨੂੰ ਅੰਜੀਲ ਅਤੇ ਇਸਲਾਮ ਦੇ ਧਰਮ ਗ੍ਰੰਥ ਨੂੰ ਕੁਰਾਨ ਕਹਿੰਦੇ ਹਨ। ਗੁਰੂ ਨਾਨਕ ਦੇਵ ਨੇ ਇਨ੍ਹਾਂ ਚਾਰਾਂ ਧਰਮ ਗ੍ਰੰਥਾਂ ਵੱਲ ਸੰਕੇਤ ਕੀਤਾ ਹੈ -

ਬੇਦ ਕਤੇਬ ਕਹਹੁ ਮਤ ਝੂਠੇ[51]
ਝੂਠਾ ਜੋ ਨ ਬਿਚਾਰੈ।।

.. .. ..

ਸਹਸ ਅਠਾਰਹ ਕਹਨਿ ਕਤੇਬਾ
ਅਸੁਲੂ ਇਕੁ ਧਾਤੁ ।।[52]

ਗੁਰੂ ਨਾਨਕ ਸਾਹਿਬ ਦਾ ਏਕੀਸ਼ਵਰਵਾਦ ਦਾ ਸਿਧਾਂਤ ਯਹੂਦੀਵਾਦ ਨਾਲ ਸਾਂਝਾ ਹੈ ਅਤੇ ਯਹੂਦੀ ਮੱਤ ਪ੍ਰਕਿਰਤੀ ਦੀ ਸਿਰਜਨਾ ਗੁਰੂ ਨਾਨਕ ਵਾਂਗ ਪ੍ਰਮਾਤਮਾ ਦੇ ਸ਼ਬਦ ਦੁਆਰਾ ਮੰਨਦਾ ਹੈ। ਯਹੂਦੀਵਾਦ ਜਿਥੇ ਇਤੀਵਾਦ ਧਰਮ ਹੈ, ਉਥੇ ਸਿੱਖ ਮੱਤ ਦੀ ਪ੍ਰਕਿਰਤੀ ਰਹੱਸਵਾਦੀ ਹੈ।

## ਪਾਰਸੀ - ਮੱਤ

ਜ਼ਰਤੁਸ਼ਤਮਤ[53] - ਇਹ ਮੱਤ ਛੇਵੀਂ ਸਦੀ ਪੂਰਬ- ਈਸਵੀ ਵਿਚ ਫਾਰਸ ਵਿਚ ਚਾਲੂ ਹੋਇਆ। ਇਸ ਦੇ ਧਰਮ ਗ੍ਰੰਥ ਦਾ ਨਾਂ ਜ਼ੰਦ ਅਵਿਸਤਾ ਹੈ। ਜਦੋਂ ਫਾਰਸ ਨੂੰ ਮੁਸਲਮਾਨਾਂ ਨੇ ਜਿੱਤ ਲਿਆ ਤਾਂ ਇਸ ਮੱਤ ਦੇ ਮੰਨਣ ਵਾਲਿਆਂ ਨੂੰ ਕਾਫ਼ਰ ਕਹਿ ਕੇ ਕਤਲੇਆਮ ਕੀਤਾ ਤਾਂ ਉਨ੍ਹਾਂ ਵਿਚੋਂ ਬਹੁਤ ਸਾਰੇ ਪ੍ਰਵਾਸ ਕਰਕੇ ਹਿੰਦੁਸਤਾਨ ਵਿਚ ਆ ਗਏ ਅਤੇ ਗੁਜਰਾਤ ਤੇ ਬੰਬਈ ਵਿਚ ਵਸ ਗਏ ਜਿਨ੍ਹਾਂ ਨੂੰ ਅਸੀਂ ਪਾਰਸੀ ਕਹਿੰਦੇ ਹਾਂ। ਜ਼ਰਤੁਸ਼ਤ ਮੱਤ ਨੇ ਇਸਾਈ ਤੇ ਇਸਲਾਮ ਨੂੰ ਪ੍ਰਭਾਵਿਤ ਕੀਤਾ।

ਪਾਰਸੀ ਆਪਣੇ ਮਿਰਤਕਾਂ ਨੂੰ ਮਿਨਾਰਾਂ ਵਿਚ ਰੱਖਦੇ ਹਨ ਜਿਨ੍ਹਾਂ ਦੀਆਂ ਲਾਸ਼ਾਂ ਨੂੰ ਗਿਰਝਾਂ ਖਾਂ ਜਾਂਦੀਆਂ ਹਨ। ਇਨ੍ਹਾਂ ਦੀ ਇਸ ਕ੍ਰਿਆ ਵੱਲ ਸੰਕੇਤ ਕਰਦੇ ਗੁਰੂ ਰਾਮ ਦਾਸ ਨੇ ਇਉਂ ਫੁਰਮਾਇਆ। "ਪਾਰਸੀ ਅਗਨੀ - ਪੂਜ ਹਨ ਅਤੇ ਪ੍ਰਕਿਰਤੀ ਸੰਬੰਧੀ ਇਨ੍ਹਾਂ ਦਾ ਵਤੀਰਾ ਬਾਕੀ ਇਸਲਾਮੀ ਧਰਮਾਂ ਵਾਂਗਰੀ ਹੈ। ਇਸ ਮੱਤ ਅਨੁਸਾਰ ਪ੍ਰਮਾਤਮਾ ਆਪਣੀ ਪ੍ਰਕਿਰਤੀ ਦੀ ਰਚਨਾ ਕਰਦਾ ਹੈ ਅਤੇ ਉਹ ਮਿੱਤਰ ਰਾਜਾ ਅਤੇ ਪਿਤਾ ਵਾਂਗ ਹੈ।[54]"

## ਇਸਾਈਅਤ

ਇਸਾਈਆਂ ਨਾਲ ਗੁਰੂ ਨਾਨਕ ਦਾ ਵਾਹ ਨਾ ਕੇਵਲ ਮੱਧ ਪੂਰਬ ਵਿਚ ਹੀ ਪਿਆ ਸਗੋਂ ਦੱਖਣੀ ਭਾਰਤ, ਕੇਰਲਾ ਵਿਚ ਵੀ ਇਸਾਈਆਂ ਨਾਲ ਉਨ੍ਹਾਂ ਦੀ ਭੇਟ-ਵਾਰਤਾ ਹੁੰਦੀ ਰਹੀ। ਭਾਵੇਂ ਇਸ ਗੱਲ ਦਾ ਪ੍ਰਮਾਣ ਤਾਂ ਨਹੀਂ ਮਿਲਦਾ, ਫਿਰ ਵੀ ਸਿੱਖ ਮੱਤ ਦੇ ਸ਼੍ਰੋਮਣੀ ਵਿਦਵਾਨ ਡਾ. ਸੁਰਿੰਦਰ ਸਿੰਘ ਜੀ ਕੋਹਲੀ ਦਾ ਮੱਤ ਹੈ ਕਿ ਇਸ ਗੱਲ ਦੀ ਸੰਭਾਵਨਾ ਹੈ ਕਿ ਗੁਰੂ ਨਾਨਕ ਦੇਵ ਰੋਮ ਵੀ ਗਏ ਜਿਥੇ ਉਨ੍ਹਾਂ ਨੇ ਤਤਕਾਲੀਨ ਪੋਪ ਨਾਲ ਗੋਸ਼ਟਾਂ ਕੀਤੀਆਂ। ਈਸਾ ਮਸੀਹ ਦੇ ਅਵਤਾਰ ਧਾਰਨ ਨਾਲ ਮਸੀਹ ਅਤੇ ਧਰਤੀ ਉਤੇ ਪ੍ਰਮਾਤਮਾ ਦੀ ਹਕੂਮਤ ਸੰਬੰਧੀ ਪੁਰਾਣੀ ਯਹੂਦੀ ਭਵਿੱਖਬਾਣੀ ਦਰੁਸਤ ਸਾਬਤ ਹੋਈ। ਅਸਲ ਵਿਚ ਇਸਾਈਅਤ ਯਹੂਦੀਵਾਦ ਦੀ ਇਤਿਹਾਸਕ ਵਿਕਾਸ ਨਿਰੰਤਰਤਾ ਹੀ ਹੈ, ਇਹ ਪੁਰਾਣੇ ਇਬਰਾਨੀ ਪੈਗੰਬਰਾਂ ਦੇ ਏਕੀਸ਼ਵਰਵਾਦ ਦੇ ਸਿਧਾਂਤ ਨੂੰ ਮੰਨਦੀ ਹੈ। ਭਾਵੇਂ ਇਸਾਈਅਤ ਪ੍ਰਮਾਤਮਾ ਦੇ ਏਕੀਸ਼ਵਰਵਾਦੀ ਸਰੂਪ ਦੀ ਧਾਰਨੀ ਹੈ, ਫਿਰ ਵੀ "ਤ੍ਰੈਕੂਟੀਵਾਦੀ" ਵੀ ਹੈ ( Trinity ) ਕਿਉਂਕਿ ਪ੍ਰਮਾਤਮਾ ਨੂੰ ਪਿਤਾ,

ਪੁੱਤਰ ਅਤੇ ਆਤਮਾ ਦੇ ਤਿੰਨ ਪੱਖੀ ਸਰੂਪ ਵਿਚ ਮੰਨਦੀ ਹੈ। ਗੁਰੂ ਨਾਨਕ ਇਸਾਈਅਤ ਦੇ ਤ੍ਰਿਕੁਟੀਵਾਦ ਨੂੰ ਨਹੀਂ ਮੰਨਦੇ ਉਹ ਸਾਰੇ ਰੀਤੀ ਰਿਵਾਜਾਂ ਨੂੰ ਫਜ਼ੂਲ ਸਮਝਦੇ ਹਨ। ਅਸਲ ਵਿਚ ਇਸਾਈਅਤ ਵਿਚ ਜੋ ਕੁਝ ਵੀ ਹਜ਼ਰਤ ਈਸਾ ਜੀ ਬਾਰੇ ਕਿਹਾ ਗਿਆ ਹੈ, ਉਹੀ ਸਿੱਖ ਮੱਤ ਵਿਚ ਗੁਰੂ ਸੰਬੰਧੀ ਕਿਹਾ ਜਾ ਸਕਦਾ ਹੈ। ਇਸਾਈਅਤ ਈਸਾ ਨੂੰ ਪ੍ਰਮਾਤਮਾ ਦਾ ਪੁੱਤਰ ਮੰਨਦੀ ਹੈ ਪਰ ਗੁਰੂ ਉਹ ਹੁੰਦਾ ਹੈ ਜਿਸ ਨੇ ਆਪਣੀ ਸਾਧਨਾ ਨਾਲ ਬ੍ਰਹਮ ਗਿਆਨ ਪ੍ਰਾਪਤ ਕੀਤਾ ਹੁੰਦਾ ਹੈ। ਇਸਾਈ ਪ੍ਰਾਰਥਨਾ ਸਮੇਂ ਚਰਚ ਵਿਚ ਹਜ਼ਰਤ ਈਸਾ ਦੀ ਆਤਮਾ ਨੂੰ ਹਾਜ਼ਰ ਨਾਜ਼ਰ ਮੰਨਦੇ ਹਨ, ਗੁਰੂ ਵੀ ਪ੍ਰਾਰਥਨਾਂ ਵਿਚ ਹਾਜ਼ਰ ਹੁੰਦਾ ਹੈ। ਦੈਵੀ ਕ੍ਰਿਪਾ ਦੇ ਸਿਧਾਂਤ ਨੂੰ ਦੋਵੇਂ ਧਰਮ ਮੰਨਦੇ ਹਨ। ਸਿੱਖ ਮੱਤ ਵਿਚ ਇਸਾਈਅਤ ਵਰਗਾ ਪਛਨੇ ਦਾ ਕੋਈ ਸਿਧਾਂਤ ਨਹੀਂ ਹੈ। ਸਿੱਖ ਮੱਤ ਕਰਮ ਅਤੇ ਪੁਨਰ-ਜਨਮ ਦਾ ਵਿਸ਼ਵਾਸੀ ਹੈ। ਯਹੂਦੀਵਾਦ, ਇਸਾਈਅਤ, ਇਸਲਾਮ ਵਿਚ ਪੁਨਰ ਜਨਮ ਅਤੇ ਕਰਮ ਦਾ ਸਿਧਾਂਤ ਉੱਕਾ ਹੀ ਨਹੀਂ ਹੈ। ਪ੍ਰਕਿਰਤੀ ਰਚਨਾ ਬਾਰੇ ਇਸਾਈਅਤ ਦਾ ਸੰਕਲਪ ਯਹੂਦੀਵਾਦ ਵਾਲਾ ਹੀ ਹੈ। "ਪ੍ਰਮਾਤਮਾ ਨੇ ਸਾਰੇ ਜਗਤ ਦੀ ਉਤਪਤੀ ਆਪ ਹੀ ਕੀਤੀ ਹੈ - ਮਨੁੱਖ ਵੀ ਪ੍ਰਭੂ ਦੀ ਹੀ ਉਪਜ ਹੈ।"[55] ਪ੍ਰਮਾਤਮਾ ਨੇ ਸੰਸਾਰ ਦੀ ਉਤਪਤੀ ਇਸ ਤਰਤੀਬ ਅਨੁਸਾਰ ਕੀਤੀ - "ਪਹਿਲੇ ਦਿਨ ਸਵਰਗ ਅਤੇ ਧਰਤੀ ਪੈਦਾ ਕੀਤੀ, ਦੂਜੇ ਦਿਨ ਅਗਨੀ ਅਤੇ ਜਲ, ਤੀਜੇ ਦਿਨ ਖੁਸ਼ਕ ਧਰਤੀ, ਘਾਹ ਪੱਤੀ ਅਤੇ ਫਲਦਾਰ ਬ੍ਰਿਛ, ਚੌਥੇ ਦਿਨ ਰੋਸ਼ਨੀਆਂ, ਸੂਰਜ, ਚੰਦਰਮਾ ਤੇ ਸਿਤਾਰੇ, ਪੰਜਵੇਂ ਦਿਨ ਤਿਰਨੂ ਜੀਵ, ਪੰਖ-ਪੰਛੀ - ਛੋਟੀਆਂ ਤੇ ਵੱਡੀਆਂ ਵੇਲ ਮੱਛੀਆਂ, ਛੇਵੇਂ ਦਿਨ ਪਸ਼ੂ, ਰੀਂਗਣ ਵਾਲੇ ਜਾਨਵਰ ਅਤੇ ਮਨੁੱਖ ਪੈਦਾ ਕੀਤਾ।"[56] ਜਿਥੇ ਈਸਾਈਅਤ ਅਤੇ ਯਹੂਦੀਵਾਦ ਪ੍ਰਕਿਰਤੀ ਦੀ ਰਚਨਾ ਛੇਆਂ ਦਿਨਾਂ ਵਿਚ ਹੋਈ ਮੰਨਦੇ ਹਨ, ਇਨ੍ਹਾਂ ਦੇ ਮੁਕਾਬਲੇ ਤੇ ਗੁਰੂ ਨਾਨਕ ਦਾ ਪ੍ਰਕਿਰਤੀ ਸੰਬੰਧੀ ਸਿਧਾਂਤ ਵਧੇਰੇ ਵਿਗਿਆਨਕ ਹੈ। ਜਿਸ ਅਨੁਸਾਰ ਪ੍ਰਕਿਰਤੀ ਅਥਵਾ ਤਮਾਮ ਧਰਤੀ ਦੇ ਜੀਵਾਂ ਤੇ ਬਨਸਪਤੀ ਦੇ ਜੀਵਾਂ ਦਾ ਵਿਕਾਸ ਧੀਮੇ ਸਹਿਜ ਕ੍ਰਮ ਵਿਚ ਹੋਇਆ।"[57] ਇਸ ਦੇ ਅੰਤ ਅਥਵਾ ਵਿਕਾਸ ਕਾਲ ਦਾ ਨਿਸ਼ਚੇ ਨਾਲ ਕੁਝ ਪਤਾ ਨਹੀਂ ਲਗਦਾ।

## ਇਸਲਾਮ

ਗੁਰੂ ਨਾਨਕ ਦੇ ਮੱਧ ਪੂਰਬ ਦੇਖਣ ਸਮੇਂ ਇਸਲਾਮ ਉਨ੍ਹਾਂ ਦੇਸ਼ਾਂ ਦਾ ਮੁੱਖ ਧਰਮ ਸੀ। ਉਂਞ ਵੀ ਬਾਕੀ ਅਭਾਰਤੀ ਧਰਮਾਂ ਨਾਲੋਂ ਮੱਧ ਕਾਲ ਯੁਗ ਵਿਚ ਇਸਲਾਮ ਨੇ ਹੀ ਸਭ ਤੋਂ ਵੱਧ ਭਾਰਤੀ ਸਭਿਆਚਾਰ ਨੂੰ ਪ੍ਰਭਾਵਿਤ ਕੀਤਾ। ਬਾਕੀ ਮੁਸਲਮਾਨਾਂ ਵਾਂਗ ਹਿੰਦੁਸਤਾਨੀ ਮੁਸਲਮਾਨ ਵੀ ਹੱਜ ਕਰਨ ਮੱਕੇ ਮਦੀਨੇ ਜਾਇਆ ਕਰਦੇ ਸਨ। ਗੁਰੂ ਨਾਨਕ ਦੇਵ ਜੀ ਇਸਲਾਮ ਦੇ ਬੁਨਿਆਦੀ ਤੱਤਾਂ ਦੀ ਤਹਿ ਤੱਕ ਪੁੱਜਣ ਲਈ ਇਕ ਨਿਸ਼ਚਿਤ ਮਿਸ਼ਨ ਅਧੀਨ ਮੱਕੇ ਗਏ, ਜਿਸ ਦਾ ਉਲੇਖ

ਜਨਮ ਸਾਖੀਆਂ ਵਿਚ "ਮੱਕੇ-ਮਦੀਨੇ ਦੀ ਗੋਸਟਿ" ਦੇ ਰੂਪ ਵਿਚ ਹੋਇਆ ਮਿਲਦਾ ਹੈ। ਪ੍ਰਸਿੱਧ ਧਰਮ ਪਰਚਾਰਕ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਗੁਰੂ ਨਾਨਕ ਦੀ ਮੱਕੇ ਅਤੇ ਬਗਦਾਦ ਵਿਚ ਮੁਸਲਮਾਨ ਪੀਰਾਂ ਨਾਲ ਹੋਈ ਵਾਰਤਾ ਦੀ ਇਤਿਹਾਸਕਤਾ ਵੱਲ ਸੰਕੇਤ ਕੀਤਾ ਹੈ।"[58]

ਇਸਲਾਮ ਏਕੇਸ਼ਵਰਵਾਦੀ ਧਰਮ ਹੈ ਪਰ ਇਹ ਹਜ਼ਰਤ ਮੁਹੰਮਦ ਦੀ ਪੈਗੰਬਰੀ ਅਥਵਾ ਰਸੂਲੀਅਤ ਵਿਚ ਵਿਸ਼ਵਾਸ ਰੱਖਦਾ ਹੈ। "ਅੱਲਾ ਤੋਂ ਸਿਵਾ ਕੋਈ ਪੂਜਨੀਕ ਨਹੀਂ ਅਤੇ ਮੁਹੰਮਦ ਉਸ ਦਾ ਭੇਜਿਆ ਰਸੂਲ ਹੈ।"[59] (ਇਹ ਕੌਲ ਇਸਲਾਮ ਦੇ ਮੂਲ ਮੰਤਰ ਵਿਚ ਕਹੀ ਗਈ ਹੈ ਜਿਸ ਨੂੰ ਕਲਮਾ ਕਿਹਾ ਜਾਂਦਾ ਹੈ ਅਤੇ ਇਸਲਾਮ ਦਾ ਉਸੇ ਤਰ੍ਹਾਂ ਦਾ ਬੁਨਿਆਦੀ ਮੰਤਰ ਹੈ ਜਿਵੇਂ ਜਪੁਜੀ ਦਾ ਮੂਲ-ਮੰਤਰ ਹੈ )

ਯਹੂਦੀ ਮੱਤ ਵਾਂਗ ਇਸਲਾਮ ਵੀ ਬ੍ਰਹਿਮੰਡ ਦੀ ਉਤਪਤੀ ਖ਼ਿਲਾਅ ਵਿਚੋਂ ਛੇਆਂ ਦਿਨਾਂ ਵਿਚ ਹੋਈ ਮੰਨਦਾ ਹੈ ਅਤੇ ਇਹ ਸਾਰਾ ਬ੍ਰਹਿਮੰਡ ਸੱਤ ਅਕਾਸ਼ ਅਤੇ ਸੱਤ ਪਾਤਾਲ ਅਤੇ ਸਾਡੀ ਧਰਤੀ ਨਾਲ ਬਣਿਆ ਹੋਇਆ ਹੈ। ਇਸਲਾਮ ਦੇ ਕਿਆਮਤ ਦੇ ਸਿਧਾਂਤ ਨੂੰ ਗੁਰੂ ਨਾਨਕ ਨੇ ਪ੍ਰਵਾਨ ਨਹੀਂ ਕੀਤਾ, ਜਿਸ ਅਨੁਸਾਰ ਮੁਸਲਮਾਨ ਆਪਣੇ ਮੁਰਦਿਆਂ ਨੂੰ ਦਫ਼ਨਾਉਂਦੇ ਹਨ ਅਤੇ ਉਨ੍ਹਾਂ ਦਾ ਮੱਤ ਹੈ ਕਿ ਹਸ਼ਰ ਦੇ ਰੋਜ਼ ਸਾਰੇ ਮੁਸਲਮਾਨ ਕਬਰਾਂ ਚੋਂ ਉਠਣਗੇ ਅਤੇ ਹਜ਼ਰਤ ਮੁਹੰਮਦ ਸਾਹਿਬ ਉਨ੍ਹਾਂ ਨੂੰ ਅੱਲਾ ਦੇ ਹਜ਼ੂਰ ਜੰਨਤ ਵਿਚ ਲੈ ਜਾਣਗੇ।

ਇਸਲਾਮ ਅਨੁਸਾਰ ਅੱਲਾਹ ਨੇ ਸਿਰਫ਼ 'ਕੁੰਨ' ( ਹੋ ਜਾ) ਸ਼ਬਦ ਕਹਿ ਕੇ ਅਰਥਾਤ ਅਥਵਾ 'ਕੁੰਨ' ਤੋਂ ਸੰਸਾਰ ਦੀ ਉਤਪਤੀ ਕੀਤੀ ਹੈ। ਇਹ ਸੰਸਾਰ ਫ਼ਾਨੀ ਅਤੇ ਨਾਸ਼ਵੰਤ ਹੈ। ਸ੍ਰਿਸ਼ਟੀ ਜਾਂ ਕੁਦਰਤ ਸੰਬੰਧੀ ਬਹੁਤੀ ਵਿਚਾਰ ਸੂਫ਼ੀ ਫ਼ਕੀਰਾਂ ਨੇ ਕੀਤੀ ਹੈ, ਜਿਨ੍ਹਾਂ ਦੀ ਵਿਚਾਰਧਾਰਾ ਵਿਚ ਮੱਤਭੇਦ ਹਨ। ਸੂਫ਼ੀਆਂ ਦੇ ਇਸਨਾਈ ਫ਼ਿਰਕੇ ਦਾ ਮੱਤ ਹੈ ਕਿ ਅੱਲਾਹ ਨੇ ਸ੍ਰਿਸ਼ਟੀ ਦੀ ਉਤਪਤੀ ਅਸੱਤ ਤੋਂ ਕੀਤੀ, ਯਹੂਦੀਆਂ ਦਾ ਫ਼ਿਰਕਾ ਪ੍ਰਤੀ ਬਿੰਬਵਾਦੀ ਹੈ, ਜਿਸ ਅਨੁਸਾਰ ਇਹ ਸੰਸਾਰ ਇਕ ਸ਼ੀਸ਼ਾ ਹੈ ਜਿਸ ਵਿਚ ਅਦ੍ਰਿਸ਼ ਪ੍ਰਮਾਤਮਾ, ਦ੍ਰਿਸ਼ਮਾਨ ਹੋ ਰਿਹਾ ਹੈ। ਕੁਝ ਸੂਫ਼ੀ ਦ੍ਰਿਸ਼ਟਮਾਨ ਜਗਤ ਨੂੰ ਅਨਿੱਤ ਵੀ ਨਹੀਂ ਮੰਨਦੇ ਉਹ ਕੇਵਲ ਉਸ ਦੇ ਰੂਪ ਤੇ ਨਾਮ ਨੂੰ ਹੀ ਅਨਿੱਤ ਕਹਿੰਦੇ ਹਨ। ਜਿਨ੍ਹਾਂ ਅਨੁਸਾਰ ਸਭ ਤੋਂ ਪਹਿਲਾਂ ਹਕੀਕਤੇ-ਅਲ-ਹਕੀਕ ਪਾਤਰ ਹੀ ਸੀ। ਬ੍ਰਹਮ ਅਤੇ ਜਗਤ ਉਸ ਵਿਚ ਗੁਪਤ ਸਨ। ਬ੍ਰਹਮ ਨੇ ਆਪਣੀ ਇੱਛਾ ਹੋਣ ਤੇ ਆਪਣੀ ਜਲਾਲ ਪੂਰਨ ਦ੍ਰਿਸ਼ਟੀ ਤੋਂ ਜਲ ਦੀ ਉਤਪਤੀ ਕੀਤੀ ਫਿਰ ਜਮਾਲ-ਪੂਰਨ ਦ੍ਰਿਸ਼ਟੀ ਨਾਲ ਜਲ ਦਾ ਵਿਕਿਰਣ ਹੋਇਆ ਜਿਸ ਦੇ ਸਿੱਟੇ ਵਜੋਂ ਸਥੂਲ ਤੱਤ ਪੈਦਾ ਹੋਏ। ਇਨ੍ਹਾਂ ਤੱਤਾਂ ਤੋਂ ਸੱਤ ਸੰਸਾਰ

ਸੱਤ ਆਸਮਾਨ ਤੇ ਸੱਤ ਸਮੁੰਦਰ ਦੀ ਉਤਪਤੀ ਹੋਈ।[60]

ਕਈ ਸੂਫੀਆਂ ਨੇ ਜਗਤ ਦੇ ਅਨੇਕ ਰੂਪਾਂ ਦੀ ਕਲਪਣਾ ਕੀਤੀ ਹੈ, ਜਿਨ੍ਹਾਂ ਵਿਚ ਸਾਰ ਤੱਤ ਰੂਪ ਵਿਚ ਪੰਜ ਜਗਤ ਸਿੱਧ ਹੁੰਦੇ ਹਨ। ਆਲਮੇ ਨਾਸੂਤ, ਆਲਮੇ ਮਲਕੂਤ, ਆਲਮੇ ਜਬਰੂਟ, ਆਲਮੇ, ਲਾਹੂਤ, ਅਤੇ ਆਲਮੇ - ਹਾਹੂਤ। ਪ੍ਰਕਿਰਤੀ ਅਥਵਾ ਇਸ ਦੀ ਸ੍ਰਿਸ਼ਟੀ ਸੰਬੰਧੀ ਇਸਲਾਮਿਕ ਦ੍ਰਿਸ਼ਟੀਕੋਣ ਮੂਲ ਰੂਪ ਵਿਚ 'ਕੁੰਨ' ਵਾਲਾ ਹੀ ਹੈ। ਅਤੇ ਮਗਰੋਂ ਇਸ ਵਿਚ ਸੁਭਾਵਿਕ ਹੀ ਅਨੇਕਾਂ ਤਬਦੀਲੀਆਂ ਆਈਆਂ। ਜਿਨ੍ਹਾਂ ਦਾ ਉਲੇਖ ਅਸੀਂ ਉਪਰ ਕਰ ਆਏ ਹਾਂ।

ਸਾਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਸੰਬੰਧੀ ਹੋਰ ਸਿਧਾਂਤਾਂ ਦੇ ਨਾਲ ਨਾਲ ਇਨ੍ਹਾਂ ਸਾਮੀ, ਪਰਵਰਤੀ ਮਜ਼ਹਬਾਂ ਦੇ ਸ੍ਰਿਸ਼ਟੀ ਸੰਬੰਧੀ ਸਿਧਾਂਤਾਂ ਦਾ ਪੂਰਾ ਗਿਆਨ ਸੀ ਅਤੇ ਉਨ੍ਹਾਂ ਨੇ ਆਪਣਾ ਪ੍ਰਕਿਰਤੀ ਦੇ ਸਹਿਜ ਵਿਕਾਸ ਵਾਲਾ 'ਕਵਾਉ' ਸਿਧਾਂਤ ਪੇਸ਼ ਕਰਕੇ ਆਪਣੇ ਦ੍ਰਿਸ਼ਟੀਕੋਣ ਦੀ ਵਿਲੱਖਣਤਾ, ਮੌਲਿਕਤਾ ਅਤੇ ਵਿਗਿਆਨਕਤਾ ਸਥਾਪਿਤ ਕੀਤੀ ਹੈ।

## ਪੈਰ ਟਿੱਪਣੀਆਂ

## ਅਧਿਆਇ ਦੂਜਾ

1. ਅਮਰ ਕੋਸ਼ - ਓਖਾ ਸੰਸਕਰਣ - ਬੰਬਈ 1915, ਪੰਨਾ 144.
2. ਹਿੰਦੀ ਕੋਸ਼ - ਪੰਨਾ 751.
3. ਰਘੁਵੰਸ਼ (ਡਾ:) - ਪ੍ਰਕਿਰਤੀ ਔਰ ਕਾਵਯ, ਪੰਨਾ 3
4. Chamber's Twentieth Century Dictionary, P.713.
5. Webster - Hind New Dictionary, P-1506.
6. ਉਹੀ
7. George Ain - A History of Aesthetics, P-3.
8. E.W.F. Tomlin - Great Philosophers of the West, P.12.
9. Encyclopaedia of Britanica Vol-16, P.51.
10. Encyclopaedia of Religion & Ethics Vol-6, P.917.
11. ਗੁਰਦੇਵ ਸਿੰਘ (ਡਾ:) - ਗੁਰੂ ਨਾਨਕ ਵਿਚਾਰ ਤੇ ਕਾਵਿ ਕਲਾ, ਪੰਨਾ 163.
12. ਆਦਿ ਗ੍ਰੰਥ - ਕੇਦਾਰਾ ਕਬੀਰ ਜੀ
13. ਨਾਭਾ ਕਾਹਨ ਸਿੰਘ (ਭਾਈ) - ਮਹਾਨ ਕੋਸ਼, ਪੰਨਾ 253.54.
14. ਗੁਪਤਾ ਸ਼ਾਂਤੀ ਨਾਥ (ਡਾ:) - ਭਾਰਤੀ ਦਰਸ਼ਨ, ਪੰਨਾ 219.
15. ਉਹੀ, ਪੰਨਾ 51.
16. ਰਾਧਾ ਕ੍ਰਿਸ਼ਨਨ (ਡਾ:) - ਭਾਰਤੀ ਦਰਸ਼ਨ (ਹਿੰਦੀ) ਭਾਗ ਦੂਜਾ, ਪੰਨਾ 571-72.
17. ਚਟੋਪਾਧਿਆਇ ਸਤੀਸ਼ ਚੰਦਰ (ਡਾ:) - ਭਾਰਤੀ ਦਰਸ਼ਨ, ਪੰਨਾ 49.
18. A.K. Banerji - Discourses on Hindu Spiritual Culture Vol.II, P.235-36.
19. Duncan Greenlees - The Gospel of Narada-327.
20. A.E. Gough - The Philosophy of Upanishad, P.48.
21. ਸ੍ਰੀ ਭਗਵਤ ਗੀਤਾ ਦੇ ਅਧਿਆਇ 7, ਸ਼ਲੋਕ - 13.

22. ਗੁਰਦੇਵ ਸਿੰਘ (ਡਾ:) - ਪੰਜਾਬੀ ਕਾਵਿ ਵਿਚ ਪ੍ਰਕਿਰਤੀ ਚਿਤ੍ਰਣ, ਪੰਨਾ 4.

23. ਸਹਿਗਲ ਮਨਮੋਹਣ (ਡਾ:) - ਗੁਰੂ ਗ੍ਰੰਥ ਸਾਹਿਬ ਇਕ ਸਾਂਸਕ੍ਰਿਤ ਸਰਵੇਖਣ, ਪੰਨਾ 271.

24. ਰਾਧਾ ਕ੍ਰਿਸ਼ਨਨ (ਡਾ:) - ਭਾਰਤੀਯ ਦਰਸ਼ਨ ਭਾਗ ਦੂਜਾ (ਹਿੰਦੀ), ਪੰਨਾ 255.

25. ਗੁਰਦੇਵ ਸਿੰਘ (ਡਾ:) - ਪੰਜਾਬੀ ਕਾਵਿ ਵਿਚ ਪ੍ਰਕ੍ਰਿਤੀ, ਪੰਨਾ 4.

26. Shri Chandradhar- A Critical Study of Indian Philosophy, P.347.

27. Encyclopaedia of Religion & Ethics, Vol.VIII, P.505.

28. ਕਾਹਲੋਂ ਸੱਜਣ ਸਿੰਘ (ਡਾ:) - ਆਦਿ ਗ੍ਰੰਥ ਦੇ ਗੁਰੂ ਕਾਵਿ ਵਿਚ ਮਾਇਆ ਦਾ ਸੰਕਲਪ, ਪੰਨਾ 1.

29. ਰਾਧਾ ਕ੍ਰਿਸ਼ਨਨ (ਡਾ:) - ਭਾਰਤੀਯ ਦਰਸ਼ਨ, ਪੰਨਾ 215.

30. ਆਦਿ ਗ੍ਰੰਥ - ਜਪੁਜੀ (ਸਲੋਕ)

31. ਗੁਪਤਾ ਸ਼ਾਂਤੀ ਨਾਥ (ਡਾ: ( - ਭਾਰਤੀ ਦਰਸ਼ਨ, ਪੰਨਾ 249.

32. ਆਦਿ ਗ੍ਰੰਥ - ਪੰਨਾ 1066.

33. ਭਗਵਤ ਗੀਤਾ, ਅਧਿਆਇ 7, ਸਲੋਕ 13.

34. Archie J.Bahm- The World Living Religions, P.141.

35. ਆਦਿ ਗ੍ਰੰਥ - ਜਪੁਜੀ

36. ਰਾਧਾ ਕ੍ਰਿਸ਼ਨਨ (ਡਾ:) - ਭਾਰਤੀਯ ਦਰਸ਼ਨ ਭਾਗ 2 (ਹਿੰਦੀ) ਪੰਨਾ 258-59.

37. ਆਦਿ ਗ੍ਰੰਥ, ਪੰਨਾ 405

39. ਓਹੀ, ਜਪੁਜੀ

40. ਹਰਿ ਭਗਤ ਸਿੰਘ - ਗੁਰਮੱਤ ਵਿਚਾਰਧਾਰਾ, ਪੰਨਾ 34.

41. ਓਹੀ, ਪੰਨਾ 42-43.

42. ਓਹੀ, ਪੰਨਾ 52.

43. ਰਾਧਾ ਕ੍ਰਿਸ਼ਨਨ (ਡਾ:) ਸਤਪਾਵਲੀ, ਭਾਰਤੀ ਦਰਸ਼ਨ - ਹਿੰਦੀ ਭਾਗ ਦੂਜਾ, ਪੰਨਾ 455.

44. ਚਟੋਪਾਧਿਆਇ, ਸਤੀਸ਼ ਚੰਦਰ - ਭਾਰਤੀ ਦਰਸ਼ਨ, ਪਟਨਾ - 1961, ਪੰਨਾ 57.

45. ਓਹੀ

46. Bahm, J. Archie - The Living Religions of the World, P.

47. ਨਾਭਾ, ਕਾਹਨ ਸਿੰਘ (ਭਾਈ) - ਮਹਾਨ ਕੋਸ਼, ਪੰਨਾ 89.

48. Kohli, S.S. Dr- Philosophy of Guru Nanak, P.140.

49. Bahm, J. Archie - Wrld's Living Religions, P-249.

50. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ

51. -ਓਹੀ, ਜਪੁਜੀ

52. Kohli, Surinder Singh, (Dr.) - Philosophy of Guru Nank, P.106.

53. English- Punjabi Dictionary- P.U. Text Book Board, 1982, P.1383.

54. Kohli, Surinder Singh (Dr.) - Philosophy of Guru Nanak, P.109.

55. Bahm, J.Archie- The World's Living Religions, P.294.

56. ਬਾਈਬਲ : ਅਧਿਆਇ ਪਹਿਲਾ - ਪਰਵ ੧ ਅਧਨ 77.

57. Sher Singh (Dr.) - Philosophy of Sikhism, P.184.

58. ਰਾਜਿੰਦਰ ਕੋਰ - ਭਾਈ ਗੁਰਦਾਸ ਦੀਆਂ ਵਾਰਾਂ - ਇਕ ਸਾਹਿੱਤਕ ਅਧਿਐਨ, ਪੰਨਾ 90.

59. ਨਾਭਾ, ਕਾਹਨ ਸਿੰਘ (ਭਾਈ - ਮਹਾਨ ਕੋਸ਼, ਪੰਨਾ 231.

456204

## ਅਧਿਆਇ ਤੀਜਾ

## ਮਨੁੱਖ ਅਤੇ ਪ੍ਰਕਿਰਤੀ ਦਾ ਆਦਿ-ਕਾਲੀਨ ਸਬੰਧ

- ਪ੍ਰਕਿਰਤੀ ਤੋਂ ਭਾਵ
- ਪ੍ਰਕਿਰਤੀ ਪ੍ਰੇਮ
- ਪ੍ਰਕਿਰਤੀ ਤੇ ਰਸ
- ਪ੍ਰਕਿਰਤੀ-ਕਾਵਿਕ ਤੇ ਵਿਗਿਆਨਿਕ ਅੰਤਰ

ਪਾਦ-ਟਿੱਪਣੀਆਂ

## ਮਨੁੱਖ ਅਤੇ ਪ੍ਰਕਿਰਤੀ ਦਾ ਆਦਿ-ਕਾਲੀਨ ਸਹਿਚਾਰ।

ਮਨੁੱਖ ਅਤੇ ਪ੍ਰਕਿਰਤੀ ਦਾ ਆਦਿ ਕਾਲੀਨ ਪਰਸਪਰ ਸੰਬੰਧ ਹੈ। ਪ੍ਰਥਮ ਮਨੁੱਖ ਨੇ ਜਦੋਂ ਪਹਿਲੀ ਵਾਰ ਆਪਣੀਆਂ ਅੱਖਾਂ ਖੋਹਲੀਆਂ ਹੋਣਗੀਆਂ ਤਾਂ ਸਭ ਤੋਂ ਪਹਿਲਾ ਉਸਨੂੰ ਪ੍ਰਕਿਰਤੀ ਦਾ ਸਹਿਚਾਰ ਅਤੇ ਸਹਿਯੋਗ ਮਿਲਿਆ ਹੋਵੇਗਾ। ਵਿਗਿਆਨ ਦਾ ਵਿਕਾਸਵਾਦ ਦਾ ਸਿਧਾਂਤ ਤੇ ਆਸਤਕਵਾਦੀਆਂ ਦੀ ਨਿਰਗੁਣ ਸ੍ਰਿਸ਼ਟੀ ਕਲਪਨਾ ਦੋਵੇਂ ਹੀ ਇਸ ਗੱਲ ਉਤੇ ਇਕ ਮੱਤ ਹਨ ਕਿ ਮਨੁੱਖ ਨੇ ਪ੍ਰਕਿਰਤੀ ਦੀ ਵਿਸ਼ਾਲ ਗੋਦੀ ਵਿਚ ਜਨਮ ਲਿਆ ਅਤੇ ਉਸਦੇ ਸਹਿਚਾਰ ਵਿਚ ਰਹਿੰਦਿਆਂ ਹੀ ਆਪਣੀ ਚੇਤਨਾ ਨੂੰ ਸਹਿਜੇ ਸਹਿਜੇ ਵਿਕਸਿਤ ਕੀਤਾ। ਬ੍ਰਿਛਾਂ ਬੂਟਿਆਂ ਨੇ ਆਪਣੇ ਫਲਾਂ ਰਾਹੀਂ ਅਤੇ ਨਿਰਮਲ ਝਰਨਿਆਂ ਨੇ ਆਪਣੇ ਠੰਡੇ ਜਲ ਪ੍ਰਵਾਹ ਰਾਹੀਂ ਮਨੁੱਖ ਦੀਆਂ ਸਹਿਜ ਪ੍ਰਵਿਰਤੀਆਂ ਦਾ ਸਮਾਧਾਨ ਕੀਤਾ। ਇਸ ਤਰ੍ਹਾਂ ਮਨੁੱਖ ਦਾ ਪ੍ਰਕਿਰਤੀ ਨਾਲ ਸੁਭਾਵਕ ਹੀ ਨੇੜਲਾ ਸਹਿਚਾਰ ਸਥਾਪਿਤ ਹੋ ਗਿਆ। ਆਦਿ-ਕਾਲੀਨ ਮਨੁੱਖ ਜਦੋਂ ਚੇਤਨ ਹੋਇਆ ਤਾਂ ਉਸ ਨੇ ਆਪਣੇ ਆਪ ਨੂੰ ਬਰਫ਼ ਲੱਦੀਆਂ ਪਰਬਤੀ ਚੋਟੀਆਂ ਵਿਚਕਾਰ ਘਿਰਿਆ ਵੇਖਿਆ। ਉਸ ਨੇ ਸਾਗਰ ਅਗਾਧ ਪਾਣੀ ਦੇ ਭੰਡਾਰ ਨੂੰ ਵੇਖਿਆ; ਸੂਰਜ, ਚੰਦਰਮਾ ਅਤੇ ਬਾਕੀ ਨਛੱਤਰਾਂ ਦੀ ਬੱਝਵੀਂ ਬਹੁ-ਰੰਗੀ ਗਤੀ ਨੇ ਉਸ ਨੂੰ ਹੈਰਾਨ ਕੀਤਾ।

ਸਾਰਾ ਦ੍ਰਿਸ਼ਟਮਾਨ ਬ੍ਰਹਿਮੰਡ ਉਸ ਲਈ ਹੈਰਾਨੀ ਅਤੇ ਜਗਿਆਸਾ ਦਾ ਵਿਸ਼ਾ ਬਣ ਗਿਆ। ਇਉਂ ਪਹਿਲੀ ਵੇਰ ਉਸ ਦੀ ਚੇਤਨ ਬੁੱਧੀ ਵਿਚ ਪ੍ਰਕਿਰਤੀ ਦੇ ਅਲੌਕਿਕ, ਅਨੰਤ ਅਤੇ ਅਪਾਰ ਪੱਖਾਂ ਸੰਬੰਧੀ ਹੈਰਾਨੀ ਅਤੇ ਜਗਿਆਸਾ ਭਾਵ ਉਤਪੰਨ ਹੋਏ।

ਅਜੇ ਤੱਕ ਮਨੁੱਖ ਨੇ ਪ੍ਰਕਿਰਤੀ ਦੇ ਅਲੌਕਿਕ ਅਤੇ ਵਿਸਮਾਦ-ਜਨਕ ਰੂਪ ਨੂੰ ਹੀ ਵੇਖਿਆ ਸੀ। ਅਸੀਮ, ਅਗਾਧ ਤੇ ਅਨੰਤ ਸੰਬੰਧੀ ਹਾਲੇ ਉਸ ਨੂੰ ਹੈਰਾਨੀ ਦਾ ਅਨੁਭਵ ਹੀ ਹੋਇਆ ਸੀ। ਉਹ ਹੈਰਾਨੀ ਵਿਚ ਖੁੱਲ੍ਹੇ ਨੇਤਰਾਂ ਨਾਲ ਅਬੋਲ ਤੇ ਮੁਗਧ ਜਿਹਾ ਹੋਇਆ ਪ੍ਰਕਿਰਤੀ ਦੇ ਵਿਰਾਟ ਰੂਪ ਦੇ ਦਰਸ਼ਨ ਹੀ ਕਰ ਰਿਹਾ ਸੀ ਤੇ ਪ੍ਰਕਿਰਤੀ ਦੇ ਵਿਸਤ੍ਰਿਤ ਮੰਚ ਉਤੇ ਆਪਣੇ ਤੁਛ ਜਿਹੇ ਵਿਅਕਤਿਤਵ (ਅਸਤਿਤ੍ਵ) ਬਾਰੇ ਪਤਾ ਜਿਹਾ ਸੋਚ ਹੀ ਰਿਹਾ ਸੀ ਕਿ ਅਚਾਨਕ ਪ੍ਰਕਿਰਤੀ ਨੇ ਆਪਣਾ ਮਨਮੋਹਕ ਰੂਪ ਬਦਲਿਆ, ਅਗਾਧ ਸਾਗਰ ਨੇ ਆਪਣੀਆਂ ਤੂਫ਼ਾਨੀ ਲਹਿਰਾਂ ਨੂੰ ਥਿਰਕਾਉਣਾ ਸ਼ੁਰੂ ਕੀਤਾ ਅਤੇ ਉਸ ਦਾ ਰੌਦਰ ਰੂਪ ਮਨੁੱਖ ਦੇ ਹਿਰਦੇ ਵਿਚ ਫੈਲ ਗਿਆ। ਇਸ ਤਰ੍ਹਾਂ ਅਕਾਸ਼ ਵਿਚ ਖਿਲਰੇ ਜਲ-ਕਣਾਂ ਨੇ ਠੰਡੇ ਹੋਕੇ ਵੱਡ-ਅਕਾਰੀ ਕਾਲੇ ਬੱਦਲਾਂ ਦਾ ਰੂਪ ਧਾਰਨ ਕੀਤਾ ਅਤੇ ਬੱਦਲ ਡਰਾਉਣੇ ਰੂਪ ਵਿਚ ਗਰਜਨ ਲੱਗੇ। ਫਲਦਾਰ ਅਤੇ ਛਾਂਦਾਰ ਸੁਹਾਵਣੇ ਬ੍ਰਿਛ ਵੀ ਡਰਾਵਣਾ ਰੂਪ ਧਾਰਨ ਕਰ ਗਏ। ਸਾਰੇ ਵਾਤਾਵਰਣ ਵਿਚ ਇਕ ਤਰ੍ਹਾਂ ਦਾ ਸਹਿਮ

ਅਤੇ ਭੈ ਛਾ ਗਿਆ। ਬੇ-ਨਿਸਚਾ ਵਰਖਾ, ਵਣਘਾਤ ਅਤੇ ਕਹਿਰ ਦੀ ਗਰਮੀ ਸਰਦੀ ਨੇ ਮਨੁੱਖ ਨੂੰ ਹੋਰ ਵੀ ਭੈ-ਭੀਤ ਕਰ ਦਿੱਤਾ। ਉਸ ਨੂੰ ਜੋ ਕੁਝ ਵੀ ਪਹਿਲਾਂ ਸੁੰਦਰ ਅਤੇ ਲੁਭਾਵਣਾ ਲਗਦਾ ਸੀ ਹੁਣ ਉਹ ਉਸ ਲਈ ਭਿਆਨਕ ਬਣ ਗਿਆ। ਆਪਣੇ ਤੇਜ ਅਤੇ ਡਰਾਵਣੇ ਰੂਪ ਵਿਚ ਪ੍ਰਕਿਰਤੀ ਪਹਿਲਾਂ ਨਾਲੋਂ ਕਈ ਗੁਣਾਂ ਵਿਰਾਟ ਅਤੇ ਸ਼ਕਤੀਸ਼ਾਲੀ ਦ੍ਰਿਸ਼ਟੀਗੋਚਰ ਹੋਣ ਲੱਗੀ। ਪ੍ਰਕਿਰਤੀ ਦੇ ਇਸ ਰੌਦਰ ਅਤੇ ਵਿਕਰਾਲ ਰੂਪ ਨੂੰ ਵੇਖ ਕੇ ਆਦਿ-ਕਾਲੀਨ ਮਨੁੱਖ ਨੇ ਭੈ-ਭੀਤ ਹੋਕੇ ਨੇਤਰ ਬੰਦ ਕਰ ਲਏ, ਕੰਨਾਂ ਉਤੇ ਹੱਥ ਰੱਖ ਲਏ ਅਤੇ ਡਰ ਨਾਲ ਕੰਬਦਾ ਹੋਇਆ ਉਹ ਜੜ੍ਹ ਹੋ ਗਿਆ। ਉਸ ਦੀ ਸਾਰੀ ਚੇਤਨ ਸ਼ਕਤੀ ਸੁੰਨ ਹੋ ਗਈ।

ਪਰ ਪ੍ਰਕਿਰਤੀ ਦਾ ਇਹ ਭਿਆਨਕ ਰੂਪ ਵੀ ਸਥਾਈ ਨਾ ਰਿਹਾ। ਵਾਤਾਵਰਣ ਦੇ ਸ਼ਾਂਤ ਹੋਣ ਦਾ ਬੋਧ ਹੋਣ ਉਤੇ ਮਨੁੱਖ ਨੇ ਆਪਣੇ ਬੰਦ ਨੇਤਰ ਖੋਹਲੇ। ਉਸ ਨੇ ਸੂਰਜ ਉਦੇ-ਕਾਲ ਸਮੇਂ ਊਸ਼ਾ ਦੀ ਮਿੱਠੀ ਮੁਸਕਾਣ ਵੇਖੀ। ਫਿਰ ਚੰਦ੍ਰੇ ਦੀ ਲਾਲੀ ਆਪਣੇ ਨਿਖਰੇ ਰੂਪ ਨਾਲ ਉਸ ਨੂੰ ਮੁਗਧ ਕਰਨ ਲੱਗੀ। ਉਸ ਨੂੰ ਜੀਵਨ ਪ੍ਰਦਾਨ ਕਰਨ ਵਾਲੇ ਬ੍ਰਿਛਾਂ ਦੀ ਕੋਮਲ ਸੁਮੇਰ-ਪੇਖ ਦਾ ਅਨੁਭਵ ਹੋਇਆ। ਕਪਾਹੀ ਚਿੱਟੀਆਂ ਕੰਵਾਰੀਆਂ ਪ੍ਰਭਾਤੀ ਚੋਟੀਆਂ ਦੇ ਉਸਨੂੰ ਦਰਸ਼ਨ ਹੋਏ। ਉਸ ਨੇ ਨਿਰਮਲ ਨਿੱਲਾਂਬਰ ਦੇਖਿਆ ਅਤੇ ਅਸੀਮ ਸਾਗਰ ਗੰਭੀਰ ਸ਼ਾਂਤੀ ਵਿਚ ਮੁਗਧ ਵੇਖਿਆ। ਪ੍ਰਕਿਰਤੀ ਦਾ ਤੇਜਸਵੀ ਤੇ ਲੁਭਾਵਣਾ ਰੂਪ ਵੇਖਕੇ ਮਨੁੱਖ ਖੀਵਾ ਹੋ ਗਿਆ। ਫਿਰ ਉਸ ਦੇ ਦਿਲ ਵਿਚ ਭੈ ਦੇ ਭਾਵ ਪੈਦਾ ਹੋ ਗਏ ਅਤੇ ਹੁਣ ਉਸ ਦੇ ਅੰਤਹ-ਕਰਣ ਵਿਚ ਨਵੀਂ ਭਾਵਨਾ ਦੇ ਅੰਕੁਰ ਫੁੱਟੇ ਅਤੇ ਇਹ ਭਾਵਨਾ ਸੀ ਦਿਵਤਿਆਂ ਦੀ ਭਾਵਨਾ। ਪ੍ਰਕਿਰਤੀ ਦੇ ਵੱਖ ਵੱਖ ਰੂਪਾਂ ਦੇ ਦਰਸ਼ਨਾਂ ਨਾਲ ਉਹ ਐਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਉਨ੍ਹਾਂ ਸਭ ਵਿਚ ਆਪਣੀ ਆਪਣੀ ਵੱਖਰੀ ਵੱਖਰੀ ਸ਼ਕਤੀ ਦੀ ਕਲਪਨਾ ਨਿਰਧਾਰਿਤ ਕਰ ਲਈ। ਮਾਨਵ ਨੂੰ ਇੰਜ ਪ੍ਰਤੀਤ ਹੋਇਆ ਜਿਵੇਂ ਸੂਰਜ ਵਿਚ ਇਕ ਵੱਖਰੀ ਸੱਤਾ ਹੈ, ਜਿਹੜੀ ਸਮੇਂ ਅਨੁਸਾਰ ਭਿੰਨ ਭਿੰਨ ਰੂਪ ਪ੍ਰਗਟ ਕਰਦੀ ਰਹਿੰਦੀ ਹੈ। ਉਨ੍ਹਾਂ ਸਭ ਦੇ ਸਾਹਮਣੇ ਮਨੁੱਖ ਨੇ ਆਪਣੇ ਆਪ ਨੂੰ ਅਸਮਰੱਥ ਤੇ ਅਤੀ ਨਿਗੂਣਾ ਦੇਖਿਆ ਅਤੇ ਆਪਣੀ ਹੀਣਤਾ ਦਾ ਅਨੁਮਾਨ ਲਗਾਕੇ ਪ੍ਰਕਿਰਤੀ ਅੱਗੇ ਆਪਣਾ ਸਿਰ ਝੁਕਾਅ ਦਿੱਤਾ।

ਇਉਂ ਮਨੁੱਖ ਦੀ ਪ੍ਰਕਿਰਤੀ ਸੰਬੰਧੀ ਚੇਤਨਾ ਵਿਚ ਇਕ ਨਵਾਂ ਤੱਤ ਸ਼ਾਮਲ ਹੋ ਗਿਆ। ਪ੍ਰਕਿਰਤੀ ਦੇ ਹਰੇਕ ਰੂਪ ਅਥਵਾ ਅੰਗ ਵਿਚ ਸਹਿਜ-ਸ਼ਕਤੀ ਦਾ ਅਨੁਭਵ ਉਸ ਨੂੰ ਹੋ ਹੀ ਚੁੱਕਾ ਸੀ ਅਤੇ ਦੂਜੇ ਬੰਨੇ ਪ੍ਰਕਿਰਤੀ ਦੇ ਅਲੌਕਿਕ, ਭਿਆਨਕ ਅਤੇ ਸੁੰਦਰ ਸਰੂਪ ਦੇ ਵੀ ਉਸ ਨੂੰ ਦਰਸ਼ਨ ਹੋ ਚੁੱਕੇ ਸਨ। ਇਸ ਲਈ ਚੇਤਨ-ਸ਼ਕਤੀ ਵੀ ਹੁਣ ਪਹਿਲਾਂ ਨਾਲੋਂ ਵਧੇਰੇ ਵਿਕਸਿਤ ਹੋ ਚੁੱਕੀ ਸੀ। ਇਸ ਹੁਣ ਪ੍ਰਕਿਰਤੀ ਉਸ ਦੇ ਚਿੰਤਨ ਤੇ ਮੰਨਣ ਦਾ ਵਿਸ਼ਾ ਬਣ ਗਈ ਕਿਉਂਕਿ ਉਸ ਦਾ ਆਪਣੀ ਸਹਿਚਾਰੀ ਪ੍ਰਕਿਰਤੀ ਦੇ ਸ਼ਿਵ ਸਰੂਪ ਵੱਲ ਧਿਆਨ ਆਕਰਸ਼ਿਤ ਹੋਇਆ। ਉਸ ਨੂੰ ਪ੍ਰਕਿਰਤੀ ਦੇ ਵਿਭਿੰਨ ਅੰਗਾਂ ਵਿਚ ਲੁਪਤ ਮੰਗਲ ਭਾਵਨਾ ਦਾ ਵੀ ਗਿਆਨ ਹੋਇਆ। ਬੰਦਨਾ

ਨੇ ਅੰਮ੍ਰਿਤ -ਭਰੇ ਜਲ ਦੀ ਵਰਖਾ ਕਰਕੇ ਉਸ ਦੇ ਜੀਵਨ-ਦਾਤਾ ਰੂਪ ਵਿਚ ਨਵ-ਜੀਵਨ ਦਾ ਸੰਚਾਰ ਕਰ ਦਿੱਤਾ। ਸੂਰਜ ਨੇ ਜ਼ਿੰਦਗੀ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ। ਰਤਨਾਕਰ ਨੇ ਬੇਸ਼ੁਮਾਰ ਰਤਨਾਂ ਦੇ ਉਪਹਾਰ ਮਨੁੱਖ ਨੂੰ ਦਿੱਤੇ। ਚੰਦਰਮਾ ਨੇ ਆਪਣੀ ਚਾਂਦਨੀ ਦੇ ਪਸਾਰ ਨਾਲ ਸੰਘਣੇ ਹਨੇਰੇ ਦਾ ਵਿਨਾਸ਼ ਕੀਤਾ। ਮਰੁਤ ਜ਼ਿੰਦਗੀ ਦਾ ਸਾਧਨ ਬਣ ਗਿਆ ਅਤੇ ਧਰਿਤਰੀ ਨੇ ਇਨ੍ਹਾਂ ਸਭ ਨੂੰ ਸਨੇਹ ਨਾਲ ਆਪਣੀ ਗੋਦ ਵਿਚ ਬਿਠਾਇਆ। ਮਨੁੱਖ ਪ੍ਰਕਿਰਤੀ ਦੇ ਇਨ੍ਹਾਂ ਵਿਭਿੰਨ ਅੰਗਾਂ ਦੇ ਮੰਗਲਮਈ ਕਾਰਜਾਂ ਤੋਂ ਇੰਨਾ ਵਧੇਰੇ ਪ੍ਰਭਾਵਿਤ ਹੋਇਆ ਕਿ ਉਸ ਨੇ ਇਨ੍ਹਾਂ ਸਭ ਦੇ ਦੇਵਤਾ ਹੋਣ ਦੀ ਧਾਰਨਾ ਪੈਦਾ ਕਰ ਲਈ ਅਤੇ ਉਨ੍ਹਾਂ ਦੇ ਗੁਣ ਗਾਉਣ ਲੱਗਾ।

ਸੰਸਾਰ ਦੇ ਪ੍ਰਾਚੀਨਤਮ ਉਪਲਬਧ ਗ੍ਰੰਥ 'ਰਿਗਵੇਦ' ਪ੍ਰਕਿਰਤੀ ਦੇ ਵਿਭਿੰਨ ਰੂਪਾਂ ਨੂੰ ਦੇਵਤਾ ਮੰਨਕੇ ਆਰਾਧਨਾ ਨਾਲ ਭਰਪੂਰ ਹੋਇਆ ਪਿਆ ਹੈ। ਪ੍ਰਾਚੀਨ ਰਿਗ-ਰਿਸ਼ੀਆਂ ਨੇ ਸਭ ਤੋਂ ਪਹਿਲਾਂ ਇੰਦਰ ਦੇਵਤਾ ਦੀ ਸ਼ਕਤੀ ਦਾ ਮੰਗਲ ਗਾਇਨ ਕੀਤਾ।[1] 'ਰਿਗਵੇਦ' ਦੇ ਇਕ ਸਲੋਕ ਦਾ ਸਰਲਾਰਥ ਇਸ ਪ੍ਰਕਾਰ ਹੈ -

ਹੇ ! ਮਨੁੱਖੋ, ਜਿਸ ਨੇ ਗਤੀਮਾਨ ਪ੍ਰਬਤਾਂ ਨੂੰ ਅਚੱਲ ਅਤੇ ਕੰਬਦੀ ਹੋਈ ਧਰਤੀ ਨੂੰ ਸਥਿਰ ਕੀਤਾ, ਜਿਸਨੇ ਆਕਾਸ਼ ਨੂੰ ਸੀਮਿਤ ਕਰ ਕੇ ਗਗਨ-ਮੰਡਲ ਬਣਾਇਆ, ਉਹੀ ਇੰਦਰ ਹੈ।[2] ਇਕ ਹੋਰ ਰਿਗ-ਰਿਚਾ ਵਿਚ ਰਿਗ-ਰਿਸ਼ੀ ਨੇ ਵਿਭਿੰਨ ਪ੍ਰਾਕਿਰਤਕ ਸ਼ਕਤੀਆਂ ਨੂੰ ਮਿੱਤਰ ਰੂਪ ਵਿਚ ਸੰਬੋਧਨ ਕਰਕੇ ਕਿਹਾ ਹੈ," ਹੇ ! ਮਿਤਰ ਵਰੁਨ, ਅਦਿਤੀ, ਸਿੰਧੂ, ਪ੍ਰਿਥਵੀ ਆਕਾਸ਼ ਆਦਿ ਦੇਵ ਗਣ ਅਜ ਸੂਰਜ ਉਦੇ ਸਮੇਂ ਸਾਨੂੰ ਸਭ ਨੂੰ ਐਸਾ ਵਰ ਦਿਓ ਕਿ ਅਸੀਂ ਸਾਰੇ ਕਸ਼ਟਾਂ ਤੇ ਪਾਪਾਂ ਤੋਂ ਮੁਕਤ ਹੋ ਜਾਈਏ।[3]

ਇਉਂ ਪ੍ਰਾਕਿਰਤਕ ਸ਼ਕਤੀਆਂ ਦੀ ਦੇਵਤਾ ਰੂਪ ਵਿਚ ਸਥਾਪਨਾ ਦੇ ਨਾਲ ਨਾਲ ਸੁੰਦਰਤਾ ਦਾ ਯੋਗ ਵੀ ਜ਼ਰੂਰੀ ਹੋ ਗਿਆ। ਮਨੁੱਖ ਨੇ ਆਪਣੇ ਸਾਰੇ ਦੇਵਤਿਆਂ ਦੇ ਸੁੰਦਰ ਸਰੂਪਾਂ ਦੀ ਕਲਪਨਾ ਕੀਤੀ ਅਤੇ ਸੁਹਣੇ ਘੋੜਿਆਂ ਵਾਲੇ ਰਥਾਂ ਵਿਚ ਅਲੰਕ੍ਰਿਤ ਬਸਤ੍ਰ ਤੇ ਭੂਸ਼ਣਾਂ ਨਾਲ ਸੁਸ਼ੋਭਿਤ ਤੇਜਸਵੀ ਅਤੇ ਸੁੰਦਰਤਾ ਭਰਪੂਰ ਮੰਨ ਲਿਆ।[4] ਇਸ ਤਰ੍ਹਾਂ ਮਨੁੱਖ ਨੇ ਪ੍ਰਕਿਰਤੀ ਦੇ ਅਦਭੁਤ - ਭਿਆਨਕ, ਸ਼ਿਵ ਅਤੇ ਸੁੰਦਰ ਰੂਪਾਂ ਦੀ ਕਲਪਨਾ ਕਰਕੇ ਨਵੀਨ ਭਾਵਨਾਵਾਂ ਨੂੰ ਗ੍ਰਹਿਣ ਕੀਤਾ ਅਤੇ ਹੈਰਾਨੀ, ਭੈਅ ਅਤੇ ਉਪਾਸ਼ਨਾ-ਯੁਕਤ ਵਿਸ਼ਵਾਸ਼ ਦੇ ਯੋਗ ਨਾਲ, ਉਨ੍ਹਾਂ ਦੀਆਂ ਵੱਖ ਵੱਖ ਸ਼ਖਸ਼ੀਅਤਾਂ ਦੀ ਕਲਪਨਾ ਕਰਦੇ ਹੋਏ ਦੇਵਤਵ ਦੀ ਸਥਾਪਨਾ ਕਰ ਲਈ। ਇਉਂ ਮਾਨਵੀ ਬੁੱਧੀ ਦੀ ਵਿਕਸਿਤ ਹੋਈ ਚੇਤਨਾ ਰਾਹੀਂ ਪ੍ਰਾਕਿਰਤੀ ਪ੍ਰਤੀ ਪੂਜਾ ਭਾਵਨਾ ਦਾ ਆਰੰਭ ਹੋਇਆ।

ਇੰਦਰ, ਸੂਰਜ ਅਤੇ ਪ੍ਰਿਥਵੀ ਆਦਿਕ ਸਾਰੇ ਪ੍ਰਕਿਰਤੀ ਪਿੰਡ ਉਪਰੋਕਤ ਵਿਸ਼ਵਾਸ਼ ਦੇ ਅਧਾਰ ਉਤੇ ਮਨੁੱਖ ਦੀ ਪੂਜਾ ਦੇ ਪਾਤਰ ਬਣ ਗਏ। ਉਹ ਉਨ੍ਹਾਂ ਵੱਲ ਆਪਣੀ ਕ੍ਰਿਤੱਗਤਾ ਪ੍ਰਗਟ

ਕਰਨ ਲਈ ਪੱਤੇ, ਫੁੱਲ, ਫਲ ਦੁੱਧ, ਦੀਵੇ ਆਦਿ ਵੱਧ ਤੋਂ ਵੱਧ ਸਮੱਗਰੀ ਵਰਤਨ ਲੱਗਾ। ਹੌਲੀ ਹੌਲੀ ਉਸ ਦੇ ਪ੍ਰਕਿਰਤੀ ਵਿਚ ਭਰੋਸੇ ਦੀ ਭਾਵਨਾ ਹੋਰ ਵਧੇਰੇ ਵਿਕਸਿਤ ਹੋ ਗਈ। ਉਸ ਨੇ ਨੀਅਤ ਸਮੇਂ ਉਤੇ ਸੂਰਜ ਅਤੇ ਚੰਦਰਮਾ ਦਾ ਉਦੇ ਅਤੇ ਅਸਤ ਵੇਖਿਆ। ਧਰਤੀ ਨੂੰ ਨਿਯਮਤ ਰੂਪ ਵਿਚ ਘੁੰਮਦੇ ਵੇਖਿਆ। ਸਮੇਂ ਅਨੁਸਾਰ ਰੁੱਤ ਪਰਿਵਰਤਨ ਨੇ ਉਸ ਨੂੰ ਪ੍ਰਭਾਵਿਤ ਕੀਤਾ ਅਤੇ ਇੰਜ ਪ੍ਰਕਿਰਤੀ ਦੇ ਵੱਖ ਵੱਖ ਨਛੱਤਰਾਂ ਵਿਚ ਇਕ ਨੇਮ-ਬਧਤਾ, ਸੰਜਮ ਅਤੇ ਬਝਵੇਂ ਸੰਚਾਲਨ ਨੂੰ ਵੇਖ ਕੇ, ਉਸ ਦੇ ਮਨ ਵਿਚ ਇਨ੍ਹਾਂ ਸਾਰਿਆਂ ਵਿਚ ਕੰਮ ਕਰ ਰਹੀ ਇਕ ਸਾਂਝੀ ਸ਼ਕਤੀ ਸੰਬੰਧੀ ਜਗਿਆਸਾ ਪੈਦਾ ਹੋਣ ਲੱਗੀ ਅਤੇ ਫਿਰ ਉਸ ਨੂੰ ਸਾਰੇ ਸੰਸਾਰ ਦੀ ਸੰਚਾਲਕ, ਇਕ ਪ੍ਰੇਰਕ ਸ਼ਕਤੀ ਦਾ ਅਭਾਸ ਹੋਇਆ। ਭੈਅ ਅਤੇ ਵਿਸ਼ਵਾਸ ਦੇ ਅਧਾਰ ਉਤੇ ਪ੍ਰਤੀਕ ਅਨੇਕ ਦੇਵਤਿਆਂ ਵਿਚ ਇਕ ਹੀ ਦੇਵੀ-ਸ਼ਕਤੀ ਦੇ ਦਰਸ਼ਨ ਕੀਤੇ। ਮਨੁੱਖ ਨੂੰ ਵਿਸ਼ਵ ਦਾ ਹਰੇਕ ਪ੍ਰਮਾਣੂ, ਉਸ ਦੇਵੀ ਸ਼ਕਤੀ ਤੋਂ ਬਗੈਰ ਨਿਰਾਧਾਰ ਅਤੇ ਚੇਤਨਾਹੀਣ ਪ੍ਰਤੀਤ ਹੋਇਆ। ਉਸ ਨੇ ਇਸ ਸਹਿਜ-ਸ਼ਕਤੀ ਨੂੰ ਹਰੇਕ ਅਣੂ ਵਿਚ ਵਿਦਮਾਨ ਵੇਖਿਆ ਅਤੇ ਉਸ ਨੂੰ ਇਕ ਸਰਬੋਤਮ, ਸਰਬਵਿਆਪਿਤ ਅੰਤ-ਚੇਤਨਾ ਦੀ ਅਨੁਭੂਤੀ ਹੋਈ। ਉਸ ਨੂੰ ਪ੍ਰਤੀਤ ਹੋਇਆ ਕਿ ਵਿਸ਼ਵ ਦੀ ਹਰੇਕ ਜੜ੍ਹ ਅਤੇ ਚੇਤਨ, ਚਲ ਅਤੇ ਅਚੱਲ ਵਸਤੂ ਵਿਚ ਇਹੀ ਅਵਿਖੰਡਿਤ ਅਤੇ ਅਗਿਆਤ ਸ਼ਕਤੀ ਕਾਰਜਸ਼ੀਲ ਹੈ।

ਇਸ ਤਰ੍ਹਾਂ ਮਾਨਵ-ਬੁੱਧੀ ਵੱਧ ਤੋਂ ਵੱਧ ਵਿਚਾਰਸ਼ੀਲ ਹੁੰਦੀ ਗਈ ਅਤੇ ਉਸ ਦੀ ਇਸ ਸਦੀਵੀ ਸਹਿਚਰਨ ਪ੍ਰਕਿਰਤੀ ਦੇ ਵਿਭਿੰਨ ਰੂਪ, ਉਸ ਦੇ ਗੂੜ੍ਹੇ ਮਿੱਤਰ ਅਤੇ ਸਨੇਹੀ ਬਣ ਗਏ। ਮਨੁੱਖ ਨੇ ਪ੍ਰਕਿਰਤੀ ਨਾਲ ਆਪਣਾ ਭਾਵੁਕ ਰਿਸ਼ਤਾ ਸਥਾਪਿਤ ਕੀਤਾ ਅਤੇ ਪ੍ਰਕਿਰਤੀ ਨੂੰ ਆਪਣੇ ਅਨੰਦ ਵਿਚ ਪ੍ਰਸੰਨ ਅਤੇ ਕਸ਼ਟ ਵਿਚ ਦੁਖੀ ਪ੍ਰਤੀਤ ਕੀਤਾ। ਡਾ: ਰਘੁਵੰਸ਼ ਅਨੁਸਾਰ ਸੰਸਕ੍ਰਿਤ ਸਾਹਿਤ ਦੇ "ਮਹਾਕਾਵਿ-ਕਾਲ" ਵਿਚ ਆਕੇ ਪ੍ਰਕਿਰਤੀ ਮਨੁੱਖੀ ਹਿਰਦੇ ਦੀਆਂ ਵਿਭਿੰਨ ਭਾਵਨਾਵਾਂ ਦੀ ਖੇਡ-ਭੂਮੀ ਬਣ ਗਈ। ਪਸ਼ੂ-ਪੰਛੀ, ਫੁੱਲ ਬੂਟੇ, ਪਰਬਤ ਅਤੇ ਬਨਸਪਤੀ ਆਦਿ ਸਭ ਵਿਚ ਚੇਤਨ ਪ੍ਰਾਣੀ ਨੂੰ ਇਕ ਆਤਮਾ ਦੀ ਹੋਂਦ ਦਾ ਆਭਾਸ ਹੋਇਆ। ਬਾਲਮੀਕ ਦੇ ਰਾਮ, ਵੇਲਾਂ, ਫੁੱਲਾਂ, ਬ੍ਰਿਛਾਂ, ਪਹਾੜਾਂ ਤੇ ਜੰਗਲਾਂ ਕੋਲੋਂ ਆਪਣੇ ਸੀਤਾ ਵਿਯੋਗ ਦੇ ਕੀਰਨੇ ਸੁਣਾਉਂਦੇ ਫਿਰੇ। ਆਪਣੇ ਮਨ ਦੀ ਬਿਰਹਾ-ਭਾਵਨਾ ਦੀ ਆਂਤ੍ਰਿਕ ਅਨੁਭੂਤੀ ਦੇ ਪ੍ਰਕਿਰਤੀ ਵਿਚ ਉਨ੍ਹਾਂ ਨੂੰ ਸਾਕਾਰ ਦਰਸ਼ਨ ਹੋਏ ਅਤੇ ਪ੍ਰਕਿਰਤੀ ਉਨ੍ਹਾਂ ਦੇ ਰੁਦਨ ਵਿਚ ਹਰ ਪ੍ਰਕਾਰ ਦੀ ਸਹਿਯੋਗਣੀ ਬਣ ਗਈ। ਸੀਤਾ-ਹਰਣ ਨਾਲ ਦੁਖੀ ਪਰਬਤ-ਟੀਸੀਆਂ ਆਪਣੀਆਂ ਸਿਖਰ-ਰੂਪੀ ਭੁਜਾਵਾਂ ਨੂੰ ਝਰਨਿਆਂ ਦੇ ਰੂਪ ਵਿਚ ਉਠਾਕੇ ਬਹਾਨੇ ਨਾਲ ਅਥਰੂ ਵਹਾ ਰਹੀਆਂ ਹਨ, ਅਥਵਾ ਰੋ ਰਹੀਆਂ ਹਨ।[5]

ਇਸ ਤੋਂ ਇਲਾਵਾ ਪ੍ਰਕਿਰਤੀ ਮਨੁੱਖੀ ਅਨੁਭੂਤੀਆਂ ਦਾ ਉਦੀਪਨ ਕਰਨ ਦਾ ਸਾਧਨ ਵੀ ਬਣ ਗਈ। ਬਿਰਹਾ ਵਿਚ ਪ੍ਰਕਿਰਤੀ ਦੇ ਜਿਨ੍ਹਾਂ ਅੰਗਾਂ ਵਿਚ ਮਨੁੱਖ ਨੂੰ ਆਪਣੀ ਪ੍ਰੇਮਿਕਾ ਦੇ ਰੂਪ ਜਾਂ

ਭਾਵ ਦੀ ਸਮਾਨਤਾ ਪ੍ਰਤੀਤ ਹੋਈ, ਉਹ ਉਸ ਦੇ ਬ੍ਰਿਹਾ-ਦੁੱਖ ਨੂੰ ਤੀਬਰਤਰ ਕਰਨ ਦਾ ਕਾਰਨ ਬਣ ਗਈ। ਬ੍ਰਿਹਾ ਵਿਚ ਕ੍ਰੋਧਿਤ ਰਾਮ ਨੂੰ ਸਾਹਮਣੇ ਕਲੋਲਾਂ ਕਰਦੇ ਹਿਰਨ-ਹਿਰਨੀਆਂ, ਉਸ ਨੂੰ ਕਮਲਨੈਨੀ ਸੀਤਾ ਦੀ ਯਾਦ ਦਿਵਾਉਂਦੇ ਸਨ। ਮਿਰਗਨੈਨੀ ਪਤਨੀ ਦੇ ਬ੍ਰਿਹਾ ਵਿਚ ਉਸ ਨੂੰ ਦੁਖੀ ਕਰ ਰਹੇ ਸਨ ਅਤੇ ਇਧਰ ਉਧਰ ਘੁੰਮ ਰਹੇ ਮਿਰਗਾਂ ਦੇ ਝੁੰਡ ਉਸ ਨੂੰ ਦੁਖੀ ਕਰ ਰਹੇ ਸਨ।[6]

## ਪ੍ਰਕਿਰਤੀ ਤੇ ਭਾਵ

ਵਿਵਹਾਰਕ ਰੂਪ ਵਿਚ ਜਿਹੜੀ ਵੀ ਸ੍ਰਿਸ਼ਟੀ ਸਾਡੇ ਅਨੁਭਵ ਵਿਚ ਆਉਂਦੀ ਹੈ, ਉਸ ਨੂੰ ਅਸੀਂ ਪ੍ਰਕਿਰਤੀ ਕਹਿੰਦੇ ਹਾਂ ਪਰੰਤੂ ਦਾਰਸ਼ਨਿਕ ਦ੍ਰਿਸ਼ਟੀ ਤੋਂ ਸਾਡਾ ਸਰੀਰ ਅਤੇ ਮਨ, ਸਾਡੀਆਂ ਗਿਆਨ ਇੰਦਰੀਆਂ (ਮਨ, ਬੁੱਧੀ, ਚਿੱਤ ਅਤੇ ਅਹੰਕਾਰ, ਆਦਿਕ ਸੂਖਮ ਤੱਤ ਪ੍ਰਕਿਰਤੀ ਵਿਚ ਸ਼ੁਮਾਰ ਹੁੰਦੇ ਹਨ। ਸਾਂਖ ਸ਼ਾਸਤ੍ਰ ਦੀ ਇਹ ਪ੍ਰਕਿਰਤੀ ਸਾਰੀ ਸ੍ਰਿਸ਼ਟੀ ਦਾ ਕਾਰਨ ਹੈ। ਸਾਂਖ-ਵਾਦੀਆਂ ਨੇ ਜਿਸ ਨੂੰ ਸ੍ਰਿਸ਼ਟੀ ਆਖਿਆ ਹੈ, ਵੇਦਾਂਤੀਆਂ ਨੇ ਲਗਭਗ ਉਸ ਨੂੰ ਹੀ ਮਾਇਆ ਆਖਿਆ ਹੈ। ਫਰਕ ਸਿਰਫ ਏਨਾ ਹੈ ਕਿ ਸਾਂਖਵਾਦੀ ਪ੍ਰਕਿਰਤੀ ਨੂੰ ਸੱਤ ਮੰਨਦੇ ਹਨ ਅਤੇ ਵੇਦਾਂਤਵਾਦੀ ਉਸ ਨੂੰ ਸੱਤ, ਅਸੱਤ ਤੋਂ ਭਿੰਨ ਅਨਿਰਵਚਨੀਯ ਮੰਨਦੇ ਹਨ।[7] ਆਸਤਕ ਦਰਸ਼ਨਾਂ ਵਿਚ ਨਿਆਏ ਅਤੇ ਵੈਸ਼ੇਸ਼ਕ, ਜੀਵ, ਪ੍ਰਕਿਰਤੀ ਅਤੇ ਪ੍ਰਮਾਤਮਾ ਨੂੰ ਤਿੰਨ ਸੁਤੰਤਰ ਵਸਤੂਆਂ ਮੰਨਦੇ ਹਨ ਪਰੰਤੂ ਸਾਂਖ ਵਿਚ ਪੁਰਸ਼ ਤੋਂ ਬਗੈਰ ਉਹ ਕੁਝ ਨਹੀਂ ਕਰ ਸਕਦੀ। ਉਨ੍ਹਾਂ ਅਨੁਸਾਰ ਪ੍ਰਕਿਰਤੀ ਵਿਚ ਕਿਰਿਆ ਤਾਂ ਹੈ ਪਰੰਤੂ ਗਿਆਨ ਦੀ ਅਣਹੋਂਦ ਹੈ ਅਤੇ ਪੁਰਸ਼ ਵਿਚ ਗਿਆਨ ਹੈ ਪਰ ਉਹ ਨਿਸ਼ਕਿਰਿਆ ਹੈ। ਸਾਂਖ ਵਿਚ ਪ੍ਰਕਿਰਤੀ ਅਤੇ ਪੁਰਸ਼ ਦੇ ਰੂਪਾਂ ਨੂੰ ਵਿਰੋਧੀ ਦੱਸਿਆ ਗਿਆ ਹੈ।

ਪ੍ਰਕਿਰਤੀ ਅਤੇ ਪੁਰਸ਼ ਦੋਹਾਂ ਦੇ ਸੰਜੋਗ ਨਾਲ ਹੀ ਸ੍ਰਿਸ਼ਟੀ ਦਾ ਸਿਲਸਿਲਾ ਚਲਦਾ ਹੈ। ਪੁਰਸ਼ ਨਾ ਕਿਸੇ ਦਾ ਵਿਕਾਰ ਹੈ ਤੇ ਨਾ ਖੁਦ ਵਿਕ੍ਰਤ ਹੁੰਦਾ ਹੈ। ਪ੍ਰਕਿਰਤੀ ਵਿਕਾਰ ਤਾਂ ਨਹੀਂ ਹੈ ਪਰ ਉਹ ਪੁਰਸ਼ ਦੇ ਸੰਪਰਕ ਵਿਚ ਆਕੇ ਹੰਕਾਰ, ਪੰਜ ਗਿਆਨ-ਇੰਦਰੀਆਂ ਅਤੇ ਪੰਜ-ਭੂਤਰਕਤਾ ਆਦਿ ਪੈਦਾ ਕਰਦੀ ਹੈ। ਸ਼ਬਦ, ਸਪੱਰਸ਼, ਰੂਪ, ਰਸ ਅਤੇ ਗੰਧ ਪੰਜ ਗਿਆਨ-ਇੰਦਰੀਆਂ ਹਨ, ਪੰਜ ਹੀ ਕਰਮ-ਇੰਦਰੀਆਂ ਅਤੇ ਗਿਆਰਵਾਂ ਮਨ ਹੈ। ਕੰਨ, ਚਮੜੀ, ਅੱਖਾਂ, ਜੀਭ ਅਤੇ ਨਾਸਾਂ ਮਿਲਾਕੇ ਸੋਲਾਂ ਦੀ ਉਤਪਤੀ ਅਹੰਕਾਰ ਤੋਂ ਹੁੰਦੀ ਹੈ ਅਤੇ ਫਿਰ ਇਨ੍ਹਾਂ ਸੋਲਾਂ ਤੋਂ ਪੰਜ ਮਹਾਂ-ਭੂਤਾਂ ਦਾ ਵਿਕਾਸ ਹੁੰਦਾ ਹੈ। ਪ੍ਰਕਿਰਤੀ ਵਿਚ ਜਦ ਤੱਕ ਸਤ, ਰਜ, ਤਮ ਦੀ ਅਵਸਥਾ ਸਾਮਾਨ ਰਹਿੰਦੀ ਹੈ ਤਦ ਤਕ ਉਸ ਨੂੰ ਪ੍ਰਕਿਰਤੀ ਕਹਿੰਦੇ ਹਨ। ਉਨ੍ਹਾਂ ਵਿਚ ਵਿਸ਼ਮਤਾ ਆਉਣ ਤੇ ਸ੍ਰਿਸ਼ਟੀਆਂ ਦਾ ਆਰੰਭ ਹੋ ਜਾਂਦਾ ਹੈ।

ਵੇਦਾਂਤੀ ਲੋਕ ਵਿਹਾਰ ਵਿਚ ਤਾਂ ਸਾਂਖ ਦੀ ਪ੍ਰਕਿਰਿਆ ਨੂੰ ਮੰਨਦੇ ਹਨ ਪਰ ਪਰਮਾਰਥ ਵਿਚ ਉਸ ਨੂੰ ਅਸੱਤ ਕਹਿੰਦੇ ਹਨ। ਪ੍ਰਕਿਰਤੀ ਸੰਬੰਧੀ ਵੇਦਾਂਤੀਆਂ ਦੇ ਵੱਖ ਵੱਖ ਮੱਤ ਹਨ, ਜਿਨ੍ਹਾਂ ਅਨੁਸਾਰ ਉਨ੍ਹਾਂ ਨੇ ਪ੍ਰਕਿਰਤੀ ਦੀ ਵੱਖ ਵੱਖ ਵਿਆਖਿਆ ਕੀਤੀ ਹੈ। ਸ਼ੰਕਰ-ਮੱਤ ਅਨੁਸਾਰ ਪ੍ਰਕਿਰਤੀ ਮਾਇਆ ਰੂਪ ਨਾਲ ਅਨਿਰਬਚਨੀਯ ਤਾਂ ਹੈ ਹੀ ਪਰ ਵਸ਼ਿਸ਼ਟ-ਅਦ੍ਵੈਤ ਵਿਚ ਉਹ ਅਚਿਤ ਰੂਪ ਨਾਲ ਬ੍ਰਹਮ ਦਾ ਵਿਸ਼ੇਸ਼ਣ ਹੈ ਅਤੇ ਇਸ ਮੱਤ ਨਾਲ ਵੀ ਪ੍ਰਕਿਰਤੀ ਸੱਤ ਮੰਨੀ ਗਈ ਹੈ।[8]

ਵੱਲਭਾਚਾਰੀਆ ਦੇ ਸ਼ੁੱਧ-ਅਦ੍ਵੈਤ ਦੇ ਮੱਤ ਅਨੁਸਾਰ ਬ੍ਰਹਮ ਵਿਚ ਸੱਤ, ਚਿੱਤ, ਅਨੰਦ ਆਦਿਕ ਤਿੰਨੇ ਗੁਣ ਹੀ ਉਪਸਥਿਤ ਰਹਿੰਦੇ ਹਨ। ਅਨੰਦ ਦੇ ਤਿਰੋਭਾਵ ਹੋਣ ਨਾਲ ਜੀਵ ਸ੍ਰਿਸ਼ਟੀ ਹੁੰਦੀ ਹੈ ਅਤੇ ਜੜ੍ਹ ਜਾਂ ਪ੍ਰਾਕਿਰਤਕ ਜਗਤ ਅਨੰਦ ਅਤੇ ਚਿੱਤ ਦੋਨਾਂ ਗੁਣਾਂ ਦਾ ਤਿਰੋਭਾਵ ਰਹਿੰਦਾ ਹੈ। ਜੀਵ ਵਿਚ ਸੱਤ ਤੇ ਚਿਤ ਗੁਣ ਰਹਿੰਦੇ ਹਨ। ਕੇਵਲ ਅਨੰਦ ਅਲੋਪ ਹੋ ਜਾਂਦਾ ਹੈ।[9] ਜੜ੍ਹ ਵਿਚ ਕੇਵਲ ਸਤ ਕਾਇਮ ਰਹਿੰਦਾ ਹੈ, ਬਾਕੀ ਦੋਵੇਂ ਗੁਣ ਅਲੋਪ ਹੋ ਜਾਂਦੇ ਹਨ। ਇਹ ਪ੍ਰਕਿਰਤੀ ਦੀ ਦਾਰਸ਼ਨਿਕ ਵਿਆਖਿਆ ਹੈ। ਭਾਵੇਂ ਇਹ ਕੁਝ ਵੀ ਹੈ, ਵਿਵਹਾਰਕ ਰੂਪ ਵਿਚ ਪ੍ਰਕਿਰਤੀ ਨੂੰ ਮਿਥਿਆ ਮੰਨਣ ਵਾਲੇ ਵੇਦਾਂਤੀ ਵੀ ਵਿਹਾਰਕ ਰੂਪ ਵਿਚ ਸੱਤ ਮੰਨਦੇ ਹਨ ਅਤੇ ਕਾਵਿ ਵਿਚ ਕੋਈ ਵੀ ਮੱਤ ਜਾਂ ਦ੍ਰਿਸ਼ਟੀਕੋਣ ਬਾਧਕ ਨਹੀਂ ਹੁੰਦਾ। ਸਾਰ-ਰੂਪ ਵਿਚ ਪ੍ਰਕਿਰਤੀ ਤੋਂ ਸਾਡਾ ਭਾਵ ਉਸ ਗੈਰ-ਮਾਨਵੀ ਮਨੋਗੋਚਰ ਜਗਤ ਤੋਂ ਹੈ, ਜਿਸ ਵਿਚ ਨਦੀਆਂ, ਪਰਬਤ, ਜੰਗਲ, ਚਾਂਦਨੀ, ਆਕਾਸ਼, ਸਵੇਰ ਦੀ ਰੰਗੀਨੀ ਅਤੇ ਜੰਗਲ ਵਿਚ ਹਿਰਨਾਂ ਦੀ ਕਲਾਪੂਰਤ ਉਛਲ-ਕੁੱਦ ਆਦਿਕ ਸਭ ਕੁਝ ਸ਼ਾਮਲ ਹੈ। ਪ੍ਰਕਿਰਤੀ ਅਤੇ ਪ੍ਰਾਕਿਰਤਕ ਦਾ ਅਰਥ ਹੈ ਸੁਭਾਵਿਕ ਅਥਵਾ ਪ੍ਰਕਿਰਤੀ ਦੇ ਅੰਤਰਗਤ ਉਹੀ ਵਸਤੂਆਂ ਆਉਂਦੀਆਂ ਹਨ, ਜਿਨ੍ਹਾਂ ਨੂੰ ਮਨੁੱਖ ਨੇ ਆਪਣੇ ਹੱਥਾਂ ਨਾਲ ਸਜਾਇਆ ਜਾਂ ਸੰਵਾਰਿਆ ਨਹੀਂ ਹੈ ਅਤੇ ਜੋ ਖ਼ੁਦ ਹੀ ਸਾਨੂੰ ਆਪਣੀ ਅਡੋਲ ਸੁੰਦਰਤਾ ਨਾਲ ਪ੍ਰਕਾਸ਼ਿਤ ਕਰਦੀ ਹੈ। ਪ੍ਰਕਿਰਤੀ ਵਿਚ ਵੀ ਜਿਥੇ ਬਹੁਤ ਸਾਰੀ ਕਾਟ-ਛਾਂਟ ਹੁੰਦੀ ਹੈ, ਅਸੀਂ ਉਸ ਨੂੰ ਕਾਰੀਗਰੀ ਕਹਿਣ ਲਗਦੇ ਹਾਂ। ਅਸਲ ਵਿਚ ਕਾਰੀਗਰੀ ਕੀਮਤ ਵਿਚ ਹੀ ਹੈ, ਅੰਤਰ ਸਿਰਫ਼ ਇਹ ਹੈ ਕਿ ਈਸ਼ਵਰ ਦੀ ਕਾਰੀਗਰੀ ਨੂੰ ਪ੍ਰਕਿਰਤੀ ਅਤੇ ਪੁਰਸ਼ ਦੀ ਕਾਰੀਗਰੀ ਨੂੰ ਕਲਾ ਕਹਿੰਦੇ ਹਨ। ਮਹਿਲਾਂ ਨਾਲੋਂ ਪਿੰਡਾਂ ਵਿਚ ਸਾਨੂੰ ਈਸ਼ਵਰੀ ਕਲਾ ਦੇ ਵਧੇਰੇ ਦਰਸ਼ਨ ਹੁੰਦੇ ਹਨ। ਇਸ ਤਰ੍ਹਾਂ ਨਾਲ ਰੂਪ, ਰਸ, ਗੰਧ, ਸਪਰਸ਼ ਅਤੇ ਸ਼ਬਦ ਆਦਿਕ ਗਿਆਨ ਇੰਦਰਿਆਂ ਰਾਹੀਂ ਅਨੁਭਵ ਵਿਚ ਆਉਣ ਵਾਲੇ ਸਾਰੇ ਵਿਸ਼ੇ ਪ੍ਰਕਿਰਤੀ ਦੇ ਹੀ ਅੰਤਰਗਤ ਆਉਂਦੇ ਹਨ ਅਰਥਾਤ ਉਹ ਸਾਰੇ ਪ੍ਰਾਕਿਰਤਕ ਵਿਸ਼ੇ, ਜਿਨ੍ਹਾਂ ਦਾ ਗਿਆਨ ਦ੍ਰਿਸ਼ਟੀ, ਜੀਭ, ਕੰਨ, ਨੱਕ

ਅਤੇ ਸਪਰਸ਼ ਨਾਲ ਹੁੰਦਾ ਹੈ, ਉਹ ਵੀ ਪ੍ਰਕਿਰਤੀ ਦੇ ਅੰਤਰਗਤ ਹੀ ਆਉਂਦੇ ਹਨ। ਅੱਖਾਂ ਨੂੰ ਸੁਹਾਵਣੇ ਤੇ ਡਰਾਵਣੇ ਕਰਨ ਵਾਲੇ ਰਮਣੀਕ ਅਤੇ ਭਿਆਨਕ ਦ੍ਰਿਸ਼, ਜੀਭ ਦਾ ਖੱਟੇ ਮਿੱਠੇ ਅਤੇ ਨਮਕੀਨ ਅਤੇ ਫਿੱਕੇ ਸੁਆਦ ਦੇਣ ਵਾਲੀਆਂ ਵਸਤੂਆਂ ਗਿਆਨ ਇੰਦ੍ਰੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਸੁਗੰਧਿਤ ਫੁੱਲ, ਚਮੜੀ ਦੇ ਠੰਡੇ ਤੱਤੇ ਦਾ ਅਨੁਭਵ ਕਰਾਉਣ ਵਾਲੇ ਸਾਰੇ ਪਦਾਰਥ ਅਤੇ ਕੰਨਾਂ ਨੂੰ ਮਿਠਾਸ ਤੇ ਗੰਭੀਰਤਾ ਨਾਲ ਭਰਨ ਵਾਲੇ ਮਿੱਠੇ ਧੀਮੇ ਅਤੇ ਗੰਭੀਰ ਸੁਰ, ਸਭ ਪ੍ਰਕਿਰਤੀ ਦੀ ਹੀ ਉਪਜ ਹਨ। ਇਨ੍ਹਾਂ ਤੋਂ ਛੁੱਟ ਜੀਵਨ ਦੇ ਪ੍ਰਤੀਕ ਸਾਰੇ ਪਸ਼ੂ-ਪੰਛੀ ਵੀ ਪ੍ਰਕਿਰਤੀ ਦੀ ਸੀਮਾ ਵਿਚ ਹੀ ਆਉਂਦੇ ਹਨ ਕਿਉਂਕਿ ਉਹ ਵੀ ਪ੍ਰਕਿਰਤੀ ਦੇ ਅਨਿੱਖੜ ਤੱਤ (ਅੰਗ) ਹਨ। ਸਾਹਿਤ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਮਨੁੱਖ ਤੋਂ ਭਿੰਨ ਹੋਣ ਦੇ ਬਾਵਜੂਦ ਵੀ ਪ੍ਰਕਿਰਤੀ ਭਾਵ ਜਗਤ ਵਿਚ ਮਨੁੱਖ ਦੀ ਅਨੁਰੂਪਤਾ (ਨਕਲ) ਕਰਦੀ ਪ੍ਰਤੀਤ ਹੁੰਦੀ ਹੈ। ਇਸ ਦੇ ਉਲਟ ਵਿਗਿਆਨ ਮਨੁੱਖ ਨੂੰ ਪ੍ਰਕਿਰਤੀ ਦੇ ਧਰਾਤਲ ਉਤੇ ਖਿੱਚ ਲਿਆਉਂਦਾ ਹੈ। ਬੇਸ਼ੱਕ ਸਾਹਿਤ ਦਾ ਮੁੱਖ ਵਿਸ਼ਾ ਮਾਨਵ ਹੀ ਰਿਹਾ ਹੈ, ਫਿਰ ਵੀ ਪ੍ਰਕਿਰਤੀ ਦੇ ਸਹਿਯੋਗ ਤੋਂ ਬਗੈਰ ਮਨੁੱਖ ਦੀਆਂ ਇੱਛਾਵਾਂ ਅਤੇ ਉਸ ਦੀਆਂ ਮਨੋਦਸ਼ਾਵਾਂ (ਮਾਨਸਿਕ ਹਾਲਤਾਂ) ਦੀ ਅਭਿਵਿਅਕਤੀ ਭਾਵ-ਹੀਣ ਅਤੇ ਨੀਰਸ ਜਿਹੀ ਪ੍ਰਤੀਤ ਹੁੰਦੀ ਹੈ। ਜਿਵੇਂ ਰਮਾਇਣ ਵਿਚ ਭਾਗੀਰਥੀ ਤੱਟ, ਪੰਪਾਤੀਰ ਵਰਤੀ ਵਣ-ਪ੍ਰਦੇਸ਼, ਰਿਸ਼ੀ-ਮੂਕ ਪਰਬਤ, ਰਿਸ਼ੀ ਆਸ਼ਰਮ ਅਤੇ ਚਿੱਤਰ-ਕੂਟ ਦੇ ਰਮਣੀਕ ਦ੍ਰਿਸ਼ਾਂ ਦੇ ਵਰਨਨ ਤੋਂ ਬਿਨਾਂ ਰਾਮ ਵਣ-ਗਮਨ ਫਿੱਕਾ ਫਿੱਕਾ ਪ੍ਰਤੀਤ ਹੁੰਦਾ ਹੈ ਅਤੇ ਮਹਾਂਭਾਰਤ ਵਿਚ ਜਮਨਾ-ਕੁੰਜ, ਜਮਨਾ-ਤੱਟ, ਗੰਗਾ-ਤੱਟ ਅਤੇ ਕਦੰਬ ਦੇ ਬ੍ਰਿਛਾਂ ਤੋਂ ਬਿਨਾਂ ਸ੍ਰੀ ਕ੍ਰਿਸ਼ਨ ਦੀਆਂ ਰਾਸਲੀਲਾਵਾਂ ਨੀਰਸ ਹੋ ਜਾਂਦੀਆਂ ਹਨ।

ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਮਨੁੱਖਾਂ ਦਾ ਪ੍ਰਸਪਰ ਭਾਵਾਤਮਿਕ ਆਦਾਨ ਪ੍ਰਦਾਨ ਤਾਂ ਰਹਿੰਦਾ ਹੀ ਹੈ ਪਰ ਪ੍ਰਕਿਰਤੀ ਅਤੇ ਮਨੁੱਖ ਦਾ ਅਜਿਹਾ ਪਰਸਪਰ ਨੇੜਤਾ ਦਾ ਸੰਬੰਧ ਦਿਖਾਈ ਨਹੀਂ ਦਿੰਦਾ, ਫੇਰ ਪ੍ਰਕਿਰਤੀ ਕਿਸ ਤਰ੍ਹਾਂ ਆਲੰਬਨ ਰੂਪ ਵਿਚ ਕਾਵਿ ਦਾ ਵਿਸ਼ਾ ਬਣ ਸਕਦੀ ਹੈ। ਅਸਲ ਵਿਚ ਪ੍ਰਕਿਰਤੀ ਜੇਕਰ ਮਨੁੱਖ ਦੀ ਜਨਨੀ ਨਹੀਂ ਤਾਂ ਉਹ ਇਸ ਦੀ ਪਾਲਕ ਜ਼ਰੂਰ ਹੈ। ਆਰੰਭ ਤੋਂ ਹੀ ਪ੍ਰਕਿਰਤੀ ਮਨੁੱਖ ਨੂੰ ਆਪਣੀ ਮਮਤਾ-ਭਰੀ ਗੋਦ ਵਿਚ ਲੈ ਕੇ ਉਸ ਦੀ ਪਾਲਣਾ ਕਰਦੀ ਰਹੀ ਹੈ। ਹਵਾ ਦਾ ਸੰਗੀਤ ਸੁਣਾਉਣਾ, ਝਰਨਿਆਂ ਦਾ ਸ਼ਬਦ-ਨਾਦ ਕਰਨਾ, ਤਾਰਿਆਂ ਦਾ ਚੁਪਚਾਪ ਕਹਾਣੀਆਂ ਸੁਣਾਉਣਾ, ਕਲੀਆਂ ਦਾ ਆਪਣੇ ਵੱਲ ਆਕਰਸ਼ਿਤ ਕਰਨਾ, ਚਾਨਣੀ ਦਾ ਖਿੜ-ਖਿੜਾ ਕੇ ਹੱਸਣਾ ਅਤੇ ਸੂਰਜ ਦਾ ਆਪਣੀਆਂ ਕਿਰਨਾਂ ਬਿਖੇਰਨਾ ਤੇ ਠੰਡੀ ਸਹਿਜ ਸੁਗੰਧਿਤ ਸਮੀਰ ਸਾਰੇ ਤਨ ਮਨ ਵਿਚ ਨਵੀਂ ਸਫੂਰਤੀ ਦਾ ਸੰਚਾਰ ਕਰ ਦਿੰਦੀ ਹੈ। ਪ੍ਰਕਿਰਤੀ ਦੀ ਗੋਦ ਵਿਚ ਮਨੁੱਖ ਸੁੱਖ ਦਾ ਅਨੁਭਵ ਕਰਦਾ ਹੈ ਅਤੇ ਉਸ ਦੇ ਮਨ ਵਿਚ ਪ੍ਰਕਿਰਤੀ ਸਹਿਚਾਰ

ਦਾ ਮੇਲ ਛੁੱਟ ਪੈਂਦਾ ਹੈ। ਇਸ ਤਰ੍ਹਾਂ ਨਾਲ ਅਲੰਬਨ ਰੂਪ ਵਿਚ ਪ੍ਰਕਿਰਤੀ ਮਨੁੱਖ ਨੂੰ ਪ੍ਰਭਾਵਿਤ ਤੇ ਅਕਰਸ਼ਿਤ ਕਰਦੀ ਹੈ।

<u>ਉਦੀਪਨ ਵਿਭਾਵ</u>

ਕਾਵਿ ਵਿਚ ਉਦੀਪਨ ਦਾ ਬੜਾ ਮਹੱਤਵ ਹੈ। ਉਦੀਪਨ ਵਿਭਾਵ ਵਿਚ ਅਲੰਬਨ ਦੀਆਂ ਚੇਸ਼ਟਾਵਾਂ ਅਤੇ ਪ੍ਰਾਕਿਰਤਕ ਦ੍ਰਿਸ਼ ਦੋਵੇਂ ਹੀ ਸ਼ਾਮਲ ਹੁੰਦੇ ਹਨ। ਪ੍ਰਾਕਿਰਤਕ ਦ੍ਰਿਸ਼, ਅਲੰਬਨ ਦੇ ਭਾਵਾਂ ਨੂੰ ਜਗਾਉਣ ਵਿਚ ਸਹਾਈ ਹੁੰਦੇ ਹਨ। ਇਉਂ ਮਨੁੱਖੀ ਵਿਹਾਰਾਂ ਦੀ ਪ੍ਰਿਸ਼ਠ-ਭੂਮੀ ਦੇ ਰੂਪ ਵਿਚ ਪ੍ਰਕਿਰਤੀ ਕਾਵਿ ਦਾ ਇਕ ਅਨਿਖੜ ਅੰਗ ਬਣ ਜਾਂਦੀ ਹੈ। ਭਾਵੇਂ ਪ੍ਰਕਿਰਤੀ ਮੁੱਖ-ਰੂਪ ਵਿਚ ਮਨੁੱਖੀ ਭਾਵਨਾਵਾਂ ਦੀ ਪਿੱਠ-ਭੂਮੀ ਦਾ ਹੀ ਆਧਾਰ ਸਤੰਭ ਰਹੀ ਹੈ, ਫਿਰ ਵੀ ਇਹ ਕਦੇ ਕਦੇ ਸੁਤੰਤਰ ਰੂਪ ਵਿਚ ਵੀ ਸਾਡੇ ਸਾਹਮਣੇ ਆਉਂਦੀ ਹੈ। ਮਨੁੱਖ ਤੋਂ ਅਲੱਗ ਵੀ ਇਸ ਦੇ ਮਨ-ਮੋਹਕ ਦ੍ਰਿਸ਼ ਸਾਨੂੰ ਮੁਗਧ ਕੀਤੇ ਬਿਨਾਂ ਨਹੀਂ ਰਹਿਣ ਦਿੰਦੇ। ਇਉਂ ਸੁਤੰਤਰ ਪ੍ਰਕਿਰਤੀ ਵਰਣਨ ਨੂੰ, ਪ੍ਰਕਿਰਤੀ ਦਾ ਆਲੰਬਨ ਰੂਪ ਤੇ ਵਰਨਣ ਕਹਿੰਦੇ ਹਨ। ਪ੍ਰਕਿਰਤੀ ਵਿਚ ਮਨੁੱਖ ਦੇ ਪ੍ਰੇਮ ਵਰਗਾ ਕੋਈ ਮੋੜਵਾਂ ਜਜ਼ਬਾ ਨਹੀਂ ਹੈ, ਫਿਰ ਵੀ ਚਿਰ-ਸਾਹਿਚਾਰ ਦੇ ਕਾਰਨ ਪ੍ਰਕਿਰਤੀ ਸਾਡੇ ਪ੍ਰੇਮ ਦੀ ਹੱਕਦਾਰ ਬਣ ਜਾਂਦੀ ਹੈ। ਇਸ ਤੋਂ ਬਿਨਾਂ ਇਹ ਮੰਨਣਾ ਹੀ ਪਏਗਾ ਕਿ ਪ੍ਰਕਿਰਤੀ ਵਿਚ ਇਕ ਅਜਿਹੀ ਸੁਭਾਵਿਕ ਸ਼ਕਤੀ ਹੈ, ਜੋ ਵੱਖ ਵੱਖ ਮੌਕਿਆਂ ਤੇ ਸਾਡੇ ਮਨਾਂ ਵਿਚ ਨਵੇਂ ਜਜ਼ਬਿਆਂ ਦਾ ਸੰਚਾਰ ਕਰਦੀ ਰਹਿੰਦੀ ਹੈ। ਬੱਦਲਾਂ ਦੀ ਭਿਆਨਿਕ ਗਰਜ ਨਾਲ ਜਿਥੇ ਮਨੁੱਖ ਡਰ ਜਾਂਦਾ ਹੈ, ਉਥੇ ਉਸ ਦੀ ਸਤਰੰਗੀ, ਉਸ ਦੇ ਮਨ ਨੂੰ ਹੁਲਾਸ ਤੇ ਅਨੰਦ ਨਾਲ ਭਰ ਦਿੰਦੀ ਹੈ। ਇਸ ਤਰ੍ਹਾਂ ਉਦੀਪਨ ਰੂਪ ਵਿਚ ਪ੍ਰਕਿਰਤੀ ਮਨੁੱਖੀ ਭਾਵਨਾਵਾਂ ਦੀ ਸਹਾਇਕ ਹੁੰਦੀ ਹੈ ਪਰ ਆਲੰਬਨ ਵਿਚ ਵੀ ਭਾਵਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ। ਅੰਤਰੀਵ ਭਾਵਾਂ ਦੇ ਅਣਜਾਣ ਹੋਣ ਉਤੇ ਵੀ ਫੁੱਲ ਵਿਚੋਂ ਰੁਦਨ ਅਤੇ ਪੰਛੀਆਂ ਵਿਚੋਂ ਕਰਾਹ ਸੁਣਾਈ ਦਿੰਦੀ ਹੈ। ਮਨੁੱਖ ਪ੍ਰਕਿਰਤੀ ਵਿਚੋਂ ਕਦੇ ਸ਼ਾਂਤੀ ਦਾ ਅਨੁਭਵ ਕਰਦਾ ਹੈ ਅਤੇ ਕਦੇ ਭੈ ਨਾਲ ਕੰਬ ਉਠਦਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਪ੍ਰਕਿਰਤੀ ਵਿਚ ਮਨੁੱਖ ਦੇ ਦਿਲ ਵਿਚ ਨਵੇਂ ਭਾਵ-ਉਤਪੰਨ ਕਰਨ ਦੀ ਸ਼ਕਤੀ ਹੈ। ਹਾਂ, ਮਨੁੱਖ ਨਾਲੋਂ ਉਸ ਵਿਚ ਪ੍ਰਤੀਕਿਰਿਆ ਘੱਟ ਹੈ। ਕਿਸੇ ਨੂੰ ਕਸ਼ਟ ਵਿਚ ਵੇਖਕੇ ਭਾਵੇਂ ਮਨੁੱਖ ਦੇ ਨੇਤਰ ਸੱਜਲ ਹੋ ਜਾਂਦੇ ਹਨ ਪਰ ਪ੍ਰਕਿਰਤੀ ਵਿਚ ਇਸ ਪ੍ਰਕਾਰ ਦੀ ਸੰਵੇਦਨਸ਼ੀਲਤਾ ਦੀ ਅਣਹੋਂਦ ਹੈ। ਉਹ ਕਿਸੇ ਮਨੁੱਖ ਨੂੰ ਵੇਖ ਕੇ ਦੁਖੀ ਨਹੀਂ ਹੁੰਦੀ। ਪ੍ਰਕਿਰਤੀ ਨੂੰ ਸਰਵ-ਸ਼ਕਤੀਸ਼ਾਲੀ ਦਾ ਰੂਪਾਂਤਰ ਮੰਨ ਲੈਣ ਉਤੇ, ਇਸ ਵਿਚ ਚੇਤਨਾ ਦਾ ਆਭਾਸ ਪ੍ਰਤੀਤ ਹੋਣ ਲਗ ਪੈਂਦਾ ਹੈ। ਇਸੇ ਚੇਤਨਾ ਦੇ ਸਿੱਟੇ ਵਜੋਂ ਬਾਲਮੀਕਿ ਨੂੰ

ਸੀਤਾ ਵਿਯੋਗ ਵਿਚ ਪਰਬਤਾਂ ਦੀਆਂ ਚੋਟੀਆਂ ਅਥਰੂ ਵਹਾਉਂਦੀਆਂ ਪ੍ਰਤੀਤ ਹੋਈਆਂ ਸਨ। ਇਸੇ ਚੇਤਨਾ ਦੇ ਅਨੁਭਵ ਕਾਰਨ ਵਰਡਜ਼-ਵਰਥ ਨੂੰ ਮਨੁੱਖ ਨਾਲੋਂ ਪ੍ਰਕਿਰਤੀ ਵਿਚ ਵਧੇਰੇ ਸੰਵੇਦਨਸ਼ੀਲਤਾ ਪ੍ਰਤੀਤ ਹੋਈ ਸੀ। ਪ੍ਰਭੂ ਦੇ ਘੱਟ ਘੱਟ ਵਿਚ ਰਮੇ ਹੋਣ ਦੇ ਸਿਧਾਂਤ ਨੂੰ ਮੰਨਣ ਵਾਲਿਆਂ ਲਈ ਪ੍ਰਕਿਰਤੀ ਵਿਚ ਚੇਤਨਤਾ ਮੰਨ ਲੈਣ ਵਿਚ ਕੋਈ ਉਜਰ-ਇਤਰਾਜ਼ ਨਹੀਂ ਹੋ ਸਕਦਾ।

ਪ੍ਰਕਿਰਤੀ ਲਗਾਤਾਰ ਆਪਣੇ ਨਿਯਮ-ਅਧੀਨ ਕੰਮ ਕਰਦੀ ਤੁਰੀ ਜਾਂਦੀ ਹੈ। ਇਹ ਸਾਧਾਰਨ ਮਨੁੱਖ ਲਈ ਜੜ੍ਹ ਤੇ ਭਾਵੁਕ ਕਵੀ ਲਈ ਚੇਤੰਨ ਹੈ। ਕਵੀ ਦੀ ਮਨੋਦਸ਼ਾ ਅਨੁਸਾਰ, ਇਹ ਉਸ ਦੇ ਭਾਵਾਂ ਵਿਚ ਪ੍ਰਵਿਰਤ ਕਰਦੀ ਹੈ। ਇਕ ਦ੍ਰਿਸ਼, ਜਿਹੜਾ ਅਨੰਦ ਤੇ ਸੁੱਖ ਦਾ ਕਾਰਨ ਬਣਦਾ ਹੈ, ਉਹੀ ਉਲਟ ਮਾਨਸਿਕ ਅਵਸਥਾ ਹੋਣ ਉਤੇ ਕਸ਼ਟਦਾਇਕ ਅਤੇ ਵਿਸ਼ਾਦ-ਪੂਰਨ ਪ੍ਰਤੀਤ ਹੋਣ ਲਗਦਾ ਹੈ। ਇਸ ਸਾਰੇ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਪ੍ਰਕਿਰਤੀ ਪ੍ਰੇਮੀ, ਸੁਹਿਰਦ ਕਵੀ ਨੂੰ ਪ੍ਰਕਿਰਤੀ ਵਿਚੋਂ ਪ੍ਰੇਰਨਾਵਾਂ ਤੇ ਚੇਤੰਨ ਸਨੇਹ ਪ੍ਰਾਪਤ ਹੁੰਦਾ ਹੈ, ਇਸ ਲਈ ਉਹ ਕਾਵਿ ਵਿਚ ਪ੍ਰਕਿਰਤੀ-ਚਿਤ੍ਰਣ ਕਰਦਾ ਹੈ।

<u>ਪ੍ਰਕਿਰਤੀ ਪ੍ਰੇਮ</u>

ਸਿਧਾਂਤਕ ਪੱਖ ਤੋਂ ਪ੍ਰਕਿਰਤੀ-ਪ੍ਰੇਮ ਦਾ ਸਰੂਪ ਵੇਖਣਾ ਬਣਦਾ ਹੈ। ਮੁੱਢ ਤੋਂ ਹੀ ਮਨੁੱਖ ਵਿਚ ਚਿਰ-ਸਹਿਚਾਰਨ ਭਾਵਨਾ ਅਤੇ ਸੰਸਕਾਰ ਰੂਪ ਵਿਚ ਪ੍ਰਕਿਰਤੀ ਪ੍ਰਤਿ ਖਿੱਚ ਦੀ ਭਾਵਨਾ ਮੌਜੂਦ ਹੈ। ਸ਼ਹਿਰਾਂ ਦੇ ਨਕਲੀ ਵਾਤਾਵਰਣ ਵਿਚ ਰਹਿਣ ਵਾਲੇ ਗਮਲਿਆਂ ਅਤੇ ਕਿਆਰੀਆਂ ਵਿਚ ਪੌਦੇ ਲਗਾਉਂਦੇ ਹਨ। ਪੰਛੀਆਂ ਨੂੰ ਪਿੰਜਰਿਆਂ ਵਿਚ ਰੱਖਕੇ ਪਾਲਦੇ ਹਨ ਅਤੇ ਦਿਲ-ਪਰਚਾਵੇ ਦੀ ਖ਼ਾਤਰ ਕਿਸੇ ਨਦੀ ਜਾਂ ਝਰਨੇ ਦੇ ਕਿਨਾਰੇ, ਜੰਗਲ ਵਿਚ ਕੁਝ ਦੇਰ ਵਸਣ ਲਈ ਜਾਂਦੇ ਹਨ, ਇਨ੍ਹਾਂ ਸਭ ਵਿਚ ਪ੍ਰਕਿਰਤੀ ਪ੍ਰਤਿ ਪ੍ਰੇਮ-ਭਾਵਨਾ ਛੁਪੀ ਹੁੰਦੀ ਹੈ। ਇਨ੍ਹਾਂ ਸੰਸਕਾਰਾਂ ਨਾਲ ਹੀ ਪ੍ਰੇਰਿਤ ਹੋਇਆ ਮਨੁੱਖ ਕੋਇਲ ਦੀ ਕੂ ਕੂ, ਸਵੇਰ ਦੀ ਲਾਲੀ ਅਤੇ ਪੁੰਨਿਆਂ ਦੀ ਛਬ ਵੇਖ ਕੇ ਮੁਗਧ ਹੁੰਦਾ ਹੈ। ਰੰਗਿਆਲੇ ਗੁਲਾਬ ਵੱਲ ਉਸ ਦੇ ਹੱਥ ਵਧ ਜਾਂਦੇ ਹਨ। ਹਰਿਆਵਲ ਉਸ ਦੇ ਨੇਤਰਾਂ ਨੂੰ ਠੰਡਿਆਂ ਕਰਦੀ ਹੈ ਅਤੇ ਨਦੀ ਦਾ ਕਲ-ਕਲਾਂਦਾ ਪਾਣੀ, ਉਸ ਨੂੰ ਉਨਮਤ (ਮਸਤ) ਕਰ ਦਿੰਦਾ ਹੈ। ਪਰ ਜਿਹੜੇ ਪ੍ਰਕਿਰਤੀ ਦੇ ਕੇਵਲ ਸੁੰਦਰ ਰੂਪ ਨੂੰ ਹੀ ਵੇਖਦੇ ਹਨ, ਉਹ ਪ੍ਰਕਿਰਤੀ ਦੇ ਸੱਚੇ ਪ੍ਰੇਮੀ ਨਹੀਂ ਅਖਵਾ ਸਕਦੇ। ਜਿਨ੍ਹਾਂ ਦਾ ਅੰਤਹਿ-ਕਰਣ ਪੈਰਾਂ ਵਿਚ ਰੁਲਦੇ ਫੁੱਲਾਂ ਨੂੰ ਵੇਖਕੇ ਦ੍ਰਵਤ ਨਹੀਂ ਹੁੰਦਾ, ਬੱਦਲਾਂ ਦੀ ਭਿਆਨਕ ਗਰਜ ਅਤੇ ਬਿਜਲੀ ਦੀ ਚਮਕ, ਜੰਗਲੀ ਜਾਨਵਰਾਂ ਦਾ ਭਿਆਨਕ ਚੀਕ ਚਿਹਾੜਾ, ਜਿਨ੍ਹਾਂ ਨੂੰ ਪ੍ਰਭਾਵਤ ਨਹੀਂ ਕਰਦਾ, ਝੜੇ ਪੱਤਿਆਂ ਵਾਲੇ ਬ੍ਰਿਛ, ਬਿਖੜੇ ਰਸਤੇ, ਕੰਵਲ-ਫੁੱਲਾਂ ਨਾਲ ਭਰਪੂਰ ਸਰੋਵਰ ਅਤੇ ਤੱਤੀ ਰੇਤ ਦੇ ਮਾਰੂਥਲਾਂ ਵਲ, ਜਿਸਦੀ ਦ੍ਰਿਸ਼ਟੀ ਨਹੀਂ

ਜਾਂਦੀ, ਉਹ ਪ੍ਰਕਿਰਤੀ ਦਾ ਉਪਾਸ਼ਕ ਨਹੀਂ ਹੋ ਸਕਦਾ, ਕੇਵਲ ਇਕ ਦਰਸ਼ਕ ਹੀ ਹੈ। ਜਿਹੜਾ ਮਨੁੱਖ ਕੇਵਲ ਸੁਹਾਵਣੇ ਰੂਪ ਹੀ ਵੇਖਦਾ ਹੈ, ਜਿਹੜਾ ਅਦਭੁਤ ਖੇਲ ਅਤੇ ਹੈਰਾਨੀ-ਜਨਕ ਦ੍ਰਿਸ਼ਾਂ ਉਤੇ ਹੀ ਮੁਗਧ ਹੋ ਜਾਂਦਾ ਹੈ, ਉਸ ਦਾ ਦਿਮਾਗ ਮੁਕੰਮਲ ਤੌਰ ਤੇ ਵਿਕਸਿਤ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਉਹ ਸੱਚਾ ਸੁਹਿਰਦ ਹੋ ਸਕਦਾ ਹੈ।

ਪ੍ਰਾਚੀਨ ਸੰਸਕ੍ਰਿਤ ਕਾਵਿ ਵਿਚ ਪ੍ਰਕਿਰਤੀ ਦੇ ਸੁੰਦਰ, ਵਿਰਾਟ, ਭਿਅੰਕਰ ਸਾਰੇ ਰੂਪਾਂ ਦਾ ਲੇਖਾ ਵਰਨਣ ਮਿਲਦਾ ਹੈ।[10] ਉਦਾਹਰਣ ਵਜੋਂ ਰਿਸ਼ੀ ਬਾਲਮੀਕ ਨੇ ਪ੍ਰਕਿਰਤੀ ਵਿਚ ਇਕਮਿਕ ਹੋਕੇ ਵਿਚਰਦਿਆਂ, ਉਸ ਦੇ ਹਰੇਕ ਅੰਗ ਦਾ ਸੂਖਮ ਨਿਰੀਖਣ ਕੀਤਾ ਸੀ। ਹੋਰਨਾਂ ਰਿਸ਼ੀਆਂ ਵਾਂਗ ਉਨ੍ਹਾਂ ਦਾ ਖੇਤਰ ਪ੍ਰਕਿਰਤੀ ਦੇ ਸੰਦਰਭ ਵਿਚ ਵਿਸ਼ਾਲ ਅਤੇ ਪ੍ਰਤੱਖ ਨਿਰੀਖਣੀਜ ਅਨੁਭਵ ਦੇ ਅਧਾਰਿਤ ਸੀ। ਮਹਾਂਰਿਸ਼ੀ ਪ੍ਰਕਿਰਤੀ ਦੇ ਕੇਵਲ ਰਮਣੀਕ ਦ੍ਰਿਸ਼ਾਂ ਉਤੇ ਹੀ ਮੁਗਧ ਨਹੀਂ ਹੋਏ ਸਗੋਂ ਕਰੂਪ ਬ੍ਰਿਛਾਂ, ਝਾੜੀਆਂ ਅਤੇ ਬੰਜਰ ਭੂਮੀ ਦਾ ਵੀ ਸੂਖਮ ਦ੍ਰਿਸ਼ਟੀ ਨਾਲ ਵਰਨਣ ਕੀਤਾ ਹੈ। ਹਾਥੀ ਤੋਂ ਲੈ ਕੇ ਪੰਛੂ ਤੱਕ ਦਾ ਖ਼ਿਆਲ ਬਾਲਮੀਕੀ ਰਮਾਇਣ ਵਿਚ ਅਨੇਕਾਂ ਥਾਵਾਂ ਉਪਲਬਧ ਹੈ। ਜਿਵੇਂ ਆਦਿ ਕਵੀ ਨੇ ਹਿਮਤ ਰੁੱਤ ਬਾਰੇ ਲਿਖਿਆ ਹੈ, ਤਰੇਲ ਦੇ ਤੁਪਕਿਆਂ ਨਾਲ ਭਿੱਜੀ ਹਰੀ ਘਾਹ ਵਾਲੀ ਵਣ-ਭੂਮੀ ਸਵੇਰੇ ਦੇ ਸੂਰਜ ਦੀਆਂ ਕਿਰਨਾਂ ਪੈਣ ਨਾਲ ਜਗਮਗਾ ਉਠਦੀ ਹੈ। ਬੇਹੱਦ ਤ੍ਰਿਹਾਇਆ ਜੰਗਲੀ ਹਾਥੀ ਠੰਡੇ ਪਾਣੀ ਦੀ ਛੁਹ ਨਾਲ ਹੀ ਆਪਣੀ ਸੁੰਡ ਸਮੇਟ ਲੈਂਦਾ ਹੈ। ਫੁੱਲਾਂ ਤੋਂ ਸੱਖਣੀ ਬਨਸਪਤੀ ਧੁੰਦ ਦੇ ਅੰਧਕਾਰ ਵਿਚ ਢਕੇ ਜਾਣ ਨਾਲ ਇਉਂ ਪ੍ਰਤੀਤ ਹੁੰਦੀ ਹੈ, ਜਿਵੇਂ ਸੌਂ ਰਹੀ ਹੋਵੇ। ਇਸ ਵੇਲੇ ਨਦੀਆਂ ਕੋਰੇ ਨਾਲ ਢਕੀਆਂ ਹੋਈਆਂ ਹਨ ਅਤੇ ਉਨ੍ਹਾਂ ਦੀ ਬਰੇਤੀ ਕੋਰੇ ਨਾਲ ਤਰ ਹੈ। ਬਗਲੇ ਵੀ ਇਸ ਵੇਲੇ ਕੋਹਰੇ( ਧੁੰਦ) ਕਾਰਨ ਦਿਸਦੇ ਨਹੀਂ, ਕੇਵਲ ਆਪਣੀ ਬੋਲੀ ਤੋਂ ਹੀ ਪਹਿਚਾਣੇ ਜਾਂਦੇ ਹਨ।

ਆਦਿ ਕਵੀ ਤੋਂ ਇਲਾਵਾ ਸੰਸਕ੍ਰਿਤ ਦੇ ਪਿਛਲੇਰੇ ਮਹਾਨ ਕਵੀਆਂ ਦੇ ਕਾਵਿ ਵਿਚ ਪ੍ਰਕਿਰਤੀ-ਚਿਤ੍ਰਣ ਹੋਇਆ ਵੀ ਉਪਲਬਧ ਹੈ। ਜਿਵੇਂ ਆਦਿ ਕਵੀ ਬਾਲਮੀਕ ਨੇ [illegible] ਪਹਾੜੀ ਖੇਤਰਾਂ ਦਾ ਵਰਨਣ, ਕਾਲੀਦਾਸ ਦਾ ਕੁਮਾਰ-ਸੰਭਵ ਵਿਚ ਹਿਮਾਲਾ ਦਾ ਵਰਨਣ ਅਤੇ ਭਵ-ਭੂਤੀ ਦਾ ਖੁੱਲ੍ਹਾ ਵਣ-ਵਰਣਨ ਪ੍ਰਕਿਰਤੀ ਚਿਤ੍ਰਣ ਦੇ ਪ੍ਰਤੱਖ ਸਬੂਤ ਹਨ। ਇਨ੍ਹਾਂ ਮਹਾਨ ਕਵੀਆਂ ਨੇ ਆਪਣੀ ਅੰਤਰ-ਦ੍ਰਿਸ਼ਟੀ ਨਾਲ ਪ੍ਰਕਿਰਤੀ ਦੇ ਅਨੇਕ ਪੱਖਾਂ ਦਾ ਸੂਖਮ ਨਿਰੀਖਣ ਕੀਤਾ ਅਤੇ ਇਨ੍ਹਾਂ ਕਵੀਆਂ ਨੇ ਪ੍ਰਕਿਰਤੀ ਵੱਲ ਸੁਤੰਤਰ ਮੋਹ-ਵੈਰਾਗ ਦਾ ਪ੍ਰਗਟਾਵਾ ਕੀਤਾ ਹੈ। ਇਨ੍ਹਾਂ ਦੇ ਵਰਨਣ ਵਿਚ ਪ੍ਰਕਿਰਤੀ ਮਨੁੱਖੀ ਜੀਵਨ ਦੀ ਜੜ੍ਹ, ਪਿੱਠ-ਭੂਮੀ ਨਹੀਂ ਸਗੋਂ ਉਸ ਦੀ ਸੁਤੰਤਰ ਸ਼ਕਤੀ ਦਾ ਆਭਾਸ ਹੁੰਦਾ ਹੈ।

## ਪ੍ਰਕਿਰਤੀ ਅਤੇ ਰਸ

ਪ੍ਰਾਕਿਰਤਕ ਚਿਤ੍ਰਾਂ ਨੂੰ ਪ੍ਰਵਾਹਿਤ ਰਸਾਂ ਦੇ ਪ੍ਰਸੰਗ ਵਿਚ ਨਿਰਖਿਆ ਪਰਖਿਆ ਜਾਂਦਾ ਹੈ। ਅਸੀਂ ਆਮ ਤੌਰ ਤੇ ਵੇਖਦੇ ਹਾਂ ਕਿ ਮੁੱਖ ਰੂਪ ਵਿਚ ਅਦਭੁਤ, ਰੌਦਰ, ਭਿਆਨਕ, ਸ਼ਾਂਤ, ਵਿਰਾਗ ਅਤੇ ਮਧੁਰ ਪ੍ਰਾਕਿਰਤਕ ਚਿਤ੍ਰ ਸਾਡੇ ਦ੍ਰਿਸ਼ਟੀਗੋਚਰ ਹੁੰਦੇ ਹਨ। ਅਦਭੁਤ, ਰੌਦਰ, ਅਤੇ ਸ਼ਾਂਤ ਰਸਾਂ ਦੇ ਆਲੰਬਨ ਦੀ ਪ੍ਰਧਾਨਤਾ ਰਹੀ ਹੈ। ਪ੍ਰਕਿਰਤੀ ਵਿਚਲੀ ਨਿਰੰਤਰ ਤਬਦੀਲੀ ਉਸ ਦੇ ਉਦੀਪਨ ਦਾ ਕਾਰਜ ਕਰਦੀ ਹੈ। ਪ੍ਰਕਿਰਤੀ ਨੂੰ ਆਲੰਬਨ ਮੰਨ ਲੈਣ ਨਾਲ ਉਪਰੋਕਤ ਰਸਾਂ ਦੀ ਪ੍ਰਾਪਤੀ ਲਈ ਆਲੰਬਨ ਦੇ ਆਕਰਸ਼ਕ ਤੱਤ ਸਾਨੂੰ ਪ੍ਰਕਿਰਤੀ ਵਿਚੋਂ ਮਿਲ ਜਾਂਦੇ ਹਨ। ਕਵੀ ਪ੍ਰਕਿਰਤੀ ਦੇ ਵਿਭਿੰਨ ਰੂਪਾਂ ਤੋਂ ਪ੍ਰਭਾਵਿਤ ਹੋਕੇ ਕਾਵਿ-ਸਿਰਜਣਾ ਕਰਦਾ ਹੈ। ਉਪਰੋਕਤ ਰਸਾਂ ਦਾ ਸਹਿਜ ਅਨੁਭਵ ਤਾਂ ਅਸੰਭਵ ਹੈ ਪਰ ਵਿਰਾਟ ਰੂਪ ਕਿਸੇ ਵੀ ਰਸ ਦਾ ਪ੍ਰਾਪਤ ਨਹੀਂ ਹੁੰਦਾ। ਜੇਕਰ ਇਸ਼ਟ-ਆਰਾਧਨਾ ਅਥਵਾ ਭਗਤੀ ਨੂੰ ਸੁਤੰਤਰ ਰਸ ਮੰਨ ਲਿਆ ਜਾਵੇ ਤਾਂ ਪ੍ਰਕਿਰਤੀ ਪ੍ਰੇਮ-ਭਗਤੀ ਭਾਵਨਾ ਦੇ ਬਹੁਤ ਨੇੜੇ ਪੁੱਜ ਜਾਂਦੀ ਹੈ। ਹੁਣ ਪ੍ਰਕਿਰਤੀ ਦੇ ਮਧੁਰ ਰੂਪ ਬਾਰੇ ਵੀਚਾਰ ਕਰਦੇ ਹਾਂ।

ਆਮ ਤੌਰ ਤੇ ਪ੍ਰਕਿਰਤੀ ਸੁਹਾਵਣੇ, ਮਨ-ਮੋਹਕ ਚਿਤ੍ਰ ਸ਼ਿੰਗਾਰ ਰਸ ਦੇ ਅੰਤਰਗਤ ਆਉਂਦੇ ਹਨ। ਸ਼ਿੰਗਾਰ ਰਸ ਵਿਚ ਆਮ ਤੌਰ ਤੇ ਆਲੰਬਨ-ਚੇਤਨਾ ਦੀ ਲੋੜ ਰਹਿੰਦੀ ਹੈ। ਜਿਨ੍ਹਾਂ ਕਵੀਆਂ ਨੇ ਪ੍ਰਕਿਰਤੀ ਨੂੰ ਜੜ੍ਹ-ਰੂਪ ਹੀ ਮੰਨਿਆ ਹੈ, ਉਨ੍ਹਾਂ ਦਾ ਪ੍ਰਕਿਰਤੀ ਪ੍ਰੇਮ ਇਕ ਭਾਵ ਬਣਕੇ ਹੀ ਰਹਿ ਜਾਂਦਾ ਹੈ, ਪਰ ਜਿਨ੍ਹਾਂ ਕਵੀਆਂ ਲਈ ਪ੍ਰਕਿਰਤੀ ਇਕ ਨਿਰਜਿੰਦ ਜੜ ਪਦਾਰਥ ਨਹੀਂ, ਉਨ੍ਹਾਂ ਲਈ ਪ੍ਰਕਿਰਤੀ ਅਨੇਕ ਭਾਵਾਂ ਨਾਲ ਭਰਪੂਰ, ਹਰਮ, ਖੁਸ਼ੀ ਪ੍ਰਸੰਨਤਾ, ਦੁੱਖ ਦਰਦ ਅਤੇ ਵਿਸ਼ਾਦ ਦੀ ਸਹਿਯੋਗਣੀ ਬਣਦੀ ਹੈ। ਜਿਨ੍ਹਾਂ ਨੇ ਪ੍ਰਕਿਰਤੀ ਨਾਲ ਇਕਮਿਕਤਾ ਸਥਾਪਿਤ ਕੀਤੀ ਹੈ ਅਤੇ ਪ੍ਰਕਿਰਤੀ ਵਿਚ ਚੇਤਨਤਾ ਮੰਨੀ ਹੈ, ਉਨ੍ਹਾਂ ਦੇ ਪ੍ਰਕਿਰਤੀ ਚਿਤ੍ਰਾਂ ਵਿਚ ਰਸ ਦੀ ਹੋਂਦ ਨਾ ਮੰਨਣੀ, ਉਨ੍ਹਾਂ ਨਾਲ ਅਨਿਆਂ ਹੋਵੇਗਾ। ਅੰਗਰੇਜ਼ੀ ਕਵੀ ਵਰਡਜ਼ ਵਰਥ ਦੀ ਕਵਿਤਾ ਵਿਚ ਪ੍ਰਕਿਰਤੀ ਦੇ ਅਜਿਹੇ ਸਨੇਹ-ਮਈ ਪੱਖ ਨੂੰ ਉਜਾਗਰ ਕੀਤਾ ਗਿਆ ਹੈ। ਉਸ ਨੇ ਪ੍ਰਕਿਰਤੀ ਵਿਚ ਮਾਨਵ-ਚੇਤਨਾ ਨੂੰ ਪ੍ਰਤੱਖ ਵੇਖਿਆ ਹੈ ਅਤੇ ਪ੍ਰਕਿਰਤੀ ਵੱਲੋਂ ਮਨੁੱਖ ਨੂੰ ਮਿਲਣ ਵਾਲੀ ਵਫ਼ਾ ਉਤੇ ਨਿਸ਼ਚਾ ਪ੍ਰਗਟ ਕੀਤਾ ਹੈ।[11]

ਪ੍ਰਕਿਰਤੀ ਆਪਣੇ ਅਸਲ ਨਾਲ ਕਦੀ ਧੋਖਾ ਨਹੀਂ ਕਰਦੀ। ਡਾ: ਕਿਰਣ ਕੁਮਾਰੀ ਦਾ ਮੱਤ ਹੈ ਕਿ ਹਿੰਦੀ ਕਵੀਆਂ ਨੇ ਪ੍ਰਕਿਰਤੀ ਦੇ ਕੇਵਲ ਸਥੂਲ ਰੂਪ ਨੂੰ ਹੀ ਵੇਖਿਆ ਹੈ, ਉਹ ਪ੍ਰਕਿਰਤੀ ਦੇ ਬਾਹਰੀ ਦ੍ਰਿਸ਼ਟਮਾਨ ਰੂਪ ਉਤੇ ਹੀ ਮੋਹਿਤ ਹੋਏ ਹਨ ਅਤੇ ਉਨ੍ਹਾਂ ਨੇ ਪ੍ਰਕਿਰਤੀ ਵਿਚ ਮਾਨਵ-ਅਨੁਭੂਤੀਆਂ ਨੂੰ ਮਹਿਸੂਸ ਨਹੀਂ ਕੀਤਾ। ਹਿੰਦੀ ਕਵੀਆਂ ਲਈ ਪ੍ਰਕਿਰਤੀ ਇਕ ਬਹਿੰਰੂ, ਲੋਕਮਈ ਅਤੇ ਬਾਹਰੀ ਦ੍ਰਿਸ਼ਟਮਾਨ ਸੁੰਦਰਤਾ ਦੀ ਹੀ ਵਸਤੂ ਰਹੀ ਹੈ।[12]

ਭਗਤੀ ਕਾਲ ਦੇ ਸੂਰਦਾਸ ਆਪਣੇ ਉਪਾਸ਼ਨਾਂ ਇਸ਼ਟ ਦੇ ਅਨੇਕ ਪੱਖਾਂ ਲਈ ਉਪਮਾਵਾਂ ਭਾਲਦੇ ਰਹੇ। ਹਿੰਦੂ ਸਮਾਜ ਲਈ ਇਕ ਸਮਾਜਿਕ ਆਦਰਸ਼ ਦੇ ਨਿਰਮਾਣ ਹਿੱਤ ਤੁਲਸੀ ਦਾਸ ਪ੍ਰਕਿਰਤੀ ਨੂੰ ਇਕ ਬਲਵਾਨ ਉਪਦੇਸ਼ਕਾ ਮੰਨ ਬੈਠੇ। ਜੇਕਰ ਪ੍ਰਕਿਰਤੀ ਚਿਤ੍ਰਣ ਕੀਤਾ ਵੀ, ਉਹ ਵੀ ਰਾਮ ਸਬੰਧੀ ਹੀ ਕੀਤਾ ਹੈ। ਸੂਫ਼ੀ ਸੰਤ ਜਾਇਸੀ ਨੂੰ ਨਾਗਮਤੀ ਦੇ ਬ੍ਰਿਹਾ ਕਸ਼ਟ ਨੂੰ ਤਿੱਖੇਰੇ ਰੂਪ ਵਿਚ ਦ੍ਰਿਸ਼ਾਉਣ ਲਈ ਬਾਰਾਂਮਾਹ ਰਚਨਾ ਪਿਆ। ਰੀਤੀ-ਕਾਲੀਨ ਕਵੀਆਂ ਨੇ ਪ੍ਰਕਿਰਤੀ ਦਾ ਵਰਨਣ ਰੁੱਤਾਂ ਦੇ ਅਨੁਸਾਰੀ ਹੋਕੇ ਕੇਵਲ ਨਾਇਕ ਨਾਇਕਾਵਾਂ ਦੇ ਭਾਵਾਂ ਨੂੰ ਉਦੀਪਤ ਕਰਨ ਲਈ ਹੀ ਕੀਤਾ ਹੈ ਅਤੇ ਕਈ ਕਵੀ ਤਾਂ ਆਪਣੇ ਰੋਜ਼ੀ-ਦਾਤਿਆਂ ਦੀ ਝੂਠੀ ਪ੍ਰਸੰਸਾ (ਖੁਸ਼ਾਮਦ) ਤੱਕ ਹੀ ਸੀਮਿਤ ਰਹੇ। ਅਜਿਹੇ ਕਵੀਆਂ ਦਾ ਵਰਨਣ ਸੰਪੂਰਨ-ਰਸ ਉਚਾਰਨ ਦੀ ਅਵਸਥਾ ਤੱਕ ਨਹੀਂ ਪੁੱਜ ਸਕਿਆ, ਕੇਵਲ ਉਤਲੀ ਪੱਧਰ ਦੇ ਭਾਵਾਂ ਨੂੰ ਹੀ ਦਰਸਾ ਸਕਿਆ ਹੈ। ਡਾ: ਕਿਰਣ ਕੁਮਾਰੀ ਬੇਦੀ ਦਾ ਮੱਤ ਹੈ ਕਿ ਪ੍ਰਕਿਰਤੀ ਨੂੰ ਨਿਰਜੀਵ ਤੇ ਜੜ੍ਹ ਮੰਨਣ ਵਾਲੇ ਇਨ੍ਹਾਂ ਕਵੀਆਂ ਵਿਚ ਕਿਸੇ ਵੀ ਇਹ ਭਾਵੁਕ-ਪੂਰਨ ਰਸ ਦੇ ਸਿਖਰ ਨੂੰ ਪ੍ਰਾਪਤ ਨਹੀਂ ਕਰ ਸਕੇ। ਵਸ਼ਿਸ਼ਟ ਭਾਰਤੀ ਕਾਵਿ-ਪਰੰਪਰਾ ਅਤੇ ਅੰਗਰੇਜ਼ੀ ਕਵੀ ਵਰਡਜ਼ਵਰਥ ਦੇ ਸੰਕੇਤਕ ਵਿਸ਼ਲੇਸ਼ਣ ਦਾ ਸਾਰ-ਤੱਤ ਇਹ ਹੈ ਕਿ ਭਾਵੇਂ ਪ੍ਰਕਿਰਤੀ ਨਾਲ ਇਕਮਿਕਤਾ ਸਥਾਪਿਤ ਕਰਕੇ ਮਾਨਵ-ਚੇਤਨਾ ਦੇ ਇਨ੍ਹਾਂ ਕਵੀਆਂ ਨੇ ਦਰਸ਼ਨ ਕੀਤੇ ਹਨ। ਫਿਰ ਵੀ ਸਾਧਾਰਣ ਦ੍ਰਿਸ਼ਟੀ ਤੋਂ ਵਧੇਰੇ ਕਰਕੇ ਪ੍ਰਕਿਰਤੀ ਪ੍ਰੇਮ ਦੇ ਭਾਵ ਦਾ ਨਾਂ ਦੇਣਾ ਜਾਂ ਭਾਵ-ਤਸਵਿਤਾ ਦਰਸਾਉਣਾ ਵਧੇਰੇ ਉਚਿਤ ਪ੍ਰਤੀਤ ਹੁੰਦਾ ਹੈ। ਪ੍ਰਕਿਰਤੀ ਦਾ ਭਾਵ, ਰਸ ਦੇ ਬਹੁਤ ਨੇੜੇ ਆ ਜਾਂਦਾ ਹੈ। ਖ਼ਾਸ ਤੌਰ ਤੇ ਉਪਰੋਕਤ ਕਵੀਆਂ ਅਤੇ ਆਧੁਨਿਕ ਹਿੰਦੀ/ਪੰਜਾਬੀ ਕਵੀਆਂ ਨੇ ਪ੍ਰਕਿਰਤੀ ਦਾ ਪੂਰਨ ਰੂਪ ਵਿਚ ਅਨੁਭਵ ਕੀਤਾ ਹੈ।

ਅਸਲ ਵਿਚ ਪ੍ਰਕਿਰਤੀ ਅਤੇ ਕਵਿਤਾ ਦਾ ਸੁਭਾਵਿਕ ਸੰਬੰਧ ਹੈ। ਪ੍ਰਕਿਰਤੀ ਦੇ ਵਿਸ਼ਾਲ ਵੇਹੜੇ ਵਿਚ ਵਿਚਰਨ ਵਾਲੇ ਕਵੀ ਹੀ ਅਮਰ-ਕਾਵਿ ਦੀ ਰਚਨਾ ਕਰ ਸਕੇ ਹਨ। ਕਾਵਿ ਦਾ ਮੂਲ ਉਦੇਸ਼ ਬਾਹਰੀ ਦੀ ਸ੍ਰਿਸ਼ਟੀ ਨਾਲ ਮਨੁੱਖੀ ਮਨ ਦਾ ਗਹਿਰਾ ਸੰਬੰਧ ਸਥਾਪਿਤ ਕਰਨਾ ਹੈ। ਸ੍ਰਿਸ਼ਟੀ ਵਿਚ ਮਨੁੱਖੀ ਸੰਸਾਰ ਹੀ ਮਹੱਤਵ-ਪੂਰਨ ਹੈ। ਮਨੁੱਖ ਤੋਂ ਬਾਹਰੀ ਅਤੇ ਬਨਸਪਤੀ ਜਗਤ ਵੀ ਪ੍ਰਕਿਰਤੀ ਦਾ ਬਹੁਤ ਹੀ ਮਹੱਤਵਪੂਰਨ ਅੰਗ ਹੈ। ਜਿਸ ਦੇ ਅੰਤਰਗਤ ਪਸ਼ੂ-ਪੰਛੀ, ਨਦੀ ਨਾਲੇ,

ਬਨ, ਪਹਾੜ, ਫੁੱਲ ਫਲ, ਵੇਲ, ਬੂਟੇ ਸਭ ਕੁਝ ਆ ਜਾਂਦਾ ਹੈ। ਮਨੁੱਖ ਆਦਿ ਕਾਲ ਤੋਂ ਇਨ੍ਹਾਂ ਵਿਚ ਵਿਚਰਦਿਆਂ, ਇਨ੍ਹਾਂ ਨਾਲ ਆਪਣਾ ਭਿੰਨ ਸੰਬੰਧ ਸਥਾਪਿਤ ਕਰਦਾ ਆਇਆ ਹੈ। ਅਜਿਹਾ ਕਰਨ ਨਾਲ ਮਨੁੱਖੀ ਭਾਵਨਾਵਾਂ ਨੂੰ ਤਸੱਲੀ ਮਿਲਦੀ ਹੈ। ਮਨੁੱਖ ਹਉਮੈ ਦੇ ਸੰਕੁਚਿਤ ਘੇਰੇ ਵਿਚੋਂ ਨਿਕਲਕੇ ਪਰਮੇਸ਼ਰ ਦੀ ਅਵਸਥਾ ਤੀਕ ਅਪੜਦਾ ਹੈ। ਉਹ ਪ੍ਰਕਿਰਤੀ ਦੇ ਪ੍ਰੇਮ ਵਿਚ ਭਿਜਕੇ ਆਤਮ-ਵਿਭੋਰ ਅਥਵਾ ਸ਼ਰਸ਼ਾਰ ਹੋ ਉਠਦਾ ਹੈ। ਮਨੁੱਖੀ ਮਨ ਦੀ ਇਹ ਦਸ਼ਾ ਮੁਗਧ-ਅਵਸਥਾ ਹੋਕੇ ਰਸ-ਦਸ਼ਾ ਬਣ ਜਾਂਦੀ ਹੈ। ਪ੍ਰਾਕਿਰਤਕ ਸੁੰਦਰਤਾ ਦੇ ਦਰਸ਼ਨਾਂ ਵਿਚ ਅਸੀਂ ਉਸੇ ਪਰਮੇਸ਼ਰ ਅਤੇ ਦਿਲ ਦੀ ਮੁਗਧ ਅਵਸਥਾ ਰਾਹੀਂ ਪ੍ਰਾਪਤ ਹੋਏ ਰਸ ਦੀ ਅਵਸਥਾ ਵਿਚ ਅਪੜ ਜਾਂਦੇ ਹਾਂ। ਇਸ ਸਾਂਝੀ ਦ੍ਰਿਸ਼ਟੀ ਨਾਲ ਅਸੀਂ ਵਾਤਸਲ ਪ੍ਰੇਮ ਅਤੇ ਭਗਤੀ ਨੂੰ ਸੁਤੰਤਰ ਰਸ ਮੰਨਦੇ ਹਾਂ, ਉਸੇ ਦ੍ਰਿਸ਼ਟੀ ਨਾਲ ਸਾਡਾ ਪ੍ਰਕਿਰਤੀ ਨਾਲ ਰਸਾਤਮਿਕ ਅਨੁਭਵੀ ਸਬੰਧ ਹੋ ਸਕਦਾ ਹੈ।

## ਪ੍ਰਕਿਰਤੀ-ਕਾਵਿਕ ਤੇ ਵਿਗਿਆਨਕ ਅੰਤਰ

ਵਿਗਿਆਨਕ ਦੀ ਦ੍ਰਿਸ਼ਟੀ ਵਿਚ ਵਿਸ਼ਲੇਸ਼ਣ ਅਤੇ ਚੀਰ-ਫਾੜ ਦੀ ਪ੍ਰਧਾਨਤਾ ਹੁੰਦੀ ਹੈ। ਵਿਗਿਆਨਕ ਦਾ ਪ੍ਰਕਿਰਤੀ ਸੰਬੰਧੀ ਅਧਿਐਨ ਵਸਤੂਗਤ ਹੁੰਦਾ ਹੈ। ਉਹ ਪ੍ਰਕਿਰਤੀ ਨੂੰ ਉਸ ਦੇ ਵਾਸਤਵਿਕ ਰੂਪ ਵਿਚ ਪਛਾਣਦਾ ਹੈ। ਉਹ ਇਕ ਵਸਤੂ ਚੁਣਕੇ ਅਨੇਕ ਵਿਗਿਆਨਕ-ਜੁਗਤਾਂ ਰਾਹੀਂ, ਉਸਦੇ ਅੰਦਰੂਨੀ ਤੱਤਾਂ ਦਾ ਵਿਸ਼ਲੇਸ਼ਣ ਕਰਦਾ ਰਹਿੰਦਾ ਹੈ। ਇਸ ਖੋਜ ਵਿਚ ਉਸ ਨੂੰ ਕਈ ਤੱਤ ਪ੍ਰਾਪਤ ਹੁੰਦੇ ਹਨ ਅਤੇ ਉਹ ਨਵੀਨ ਸਿਧਾਂਤਾਂ ਵਿਚ ਸੋਧ ਅਤੇ ਨਿਰਮਾਣ ਕਰਦਾ ਰਹਿੰਦਾ ਹੈ। ਉਹ ਸਚਾਈ ਅਤੇ ਯਥਾਰਥਕਤਾ ਦਾ ਪੁਜਾਰੀ ਹੁੰਦਾ ਹੈ। ਗਿਆਨ ਦੀ ਪ੍ਰਾਪਤੀ ਹੀ ਉਸ ਦੇ ਜੀਵਨ ਦਾ ਮੁੱਖ-ਉਦੇਸ਼ ਹੁੰਦਾ ਹੈ। ਵਿਗਿਆਨੀ ਦਾ ਸੰਬੰਧ ਬੁੱਧੀ ਅਥਵਾ ਦਿਮਾਗ ਨਾਲ ਹੁੰਦਾ ਹੈ।

ਕਵੀ ਦੀ ਕਵਿਤਾ ਵੀ ਵਸਤੂ ਦੇ ਪ੍ਰਤੱਖ ਦਰਸ਼ਨ ਤੋਂ ਹੀ ਸਫੁੱਟਿਤ ਹੁੰਦੀ ਹੈ। ਉਹ ਜੋ ਕੁਝ ਆਪਣੇ ਸਾਹਮਣੇ ਵੇਖਦਾ ਹੈ, ਉਸ ਦੀ ਬਚਿੱਤ੍ਰਤਾ ਤੋਂ ਪ੍ਰਭਾਵਿਤ ਹੋਕੇ, ਜੋ ਕੁਝ ਉਸ ਨੂੰ ਆਪਣੀ ਕਲਪਨਾ ਰਾਹੀਂ ਸੁਝਦਾ ਹੈ, ਉਹ ਉਸ ਨੂੰ ਸਾਕਾਰ ਕਰ ਦਿੰਦਾ ਹੈ। ਇਹ ਗੱਲ ਸੰਸਾਰ ਭਰ ਦੀ ਪ੍ਰਾਚੀਨ ਅਤੇ ਨਵੀਨ ਪ੍ਰਕਿਰਿਆ ਉਤੇ ਢੁਕਦੀ ਹੈ। ਕਵੀ ਦੇ ਅੰਤਹ-ਕਰਣ ਉਤੇ ਪਏ ਪ੍ਰਭਾਵ ਕਾਵਿ ਦਾ ਰੂਪ ਧਾਰਨ ਕਰਦੇ ਹਨ। ਅਸਲ ਵਿਚ ਕਵੀ ਪ੍ਰਕਿਰਤੀ ਨਾਲ ਆਪਣੀ ਭਾਵੁਕਤਾ ਸਥਾਪਿਤ ਕਰਦਾ ਹੈ। ਉਹ ਇਕ ਵਿਗਿਆਨਕ ਵਾਂਗ ਪ੍ਰਕਿਰਤੀ ਦੇ ਵੱਖ ਵੱਖ ਪੱਖਾਂ ਦਾ ਵਿਸ਼ਲੇਸ਼ਣ ਨਹੀਂ ਕਰਦਾ, ਉਹ ਪ੍ਰਕਿਰਤੀ ਨੂੰ ਨਿਰਜਿੰਦ ਤੇ ਜੜ੍ਹ, ਸਮਾਨ ਨਹੀਂ ਮੰਨਦਾ ਸਗੋਂ

ਆਪਣੀ ਮਾਨਵੀ-ਚੇਤਨਾ ਦਾ ਮਾਨਵੀਕਰਨ ਕਰਕੇ ਉਸ ਨਾਲ ਆਪਣੀਆਂ ਅੰਤਰਿਕ ਭਾਵਨਾਵਾਂ ਦਾ ਸਮਨਵੈ ਕਰਦਾ ਹੈ। ਉਸ ਨੂੰ ਚੰਦਰਮਾ ਦੀਆਂ ਸੀਤਲ ਕਿਰਨਾਂ ਚੋਂ ਅਨੰਦ ਮਿਲਦਾ ਹੈ ਅਤੇ ਉਹ ਅੰਮ੍ਰਿਤ ਵਰਖਾ ਹੁੰਦੀ ਪ੍ਰਤੀਤ ਕਰਦਾ ਹੈ। ਉਹ ਵਿਭਿੰਨ ਸੁੰਦਰ ਪ੍ਰਾਕਿਰਤਕ ਦ੍ਰਿਸ਼ਾਂ ਤੋਂ ਤੀਬਰਤਾ ਨਾਲ ਪ੍ਰਭਾਵਿਤ ਹੁੰਦਾ ਹੈ ਅਤੇ ਸਧਾਰਨ ਮਨੁੱਖ ਨਾਲ ਉਸ ਦਾ ਇਹੋ ਅੰਤਰ ਹੈ ਕਿ ਉਹ ਆਪਣੇ ਇਨ੍ਹਾਂ ਪ੍ਰਤਿ-ਭਾਵਾਂ ਨੂੰ ਕਾਵਿ ਵਿਚ ਬਿਆਨ ਕਰਨ ਦੀ ਸਮਰੱਥਾ ਰੱਖਦਾ ਹੈ।

ਕਵੀ ਕੇਵਲ ਤੱਥਾਂ ਦੀ ਬਜਾਏ ਤੱਥਗਤ ਭਾਵਨਾ ਦੇ ਸਮਿਸ਼ਰਤ ਸੰਬੰਧ ਉਤੇ ਜ਼ੋਰ ਦਿੰਦਾ ਹੈ। ਉਹ ਵਸਤੂ ਦਾ ਯਥਾਰਥਕ, (ਹੂ-ਬ-ਹੂ) ਚਿਤ੍ਰਣ ਨਹੀਂ ਕਰਦਾ ਸਗੋਂ ਕਿਸੇ ਵਸਤੂ-ਵਿਸ਼ੇਸ਼ ਦੇ, ਉਸ ਦੇ ਮਨ ਉਤੇ ਪਏ ਪ੍ਰਭਾਵਾਂ ਦਾ ਹੀ ਵਰਣਨ ਕਰਦਾ ਹੈ। ਕਿਸੇ ਵਸਤੂ ਦੇ ਅਵਲੋਕਨ ਤੋਂ ਪੈਦਾ ਹੋਏ ਭਾਵ ਜਾਂ ਸੰਵੇਦਨਾ ਦਾ ਚਿਤ੍ਰਣ ਕਰਨਾ ਹੀ ਕਵੀ ਦਾ ਉਦੇਸ਼ ਹੁੰਦਾ ਹੈ।

ਕਵੀ ਨਿਰਾ ਯਥਾਰਥਕ ਸੱਚ ਦਾ ਉਪਾਸ਼ਕ ਨਹੀਂ ਹੁੰਦਾ। ਤੱਥਾਂ ਨੂੰ ਉਸ ਦੀ ਭਾਵਨਾ ਤੇ ਕਲਪਨਾ ਦੀ ਪੁੱਠ ਜ਼ਰੂਰ ਚੜ੍ਹ ਜਾਂਦੀ ਹੈ। ਉਸ ਦਾ ਵਸਤੂ-ਵਰਣਨ, ਉਸ ਦੇ ਦਿਲ ਅਤੇ ਦਿਮਾਗ ਦੀ ਪ੍ਰੇਰਨਾ ਦਾ ਸਿੱਟਾ ਹੁੰਦਾ ਹੈ। ਵਿਗਿਆਨਕ ਵਾਂਗ ਕੇਵਲ ਦਿਮਾਗੀ ਚਿੰਤਨ ਦੀ ਮਸ਼ੀਨੀ ਪ੍ਰਕਿਰਿਆ ਨਹੀਂ ਹੁੰਦੀ। ਇਸ ਤੁਲਨਾ ਤੋਂ ਸਾਡਾ ਭਾਵ ਇਹ ਹੈ ਕਿ ਕਵੀ ਦਾ ਪ੍ਰਕਿਰਤੀ ਚਿਤ੍ਰਣ ਅਕਸਰ ਭਾਵ-ਗਤ ਹੁੰਦਾ ਹੈ ਪਰ ਵਿਗਿਆਨਕ ਦਾ ਪ੍ਰਕਿਰਤੀ ਅਧਿਐਨ ਨਿਰੋਲ ਵਸਤੂ-ਗਤ ਅਤੇ ਨਿਰਪੱਖ-ਪ੍ਰਤੱਖ ਹੁੰਦਾ ਹੈ। ਉਂਝ ਇਹ ਗੱਲ ਵੀ ਮੰਨੀ ਜਾਂਦੀ ਹੈ ਕਿ ਕਵੀ ਦਾ ਪ੍ਰਕਿਰਤੀ ਚਿਤ੍ਰਣ ਵੀ ਵਸਤੂ-ਪਰਕ ਹੋ ਸਕਦਾ ਹੈ ਪਰ ਉਸ ਦੀ ਇਹ ਵਸਤੂ-ਪਰਕਤਾ ਸਾਪੇਖਕ ਹੀ ਮੰਨਣੀ ਚਾਹੀਦੀ ਹੈ, ਭਾਵ ਇਹ ਕਿ ਉਹ ਆਪਣੇ ਆਪ ਨੂੰ ਵਿਗਿਆਨਕ ਵਾਂਗ ਨਿਰਭਾਵ ਨਹੀਂ ਰੱਖ ਸਕਦਾ, ਸਗੋਂ ਉਹ ਆਪਣੀਆਂ ਭਾਵਨਾਵਾਂ ਦੀ ਐਨਕ ਨਹੀਂ ਉਤਾਰ ਸਕਦਾ। ਯਤਨ ਕਰਨ ਉਤੇ ਵੀ, ਉਹ ਆਪਣੇ ਦ੍ਰਿਸ਼ਟੀਕੋਨ ਵਿਚੋਂ ਭਾਵਨਾ ਅਤੇ ਕਲਪਨਾ ਦਾ ਅੰਸ਼ ਕੱਢ ਨਹੀਂ ਸਕਦਾ। ਇਹ ਗੱਲ ਮੰਨਣੀ ਬੜੀ ਅਰਥਕ ਹੈ ਕਿ ਕਵੀ ਦੇ ਪ੍ਰਕਿਰਤੀ ਚਿਤ੍ਰਣ ਵਿਚ ਵੀ ਯਥਾਰਥਕਤਾ ਦਾ ਬੜਾ ਮਹੱਤਵ ਹੈ। ਕਵੀ ਵਿਗਿਆਨਕ ਤੱਥਾਂ ਦਾ ਧਾਰਨੀ ਵੀ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿਚ ਕਿੰਨਾ ਵਿਗਿਆਨਕ ਸੱਚ ਹੈ।

ਪਵਣ ਉਪਾਇ ਧਰੀ ਸਭ ਧਰਤੀ
ਜਲ ਅਗਨੀ ਕਾ ਬੰਧ ਕੀਆ।[13]

ਕਾਵਿ ਦਾ ਆਧਾਰ ਜ਼ਰੂਰ ਯਥਾਰਥਕ ਨੀਂਹ ਉਤੇ ਉਸਰਦਾ ਹੈ। ਕੋਰੀ ਕਲਪਨਾ ਕਵਿਤਾ ਨਹੀਂ ਆਖੀ ਜਾ ਸਕਦੀ। ਸੱਚ ਤੋਂ ਸੱਖਣੀ ਕਵਿਤਾ ਸੁੰਦਰੀ ਦੀ ਨਿਰਜਿੰਦ ਲਾਸ਼ ਦੇ ਤੁਲ

ਹੈ। ਕਵਿਤਾ ਦਾ ਵਾਸਤਵਿਕ ਅਧਾਰ ਸੱਚ ਹੀ ਹੁੰਦਾ ਹੈ। ਸੱਚ ਨੂੰ ਆਪਣੀ ਭਾਵਨਾ ਤੇ ਕਲਪਨਾ ਰਾਹੀਂ ਰੂਪਮਾਨ ਕਰਨ ਵਾਲਾ ਕਵੀ ਹੀ ਮਹਾਂਕਵੀ ਦੀ ਪਦਵੀ ਪ੍ਰਾਪਤ ਕਰ ਸਕਦਾ ਹੈ। ਵਿਗਿਆਨ ਦੇ ਸੱਚ ਨੂੰ ਕਾਵਿ ਦੇ ਸੱਚ ਤੋਂ ਵੱਖ ਨਹੀਂ ਮੰਨਿਆ ਜਾ ਸਕਦਾ। ਸੱਚ ਦੀਆਂ ਨੀਹਾਂ ਬਗੈਰ ਕਾਵਿ ਦੇ ਮਹੱਲ ਦਾ ਢਾਂਚਾ ਨਹੀਂ ਉਸਾਰਿਆ ਜਾ ਸਕਦਾ। ਅਸਲ ਵਿਚ ਕਾਵਿ ਦੀ ਜਿੰਦ-ਜਾਨ ਰਸ ਹੁੰਦਾ ਹੈ। ਕਾਵਿ ਮਨੁੱਖ ਦੀਆਂ ਅੰਤਰ-ਪ੍ਰਵਿਰਤੀਆਂ ਨੂੰ ਜਾਗਰਿਤ ਕਰਦਾ ਅਤੇ ਟੁੰਬਦਾ ਹੈ। ਟੁੰਬਣ ਦੇ ਇਸ ਕਾਰਜ ਵਿਚ ਦਿਲ ਹੀ ਨਹੀਂ ਸਗੋਂ ਕਲਪਨਾ ਅਤੇ ਬੁੱਧੀ ਦੀ ਵੀ ਪੂਰਨ ਕਿਰਿਆਸ਼ੀਲਤਾ ਲੋੜੀਂਦੀ ਹੁੰਦੀ ਹੈ। ਪ੍ਰਕਿਰਤੀ ਦੇ ਚਿਤ੍ਰਾਂ ਵਿਚ ਵਿਗਿਆਨਕ ਸਚਾਈ ਨਾ ਹੋਵੇ ਤਾਂ ਉਹ ਬੁੱਧੀ ਲਈ ਕਦਾਚਿਤ ਮੰਨਣਯੋਗ ਨਹੀਂ ਹੋ ਸਕਦੀ। ਕਾਵਿ-ਰਸ ਦੀ ਉਤਪਤੀ ਅਤੇ ਅਨੁਰੰਜਨ ਬੁੱਧੀ ਦੇ ਸਮਰਥਨ ਨਾਲ ਹੀ ਸੰਭਵ ਹੁੰਦਾ ਹੈ। ਦੇਸ਼-ਕਾਲ ਦੀ ਤਰੁਟੀ ਵਾਲੀ ਕਵਿਤਾ ਵਿਚ ਬੁੱਧੀ ਪੂਰਾ ਸਹਿਯੋਗ ਪ੍ਰਦਾਨ ਨਹੀਂ ਕਰ ਸਕਦੀ। ਬੁੱਧੀ ਦਾ ਤਰਕ ਅਤੇ ਸਹਿਯੋਗ ਰਸ-ਦਸ਼ਾ ਨੂੰ ਖੰਡਿਤ ਕਰਦਾ ਹੈ। ਜਿਵੇਂ ਦੁੱਧ ਵਿਚ ਥੋੜ੍ਹੀ ਖਟਾਸ਼ ਪੈਣ ਨਾਲ ਉਸ ਦਾ ਸੁਆਦ ਬਦਲ ਜਾਂਦਾ ਹੈ, ਇਵੇਂ ਕਵਿਤਾ ਵਿਚ ਅਨੇਕ ਗੁਣ ਹੁੰਦਿਆਂ ਵੀ ਦੇਸ਼-ਕਾਲ ਦੇ ਯਥਾਰਥ ਦੀ ਥੋੜ੍ਹੀ ਜਿਹੀ ਤਰੁਟੀ ਨਾਲ ਵੀ ਕਾਵਿ-ਅਨੰਦ ਭੰਗ ਹੋ ਜਾਂਦਾ ਹੈ। ਇਹ ਸਿੱਧ ਹੁੰਦਾ ਹੈ ਕਿ ਬੁੱਧੀ ਅਤੇ ਭਾਵਨਾ ਦਾ ਪਰਸਪਰ ਵਿਰੋਧ ਨਹੀਂ ਸਗੋਂ ਉਹ ਇਕ ਦੂਜੇ ਦੀਆਂ ਪੂਰਕ ਤੇ ਸਹਾਇਕ ਬਣਦੀਆਂ ਹਨ ਅਤੇ ਜਿਨ੍ਹਾਂ ਦਾ ਢੁਕਵਾਂ ਸਹਿਯੋਗ ਗੰਭੀਰ ਕਵਿਤਾ ਦੀ ਸਿਰਜਣਾ ਵਿਚ ਸਹਾਇਕ ਸਿੱਧ ਹੁੰਦਾ ਹੈ।

ਪੰਜਾਬ ਦੇ ਜੰਮਪਲ ਕਵੀਆਂ ਨੇ ਪੰਜਾਬ ਦੇ ਪ੍ਰਾਕਿਰਤਕ ਦ੍ਰਿਸ਼ਾਂ, ਰੁੱਤਾਂ ਅਤੇ ਬਿਰਛਾਂ ਨੂੰ ਆਪਣੀ ਕਾਵਿ-ਅਨੁਭੂਤੀ ਦੇ ਪ੍ਰਕਾਸ਼ ਦਾ ਸਾਧਨ ਬਣਾਇਆ ਹੈ। ਅਦ੍ਰਿਸ਼ਟ ਅਧਿਆਤਮਿਕ ਜਗਤ ਦੀ ਸੋਝੀ ਕਰਾਉਣ ਲਈ ਉਨ੍ਹਾਂ ਨੇ ਜੋ ਦ੍ਰਿਸ਼ਟਮਾਨ ਪ੍ਰਾਕਿਰਤਕ ਜਗਤ ਦਾ ਵਰਨਣ ਕੀਤਾ ਹੈ, ਉਹ ਪੰਜਾਬੀ ਵਾਤਾਵਰਣ ਵਿਸ਼ੇਸ਼ ਕਰਕੇ ਮੱਧ-ਕਾਲੀਨ ਵਾਤਾਵਰਣ ਨੂੰ ਰੂਪਮਾਨ ਕਰਦਾ ਹੈ। ਗੁਰੂ ਨਾਨਕ ਅਤੇ ਉਸ ਦੇ ਪੂਰਵਕਾਲੀ ਕਵੀਆਂ ਨੇ ਆਪਣੇ ਦੁਆਲੇ ਦੇ ਪ੍ਰਾਕਿਰਤਕ ਜਗਤ ਨੂੰ ਸਮਕਾਲੀਨ ਸ਼ਬਦਾਵਲੀ ਅਤੇ ਨਾਮਾਵਲੀ ਰਾਹੀਂ ਆਪਣੇ ਕਾਵਿ ਦੇ ਭੂਸ਼ਣ ਬਣਾਇਆ ਹੈ। ਪਾਠਕ ਕੇਵਲ ਉਸ ਗੱਲ ਦਾ ਹੀ ਅਨੰਦ ਮਾਣ ਸਕਦਾ ਹੈ, ਜੋ ਉਸ ਦੇ ਅਨੁਭਵ ਘੇਰੇ ਦਾ ਭਾਗ ਹੋਵੇ। ਜੋ ਉਸ ਵੇਖਿਆ, ਮਾਣਿਆਂ ਨਹੀਂ, ਉਹ ਉਸ ਤੋਂ ਲੋੜੀਂਦਾ ਅਰਥ ਗ੍ਰਹਿਣ ਨਹੀਂ ਕਰ ਸਕਦਾ। ਇਥੇ ਅਸੀਂ ਗੁਰੂ ਨਾਨਕ ਅਤੇ ਪੂਰਵਲੇ ਕਵੀਆਂ ਦੁਆਰਾ ਆਪਣੇ ਕਾਵਿ ਵਿਚ ਪ੍ਰਯੁਕਤ ਕੀਤੇ ਬਨਸਪਤੀ ਅਤੇ ਜੀਵ - ਪਰਿੰਦ ਜਗਤ ਦੀ ਇਕ ਸੂਚੀ ਮਾਤਰ ਦਿੰਦੇ ਹਾਂ ਤਾਂ ਜੋ ਉਨ੍ਹਾਂ ਦੇ

ਪ੍ਰਕਿਰਤੀ ਸਬੰਧੀ ਦ੍ਰਿਸ਼ਟੀਕੋਨ ਅਤੇ ਉਸ ਨੂੰ ਆਪਣੇ ਕਾਵਿ-ਕਲਾ ਦੀ ਸਪੱਸ਼ਟਤਾ ਲਈ ਵਰਤਣ ਦੀ ਪਹੁੰਚ, ਜਾਚ ਤੇ ਸਮਰੱਥਾ ਦੀ ਵਿਧੀ ਦਾ ਅਨੁਮਾਨ ਲਗਾਇਆ ਜਾ ਸਕੇ।

ਸਿਧ ਬਾਣੀ ਵਿਚ ਵਰਤੇ ਬ੍ਰਿਛ-ਬੂਟੇ, ਜੀਵ - ਪੰਛੀ, ਪ੍ਰਾਕਿਰਤਕ ਦ੍ਰਿਸ਼ ਤੇ ਵਸਤਾਂ ਦਾ ਉਲੇਖ ਇਸ ਪ੍ਰਕਾਰ ਹੈ :

ਬਰਖੈ ਮੇਰ ਕਹੂਕੈ ਸਾਵਣ ਨਦੀ ਉਪੂਠੀ ਆਈ। [14]

ਗੋਰਖ

... ... ...

ਅਵਧੂ ਜਲ ਬਿਨ ਕੰਵਲ, ਕੰਵਲ ਬਿਨ ਮਧੁਕਰ,
ਏਕ ਸਰ ਬੇਧੇ ਪੰਚ ਜਨਾ। [15]

ਭਰਥਰੀ

... ... ...

ਉਲੰਤ ਪਵਨਾਂ ਲਵੀ ਉਪੰਗਾ ਬੈਠੰਤ ਪਞਾ ਲੇਦੇ ॥
ਚਹੂੰ ਨਿਰੰਤਰ ਜੋਗੀ ਬਿਲੋਵੈ ਬਿਰ ਬਸੈ ਤਹਾ ਜਿੰਦ ॥ [16]

... ... ...

ਕਾਇਆ ਤਰਵਰ ਪੰਚ ਵਿਡਾਲਾ।। [17]

ਲੁਹਾਰੀਪਾ

... ... ...

ਪੇੜ ਨਾ ਪੱਤਰ, ਫਲੇ ਨਹੀ ਫੂਲੰ ॥
ਡਾਲ ਨਾ ਮੂਲਿ ਨਾ ਬਿਰਛ ਨਾ ਬੇਲਾ।
ਸਾਖੀ ਨਾ ਸ਼ਬਦ ਗੁਰੂ ਨਹੀ ਚੇਲਾ। [18]

... ... ...

ਕੂਤੇ ਕੀ ਨਿਆਈ ਗਾਬਨੇ ਨਾ ਜਾਊ।। [19]

ਚਰਪੱਟ

... ... ...

ਜਲ - ਜਲ ਨੂੰ ਚਾਹੇ ਮਛਲੀ ਘਣ ਨੂੰ ਚਾਹੇ ਮੋਰ।। [20]

... ... ...

ਕੋਇਲ - ਕੋਇਲ ਬੋਲੈ ਕੰਠ ਬਿਨਾਂ ॥ [21]

... ... ...

ਸੱਪਣੀ - ਕੁਲ ਸਖਿਣੀ ਨਗਨੀ ਪੈ ਕਾਲਾ। [22]

... ... ...

ਹੰਸ - ਹਿਰਦੈ ਤਿਰ ਉਪਰ ਹੰਸ ਬਸੈ॥[23]

... ... ...

ਮਿਰਗ - ਏਸੋ ਮਿਰਗਿਆ ਤੇ ਮਿਲਿਆ ਰੋਪਾ ਵਾੜੀ।[24]

... ... ...

ਕਾਗ - ਕਊਆ ਕੋ ਭਾਣੀ ਪਾਪਨ ਬਸੈ॥[25]

... ... ...

ਭਗਤ ਬਾਣੀ ਵਿਚ ਵੀ ਬ੍ਰਿਛ-ਬੂਟੇ, ਜੀਵ-ਜੰਤੂ, ਜੀਵ-ਪਰਿੰਦ ਅਤੇ ਪ੍ਰਕਿਰਤਕ ਦ੍ਰਿਸ਼ਾਂ ਦਾ ਕਾਫ਼ੀ ਉਲੇਖ ਹੋਇਆ ਮਿਲਦਾ ਹੈ। ਇਨ੍ਹਾਂ ਭਗਤ ਕਵੀਆਂ ਉਤੇ ਜੋਗ ਮੱਤ ਦਾ ਪ੍ਰਭਾਵ ਵੀ ਪ੍ਰਤੱਖ ਹੈ। ਡਾ. ਤਾਰਨ ਸਿੰਘ ਦੇ ਇਹ ਸ਼ਬਦ ਕਿ ਭਗਤੀ ਲਹਿਰ ਦੇ ਕਵੀ ਜੋਗ ਤੋਂ ਪ੍ਰਭਾਵਿਤ, ਸਾਰੇ ਸੰਤ ਉਪਨਿਸ਼ਦਾਂ ਤੋਂ ਪ੍ਰਭਾਵਤ, ਸਾਰੇ ਗੁਰੂ ਭਾਰਤੀ ਭਗਤਾਂ ਤੇ ਜੋਗੀਆਂ ਤੋਂ ਪ੍ਰਭਾਵਿਤ, ਸਾਰੇ ਪੰਜਾਬੀ ਸੰਤ, ਫ਼ਕੀਰ, ਸਿੱਖ ਗੁਰੂਆਂ ਤੋਂ ਅਤੇ ਆਧੁਨਿਕ ਪੰਜਾਬੀ ਕਵੀ ਸਿੱਖ ਗੁਰੂਆਂ ਤੋਂ ਪ੍ਰਭਾਵਤ ਹਨ। ਕੁਝ ਢੁਕਵੇਂ ਜਾਪਦੇ ਹਨ।[26]

ਭਗਤੀ- ਕਾਵਿ ਵਿਚ ਪਾਣੀ ਤੇ ਮੱਛੀ, ਕੁਰੰਕ ਤੇ ਨਾਦ, ਕੋਇਲ ਤੇ ਅੰਬ, ਚਕਵੀ ਤੇ ਸੂਰਜ, ਚਾਤ੍ਰਿਕ ਤੇ ਮੀਂਹ, ਗਾਂ ਤੇ ਵੱਛਾ, ਜਲ ਤੇ ਤਰੰਗ, ਚੰਦ ਤੇ ਚਕੋਰ, ਭਵਰਾ, ਮੀਨ ਬ੍ਰਿਛ, ਮੋਰੀ, ਬਘਿਰ, ਕੁੱਤਾ ਦੁੱਧ ਦਹੀ ਆਦਿ ਦਾ ਜ਼ਿਕਰ ਹੋਇਆ ਉਪਲਬਧ ਹੈ।

ਪਾਣੀ ਤੇ ਮੱਛੀ - ਤੂੰ ਜਲਨਿਧਿ ਹਉ ਜਲ ਕਾ ਮੀਨ॥[27]

ਗਉੜੀ ਕਬੀਰ

... ... ...

ਜਿਉ ਜਲ ਛੋਡਿ ਬਾਹਰਿ ਭਇਓ ਮੀਨਾ।[28]

ਗਉੜੀ ਕਬੀਰ ਜੀ

... ... ...

ਮਛੁਲੀ ਕਉ ਜੈਸੇ ਨੀਰੁ ਬਾਲਤਾ ਤਿਉ ਮੇਰੈ
ਮਨਿ ਰਾਮਈਆ।[29]

ਧਨਾਸਰੀ ਨਾਮਦੇਵ

... ... ...

ਕੁਰੰਕ ਤੇ ਨਾਦ -

ਜਿਉਂ ਕੁਰੰਕ ਨਿਸਿ ਨਾਦੁ ਬਾਲ੍ਹਾ।।
ਤਿਉ ਮੇਰੈ ਮਨਿ ਰਾਮ ਈਆ।।[30]

ਧਨਾਸਰੀ ਨਾਮਦੇਵ

ਜੈਸੇ ਮਿਰਗਾ ਸ਼ਬਦ ਸਨੇਹੀ ਸ਼ਬਦ ਸੁਨਨ ਕੇ ਜਈ।[31]

ਕਬੀਰ

ਜਿਉ ਅਕਾਸੇ ਘੜੂ ਘਾਲੇ ਮਿਰਗ ਤ੍ਰਿਸਨਾ ਭਰਿਆ।[32]

ਗੂਜਰੀ ਨਾਮ ਦੇਵ

ਕੋਇਲ - ਅੰਬ

ਜਿਉ ਕੋਇਲ ਕਉ ਅੰਬੁ ਬਾਲ੍ਹਾ।
ਤਿਉ ਮੇਰੈ ਮਨਿ ਰਾਮਈਆ।[33]

ਇਸ ਤਰ੍ਹਾਂ - ਚਕਵੀ ਬਿਛੁੜੀ ਰੈਣ ਕੀ, ਆਇ ਮਿਲੀ ਪ੍ਰਭਾਤ, " ਚਕਵੀ ਕਉ ਜੈਸੇ ਸੂਰ ਬਾਲ੍ਹਾ, ਚਾਤ੍ਰਿਕ ਮੁਖ ਜੈਸੇ ਜਲਧਾਰਾ, ਏਕ ਬੂੰਦ ਜਲ ਕਾਰਨੇ, ਚਾਤ੍ਰਿਕ ਦੁਖ ਪਾਵੈ, ਦੁਧ ਤੋਂ ਬਛਰੈ ਥਨਹੁ ਬਿਟਾਰਿਉ, ਬਛਰੇ ਬਿਨ ਜਾਇ ਅਕੇਲੀ ; ਜਲ ਤਰੰਗ ਅਰੁ ਫੇਨ ਬੁਦਬੁਦਾ, ਜੈਸੇ ਚਕੋਰ ਤਕਤ ਨਿੱਤ ਚੰਦਾ, ਜੀਵ-ਪਰਿੰਦ ਭਗਤੀ ਕਾਵਿ ਦਾ ਵਿਸ਼ੇਸ਼ ਤੇ ਮਹੱਤਵ - ਪੂਰਨ ਅੰਗ ਰਹੇ ਹਨ।

ਸ਼ੇਖ ਫਰੀਦ ਨੇ ਆਦਿ ਗ੍ਰੰਥ ਵਿਚ ਸੰਕਲਿਤ ਸਲੋਕਾਂ ਵਿਚ ਹੇਠ ਲਿਖੇ ਬ੍ਰਿਛ-ਬੂਟੇ, ਜੀਵ-ਜੰਤ ਪਰਿੰਦ ਅਤੇ ਪ੍ਰਾਕਿਰਤਕ ਦ੍ਰਿਸ਼ਾਂ ਦਾ ਪ੍ਰਯੋਗ ਕੀਤਾ ਹੈ -

ਦਭੁ - ਫਰੀਦਾ ਥੀਉ ਪਵਾਹੀ ਦਭੁ।।[34]
ਜੇ ਸਾਂਈ ਲੋੜਹਿ ਸਭੁ ।।

ਜੰਗਲ - ਜੰਗਲ ਜੰਗਲ ਕਿਆ ਭਵਹਿ ਵਣਿ ਕੰਡਾ ਮੋੜੇਹਿ।।[35]

ਖਾਕ - ਫਰੀਦਾ ਖਾਕ ਨਾ ਨਿੰਦੀਐ ਖਾਕੂ ਜੇਡੁ ਨਾ ਕੋਇ।।[36]

ਦਾਖ ਤੇ ਕਿੱਕਰ - ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥[37]

ਕਪਾਹ, ਕਮਾਦ, ਤਿਲ - ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥[38]

ਬੈਸੰਤਰ ਤੇ ਧਾਤ - ਜਿਉ ਬੈਸੰਤਰਿ ਧਾਤੁ ਸੁਧੁ ਹੋਇ ॥[39]

ਸਰਵਰ - ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥[40]

ਹੰਝ-ਛੱਪੜੀ - ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥[41]
ਚਿੰਜੂ ਬੋੜਨਿ ਨਾ ਪੀਵਹਿ ਉਡਣ ਸੰਦੀ ਡੰਝ ॥

ਹੰਸ - ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥[42]

ਭੂਮ ਤੇ ਬਾਗ - ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗੁ ॥[43]

ਪੰਖੀ - ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥[44]

ਬਗਲਾ ਤੇ ਬਾਜ - ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥[45]
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥[46]

ਜਿਮੀਂ-ਅਸਮਾਨ - ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥[47]

ਉਪਰੋਕਤ ਸਾਰੇ ਵਿਚਾਰ ਦਾ ਨਿਸ਼ਕਰਸ਼ ਇਹ ਹੈ ਕਿ ਪ੍ਰਕਿਰਤੀ ਅਤੇ ਮਨੁੱਖ ਦਾ ਆਦਿ-ਕਾਲੀਨ ਸਹਿਚਾਰ ਹੈ। ਸਧਾਰਨ ਮਨੁੱਖ, ਵਿਗਿਆਨੀ ਅਤੇ ਕਵੀ, ਕੋਈ ਵੀ ਪ੍ਰਕਿਰਤੀ ਦੀ ਸੀਮਾਂ ਤੋਂ ਬਾਹਰ ਨਹੀਂ ਕਿਉਂਕਿ ਉਹ ਪ੍ਰਕਿਰਤੀ ਦੀ ਗੋਦ ਵਿਚ ਜੰਮਦਾ, ਪਲਦਾ ਤੇ ਸਿਮਟਦਾ ਹੈ।

## ਪੈਰ - ਟਿੱਪਣੀਆਂ

## ਅਧਿਆਇ - ਤੀਜਾ

1. ਗੁਪਤਾ, ਕਿਰਨ ਕੁਮਾਰੀ (ਡਾ:) - ਹਿੰਦੀ ਕਾਵਯ ਮੇਂ ਪ੍ਰਕਿਰਤੀ ਚਿਤ੍ਰਣ, ਪੰਨਾ 5.
2. Hymns from Rigveda - N-6

   ਰਿਗਵੇਦਾ ਨੰ: 6-ਸ - 12 ਸ - 2
3. ਓਹੀ
4. ਓਹੀ
5. ਬਾਲਮੀਕ ਰਮਾਇਣ - ਪਹਿਲਾ ਕਾਂਡ - ਸਰਗ 52 ਸਲੋਕ 38 ਪੰਨਾ 411.
6. ਰਘੁਵੰਸ (ਡਾ:) - ਪ੍ਰਕਿਰਤੀ ਔਰ ਕਾਵਯ, ਪੰਨਾ 87.
7. ਗੁਪਤਾ, ਕਿਰਨ ਕੁਮਾਰੀ (ਡਾ:) - ਹਿੰਦੀ ਕਾਵਯ ਮੇਂ ਪ੍ਰਕਿਰਤੀ ਚਿਤ੍ਰਣ, ਪੰਨਾ 7.
8. ਰਾਧਾ ਕ੍ਰਿਸ਼ਨਨ (ਡਾ:) - ਭਾਰਤੀਯ ਦਰਸ਼ਨ ਭਾਗ ਦੂਜਾ (ਹਿੰਦੀ), ਪੰਨਾ 477.
9. ਗੁਪਤਾ, ਕਿਰਨ ਕੁਮਾਰੀ (ਡਾ:) - ਹਿੰਦੀ ਕਾਵਯ ਮੇਂ ਪ੍ਰਕਿਰਤੀ ਚਿਤ੍ਰਣ - ਪੰਨਾ 9.
10. ਰਘੁਵੰਸ (ਡਾ:) - ਪ੍ਰਕਿਰਤੀ ਔਰ ਕਾਵਯ, ਪੰਨਾ 112.
11. Edmund Blunden - Nature in English Litt - P.61.
12. ਗੁਪਤਾ, ਕਿਰਨ ਕੁਮਾਰੀ (ਡਾ:) - ਹਿੰਦੀ ਕਾਵਯ ਮੇਂ ਪ੍ਰਕਿਰਤੀ, ਪੰਨਾ 16.
13. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 144.
14. ਧੀਰ, ਨਰਿੰਦਰ - ਸਿੱਧ ਨਾਥ ਏਕ ਵਿਵੇਚਨ - ਪੰਨਾ 110
15. ਓਹੀ, ਪੰਨਾ 405
16. ਪਿਤੰਬਰਦੱਤ ਬੜਥਵਾਲ - ਗੋਰਖਬਾਣੀ, ਪੰਨਾ 21
17. ਹਿੰਦੀ ਸਾਹਿਤੑਯ ਕਾ ਇਤਿਹਾਸ, ਪੰਨਾ 317.
18. ਓਹੀ, ਪੰਨਾ 129.
19. ਧੀਰ, ਨਰਿੰਦਰ - ਨਾਥ ਸਿਧ ਏਕ ਵਿਵੇਚਨ ਪੰਨਾ 120.
20. ਓਹੀ, ਪੰਨਾ 277.
21. ਓਹੀ, ਪੰਨਾ 305.

22. ਧੀਰ, ਨਰਿੰਦਰ - ਨਾਥ ਸਿਧ ਏਕ ਵਿਵੇਚਨ , ਪੰਨਾ 316
23. ਉਹੀ, ਪੰਨਾ 291
24. ਉਹੀ, ਪੰਨਾ 265
25. ਪਿਤੰਬਰਦੱਤ ਬੜਥਵਾਲ (ਡਾ.) - ਗੋਰਖਬਾਣੀ ਤੀਜਾ ਸੰਸਕਰਣ, ਪੰਨਾ 128.
26. ਤਾਰਨ ਸਿੰਘ (ਡਾ.) - ਪੰਜਾਬੀ ਸਾਹਿਤ ਦੇ ਮੁਢਲੇ ਸੋਮੇ, ਪੰਨਾ 16. ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1961.
27. ਜੋਧ ਸਿੰਘ (ਭਾਈ) - ਭਗਤੀ ਰਤਨਾਕਰ, ਪੰਨਾ 22.
28. ਉਹੀ, ਪੰਨਾ 23.
29. ਉਹੀ, ਪੰਨਾ 186-87.
30. ਉਹੀ,
31. ਵਿਯੋਗੀ ਹਰਿ - ਸੰਤ ਸੁਧਾਸਾਰ, ਪੰਨਾ 67.
32. ਉਹੀ,
33. ਜੋਧ ਸਿੰਘ (ਭਾਈ)- ਭਗਤੀ ਰਤਨਾਕਰ, ਪੰਨਾ 186-87.
34. ਦੀਵਾਨ ਸਿੰਘ (ਡਾ.) - ਕਬੀਰ ਦਰਸ਼ਨ, ਪੰਨਾ 178.
35. ਉਹੀ
36. ਉਹੀ
37. ਉਹੀ, ਪੰਨਾ 179.
38. ਉਹੀ,
39. ਉਹੀ, ਪੰਨਾ 181
40. ਉਹੀ
41. ਉਹੀ,
42. ਉਹੀ
43. ਉਹੀ
44. ਉਹੀ
45. ਉਹੀ
46. ਉਹੀ
47. ਉਹੀ

## ਅਧਿਆਇ ਚੌਥਾ

## ਪੂਰਵ ਗੁਰੂ ਨਾਨਕ ਪੰਜਾਬੀ ਕਾਵਿ ਵਿਚ ਪ੍ਰਕਿਰਤੀ

— ਨਾਥ-ਸਿਧ-ਜੋਗੀ ਸਾਹਿੱਤ ਵਿੱਚ ਪ੍ਰਕਿਰਤੀ-ਚਿਤ੍ਰਣ

— ਭਗਤੀ ਕਾਵਿ ਤੇ ਪ੍ਰਕਿਰਤੀ-ਚਿਤ੍ਰਣ

— ਲੋਕ ਕਾਵਿ ਅਤੇ ਪ੍ਰਕਿਰਤੀ

— ਪੂਰਵ ਗੁਰੂ ਨਾਨਕ ਕਾਲ ਦੇ ਕਾਵਿ ਦਾ ਦਾਰਸ਼ਨਿਕ ਪੱਖ

— ਨਾਥ-ਜੋਗੀਆਂ ਦੀ ਪ੍ਰਾਕਿਰਤਕ ਅਨੁਭੂਤੀਸ਼ੀਲਤਾ

ਪੈਰ-ਟਿੱਪਣੀਆਂ

## ਪੂਰਵ ਗੁਰੂ ਨਾਨਕ ਪੰਜਾਬੀ-ਕਾਵਿ ਵਿਚ ਪ੍ਰਕਿਰਤੀ

ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਸਰੂਪ ਦਾ ਅਧਿਐਨ ਕਰਨ ਤੋਂ ਪਹਿਲਾਂ ਪੂਰਵ ਗੁਰੂ ਨਾਨਕ ਕਾਲ ਦੀ ਪੰਜਾਬੀ ਕਵਿਤਾ ਵਿਚ ਪ੍ਰਚੱਲਤ ਵੱਖ ਵੱਖ ਧਾਰਨਾਵਾਂ ਨੂੰ ਵਿਚਾਰਨ ਦੀ ਬ ਆਵੱਸ਼ਕਤਾ ਵੀ ਬਣ ਜਾਂਦੀ ਹੈ। ਪੂਰਵ ਗੁਰੂ ਨਾਨਕ ਕਾਲ ਵਿਚ ਰਾਜਸੀ ਅਰਾਜਕਤਾ, ਹਿੰਦੂ ਰਾਜ ਦਾ ਪਤਨ, ਜਰਵਾਣਿਆਂ ਤੇ ਧਾੜਵੀਆਂ ਦੇ ਹਮਲੇ, ਬੋਧੀ ਰੀਤਾਂ, ਕਾਰਨ ਭੇਸ ਪ੍ਰਸਤੀ, ਮੁਨਤਕਲੀ ਹਾਕਮਾਂ ਦੀ ਸਥਾਪਨਾ, ਅਸ਼ਾਂਤ ਵਾਤਾਵਰਣ, ਅਵਤਾਰਵਾਦ ਤੇ ਬੁੱਤ-ਪੂਜਾ ਦਾ ਖੰਡਨ ਮੰਡਨ, ਮੂਲ ਭਾਰਤੀ ਜਨਤਾ ਦੀ ਸਮੂਹਿਕ ਅਸੰਤੁਸ਼ਟਤੀ ਤੇ ਕੁਰਬਲਾ ਆਦਿ ਦਾ ਪੰਜਾਬੀ ਕਾਵਿ ਉਤੇ ਸੁਭਾਵਿਕ ਹੀ ਪ੍ਰਭਾਵ ਪਿਆ ਕਿਉਂਕਿ ਹਮੇਸ਼ਾਂ ਵਾਂਗ ਪੰਜਾਬ ਹੀ ਵਿਦੇਸ਼ੀ ਤੇ ਭਾਰਤੀ ਸੰਸਕ੍ਰਿਤੀਆਂ ਦੇ ਟਕਰਾਉ ਦਾ ਅਖਾੜਾ ਰਿਹਾ।

ਪੂਰਵ ਗੁਰੂ ਨਾਨਕ ਕਾਲ ਵਿਚ ਪੰਜਾਬੀ ਦੀਆਂ ਚਾਰ ਮਹੱਤਵਸ਼ਾਲੀ ਕਾਵਿ-ਪਰੰਪਰਾਵਾਂ ਪ੍ਰਚੱਲਤ ਸਨ। ਸਿੱਧ ਨਾਥ ਜੋਗੀ ਕਾਵਿ-ਪਰੰਪਰਾ, ਸੂਫ਼ੀ ਪਰੰਪਰਾ, ਵਾਰ ਪਰੰਪਰਾ ਤੇ ਲੋਕ-ਕਾਵਿ। ਇਨ੍ਹਾਂ ਤੋਂ ਬਿਨਾਂ ਸਾਰੇ ਉੱਤਰੀ-ਪੂਰਬੀ ਭਾਰਤ ਵਿਚ ਸ਼ਾਮੀ ਤੇ ਇਸਲਾਮੀ ਸੰਸਕ੍ਰਿਤੀ ਦੇ ਪ੍ਰਭਾਵ ਅਧੀਨ 'ਭਗਤੀ ਲਹਿਰ' ਪ੍ਰਚੱਲਤ ਹੋ ਰਹੀ ਸੀ। ਇਨ੍ਹਾਂ ਸਾਰੀਆਂ ਕਾਵਿ-ਪਰੰਪਰਾਵਾਂ ਵਿਚ ਕਵੀਆਂ ਨੇ ਕਿਸੇ ਨਾ ਕਿਸੇ ਢੰਗ ਨਾਲ ਪ੍ਰਕਿਰਤੀ ਦਾ ਬਹੁ-ਪੱਖੀ ਪ੍ਰਯੋਗ ਕੀਤਾ ਹੈ ਅਤੇ ਇਸ ਨੂੰ ਕਈ ਸਰੂਪਾਂ ਵਿਚ ਆਪਣੇ ਕਾਵਿ ਦੇ ਮਾਧਿਅਮ ਰਾਹੀਂ ਪ੍ਰਗਟਾਇਆ ਹੈ। ਹੱਥਲੇ ਅਧਿਆਇ ਵਿਚ ਅਸੀਂ ਉਪਰੋਕਤ ਪਰੰਪਰਾਵਾਂ ਅਧੀਨ ਕਿਰਮਿਤ ਪ੍ਰਕਿਰਤੀ ਰੂਪਾਂ ਦਾ ਵਰਣਨ ਕਰਾਂਗੇ।

### ਨਾਥ-ਸਿੱਧ-ਜੋਗੀ ਸਾਹਿਤ ਵਿਚ ਪ੍ਰਕਿਰਤੀ ਚਿਤ੍ਰਣ

ਆਤਮ-ਮੁਖੀ ਤੇ ਮਾਂਤ੍ਰਿਕ ਜੋਗ ਅਭਿਆਸ ਦੇ ਧਾਰਨੀ ਸਿੱਧ ਨਾਥ ਜੋਗੀਆਂ ਨੇ ਪ੍ਰਕਿਰਤੀ ਦੇ ਬਾਹਰੀ ਦ੍ਰਿਸ਼ਟਮਾਨ ਰੂਪ ਨੂੰ ਸਹੀ ਸੰਦਰਭ ਵਿਚ ਮਾਣਤਾ ਨਹੀਂ ਦਿੱਤੀ। ਪ੍ਰਕਿਰਤੀ ਦੇ ਸਾਰੇ ਬਾਹਰੀ ਸਰੂਪ ਦਾ ਗਿਆਨ ਅਸੀਂ ਆਪਣੀਆਂ ਗਿਆਨ-ਇੰਦਰੀਆਂ ਰਾਹੀਂ ਗ੍ਰਹਿਣ ਕਰਦੇ ਹਾਂ। ਸਿੱਧਾਂ ਦੇ ਸਾਰੇ ਸਾਧਨ ਤੇ ਪ੍ਰਯਤਨ ਬਾਹਰ-ਮੁਖੀ ਦੇ ਵਿਪਰੀਤ ਅੰਤਰਮੁਖੀ ਸਨ। ਉਨ੍ਹਾਂ ਆਤਮਿਕ ਸਿਧੀਆਂ ਉਤੇ ਹੀ ਜ਼ੋਰ ਦਿੱਤਾ ਹੈ ਅਤੇ ਬਾਹਰਮੁਖੀ ਪ੍ਰਕਿਰਤੀ ਦੇ ਪ੍ਰਭਾਵਸ਼ਾਲੀ ਮਹੱਤਵ ਨੂੰ ਨਿਕਾਰਿਆ ਹੈ। ਇਸੇ ਲਈ ਉਨ੍ਹਾਂ ਬਾਹਰੀ ਪ੍ਰਕਿਰਤੀ ਨੂੰ ਸੱਤ ਸਰੂਪ ਨਹੀਂ ਮੰਨਿਆ। ਉਨ੍ਹਾਂ ਦੀ ਧਾਰਨਾ ਹੈ ਕਿ ਤੰਤ੍ਰਿਕ-ਚਿੰਤਨ, ਗੁਰ-ਧਿਆਨ, ਜੋਗ ਸਾਧਨਾਂ ਅਤੇ ਰਿਧੀਆਂ ਸਿਧੀਆਂ ਰਾਹੀਂ ਪ੍ਰਕਿਰਤੀ ਦੇ ਇਸ ਸਾਰੇ ਬਾਹਰੀ ਸੱਤ ਸਰੂਪ ਨੂੰ ਮਨੁੱਖ ਆਪਣੇ ਅੰਤਹ-ਕਰਣ ਵਿਚ ਰੂਪਮਾਨ

ਕਰ ਸਕਦਾ ਹੈ। ਸਿੱਧ ਦਰਸ਼ਨ ਦਾ ਇਹ ਇਕ ਬੁਨਿਆਦੀ ਸਿਧਾਂਤ ਹੈ, ਜੋ ਥਾਂ ਥਾਂ ਸਿੱਧ ਕਾਵਿ-ਸਾਹਿਤ ਵਿਚ ਪ੍ਰਗਟ ਹੋਇਆ ਮਿਲਦਾ ਹੈ। ਉਹ ਦ੍ਰਿਸ਼ਟਮਾਨ ਗੰਗਾ ਅਤੇ ਬਾਹਰੀ ਜਮਨਾ ਨੂੰ ਭਰਮ ਰੂਪ ਮੰਨਦੇ ਹਨ ਅਤੇ ਉਨ੍ਹਾਂ ਦਾ ਸਾਧਨਾ-ਵਿਸ਼ਵਾਸ ਹੈ ਕਿ ਅਸਲੀ ਗੰਗਾ-ਜਮਨਾ ਦੋਵੇਂ ਨਾੜੀਆਂ ਹਨ।[1] ਬਾਹਰੀ ਪ੍ਰਕਿਰਤੀ ਪ੍ਰਤਿ ਅੰਤਰ-ਮੁੱਖੀ ਧਾਰਨਾ ਅੱਜ ਦੇ ਦ੍ਰਿਸ਼ਟੀਕੋਨ ਤੋਂ ਵਧੇਰੇ ਯਥਾਰਥਕ ਪ੍ਰਤੀਤ ਨਹੀਂ ਹੁੰਦੀ।

ਅੰਤਰ ਜਮੁਨ ਵਿਚ ਪੈਠੇ ਗੋਰਖ, ਗੁਰੂ ਮਛੰਦਰ ਪ੍ਰਸਾਦੇ।।[2]

ਕਿਉਂਕਿ ਉਹ ਦ੍ਰਿਸ਼ਟੀਗਤ ਪ੍ਰਕਿਰਤੀ ਨੂੰ ਭਰਮ-ਮੂਲਕ ਮੰਨਦੇ ਹਨ, ਇਸ ਲਈ ਉਨ੍ਹਾਂ ਨੇ ਅਲੰਬਨ ਰੂਪ ਵਿਚ ਪ੍ਰਕਿਰਤੀ ਦਾ ਚਿਤ੍ਰਣ ਨਹੀਂ ਕੀਤਾ। ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਦਾ ਸਾਧਨਾ-ਦ੍ਰਿਸ਼ਟੀਕੋਨ ਅੰਤਰ-ਪ੍ਰਕਿਰਤੀ ਨੂੰ ਸਾਖਿਆਤ ਕਰਨਾ ਸੀ। ਉਨ੍ਹਾਂ ਦੇ ਅੰਤਰ-ਆਲੰਬਨ ਦੇ ਕੁਝ ਉਦਾਹਰਣ ਗੋਰਖ ਨਾਥ ਕਵੀਆਂ ਦੇ ਪ੍ਰਾਪਤ ਕਾਵਿ ਵਿਚੋਂ ਇਸ ਪ੍ਰਕਾਰ ਮਿਲਦੇ ਹਨ।

ਪ੍ਰਸਿੱਧ ਯੋਗੀ ਗੋਰਖ ਨਾਥ ਨੇ ਕਿਧਰੇ ਕਿਧਰੇ ਬਾਹਰੀ ਪ੍ਰਕਿਰਤੀ ਦੇ ਸਰੂਪ ਨੂੰ ਚਿਤ੍ਰਤ ਕੀਤਾ ਹੈ -

ਗਗਨ ਸਿਖਰ ਮੈਂ ਬਾਲਕ ਬੋਲੈ, ਤਾਕਾ ਨਾਮ ਧਰਹੁ ਮੈ ਕੈਸਾ।

... ...

ਬਰਖੈ ਮੇਰ ਕਹੂਕੇ ਸਾਵਣ ਨਦੀ ਅਪੁਠੀ ਆਈ।

... ...

ਫੂਲ ਏਦਾ ਜੇਦਾ ਪੂਨਮ ਚੰਦਾ।।

ਇਸ ਤਰ੍ਹਾਂ ਸਿੱਧ ਚਰਪਟ ਨਾਥ ਦੇ ਕਥਨ ਇਉਂ ਉਪਲਬਧ ਹਨ -

ਨਾ ਕਹੁੰ ਧਰਤੀ ਨਾ ਕਹੁੰ ਆਕਾਸ਼।।[3]

... ...

ਰੈਣ ਦਿਵਸ ਰਸਿ ਚਰਪਟ ਦੀਆ।  
ਤੂਟੈ ਤੇਲਿ ਨਾ ਬੂਝੈ ਦੀਆ।।[4]

ਸਿੱਧ ਜੋਗੀ ਸੰਜੋਗ ਵਿਯੋਗ ਤੋਂ ਉਕਾ ਹੀ ਅਣਭਿੱਜ ਸਨ, ਇਸ ਲਈ ਉਨ੍ਹਾਂ ਦੀ ਕਵਿਤਾ ਵਿਚ ਉਦੀਪਨ ਰੂਪ ਵਿਚ ਪ੍ਰਕਿਰਤੀ ਚਿਤ੍ਰਣ ਉਕਾ ਹੀ ਦੁਰਲੱਭ ਹੈ।

**ਅਲੰਕਾਰ**

ਅਲੰਕਾਰਾਂ ਨੂੰ ਕਾਵਿ ਦੇ ਸਸ਼ੋਭਨੀ-ਭੂਸ਼ਣ ਮੰਨਿਆ ਜਾਂਦਾ ਹੈ। ਅਲੰਕਾਰ ਹੀ ਇਸਤ੍ਰੀ ਦੇ ਗਹਿਣਿਆਂ ਵਾਂਗ ਕਾਵਿ ਦੇ ਹੁਸਨ ਵਿਚ ਵਾਧਾ ਕਰਦੇ ਹਨ। ਅਲੰਕਾਰ ਕਵਿਤਾ ਲਈ ਕੇਵਲ ਗਹਿਣਿਆਂ ਦਾ ਹੀ ਕੰਮ ਨਹੀਂ ਕਰਦੇ, ਸਗੋਂ ਕਵਿਤਾ ਵਿਚਲੇ ਭਾਵਾਂ ਨੂੰ ਮੂਰਤੀਮਾਨ ਕਰਨ ਵਿਚ ਵੀ ਸਹਾਇਕ ਸਿੱਧ ਹੁੰਦੇ ਹਨ।[5] ਕਵੀ ਪ੍ਰਕਿਰਤੀ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋਏ ਬਿਨ੍ਹਾਂ ਰਹਿ ਨਹੀਂ ਸਕਦਾ ਅਤੇ ਉਸ ਦੀ ਆਭਾ ਨੂੰ ਸੁਭਾਵਿਕ ਹੀ ਆਪਣੇ ਕਾਵਿ ਵਿਚ ਚਿਤ੍ਰਣ ਲਈ ਮਜਬੂਰ ਹੋ ਜਾਂਦਾ ਹੈ। ਪ੍ਰਸਿੱਧ ਵਿਦਵਾਨ ਡਾ: ਗੁਰਦੇਵ ਸਿੰਘ ਨੇ ਦ੍ਰਿਸ਼ਟ-ਪ੍ਰਕਿਰਤੀ ਨੂੰ ਨਾਥ ਕਾਵਿ ਵਿਚ ਅਲੰਕਾਰਾਂ ਦਾ ਭੰਡਾਰ ਮੰਨਿਆ ਹੈ।[6] ਉਹ ਆਪਣੀ ਆਤਮ-ਸਾਧਨਾ ਨੂੰ ਲੋਕਾਂ ਦੇ ਅਨੁਭਵ ਘੇਰੇ ਦਾ ਅੰਗ ਬਣਾਉਣ ਲਈ ਦ੍ਰਿਸ਼ਟ-ਪ੍ਰਕਿਰਤੀ ਦੀ ਸਹਾਇਤਾ ਲੈਣ ਲਈ ਮਜਬੂਰ ਹੋਏ। ਉਨ੍ਹਾਂ ਦੀ ਪ੍ਰਕਿਰਤੀ ਨੂੰ ਮਿਥਿਆ ਮੰਨਣ ਦੀ ਪ੍ਰਚੱਲਤ ਧਾਰਨਾ ਅਤੇ ਦ੍ਰਿਸ਼ਟ-ਪ੍ਰਕਿਰਤੀ ਵਿਚੋਂ ਉਦਾਹਰਣਾਂ ਗ੍ਰਹਿਣ ਕਰਨਾ ਦੋ ਵਿਰੋਧੀ ਰੁਚੀਆਂ ਹਨ ਅਤੇ ਇਸੇ ਨੂੰ ਹੀ ਸਿਧਾਂ ਨੇ ਉਲਟੀ ਸਾਧਨਾ ਕਿਹਾ ਹੈ, ਜਿਸ ਤੋਂ ਰਹੱਸਮਈ ਮੁਹਾਵਰਾ 'ਉਲਟੀ ਗੰਗਾ' ਪ੍ਰਚੱਲਤ ਹੋਇਆ ਹੈ। ਜਨ-ਸਧਾਰਨ ਨੂੰ ਭੰਬਲ-ਭੂਸਿਆਂ ਵਿਚ ਪਾਉਣ ਲਈ ਅਤੇ ਭੈ-ਭੀਤ ਕਰਨ ਲਈ ਨਾਥਾਂ ਜੋਗੀਆਂ ਨੇ ਕਈ ਉਟ ਪਟਾਂਗ, ਉਲਾਰ ਅਤੇ ਸਵੈ-ਵਿਰੋਧੀ ਅਰਥਾਂ ਵਾਲੇ ਪਦਾਂ ਦੀ ਸਿਰਜਨਾ ਕੀਤੀ ਹੈ, ਜਿਵੇਂ "ਸਸਿ ਘਰਿ ਸੂਰ ਸਮਾਲੈ ਭਾਈ।।" ਹਰਿ ਦਰਸ਼ਨ ਕੀ ਸੋਝੀ ਪਾਈ।।[7]

ਅਰਥਾਤ ਚੰਦ ਸੂਰਜ ਦਾ ਮੇਲ ਕਰਾਉਣ ਦੇ ਨਾਲ ਨਾਲ ਦੋਹਾਂ ਦੇ ਦਵੈਤ ਦਾ ਵੀ ਤਿਆਗ ਹੈ ਪਰ ਅਦਵੈਤ ਦੀ ਇਹ ਅਵਸਥਾ ਭੌਤਿਕ ਪ੍ਰਕਿਰਤੀ ਵਿਚ ਉਕਾ ਹੀ ਅਸੰਭਵ ਹੈ ਅਤੇ ਅਕਲ ਨੂੰ ਚਕਰਾ ਦੇਣ ਵਾਲੀ ਹੈ ਪਰ ਯੋਗ-ਕਾਵਿ ਵਿਚ ਇਸ ਨੂੰ ਬਿਲਕੁਲ ਦਰੁਸਤ ਮੰਨਿਆ ਜਾਂਦਾ ਹੈ। ਸਿਧ-ਕਾਵਿ ਵਿਚ ਅਨੇਕਾਂ ਉਪਮਾਨ ਤੇ ਪ੍ਰਤੀਕ ਵੀ ਉਪਲਬਧ ਹਨ ਕੁਝ ਕੁ ਪ੍ਰਮੁਖ ਉਦਾਹਰਣ ਇਸ ਪ੍ਰਕਾਰ ਹਨ -

ਤਰੰਗ - ਜਾਕੇ ਤਰੰਗ ਸਕਲ ਸੰਸਾਰਾ।[8]

(ਗਿਆਨੇਸ਼ ਵਰ)

ਮੋਰ - ਬਰਖੈ ਮੋਰ ਕਹੁ ਰਹਿ ਸਾਵਣਿ ਨਦੀ ਅਪੁੱਠੀ ਆਈ।[9]

(ਗੋਰਖ)

ਕੁੱਤਾ - ਕੁੱਤੇ ਕੀ ਨਿਆਈ ਮਾਂਗਨੇ ਨਾ ਜਾਉ।।[10]

(ਚਰਪਟ)

ਕਮਲ - ਖਟਪੂ ਜਲ ਬਿਨ ਕੰਵਲ, ਕੰਵਲ ਬਿਨ ਮਧੂਕਰ
ਏਕ ਸਰ ਬੇਧੇ ਪੰਚ ਜਨਾ।[11]

(ਭਰਥਰੀ)

ਕੋਇਲ - ਕੋਇਲ ਬੋਲੇ ਕੋਲ ਬਿਨ੍ਹਾਂ।

ਇਨ੍ਹਾਂ ਤੋਂ ਬਿਨ੍ਹਾਂ ਇਨ੍ਹਾਂ ਨਾਥ-ਜੋਗੀਆਂ ਨੇ ਹੇਠ ਲਿਖੀ ਉਪਮਾ ਤੇ ਪ੍ਰਤੀਕ ਵੀ ਵਰਤੇ ਹਨ, "ਜਲ ਬਿਨ ਬ੍ਰਿਖ, ਬ੍ਰਿਖ ਬਿਨ ਪਾਰਸ, ਚੰਦ ਸੂਰ ਨੀ ਮੁੰਦਰਾਂ ਕੀਨੀ, ਸਰਵਿ ਅਸਮ ਜਲ ਮੇਲਾ;" ਨਦੀ ਤੀਰੇ, ਬਿਰਛਾ ਨਾਰੀ ਸੰਗੇ ਪੁਰਖਾ ਅਲਪ ਜੀਵਨ ਕੀ ਆਸਾ; ਕੋਸ ਬਤਾਲੇ ਕੇ ਪੰਥਾ। ਇਨ੍ਹਾਂ ਇਕ ਸ਼ਬਦੀ ਅਲੰਕਾਰਾਂ ਤੋਂ ਇਲਾਵਾ ਨਾਥ-ਜੋਗੀਆਂ ਨੇ ਪੰਕਤੀਗਤ ਅਲੰਕਾਰਾਂ ਦਾ ਪ੍ਰਯੋਗ ਵੀ ਕੀਤਾ ਹੈ।

"ਗਗਨ ਮੰਡਲ ਮਹਿ ਮੜੀ ਹਮਾਰੀ, ਧਰਤ ਪਾਣੇਗਤ ਸਾਬਰਿ ਸਜੇ; ਗਗਨ ਭਇਆ ਮੇਵਾਣੰ; ਪਾਣੀ ਮੈ ਦੌਂ ਲਾਗਾ ਆਦਿ। ਇਨ੍ਹਾਂ ਅਲੰਕਾਰਾਂ ਰਾਹੀਂ ਨਾਥ-ਜੋਗੀਆਂ ਨੇ ਆਪਣੇ ਸਾਧਨਾਗਤ ਕਠਨ ਆਤਮ-ਮੁੱਖੀ ਮਾਰਗ ਦੇ ਸਪੱਸ਼ਟ ਕਰਨ ਦਾ ਜਤਨ ਕੀਤਾ ਹੈ। ਦ੍ਰਿਸ਼ਟ-ਪ੍ਰਕਿਰਤੀ ਦੇ ਪ੍ਰਭਾਵ ਨੂੰ ਨਾ ਕਬੂਲਦੇ ਹੋਏ ਵੀ ਨਾਥ-ਕਵੀਆਂ ਨੇ ਪ੍ਰਕਿਰਤੀ ਦੇ ਅਲੰਕ੍ਰਿਤ ਤੱਤਾਂ ਤੋਂ ਬੇਹੱਦ ਸਹਾਇਤਾ ਪ੍ਰਾਪਤ ਕੀਤੀ ਹੈ।

<u>ਪਰਮ - ਤੱਤ</u>

ਅੰਜਨ ਵਿਚ ਨਿਰੰਜਨ ਅਤੇ ਮੂਰਤ ਵਿਚ ਅਮੂਰਤ ਬ੍ਰਹਮ ਦੇ ਦੀਦਾਰ ਕਰਨਾ ਸਿਧਾਂ ਦੀ ਇਕ ਪ੍ਰਮੁੱਖ ਬਿਰਤ ਰਹੀ ਹੈ। ਸਿਧ-ਕਾਵਿ ਵਿਚ ਸਾਰੀ ਪ੍ਰਕਿਰਤੀ ਦਾ ਆਦਿ ਰੂਪ 'ਸੁੰਨ' ਅਕਾਸ਼ ਲਈ ਹੈ ਅਤੇ ਇਸ ਸੁੰਨ ਅਕਾਸ਼ਾਂ ਵਿਚੋਂ ਹੀ ਸਥੂਲ ਪ੍ਰਕਿਰਤੀ ਨੇ ਜਨਮ ਲਿਆ ਹੈ। ਸਿੱਧ-ਮੱਤ ਵਿਚ ਇਸ ਸਥੂਲ ਦ੍ਰਿਸ਼ਟੀਗਤ ਜਗਤ ਦੀ ਕੋਈ ਸੁਤੰਤਰ ਹੋਂਦ ਨਹੀਂ ਮੰਨਦਾ। ਭਾਰਤੀ ਯੋਗ-ਦਰਸ਼ਨ ਵਿਚ ਪਰਮ ਤੱਤ ਦੀ ਹੋਂਦ ਸੰਬੰਧੀ ਕਈ ਅਨੁਭੂਤੀਗਤ ਧਾਰਨਾਵਾਂ ਪ੍ਰਚੱਲਤ ਹਨ। ਡਾ: ਵਿਦਿਆ ਭਾਸਕਰ ਅਰੁਨ ਅਨੁਸਾਰ, ਛਾਂਦੋਗਯ ਉਪਨਿਸ਼ਦ ਵਿਚ ਲਿਖਿਆ ਹੈ, "ਕੰਨ ਬੰਦ ਕਰਕੇ ਅਸੀਂ ਅੰਦਰ ਹੀ ਪਰਮ ਤੱਤ ਦੀ ਹੋਂਦ ਦਾ ਅਨੁਭਵ ਕਰ ਸਕਦੇ ਹਾਂ, ਉਸ ਸਮੇਂ ਸਾਨੂੰ ਬਹਿੰਤ੍ਰ ਭਾਂਤ ਦੀਆਂ ਧੁਨੀਆਂ ਸੁਣਾਈ ਦਿੰਦੀਆਂ ਹਨ।"[12]

ਗੋਰਖ ਬਾਣੀ ਵਿਚ 'ਸੁੰਨ' ਚੋਂ ਨਾਦ ਦੀ ਉਤਪਤੀ ਵੱਲ ਸੰਕੇਤ ਮਿਲਦਾ ਹੈ। ਇਸ ਨਾਦ ਜਾਂ ਸ਼ਬਦ ਨੂੰ ਹੀ ਸਾਰੀ ਸ੍ਰਿਸ਼ਟੀ ਦਾ ਮੂਲ ਕਾਰਨ ਮੰਨਿਆ ਗਿਆ ਹੈ। ਡਾ: ਧਰਮਵੀਰ ਭਾਰਤੀ ਨੇ ਪਰਮ ਤੱਤ ਵਿਚ ਨਾਦ ਅਤੇ ਸੁੰਨ ਦੀ ਕਲਪਨਾ ਨੂੰ ਪ੍ਰਾਚੀਨ ਭਾਰਤੀ ਦਰਸ਼ਨ ਦੇ ਪ੍ਰਭਾਵ

ਅਧੀਨ ਨਾਥ ਸੰਪਰਦਾ ਵਲੋਂ ਅਪਣਾਈ ਗਈ ਦਰਸਾਇਆ ਗਿਆ ਹੈ।[13] ਨਾਥ ਸਾਹਿਤ ਵਿਚ ਪਰਮ ਤੱਤ ਦਾ ਸਰੂਪ ਇਸ ਪ੍ਰਕਾਰ ਪ੍ਰਤੀਮਾਨ ਹੋਇਆ ਹੈ। ਇਨ੍ਹਾਂ ਉਦਾਹਰਣਾਂ ਤੋਂ ਪਰਮ ਤੱਤ ਅਤੇ ਸਰਿਸ਼ਟੀ ਦੇ ਅੰਤਰ ਸੰਬੰਧਾਂ ਬਾਰੇ ਅਲੰਕ੍ਰਿਤ ਸ਼ੈਲੀ ਵਿਚ ਨਾਥ-ਮੱਤ ਦ੍ਰਿਸ਼ਟੀਗੋਚਰ ਹੁੰਦਾ ਹੈ:

ਸ਼ਬਦ – ਹਿਰੇ ਰੇ ਅਵਧੂ ਸ਼ਬਦ ਹਿਰੇ
ਥਾਨ ਮਾਨ ਸਭ ਥੈਣਾ।
ਆਤਮਾ ਮਧੇ ਪ੍ਰਮਾਤਮਾ ਦੀਸੈ
ਜਿਉ ਜਲ ਮਧੇ ਚੰਦਾ।[14]

.. .. ..

ਜਿਮੁ ਬਾਹਰਿ ਤਿਮੁ ਅਭਿਅੰਤਰ
ਚਉਦਹ ਭਵਣੇ ਥਿਉ ਨਿਰੰਤਰ।।[15]

ਜੋਗੀ-ਕਾਵਿ ਪਰੰਪਰਾ ਵਿਚ ਪਰਮ ਤੱਤ ਦੇ ਉਪਰੋਕਤ ਸਰੂਪ ਨੂੰ ਵਿਦਵਾਨਾਂ ਨੇ ਵੀ ਸਾਧਕ, ਰਹੱਸਤ ਤੇ ਬ੍ਰਹਮਲੀਨ ਮੰਨਿਆ ਹੈ। ਅੰਜਨ ਮਾਹਿ ਨਿਰੰਜਨ ਵਾਲਾ ਗੋਰਖ ਸਲੋਕ, ਪੰਜਾਬੀ ਵਿਚਾਰਧਾਰਾ ਤੇ ਪੂਰੇ ਤੌਰ ਤੇ ਢੁਕਦਾ ਹੈ। ਇਉਂ ਉਪਰੋਕਤ ਵਿਵੇਚਨ ਅਨੁਸਾਰ ਨਾਥ ਸਾਹਿਤ ਵਿਚੋਂ ਵੀ ਪ੍ਰਕਿਰਤੀ ਦੇ ਸ਼ਕਤੀਸ਼ਾਲੀ, ਪ੍ਰੇਰਕ ਅਤੇ ਅਭਿਵਿਅੰਜਨੀ ਮਹੱਤਵ ਦਾ ਪ੍ਰਮਾਣ ਮਿਲਦਾ ਹੈ। ਕਬੀਰ ਬਾਣੀ ਤੇ ਪ੍ਰਕਿਰਤੀ ਚਿਤ੍ਰਣ ਵਿਚ ਸੰਸਾਰ ਦੇ ਸਾਰੇ ਕਾਵਿ ਵਿਚ ਤਿੰਨ ਤੱਤਾਂ ਦੀ ਸਮੂਲੀਅਤ ਰਹੀ ਹੈ, ਮਨੁੱਖ, ਪ੍ਰਕਿਰਤੀ ਅਤੇ ਪ੍ਰਮਾਤਮਾ। ਕਬੀਰ ਕਾਵਿ ਵੀ ਇਨ੍ਹਾਂ ਤਿੰਨਾਂ ਤੱਤਾਂ ਉਤੇ ਆਧਾਰਿਤ ਹੈ। ਪ੍ਰਕਿਰਤੀ ਨੂੰ ਪ੍ਰਭੂ ਤੇ ਮਨੁੱਖ ਦੇ ਪ੍ਰਸਪਰ ਸੰਬੰਧ ਦਰਸਾਉਣ ਦਾ ਸਾਧਨ ਬਣਾਇਆ ਗਿਆ ਹੈ। ਕਬੀਰ ਰਹੱਸਵਾਦੀ ਅਨੁਭਵ ਦੀ ਪੇਸ਼ਕਾਰੀ ਪ੍ਰਕਿਰਤੀ ਨਾਲ ਸੰਬੰਧਤ ਜਿਸ ਚਿਤ੍ਰਾਵਲੀ ਅਤੇ ਰੂਪਕਾਂ ਰਾਹੀਂ ਹੋਈ ਹੈ, ਉਨ੍ਹਾਂ ਦਾ ਸੰਖੇਪ ਵਿਸ਼ਲੇਸ਼ਣ ਇਸ ਪ੍ਰਕਾਰ ਹੈ। ਪ੍ਰਕਿਰਤਕ ਅਭਿਖੇਨ ਨਈ ਅਸੀਂ ਅਲੰਕਾਰ ਤੇ ਪ੍ਰਤੀਕ ਆਦਿਕ ਵਿਚ ਵੰਡ ਸਕਦੇ ਹਾਂ। ਸੰਤ ਕਬੀਰ ਨੇ ਬਾਕੀ ਕਵੀਆਂ ਵਾਂਗ ਆਪਣੀ ਦ੍ਰਿਸ਼ਟੀਗਤ ਅਨੁਭੂਤੀ ਨੂੰ ਤਿੰਨ ਤਰ੍ਹਾਂ ਦੇ ਸ਼ਬਦ-ਚਿਤ੍ਰਾਂ ਰਾਹੀਂ ਪੇਸ਼ ਕੀਤਾ ਹੈ। ਰੂਪ-ਚਿਤ੍ਰ, ਕਲਾਮਈ ਚਿਤ੍ਰ ਤੇ ਆਦਰਸ਼-ਚਿਤ੍ਰ।

ਰੂਪ-ਚਿਤ੍ਰਾਂ ਵਿਚ ਕੋਈ ਰਮਜ਼ ਜਾਂ ਗੂੜ੍ਹੇ ਸੰਕੇਤ ਸਾਕਾਰ ਕਰਨ ਦੀ ਸਮਰੱਥਾ ਹੁੰਦੀ ਹੈ। ਕਬੀਰ ਜੀ ਨੇ ਆਪਣੇ ਇਕ ਸਲੋਕ ਵਿਚ ਹੇਠ ਲਿਖੇ ਰੂਪ ਚਿਤ੍ਰ ਰਾਹੀਂ ਆਪਣੇ ਸੰਤ-ਹਿਰਦੇ ਦੀ ਸੰਸਾਰ ਤੋਂ ਉਪਰਾਮਤਾ ਨੂੰ ਬੜੇ ਸੰਕੇਤਕ ਢੰਗ ਨਾਲ ਪ੍ਰਗਟ ਕਰ ਦਿੱਤਾ ਹੈ:

ਕਬੀਰ ਤੇਰੀ ਝੁਪੜੀ ਆਏ ਉਲਥੇ ਹੰਸੁ
ਕਿਉ ਬੈਠਹਿ ਨ ਪੀਵਹਿ ਉਡਣ ਸੰਦੀ ਭਸੁ।।[16]

ਕਲਾ-ਮਈ ਚਿਤ੍ਰਾਂ ਦੀ ਸਿਰਜਣਾ ਇਕ ਨਿਪੁੰਨ ਕਲਾਕਾਰ ਦੇ ਰੂਪ ਵਿਚ ਕਰਦਾ ਹੈ। ਉਹ ਆਪਣੇ ਸ਼ਬਦ ਭੰਡਾਰ ਉਤਲੇ ਕਾਬੂ ਰਾਹੀਂ ਨਵੀਨ ਵਾਤਾਵਰਣ ਸਾਕਾਰ ਕਰਨ ਦੀ ਸਮਰੱਥਾ ਰੱਖਦਾ ਹੈ। ਸਪੱਸ਼ਟਤਾ ਤੇ ਸੁੰਦਰਤਾ ਕਲਾਮਈ ਚਿਤ੍ਰਾਂ ਦੀ ਅਦੁੱਤੀ ਸਿਰਜਨਾਤਮਿਕ ਪ੍ਰਾਪਤੀ ਹੁੰਦੀ ਹੈ। ਫਰੀਦ ਜੀ ਨੇ ਕਈ ਅਜਿਹੇ ਰਹੁ-ਮੁੱਠੇ ਕਲਾਮਈ ਚਿਤ੍ਰ ਪ੍ਰਦਾਨ ਕੀਤੇ ਹਨ:

ਹੰਸਾ ਦੇਖ ਤਰੰਦਿਆ ਬਗਾ ਭਿ ਆਇਆ ਚਾਉ।
ਡੁਬ ਮੁਏ ਬਗੁ ਬਪੜੇ ਸਿਰ ਤਲਿ ਉਪਰਿ ਪਾਉ।[17]

... ... ...

ਕਤਕ ਕੂੰਜਾਂ ਚੇਤਿ ਡਉ ਸਾਵਣਿ ਬਿਜਲੀਆਂ।
ਸਿਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ।[18]

ਇਨ੍ਹਾਂ ਚਿਤਰਾਂ ਵਿਚ ਪ੍ਰਕਿਰਤੀ ਦੇ ਅਨੇਕ ਅੰਸ਼ ਆਪਣੇ ਆਪ ਹੀ ਸਾਕਾਰ ਹੋ ਜਾਂਦੇ ਹਨ। ਪਾਣੀ ਵਿਚ ਤਰਦੇ ਹੰਸਾਂ, ਬਗਲਿਆਂ ਦਾ ਦ੍ਰਿਸ਼, ਅਤੇ ਡੁੱਬ ਮਰਨ ਦੀ ਕਰੁਣਾ ਤੇ ਦੂਜੇ ਸਲੋਕ ਵਿਚ ਕਤਕ, ਚੇਤ ਤੇ ਸਾਵਣ ਦੇ ਮਹੀਨਿਆਂ ਦੀ ਵਿਲੱਖਣਤਾ ਅਤੇ ਕੂੰਜਾਂ, ਡੱਗ ਤੇ ਬਿਜਲੀਆਂ ਆਦਿ ਪ੍ਰਾਕਿਰਤਕ ਸ਼ਕਤੀਆਂ ਦਾ ਉਲੇਖ ਹੋਇਆ ਹੈ।

ਆਦਰਸ਼-ਚਿਤ੍ਰ ਕਵੀ ਦੁਆਰਾ ਖਿਚੀਆਂ, ਉਹ ਤਸਵੀਰਾਂ ਹੁੰਦੀਆਂ ਹਨ, ਜਿਨ੍ਹਾਂ ਵਿਚ ਕਿਸੇ ਵਿਸ਼ੇਸ਼ ਦਰਸ਼ਨ ਜਾਂ ਆਦਰਸ਼ ਨੂੰ ਉਘਾੜਿਆ ਹੁੰਦਾ ਹੈ। ਫਰੀਦ ਨੇ ਆਪਣੇ ਇਸਲਾਮਿਕ ਸੰਕਲਪਾਂ ਨੂੰ ਆਪਣੇ ਸਲੋਕਾਂ ਵਿਚ ਦਾਰਸ਼ਨਿਕ ਰੂਪ ਵਿਚ ਭੁਗਤਾਇਆ ਹੈ। ਉਸ ਨੇ ਜ਼ਿੰਦਗੀ ਦੀ ਨਾਸ਼ਵਾਨਤਾ ਅਤੇ ਬੁਢਾਪੇ ਦੀ ਅਨਿਵਾਰਤਾ ਆਪਣੇ ਸਲੋਕਾਂ ਵਿਚ ਕਈ ਥਾਈਂ ਮਾਨਵ ਦੇ ਦ੍ਰਿਸ਼ਟਗੋਚਰ ਕੀਤਾ ਹੈ -

ਫਰੀਦਾ ਰੁਤਿ ਫਿਰੀ ਵਣੁ ਕੰਬਿਆ
ਪਤ ਝੜੇ ਝੜਿ ਪਾਇ।[19]

... ...

ਚਲਿ ਚਲਿ ਗਈਆਂ ਪੰਖੀਆਂ ਜਿਨੀ ਵਸਾਏ ਤਲ।।

... ...

ਕੰਧੀ ਉਤੇ ਰੁਖੜਾ ਕਿਚਰਕ ਬੰਨੈ ਧੀਰ।।

... ...

ਕੇਲ ਕਰੇਂਦੇ ਹੰਝੂ ਨੋ ਅਚਿੰਤਿ ਬਾਜ ਪਏ।

... ...

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ।।[20]

ਇਨ੍ਹਾਂ ਪ੍ਰਾਕਿਰਤਕ ਹਕੀਕਤਾਂ ਰਾਹੀ ਉਸ ਨੇ ਆਪਣੇ ਫਲਸਫੇ ਨੂੰ ਬੜੀ ਸੁਭਾਵਿਕਤਾ ਨਾਲ ਆਪਣੇ ਪਾਠਕ ਨੂੰ ਗ੍ਰਹਿਣ ਕਰਵਾ ਦਿੱਤਾ ਹੈ। ਕਵੀ ਵੱਖ ਵੱਖ ਚਿਤਰਾਂ ਰਾਹੀ ਆਪਣੇ ਭਾਵਾਂ ਦੀ ਵੀ ਵੱਖ ਵੱਖ ਪੱਖਾਂ ਤੋਂ ਪੇਸ਼ਕਾਰੀ ਕਰਦਾ ਹੈ। ਸੇਖ ਫਰੀਦ ਨੇ ਵੀ ਆਪਣੇ ਬਹੁਤੇ ਪ੍ਰਤੀਕ ਪ੍ਰਕਿਰਤੀ ਵਿਚੋਂ ਗ੍ਰਹਿਣ ਕੀਤੇ ਹਨ ਅਤੇ ਵੱਖ ਵੱਖ ਰੂਪਮਾਨ ਪ੍ਰਾਕਿਰਤਕ ਵਸਤਾਂ ਰਾਹੀ ਅਧਿਆਤਮਿਕ ਤੇ ਭਾਵਾਤਮਿਕ ਅਨੁਭਵਾਂ ਨੂੰ ਪੇਸ਼ ਕੀਤਾ ਹੈ ਜਿਵੇਂ ਸੇਖ ਫਰੀਦ ਦੇ ਹੇਠ ਲਿਖੇ ਪ੍ਰਤੀਕਾਂ ਦੀ ਸਿਰਜਨਾ ਕੀਤੀ ਹੈ। ਸਜਣਾਂ ਨੂੰ ਤਿੱਲ, ਮਨੁੱਖਾਂ ਲਈ ਹੰਸ, ਦੁੱਖ ਲਈ ਅੱਗ, ਵਿਕਾਰਾਂ ਲਈ ਕਾਗ, ਮੋਤ ਲਈ ਬਾਜ਼ ਆਦਿ ਲਈ ਚਿੰਨ੍ਹ ਅਥਵਾ ਪ੍ਰਤੀਕ ਵਰਤੇ ਹਨ। ਫਰੀਦ ਨੇ ਇਨ੍ਹਾਂ ਪ੍ਰਾਕਿਰਤਕ ਵਸਤਾਂ ਰਾਹੀ ਆਪਣੇ ਰਹੱਸਮਈ ਅਨੁਭਵ ਨੂੰ ਪੇਸ਼ ਕੀਤਾ ਹੈ।

<u>ਅਲੰਕਾਰ ਤੇ ਰੂਪਕ</u>

ਹਰ ਪ੍ਰਬੀਨ ਕਵੀ ਵਾਂਗ ਕਵੀ ਸੇਖ ਫਰੀਦ ਦੇ ਕਾਵਿ ਵਿਚ ਸਹਿਜੇ ਹੀ ਬਹੁ-ਭਾਂਤੇ ਅਲੰਕਾਰ ਤੇ ਰੂਪਕ ਪ੍ਰਯੁਕਤ ਹੋਏ ਹਨ। ਉਸਨੇ ਪੂਰਨ ਉਪਮਾ, ਅਪੂਰਨ ਉਪਮਾ, ਦ੍ਰਿਸ਼ਟਾਂਤ ਅਲੰਕਾਰ ਦੀ ਵਰਤੋਂ ਇਸ ਪ੍ਰਕਾਰ ਕੀਤੀ ਹੈ -

ਰੋੜਾ ਜਲੈ ਮਜੀਠ ਜਿਉ।

(ਪੂਰਨ ਉਪਮਾ)

ਫਰੀਦਾ ਥੀਉ ਪਵਾਹੀ ਦਭੁ।।

(ਅਪੂਰਨ ਉਪਮਾ)

ਜਿੰਦੁ ਵਹੁਟੀ ਮਰਣੁ ਵਰੁ।।[21] (ਰੂਪਕ)

ਫਰੀਦਾ ਦੇਖ ਕਪਾਹੈ ਜਿ ਥੀਆ
ਜਿ ਸਿਰ ਥੀਆ ਤਿਲਾਹ।।[22] (ਦ੍ਰਿਸ਼ਟਾਂਤ)

ਇਉਂ ਸੇਖ ਫਰੀਦ ਨੇ ਪੰਜਾਬੀ ਕਾਵਿ ਦਾ ਮੁਢ ਬੰਨਦਿਆਂ ਪ੍ਰਕਿਰਤੀ ਤੋਂ ਜ਼ੋਰਦਾਰ ਸਮਰਥਨ ਪ੍ਰਾਪਤ ਕੀਤਾ ਹੈ ਅਤੇ ਇਹ ਪ੍ਰਕਿਰਤੀ-ਚਿਤ੍ਰਣ ਦੀ ਪਰੰਪਰਾ ਸਾਰੇ ਪੰਜਾਬੀ ਕਾਵਿ ਦੀ ਭਾਰੀ ਪ੍ਰਾਪਤੀ ਹੋਵੇਗੀ।

## ਭਗਤੀ ਕਾਵਿ ਤੇ ਪ੍ਰਕਿਰਤੀ ਚਿਤ੍ਰਣ

ਮੱਧ-ਕਾਲ ਵਿਚ ਮੁਸਲਮਾਨੀ ਅਤੇ ਭਾਰਤੀ ਸਭਿਅਤਾਵਾਂ ਦੇ ਪ੍ਰਸਪਰ ਟਕਰਾਉ ਦੇ ਰਚਨਾਤਮਕ ਸਿੱਟੇ ਵਜੋਂ ਮੱਧ-ਕਾਲੀਨ ਭਾਰਤ ਵਿਚ ਭਗਤੀ ਲਹਿਰ ਦਾ ਨਿਰਮਾਣ ਹੋਇਆ। ਜਿਨ੍ਹਾਂ ਭਗਤਾਂ ਦੇ ਕਲਾਮ ਵਿਚ ਪ੍ਰਾਚੀਨ ਭਾਰਤੀ ਅਤੇ ਸਾਮੀ ਇਸਲਾਮੀ ਵਿਚਾਰਧਾਰਾਵਾਂ ਦਾ ਸਮਾਵੇਸ਼ ਮਿਲਦਾ ਹੈ। ਭਾਵੇਂ ਭਗਤ ਕਵੀਆਂ ਨੇ ਇਸ ਦ੍ਰਿਸ਼ਟੀਮਾਨ ਜਗਤ ਨੂੰ ਸ਼ੰਕਰਾਚਾਰੀਆ ਦੇ ਪ੍ਰਭਾਵ ਅਧੀਨ ਮਾਇਆ ਹੀ ਮੰਨਿਆ ਹੈ, ਫਿਰ ਵੀ ਉਨ੍ਹਾਂ ਨੇ ਆਪਣੇ ਦਰਸ਼ਨ ਦੀ ਪੇਸ਼ਕਾਰੀ ਲਈ ਇਸ ਬਾਹਰੀ ਦਿਸਦੇ ਜਗਤ ਵਿਚੋਂ ਪ੍ਰਤੀਕ ਅਤੇ ਬਿੰਬ ਗ੍ਰਹਿਣ ਕੀਤੇ ਹਨ। ਜਿਥੇ ਸਿਧ-ਜੋਗੀ ਕਾਵਿ ਵਿਚ ਪ੍ਰਕਿਰਤੀ ਚਿਤ੍ਰਣ ਅਲਪ-ਮਾਤਰਾ ਵਿਚ ਹੋਇਆ ਹੈ, ਉਥੇ ਮੱਧ-ਕਾਲੀਨ ਭਗਤ-ਕਵੀਆਂ ਨੇ ਪ੍ਰਕਿਰਤੀ ਵਿਚ ਰਮਦੇ ਇਸਨੂੰ ਨੇੜਿਉਂ ਤੱਕਿਆ, ਮਾਣਿਆ ਤੇ ਆਪਣੀ ਵਿਚਾਰਧਾਰਾ ਦੇ ਸਮਰਥਨ ਵਜੋਂ ਵਰਤਿਆ। ਭਗਤਾਂ ਦੀ ਪ੍ਰਕਿਰਤੀ ਪ੍ਰਤਿ ਰੁਚੀ ਕੇਵਲ ਪ੍ਰਭੂ-ਸੰਕਲਪ ਤੱਕ ਹੀ ਸੀਮਿਤ ਹੈ। ਇਨ੍ਹਾਂ ਭਗਤ ਅਥਵਾ ਸੰਤ ਕਵੀਆਂ ਨੇ ਪ੍ਰਭੂ ਦੇ ਨਿਰਗੁਣ ਤੇ ਸਰਗੁਣ ਦੋਵੇਂ ਸਰੂਪ ਚਿਤਰੇ ਹਨ, ਜੋ ਅੱਗੋਂ ਗਿਆਨ-ਆਸਰੀ ਤੇ ਪ੍ਰੇਮ-ਆਸਰੀ, ਨਿਰਗੁਣ ਧਾਰਾ ਵਜੋਂ ਅਤੇ ਰਾਮ ਭਗਤੀ ਤੇ ਕ੍ਰਿਸ਼ਨ ਭਗਤੀ ਸਰਗੁਣ ਧਾਰਾ ਵਜੋਂ ਗ੍ਰਹਿਣ ਕੀਤੇ ਹਨ।[23]

ਭਗਤ ਕਬੀਰ ਨਿਰਗੁਣ ਧਾਰਾ ਦੇ ਪ੍ਰਮੁੱਖ ਪ੍ਰਤਿਨਿਧ ਸਨ। ਜਨਮ ਵਜੋਂ ਮੁਸਲਮਾਨ ਤੇ ਗੁਰੂ ਆਨੰਦ ਵਲੋਂ ਹਿੰਦੂ ਹੋਣ ਕਰਕੇ, ਕਬੀਰ ਵਿਚ ਇਸਲਾਮੀ ਤੇ ਭਾਰਤੀ ਦਰਸ਼ਨ ਦਾ ਖ਼ੂਬਸੂਰਤ ਸੰਗਮ ਹੋਇਆ ਮਿਲਦਾ ਹੈ। ਕਬੀਰ ਸਾਰੇ ਬ੍ਰਹਿਮੰਡ ਨੂੰ ਅੱਲਾ ਦੀ ਅਤੇ ਸਾਰੀ ਮਨੁੱਖਤਾ ਨੂੰ ਕੁਦਰਤ ਦੀ ਉਪਜ ਮੰਨਦਾ ਹੈ :

ਅਵਲ ਅਲਾ ਨੂਰ ਉਪਾਇਆ
ਕੁਦਰਤ ਕੇ ਸਭ ਬੰਦੇ।।
ਏਕ ਨੂਰ ਤੇ ਸਭ ਜਗ ਉਪਜਿਆ,
ਕਉਨ ਭਲੇ ਕੋ ਮੰਦੇ।।[24]

ਕਬੀਰ ਨੇ ਆਪਣੀ ਬਾਣੀ ਵਿਚ ਪ੍ਰਕਿਰਤੀ-ਚਿਤ੍ਰਣ ਉਪਮਾਵਾਂ, ਅਲੰਕਾਰਾਂ ਤੇ ਪ੍ਰਤੀਕਾਂ ਦੇ ਸੋਮੇਂ ਵਜੋਂ ਕੀਤਾ ਹੈ। ਉਸ ਨੇ ਮਾਨਸ ਜਨਮ ਦੀ ਦੁਰਲੱਭਤਾ, ਬ੍ਰਿਛ ਨਾਲੋਂ ਪੱਕ ਕੇ ਟੁੱਟੇ ਫੁੱਲ ਨਾਲ ਦਰਸਾਈ ਹੈ। ਸਮਾਜਕ ਜੀਵਨ ਨੂੰ ਨਦੀ ਨਾਵ ਸੰਜੋਗ ਕਿਹਾ ਹੈ ਅਤੇ ਸੰਗਤ ਦਾ ਗੂੜ੍ਹ ਪ੍ਰਭਾਵ ਪ੍ਰਗਟਾਉਣ ਲਈ ਚੰਦਨ ਦੇ ਬ੍ਰਿਛ ਨਾਲ ਤੁਲਨਾ ਦਿੱਤੀ ਹੈ। ਕੁਸੰਗ ਦਾ ਦੁਖਾਂਤ :

ਘੇਰੀ ਨੇੜੇ ਰੁਕੇ ਰੇਲੇ ਨਾਲ ਸੁਝਾਇਆ ਹੈ -

ਕਬੀਰ ਮਾਨਸ ਜਨਮ ਦੁਲੰਭ ਹੈ ਹੋਤ ਨਾ ਬਾਰੰਬਾਰ।।
ਜਿਉ ਬਨ ਫਲ ਪਾਕੇ ਭੁਇੰ ਗਿਰੇ ਬਹੁਰ ਨ ਲਾਗੇ ਡਾਰ।।[25]

... ...

ਨਦੀ ਨਾਵ ਸੰਜੋਗ ਜਿਉਂ, ਬਹੁਰ ਨਾ ਮਿਲੀਏ ਆਇ।[26]

... ...

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ।।[27]
ਉਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ।।

ਭਾਰਤੀ ਸਾਹਿੱਤ ਵਿਚ ਪ੍ਰਕਿਰਤੀ ਚਿਤ੍ਰਣ ਵਿਚ ਹੋਰ ਕੋਈ ਕਵੀ ਭਗਤ ਕਬੀਰ ਦਾ ਸਾਨੀ ਨਹੀਂ, ਉਸ ਨੇ ਬਹੁਤ ਮਗਰੋਂ ਪ੍ਰਮਾਣਿਤ ਹੋਈਆਂ ਪ੍ਰਾਕਿਰਤਕ ਸਚਾਈਆਂ ਨੂੰ ਸੁਭਾਵਿਕ ਹੀ ਦਰਸਾ ਦਿੱਤਾ ਹੈ। ਪੁਲਾੜ ਬਾਰੇ ਉਸ ਨੇ 15ਵੀਂ ਸਦੀ ਵਿਚ ਹੀ ਦਸ ਦਿੱਤਾ ਸੀ -

ਆਕਾਸਿ ਗਗਨੁ ਪਾਤਾਲਿ ਗਗਨੁ ਹੈ
ਚਹੁ ਦਿਸਿ ਗਗਨ ਰਹਾਇਲੇ।।
ਆਨਦ ਮੂਲ ਸਦਾ ਪੁਰਖੋਤਮ
ਘਟੁ ਬਿਨਸੇ ਗਗਨ ਨ ਜਾਇਲੇ।।[28]

ਕਬੀਰ ਪ੍ਰਕਿਰਤੀ ਦੀ ਸਾਰੀ ਸ਼ਕਤੀ ਦਾ ਮੂਲ-ਸੋਮਾ ਬ੍ਰਹਮ ਨੂੰ ਮੰਨਦਾ ਹੈ -
ਚੰਦ ਸੂਰਜ ਦੋਇ ਜੋਤਿ ਸਰੂਪ।।[29]

ਕਬੀਰ ਨੇ ਆਪਣੇ ਅਲੰਕਾਰ ਤੇ ਪ੍ਰਤੀਕ ਆਪਣੇ ਦੈਨਿਕ ਰੁਜ਼ਗਾਰੀ ਜੀਵਨ ਦੀਆਂ ਕਿਰਿਆਵਾਂ ਵਿਚ ਗ੍ਰਹਿਣ ਕੀਤੇ ਹਨ। ਪ੍ਰਮਾਤਮਾ ਦੀ ਸਰਬ-ਵਿਆਪਕਤਾ, ਅਦਵੈਤਵਾਦ, ਸੰਤਾਂ ਦੀ ਸੰਗਤ, ਅੰਧ-ਵਿਸ਼ਵਾਸ਼ ਦਾ ਖੰਡਨ, ਮਨੁੱਖਾ ਜਨਮ ਦਾ ਮਹੱਤਵ, ਜੋਗਮੱਤ ਦੀ ਵਿਰੋਧੀ, ਜੁਲਾਹੇ ਦੇ ਕਿੱਤੇ ਅਤੇ ਦੇਸ਼-ਪ੍ਰੇਮ ਆਦਿਕ ਵਿਸ਼ੇ ਉਸ ਦੇ ਕਾਵਿ ਵਿਚ ਬਾਰ ਬਾਰ ਆਏ ਹਨ।

ਮਿਰਗ, ਫੁੱਲ, ਬਾਂਸ, ਭਵਰ, ਹੰਸ, ਦੀਪਕ, ਤਰਵਰ, ਪੰਖੀ, ਗੱਧਾ, ਕੋਠਾ, ਭੇਡ, ਮਛਲੀ, ਅੱਕ, ਕੋਇਲ, ਚਾਤ੍ਰਿਕ ਆਦਿਕ ਭਗਤ ਕਬੀਰ ਦੇ ਬਹੁਤੇ ਵਰਤੇ ਪ੍ਰਾਕਿਰਤਕ ਉਪਮਾਨ ਹਨ। ਉਸ ਨੇ "ਭਵਰ ਗਏ ਬਗ ਬੈਠੇ ਆਏ" ਰੂਪਕ ਬੁਢੇਪੇ ਲਈ ਵਰਤਿਆ ਹੈ ਅਤੇ ਆਤਮਿਕ ਅਨੰਦ ਲਈ 'ਪ੍ਰੇਮ ਦੇ ਬੱਦਲਾਂ ਦੀ ਬਰਖਾ" ਪ੍ਰਤੀਕ ਬਣਾਈ ਹੈ।

ਕਬੀਰ ਤੋਂ ਬਿਨ੍ਹਾਂ ਨਾਮਦੇਵ ਨੇ ਵੀ ਪ੍ਰਕਿਰਤੀ ਦੇ ਭਿੰਨ ਭਿੰਨ ਰੂਪਾਂ ਨੂੰ ਵਰਤਿਆ ਹੈ ਅਤੇ ਸਾਰੇ ਭਗਤ-ਕਾਵਿ ਦੀ ਇਕ ਪ੍ਰਕਿਰਤਕ ਅਲੰਕਾਰ ਯੋਜਨਾ ਭਾਰਤੀ ਸਾਹਿੱਤ ਵਿਚ ਨਿਰਧਾਰਿਤ ਹੁੰਦੀ ਰਹੀ। ਇਹ ਰੰਗ ਰਵਿਦਾਸ ਤ੍ਰਿਲੋਚਨ, ਧੰਨਾ, ਬੈਣੀ, ਸੈਣ, ਜੈ ਦੇਵ, ਪੀਪਾ ਆਦਿਕ ਸਾਰੇ ਭਗਤ ਕਵੀਆਂ ਦੇ ਕਾਵਿ ਵਿਚੋਂ ਵੀ ਝਲਕਦੀ ਹੈ, ਜੋ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸੰਕਲਿਤ ਹੋਕੇ, ਪੰਜਾਬੀ ਸਾਹਿੱਤ ਦਾ ਅੰਗ ਬਣੀ।

## ਲੋਕ-ਕਾਵਿ ਅਤੇ ਪ੍ਰਕਿਰਤੀ

ਜਨ ਸਾਧਾਰਨ ਪ੍ਰਕਿਰਤੀ ਦੀ ਗੋਦ ਵਿਚ ਸਿੱਧੇ ਸਾਦੇ ਪਿੰਡਾਂ ਵਿਚ ਵਸਦੇ ਹਨ। ਇਸੇ ਲਈ ਲੋਕ ਗੀਤਾਂ ਦੀ ਸਿਰਜਨਾ ਪ੍ਰਕਿਰਤੀ ਦੇ ਵੇਹੜੇ ਵਿਚ ਵਿਚਰਦਿਆਂ ਅਨਪੜ੍ਹ ਪਰ ਸੰਵੇਦਨਸ਼ੀਲ ਲੋਕ ਕਰਦੇ ਹਨ। ਸਧਾਰਨ ਲੋਕਾਂ ਦੇ ਮਨੋਭਾਵਾਂ ਦੀ ਪੇਸ਼ਕਾਰੀ ਲੋਕ ਬੋਲੀ ਅਤੇ ਪ੍ਰਕਿਰਤੀ ਦੇ ਮਾਧਿਅਮ ਰਾਹੀਂ ਹੋਣੀ ਸੁਭਾਵਿਕ ਸਿਰਜਨਾਤਮਿਕ ਪ੍ਰਕਿਰਿਆ ਹੈ। ਲੋਕ ਗੀਤਾਂ ਦਾ ਜਨਮ ਮਨੁੱਖੀ ਦਿੱਲ ਦੀ ਧੜਕਣ ਨਾਲ ਹੀ ਸ਼ੁਰੂ ਹੋ ਗਿਆ ਹੋਵੇਗਾ। ਮਨੁੱਖ ਨੇ ਇਸ ਧਰਤੀ ਦੇ ਆਂਗਣ ਵਿਚ ਰਹਿੰਦਿਆਂ ਹਜ਼ਾਰਾਂ ਬੁਨੋਆਂ ਦੀ ਸਿਰਜਨਾ ਕੀਤੀ, ਜੋ ਇਤਿਹਾਸ ਦੇ ਵਿਕਾਸਕ੍ਰਮ ਵਿਚ ਤਰੁਟੀਆਂ ਆਪਣਾ ਮਹੱਤਵ ਗੁਆਕੇ ਅਤੀਤ ਦਾ ਭਾਗ ਬਣਦੀਆਂ ਹਨ।

ਪੂਰਵ-ਗੁਰੂ ਨਾਨਕ ਕਾਲ ਵਿਚ ਸੁਭਾਵਿਕ ਹੀ ਕਾਫ਼ੀ ਲੋਕ-ਕਾਵਿ ਪ੍ਰਚੱਲਤ ਹੋਵੇਗਾ, ਜਿਹੜਾ ਵਿਕਾਸ-ਕ੍ਰਮ ਦੀ ਲਪੇਟ ਵਿਚ ਆਕੇ ਸਾਡੇ ਤੱਕ ਅਲਪ-ਮਾਤਰਾ ਵਿਚ ਹੀ ਪੁੱਜ ਸਕਿਆ ਹੈ। ਲੋਕ ਕਾਵਿ ਦੀ ਲੋਕ ਪ੍ਰਿਯਤਾ ਦਾ ਪ੍ਰਮਾਣ, ਉਨ੍ਹਾਂ ਲੋਕ ਵਾਰਾਂ ਤੋਂ ਮਿਲਦਾ ਹੈ, ਜਿੰਨ੍ਹਾਂ ਦੇ ਅਧਾਰ ਉਤੇ ਗੁਰੂ ਕਾਵਿ ਨੂੰ ਗਾਉਣ ਦੀ ਹਦਾਇਤ, ਸ੍ਰੀ ਗੁਰੂ ਆਦਿ ਗ੍ਰੰਥ ਵਿਚ ਅੰਕਿਤ ਮਿਲਦੀ ਹੈ।[30] ਲੋਕ-ਕਾਵਿ ਸੁਭਾਵਿਕ ਹੀ ਮੌਖਿਕ ਸੀ। ਲਿਖਤੀ ਨਾ ਹੋਣ ਕਰਕੇ ਉਹ ਆਪਣੇ ਪੁਰਾਤਨ ਰੂਪ ਵਿਚ ਸਾਡੇ ਤੀਕ ਨਹੀਂ ਅਪੜਿਆ। ਅਮੀਰ ਖੁਸਰੋ ਦੀ ਬੁਝਾਰਤਾਂ ਅਸਲ ਵਿਚ ਪੰਜਾਬੀ ਬੁਝਾਰਤਾਂ ਦਾ ਹੀ ਤਤਕਾਲੀਨ ਉਰਦੂ-ਭਾਸ਼ਾ ਵਿਚ ਅਨੁਵਾਦ ਹੈ। ਇੰਨ੍ਹਾਂ ਬੁਝਾਰਤਾਂ ਵਿਚੋਂ ਵੀ ਪ੍ਰਕਿਰਤੀ ਦਾ ਸਾਰਥਿਕ ਰੂਪ ਝਲਕਾਰੇ ਮਾਰਦਾ ਹ ਜਿਵੇਂ ਖੁਸਰੋ ਦੀ ਇਕ ਬੁਝਾਰਤ -

ਏਕ ਥਾਲ ਮੋਤੀ ਸੇ ਭਰਾ
ਸਬ ਕੇ ਸਿਰ ਪਰ ਔਂਧਾ ਧਰਾ
ਚਾਰੋਂ ਓਰ ਵਹਿ ਥਾਲੀ ਫਿਰੇ
ਮੋਤੀ ਉਸ ਸੇ ਏਕ ਨਾ ਗਿਰੇ।[31]

(ਅਕਾਸ਼)

ਪੰਜਾਬੀ ਦੀਆਂ ਹੋਰ ਵੀ ਲੋਕ ਰੂਪ/ਬੁਝਾਰਤਾਂ ਵਿਚ ਪ੍ਰਕਿਰਤੀ ਨੂੰ ਪ੍ਰਤੀਕਾਂ ਰਾਹੀਂ ਦ੍ਰਿਸ਼ਟਮਾਨ ਕੀਤਾ ਗਿਆ ਹੈ। ਲੋਕ ਗੀਤਾਂ ਵਿਚ ਪ੍ਰਕਿਰਤੀ ਹਰ ਪੱਧਰ ਉਤੇ ਵਿਦਮਾਨ ਹੈ। ਪੰਜਾਬੀ ਲੋਕ-ਗੀਤਾਂ ਵਿਚ ਲੋਹੜੇ ਦੀ ਸੁੰਦਰਤਾ ਦਾ ਬਿਆਨ, ਪੰਜਾਬ ਦੀ ਪ੍ਰਾਕਿਰਤਕ ਸੁੰਦਰਤਾ ਦਾ ਸਿੱਟਾ ਹੈ। ਪੰਜਾਬੀ ਲੋਕ-ਕਾਵਿ ਕੁਦਰਤ ਨਾਲ ਓਤ ਪੋਤ ਹੈ।

ਪੂਰਵ ਨਾਨਕ ਕਾਲ ਦੀਆਂ ਕਾਵਿਕ-ਪਰਪਾਟੀਆਂ ਵਿਚ ਮਨੁੱਖ, ਕੁਦਰਤ ਦਾ ਸ਼ਾਹਕਾਰ ਤੇ ਸਰਵੋਤਮ ਵਿਵੇਕਸ਼ੀਲ ਪ੍ਰਾਣੀ ਹੈ। ਉਸ ਦੀ ਵਿਵੇਕਸ਼ੀਲਤਾ ਉਸ ਨੂੰ ਦੂਜੇ ਜੀਵਾਂ ਨਾਲੋਂ ਵਖਿਰਿਆਉਂਦੀ ਹੈ। ਕਵੀ, ਮਨੁੱਖ ਹੁੰਦਾ ਹੋਇਆ ਵੀ ਦੂਜੇ ਮਨੁੱਖਾਂ ਨਾਲੋਂ ਆਪਣੀ ਕਾਵਿ-ਅਨੁਭੂਤੀ ਅਤੇ ਅੰਤਰ ਪ੍ਰੇਰਨਾ ਕਾਰਨ ਭਿੰਨ ਹੁੰਦਾ ਹੈ। ਉਹ ਆਪਣੇ ਅਨੁਭਵ ਤੇ ਗਿਆਨ-ਖੇਤਰ ਵਿਚ ਆਉਣ ਵਾਲੀਆਂ ਸਥਿਤੀਆਂ ਪ੍ਰਤਿ ਪੈਦਾ ਹੋਏ ਪ੍ਰਤਿਕਰਮਾਂ ਨੂੰ ਕਵਿਤਾਉਣ ਦੀ ਯੋਗਤਾ ਰੱਖਦਾ ਹੈ। ਕਵੀ ਦੇ ਮਾਨਸਿਕ ਜਾਤੀਗਤ, ਸਭਿਆਚਾਰਕ ਸੰਸਕਾਰ ਮੁਤਾਬਿਕ ਹੀ ਉਸ ਦੇ ਕਾਵਿ ਵਿਚ ਪ੍ਰਗਟ ਹੋ ਜਾਂਦੇ ਹਨ। ਹਰ ਸਮਾਜ ਦੇ ਹਰੇਕ ਕਾਲ ਵਿਚ ਕੁਝ ਨਾ ਕੁਝ ਮਾਨਵੀ ਪ੍ਰਵਿਰਤੀਆਂ ਉਘੜਵੇਂ ਰੂਪ ਵਿਚ ਪ੍ਰਚੱਲਤ ਰਹਿੰਦੀਆਂ ਹਨ, ਜੋ ਕਾਵਿ-ਰੁਚੀਆਂ ਜਾਂ ਕਾਵਿ-ਪਰਪਾਟੀਆਂ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਪੂਰਵ ਗੁਰੂ ਨਾਨਕ ਕਾਲ ਵਿਚ ਹੇਠ ਲਿਖੀਆਂ ਕਾਵਿ-ਪ੍ਰਵਿਰਤੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ -

1. ਦ੍ਰਿਸ਼ਟੀਗਤ ਜਗਤ ਤੋਂ ਭਾਂਜਵਾਦੀ ਰੁਚੀ
2. ਦ੍ਰਿਸ਼ਟੀਗਤ ਜਗਤ ਨੂੰ ਤਿਆਗਣ ਦੀ ਰੁਚੀ
3. ਅਦ੍ਰਿਸ਼ਟ ਪ੍ਰਮਾਤਮਾ ਪ੍ਰਤਿ ਅਧੀਨਗੀ
4. ਦ੍ਰਿਸ਼ਟ ਜਗਤ ਵਿਚ ਸਵੈ-ਪ੍ਰਗਟਾਵੇ ਦੀ ਰੁਚੀ।

## ਭਾਂਜਵਾਦੀ ਰੁਚੀ

ਦਿਸਦੇ ਭੌਤਿਕ ਜਗਤ ਨੂੰ ਵਿਨਾਸ਼ਮਾਨ ਤੇ ਮਾਇਆ ਰੂਪੀ ਸਮਝ ਕੇ, ਇਸ ਤੋਂ ਪਰ੍ਹੇ ਰਹਿਣ ਦੀ ਰੁਚੀ ਨੂੰ ਭਾਂਜਵਾਦੀ ਰੁਚੀ ਕਿਹਾ ਜਾਂਦਾ ਹੈ। ਇਸ ਵਿਆਪਕ ਮਾਨਵੀ ਰੁਚੀ ਦਾ ਕਾਰਨ, ਉਹ ਅਧਿਆਤਮਿਕ ਵਿਚਾਰਧਾਰਾ ਹੈ, ਜਿਸ ਅਨੁਸਾਰ ਆਦਰਸ਼ਕ ਤੇ ਅਦ੍ਰਿਸ਼ਟ ਸੰਸਾਰ ਵਿਚ ਪੂਰਨ ਵਿਸ਼ਵਾਸ ਰੱਖਦਾ ਹੈ ਅਤੇ ਦ੍ਰਿਸ਼ਟੀਗਤ ਸੰਸਾਰ ਨੂੰ ਮਿਥਿਆ, ਭਰਮ ਅਤੇ ਸੁਪਨੇ ਦੀ ਨਿਆਈਂ ਮੰਨਦਾ ਹੈ। ਇਹੋ ਰੁਚੀ ਕਵੀ/ਸਾਧਕ ਨੂੰ ਖੁੱਭਣ ਨਹੀਂ ਦਿੰਦੀ ਪਰ ਆਪਣੇ ਅਧਿਆਤਮਵਾਦੀ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਆਪਣੀ ਧਾਰਨਾ ਦੇ ਵਿਰੁੱਧ ਉਨ੍ਹਾਂ ਨੂੰ ਪ੍ਰਕਿਰਤੀ ਦੇ ਵੱਖ ਵੱਖ ਰੂਪਾਂ ਨੂੰ ਅਲੰਕਾਰਾਂ

ਤੇ ਪ੍ਰਤੀਤੀ ਦੇ ਰੂਪ ਵਿਚ ਵਰਤਣਾ ਪੈਂਦਾ ਹੈ। ਉਂਜ ਪ੍ਰਕਿਰਤੀ ਨੂੰ ਕਿਸੇ ਦੀ ਮਾਇਆ ਹੀ ਸਮਝਿਆ ਜਾਂਦਾ ਹੈ, ਪਰ ਕੁਝ ਕਵੀ/ਸਾਧਕ ਇਸ ਸੰਸਾਰ ਨੂੰ "ਹਰਿ ਕਾ ਰੂਪ" ਮੰਨਦੇ ਹਨ। ਜਦੋਂ ਅਦ੍ਰਿਸ਼ਟ ਨੂੰ ਦ੍ਰਿਸ਼ਟ ਰਾਹੀਂ ਪਾਇਆ ਜਾਂਦਾ ਹੈ ਤਾਂ ਇਹ ਦ੍ਰਿਸ਼ਟ ਅਸੱਤ ਕਿਵੇਂ ਹੋਇਆ ਅਤੇ ਉਸ ਤੋਂ ਭਾਜ ਬੇ-ਦਲੀਲੀ ਹੈ। ਗੋਰਖ ਦ੍ਰਿਸ਼ਟ ਤੋਂ ਇਸ ਭਾਜ ਦਾ ਕਾਰਨ ਇਹ ਦਸਦਾ ਹੈ ਕਿ ਦ੍ਰਿਸ਼ਟ ਤਾਂ ਉਸ ਦੇ ਅੰਦਰ ਰੂਪਮਾਨ ਹੈ ਹੀ, ਇਸ ਲਈ ਬਾਹਰੀ ਦ੍ਰਿਸ਼ਟ ਦੀ ਲੋੜ ਨਹੀਂ :

ਘਟ ਹੀ ਭੀਤਰ ਅਠਸਠਿ ਤੀਰਥਿ
ਕਹਾਂ ਭ੍ਰਮੈ ਰੇ ਭਾਈ ।।[32]

ਚਰਪੱਟ ਨੇ ਇਸ ਸੰਸਾਰ ਨੂੰ ਕੰਡਿਆਂ ਦੀ ਬਾੜੀ ਕਿਹਾ ਹੈ ਅਤੇ ਇਸ ਵਿਚ ਸੰਭਲ ਕੇ ਪੈਰ ਧਰਨ ਦਾ ਉਪਦੇਸ਼ ਦਿੱਤਾ ਹੈ। ਇਹੀ ਵਿਚਾਰਧਾਰਾ ਦੂਜੇ ਨਾਥ-ਜੋਗੀਆਂ ਦੀ ਹੈ। ਅਸਲ ਵਿਚ ਉਹ ਜੀਵਨ ਦੀ ਹਕੀਕਤ ਤੋਂ ਇਸ ਲਈ ਭੱਜਣਾ ਲੋੜਦਾ ਹੈ ਕਿਉਂਕਿ ਉਹ ਕਿਸੇ ਹੋਰ ਆਦਰਸ਼ਕ ਹਕੀਕਤ ਦੀ ਤਲਾਸ਼ ਵਿਚ ਹੈ, ਜਿਥੇ ਉਹ ਇਸ ਸੰਸਾਰ ਦੇ ਜੀਵਨ ਦੀ ਯਥਾਰਥਿਕਤਾ ਨੂੰ ਭੁੱਲ ਸਕੇ। ਫਰੀਦ ਨੇ ਵੀ ਇਸ ਦ੍ਰਿਸ਼ਟਮਾਨ ਤੋਂ ਉਪਰਾਮਤਾ ਆਪਣੇ ਸ਼ਲੋਕਾਂ ਵਿਚ ਦਰਸਾਈ ਹੈ, ਜਿਸ ਦਾ ਕਾਰਨ ਦ੍ਰਿਸ਼ਟਮਾਨ ਸੰਸਾਰ ਦੀ ਨਾਸ਼ਵਾਨਤਾ ਮੰਨਿਆ ਜਾਂਦਾ ਹੈ :

ਫਰੀਦਾ ਰੁਤਿ ਫਿਰੀ ਵਣੁ ਕੰਬਿਆ
ਪੱਤ ਝੜੇ ਝੜਿ ਪਾਹਿ।।
ਚਾਰੇ ਕੁੰਡਾਂ ਢੂੰਢੀਆਂ,
ਰਹਣੁ ਕਿਥਾਊ ਨਾਹਿ।।[33]

ਕਿਉਂਕਿ ਫਰੀਦ ਅਨੁਸਾਰ ਸਾਰਾ ਸੰਸਾਰ ਦੁੱਖੀ ਅੱਗ ਵਿਚ ਸੜ ਰਿਹਾ ਹੈ, ਸਾਰੇ ਪਾਸੇ ਮੌਤ ਦਾ ਪਸਾਰਾ ਹੈ ਤੇ ਇਸ ਸਰੀਰ ਨੇ ਮਿੱਟੀ ਹੋ ਜਾਣਾ ਹੈ ਆਦਿ ਭਾਵਾਂ ਤੋਂ ਫਰੀਦ ਦੀ ਭਾਂਜਵਾਦੀ ਰੁਚੀ ਪ੍ਰਗਟ ਹੁੰਦੀ ਹੈ। ਛਾਇਆ ਤੇ ਰਹੱਸ ਇਸੇ ਭਾਂਜਵਾਦੀ ਰੁਚੀ ਦੇ ਅਜੇਹੇ ਵਿਸ਼ੇਸ਼ ਲੱਛਣ ਹਨ।

## ਦ੍ਰਿਸ਼ਟੀਗਤ ਜਗਤ ਨੂੰ ਤਿਆਗਣ ਦੀ ਰੁਚੀ

ਪੂਰਵ ਨਾਨਕ ਕਾਲ ਵਿਚ ਭਾਂਜਵਾਦੀ ਰੁਚੀ ਦੇ ਨਾਲ ਨਾਲ ਤ੍ਰਿਸਕਾਰ, ਤਿਆਗ ਜਾਂ ਘਿਰਣਾ ਦੀ ਰੁਚੀ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਘਿਰਣਾ ਜਾਂ ਨਫ਼ਰਤ ਇਕ ਅਜਿਹਾ ਵਤੀਰਾ ਹੈ,

ਜੋ ਘਿਰਣਾ ਕਰਨ ਵਾਲੇ ਨੂੰ ਸਵੈ-ਘ੍ਰਿਣੀ ਵੀ ਬਣਾ ਦਿੰਦਾ ਹੈ, ਜਿਸ ਦਾ ਸਿੱਟਾ ਸਵੈ-ਸੰਘਾਰ ਦੇ ਰੂਪ ਵਿਚ ਨਿਕਲਦਾ ਹੈ। ਨਾਥਾਂ ਦੀ ਭੰਜਵਾਦੀ ਰੁਚੀ ਦਾ ਕਾਰਨ, ਉਨ੍ਹਾਂ ਦੀ ਇਸਤ੍ਰੀ ਪ੍ਰਤਿ ਘਿਰਣਾ ਦੀ ਰੁਚੀ ਹੈ।

ਬਾਘਨਿ ਜਿੰਦ ਨੇ ਬਾਘਨਿ ਜਿੰਦ ਨੇ।।[34]

ਪਰ ਕਬੀਰ ਨੂੰ ਉਨ੍ਹਾਂ ਬੰਦਿਆਂ ਨਾਲ ਘਿਰਣਾ ਹੈ, ਜੋ ਰੱਬ ਨੂੰ ਭੁੱਲੇ ਹੋਏ ਹਨ। ਇਸੇ ਘਿਰਣਾ ਦਾ ਕਾਰਨ ਕਿ ਕਬੀਰ ਨੇ ਆਪਣੇ ਆਪ ਨੂੰ 'ਬੇ-ਨਿਵਾਜਾ ਕੁੱਤਿਆ' ਕਿਹਾ ਹੈ। ਉਸ ਨੇ ਮੰਦੇ ਆਮਲਾਂ ਤੇ ਦਿਖਾਵੇ ਦੇ ਭੇਖੀਆਂ ਪ੍ਰਤਿ ਵੀ ਨਫਰਤ ਭਾਵ ਪ੍ਰਗਟਾਏ ਹਨ। ਕਬੀਰ ਦੀ ਘ੍ਰਿਣਾ ਅਸੰਤ ਤੇ ਮੂਰਖਾਂ ਨਾਲ ਹੈ। ਤ੍ਰਿਸਕਾਰ ਜਾਂ ਵਿਕਰਸ਼ਣ ਦੀ ਰੁਚੀ, ਕ੍ਰਿਟੀਕਲ ਦੀ ਪ੍ਰਪੱਕਤਾ ਅਥਵਾ ਦ੍ਰਿੜਤਾ ਕਾਰਨ ਹੈ।

## ਅਦ੍ਰਿਸ਼ਟ ਪਰਮਾਤਮਾ ਪ੍ਰਤਿ ਅਧੀਨਗੀ

ਕਿਸੇ ਪੱਖੋਂ ਬਿਹਤਰ ਵਿਅਕਤੀਆਂ ਪ੍ਰਤਿ ਝੁਕਣਾ ਸਧਾਰਨ ਮਨੁੱਖ ਦਾ ਸੁਭਾਵਿਕ ਲੱਛਣ ਹੈ। ਨਾਥ-ਜੋਗੀਆਂ ਨੇ ਸਵੈ-ਕਾਬੂ, ਸਦਾਚਾਰ, ਸੰਜਮ ਤੇ ਜਤ-ਸਤ ਆਦਿ ਦਾ ਇਕ ਸੰਗਠਨ ਰੂਪ ਵਿਚ ਪ੍ਰਚਾਰ ਕਰਨ ਲਈ ਇਕ ਅਧਿਆਤਮਿਕ ਗੁਰੂ ਦੀ ਟੇਕ ਲੈ ਕੇ, ਉਸ ਦੀ ਸ਼ਰਨ ਵਿਚ ਆਉਣਾ ਪਿਆ। ਫਰੀਦ ਦੀ ਦੀਨਤਾ, ਗੁਰੂ ਦੀ ਸ਼ਰਨ ਕਾਰਨ ਹੈ। ਅਸਲ ਵਿਚ ਗੁਰੂ ਤੇ ਟੇਕ ਹਰ ਮਨੁੱਖੀ ਕਾਰਜ ਵਿਚ ਲੋੜੀਂਦੀ ਹੈ, ਵਿਸ਼ੇਸ਼ ਕਰਕੇ ਅਧਿਆਤਮਿਕ ਖੇਤਰ ਵਿਚ। ਅਨੁਭਵੀ ਤੇ ਸਮਰੱਥ ਗੁਰੂ ਹੀ ਜਗਿਆਸੂ ਨੂੰ ਸਾਧਨਾ ਦੇ ਸਾਰੇ ਪੜਾਵਾਂ ਵਿਚੋਂ ਪਾਰ ਲੰਘਾ ਸਕਦਾ ਹੈ। ਕਬੀਰ ਵਿਚ ਇਹ ਦੀਨ-ਭਾਵਨਾ ਆਪਣੀ ਚਰਮ-ਸੀਮਾ ਉਤੇ ਪੁੱਜੀ ਹੋਈ ਹੈ।

## ਕ੍ਰਿਤ-ਜਗਤ ਵਿਚ ਸਵੈ-ਪ੍ਰਗਟਾਵੇ ਦੀ ਰੁਚੀ

ਮਨੁੱਖ ਦੀ ਇਹ ਪ੍ਰਵਿਰਤੀ ਹੈ ਕਿ ਉਹ ਆਪਣੇ ਗੁਣ ਦੂਜਿਆਂ ਵਿਚ ਪ੍ਰਦਰਸ਼ਤ ਕਰੇ। ਪੁਰਾਣੇ ਕਵੀਆਂ ਅਥਵਾ ਵਿਦਵਾਨਾਂ ਨੇ ਇਸੇ ਰੁਚੀ ਅਧੀਨ ਵੱਖ ਵੱਖ ਰੂਪਾਂ ਦੀ ਸਿਰਜਨਾ ਕੀਤੀ ਹੈ। ਆਪਣੇ ਪੱਖ ਦਾ ਮੰਡਨ ਅਤੇ ਵਿਰੋਧੀ ਪੱਖ ਦਾ ਖੰਡਨ ਕਰਨਾ ਇਕ ਕੁਦਰਤੀ ਰੁਚੀ ਰਹੀ ਹੈ। ਘਰ ਤਿਆਗਣ ਵਾਲੇ ਨੂੰ ਜੋਗੀ ਤੇ ਗ੍ਰਿਹਸਥੀ ਨੂੰ ਭੋਗੀ ਕਿਹਾ ਹੈ। ਗੋਰਖ ਅਨੁਸਾਰ ਜਿਸਨੂੰ ਆਪਣੇ ਨਿੱਜੀ ਗੁਣਾਂ ਦੀ ਸੋਝੀ ਨਹੀਂ, ਉਹ ਮੂਰਖ ਹੈ। ਗੋਰਖ ਆਪਣੀ ਦ੍ਰਿੜਤਾ ਕਾਰਨ ਹੀ

ਆਪਣੇ ਆਪ ਨੂੰ ਸਵਿਆਰਾ ਦਸ ਗਿਆ ਹੈ। ਹਰ ਹਾਲ ਵਿਚ ਆਪਣੀ ਗੱਲ ਦਾ ਪ੍ਰਗਟਾਵਾ ਕਰ ਜਾਣਾ ਹੀ ਸਵੈ-ਪ੍ਰਗਟਾਵਾ ਜਾਂ ਆਤਮ-ਪਰ ਦਰਸ਼ਨ ਹੈ। ਗੋਰਖ ਦੀ ਇਹ ਤੁਕ ਉਸ ਦੇ ਆਤਮ-ਪ੍ਰਦਰਸ਼ਨ ਦੀ ਨਖਾਇਕ ਹੈ।[35]

## ਪੂਰਵ ਗੁਰੂ ਨਾਨਕ ਕਾਲ ਦੇ ਕਾਵਿ ਦਾ ਦਾਰਸ਼ਨਿਕ ਪੱਖ

ਜੋਗ-ਮੱਤ ਦਾ ਆਧਾਰ ਪਾਤੰਜਲ ਰਿਸ਼ੀ ਦਾ ਯੋਗ-ਸ਼ਾਸਤ੍ਰ ਹੈ। ਦ੍ਰਿਸ਼ਟਾ ਤੇ ਦ੍ਰਿਸ਼ ਦੋ ਪਦਾਰਥ ਹਨ। ਮਨੁੱਖ ਦ੍ਰਿਸ਼ਟਾ ਹੈ ਬਾਕੀ ਪ੍ਰਕਿਰਤੀ ਦ੍ਰਿਸ਼। ਪ੍ਰਕਿਰਤੀ ਦੀ ਉਤਪਤੀ, ਈਸ਼ਵਰ ਕਾਰਨ ਹੈ। ਜਦੋਂ ਚਿੱਤ ਦੀਆਂ ਬਿਰਤੀਆਂ ਰੁਕ ਜਾਂਦੀਆਂ ਹਨ ਤਦ ਦ੍ਰਿਸ਼ ਸਾਹਮਣੇ ਨਾ ਹੋਣ ਕਰਕੇ ਦ੍ਰਿਸ਼ਟਾ ਦੀ ਸੁਰਤੀ ਆਪਣੇ ਸਰੂਪ ਵਿਚ ਇਸਥਿਤ ਹੋ ਜਾਂਦੀ ਹੈ।[36] ਨਾਥ-ਕਾਵਿ ਨੂੰ ਬੁੱਧ ਮੱਤ ਦੇ ਸੰਜਮ ਅਤੇ ਅੰਤਰਮੁਖੀ ਸਾਧਨਾ ਨੇ ਪ੍ਰਭਾਵਿਤ ਕੀਤਾ ਹੈ। ਇਹ ਨਾਥ ਅਸਲ ਵਿਚ ਬੋਧੀ ਭਿਖਸ਼ੂਆਂ ਦੇ ਹੀ ਵਾਰਸ ਹਨ। ਨਾਥ-ਕਾਵਿ ਵਿਚੋਂ ਸਾਨੂੰ ਵੈਸ਼ਨਵ ਧਰਮ ਸਿਮਰਨ-ਵਿਧੀ ਅਤੇ ਸਹਿਜ-ਬਿਰਤੀ ਲਭੇਗੀ। ਪਿਛਲੇਰੇ ਨਾਥ-ਮੱਤ ਵਿਚ ਭਾਰਤੀ ਤੇ ਸੈਮੇਟਿਕ ਪ੍ਰਭਾਵਾਂ ਦਾ ਮੇਲ ਮਿਲਦਾ ਹੈ। ਪੀਰ ਪਾਰਸ ਨਾਥ, ਭਗਤ ਕਬੀਰ ਵਾਂਗ ਦੋਹਾਂ ਧਰਮਾਂ ਦੇ ਸਿਧਾਂਤਾਂ ਦੀ ਉਪਜ ਹੈ।

ਦਰਸ਼ਨ ਜਾਂ ਫ਼ਲਸਫ਼ਾ ਕਿਸੇ ਵਿਸ਼ੇਸ਼ ਵਿਚਾਰਧਾਰਾ ਦੇ ਸੰਪੂਰਨ, ਪਰਪੱਕ ਤੇ ਸਥਾਪਿਤ ਰੂਪ ਨੂੰ ਕਹਿੰਦੇ ਹਨ। ਹਰ ਦਰਸ਼ਨ ਕੁਝ ਸਚਾਈ ਤੱਥਾਂ ਸੰਬੰਧੀ ਆਪਣਾ ਵਿਸ਼ੇਸ਼ ਦ੍ਰਿਸ਼ਟੀਕੋਣ ਰੱਖਦਾ ਹੈ, ਜਿਵੇਂ ਪ੍ਰਕਿਰਤੀ, ਆਤਮਾ, ਪ੍ਰਮਾਤਮਾ, ਮਨੁੱਖ ਤੇ ਜਗਤ ਆਦਿ ਸੰਬੰਧੀ ਜੋਗਮੱਤ ਦੇ ਦ੍ਰਿਸ਼ਟੀਕੋਣ ਨੂੰ ਪ੍ਰਕਿਰਤਕ ਸੰਦਰਭ ਵਿਚ ਜਾਣਨਾ ਬਣਦਾ ਹੈ।

## ਜੋਗ ਸਾਧਨਾ ਦੇ ਮਰਿਆਦਾ ਚਿੰਨ੍ਹ

ਹਰ ਸੰਪਰਦਾ ਦੇ ਬਾਹਰੀ ਪ੍ਰਗਟਾਵੇ ਦੇ ਚਿੰਨ੍ਹਾਂ ਦੇ ਕੁਝ ਵਿਸ਼ੇਸ਼ ਅਰਥ ਹੁੰਦੇ ਹਨ। ਮੁੰਦਰਾਂ, ਨਾਥਾਂ ਜੋਗੀਆਂ ਦਾ ਪ੍ਰਸਿੱਧ ਨਿਸ਼ਾਨ-ਚਿੰਨ੍ਹ ਹੈ। ਮੁੰਦਰਾ ਸ਼ਬਦ ਮੁੰਦ ਅਤੇ ਰਾ, ਦੋ ਧਾਤੂਆਂ ਦੀ ਸੰਧੀ ਨਾਲ ਬਣਿਆ ਹੋਇਆ ਹੈ, ਜੋ ਜੀਵਾਤਮਾ ਤੇ ਪਰਮਾਤਮਾ ਦੇ ਪ੍ਰਤੀਕ ਹਨ। ਕੁੰਡਲ ਤੇ ਦਰਸ਼ਨ ਦੇ ਦੋ ਪ੍ਰਤੀਕ ਹਨ। ਗੁਰਮੱਤ ਵਿਚ ਸੰਤੋਖ ਤੇ ਗੁਰ ਦੀਖਿਆ ਦੀਆਂ ਮੁੰਦਰਾਂ ਤੇ ਜ਼ੋਰ ਦਿੱਤਾ ਗਿਆ ਹੈ ਅਤੇ ਕਾਨ ਚੀਰੀਆਂ ਵਿਖਾਵੇ ਦੀਆਂ ਮੁੰਦਰਾਂ ਪਾ ਕੇ ਜਗਤ ਨੂੰ ਠੱਗਣ ਦੀ ਵਿਰੋਧਤਾ ਕੀਤੀ ਹੈ।

## ਸੁਆਹ ਜਾਂ ਵਿਭੂਤੀ

ਆਦਿ ਨਾਥ ਨੇ ਮਛਿੰਦਰ ਨੂੰ ਭਸਮ ਦਾ ਇਸ਼ਨਾਨ ਕਰਵਾਇਆ। ਇਹ ਕਠੋਰਤਾ ਤੇ ਸੰਸਾਰਕਤਾ ਦੇ ਤਿਆਗ ਦਾ ਚਿੰਨ੍ਹ ਹੈ। ਵਿਭੂਤੀਯੁਤ ਜੋਗੀ ਜੀਵਤ, ਮੁਰਦੇ ਸਮਾਨ ਮੰਨਿਆ ਜਾਂਦਾ ਹੈ। ਇਹ ਸੰਸਾਰਕ ਨਿਰਲੇਪਤਾ ਦਾ ਚਿੰਨ੍ਹ ਹੈ। ਕਰਪੱਟ ਬਾਹਰੀ ਭੇਖ ਵਾਲੇ ਸਾਧੂਆਂ ਦੀ ਨਿੰਦਾ ਕਰਦਾ ਹੈ। ਸਿੰਙੀ ਜੋਗਮੱਤ ਵਿਚ ਨਾਦ ਜਾਂ ਸ਼ਬਦ ਦੀ ਪ੍ਰਤੀਕ ਹੈ। ਨਾਦ ਤੇ ਸਿੰਗੀ ਜੋਗ ਦਰਸ਼ਨ ਦੇ ਦੋ ਪ੍ਰਸਿੱਧ ਚਿੰਨ੍ਹ ਹਨ। ਇਕ ਮੱਤ ਇਹ ਵੀ ਹੈ ਕਿ ਨਾਥ ਸ਼ਬਦ ਦੀ ਵਿਉਤਪੱਤੀ 'ਨਾਦ' ਤੋਂ ਹੋਈ ਹੈ। 'ਅਨਹੱਦ ਨਾਦ' ਜਾਂ ਅਨਾਹਦ ਨਾਦ ਜੋਗਮੱਤ ਦੀ ਸਾਧਨਾ ਪ੍ਰਾਪਤੀ ਦਾ ਅੰਤਮ ਪੜਾਅ ਹੈ। ਅਧਿਆਤਮਿਕ ਭਾਰਤੀ ਪਰੰਪਰਾ ਵਿਚ ਅਨਹੱਦ-ਨਾਦ ਅਤੀ ਮਹੱਤਵ ਪੂਰਨ ਆਤਮਿਕ ਅਵੱਸਥਾ ਹੈ। ਪੁਰਾਣਾਂ ਵਿਚ ਅਨਹੱਦ-ਨਾਦ ਦੀ ਪ੍ਰਾਪਤੀ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ।

ਯੋਗ-ਦਰਸ਼ਨ ਵਿਚ ਪ੍ਰਕਿਰਤੀ ਦੇ ਕਈ ਰੂਪਾਂ ਦਾ ਵਰਨਣ ਹੈ। ਸੁੰਨ, ਚੰਦ, ਸੂਰਜ, ਇੜਾ, ਪਿੰਗਲਾ ਆਦਿਕ ਯੋਗ ਸਿਧਾਂਤ ਪ੍ਰਕਿਰਤੀ ਨਾਲ ਹੀ ਸੰਬੰਧਿਤ ਹਨ। 'ਸੁੰਨ,' ਸ਼ੂਨਯ' ਦਾ ਪੰਜਾਬੀ ਰੂਪ ਹੈ, ਜਿਸ ਦੇ ਅਰਥ 'ਸਿਫ਼ਰ' ਅਤੇ ਅਸੰਖ ਮੰਨੇ ਗਏ ਹਨ ਪਰ ਜੋਗੀਆਂ ਨੇ ਸੁੰਨ ਨੂੰ ਦੂਜੇ ਅਰਥਾਂ ਵਿਚ ਲਿਆ ਹੈ। ਗੋਰਖ ਅਨੁਸਾਰ ;

ਸੁੰਨ ਨਾ ਮਾਈ ਸੁੰਨ ਨਾ ਬਾਪ।।
ਸੁੰਨ ਨਿਰੰਜਨ ਆਪੇ ਆਪਿ।।[38]

ਇਥੇ ਇਕ ਸੁੰਨ ਦਾ ਅਰਥ ਅਸੰਖ ਹੈ ਅਥਵਾ ਪ੍ਰਕਿਰਤੀ ਦਾ ਆਦਿ ਅੰਤ ਲਿਖਿਆ ਨਹੀਂ ਜਾ ਸਕਦਾ। ਇਸ ਅਵਸਥਾ ਉਤੇ ਪੁੱਜਕੇ ਜੋਗੀ ਅੰਦਰ ਅਮ੍ਰਿਤ-ਰਸ ਦੇ ਝਰਨੇ ਫੁੱਟ ਪੈਂਦੇ ਹਨ ਅਤੇ ਉਸ ਅੰਦਰ ਚੰਦ ਅਤੇ ਸੂਰਜ ਦੋਹਾਂ ਜਿੰਨ੍ਹਾਂ ਪ੍ਰਕਾਸ਼ ਹੋ ਜਾਂਦਾ ਹੈ।[39]

## ਸੁੰਨ - ਮੰਡਲ

ਗੋਰਖ ਨੇ 'ਸੁੰਨ' ਨੂੰ ਮਹੇਸ਼ ਦਾ ਪ੍ਰਸ਼ਾਂਤ ਸਥਾਨ ਮੰਨਿਆ ਹੈ। ਗੁਰਮਤਿ ਵਿਚ ਵੀ 'ਸੁੰਨ ਦਾ ਵਰਨਣ ਇਉਂ ਪ੍ਰਾਪਤ ਹੈ:-

ਅੰਤਰ ਸੁੰਨਿ ਬਾਹਰਿ ਸੁੰਨਿ,
ਤ੍ਰਿਭਵਣ ਸੁੰਨ ਮਸੁੰਨੰ।[40]

ਸੂਰਜ ਅਤੇ ਚੰਦ ਦਾ ਇਕ ਥਾਂ ਮੇਲ ਅਸੰਭਵ ਹੈ ਪਰ ਜੋਗ ਮੱਤ ਵਿਚ 'ਸਸਿ ਘਰਿ ਸੂਰ' ਦੇ ਸਿਧਾਂਤ ਨੂੰ ਅਪਣਾਇਆ ਗਿਆ ਹੈ ਅਤੇ ਇਸੇ ਰਾਹੀਂ ਜੋਗੀ ਨੂੰ ਆਤਮ ਬੋਧ ਪ੍ਰਾਪਤ ਹੁੰਦਾ

ਹੈ। ਇਸੇ ਲਈ ਯੋਗ ਸਾਧਨਾ ਵਿਚ ਚੰਦਰਾਂਗ ਸੂਰਯਾਂਗ ਦੇ ਪ੍ਰਾਣਾਯਾਮ ਪ੍ਰਚੱਲਤ ਹਨ। ਇੜਾ, ਖੱਬੀ ਨਾਸ ਨੂੰ ਕਹਿੰਦੇ ਹਨ, ਜਿਸ ਵਿਚ ਚੰਦਰਮਾਂ ਦਾ ਪ੍ਰਵੇਸ਼ ਅਤੇ ਸੁਖਮਨਾ ਸਜੀ ਨਾਸ ਹੈ, ਜਿਸ ਵਿਚ ਸੂਰਜ ਦਾ ਪ੍ਰਵੇਸ਼ ਮੰਨਦੇ ਹਨ। ਸੁਖਮਨ ਵਿਚੋਂ ਨਾਦ ਦੀ ਉਤਪਤੀ ਹੁੰਦੀ ਹੈ। ਸੁਖਮਨਾ, ਇੜਾ ਤੇ ਪਿੰਗਲਾ ਵਿਚਕਾਰ ਇਸਥਿਤ ਹਨ। ਇਸ ਤ੍ਰੈ-ਨਾੜੀ ਪੱਧਤੀ ਨੂੰ ਤ੍ਰਿਵੇਣੀ ਦਾ ਨਾਂ ਦਿੱਤਾ ਗਿਆ ਹੈ। ਗੰਗਾ, ਜਮਨਾ ਤੇ ਸੁਰਸਤੀ, ਇਸ ਸਾਧਨਾ ਤ੍ਰਿਵੇਣੀ ਦੇ ਤਿੰਨ ਨਾਊ ਹਨ। ਗੋਰੱਖੀ ਨੇ ਸੱਤ ਨਦੀਆਂ ਦਾ ਜ਼ਿਕਰ ਕੀਤਾ ਹੈ ਜਿੰਨ੍ਹਾਂ ਵਿਚ ਨਰਬਦਾ, ਗੁਦਾਵਰੀ, ਦੇਵ-ਨਦੀ ਤੇ ਗੋਮਤੀ ਵੀ ਸ਼ਾਮਲ ਹਨ।[41]

<u>ਬਾਬਾ ਫ਼ਰੀਦ</u>

ਬਾਬਾ ਫ਼ਰੀਦ ਪ੍ਰਾਕਿਰਤਕ ਜੀਵ ਹੈ। ਉਹ ਪ੍ਰਕਿਰਤੀ ਵਿਚ ਹੀ ਵਿਕਸਿਤ ਹੋਇਆ ਤੇ ਮੁਤਾਬਿਕ ਹੀ ਉਸ ਨੇ ਪ੍ਰਾਕਿਰਤਕ ਸ਼ਕਤੀਆਂ ਤੋਂ ਪ੍ਰਭਾਵ ਗ੍ਰਹਿਣ ਕੀਤਾ ਹੈ। ਆਤਮਿਕ ਉਨਤੀ ਲਈ ਦ੍ਰਿਸ਼ਟਮਾਨ ਸੰਸਾਰ ਤੋਂ ਨਿਰਲੇਪਤਾ ਤੇ ਤਿਆਗ ਅਨਿਵਾਰੀਯ ਮੰਨਿਆ ਗਿਆ ਹੈ। ਸ਼ੇਖ ਫ਼ਰੀਦ ਇਸਲਾਮਿਕ ਸੂਫ਼ੀਵਾਦ ਦੇ ਬਹੁਤੇ ਸਿਧਾਂਤ ਨੂੰ ਆਪਣੇ ਅੰਦਰ ਸਮਾਈ ਬੈਠਾ ਹੈ। ਤਿਆਗ, ਨਿਰਾਸ਼ਾ, ਸਦਾਚਾਰ, ਆਤਮ ਗਿਆਨ, ਰਜ਼ਾ, ਕਰਮ ਅਤੇ ਨਿਮਰਤਾ ਆਦਿਕ ਫ਼ਰੀਦ ਦਰਸ਼ਨ ਦੇ ਪ੍ਰਮੁੱਖ ਸਿਧਾਂਤਕ ਪੱਖ ਹਨ। ਸੰਸਾਰਕ ਸੁੱਖਾਂ ਤੋਂ ਤਿਆਗ, ਫ਼ਰੀਦ ਕਾਵਿ ਦਾ ਧੁਰਾ ਹੈ। ਇਸੇ ਤਿਆਗ-ਭਾਵਨਾ ਵਿਚੋਂ ਲਈ ਬਾਣੀਂ ਘੋਰ-ਨਿਰਾਸ਼ਾ ਦਾ ਪ੍ਰਗਟਾਵਾ ਹੁੰਦਾ ਹੈ;

ਫ਼ਰੀਦਾ ਸ਼ਕਰ ਖੰਡੁ ਨਿਵਾਤ ਗੁੜੁ
ਮਾਖਿਉ ਮਾਂਝਾ ਦੁਧੁ॥ ਸਭੇ ਵਸਤੂਆਂ
ਮਿਠੀਆਂ ਰਬ ਨਾ ਪੁਜਨਿ ਤੁਧੁ॥

ਪਰ ਉਸ ਦੀ ਇਹ ਨਿਰਾਸ਼ਾ ਵਡੇਰੇ ਆਤਮਿਕ ਗਿਆਨ ਦੀ ਪ੍ਰਾਪਤੀ ਦਾ ਰਾਹ ਖੋਲ੍ਹਦੀ ਹੈ ਅਤੇ ਆਸ਼ਾਜਨਕ ਹੈ। ਇਹ ਜੀਵਨ ਦੇ ਲਈ ਹਨੇਰੇ ਪੱਖਾਂ ਨੂੰ ਰੁਸ਼ਨਾਉਣ ਦੀ ਤੌਫ਼ੀਕ ਰੱਖਦੀ ਹੈ। ਫ਼ਰੀਦ ਬਾਣੀ ਵਿਚਲੇ ਕੁਝ ਆਸ਼ਾਵਾਦੀ ਤੱਤਾਂ ਕਾਰਨ ਹੀ ਇਸ ਨੂੰ ਆਦਿ ਗ੍ਰੰਥ ਵਿਚ ਸੰਕਲਿਤ ਕੀਤਾ ਗਿਆ ਹੈ। ਪ੍ਰਿੰ: ਜੋਧ ਸਿੰਘ ਅਨੁਸਾਰ - ਫ਼ਰੀਦ ਪ੍ਰਭੂ ਪ੍ਰੇਮ ਵਿਚ ਮਸਤ, ਭਾਣੇ ਵਿਚ ਰਾਜ਼ੀ, ਦੁਨੀਆਂ ਵਿਚ ਸਫਲ ਜੀਵਨ ਬਿਤਾਉਂਦਾ ਹੈ। ਫ਼ਰੀਦ ਮਾਨਵਤਾ ਲਈ ਚਾਨਣ-ਮੁਨਾਰਾ

ਸਿੱਧ ਹੋਇਆ ਹੈ।[42] ਪ੍ਰਕਿਰਤੀ ਪ੍ਰਤਿ ਫਰੀਦ ਦਾ ਦ੍ਰਿਸ਼ਟੀਕੋਣ, ਉਸਦੇ ਸ਼ਲੋਕਾਂ ਵਿਚ ਹੇਠ ਲਿਖੇ ਰੂਪਾਂ ਵਿਚ ਨਿਰਮਿਤ ਹੋਇਆ ਹੈ :

ਫਰੀਦਾ ਖਾਕੁ ਨਾ ਨਿੰਦੀਐ ਖਾਕੂ ਜੇਡੁ ਨਾ ਕੋਇ।
ਕਿਰਸੁ ਭਤਿ ਨੀਆਣੀਐ ਛਪਰਿ ਤੁਟੈ ਮੇਹੁ।
ਜੰਗਲੁ ਜੰਗਲੁ ਕਿਆ ਭਵਹਿ,
ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ,
ਘਣਾ ਫਲਸਉ ਮੇਹੁ, ਸੋਈ ਸਰਵਰੁ ਢੂਢਿ ਲਹੁ ਜਿਥਾ ਲਭੀ ਵਥੁ,
ਦਰਵੇਸਾਂ ਨੂੰ ਲੋੜੀਐ ਰੁਖਾਂ ਦੀ ਜੀਰਾਂਦ
ਤਤੀ ਤੋਇ ਨਾ ਪਲਵੈ, ਜੇ ਜਲਿ ਟੁਬੀ ਦੇਇ,
'ਕਲਰ ਕੇਰੀ ਛਪੜੀ ਆਇ ਉਲਥੇ ਹੰਝ,
ਹੰਸ ਉਡਰਿ ਕੋਧ੍ਰੈ ਪਇਆ,
ਚਲਿ ਚਲਿ ਗਈਆਂ ਪੰਖੀਆਂ।

ਆਦਿਕ ਸ਼ਲੋਕਾਂ ਹੀ ਪਰ ਫਰੀਦ ਦੇ ਪ੍ਰਕਿਰਤੀਵਾਦ ਦੇ ਦਾਰਸ਼ਨਿਕ ਪੱਖ ਨੂੰ ਉਜਾਗਰ ਕਰਦੇ ਹਨ।

<u>ਕਬੀਰ</u>

ਮੱਧ-ਕਾਲੀਨ ਭਗਤੀਵਾਦ ਵਿਚ ਕਬੀਰ ਦਾ ਦਰਜਾ ਸ਼ਰੋਮਣੀ ਹੈ। ਕਬੀਰ ਦਰਸ਼ਨ, ਨਾਥ ਮੱਤ, ਸੂਫੀ ਮੱਤ ਹਿੰਦੂ ਦਰਸ਼ਨ ਅਤੇ ਭਾਰਤੀ ਇਸਲਾਮਿਕ ਵਿਚਾਰਧਾਰਾ ਦਾ ਸੰਮਿਸ਼ਰਤ ਮੁਜੱਸਮਾ ਹੈ। ਕਬੀਰ ਵਿਸ਼ੇਸ਼ ਤੌਰ ਤੇ ਨਿਰਗੁਣ ਆਤਮਿਕ ਗਿਆਨ-ਧਾਰਾ ਦਾ ਪ੍ਰਮੁੱਖ ਭਾਰਤੀ ਕਵੀ ਹੈ ਅਤੇ ਉਹ ਪ੍ਰੇਮ-ਭਗਤੀ ਰਾਹੀਂ ਹਰੇਕ ਨੂੰ ਨਾਮ ਜਪਨ ਦਾ ਮਾਰਗ-ਦਰਸ਼ਨ ਕਰਦਾ ਹੈ। ਵਿਦਵਾਨਾਂ ਨੇ ਕਬੀਰ ਦਰਸ਼ਨ ਨੂੰ ਗੁਰੂ ਦੀ ਟੇਕ, ਨਾਮ ਸਿਮਰਨ, ਸਦਾਚਾਰ, ਮਨੁੱਖੀ ਸਨੇਹ ਅਤੇ ਭੇਖ ਆਦਿਕ ਪੰਜ ਭਾਗਾਂ ਵਿਚ ਵਿਭਾਜਿਤ ਕੀਤਾ ਹੈ।

<u>ਗੁਰੂ ਦੀ ਟੇਕ</u>

ਇਸ ਸੰਸਾਰ ਰੂਪੀ ਭਵਸਾਗਰ ਵਿਚੋਂ ਗੁਰੂ ਹੀ ਪਾਰ ਉਤਾਰਾ ਕਰ ਸਕਦਾ ਹੈ। ਗੁਰੂ ਹੀ ਇਸ ਮਾਇਆ ਸੰਸਾਰ ਵਿਚੋਂ ਜਗਿਆਸੂ ਨੂੰ ਨਿਰਲੇਪ ਰੱਖ ਸਕਦਾ ਹੈ :

ਮਾਇਆ ਦੀਪਕ ਨਰ ਪਤੰਗ,
ਭ੍ਰਮ ਭ੍ਰਮ ਇਵੈ ਪੜੰਤ ।।
ਕਹੈ ਕਬੀਰ ਗੁਰ ਗਿਆਨ ਤੇ ਏਕ ਆਧ ਉਬਰੰਤ।। [43]

ਨਾਮ ਸਿਮਰਨ

ਪ੍ਰਭੂ ਦੇ ਨਾਮ ਸਿਮਰਨ ਨਾਲ ਮਨੁੱਖ, ਉਸ ਵਿਚ ਲੀਨ ਹੋ ਸਕਦਾ ਹੈ ਤੇ ਸਰਬ-ਸੁੱਖਾਂ ਦੀ ਪ੍ਰਾਪਤੀ ਕਰ ਸਕਦਾ ਹੈ। ਨਾਮ ਸਿਮਰਨ ਨਾਲ ਆਤਮਾ ਪ੍ਰਕਾਸ਼ ਤੇ ਖੇੜਾ ਉਪਜਦਾ ਹੈ :

ਮਉਲੀ ਧਰਤੀ, ਮਉਲਿਆ ਅਕਾਸੁ।
ਘਟਿ ਘਟਿ ਮਉਲਿਆ ਆਤਮ ਪ੍ਰਕਾਸੁ। [44]

ਸਦਾਚਾਰ

ਕਬੀਰ ਦੇ ਸਦਾਚਾਰ ਵਿਚ ਗੰਗਾ ਵਰਗੀ ਨਿਰਮਲਤਾ ਤੇ ਪਵਿੱਤਰਤਾ ਹੈ, ਚੰਦਨ ਦੀ ਠੰਡ ਹੈ, ਬ੍ਰਹਿਮੰਡ ਤੇ ਪਿੰਡ ਦੀ ਸਮਾਨਤਾ ਹੈ।

ਮਨੁੱਖੀ ਸਨੇਹ

ਕਬੀਰ ਵਿਚ ਮਨੁੱਖਤਾ ਲਈ ਅਥਾਹ ਪਿਆਰ ਹੈ। ਸਭ ਬੰਦੇ ਕੁਦਰਤ ਦੇ ਹਨ ਅਤੇ ਇਕੋ ਹੀ ਨੂਰ ਤੇ ਉਪਜੇ ਹੋਏ ਹਨ, ਉਹ ਨੂਰ ਅੱਲ੍ਹਾ ਦਾ ਹੈ। ਇਹ ਮਾਨਸ ਜਨਮ ਦੁਰਲੱਭ ਹੈ ਅਤੇ ਮਨੁੱਖਾਂ ਦਾ ਆਪਸੀ ਮੇਲ "ਨਦੀ ਨਾਮ ਸੰਜੋਗ ਹੈ।"

ਭੇਖ

ਕਬੀਰ ਨੇ ਭੇਖ ਤੇ ਦੰਭ ਨੂੰ ਖੂਬ ਨਿੰਦਿਆ ਹੈ। ਉਹ, ਦੰਭੀਆਂ ਤੋਂ ਪੁੱਛਦਾ ਹੈ ਕਿ ਜੇ ਨੰਗੇ ਫਿਰਨ ਜੋਗ ਮਿਲਦਾ ਹੋਵੇ ਤਾਂ ਜੰਗਲਾਂ ਦੇ ਸਾਰੇ ਮਿਰਗ ਮੁਕਤ ਕਿਉ ਨਹੀ ਹੋ ਜਾਵੇ। ਅਸਲ ਵਿਚ ਦੰਭੀ ਦੁੱਧ ਦੇ ਭੁਲੇਖੇ ਪਾਣੀ ਨੂੰ ਪਏ ਰਿੜਕਦੇ ਹਨ।

ਉਨ੍ਹਾਂ ਦੀ ਇਸ ਬਿਰਤੀ ਪ੍ਰਵਿਰਤੀ ਉਤੇ ਕਬੀਰ ਅਸਚਰਜਤਾ ਪ੍ਰਗਟ ਕਰਦੇ ਹਨ :

ਐਸੋ ਅਚਰਜ ਦੇਖਿਓ ਕਬੀਰ
ਦਧਿ ਕੈ ਭੋਲੈ ਬਿਰੋਲੈ ਨੀਰੁ।। [45]

ਕਬੀਰ ਦੇ ਜੋਗ ਦਾ ਸਰੂਪ ਪੂਰਨ ਪ੍ਰਾਕਿਰਤਕ ਚਿਤ੍ਰ ਪੇਸ਼ ਕਰਦਾ ਹੈ। ਉਨ੍ਹਾਂ ਇਕ ਅਜਿਹੀ ਅਵਸਥਾ ਦਰਸਾਈ ਹੈ, ਜਿਸ ਵਿਚ ਅੰਤਰ-ਕਮਲ ਪ੍ਰਕਾਸ਼ਿਆ ਹੋਇਆ ਹੈ ਤੇ ਉਥੇ ਬ੍ਰਹਮ ਨਿਵਾਸ ਹੈ। ਮਨ ਭਵਰ ਲੁਭਾਇਮਾਨ ਹੋਈ ਜਾਣਵੇਤਾ ਅਨੰਦ ਰੂਪ ਅੰਮ੍ਰਿਤ ਚਰ ਰਿਹਾ ਹੈ, ਗਹਿਰ ਗੰਭੀਰ ਬੱਦਲ ਛਾਏ ਹੋਏ ਹਨ, ਚਹੁੰ ਦਿਸ਼ਾਵਾਂ ਵਿਚ ਬਿਜਲੀ ਚਮਕ ਰਹੀ ਹੈ ਅਤੇ ਕਬੀਰ ਜੀ ਅੰਦਰਾ ਦੇ ਮਿਹਰ ਰੂਪੀ ਮੀਂਹ ਨਾਲ ਭਿੱਜੇ ਰਸ-ਬਿਭੋਰ ਹੋ ਰਹੇ ਹਨ :

ਅੰਤਰਿ ਕਮਲੁ ਪ੍ਰਗਾਸਿਆ
ਬ੍ਰਹਮੁ ਬਾਸੁ ਤਹਾ ਹੋਇ॥
ਕਰਕਿ ਗਰਜਿ ਬਰਸੈ ਅਗੀ ਬਾਦਲ ਗਹਿਰ ਗੰਭੀਰ॥
ਚਹੁੰ ਦਿਸਿ ਚਮਕੈ ਦਾਮਿਨੀ ਭੀਜੈ ਦਾਸ ਕਬੀਰ॥[46]

ਕਬੀਰ ਦੇ ਇਨ੍ਹਾਂ ਅਨੁਭੂਤੀਸ਼ੀਲ ਸ਼ਲੋਕਾਂ ਤੋਂ ਸਿੱਧ ਹੁੰਦਾ ਹੈ ਕਿ ਉਹ ਇਕ ਪ੍ਰਬੀਨ ਸਾਧਕ ਤੇ ਨਾਮ ਰਸੀਏ ਸਨ ਅਤੇ ਉਨ੍ਹਾਂ ਪ੍ਰਾਕਿਰਤਕ ਸੰਸਾਰ ਵਿਚ ਵਿਚਰਦਿਆਂ ਆਪਣਾ ਜੀਵਨ ਫ਼ਲਸਫ਼ਾ ਵਿਕਸਿਤ ਕੀਤਾ ਹੈ।

<u>ਨਾਥ ਜੋਗੀਆਂ ਦੀ ਪ੍ਰਾਕਿਰਤਕ ਅਨੁਭੂਤੀਸ਼ੀਲਤਾ</u>

ਅਸੀਂ ਪਿੱਛੇ ਦਸ ਆਏ ਹਾਂ ਕਿ ਨਾਥ-ਜੋਗੀਆਂ ਦੀ ਸਾਧਨਾ ਦਾ ਅਧਾਰ ਉਨ੍ਹਾਂ ਦੀਆਂ ਅੰਤਰ-ਮੁਖੀ ਬਿਰਤੀਆਂ ਹਨ। ਇਨ੍ਹਾਂ ਬਿਰਤੀਆਂ ਅਤੇ ਆਪਣੇ ਜੋਗ-ਅਨੁਭਵ ਦੇ ਤਜਰਬਿਆਂ ਨੂੰ ਹੀ ਨਾਥ ਕਵੀਆਂ ਨੇ ਬਾਕੀ ਕਵੀਆਂ ਵਾਂਗ ਆਪਣੀ ਬਾਣੀ ਵਿਚ ਪ੍ਰਗਟਾਇਆ ਹੈ। ਕਿਉਂਕਿ ਨਾਥ-ਜੋਗੀਆਂ ਦਾ ਅਨੁਭਵ ਅੰਤਰਿਕ ਹੈ ਅਤੇ ਬਾਹਰੀ ਦ੍ਰਿਸ਼ਟਮਾਨ ਸੰਸਾਰ ਤੋਂ ਨਿਰਲੇਪਤਾ, ਉਨ੍ਹਾਂ ਦੀ ਮੁੱਖ-ਵਿਧੀ ਹੈ, ਇਸੇ ਲਈ ਉਹ ਦ੍ਰਿਸ਼ਟਮਾਨ ਪ੍ਰਕਿਰਤੀ ਉਤੇ ਨਾਂ-ਮਾਤਰ ਹੀ ਟੇਕ ਰੱਖਦੇ ਸਨ। ਬਾਹਰੀ ਜਗਤ ਦਾ ਉਲੇਖ ਕਰਦੇ ਹੋਏ ਵੀ ਉਨ੍ਹਾਂ ਦੀ ਬਿਰਤੀ ਅੰਤਰ-ਮੁਖੀ ਹੀ ਰਹਿੰਦੀ ਹੈ। ਉਨ੍ਹਾਂ ਦੀ ਇਸ ਰੁਚੀ ਦਾ ਸਿਧਾਂਤਕ ਅਧਾਰ ਇਹ ਹੈ ਕਿ ਉਹ ਬਾਹਰੀ ਜਗਤ ਨੂੰ ਮਿਥਿਆ ਅਤੇ ਆਤਮਿਕ ਜਗਤ ਨੂੰ ਸੱਤਿਆਰੂਪ ਮੰਨਦੇ ਹਨ। ਇਸ ਲਈ ਬਾਹਰੀ ਜਗਤ ਦਾ ਉਲੇਖ ਜੋਗੀ-ਕਾਵਿ ਵਿਚ ਉਦੋਂ ਹੀ ਹੋਇਆ ਹੈ ਜਦੋਂ ਉਨ੍ਹਾਂ ਨੂੰ ਇਸ ਰਾਹੀਂ ਆਂਤਰਿਕ ਰਹੱਸ ਨੂੰ ਰੂਪਮਾਨ ਕਰਨ ਦੀ ਲੋੜ ਪਈ। ਸਾਡੀ ਜਾਚੇ ਆਂਤਰਿਕ ਸੰਸਾਰ ਵੀ ਪ੍ਰਕਿਰਤੀ ਦਾ ਹੀ ਇਕ ਪ੍ਰੇਮ-ਰੂਪ ਹੈ, ਜਿਸ ਦਾ ਅਨੁਭਵ ਸਧਾਰਨ ਪੰਜਾਂ ਗਿਆਨ ਇੰਦਰੀਆਂ ਰਾਹੀਂ ਪ੍ਰਾਪਤ ਨਹੀਂ ਹੁੰਦਾ ਕਿਉਂਕਿ ਮਨੁੱਖ ਦੀ ਪੰਜ-ਭੂਤਨ ਦੇਹ ਦ੍ਰਿਸ਼ਟਮਾਨ ਪਦਾਰਥਾਂ ਉਤੇ ਹੀ ਆਧਾਰਿਤ ਹੈ।

ਇਸ ਲਈ ਕਿਨਾ ਵੀ ਨਿਰਲੇਪ ਹੋਕੇ ਪ੍ਰਕਿਰਤੀ ਦੀ ਖੇਹ ਨੂੰ ਨਿਕਾਰਿਆ ਨਹੀਂ ਜਾ ਸਕਦਾ। ਸਾਡੇ ਕਹਿਣ ਦਾ ਤਾਤਪਰਜ ਇਹ ਹੈ ਕਿ ਨਾਥ-ਜੋਗੀ ਦ੍ਰਿਸ਼ਟਮਾਨ ਜਗਤ ਤੋਂ ਨਿਰਲੇਪ ਰਹਿਣ ਦਾ ਜਤਨ ਕਰਦੇ ਹੋਏ ਵੀ, ਇਸ ਵਿਚ ਸਫਲ ਨਹੀਂ ਹੋ ਸਕੇ ਅਤੇ ਉਨ੍ਹਾਂ ਨੂੰ ਪ੍ਰਕਿਰਤੀ ਦੇ ਬਾਹਰੀ ਰੂਪ ਤੋਂ ਹਰ ਹਾਲ ਸਹਾਰਾ ਤੇ ਸਮਰਥਨ ਲੈਣਾ ਹੀ ਪਿਆ।

<u>ਬ੍ਰਹਿਮੰਡ ਤੇ ਪਿੰਡ</u>

ਭਾਰਤੀ ਜੋਗ ਸਾਧਕਾਂ ਨੇ ਇਕ ਅਭਿਆਸ-ਵਿਧੀ ਵਿਕਸਿਤ ਕੀਤੀ ਹੈ, ਜਿਸ ਨੂੰ "ਕੁੰਡਲਨੀ ਉਥਾਪਨ ਪ੍ਰਕਿਰਿਆ" ਕਹਿੰਦੇ ਹਨ। ਇਸ ਅਵਸਥਾ ਦੀ ਪ੍ਰਾਪਤੀ ਸਹਿਜ ਸਾਧਨਾ ਦੁਆਰਾ ਪੜਾਅ ਦਰ ਪੜਾਅ ਹੁੰਦੀ ਹੈ ਅਤੇ ਇਸੇ ਸਾਧਨਾ ਮਾਰਗ ਉਤੇ ਚਲਦਿਆਂ ਜੋਗੀ ਆਪਣੀ ਆਤਮਾ ਵਿਚੋਂ ਉਤਪੰਨ ਹੁੰਦਾ ਅਨਹਦ-ਨਾਦ ਸੁਣਦਾ ਹੈ ਅਤੇ ਪਰਮਾਤਮਾ ਦੀ ਜੋਤੀ ਆਪਣੇ ਅੰਤਹਿ-ਕਰਣ ਵਿਚ ਉਦੀਪਤ ਕਰਦਾ ਹੈ। "ਅਸ਼ਟਾਂਗ, ਰਾਜ, ਮੰਤਰ ਅਤੇ ਹੱਠ ਆਦਿ ਸਭਨਾਂ ਜੋਗ-ਪਰਪਾਟੀਆਂ ਵਿਚ ਇਸੇ ਕੁੰਡਲਨੀ ਉਥਾਪਨ ਪ੍ਰਕਿਰਿਆ ਨੂੰ ਪ੍ਰਮੁਖ ਵਿਧੀ ਮੰਨਿਆ ਜਾਂਦਾ ਹੈ। ਇਸ ਵਿਧੀ ਦਾ ਸਿਧਾਂਤਕ ਆਧਾਰ ਇਹ ਹੈ ਕਿ ਜੋਗੀ ਨੂੰ ਬ੍ਰਹਿਮੰਡ ਅਤੇ ਪਿੰਡ ਦੀ ਸਮਾਨਤਾ ਦਾ ਅਨੁਭਵ ਹੁੰਦਾ ਹੈ। ਬ੍ਰਹਿਮੰਡ ਦੀ ਸ਼ਕਤੀ ਨੂੰ "ਮਹਾ-ਕੁੰਡਲਨੀ" ਅਤੇ ਪਿੰਡ ਦੀ ਸ਼ਕਤੀ ਨੂੰ ਕੇਵਲ ਕੁੰਡਲਨੀ ਕਿਹਾ ਜਾਂਦਾ ਹੈ। ਜੋਗ ਅਨੁਸਾਰ ਸ਼ਕਤੀ ਅਥਵਾ ਕਰਾਮਾਤੀ ਸ਼ਕਤੀ ਦੀ ਸਿਧੀ ਲਈ ਕੁੰਡਲਨੀ ਉਥਾਪਨਾ ਪ੍ਰਕਿਰਿਆ ਹੀ ਪਰਮ-ਆਵੱਸ਼ਕ ਸਾਧਨ ਹੈ। ਇਸ ਪ੍ਰਕਿਰਿਆ ਰਾਹੀਂ ਕੁੰਡਲਨੀ ਸ਼ਕਤੀ ਦਾ ਪ੍ਰਵਾਹ ਇੜਾ, ਪਿੰਗਲਾ ਰਾਹੀਂ ਉਤਾਂਹ ਹੁੰਦਾ ਹੈ। 'ਸੁਖਮਨਾ' ਵਿਚ ਮਿਲਦਾ ਹੈ। ਜਿਨ੍ਹਾਂ ਨੂੰ ਹੀ ਜੋਗੀ ਗੰਗਾ-ਜਮੁਨਾ ਅਤੇ ਸਰਸਵਤੀ ਦਾ ਪ੍ਰਤੀਕ-ਮਈ ਸੰਗਮ ਅਥਵਾ ਆਤਮਿਕ ਤ੍ਰਿਬੇਣੀ ਕਹਿੰਦੇ ਹਨ। ਇਉਂ ਆਤਮਿਕ ਸ਼ਕਤੀਆਂ ਦਾ ਊਰਧਮੁਖੀ ਪ੍ਰਵਾਹ ਦ੍ਰਿਸ਼ਟਮਾਨ ਤਿੰਨਾਂ ਪ੍ਰਕਿਰਤਕ ਨਦੀਆਂ ਦੇ ਉਪਮਾਨ ਰਾਹੀਂ ਜਗਿਆਸੂ ਦੇ ਅਨੁਭਵ-ਖੇਤਰ ਦਾ ਭਾਗ ਬਣਾਇਆ ਜਾਂਦਾ ਹੈ। ਜਦੋਂ ਜੋਗ ਸਾਧਨਾਂ ਰਾਹੀਂ ਕੁੰਡਲਨੀ ਸ਼ਕਤੀ ਜਾਗ੍ਰਿਤ ਹੋ ਜਾਂਦੀ ਹੈ ਤਾਂ ਜੋਗੀ ਨੂੰ ਅਨਹਦ ਨਾਦ ਸੁਣਨ ਲਗ ਪੈਂਦਾ ਹੈ। ਇਸ ਨਾਦ ਰਾਹੀਂ ਪ੍ਰਾਪਤ ਗਿਆਨ ਦਾ ਚਾਨਣ ਚੰਦ-ਸੂਰਜ ਦੇ ਬਰਾਬਰ ਹੁੰਦਾ ਹੈ ਅਤੇ ਜੋਗੀ ਇਸ ਨਾਦ ਨੂੰ ਹੀ ਬ੍ਰਹਮ ਦਾ ਦਰਜਾ ਦਿੰਦੇ ਹਨ।

<u>ਦਸਮ ਦੁਆਰ</u>

ਭਰਵੱਟਿਆਂ ਦੇ ਐਨ ਵਿਚਕਾਰ ਇਕ ਆਗਿਆ ਚੱਕਰ ਮੰਨਿਆ ਜਾਂਦਾ ਹੈ, ਜਿਸ ਦੇ ਉਪਰ ਇਕ ਕਮਲ ਹੈ, ਜਿਸ ਨੂੰ ਜੋਗੀ ਚੰਦਰ ਮੰਡਲ ਕਹਿੰਦੇ ਹਨ। ਇਸ ਕਮਲ ਵਿਚਿ

ਅੰਮ੍ਰਿਤ ਝਰਦਾ ਹੈ। ਜੋਗੀ ਆਪਣੀ ਸਾਧਨਾ ਦੁਆਰਾ ਇਸ ਅਨੁਪਮ ਰਸ ਦਾ ਅੰਮ੍ਰਿਤਪਾਨ ਕਰਦਾ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਇਹ ਜੋਗ-ਮੱਤ ਦੀ ਸਾਰੀ ਪ੍ਰਕਿਰਿਆ ਪ੍ਰਕਿਰਤੀ ਵਿਚ ਵਿਦਮਾਨ ਪ੍ਰਾਕਿਰਤਕ ਸ਼ਕਤੀਆਂ ਦਾ ਹੀ ਅੰਸ਼ਕ ਰੂਪ ਹੈ, ਜਿਸ ਨੂੰ ਅਨੁਭਵੀ ਮਨੁੱਖ ਬ੍ਰਹਿਮੰਡ ਦੇ ਇਸ ਵਿਸ਼ਾਲ ਪਸਾਰੇ ਵਿਚੋਂ ਗ੍ਰਹਿਣ ਕਰਨ ਦਾ ਪ੍ਰਯਤਨ ਕਰਦਾ ਹੈ, ਇਉਂ ਉਸ ਦੀ ਟੇਕ ਪ੍ਰਕਿਰਤੀ ਉਤੇ ਆ ਟਿਕਦੀ ਹੈ।

<u>ਜੋਗ ਮੱਤ</u>

ਜੋਗ ਸਾਧਨਾ ਭਾਰਤ ਦੇ ਛੇ-ਪ੍ਰਾਚੀਨ ਦਰਸ਼ਨਾਂ ਵਿਚੋਂ ਇਕ ਹੈ। ਜੋਗ ਸ਼ਾਸਤ੍ਰ ਪਾਤੰਜਲ ਰਿਸ਼ੀ ਦੇ ਨਾਂ ਨਾਲ ਸੰਬੰਧਿਤ ਹੈ। ਪਾਤੰਜਲ ਅਨੁਸਾਰ ਚਿੱਤ-ਬਿਰਤੀ ਦਾ ਨਿਰੋਧ ਹੀ ਜੋਗ ਹੈ। ਚਿੱਤ ਦੀ ਪ੍ਰਕਿਰਤੀ ਚੰਚਲ ਹੁੰਦੀ ਹੈ। ਜੋਗ ਦੁਆਰਾ ਹੀ ਉਸ ਨੂੰ ਸਹਿਜ ਅਥਵਾ ਪ੍ਰਕਾਸ਼ ਮਿਲਦਾ ਹੈ। ਇਸ ਚਿੱਤ ਦਾ ਪ੍ਰਕਾਸ਼ਵਾਨ ਹੋਣਾ ਹੀ ਇਕਾਗਰਤਾ ਹੈ ਅਤੇ ਬਿਰਤੀਆਂ ਦੀ ਇਕਾਗਰਤਾ ਸਮਾਧੀ ਰਾਹੀਂ ਹੀ ਪ੍ਰਾਪਤ ਹੁੰਦੀ ਹੈ। ਸਮਾਧੀ ਦਾ ਅਰਥ ਹੈ ਕਿ ਧਿਆਨ ਨੂੰ ਬਾਹਰੀ ਦ੍ਰਿਸ਼ਟਮਾਨ ਜਗਤ ਤੋਂ ਮੋੜਕੇ ਅੰਤਰ-ਆਤਮ੍ਰਿਸ਼ਟ ਵੱਲ ਮੋੜਿਆ ਜਾਵੇ। ਦ੍ਰਿਸ਼ਟ ਸਥੂਲ ਜਾਂ ਸੂਖਮ ਦੋ ਤਰ੍ਹਾਂ ਦਾ ਹ। ਇਸ ਦਾ ਗਿਆਨ ਅਸੀ ਆਪਣੀਆਂ ਪੰਜ-ਇੰਦਰੀਆਂ ਜਾਂ ਬੁੱਧੀ ਤੇ ਆਤਮਾ ਰਾਹੀਂ ਕਰ ਸਕਦੇ ਹਾਂ। ਜੋਗੀ ਦਾ ਅਨੁਭਵ ਸਥੂਲ ਤੋਂ ਸੂਖਮ ਹੁੰਦਾ ਤੁਰਿਆ ਜਾਂਦਾ ਹੈ। ਪੰਜ-ਇੰਦਰੀਆਂ ਰਾਹੀਂ ਸਾਨੂੰ ਸਥੂਲ ਦੀ ਜਾਣਕਾਰੀ ਹੁੰਦੀ ਹੈ। ਬੁੱਧੀ ਇਨ੍ਹਾਂ ਪੰਜਾਂ ਗਿਆਨ ਇੰਦਰੀਆਂ ਤੋਂ ਘੱਟ ਸਥੂਲ ਅਤੇ ਆਤਮਾ ਉਕਾ ਹੀ ਸੂਖਮ ਹੈ। ਅਧਿਆਤਮਿਕ ਪ੍ਰਕਿਰਿਆ ਵਿਚ ਆਤਮ-ਦਰਸ਼ਨ, ਸੂਖਮ ਨੂੰ ਪ੍ਰਤੱਖ ਕਰ ਲੈਣ ਦਾ ਹੀ ਦੂਜਾ ਨਾਂ ਹੈ। ਪਾਤੰਜਲ ਦੇ ਜੋਗ ਅਨੁਸਾਰ ਇਸ ਪ੍ਰਤੱਖ ਵਿਚੋਂ ਪਰਮ-ਆਤਮਾ ਦੇ ਦਰਸ਼ਨ ਹੁੰਦੇ ਹਨ ਅਤੇ ਇਨ੍ਹਾਂ ਦੋਹਾਂ ਸ਼ਬਦਾਂ ਦੀ ਸੰਧੀ ਨਾਲ ਪ੍ਰਮਾਤਮਾ ਸ਼ਬਦ ਬਣਿਆ।

<u>ਕਪਲ ਦਾ ਸਾਂਖ</u>

ਕਪਲ ਮੁਨੀ ਇਸ ਦ੍ਰਿਸ਼ਟਮਾਨ ਪ੍ਰਕਿਰਤੀ ਨੂੰ ਮਾਇਆ, ਸ਼ਕਤੀ ਤੇ ਛਲਾਵਾ ਆਦਿ ਕਹਿੰਦਾ ਹੈ। ਮਨੁੱਖ ਚੇਤਨ ਹੈ ਤੇ ਪ੍ਰਕਿਰਤੀ ਜੜ੍ਹ, ਜੇ ਮਨੁੱਖ ਗਿਆਨੀ ਹੈ ਤਾਂ ਪ੍ਰਕਿਰਤੀ ਅੰਧ-ਅਗਿਆਨੀ। ਉਸ ਨੇ ਮਨੁੱਖ ਨੂੰ ਪ੍ਰਕਿਰਤੀ ਤੋਂ ਸਰੇਸ਼ਟ ਮੰਨਿਆ ਹੈ।[48]

**All that is not developed and is wanting in nature, exists and is developed in man. Nature has no power over thought, while in thought lies the power of man.**

ਕਿਉਂਕਿ ਮਨੁੱਖ ਨੂੰ ਆਪਣੀ ਉੱਤਮਤਾ ਤੇ ਸਰੇਸ਼ਟਤਾ ਦਾ ਗਿਆਨ ਨਹੀਂ ਹੁੰਦਾ ਸਗੋਂ ਉਹ ਪ੍ਰਕਿਰਤੀ ਦੇ ਭਰਮ ਜਾਲ ਵਿਚ ਫਸਿਆ ਰਹਿੰਦਾ ਹੈ। ਕਪਲ-ਮੁਨੀ ਨੇ ਸਾਰੀ ਸਰਿਸ਼ਟੀ ਦੇ ਪੱਚੀ ਤੱਤ ਮੰਨੇ ਹਨ, ਜਿਨ੍ਹਾਂ ਵਿਚ ਪ੍ਰਕਿਰਤੀ, ਬੁਧੀ, ਅਹੰਕਾਰ, ਮਨ ਅਤੇ ਪੁਰਸ਼ ਦੇ ਇਕ ਇਕ ਅਤੇ ਪੰਜ ਤਨ-ਮਾਤਰ, ਪੰਜ ਮਹਾਂਭੂਤ, ਪੰਜ ਗਿਆਨ - ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਮਿਲਕੇ ਕੁੱਲ ਪੱਚੀ ਤੱਤ ਬਣਦੇ ਹਨ। ਡਾ: ਧਰਮਵੀਰ ਭਾਰਤੀ ਨੇ ਸਿੱਧਾਂ ਦੇ ਇਸ ਸਮੱਸਤ ਤੱਤਵ ਗਿਆਨ ਨੂੰ ਵਿਗਿਆਨ-ਮੂਲਕ ਸਿੱਧ ਕਰਦਿਆਂ ਕਿਹਾ ਹੈ ਕਿ ਸਿੱਧਾਂ ਦੀ ਸੁੰਨ-ਅਵਸਥਾ ਵਿਗਿਆਨ ਦੀ ਸੁੰਨ ਕਲਪਨਾ ਦੀ ਅਨੁਸਾਰੀ ਹੈ।[40]

ਗੋਰਖ ਉਪਨਿਸ਼ਦ ਅਨੁਸਾਰ ਸਦਾ ਅਨੰਦ ਦੀ ਪ੍ਰਾਪਤੀ ਦ੍ਰਿਸ਼ਟਮਾਨ-ਬਾਹਰੀ ਪ੍ਰਕਿਰਤੀ ਨੂੰ ਗ੍ਰਹਿਣ ਕਰਨ ਨਾਲ ਹੁੰਦੀ ਹੈ। ਸ੍ਰਿਸ਼ਟੀ ਦੀ ਸਿਰਜਨਾ ਦਾ ਕਾਰਨ ਸ਼ਕਤੀ ਹੈ। ਸ਼ਿਵ, ਸ਼ਕਤੀ ਦਾ ਪਾਲਣ ਕਰਦੇ ਹਨ, ਕਾਲ ਸੰਘਾਰ ਕਰਦਾ ਹੈ ਅਤੇ ਨਾਥ ਮੁਕਤੀ-ਦਾਤੇ ਹਨ। ਇਹ ਨਾਥ ਸ਼ੁਧ ਆਤਮਾ ਦਾ ਹੀ ਨਾਮ ਹੈ।

ਇਉਂ ਅਸੀਂ ਵੇਖਦੇ ਹਾਂ ਕਿ ਪੂਰਵ ਨਾਨਕ ਕਾਲ ਦੇ ਸਾਰੇ ਪ੍ਰਚੱਲਤ ਸਾਮੀ ਤੇ ਭਾਰਤੀ ਮੱਤਾਂ ਦੇ ਦਰਸ਼ਨਾਂ ਵਿਚ ਪ੍ਰਕਿਰਤੀ ਦਾ ਪ੍ਰਗਟ ਅਤੇ ਗੁੱਪਤ ਯੋਗਦਾਨ ਕਿਸੇ ਨਾ ਕਿਸੇ ਮਾਤਰਾ ਵਿਚ ਰੂਪਮਾਨ ਹੈ। ਅਮਲ ਵਿਚ ਮਾਇਆ ਦ੍ਰਿਸ਼ਟਮਾਨ ਜਗਤ ਤੋਂ ਪਲਾਇਨ, ਬਾਹਰੀ ਇੰਦਰਿਆਵੀ ਖੁਸ਼ੀਆਂ ਦਾ ਤਿਆਗ ਤੇ ਸੰਸਾਰਕ ਤ੍ਰਿਸ਼ਨਾਵਾਂ ਦਾ ਤਿਆਗ ਆਦਿ ਮੱਧ-ਕਾਲੀਨ ਮਨੁੱਖੀ ਸਮਾਜ ਦੀ ਮੁੱਖ-ਪ੍ਰਵਿਰਤੀ ਹੈ। ਭਾਰਤ ਵਿਚ ਤਾਂ ਇਸ ਦੇ ਅਨੇਕਾਂ ਸਾਮੰਤਵਾਦੀ ਆਧਾਰ ਮੌਜੂਦ ਹਨ, ਜਿੰਨ੍ਹਾਂ ਦੇ ਅਧਾਰ ਉਤੇ ਸੰਸਾਰਕ ਖੁਸ਼ੀਆਂ ਦੇ ਤਿਆਗ ਦੀ ਆਮ ਮਨੁੱਖ ਨੂੰ ਪ੍ਰੇਰਨਾ ਦਿੱਤੀ ਗਈ ਹੈ। ਵਾਸਤਵ ਵਿਚ ਇਹ ਰੁਚੀ ਸਮੇਂ ਦੀਆਂ ਰਾਜ-ਸ਼ਕਤੀਆਂ ਦਾ ਸਮਰਥਨ ਕਰਦੀ ਹੈ, ਜਿੰਨ੍ਹਾਂ ਕੋਲ ਮੱਧ-ਕਾਲ ਵਿਚ ਰਾਜ-ਭਾਗ ਦੀ ਸ਼ਕਤੀ ਸੀ। ਇਹ ਸ਼ਕਤੀਆਂ ਆਮ ਸੰਸਾਰਕ ਅਨੰਦ ਵਿਚ ਪੂਰੀ ਤਰ੍ਹਾਂ ਗ੍ਰਸਤ ਸਨ ਪਰ ਅਧਿਆਤਮਿਕ ਮੱਤਾਂ ਰਾਹੀਂ ਸਧਾਰਨ ਲੋਕਾਂ ਨੂੰ ਸੰਸਾਰਕ ਖੁਸ਼ੀਆਂ ਦੇ ਤਿਆਗ ਦਾ ਸੰਦੇਸ਼ ਦਿੱਤਾ ਜਾਂਦਾ ਸੀ। ਇਹ ਇਕ ਇਤਿਹਾਸਕ ਦਵੰਦ ਹੈ। ਦ੍ਰਿਸ਼ਟਮਾਨ ਸੰਸਾਰ ਦੀ ਸੀਮਾ ਮਨੁੱਖ ਦੇ ਅਨੁਭਵ ਨਾਲ ਨਿਰਧਾਰਤ ਹੁੰਦੀ ਹੈ। ਸੂਖਮ ਬਿਰਤੀ

ਵਾਲਾ ਮਨੁੱਖ ਆਤਮਕ ਅਨੁਭਵਾਂ ਨੂੰ ਸਹਿਜੇ ਹੀ ਪ੍ਰਾਪਤ ਕਰ ਸਕਦਾ ਹੈ ਜਦਕਿ ਸਧਾਰਨ ਬੁਧੀ ਵਾਲੇ ਲਈ ਅਧਿਆਤਮਿਕ ਜਗਤ ਦਾ ਅਨੁਭਵ ਰੱਖਣਾ ਸੰਭਵ ਨਹੀ। ਸੰਸਾਰ ਨੂੰ ਮਾਇਆ ਕਹਿਣਾ ਅਤੇ ਇਸ ਦੇ ਤਿਆਗ ਤੇ ਬਲ ਦੇਣਾ ਤੇ ਇਸ ਤਿਆਗ ਨੂੰ ਸੁੱਖਾਂ ਦਾ ਸਾਧਨ ਮੰਨਣਾ, ਕਿਸੇ ਤਰ੍ਹਾਂ ਨਾਲ ਵੀ ਲੋਕ ਪੱਖੀ ਨਹੀ ਮੰਨਿਆ ਜਾ ਸਕਦਾ। ਅਜਿਹਾ ਦ੍ਰਿਸ਼ਟੀਕੋਣ ਹੀ ਭਾਰਤੀਆਂ ਦੀ ਲੰਮੀ ਰਾਜਨੀ - ਗੁਲਾਮੀ ਦਾ ਕਾਰਨ ਬਣਿਆ ਰਿਹਾ।

ਇਸ ਸੰਦਰਭ ਵਿਚ ਗੁਰੂ ਨਾਨਕ ਦਾ ਫਲਸਫਾ ਇਕ ਇਨਕਲਾਬੀ ਤਬਦੀਲੀ ਦਾ ਸੂਚਕ ਹੈ। ਗੁਰੂ ਨਾਨਕ ਨੇ ਜੋਗ ਮੱਤ ਦਾ ਭਰਪੂਰ ਖੰਡਨ, ਜੋਗਮੱਤ ਦੀ ਨਿਰਾਰਥਕਤਾ ਕਰਕੇ ਹੀ ਕੀਤਾ ਸੀ ਕਿਉਂਕਿ ਗੁਰੂ ਨਾਨਕ ਅਨੁਸਾਰ ਜੋਗ- ਮੱਤ ਦੀਆਂ ਰਿਧੀਆਂ ਸਿਧੀਆਂ ਆਮ ਲੋਕਾਂ ਦੇ ਵਿਪਰੀਤ ਸਨ ਅਤੇ ਉਨ੍ਹਾਂ ਦੇ ਸਾਰੇ ਫਲਸਫੇ ਵਿਚ ਇਕ ਮਾਨਵਵਾਦੀ-ਜੀਵਨ ਦ੍ਰਿਸ਼ਟੀਕੋਣ ਹੋਈ, ਜਿਸ ਦੇ ਸਮਾਧਾਨ ਲਈ, ਉਨ੍ਹਾਂ ਨੇ ਆਪਣੀ ਅੰਮ੍ਰਿਤਬਾਣੀ ਦੀ ਆਵੇਸ਼ਿਤ ਸਿਰਜਨਾ ਕੀਤੀ। ਪ੍ਰਕਿਰਤੀ ਨੂੰ ਉਸ ਦੇ ਬਲਵਾਨ, ਸੁਨੱਖੇ ਤੇ ਕਲਿਆਣਕਾਰੀ ਲੋਕ-ਰੂਪ ਵਿਚ ਅਪਣਾਇਆ ਤੇ ਇਸ ਨੂੰ ਪ੍ਰਮਾਤਮਾ ਦੀ ਸਾਕਾਰ ਸਿਰਜਨਾ ਮੰਨਿਆ। ਅਸੀਂ ਉਪਰੋਕਤ ਅਧਿਆਇ ਵਿਚ ਪੂਰਵ ਗੁਰੂ ਨਾਨਕ ਕਾਲ ਵਿਚ ਪ੍ਰਕਿਰਤੀ ਸਬੰਧੀ ਦਾਰਸ਼ਨਿਕ ਤੇ ਸਾਹਿੱਤਕ ਵਤੀਰੇ ਦਾ ਇਸੇ ਲਈ ਵਿਸ਼ਲੇਸ਼ਣ ਕੀਤਾ ਹੈ ਤਾਂ ਜੋ ਗੁਰੂ ਨਾਨਕ ਦੁਆਰਾ ਪ੍ਰਕਿਰਤੀ ਸਬੰਧੀ ਦ੍ਰਿਸ਼ਟੀਕੋਣ ਵਿਚ ਲਿਆਂਦੇ ਬੁਨਿਆਦੀ ਅੰਤਰ ਨੂੰ ਉਜਾਗਰ ਕੀਤਾ ਜਾ ਸਕੇ।

## ਪੈਰ ਟਿੱਪਣੀਆਂ

## ਅਧਿਆਇ - ਚੌਥਾ

1. ਭਾਰਤੀ, ਧਰਮਵੀਰ, (ਡਾ:) - ਸਿਧ ਸਾਹਿਤ (ਹਿੰਦੀ), ਪੰਨਾ 253.
2. ਬੜਥਵਾਲ, ਪਿਤੰਬਰ ਦੱਤ, (ਡਾ:) - ਗੋਰਖ ਬਾਣੀ (ਹਿੰਦੀ), ਪੰਨਾ 109.
3. ਨਰਿੰਦਰ ਧੀਰ, ਨਾਥ - ਸਿਧ: ਏਕ ਵਿਵੇਚਨ, ਪੰਨਾ 110.
4. ਉਹੀ, ਪੰਨਾ 283
5. ਦੀਪ, ਦਲੀਪ ਸਿੰਘ (ਡਾ:) ਕਾਵਿ - ਬਿੰਬ, ਪੰਨਾ 12.
6. ਗੁਰਦੇਵ ਸਿੰਘ (ਡਾ:) - ਪੰਜਾਬੀ ਕਾਵਿ ਵਿਚ ਪ੍ਰਕਿਰਤੀ- ਚਿਤ੍ਰਣ, ਪੰਨਾ 12.
7. ਨਰਿੰਦਰ ਧੀਰ - ਨਾਥ - ਸਿਧ : ਏਕ ਵਿਵੇਚਨ, ਪੰਨਾ 419.
8. ਅਰੁਣ, ਵਿਦਿਆ ਭਾਸਕਰ - ਅਧਿਆਤਮਿਕ ਕਾਵਿ-ਧਾਰਾ ਤੇ ਨਾਥ-ਜੋਗੀ (ਪੰਜਾਬੀ ਦੁਨੀਆਂ 1955), ਪੰਨਾ 52.
9. ਨਰਿੰਦਰ ਧੀਰ - ਨਾਥ ਸਿਧ: ਏਕ ਵਿਵੇਚਨ - ਪੰਨਾ 110.
10. ਉਹੀ, ਪੰਨਾ 120.
11. ਉਹੀ
12. ਅਰੁਣ, ਵਿਦਿਆ ਭਾਸਕਰ - ਅਧਿਆਤਮਿਕ ਕਾਵਿ-ਧਾਰਾ ਤੇ ਨਾਥ - ਜੋਗੀ, ਪੰਨਾ 47.
13. ਭਾਰਤੀ, ਧਰਮਵੀਰ - ਨਾਥ ਸਾਹਿਤ (ਹਿੰਦੀ), ਪੰਨਾ 338.
14. ਬਾਗਚੀ, ਪ੍ਰਬੋਧ ਚੰਦਰ - ਦੋਹਾ ਹਿੰਦੀ ਕੋਸ਼, ਪੰਨਾ 35.
15. ਗੁਰਦੇਵ ਸਿੰਘ (ਡਾ:) - ਪੰਜਾਬੀ ਕਾਵਿ ਵਿਚ ਪ੍ਰਕਿਰਤੀ - ਚਿਤ੍ਰਣ, ਪੰਨਾ 16.
16. ਸਾਹਿਬ ਸਿੰਘ (ਪ੍ਰੋ:) - ਸਲੋਕ ਫਰੀਦ, ਪੰਨਾ 91.
17. ਉਹੀ, ਪੰਨਾ 130
18. ਉਹੀ, ਪੰਨਾ 137
19. ਉਹੀ, ਪੰਨਾ 105
20. ਉਹੀ, ਪੰਨਾ ਉਹੀ
21. ਉਹੀ, ਪੰਨਾ 50
22. ਉਹੀ, ਪੰਨਾ 82

23. ਪ੍ਰੇਮ ਪ੍ਰਕਾਸ਼ ਸਿੰਘ (ਡਾ:) - ਗੁਰੂ ਨਾਨਕ ਤੇ ਨਿਰਗੁਣ ਧਾਰਾ, ਪੰਨਾ 62.

24. ਆਦਿ ਗ੍ਰੰਥ - ਪੰਨਾ 1345

25. ਗੋਪਾਲ ਸਿੰਘ (ਡਾ:) - ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 43.

26. ਉਹੀ, ਪੰਨਾ 46.

27. ਜੋਧ ਸਿੰਘ (ਭਾਈ) - ਭਗਤੀ ਰਤਨਾਕਰ - ਸਲੋਕ ਕਬੀਰ ਜੀ, ਪੰਨਾ 362.

28. ਉਹੀ, ਪੰਨਾ 226

29. ਉਹੀ

30. ਪਰਮਿੰਦਰ ਸਿੰਘ (ਡਾ:) }<br>ਕਸੇਲ, ਕਿਰਪਾਲ ਸਿੰਘ } ਪੰਜਾਬੀ ਸਾਹਿਤ ਦਾ ਵਿਕਾਸ ਤੇ ਉਤਪਤੀ, ਪੰਨਾ 105.

31. ਉਹੀ, ਪੰਨਾ 110

32. ਬੜਥਵਾਲ, ਪਿਤੰਬਰ ਦੱਤ - ਗੋਰਖਬਾਣੀ, ਪੰਨਾ 12.

33. ਦੀਵਾਨ ਸਿੰਘ (ਡਾ:) - ਫਰੀਦ ਦਰਸ਼ਨ, ਪੰਨਾ 37.

34. ਨਰਿੰਦਰ ਧੀਰ - ਨਾਥ - ਸਿਧ, ਜੋਗ ਵਿਵੇਚਨ, ਪੰਨਾ 103.

35. ਤਾਰਨ ਸਿੰਘ (ਡਾ:) - ਪੰਜਾਬੀ ਸਾਹਿਤ ਦੇ ਮੁਢਲੇ ਸੋਮੇ, ਪੰਨਾ 20

36. ਭਗਤ ਸਿੰਘ, (ਗਿਆਨੀ) - ਕਥਾ ਉਪਦੇਸ਼ - ਸਾਗਰ, ਪੰਨਾ 191

37. ਮੋਹਨ ਸਿੰਘ (ਡਾ:) - ਪੰਜਾਬੀ ਭਾਖਾ ਵਿਗਿਆਨ ਤੇ ਗੁਰਮਤਿ ਗਿਆਨ, ਪੰਨਾ 176

38. ਭਾਰਤੀ, ਧਰਮਵੀਰ (ਡਾ:) - ਸਿਧ ਸਾਹਿਤ, ਪੰਨਾ 339

39. ਬੜਥਵਾਲ, ਪਿਤੰਬਰ ਦੱਤ, (ਡਾ:) - ਗੋਰਖਬਾਣੀ, ਪੰਨਾ 60

40. ਸ਼ਰਮਾ, ਮਹੀਧਰ - ਗੋਰਖਬਾਣੀ (ਟੀਕਾ); ਬੰਬਈ - 1960

41. ਨਰਿੰਦਰ ਧੀਰ - ਸਿਧ ਸਾਹਿਤ, ਪੰਨਾ 294

42. ਦੀਵਾਨ ਸਿੰਘ (ਡਾ:) - ਫਰੀਦ ਦਰਸ਼ਨ, ਪੰਨਾ 24

43. ਪ੍ਰੀਤਮ ਸਿੰਘ - ਕਬੀਰ ਤੇ ਫਰੀਦ, ਪੰਜਾਬੀ ਦੁਨੀਆਂ (ਅਪਰੈਲ - ਮਈ) 1960, ਪੰਨਾ 204

44. ਜੋਧ ਸਿੰਘ (ਭਾਈ) - ਭਗਤੀ ਰਤਨਾਕਰ, ਪੰਨਾ 326.

45. ਉਹੀ, ਪੰਨਾ 20

46. ਵਿਯੋਗੀ ਹਰੀ - ਸੰਤ - ਸੁਧਾਸਾਰ, ਪੰਨਾ 127-28.

47. Alexander Herzen's Selected Philosophical Works, Moscow 1956
P - 133.

48. ਭਾਰਤੀ, ਧਰਮਵੀਰ, (ਡਾ:) - ਸਿਧ ਸਾਹਿਤ, ਅਲਾਹਾਬਾਦ - 1955,
ਪੰਨਾ 298.

## ਅਧਿਆਇ ਪੰਜਵਾਂ

## ਗੁਰੂ ਨਾਨਕ ਦਰਸ਼ਨ ਦੇ ਵਿਭਿੰਨ-ਸਰੂਪ

- ਬ੍ਰਹਮ ਦਾ ਸਰੂਪ
- ਜੀਵ ਦਾ ਸਰੂਪ
- ਜਗਤ ਦਾ ਸਰੂਪ
- ਮਾਇਆ ਦਾ ਸਰੂਪ

ਪਦ-ਟਿੱਪਣੀਆਂ

## ਬ੍ਰਹਮ ਦਾ ਸਰੂਪ

ਭਾਰਤ ਦੇ ਮਹਾਨ ਦਰਸ਼ਨਵੇਤਾ, ਚਿੰਤਕਾਂ ਤੇ ਸਾਧਕਾਂ ਦੇ ਦੀਰਘ ਚਿੰਤਨ ਦਾ ਨਿਚੋੜ ਉਪਨਿਸ਼ਦਾਂ ਵਿਚ ਮਿਲਦਾ ਹੈ। ਉਨ੍ਹਾਂ ਸਾਧਕਾਂ ਨੇ ਇਸ ਨਾਸ਼ਵੰਤ ਤੇ ਪਰਿਵਰਤਨਸ਼ੀਲ ਜਗਤ ਦੇ ਮੂਲ ਵਿਚ ਵਿਆਪਿਕ ਕਿਸੇ ਅਮਰ ਸਤਾ(ਪਰਮਤੱਤ) ਦੀ ਹੋਂਦ ਨੂੰ ਬੜੀ ਡੂੰਘਾਈ ਨਾਲ ਸਮਝਣ ਤੇ ਬੋਧਣ ਦਾ ਜਤਨ ਕੀਤਾ ਹੈ। ਇਸ ਸਰਬ-ਵਿਆਪਿਕ ਪਰਮ ਜੋਤੀ ਨੂੰ ਸਮਝਣ ਲਈ ਉਨ੍ਹਾਂ ਨੇ ਇਸ ਨੂੰ ਤਿੰਨ ਪੱਖਾਂ ਵਿਚ ਵੰਡਿਆ ਹੈ, ਅਧਿਭੌਤਿਕ, ਅਧਿਦੈਵਿਕ, ਅਤੇ ਅਧਿਆਤਮਿਕ। ਅਧਿਭੌਤਿਕ ਪੱਖ ਵਿਚ ਸੰਸਾਰ ਦੀ ਉਤਪਤੀ, ਸਥਿਤੀ ਅਤੇ ਵਿਕਾਸ ਦੇ ਕਾਰਨਾਂ ਨੂੰ ਜਾਣਿਆ ਹੈ। ਅਧਿਦੈਵਿਕ ਪੱਖ ਵਿਚ ਵਿਭਿੰਨ ਸੁਭਾਵਾਂ ਦੇ ਦੇਵਤਿਆਂ ਵਿਚ ਸ਼ਕਤੀ ਦਾ ਸੰਚਾਰ ਕਰਨ ਵਾਲੇ ਪਰਮਾਤਮਾ (ਪਰਮ ਤੱਤ) ਦੀ ਜਾਣਕਾਰੀ ਪ੍ਰਾਪਤ ਕਰਨ ਦਾ ਜਤਨ ਕੀਤਾ ਹੈ। ਅਧਿਆਤਮਿਕ ਪੱਖ ਵਿਚ ਅੰਤਰਿ ਕਰਣ ਦੀਆਂ ਵਿਵਿਧ ਪ੍ਰਕ੍ਰਿਆ ਅਤੇ ਜੀਵ-ਧਰਮ ਸੰਬੰਧੀ ਸਭ ਪ੍ਰਕਾਰ ਦੇ ਕਾਰਜਾਂ ਦਾ ਵਿਸ਼ਲੇਸ਼ਣ ਕੀਤਾ ਹੈ।[1]

ਬ੍ਰਹਮ ਕੀ ਹੈ? ਉਸ ਦਾ ਸਰੂਪ ਕੀ ਹੈ? ਉਸ ਦਾ ਵਾਸਾ ਕਿੱਥੇ ਹੈ? ਇਹ ਸਾਰੀ ਰਚਨਾ ਕਿਸੇ ਦੇ ਹੁਕਮ ਅੰਦਰ ਚਲ ਰਹੀ ਹੈ ਆਦਿ ਰਹੱਸ ਦੇ ਵਿਸ਼ੇ ਹਨ। ਇਸ ਰਹੱਸ ਅਨੁਭੂਤੀ ਲਈ ਸਮੇਂ ਸਮੇਂ ਮਨੁੱਖ ਨੇ ਜਤਨ ਕੀਤੇ ਪਰ ਇਸ ਅਗਾਧ ਅਲੱਖ, ਅਦ੍ਰਿਸ਼ਟ ਪਾਰਬ੍ਰਹਮ ਦੇ ਸਰੂਪ ਨੂੰ ਜਾਣ ਨਾ ਸਕਿਆ। ਸੰਸਾਰ ਦੇ ਵੱਖ ਵੱਖ ਧਰਮਾਂ ਦੇ ਆਗੂਆਂ, ਸੰਤਾਂ, ਰਿਸ਼ੀਆਂ ਮੁਨੀਆਂ ਤੇ ਦਰਸ਼ਨ-ਆਚਾਰੀਆਂ ਨੇ ਬ੍ਰਹਮ ਦੇ ਅਨੇਕਾਂ ਹੀ ਸਰੂਪ ਚਿਤਰੇ ਅਤੇ ਬ੍ਰਹਮ ਦੇ ਅਨੇਕਾਂ ਹੀ ਨਾਮ ਲਏ ਹਨ।

ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਾਰਤੀ ਦਰਸ਼ਨ ਆਚਾਰੀਆਂ ਦੇ ਵਿਚਾਰ ਦ੍ਰਿਸ਼ਟ ਕਰਕੇ ਉਨ੍ਹਾਂ ਦੇ ਸਿਧਾਂਤ ਤੇ ਸੰਖੇਪ ਰੂਪ ਵਿਚ ਵਿਆਖਿਆ ਕਰਾਂਗੇ।

ਸ਼ੰਕਰ ਦੇ ਅਦਵੈਤਵਾਦ ਦੇ ਮੂਲ-ਮੰਤ੍ਰ ਬ੍ਰਹਮ ਸਤ੍ਯਮ ਜਗਤ ਮਿਥਿਆ ਜੀਵੋ ਬ੍ਰਹਮੈਵ ਨਾਪਰਾਹੇ ਜਿਸ ਦੇ ਅਰਥ ਹਨ ਬ੍ਰਹਮ ਹੀ ਸਤ ਹੈ, ਜਗਤ ਮਿਥਿਆ ਹੈ। ਜੀਵ ਹੀ ਬ੍ਰਹਮ ਹੈ। ਜੀਵ ਦੀ ਬ੍ਰਹਮ ਤੋਂ ਕਿਸੇ ਤਰ੍ਹਾਂ ਦੀ ਵੀ ਭਿੰਨਤਾ ਨਹੀਂ ਹੈ।[2]

ਸ਼ੰਕਰ ਦੇ ਮੱਤ ਅਨੁਸਾਰ ਬ੍ਰਹਮ ਨਿਰਵਿਸ਼ੇਸ਼, ਨਿਰਵਿਕਾਰ, ਨਿਰਗੁਣ, ਸਤਿ, ਅਨੰਤ ਅਤੇ ਗਿਆਨ ਸਰੂਪ ਹੈ। ਇਸ ਨੂੰ ਪਾਰਬ੍ਰਹਮ ਕਿਹਾ ਗਿਆ ਹੈ । ਇਹੋ ਬ੍ਰਹਮ ਸਤਿ ਚਿਤ

ਅਤੇ ਅਨੰਦ ਹੈ ਪਰ ਜਦੋਂ ਇਹ ਮਾਇਆ ਦੇ ਲਗਾਉ ਕਾਰਣ ਸਵਿਸ਼ੇਸ਼ ਜਾਂ ਸੁਗੁਣ ਰੂਪ ਧਾਰਣ ਕਰਦਾ ਹੈ ਤਾਂ ਉਸ ਨੂੰ ਸਗੁਣ ਬ੍ਰਹਮ ਜਾਂ ਈਸ਼ਵਰ ਕਹਿੰਦੇ ਹਨ। ਪਾਰਬ੍ਰਹਮ ਸਰਬ ਸ਼ਕਤੀਮਾਨ ਹੈ। ਸ੍ਰਿਸ਼ਟੀ ਦਾ ਕਰਤਾ, ਉਸ ਦਾ ਪਾਲਕ ਤੇ ਸੰਘਾਰਣ ਵਾਲਾ ਵੀ ਆਪ ਹੀ ਹੈ।[3]

ਰਾਮਾਨੁਜ ਦੇ ਵਿਸ਼ਿਸ਼ਟਾਦਵੈਤ ਵਾਦ ਬ੍ਰਹਮ ਨੂੰ ਨਿਰਗੁਣ ਤੇ ਨਿਰਵਿਕਲਪ, ਨਹੀਂ ਮੰਨਿਆ। ਬ੍ਰਹਮ ਨੂੰ ਸਗੁਣ ਤੇ ਵਿਸ਼ੇਸ਼ ਮੰਨਿਆ ਹੈ। ਰਾਮਾਨੁਜ ਨੇ ਬ੍ਰਹਮ ਨੂੰ 'ਕਾਰਣ ਬ੍ਰਹਮ ਅਤੇ 'ਕਾਰਜ ਬ੍ਰਹਮ' ਮੰਨਿਆ ਹੈ। ਸ੍ਰਿਸ਼ਟੀ ਪ੍ਰਕਿਰਿਆ ਸਮੇਂ ਜਦੋਂ ਬ੍ਰਹਮ ਜੀਵਾਂ ਅਤੇ ਭੌਤਿਕ ਵਸਤੂਆਂ ਵਿਚ ਪ੍ਰਗਟ ਹੁੰਦਾ ਹੈ ਉਦੋਂ ਉਸ ਨੂੰ ਕਾਰਜ ਬ੍ਰਹਮ ਕਿਹਾ ਜਾਂਦਾ ਹੈ। ਪਰਲੋ-ਕਾਲ ਵਿਚ ਵਸਤੂਆਂ ਦੀ ਅਣਹੋਂਦ ਕਾਰਣ "ਬ੍ਰਹਮ ਸੂਧ ਚਿੱਤ ਅਤੇ [illegible] ਅਵਿਅਕਤ ਅਚਿਤ ਨਾਲ ਸੰਯੁਕਤ ਰਹਿੰਦਾ ਤਾਂ ਉਸ ਨੂੰ "ਕਾਰਣ ਬ੍ਰਹਮ ਕਹਿੰਦੇ ਹਨ।[4]

ਰਾਮਾਨੁਜ ਅਨੁਸਾਰ ਬ੍ਰਹਮ ਦੇ ਪੰਜ ਰੂਪ ਹਨ।[5] ਇਕ ਰੂਪ ਨੂੰ ਪਾਰਬ੍ਰਹਮ ਕਹਿੰਦੇ ਹਨ। ਇਸ ਦਾ ਨਿਵਾਸ ਅਸਥਾਨ ਬੈਕੁੰਠ ਵਿਚ ਹੈ ਜੋ ਅਨੇਕਾਂ ਹੀ ਦੇਵੀ ਵਸਤਾਂ ਨਾਲ ਸੰਸ਼ੋਭਿਤ ਹੈ। ਇਸੇ ਰੂਪ ਨੂੰ ਨਰਾਇਣ ਜਾਂ ਵਾਸਦੇਵ ਵੀ ਕਹਿੰਦੇ ਹਨ। ਇਸ ਰੂਪ ਵਿਚ ਭਗਵਾਨ ਸ਼ੇਸ਼ਨਾਗ ਉਤੇ ਬਿਰਾਜਮਾਨ ਹੈ। "ਬ੍ਰਹਮ ਦਾ ਇਕ ਰੂਪ ਉਹ ਵੀ ਹੈ ਜਿਸ ਵਿਚ ਅਨੇਕਾਂ ਹੀ ਅਵਤਾਰ ਧਾਰਦਾ ਹੈ। ਬ੍ਰਹਮ ਦੇ ਅਵਤਾਰਾਂ ਦੇ ਦੋ ਸਰੂਪ ਹਨ। ਮੁੱਖ ਅਵਤਾਰ ਧਾਰੇ ਜੋਦ ਵਿਅਕਤੀਗਤ ਆਤਮਾ ਆਵੇਸ਼ ਵਿਚ ਆਉਂਦੀ ਹੈ ਉਦੋਂ ਗੌਣ ਅਵਤਾਰ ਹੁੰਦਾ ਹੈ।[6]

ਬ੍ਰਹਮ ਦਾ ਚੌਥਾ ਸਰੂਪ ਅੰਤਰਜਾਮੀ ਬ੍ਰਹਮ ਦਾ ਹੈ ਜਿਸ ਅਨੁਸਾਰ ਉਹ ਜੀਵਾਂ ਅੰਦਰ ਵਿਦਮਾਨ ਹੈ। ਰਾਮਾਨੁਜ ਬ੍ਰਹਮ ਦਾ ਪੰਜਵਾਂ ਸਰੂਪ ਅਰਚਾ ਮੰਨਦਾ ਹੈ। ਇਸ ਸਰੂਪ ਦੇ ਅੰਤਰਗਤ ਉਪਾਸ਼ਕਾਂ ਨੇ ਬ੍ਰਹਮ ਦੀਆਂ ਅਨੇਕਾਂ ਮੂਰਤੀਆਂ ਦੀ ਕਲਪਨਾ ਕੀਤੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਇਨ੍ਹਾਂ ਮੂਰਤੀਆਂ ਵਿਚ ਪਾਰ ਬ੍ਰਹਮ ਸੂਖਮ ਸਰੀਰ ਸਰੂਪ ਵਿਚ ਬਿਰਾਜਮਾਨ ਹੈ।

ਮਾਧਵਾਚਾਰੀਆ ਨੇ ਬ੍ਰਹਮ ਦਾ ਸਰੂਪ ਨਿਰਧਾਰਣ ਕਰਦਿਆਂ ਕਿਹਾ ਹੈ ਕਿ ਨਿਰਗੁਣ ਬ੍ਰਹਮ ਮਿਥਿਆ ਹੈ ਬ੍ਰਹਮ 'ਸਗੁਣ' ਹੈ ਜੋ ਅਨੰਤ ਗੁਣਾਂ ਦਾ ਮਾਲਕ ਹੈ। ਇਸ ਮੱਤ ਅਨੁਸਾਰ ਵਿਸ਼ਨੂੰ ਨੂੰ ਪਰਮਾਤਮਾ ਮੰਨਿਆ ਹੈ। ਭਗਵਾਨ ਹੀ ਉਤਪਤੀ-ਪਾਲਨਾ, ਸਥਿਤੀ ਸੰਘਾਰ ਅਤੇ ਮੋਖ ਆਦਿ ਦਾ ਕਰਤਾ ਹੈ।

ਨਿੰਬਾਰਕ ਨੇ ਆਪਣੇ ਸਿਧਾਂਤ ਦੁਆਰਾ ਬ੍ਰਹਮ ਦਾ ਸਰੂਪ ਵਰਨਣ ਕਰਦਿਆਂ ਕਿਹਾ ਹੈ ਕਿ ਬ੍ਰਹਮ ਹੀ ਜਗਤ ਦੀ ਉਤਪਤੀ ਦਾ ਕਾਰਣ ਹੈ। ਮਕੜੀ ਦੇ ਜਾਲੇ ਵਾਂਗ

ਸ੍ਰਿਸ਼ਟੀ ਈਸ਼ਵਰ ਤੋਂ ਹੀ ਉਤਪੰਨ ਹੋਈ ਹੈ। ਨਰਾਇਣ, ਭਗਵਾਨ, ਕ੍ਰਿਸ਼ਨ ਪਰਸ਼ੋਤਮ ਆਦਿ ਪ੍ਰਮਾਤਮਾ ਦੇ ਹੀ ਨਾਮ ਹਨ।

ਨਿੰਮਬਾਰਕ ਦੇ ਮੱਤ ਵਿਚ ਸ੍ਰੀ ਕ੍ਰਿਸ਼ਨ ਨੂੰ ਹੀ ਪਾਰਬ੍ਰਹਮ ਮੰਨਿਆ ਗਿਆ ਹੈ। ਇਹੀ ਸ੍ਰਿਸ਼ਟਾ, ਪਾਲਕ ਅਤੇ ਸੰਘਾਰਕ ਹੈ। ਇਹੀ ਸਗੁਣ ਈਸ਼ਵਰ ਹੈ।

ਵਲਭਾਚਾਰੀਆ ਨੇ ਆਪਣੇ ਸ਼ੁਧਾਦਵੈਤ ਦੁਆਰਾ ਬ੍ਰਹਮ ਦਾ ਸਰੂਪ ਇਉਂ ਦਸਿਆ ਹੈ ਕਿ ਬ੍ਰਹਮ ਸੱਤ, ਚਿਤ ਤੇ ਆਨੰਦ ਸਰੂਪ ਹੈ। ਉਹ ਸਰਬ ਸ਼ਕਤੀਮਾਨ ਹੈ। ਦਵੈਤ ਦੀ ਭਾਵਨਾ ਤੋਂ ਮੁਕਤ ਹੈ। ਸਾਰੀ ਸ੍ਰਿਸ਼ਟੀ ਨੂੰ ਆਪਣੇ ਵੱਸ ਵਿਚ ਰੱਖਣ ਵਾਲਾ ਬ੍ਰਹਮ ਸਮਸਤ ਪਦਾਰਥਾਂ ਤੋਂ ਬੇਲਾਗ ਹੈ। ਇਸ ਮੱਤ ਵਿਚ ਸ੍ਰੀ ਕ੍ਰਿਸ਼ਨ ਨੂੰ ਹੀ ਪੂਰਣ ਅਨੰਦ ਸਰੂਪ ਪੂਰਣ ਪਰਸੋਤਮ ਪਾਰਬ੍ਰਹਮ ਮੰਨਿਆ ਗਿਆ ਹੈ।[7]

ਚੈਤੰਨਯ ਅਨੁਸਾਰ ਭਗਵਾਨ ਸ੍ਰੀ ਕ੍ਰਿਸ਼ਨ ਹੀ ਬ੍ਰਹਮ ਹਨ। ਅਨੰਤ ਸ਼ਕਤੀਆਂ ਤੇ ਗੁਣਾਂ ਦੇ ਭੰਡਾਰ ਵੀ ਆਪ ਹੀ ਹਨ।" ਈਸ਼ਵਰ ਦੀਆਂ ਅਨੰਤ ਸ਼ਕਤੀਆਂ ਵਿਚੋਂ ਤਿੰਨ ਸ਼ਕਤੀਆਂ ਹੀ ਪ੍ਰਮੁੱਖ ਹਨ - ਅੰਤਰੰਗ ਸ਼ਕਤੀ ਤਟਸਥ ਸ਼ਕਤੀ ਅਤੇ ਬਹਿਰੰਗੀ ਸ਼ਕਤੀ। ਅੰਤਰੰਗ ਸ਼ਕਤੀ ਨੂੰ ਹੀ ਸਰੂਪ ਸ਼ਕਤੀ ਜਾਂ ਚਿੱਤ ਸ਼ਕਤੀ ਕਹਿੰਦੇ ਹਨ। ਤਟਸਥ ਸ਼ਕਤੀਆਂ ਨੂੰ ਜੀਵ ਸ਼ਕਤੀਆਂ ਵੀ ਕਹਿੰਦੇ ਹਨ। ਇਹੀ ਜੀਵਾਂ ਦੀ ਉਤਪਤੀ ਦਾ ਕਾਰਣ ਹੈ ਅਤੇ ਬਹਿਰੰਗ ਸ਼ਕਤੀ ਮਾਇਆ ਸ਼ਕਤੀ ਹੈ ਜੋ ਜਗਤ ਤੇ ਪ੍ਰਕਿਰਤੀ ਦੀ ਉਤਪਤੀ ਕਰਦੀ ਹੈ। ਬ੍ਰਹਮ ਦੀਆਂ ਇਨ੍ਹਾਂ ਤਿੰਨਾਂ ਸ਼ਕਤੀਆਂ ਨੂੰ ਪ੍ਰਾ ਸ਼ਕਤੀ ਕਹਿੰਦੇ ਹਨ।[8]

ਦੱਖਣ ਦੇ ਵੈਸ਼ਨਵ ਅਲਾਵਾਰਾਂ ਨੇ ਆਪਣੇ ਇਸ਼ਟਦੇਵ ਕ੍ਰਿਸ਼ਨ ਨੂੰ ਪਾਰਬ੍ਰਹਮ ਵਿਸ਼ਨੂੰ ਦੇ ਅਵਤਾਰ ਵਿਚ ਚਿਤ੍ਰਿਤ ਕੀਤਾ ਹੈ। ਉਹ ਆਦਿ-ਅਨਾਦਿ, ਅਨੂਪ, ਸਰਬ ਅੰਤਰਜਾਮੀ ਹੈ। ਬ੍ਰਹਮ ਹੋਕੇ ਵੀ ਜੀਵਾਂ ਦੇ ਉਧਾਰ ਨਮਿਤ ਅਵਤਾਰ ਧਾਰਦਾ ਹੈ। ਇੰਜ ਅਵਤਾਰੀ ਅਤੇ ਅਵਤਾਰ ਉਸ ਦੇ ਦੋਵੇਂ ਰੂਪ ਹਨ। ਇਨ੍ਹਾਂ ਨੇ ਬ੍ਰਹਮ ਦੇ ਨਿਰਗੁਣ ਤੇ ਸਰਗੁਣ ਦੋਵੇਂ ਸਰੂਪ ਮੰਨੇ ਹਨ।

ਇਨ੍ਹਾਂ ਤਿੰਨਾਂ ਪੱਖਾਂ ਦੁਆਰਾ ਪਰਮ ਤੱਤ ਸਰੂਪ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰਮ ਤੱਤ ਨੂੰ ਉਪਨਿਸ਼ਦਾਂ ਵਿਚ 'ਬ੍ਰਹਮ' ਕਿਹਾ ਗਿਆ ਹੈ। ਇਸ ਨੂੰ ਪ੍ਰਮਾਤਮਾ, ਅਕਾਲ ਪੁਰਖ, ਈਸ਼ਵਰ, ਪ੍ਰਭੂ, ਪਰਮੇਸ਼ਰ ਤੇ ਵਾਹਿਗੁਰੂ ਆਦਿ ਅਨੇਕਾਂ ਹੀ ਨਾਵਾਂ ਨਾਲ ਸੰਬੋਧਿਆ ਜਾਂਦਾ ਹੈ।

ਬ੍ਰਹਮ ਦੇ ਦੋ ਸਰੂਪ ਮੰਨੇ ਗਏ ਹਨ। ਨਿਰਗੁਣ ਜਾਂ ਪਾਰਬ੍ਰਹਮ, ਅਤੇ ਸਗੁਣ ਜਾਂ ਈਸ਼ਵਰ ਕੋਹਲੀ ਸਾਹਿਬ ਨੇ ਆਪਣੀ ਪੁਸਤਕ 'ਮੈਟਾਫਿਜ਼ਿਕਸ ਆਫ ਸਿੱਖ ਥਾਟ" ਵਿਚ ਇਸੇ ਕਥਨ ਦੀ ਪੁਸ਼ਟੀ ਕੀਤੀ ਹੈ।[9]

ਨਿਰਗੁਣ ਬ੍ਰਹਮ, ਗੁਣ ਵਿਸ਼ੇਸ਼ਣ, ਆਕਾਰ ਅਤੇ ਉਪਾਧੀ ਤੋਂ ਪਰੇ ਹੈ ਅਤੇ ਸਗੁਣ ਬ੍ਰਹਮ ਸਵਿਸ਼ੇਸ਼ਣ ਸਾਕਾਰ ਤੇ ਸੋਪਾਧੀ ਹੈ। ਨਿਰਗੁਣ ਬ੍ਰਹਮ ਨੂੰ ਕਿਸੇ ਚਿੰਨ੍ਹ ਵਿਸ਼ੇਸ਼ਣ ਜਾਂ ਲੱਛਣ ਰਾਹੀਂ ਨਹੀਂ ਜਾਣਿਆ ਜਾ ਸਕਦਾ। ਨਿਰਗੁਣ ਬ੍ਰਹਮ ਗਿਆਨ ਦਾ ਵਿਸ਼ਾ ਨਹੀਂ। ਸਗੁਣ ਬ੍ਰਹਮ ਗੁਣ ਵਿਸ਼ੇਸ਼ਣ ਜਾਂ ਚਿੰਨ੍ਹ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ।

ਇਕ ਬ੍ਰਹਮ ਦੇ ਦੋ ਰੂਪ ਕਿਵੇਂ ਹੋ ਸਕਦੇ ਹਨ? ਨਿਰਗੁਣ ਤੇ ਸਰਗੁਣ ਕਿਵੇਂ ਹੋ ਸਕਦੇ ਹਨ? ਇਸ ਦਾ ਉੱਤਰ ਵਿਦਾਂਤੀ ਇਸ ਤਰ੍ਹਾਂ ਦਿੰਦੇ ਹਨ, "ਬ੍ਰਹਮ ਆਪਣੇ ਆਪ ਵਿਚ ਤਾਂ ਨਿਰਗੁਣ ਜਾਂ ਨਿਰਾਕਾਰ ਤੇ ਨਿਰਵਿਸ਼ੇਸ਼ ਅਤੇ ਨਿਰੋਪਾਧੀ ਹੈ ਪਰ ਅਵਿਦਿਆ ਦੇ (ਅਗਿਆਨਤਾ) ਦੇ ਜਾਲ ਵੱਸ ਹੋਕੇ ਜਾਂ ਉਪਾਸਨਾ ਲਈ ਉਸ ਨੂੰ ਉਪਾਧੀਆਂ ਜਾਂ ਸੀਮਾਵਾਂ ਵਿਚ ਬੰਨ੍ਹ ਲੈਂਦੇ ਹਨ। ਵਾਸਤਵ ਵਿਚ ਸੋਪਾਧਕ ਬ੍ਰਹਮ ਭਰਮ ਹੈ।[10]

ਬਿਲਕੁਲ ਉਸੇ ਤਰ੍ਹਾਂ ਜਿਵੇਂ ਕੋਈ ਸਿੱਪੀ ਨੂੰ ਚਾਂਦੀ ਸਮਝ ਲਵੇ। ਸਿੱਪੀ ਹੀ ਰਹੇਗੀ ਚਾਂਦੀ ਨਹੀਂ ਬਣ ਸਕਦੀ ਭਾਵੇਂ ਹਰ ਕੋਈ ਚਮਕਣ ਵਾਲੀ ਧਾਤੂ ਸੋਨਾ ਨਹੀਂ ਹੋ ਸਕਦੀ। ਇਸੇ ਤਰ੍ਹਾਂ ਨਿਰਗੁਣ ਤੇ ਨਿਰੋਪਾਧੀ ਬ੍ਰਹਮ ਨੂੰ ਜਦੋਂ ਅਸੀਂ ਸੋਪਾਧੀ ਮੰਨ ਲੈਂਦੇ ਹਾਂ ਤਾਂ ਅਸੀਂ ਭਰਮ ਵੱਸ ਹੋ ਜਾਂਦੇ ਹਾਂ।[11]

ਭਗਵਤ ਗੀਤਾ ਅਤੇ ਉਪਨਿਸ਼ਦਾਂ ਵਿਚ ਉਪਾਸ਼ਕ ਦੀ ਮਨੋਬ੍ਰਿਤੀ ਜਾਂ ਮਨ ਦੀ ਅਵਸਥਾ ਅਨੁਸਾਰ ਪ੍ਰਮਾਤਮਾ ਦੇ ਗੁਣਾਂ ਨੂੰ ਦਸਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਉਪਨਿਸ਼ਦਾਂ ਦੀ ਅੰਤਰਿਕ ਰੁਚੀ ਦੇ ਅਨੁਕੂਲ ਬ੍ਰਹਮ ਦੇ ਸਰੂਪ ਨਿਰਗੁਣ ਤਿੰਨ ਪ੍ਰਕਾਰ ਕੀਤੇ ਹਨ।[12] ਨਿਰਗੁਣ ਬ੍ਰਹਮ, ਸਗੁਣ ਬ੍ਰਹਮ - ਨਿਰਗੁਣ ਸਗੁਣਬ੍ਰਹਮ।

ਗੁਰੂ ਸਾਹਿਬ ਤੇ ਦੂਜੇ ਗੁਰੂਆਂ ਨੇ ਤਾਂ ਨਿਰਗੁਣ ਅਤੇ ਸਗੁਣ ਦੋਹਾਂ ਤੋਂ ਛੁੱਟ ਮਿਸ਼ਰਤ ਰੂਪ ਵਿਚ ਵੀ ਬ੍ਰਹਮ ਨੂੰ ਚਿਤਰਿਆ ਹੈ।[13]

## ਨਿਰਗੁਣ ਬ੍ਰਹਮ

'ਨਿਰਗੁਣ' ਦਾ ਸ਼ਾਬਦਿਕ ਅਰਥ ਹੈ ਗੁਣ-ਰਹਿਤ ਜੋ ਗੁਣਾਂ ਤੋਂ ਰਹਿਤ ਹੋਵੇ। ਪ੍ਰਸੰਗਕ ਰੂਪ ਵਿਚ ਇਸ ਦਾ ਅਰਥ ਇਸ ਤਰ੍ਹਾਂ ਲਿਆ ਜਾਂਦਾ ਹੈ, 'ਗੁਣ-ਤੀਤ ਅਰਥਾਤ ਜੋ ਗੁਣਾਂ ਦੀ ਸੀਮਾ ਵਿਚ ਬੰਨ੍ਹਿਆ ਨਾ ਜਾ ਸਕੇ। ਉਹ ਹਸਤੀ ਜੋ ਅਕਥ ਤੇ ਅਗਮ ਹੋਵੇ ਜਿਸ ਦੇ ਗੁਣਾਂ ਦੀ ਥਾਹ ਨਾ ਪਾਈ ਜਾ ਸਕੇ। ਉਪਾਸ਼ਨਾ ਖੇਤਰ ਵਿਚ ਇਹ ਇਕ ਅਜੇਹੀ ਅਨਿਰਵਚਨੀਯ ਸੱਤਾ ਦੀ ਸੰਗਿਆ ਦਾ ਬੋਧਕ ਹੈ ਜੋ ਸਾਂਖ ਦਰਸ਼ਨ ਦੇ ਸੱਤ ਰੱਜ ਅਤੇ ਤਮੋ ਨਾਂ ਦੇ ਗੁਣਾਂ

ਅਥਵਾ ਵੈਸ਼ੇਸ਼ਿਕ ਦਰਸ਼ਨ ਦੇ ਰੂਪ, ਰਸ, ਗੰਧ ਸਪਰਸ਼, ਪਰਿਮਾਣ, ਪ੍ਰਿਥਕਤਵ, ਸੰਯੋਗ, ਵਿਭਾਗ, ਪਰਤਵ, ਅਪਰਤਵਗਿਆਨ, ਸੁਖ, ਦੁੱਖ, ਇੱਛਾ, ਦਵੇਸ਼ ਯਤਨ, ਗੁਰਤਵ, ਸਨੇਹ, ਸੰਸਕਾਰ ਅਦ੍ਰਿਸ਼ਟ, ਧਰਮ, ਅਧਰਮ ਅਤੇ ਸ਼ਬਦ ਨਾਂ ਦੇ 24 ਗੁਣਾਂ ਤੋਂ ਪੈਦਾ ਸਮਝੀ ਜਾਂਦੀ ਹੈ। ਇਸ ਨੂੰ ਖਾਮ ਕਰਕੇ ਪ੍ਰਮਾਤਮਾ ਬ੍ਰਹਮ ਜਾਂ ਪਰਮ-ਤਤਵ ਨਾਂ ਦਿੱਤਾ ਜਾਂਦਾ ਹੈ।[14]

ਨਿਰਗੁਣ ਬ੍ਰਹਮ ਦਾ ਵਰਨਣ ਬੜਾ ਹੀ ਕਠਿਨ ਹੈ ਕਿਸੇ ਹੱਦ ਤੀਕ ਇਸ ਸਰੂਪ ਨੂੰ ਬਿਆਨਣਾ ਅਤੀ ਮੁਸ਼ਕਲ ਹੈ।

ਭਾਵ ਅਸੰਭਵ ਹੈ। ਇਸ ਦਾ ਕਾਰਨ ਇਹ ਹੈ ਕਿ ਵਰਨਣ ਦੇ ਸਾਧਨਾਂ ਦੀ ਉਸ ਨਿਰਗੁਣ(ਪਰਮਤੱਤ) ਤੱਕ ਪਹੁੰਚ ਹੀ ਨਹੀਂ ਹੋ ਸਕਦੀ। ਇਸ ਗੱਲ ਨੂੰ ਸਪਸ਼ਟ ਕਰਦਿਆਂ ਡਾ: ਬੜਥਵਾਲ ਨੇ ਲਿਖਿਆ ਹੈ, "ਪੂਰਣ ਰੂਪ ਵਿਚ ਉਸ ਸੱਤਾ ਦਾ ਕੋਈ ਪੂਰਵਾਂ ਵਿਚਾਰ ਹੀ ਨਹੀਂ ਕਰ ਸਕਦਾ ਉਹ ਬੋਲੀ ਤੇ ਬੁਧੀ ਤੋਂ ਪਰੇ ਹੈ। ਬੁਧੀ ਮੂਰਤ ਰੂਪ ਦਾ ਅਧਾਰ ਹੁੰਦੀ ਹੈ ਅਤੇ ਬਾਣੀ ਰੂਪਕ ਦਾ ਇਸ ਲਈ ਉਸ ਅਮੂਰਤ ਅਤੇ ਅਨੁਪਮ ਨੂੰ ਗ੍ਰਹਿਣ ਕਰਨ ਵਿਚ ਬੁੱਧੀ ਅਤੇ ਵਿਅਕਤ ਕਰਨ ਵਿਚ ਬਾਣੀ ਅਸਮਰੱਥ ਹੈ। ਬੁਧੀ ਨਾਲ ਸਾਨੂੰ ਉਨ੍ਹਾਂ ਪਦਾਰਥਾਂ ਦਾ ਗਿਆਨ ਹੋ ਸਕਦਾ ਹੈ ਜਿਹੜੇ ਇੰਦ੍ਰੀਆਂ ਦੇ ਗੋਚਰ ਹਨ, ਇੰਦਰੀਆਂ ਤੋਂ ਪਰੇ ਨਹੀਂ। ਨਗਭਗ ਸਾਰੇ ਧਰਮਾਂ ਦੇ ਆਗੂਆਂ ਤੇ ਸੰਤਾਂ ਨੇ ਇਸ ਸਚਾਈ ਨੂੰ ਸਵੀਕਾਰ ਕੀਤਾ ਹੈ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਅਨੇਕਾਂ ਹੀ ਅਜੇਹੀਆਂ ਉਦਾਹਰਣਾਂ ਮਿਲਦੀਆਂ ਹਨ ਜਿਥੇ ਉਹ ਪ੍ਰਮਾਤਮਾ ਨੂੰ ਅਵਿਅਕਤ ਮੰਨਦੇ ਹਨ।

ਸੋਚੈ ਸੋਚ ਨ ਹੋਵਈ ਜੇ ਸੋਚੈ ਲਖਵਾਰ।

.. .. ..

ਸਹਸ ਸਿਆਣਪਾ ਲਖ ਹੋਇ, ਤਾ ਇਕ ਨਾ ਚਲੈ ਨਾਲਿ।।[15]

ਗੁਰੂ ਨਾਨਕ ਦੇਵ ਜੀ ਨੇ ਨਿਰਗੁਣ ਬ੍ਰਹਮ ਦੀ ਵਿਆਖਿਆ ਬੜੀ ਹੀ ਗੰਭੀਰਤਾ ਤੇ ਪ੍ਰਤੱਖ ਅਨੁਭੂਤੀ ਦੁਆਰਾ ਕੀਤੀ ਹੈ। ਸਰਗੁਣ ਰੂਪ ਧਾਰਨ ਤੋਂ ਪਹਿਲਾਂ ਬ੍ਰਹਮ ਬਾਰੇ ਮਾਰੂ ਸੋਹਲਿਆਂ ਵਿਚ ਸਪਸ਼ਟ ਰੂਪ ਵਿਚ ਵਰਨਣ ਕੀਤਾ ਹੈ:

"ਅਰਬਦ ਨਰਬਦ ਧੁੰਧੂਕਾਰਾ।
ਧਰਣਿ ਨਾ ਗਗਨ ਹੁਕਮਾ ਅਪਾਰਾ।।
ਨ ਦਿਨੁ ਰੈਣਿ ਨ ਚੰਦ ਨ ਸੂਰਜ
ਸੁੰਨ ਸਮਾਧਿ ਲਗਾਇਦਾ ।। ੧ ।।

ਨਾਰਿ ਪੁਰਖ ਨਹੀਂ ਜਾਤਿ ਨ ਜਨਮਾ। 2 ।।
ਨਾ ਕੋ ਦੁਖ ਸੁਖ ਪਾਇਦਾ ।। 4 ।।[16]

ਗੁਰੂ ਜੀ ਦਸਦੇ ਹਨ ਕਿ ਜਗਤ ਰਚਨਾ ਤੋਂ ਪਹਿਲਾਂ ਬ੍ਰਹਮ ਅਫੁਰ ਅਵਸਥਾ ਵਿਚ ਸੀ। ਕਈ ਜੁਗਾਂ ਤੱਕ ਅੰਧਕਾਰ ਹੀ ਅੰਧਕਾਰ ਵਿਆਪਤ ਸੀ। ਉਸ ਵੇਲੇ ਨਾ ਧਰਤੀ ਹੋਂਦ ਵਿਚ ਆਈ ਸੀ ਨਾ ਆਕਾਸ਼, ਕੇਵਲ ਪ੍ਰਮਾਤਮਾ ਹੀ ਸੁੰਨ ਸਮਾਧੀ ਵਿਚ ਬਿਰਾਜਮਾਨ ਸੀ। ਉਦੋਂ ਨਾ ਦਿਨ ਤੇ ਨਾ ਰਾਤ ਦਾ ਚੱਕਰ ਸੀ। ਉਸ ਵੇਲੇ ਨਾ ਚੰਦ ਸੀ ਨਾ ਸੂਰਜ। ਅਕਾਸ਼, ਪਤਾਲ, ਦੇਵੀ ਦੇਵਤੇ, ਬਨਸਪਤੀ ਜਨਮ-ਮਰਨ, ਨਰਕ ਸੁਰਗ, ਦੁਖ ਸੁਖ, ਵੈਰ ਵਿਰੋਧ, ਕਾਮ ਕ੍ਰੋਧ, ਲੋਭ ਮੋਹ ਆਦਿ ਕੁਝ ਵੀ ਨਹੀਂ ਸੀ। ਕੋਈ ਦਵੈਤਵਾਦ ਦਾ ਵਰਨਣ ਕਰਨ ਵਾਲਾ ਨਹੀਂ ਸੀ। ਪ੍ਰਮਾਤਮਾ ਆਪਣੇ ਆਪ ਨੂੰ ਉਤਪੰਨ ਕਰਕੇ ਹੀ ਵਿਕਸਿਤ ਹੁੰਦਾ ਸੀ ਉਹ ਆਪਣੀ ਕੀਮਤ ਆਪ ਹੀ ਜਾਣ ਸਕਦਾ ਸੀ। ਗੁਰੂ ਨਾਨਕ ਦੇਵ ਜੀ ਨੇ ਉਪਰੋਕਤ ਸਲੋਕ ਵਿਚ ਨਿਰਗੁਣ ਬ੍ਰਹਮ ਦੀ ਨਿਰਵਿਕਲਪ ਅਵਸਥਾ ਲਈ ਸੁੰਨ-ਸਮਾਧਿ ਸ਼ਬਦ ਵਰਤਿਆ ਹੈ। ਸੁੰਨ-ਸਮਾਧਿ ਨੂੰ ਹੀ ਉਹ ਸਿਧ ਗੋਸ਼ਟਿ ਵਿਚ ਅੰਦਰ ਬਾਹਰ ਸਰਬ ਵਿਆਪਿਕ ਮੰਨਦੇ ਹਨ:

ਅੰਤਰ ਸੁੰਨੰ ਬਾਹਰਿ ਸੁੰਨੰ ਤ੍ਰਿਭਵਨ ਸੁੰਨਮ ਸੁੰਨੰ।[17]

... ...

ਇਸ ਸੁੰਨ ਤੋਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਮੰਨ ਕੇ ਗੁਰੂ ਜੀ ਨੇ ਮਾਰੂ ਰਾਗ ਦੇ 17ਵੇਂ ਸੋਹਲੇ ਵਿਚ ਇਸ ਦੀ ਵਿਸਥਾਰ ਸਹਿਤ ਵਿਆਖਿਆ ਕੀਤੀ ਹੈ।[18]

'ਸਿਧ ਗੋਸ਼ਟਿ ਬਾਣੀ ਵਿਚ ਨਿਰਗੁਣ ਤੋਂ ਹੀ ਸਰਗੁਣ ਦੀ ਉਤਪਤੀ ਮੰਨਦੇ ਹੋਇਆਂ ਗੁਰੂ ਸਾਹਿਬ ਨੇ ਕਿਹਾ ਹੈ ਕਿ ਅਵਿਅਕਤ ਤੋਂ ਹੀ ਨਿਰਮਲ ਰੂਪ ਬ੍ਰਹਮ ਆਪ ਹੋਂਦ ਵਿਚ ਆਇਆ ਹੈ। ਫਿਰ ਨਿਰਗੁਣ ਬ੍ਰਹਮ ਤੋਂ ਸਰਗੁਣ ਬ੍ਰਹਮ ਦੀ ਉਤਪਤੀ ਹੋਈ।[19]

ਅਵਿਗਤੋ ਨਿਰਮਾਇਲ ਉਪਜੇ
ਨਿਰਗੁਣ ਤੇ ਸਰਗੁਣ ਥੀਆ।[20]

<u>ਨਿਰਗੁਣ ਰੂਪ ਹੀ ਸਥਿਰ ਹੈ:-</u>

ਸ੍ਰਿਸ਼ਟੀ ਦੀ ਉਤਪਤੀ ਕਰਨ ਤੋਂ ਬਾਅਦ ਬ੍ਰਹਮ ਦਾ ਨਿਰਗੁਣ ਸਰੂਪ ਖ਼ਤਮ ਨਹੀਂ ਹੁੰਦਾ ਸਗੋਂ ਉਸੇ ਤਰ੍ਹਾਂ ਹੀ ਕਾਇਮ ਰਹਿੰਦਾ ਹੈ। ਇਹ ਦੋਵੇਂ ਸਰੂਪ ਇਕੋ ਸਮੇਂ ਰਹਿੰਦੇ ਹਨ। ਪਰ ਜਦੋਂ ਉਹ ਆਪ ਸ੍ਰਿਸ਼ਟੀ ਦਾ ਵਿਨਾਸ਼ ਕਰਦਾ ਹੈ ਤਾਂ ਉਸ ਦਾ ਕੇਵਲ ਨਿਰਗੁਣ ਸਰੂਪ

ਜਿਹੜਾ ਸ੍ਰਿਸ਼ਟੀ ਰਚਨਾ ਕਰਨ ਤੋਂ ਪਹਿਲਾਂ ਸੀ , ਸਥਿਰ ਰਹਿੰਦਾ ਹੈ। ਇਹ ਜਗਤ ਦਾ ਪਸਾਰਾ ਤਾਂ ਐਵੇਂ ਮਿਥਿਆ ਹੀ ਹੈ ਪ੍ਰਭੂ ਦੀ ਜਦੋਂ ਇੱਛਾ ਹੁੰਦੀ ਹੈ ਇਸ ਸੰਸਾਰ ਦੀ ਖੇਡ ਨੂੰ ਖਤਮ ਕਰ ਦਿੰਦਾ ਹੈ। ਉਹ ਆਪ ਸ਼ੁੱਧ ਨਿਰਾਕਾਰ ਰੂਪ ਵਿਚ ਸਥਿਰ ਰਹਿੰਦਾ ਹੈ।

ਅਸਥਿਰ ਕਰਤਾ ਦੇਖੀਐ ਹੋਰ ਕੇਤੀ ਆਵੈ ਜਾਇ।।[21]

ਇਹੋ ਨਿਰਾਕਾਰ ਤੇ ਨਿਰਗੁਣ ਸਰੂਪ ਹੀ ਉਸ ਦਾ ਵਾਸਤਵਿਕ ਸਰੂਪ ਹੈ। ਨਿਰਾਕਾਰ ਤੇ ਨਿਰਗੁਣ ਪ੍ਰਭੂ ਦੀ ਉਪਮਾ ਇਕ ਕਰਤਾਰੀ ਹਸਤੀ ਨਾਲ ਦਿੰਦੇ ਹੋਏ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

ਤੂ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥[22]

ਨਿਰਗੁਣ ਬ੍ਰਹਮ ਜਗਤ ਰਚਨਾ ਕਰਕੇ ਵੱਖ ਵੱਖ ਰੂਪਾਂ ਅਤੇ ਭੇਖਾਂ ਵਿਚ ਪ੍ਰਗਟ ਹੁੰਦਾ ਹੈ ਤੇ ਨਿਰਗੁਣ ਰੂਪ ਵਿਚ ਹੀ ਮੌਜੂਦ ਰਹਿੰਦਾ ਹੈ। ਜਦ ਫਿਰ ਉਹ ਸਾਰਾ ਪਸਾਰਾ ਸਮੇਟ ਲੈਂਦਾ ਹੈ ਤਾਂ ਮੁੜ ਨਿਰਾਕਾਰ ਵਸਤਾਂ ਵਿਚ ਰਹਿ ਜਾਂਦਾ ਹੈ।

ਅਲਾਹੁ ਅਲੱਖ ਅਗੰਮ ਕਾਦਰ ਕਰਣਹਾਰ ਕਰੀਮ॥
ਸਭ ਦੁਨੀ ਆਵਣ ਜਾਵਣੀ ਮੁਕਾਮ ਏਕੁ ਰਹੀਮ॥
ਮੁਕਾਮ ਉਹੀ ਏਕ ਹੈ ਨਾਨਕ ਸਚੁ ਬਗੋਇ।।[23]

ਇਸ ਸ੍ਰਿਸ਼ਟੀ ਦਾ ਪਸਾਰਾ [illegible] ਉਸ ਅਕਾਲ ਪੁਰਖ ਨੇ ਕਈ ਵਾਰ ਪਸਾਰਿਆ ਹੈ ਤੇ ਅਨੇਕਾਂ ਵਾਰ ਸਮੇਟਿਆ ਹੈ। ਪਸਾਰਾ ਸਮੇਟਣ (ਸ੍ਰਿਸ਼ਟੀ ਦਾ ਵਿਨਾਸ ਕਰਨ) ਤੋਂ ਬਾਦ ਹਰ ਵਾਰ ਉਹ ਕੇਵਲ ਨਿਰਗੁਣ ਰੂਪ ਵਿਚ ਜਿਸ ਨੂੰ ਏਕਾਕਾਰ ਆਖਿਆ ਗਿਆ ਹੈ ਵਿਆਪਕ ਰਹਿੰਦਾ ਹੈ।

ਗੁਰੂ ਨਾਨਕ ਦੇਵ ਜੀ ਇਸ ਵਿਚਾਰ ਨੂੰ ਪ੍ਰਵਾਨ ਨਹੀਂ ਕਰਦੇ ਕਿ ਜਗਤ ਰਚਨਾ ਜੀਵਾਂ ਦੇ ਕਰਮਾਂ ਕਰਕੇ ਹੋਈ ਹੈ। ਆਪ ਜੀ ਦੇ ਕਥਨ ਅਨੁਸਾਰ ਪਰਮਾਤਮਾ ਹੀ ਅਨਾਦੀ ਹੈ। ਜਦੋਂ ਜਗਤ ਹੋਂਦ ਵਿਚ ਵੀ ਨਹੀਂ ਸੀ ਆਇਆ ਤਾਂ ਕੇਵਲ ਬ੍ਰਹਮ ਹੀ ਸੀ। ਕਰਮਾਂ ਦਾ ਸਿਲਸਿਲਾ ਤਾਂ ਸ੍ਰਿਸ਼ਟੀ ਰਚਨਾ ਤੋਂ ਬਾਦ ਹੀ ਸ਼ੁਰੂ ਹੁੰਦਾ ਹੈ । ਇਸ ਸੰਬੰਧ ਵਿਚ ਡਾ: ਸੁਰਿੰਦਰ ਜੀ ਕੋਹਲੀ ਆਪਣੀ ਪੁਸਤਕ "ਆਊਟ ਲਾਈਨਜ਼ ਆਫ ਸਿੱਖ ਥਾਟ" ਵਿਚ ਲਿਖਦੇ ਹਨ -

"ਜਗਤ ਰਚਨਾ ਤੋਂ ਪਹਿਲਾਂ ਪਾਰ ਬ੍ਰਹਮ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਸੀ। ਪਾਰ ਬ੍ਰਹਮ ਸੁੰਨ ਸਮਾਧੀ ਵਿਚ ਲੀਨ ਸੀ। ਇਹ ਬ੍ਰਹਮੰਡ ਉਸ ਦੀ ਇੱਛਾ ਸਦਕਾ ਹੀ ਹੋਂਦ ਵਿਚ ਆਇਆ ਹੈ।"[24]

## ਮਨੁੱਖ ਤੇ ਅਕਥਨੀਅ

ਹੁਣ ਇਥੇ ਸੁਤੇ ਸਿਧ ਹੀ ਸਵਾਲ ਉਤਪੰਨ ਹੁੰਦਾ ਹੈ ਕਿ ਜੇਕਰ ਬ੍ਰਹਮ ਨਿਰਗੁਣ ਤੇ ਨਿਰਾਕਾਰ ਰੂਪ ਹੈ ਤਾਂ ਕੀ ਮਨੁੱਖ ( ਜੀਵ) ਨੂੰ ਬ੍ਰਹਮ ਦਾ ਗਿਆਨ ਪ੍ਰਾਪਤ ਹੋ ਸਕਦਾ ਹੈ, ਉਹ ਜਾਣਿਆ ਜਾ ਸਕਦਾ ਹੈ, ਉਸ ਦਾ ਥਾਹ ਪਾਇਆ ਜਾ ਸਕਦਾ ਹੈ? ਅਤੇ ਫਿਰ ਜੇਕਰ ਉਹ ਜਾਣਿਆ ਜਾ ਸਕਦਾ ਹੈ ਕੀ ਉਸ ਦਾ ਸਰੂਪ ਸ਼ਬਦਾਂ (ਬੋਲੀ) ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ? ਗੁਰੂ ਨਾਨਕ ਦੇਵ ਜੀ ਦਾ ਉਤਰ ਇਸ ਬਾਰੇ ਸਪਸ਼ਟ ਹੈ ਕਿ ਪਰਮਾਤਮਾ ਦੇ ਨਿਰਗੁਣ ਰੂਪ ਨੂੰ ਸਮਝਣਾ ਬੜਾ ਹੀ ਕਠਿਨ ਹੈ :

ਤਾ ਕੀਆ ਗਲਾ ਨ ਕਥੀਆ ਜਾਹਿ।।
ਜੇ ਕੋ ਕਹੈ ਪਿਛੈ ਪਛੁਤਾਇ ।।
ਕਾਗਦ ਕਲਮ ਨਾ ਲਿਖਣਹਾਰ,
ਮੰਨੇ ਕਾ ਬਹਿ ਕਰਨ ਬੀਚਾਰ ।।
ਐਸਾ ਨਾਮ ਨਿਰੰਜਨ ਹੋਇ,
ਜੇ ਕੋ ਮੰਨਿ ਜਾਣੈ ਮਨ ਕੋਇ।।[25]

ਮਾਇਆ ਵਿਚ ਫਸਿਆ ਹੋਇਆ ਜੀਵ ਜਿਸਦੀ ਆਤਮਾ ਨੂੰ ਕਿਸੇ ਵਿਕਾਰਾਂ ਨੇ ਕੱਸਿਆ ਹੋਇਆ ਹੈ, ਬ੍ਰਹਮ ਦੇ ਸਰੂਪ ਦਾ ਦਰਸ਼ਨ ਨਹੀਂ ਪਾ ਸਕਦਾ। ਜਦੋਂ ਜੀਵ ਮਾਇਆ ਦੇ ਪਰਦੇ ਨੂੰ ਚੀਰ ਕੇ ਬਾਹਰ ਆਵੇਗਾ ਤਾਂ ਉਸ ਨੂੰ ਪਰਮ-ਤੱਤ ਦੀ ਸੂਝ ਅਵੱਸ਼ ਹੋਵੇਗੀ। ਪਰ ਮਾਇਆ ਦਾ ਪਰਦਾ ਚੀਰ ਕੇ ਪਰਮ-ਤੱਤ ਦੀ ਪਛਾਣ ਕਰ ਲੈਣੀ ਮਨੁੱਖ ਦੇ ਆਪਣੇ ਵੱਸ ਦੀ ਗੱਲ ਨਹੀਂ। ਇਹ ਕੇਵਲ ਉਨ੍ਹਾਂ ਜੀਵਾਂ ਨੂੰ ਹੀ ਨਸੀਬ ਹੋ ਸਕਦੀ ਹੈ ਜਿਨ੍ਹਾਂ ਤੇ ਅਕਾਲ ਪੁਰਖ ਦੀ ਮਿਹਰ (ਨਦਰ) ਹੋਵੇ।

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।
... ...
ਨਾਨਕ ਨਦਰੀ ਨਦਰੁ ਨਿਹਾਲੁ।[26]

ਅਜੇਹੇ ਜੀਵ ਨੂੰ ਪਰਮਾਤਮਾ ਆਪ ਅਜਿਹੀ ਸੂਝ ਦਿੰਦਾ ਹੈ ਕਿ ਉਹ ਆਪਣੇ ਮੂਲ ਨੂੰ ਪਛਾਨਣ ਤੇ ਸਮਝਣ ਦੇ ਸਮਰਥ ਹੋ ਜਾਂਦਾ ਹੈ।[27]

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ।।

ਪ੍ਰਭੂ ਦੀ ਕਿਰਪਾ ਨਾਲ ਹੀ ਸਤਿਗੁਰੂ ਦੀ ਸ਼ਰਣ ਮਿਲਦੀ ਹੈ। ਸਤਿਗੁਰੂ ਹਉਮੈ (ਮਾਇਆ ਦੇ ਜਾਲ) ਨੂੰ ਦੂਰ ਕਰਕੇ ਮਨੁੱਖ ਨੂੰ ਪਰਮ-ਤੱਤ, ਪਰਮਾਤਮਾ ਨੂੰ ਸਮਝਣ ਦੇ ਯੋਗ ਬਣਾ ਦਿੰਦਾ ਹੈ। ਅਜੇਹੇ ਜੀਵ ਨੂੰ ਹੀ ਅਕਾਲ ਪੁਰਖ ਦਾ ਗਿਆਨ ਪ੍ਰਾਪਤ ਹੁੰਦਾ ਹੈ।

ਲੋਭ, ਮੋਹ, ਭਰਮ, ਹੰਕਾਰ, ਮਾਇਆ ਤੇ ਵਿਕਾਰਾਂ ਦਾ ਪੜਦਾ ਲਹਿ ਜਾਣ ਨਾਲ ਹੀ ਪਰਮ-ਤੱਤ, ਜੋਤਿ ਸਰੂਪ ਏਕੰਕਾਰ ਦਾ ਮਿਲਾਪ ਹੁੰਦਾ ਹੈ। ਉਸਦੀ ਅਨੰਤਤਾ ਤੇ ਅਪਾਰਤਾ ਨੂੰ ਉਹ ਹੀ ਸਮਝ ਸਕਦਾ ਹੈ ਜਿਸ ਤੇ ਅਕਾਲ ਪੁਰਖ ਵਾਹਿਗੁਰੂ ਪ੍ਰਸੰਨ ਹੁੰਦਾ ਹੈ।

ਹੁਣ ਦੂਜਾ ਸਵਾਲ ਸਾਹਮਣੇ ਆਉਂਦਾ ਹੈ ਕਿ ਕੀ ਪਰਮ ਹਸਤੀ, ਅਕਾਲ ਪੁਰਖ, ਪ੍ਰਮਾਤਮਾ ਦੇ ਨਿਰਗੁਣ ਸਰੂਪ ਨੂੰ ਸ਼ਬਦਾਂ ਵਿਚ ਬੰਨਿਆਂ ਜਾ ਸਕਦਾ ਹੈ? ਅਜੇਹੇ ਸੰਤ ਪੁਰਸ਼, ਬ੍ਰਹਮ ਗਿਆਨੀ, ਜੋ ਪਰਮਾਤਮਾ ਦਾ ਗਿਆਨ ਆਪਣੀ ਬਿਬੇਕ ਬੁੱਧੀ ਦੁਆਰਾ ਪ੍ਰਾਪਤ ਕਰ ਚੁੱਕੇ ਹਨ ਕੀ ਉਹ ਭਾਸ਼ਾ ਰਾਹੀਂ ਆਪਣੀ ਅਨੁਭੂਤੀ ਨੂੰ ਪ੍ਰਗਟ ਕਰ ਸਕਦੇ ਹਨ? ਵਾਸਤਵ ਵਿਚ ਬ੍ਰਹਮ ਦੇ ਨਿਰਗੁਣ ਸਰੂਪ ਨੂੰ ਬੋਲੀ ਰਾਹੀਂ ਪ੍ਰਗਟ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਦੇਵ ਜੀ ਜਪੁਜੀ ਵਿਚ ਇਸੇ ਭਾਵ ਨੂੰ ਬੜੇ ਸਪਸ਼ਟ ਰੂਪ ਵਿਚ ਪ੍ਰਗਟ ਕਰਦੇ ਹਨ ਕਿ ਅੱਖਰਾਂ ਰਾਹੀਂ ਵੱਖ ਵੱਖ ਨਾਮ ਲਏ ਜਾ ਸਕਦੇ ਹਨ। ਪਰਮਾਤਮਾ ਦੀ ਸਿਫ਼ਤ ਸਲਾਹੁਣਾ ਵੀ ਅੱਖਰਾਂ ਰਾਹੀਂ ਹੋ ਸਕਦੀ ਹੈ। ਸੰਸਾਰਕ ਗਿਆਨ, ਸੰਗੀਤ ਵਰਗੀਆਂ ਕਲਾਵਾਂ ਤੇ ਗੁਣ ਵੀ ਅੱਖਰਾਂ ਰਾਹੀਂ ਸਿੱਖੇ ਜਾ ਸਕਦੇ ਹਨ। ਪਰ ਇਹ ਅੱਖਰ ਲਿਖਣ ਵਾਲਾ ਆਪ ਅਲੇਖ ਹੈ ਅਤੇ ਕਿਸੇ ਲੇਖੇ ਵਿਚ ਨਹੀਂ ਆਉਂਦਾ।

ਅਖਰੀ ਨਾਮੁ ਅਖਰੀ ਸਾਲਾਹ।
ਅਖਰੀ ਗਿਆਨੁ ਗੀਤ ਗੁਣ ਗਾਹ॥
ਅਖਰੀ ਲਿਖਣੁ ਬੋਲਣੁ ਬਾਣਿ।
ਅਖਰਾ ਸਿਰਿ ਸੰਜੋਗੁ ਵਖਾਣਿ।
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ।
ਜਿਵ ਫੁਰਮਾਏ ਤਿਵ ਤਿਵ ਪਾਹਿ।।[28]

ਕਬੀਰ ਜੀ ਨੇ ਵੀ ਇਸੇ ਵਿਚਾਰ ਨੂੰ ਪ੍ਰਗਟ ਕਰਦਿਆਂ ਲਿਖਿਆ ਹੈ ਕਿ ਭਾਸ਼ਾ ਦੇ ਮਾਧਿਅਮ ਰਾਹੀਂ ਉਸ ਨਿਰਗੁਣ ਦਾ ਕਥਨ ਨਹੀਂ ਹੋ ਸਕਦਾ, ਕਿਉਂਕਿ ਭਾਸ਼ਾ ਵਿਚ ਅੱਖਰਾਂ ਦਾ

ਬੰਧਨ ਹੈ ਤੇ ਅੱਖਰਾਂ ਵਿਚ ਉਸ ਦਾ ਸਰੂਪ ਸਮੇਟਿਆ ਨਹੀਂ ਜਾ ਸਕਦਾ। ਪਰ ਬੋਲਣ ਅਤੇ ਚੁੱਪ ਰਹਿਣ ਦੇ ਵਿਚਕਾਰ ਵੀ ਕਿਸੇ ਅਵੱਸਥਾ ਵਿਚ ਉਸ ਦਾ ਰੂਪ ਸਥਿਤ ਹੈ ਜੋ ਪ੍ਰਗਟ ਨਹੀਂ ਕੀਤਾ ਜਾ ਸਕਦਾ।

ਜਹ ਬੋਲ ਤਹਿ ਅਛਰ ਆਵਾ।
ਜਹ ਅਬੋਲ ਤਹ ਮਨ ਨ ਰਹਾਵਾ।
ਬੋਲ ਅਬੋਲ ਮਧਿ ਹੈ ਸੋਈ।
ਜਸ ਉਹ ਹੈ ਤਸ ਲਖੈ ਨਾ ਕੋਈ॥[29]

ਇਹੋ ਕਾਰਨ ਹੈ ਕਿ ਉਪਨਿਸ਼ਦਾਂ ਨੇ ਪਰਮਾਤਮਾ ਦੇ ਗਿਆਨ ਬਾਰੇ ਨਿਕਾਰਾਤਮਕ ਪ੍ਰਣਾਲੀ ਨੂੰ ਅਪਣਾਇਆ ਹੈ। ਪਰਮਾਤਮਾ ਇਹ ਹੈ " ਕਹਿਣ ਦੀ ਥਾਂ 'ਪਰਮਾਤਮਾ ਇਹ ਵੀ ਨਹੀਂ,' ਉਹ ਵੀ ਨਹੀਂ।"

" ਨ ਏਸ ਨੇਤਿ ਨੇਤਿ ਆਤਮਾ "[30]

ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਹ ਤੋਲਿਆ ਨਹੀਂ ਜਾ ਸਕਦਾ, ਉਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ, ਉਹ ਅਥਾਹ ਹੈ, ਉਸ ਦਾ ਵਰਨਣ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਹ ਅਲੱਖ ਤੇ ਅਪਾਰ ਹੈ।

ਅਲੱਖ ਅਪਾਰ ਅਗੰਮ ਅਗੋਚਰ।
ਨਾ ਤਿਸ ਕਾਲੁ ਨਾ ਕਰਮਾ।।[31]

.. ..

ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸ ਭਉ ਨਾ ਭਰਮਾ।

.. ...

ਅਮੁਲ ਗੁਣ ਅਮੁਲ ਵਾਪਾਰ, ਅਮੁਲ ਵਾਪਾਰੀਏ ਅਮੁਲ ਭੰਡਾਰ।
ਅਮੁਲੋ ਅਮੁਲ ਆਖਿਆ ਨਾ ਜਾਇ। ਆਖਿ ਆਖਿ ਰਹੇ ਲਿਵ ਲਾਇ।
ਕੇਤੇ ਆਖਹਿ ਆਖਣ ਪਾਹਿ। ਕੇਤੇ ਕਹਿ ਕਹਿ ਉਠਿ ਉਠਿ ਜਾਹਿ।
ਕੇਤੇ ਕੀਤੇ ਹੋਰਿ ਕਰੇ ਤਾਂ ਆਖਿ ਨਾ ਸਕੇ ਕੋਈ ਕੋਇ।।[32]

ਸਾਮ ਉਪਨਿਸ਼ਦਾਂ ਵਿਚੋਂ ਕੇਨ ਉਪਨਿਸ਼ਦ ਵਿਚ ਵੀ ਬ੍ਰਹਮ ਦੇ ਅਕਥਨੀਯ ਰੂਪ ਦਾ ਵਰਨਣ ਮਿਲਦਾ ਹੈ :

ਯਦੁ ਵਾਚਾਅਨ ਭ੍ਯੁਦਿਤ ਯੇਨ ਵਾਗ ਭ੍ਯੁਦਯਤੇ।
ਤਦੇ ਵ ਬ੍ਰਹਮ ਤਵੰ ਵਿਧਿ ਨੇਦੰ ਯਦਿਦਮੁ ਪਾਸਤੇ।।[33]

ਅਰਥਾਤ ਇਸਨੂੰ ਬਾਣੀ ਕਹਿ ਨਹੀਂ ਸਕਦੀ, ਪਰ ਜਿਸਦੀ ਸ਼ਕਤੀ ਨਾਲ ਬਾਣੀ ਬੋਲਦੀ ਹੈ, ਉਸ ਨੂੰ ਹੀ ਤੁਸੀਂ ਬ੍ਰਹਮ ਸਮਝੋ, ਇਹ ਨਹੀਂ ਕਿ ਜਿਸਦੀ ਤੁਸੀਂ ਉਪਾਸ਼ਨਾ ਕਰਦੇ ਹੋ। ਗੁਰੂ ਨਾਨਕ ਦੇਵ ਜੀ ਨੇ ਥਾਂ ਥਾਂ ਉਤੇ ਬ੍ਰਹਮ ਨੂੰ ਅਗੰਮ, ਅਗੋਚਰ, ਅਪਾਰ, ਅਲੱਖ, ਅਦ੍ਰਿਸ਼ਟ, ਅਕੱਥ ਤੇ ਅਥਾਹ ਕਿਹਾ ਹੈ :

ਨਾਨਕੁ ਕਥਨਾ ਕਰੜਾ ਸਾਰੁ।
ਅਗੰਮ ਅਗੋਚਰ ਰੂਪ ਨਾ ਰੇਖਿਆ।
ਖੋਜਤ ਖੋਜਤ ਘਟਿ ਘਟਿ ਦੇਖਿਆ।।[34]

<u>ਅਵਿਨਾਸ਼ੀ</u>

ਬ੍ਰਹਮ ਅਮਰ ਅਤੇ ਸਦਾ ਸਥਿਰ ਹੈ। ਉਹ ਕਦੀ ਵੀ ਨਾਸ਼ ਨਹੀਂ ਹੁੰਦਾ। ਉਹ ਦੇਸ਼ ਕਾਲ ਦੀਆਂ ਹੱਦ ਬੰਦੀਆਂ ਤੇ ਸੀਮਾਵਾਂ ਤੋਂ ਮੁਕਤ ਹੁੰਦਾ ਹੈ। ਜਨਮ ਮਰਨ ਤੋਂ ਉਤਾਂਹ ਹੈ। ਉਹ ਕਦੀ ਵੀ ਗਰਭ ਜੂਨੀ ਵਿਚ ਨਹੀਂ ਆਉਂਦਾ। ਸੰਸਾਰ ਵਿਚ ਜੋ ਵੀ ਜੰਮਦਾ ਹੈ, ਉਹ ਬੁੱਢਾ ਹੁੰਦਾ ਹੈ ਤੇ ਆਪਣੀ ਉਮਰ ਭੋਗ ਕੇ ਮਰ ਜਾਂਦਾ ਹੈ। ਪਰਮਾਤਮਾ ਨਾ ਜੰਮਦਾ ਹੈ ਨਾ ਵਧਦਾ ਹੈ ਤੇ ਨਾ ਹੀ ਮਰਦਾ ਹੈ। ਉਹ ਅਜਰ ਅਮਰ ਤੇ ਅਨੰਤ ਹੈ।[35] ਇਸ ਕਥਨ ਦੀ ਪੁਸ਼ਟੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਅਨੇਕ ਥਾਵਾਂ ਤੇ ਕੀਤੀ ਹੈ :

ਅਲੱਖੁ ਨਾ ਲਖੀਐ ਅਗੰਮੁ ਅਜੋਨੀ
ਤੂੰ ਨਾਥਾਂ ਨਾਥਣਹਾਰਾ।[36]

... ... ...

ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ
ਘਟ ਭੀਤਰਿ ਦੇਖੁ ਮੁਰਾਰੀ ਜੀਉ।[37]

... ... ...

ਸੁਣਿ ਨਰ ਨਾਥ ਬੇਅੰਤ ਅਜੋਨੀ
ਸਾਚੇ ਮਹਲਿ ਅਪਾਰਾ।[38]

ਭਾਵ ਗੁਰੂ ਨਾਨਕ ਦੁਆਰਾ ਪ੍ਰਤਿਪਾਦਿਤ ਪਰਮਾਤਮਾ ਦਾ ਸਰੂਪ ਕਾਲ ਦੇ ਪ੍ਰਭਾਵ ਤੋਂ ਹਰ ਤਰ੍ਹਾਂ ਮੁਕਤ ਹੈ। ਗੁਰੂ ਜੀ ਨੇ ਸੋਰਠਿ ਰਾਗ ਵਿਚ ਸਪਸ਼ਟ ਕੀਤਾ ਹੈ :

ਅਲੱਖ ਅਪਾਰ ਅਗੰਮ ਅਗੋਚਰ
ਨ ਤਿਸੁ ਕਾਲ ਨ ਕਰਮਾ।[39]

<u>ਇਕੀਸ਼ਵਰਵਾਦ</u>

ਗੁਰੂ ਨਾਨਕ ਦੇਵ ਜੀ ਨੇ 'ਜਪੁਜੀ' ਦੇ ਮੂਲ ਮੰਤਰ ਵਿਚ ਪਰਮਾਤਮਾ ਨੂੰ '੧ਓ' ਕਰਕੇ ਪ੍ਰਗਟਾਇਆ ਹੈ। ਦੱਖਣੀ ਓਅੰਕਾਰ ਵਿਚ ਓਅੰਕਾਰ ਸ਼ਬਦ ਦਾ ਵਿਸਤ੍ਰਿਤ ਵਰਣਨ ਮਿਲਦਾ ਹੈ। ਬਾਕੀ ਗੁਰੂ ਸਾਹਿਬ ਦੀ ਬਾਣੀ ਵਿਚ ਵੀ ੧ਓ ਸ਼ਬਦ ਅਨੇਕ ਵਾਰੀ ਵਰਤਿਆ ਮਿਲਦਾ ਹੈ। ਗੁਰੂ ਸਾਹਿਬ ਨੇ ਤਾਂ ਓਅੰਕਾਰ ਸ਼ਬਦ ਦੀ ਰੱਜ ਕੇ ਵਰਤੋਂ ਕੀਤੀ ਹੈ। ਇਸੇ ਓਅੰਕਾਰ ਤੋਂ ਹੀ ਸਾਰੇ ਦੇਵਤੇ, ਸਾਰਾ ਸੰਸਾਰ ਉਤਪੱਤ ਹੋਇਆ ਮੰਨਿਆ ਹੈ। ਉਪਨਿਸ਼ਦਾਂ ਵਿਚ "ਓਅੰਕਾਰ" ਸ਼ਬਦ ਅਨੇਕਾਂ ਥਾਵਾਂ ਤੇ ਮਿਲਦਾ ਹੈ। ਮੁੰਡਕੋਪਨਿਸ਼ਦ ਵਿਚ 'ਓਮ' ਸ਼ਬਦ ਦਾ ਵਿਸ਼ਲੇਸ਼ਣ ਇਸ ਤਰ੍ਹਾਂ ਕੀਤਾ ਹੈ ।[40]

ਅ + ਉ + ਮ ਇਹ ਤਿੰਨੇ ਅੱਖਰ ਮਨ ਦੀਆਂ ਤਿੰਨ ਅਵਸਥਾਵਾਂ ਨੂੰ ਪ੍ਰਗਟਾਉਂਦੇ ਹਨ। ਅ - ਅਕਾਰ, (ਜਾਗ੍ਰਿਤ ਅਵਸਥਾ) ਉ - ਉਕਾਰ, (ਸੁਪਨ ਅਵਸਥਾ ) ਮ - ਮਕਾਰ (ਸੁਖੋਪਤ ਅਵਸਥਾ)। ਚੌਥੀ ਅਵਸਥਾ 'ਤੁਰੀਆ' ਅਵਸਥਾ ਹੈ ਜਿਥੇ ਪਹੁੰਚ ਕੇ ਪਹਿਲੀਆਂ ਤਿੰਨੇ ਅਵਸਥਾਵਾਂ ਸਮਾਪਤ ਹੋ ਜਾਂਦੀਆਂ ਹਨ। ਜੀਵ ਤੇ ਬ੍ਰਹਮ ਵਿਚ ਅਭੇਦਤਾ ਹੋ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ '੧' ਸਰੂਪ ਦਾ ਵਾਚਕ ਹੈ, ਅਰਥਾਤ ਉਹ ਹਸਤੀ ਜੋ ਵਰਨ ਚਿੰਨ੍ਹ ਤੋਂ ਪਰੇ ਹੈ ਤੇ ਅਕਥਨੀਯ ਹੈ, ਉਹ ਇਕ ਹੀ ਹੈ। ਗੁਰੂ ਜਨ ਇਉਂ ਫਰਮਾਉਂਦੇ ਹਨ :

ਸਾਹਿਬੁ ਮੇਰਾ ਏਕੋ ਹੈ
ਏਕੋ ਹੈ ਭਾਈ ਏਕੋ ਹੈ।।[41]

ਉਸੇ ਇਕ ਹਸਤੀ ਵਿਚੋਂ ਹੀ ਜਗਤ ਦੀਆਂ ਇਹ ਤਿੰਨ ਅਵਸਥਾਵਾਂ ਅਕਾਰ, ਉਕਾਰ ਤੇ ਮਕਾਰ ਉਤਪੰਨ ਹੁੰਦੀਆਂ ਹਨ।[42]

'੧ਓ' ਸ਼ਬਦ ਵਿਚ ਬ੍ਰਹਮ ਦੇ ਦੋਵੇਂ ਰੂਪ ਨਿਰਗੁਣ ਤੇ ਸਰਗੁਣ ਮਿਲੇ ਹੋਏ ਹਨ। ਹਿੰਦੂ ਮਿਥਿਹਾਸ ਦੀਆਂ ਤਿੰਨੇ ਸ਼ਕਤੀਆਂ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ (ਉਤਪੰਨ, ਪਾਲਣ ਅਤੇ ਸੰਘਾਰਨ

ਹੋਇਆ ਪ੍ਰਤੀਕ ) ਇਸੇ '੧ਓ' ਵਿਚੋਂ ਉਤਪੰਨ ਹੁੰਦੀਆਂ ਹਨ।[43]

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ '੧ਓ' ਸ਼ਬਦ ਦੇ ਅਨੇਕ ਪ੍ਰਯੋਗਾਂ ਤੋਂ ਇਲਾਵਾ ਵਧੇਰੀ ਮਾਤਰਾ ਵਿਚ ਇਕੀਸ਼ਵਰਵਾਦ ਦੀ ਪੁਸ਼ਟੀ ਦੇ ਸ਼ਬਦ ਮਿਲਦੇ ਹਨ :

1. ਸਾਹਿਬੁ ਮੇਰਾ ਏਕੋ ਹੈ। ਏਕੋ ਹੈ ਭਾਈ ਏਕੋ ਹੈ।[44]
2. ਏਕਮ ਏਕੰਕਾਰੁ ਨਿਰਾਲਾ। ਅਮਰੁ ਅਜੋਨੀ ਜਾਤਿ ਨ ਜਾਲਾ।।[45]
3. ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ।।[46]
4. ਅਗਮ ਅਗੋਚਰ ਅਨਾਥ ਅਜੋਨੀ ਗੁਰਮਤਿ ਏਕੋ ਜਾਨਿਆ।[47]
5. ਗੁਣ ਏਹੋ ਹੋਰੁ ਨਾਹੀ ਕੋਇ।। ਨਾ ਕੋ ਹੋਆ ਨਾ ਕੋ ਹੋਇ।।[48]
6. ਸਾਚਾ ਸਾਹਿਬੁ ਸਾਚੁ ਨਾਇ।।[49]
7. ਨਿਰਭਉ ਨਿਰੰਕਾਰ ਸਚੁ ਨਾਮੁ।।[50]
8. ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।।[51]
9. ਕਰਤਾ ਤੂੰ ਸਭਨਾ ਕਾ ਸੋਈ।।[52]
10. ਸਭ ਮਹਿ ਜੋਤਿ ਜੋਤਿ ਹੈ ਸੋਇ।[53]
11. ਏਕੋ ਕੇ ਨਾਹੀ ਭਉ ਕੋਇ।। ਕਰਤਾ ਕਰੇ ਕਰਾਵੈ ਸੋਇ।।[54]
12. ਕੀਤਾ ਪਸਾਉ ਏਕੋ ਕਵਾਉ।।[55]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਥਾਂ ਥਾਂ ਤੇ ਇਕੀਸ਼ਵਰਵਾਦ ਦਾ ਵਰਣਨ ਕੀਤਾ ਹੈ। ਇਕੋ ਪਰਮ ਪਿਤਾ ਪਰਮੇਸ਼ਰ ਨੂੰ ਉਚਤਮ ਮੰਨਿਆ ਹੈ। ਬਾਕੀ ਸਭ ਉਸੇ ਤੋਂ ਹੀ ਉਤਪੰਨ ਹੋਏ ਹਨ। ਉਸ ਦੇ ਤੁਲ ਹੋਰ ਕੋਈ ਨਹੀਂ ਹੈ। ਗੁਰੂ ਸਾਹਿਬ ਤਾਂ ਬਾਣੀ ਵਿਚ ਸਪਸ਼ਟ ਰੂਪ ਨਾਲ ਨਿਰਣੇ ਕਰਦੇ ਹਨ ਕਿ ਵਾਹਿਗੁਰੂ ਪਹਿਲਾਂ ਵੀ ਸੀ ਹੁਣ ਵੀ ਹੈ ਤੇ ਅੱਗੋਂ ਲਈ ਵੀ ਅਟੱਲ ਤੇ ਅਮਰ ਹੈ :

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ।
ਨਾਨਕ ਹੋਸੀ ਭੀ ਸਚੁ।।[56]

## ਗੁਰੂ ਨਾਨਕ ਦੇਵ ਜੀ ਦਾ ਸਗੁਣ ਬ੍ਰਹਮ

ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੇ ਨਿਰਗੁਣ ਸਰੂਪ ਨੂੰ ਪ੍ਰਮੁੱਖ ਮੰਨਦਿਆਂ ਹੋਇਆਂ ਵੀ ਉਸ ਦੇ ਸਗੁਣ ਸਰੂਪ ਨੂੰ ਪਰਵਾਨ ਕੀਤਾ ਹੈ। ਕਿਉਂਕਿ ਗੁਰੂ ਸਾਹਿਬ ਜਾਣਦੇ ਸਨ ਕਿ ਨਿਰਗੁਣਵਾਦ ਦੇ ਤੱਤਾਂ ਨੂੰ ਕੇਵਲ ਕੁਝ ਇਕ ਤੱਤ-ਗਿਆਨੀ ਹੀ ਸਮਝ ਸਕਦੇ ਹਨ। ਇਸੇ ਲਈ ਆਪ ਜੀ ਨੇ ਸਗੁਣ-ਵਾਦ ਦਾ ਵਿਸਤਾਰ ਕੀਤਾ ਹੈ, ਜਿਸ ਨੂੰ ਸਾਧਾਰਣ ਬੁੱਧੀ ਜਲਦੀ ਅਪਨਾ ਸਕਦੀ ਹੈ। ਬ੍ਰਹਮ ਦਾ ਮੇਲ ਜਾਂ ਪ੍ਰਾਪਤੀ, ਉਪਾਸਨਾ ਦੁਆਰਾ ਹੁੰਦੀ ਹੈ। ਜੇਕਰ ਉਪਾਸਯ ਕੇਵਲ ਨਿਰਗੁਣ, ਨਿਰਾਕਾਰ, ਅਲੱਖ ਤੇ ਅਵਿਅਕਤ ਹੋਵੇ ਤਾਂ ਉਹ ਗਿਆਨ ਦਾ ਵਿਸ਼ਾ ਨਹੀਂ ਬਣ ਸਕਦਾ, ਉਸ ਵਿਚ ਭਾਵਾਂ ਦਾ ਅਰੋਪ ਨਹੀਂ ਹੋ ਸਕਦਾ "ਅਜੇਹੀ ਅਵਸਥਾ ਵਿਚ ਉਪਾਸਨਾਂ ਜਾਂ ਭਗਤੀ ਕਿਸ ਦੀ ਹੋਵੇਗੀ? ਪ੍ਰੇਮ ਕਿਸ ਨਾਲ ਕੀਤਾ ਜਾਵੇਗਾ ਅਤੇ ਕਿਸ ਦੇ ਗੁਣਾਂ ਦਾ ਮਨਨ-ਚਿੰਤਨ ਕਰਕੇ ਮਨੁੱਖ ਆਪਣੀ ਆਤਮਾ ਨੂੰ ਉੱਨਤ ਬਣਾ ਸਕੇਗਾ? ਇਨ੍ਹਾਂ ਗੱਲਾਂ ਉਤੇ ਦ੍ਰਿਸ਼ਟੀ ਰੱਖ ਕੇ ਸੰਤ ਕਵੀਆਂ ਨੇ ਪ੍ਰਮਾਤਮਾ ਦੇ ਸਗੁਣ ਰੂਪ ਦੀ ਕਲਪਨਾ ਕੀਤੀ ਹੈ।[57] ਪਰ ਇਥੇ ਇਹ ਗਲ ਸਪੱਸ਼ਟ ਕਰ ਦੇਣੀ ਜ਼ਰੂਰੀ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਸਗੁਣਵਾਦ ਤੁਲਸੀ, ਸੂਰਦਾਸ ਜਾਂ ਮੀਰਾਂ ਬਾਈ ਵਰਗਾ ਸਗੁਣਵਾਦ ਨਹੀਂ ਹੈ, ਜਿਸ ਵਿਚ ਈਸ਼ਵਰ ਦੇ ਅਵਤਾਰ ਦੀ ਕਲਪਨਾ ਕਰਕੇ ਉਸ ਦੀਆਂ ਮੂਰਤੀਆਂ ਦੀ ਪੂਜਾ ਕੀਤੀ ਜਾਵੇ। ਜਿਵੇਂ ਕਿ ਪਹਿਲੇ ਦੱਸਿਆ ਜਾ ਚੁੱਕਾ ਹੈ ਕਿ ਗੁਰੂ ਨਾਨਕ ਦੇਵ ਜੀ ਸਗੁਣਵਾਦ ਨੂੰ ਮੰਨਦੇ ਹੋਏ ਵੀ ਅਵਤਾਰਵਾਦ ਤੇ ਮੂਰਤੀ ਪੂਜਾ ਦੇ ਘੋਰ ਵਿਰੋਧੀ ਸਨ। ਗੁਰੂ ਜੀ ਨੇ ਬ੍ਰਹਮ ਦਾ ਸਗੁਣ ਸਰੂਪ ਜਗਤ ਦੀ ਹਰ ਵਸਤੂ ਤੇ ਜੀਵ ਦੇ ਰੂਪ ਵਿਚ ਵੇਖਿਆ ਨਾ ਕਿ ਅਵਤਾਰ ਦੇ ਰੂਪ ਵਿਚ। "ਇਹੀ ਵੱਡਾ ਅੰਤਰ ਹੈ ਜੋ ਨਿਰੋਲ ਸਗੁਣਵਾਦ ਕਵੀਆਂ ਤੋਂ ਸਾਡੇ ਇਨ੍ਹਾਂ ਨਿਰਗੁਣਵਾਦੀ ਸੰਤਾਂ ਨੂੰ ਨਿਖੇੜਦਾ ਹੈ।"[58]

ਗੁਰੂ ਨਾਨਕ ਦੇਵ ਜੀ ਅਨੁਸਾਰ ਜਿਹੜਾ ਅਕਾਲ ਪੁਰਖ ਪਰਮਾਤਮਾ ਨਿਰਗੁਣ ਤੇ ਨਿਰਾਕਾਰ ਅਫੁਰ ਅਵਸਥਾ ਵਿਚ ਆਪ ਹੀ ਆਪ ਵਿਆਪਕ ਸੀ, ਉਸ ਨੇ ਆਪਣੇ ਹੁਕਮ ਨਾਲ ਇਸ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਤੇ ਆਪ ਹੀ ਸਫੁਰ ਅਵਸਥਾ ਵਿਚ ਪ੍ਰਗਟ ਹੋ ਗਿਆ। ਡਾ: ਜੈ ਰਾਮ ਮਿਸ਼ਰ ਦੇ ਸ਼ਬਦਾਂ ਵਿਚ, "ਗੁਰੂ ਨੇ ਸਪੱਸ਼ਟ ਰੂਪ ਵਿਚ ਇਸ ਗੱਲ ਨੂੰ ਮੰਨਿਆ ਹੈ ਕਿ ਨਿਰਗੁਣ ਬ੍ਰਹਮ ਨੇ ਬਿਨ੍ਹਾਂ ਕਿਸੇ ਦੂਸਰੇ ਆਸਰੇ ਦੇ ਆਪਣੇ ਆਪ ਨੂੰ ਸਗੁਣ ਰੂਪ ਵਿਚ ਪ੍ਰਗਟ ਕੀਤਾ।[59] ਇਸ ਤਰ੍ਹਾਂ ਨਿਰਗੁਣ ਤੇ ਨਿਰਾਕਾਰ ਬ੍ਰਹਮ ਹੀ ਸਗੁਣ ਤੇ ਸਾਕਾਰ ਬਣ ਗਿਆ।

ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣ ਥੀਆ ਰਾਮ।।[60]

ਨਿਰਗੁਣ ਬ੍ਰਹਮ ਜਦੋਂ ਸਰਗੁਣ ਰੂਪ ਧਾਰਨ ਕਰਦਾ ਹੈ ਤਾਂ ਉਸ ਵਿਚ ਗੁਣਾਂ ਦਾ ਵਿਸਤਾਰ ਹੁੰਦਾ ਹੈ ਉਹ ਆਪਣੀ ਸਾਰੀ ਰਚਨਾ ਵਿਚ ਉਪਸਥਿਤ ਹੋਣ ਕਰਕੇ ਸਰਬ ਵਿਆਪਕ ਹੈ। ਆਪਣੀ ਇੱਛਾ ਤੇ ਹੁਕਮ ਅਨੁਸਾਰ ਜਗਤ ਦਾ ਸੰਚਾਲਨ ਤੇ ਸੰਘਾਰ ਕਰਨ ਕਰਕੇ ਸਰਬ ਸ਼ਕਤੀਮਾਨ ਹੈ। ਉਹ ਸਭ ਜੀਵਾਂ ਦੇ ਅੰਦਰ ਮਨਾਂ ਦੀਆਂ ਗੱਲਾਂ ਜਾਣਦਾ ਹੈ ਇਸ ਲਈ ਅੰਤਰਜਾਮੀ ਹੈ। ਸਾਰੇ ਬ੍ਰਹਿਮੰਡ ਤੋਂ ਉਸ ਦੇ ਵਿਰਾਟ ਸਰੂਪ ਦਾ ਗਿਆਨ ਹੁੰਦਾ ਹੈ। ਇਨ੍ਹਾਂ ਗੁਣਾਂ ਤੋਂ ਛੁਟ ਅਨੇਕ ਗੁਣ ਜੋ ਜੀਵ ਲਈ ਅਕਥਨੀਯ ਹਨ, ਬ੍ਰਹਮ ਵਿਚ ਉਪਸਥਿਤ ਹਨ। ਜਿਵੇਂ ਕਿ ਉਹ ਵਡਦਾਤਾ, ਵਡਦਾਨੀ, ਪਤਿਤ ਪਾਵਨ ਤੇ ਨਿਆਂਕਾਰ ਆਦਿ।

## ਸਰਬ-ਵਿਆਪਕ

ਨਿਰਗੁਣ ਬ੍ਰਹਮ ਸ੍ਰਿਸ਼ਟੀ ਰਚਨਾ ਕਰਕੇ ਇਸ ਤੋਂ ਵੱਖਰਾ ਤੇ ਨਿਰਲੇਪ ਨਹੀਂ ਰਹਿ ਜਾਂਦਾ। ਉਹ ਪੁਰਖ ਹੈ ਅਰਥਾਤ ਆਪਣੀ ਰਚੀ ਹੋਈ ਸ੍ਰਿਸ਼ਟੀ ਵਿਚ ਵਿਸ਼ਰਾਮ ਕਰਨ ਵਾਲਾ ਘਟ ਘਟ ਵਿਚ ਵਸਣ ਵਾਲਾ ਸਰਬਵਿਆਪਕ ਪਰਮ ਤੱਤ ਹੈ। ਇਹ ਹੋ ਸਕਦਾ ਹੈ ਕਿ ਮਾਇਆ ਦੇ ਪਰਦੇ ਕਾਰਨ ਜੀਵ ਉਸ ਨੂੰ ਸ੍ਰਿਸ਼ਟੀ ਵਿਚੋਂ ਵੇਖਣ ਦੇ ਯੋਗ ਨਾ ਹੋਵੇ। ਗੁਰੂ ਜੀ ਫੁਰਮਾਉਂਦੇ ਹਨ ਕਿ ਉਸ ਨੂੰ ਵੇਖਣ ਵਾਲੀਆਂ ਅੱਖਾਂ ਹੋਰ ਹਨ। ਜਿਹੜੀਆਂ ਕਿ ਸਭ ਦੇ ਹਿਰਦਿਆਂ ਵਿਚੋਂ ਉਸ ਦੀ ਜੋਤ ਨੂੰ ਢੂੰਡ ਲੈਂਦੀਆਂ ਹਨ ਜਿਸ ਦੇ ਨਾਲ ਸਭ ਦੇ ਹਿਰਦਿਆਂ ਵਿਚ ਪ੍ਰਕਾਸ਼ ਹੁੰਦਾ ਹੈ। ਜਿਵੇਂ ਦੁੱਧ ਦੇ ਅੰਦਰ ਮੱਖਣ ਮੌਜੂਦ ਹੈ ਅਤੇ ਬਨਸਪਤੀ ਵਿਚ ਅਗਨੀ ਲੁਕੀ ਹੋਈ ਹੈ ਤਿਵੇਂ ਉਹ ਬ੍ਰਹਮ ਸਭ ਥਾਂ ਤੇ ਅਤੇ ਹਰ ਵਸਤੂ ਵਿਚ ਵਿਆਪਕ ਹੈ -

ਅੰਤਰਿ ਬਾਹਰਿ ਪੁਰਖ ਨਿਰੰਜਨ ਆਦਿ ਪੁਰਖ ਆਦੇਸੋ।
ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ।

xx xx xx

ਸਭ ਮਹਿ ਜੋਤਿ ਜੋਤਿ ਹੈ ਸੋਇ।।
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ।।[61]

ਉਹ ਸਵਰਗ, ਪਾਤਾਲ, ਮਿਰਤ ਤੇ ਭੂਮੰਡਲ ਸਭ ਦੇ ਅੰਦਰ ਸਮਾ ਰਿਹਾ ਹੈ। ਚੌਦਾ ਭਵਨਾਂ, ਚਾਰੇ ਕੂੰਟਾਂ ਅਤੇ ਦਸਾਂ ਦਿਸ਼ਾਵਾਂ ਵਿਚ ਰਵਿ ਰਿਹਾ ਹੈ। ਧਰਤੀ ਤੇ ਆਕਾਸ਼ ਸਭ ਵਿਚ ਉਹ ਉਪਸਥਿਤ ਹੈ। ਜਲ, ਥਲ, ਬਨ, ਪ੍ਰਬਤ ਸਭਨੀਂ ਥਾਵਾਂ ਤੇ ਉਸ ਦਾ ਵਾਸਾ ਹੈ। ਸੂਖਮ ਤੇ ਅਸਥੂਲ ਸਭਨਾਂ ਮੰਡਲਾਂ ਵਿਚ ਉਹ ਬਿਰਾਜਮਾਨ ਹੈ -

ਸਭ ਕੇ ਮਧਿ ਸਬਹੂ ਤੇ ਬਾਹਰਿ
ਰਾਗ ਦੋਖ ਤੇ ਨਿਆਰੋ।।[62]

ਪਰਮਾਤਮਾ ਦੀ ਵਿਆਪਕਤਾ ਕਿਤੇ ਥੋੜ੍ਹੀ ਤੇ ਕਿਤੇ ਬਹੁਤੀ ਨਹੀਂ। ਉਹ ਸਭ ਥਾਵਾਂ ਤੇ ਆਪਣੀ ਪੂਰਣ ਸੱਤਾ ਨਾਲ ਵਿਦਮਾਨ ਹੈ ਪਰ ਉਸ ਦੀ ਪੂਰਣਤਾ ਕਿੱਥੇ ਹੀ ਸਮਾਪਤ ਨਹੀਂ ਹੋ ਜਾਂਦੀ। ਇਸ ਵਿਸ਼ਵ ਵਿਚ ਪੂਰਨ ਰੂਪ ਨਾਲ ਵਿਆਪਕ ਹੋਣ ਤੇ ਵੀ ਉਹ ਪੂਰਣ ਰੂਪ ਵਿਚ ਉਸ ਤੋਂ ਪਰੇ ਹੈ। ਉਪਨਿਸ਼ਦਾਂ ਵਿਚ ਇਸ ਵਿਚਾਰ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਜੇ ਪੂਰੇ ਵਿਚੋਂ ਪੂਰੇ ਨੂੰ ਕਢ ਲਈਏ ਤਾਂ ਵੀ ਬਾਕੀ ਪੂਰਾ ਹੀ ਰਹੇਗਾ -

"ਪੂਰਣਮਦ: ਪੂਰਣਮਿਦੰ ਪੂਰਣਾਤ੍ਪੂਰਣ ਮੁਦਚ੍ਯਤੇ।
ਪੂਰਣਸ੍ਯ ਪੂਰਣਮਾਦਾਯ ਪੂਰਣਮੇਵਾਵਸ਼ਿਸ਼੍ਯਤੇ।।[63]

ਬ੍ਰਹਮ ਉਪਨਿਸ਼ਦ ਵਿਚ ਵੀ ਬ੍ਰਹਮ ਦੀ ਸਰਬਵਿਆਪਕਤਾ ਦਾ ਉਲੇਖ ਇਸ ਪ੍ਰਕਾਰ ਮਿਲਦਾ ਹੈ -

"ਏਕੋ ਦੇਵ: ਸਰਵਭੂਤੇਸ਼ੁ ਗੂੜ੍ਹ: ਸਰਵਵਿਆਪੀ
ਸਰਵਭੂਤਾਂਤਰਾਤਮਾ।[64]

ਅਰਥਾਤ ਪਰਮਾਤਮਾ ਇਕ ਹੈ, ਉਹ ਸਭ ਜੀਵਾਂ ਵਿਚ ਹੈ, ਸਰਬ ਵਿਆਪਕ ਹੈ ਅਤੇ ਸਭ ਜੀਵਾਂ ਦਾ ਅੰਤਰ ਆਤਮਾ ਹੈ।

ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੀ ਸਰਬ ਵਿਆਪਕਤਾ ਦਾ ਮੌਲਿਕ ਤੇ ਸਹਿਜ ਸਰਲ ਵਰਨਣ ਕੀਤਾ ਹੈ। ਸਿਵਾਇ ਉਨ੍ਹਾਂ ਥਾਵਾਂ ਤੇ ਜਿਥੇ ਉਨ੍ਹਾਂ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਉਪਨਿਸ਼ਦ ਦੇ ਰੂਪਕਾਂ ਜਾਂ ਉਪਮਾਵਾਂ ਦਾ ਪ੍ਰਯੋਗ ਅੱਸ਼ਕ ਸਮਝਿਆ ਹੈ। ਗੁਰੂ ਜੀ ਦੀ ਬਾਣੀ ਵਿਚਲੇ ਵਿਚਾਰਾਂ ਵਿਚ ਨਿਜਤੱਵ ਤੇ ਮੌਲਿਕਤਾ ਵਧੇਰੇ ਹੈ -

"ਸੂਰਜ ਏਕੋ ਰੁਤਿ ਅਨੇਕ ਨਾਨਕ ਕਰਤੇ ਕੇ ਕੇਤੇ ਵੇਸ"।।[65]

ਬ੍ਰਹਮ ਦਾ ਇਕੋ ਹੀ ਸਰੂਪ ਹੈ ਪਰ ਅਨੇਕਾਂ ਹੀ ਰੂਪਾਂ ਵਿਚ ਲੇਟਿਆ ਹੋਇਆ ਹੈ।

## ਸਰਬ ਸ਼ਕਤੀਮਾਨ

ਸਰਬ ਸ਼ਕਤੀਮਾਨ ਦਾ ਅਰਥ ਸਭ ਪ੍ਰਕਾਰ ਦੀ ਉਦਾਤ ਸ਼ਕਤੀਆਂ ਨਾਲ ਸੰਪੰਨ ਹੋਣਾ ਹੈ। ਸ਼ਕਤੀ ਸੰਪੰਨ ਵਿਅਕਤੀ ਸੀਮਾਵਾਂ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ ਪ੍ਰਭੂ ਦੇ ਅੰਦਰ

ਕੋਈ ਬੰਧਨ ਨਹੀਂ ਹੈ। ਉਹ ਕਿਸੇ ਹੋਰ ਉਤੇ ਆਸ਼੍ਰਿਤ ਵੀ ਨਹੀਂ ਹੈ। ਉਸ ਨੂੰ ਕਿਸੇ ਦੀ ਸਹਾਇਤਾ ਦੀ ਲੋੜ ਨਹੀਂ ਹੈ। "ਉਹ ਆਸਰਿਆਂ ਦਾ ਵੀ ਆਸਰਾ ਹੈ, ਉਹ ਸਭ ਦਾ ਆਸਰਾ ਹੈ।"[66]

ਗੁਰੂ ਨਾਨਕ ਦੇਵ ਜੀ ਪਰਮਾਤਮਾ ਦੀ ਸਰਬ ਸ਼ਕਤੀਮਾਨਤਾ ਦਾ ਥਾਂ ਥਾਂ ਉਲੇਖ ਕਰਦੇ ਹਨ। ਆਪ ਅਨੁਸਾਰ ਉਸ ਬੇਅੰਤ ਸ਼ਕਤੀ ਦੇ ਸੁਆਮੀ ਦੀ ਕੀਮਤ ਨਹੀਂ ਪਾਈ ਜਾ ਸਕਦੀ। ਉਹ ਜਦੋਂ ਚਾਹੇ ਪਲ ਛਿਨ ਵਿਚ ਸਾਰੀ ਸ੍ਰਿਸ਼ਟੀ ਨੂੰ ਰਚ ਸਕਦਾ ਹੈ ਅਤੇ ਜਦੋਂ ਚਾਹੇ ਸਮਾਪਤ ਕਰ ਸਕਦਾ ਹੈ। ਅੱਖ ਫਰੋਕੇ ਵਿਚ ਰਾਜੇ ਨੂੰ ਭਿਖਾਰੀ ਤੇ ਭਿਖਾਰੀ ਨੂੰ ਰਾਜਾ ਬਣਾ ਸਕਦਾ ਹੈ। ਭਰਿਆਂ ਹੋਇਆਂ ਨੂੰ ਸੱਖਣਾ ਕਰਨਾ ਤੇ ਸੱਖਣਿਆਂ ਨੂੰ ਭਰਨਾ ਉਸ ਲਈ ਰਤਾ ਵੀ ਕਠਨ ਨਹੀਂ ਸਗੋਂ ਇਹ ਤਾਂ ਉਸ ਦਾ ਸਦਾ ਦਾ ਵਿਹਾਰ ਹੈ। ਉਸ ਵਿਚ ਇੰਨੀ ਸ਼ਕਤੀ ਤੇ ਸਮਰਥਾ ਹੈ ਕਿ ਇਸ ਸਾਰੀ ਸ੍ਰਿਸ਼ਟੀ ਦਾ ਨਿਯੰਤਰਣ ਉਹ ਇਕੱਲਾ ਹੀ ਕਰਦਾ ਹੈ। ਧਰਤੀ ਆਕਾਸ਼ ਉਸ ਦੇ ਹੁਕਮ ਅਨੁਸਾਰ ਆਪਣੇ ਨਿਯਮਾਂ ਦੀ ਪਾਲਣਾ ਕਰ ਰਹੇ ਹਨ। ਲੱਕੜੀ ਵਿਚ ਅੱਗ ਉਸ ਨੇ ਸਮੋ ਕੇ ਰਖਿਆ ਹੈ। ਸਾਰੇ ਜੀਵ ਜੰਤੂਆਂ ਨੂੰ ਉਹ ਆਪ ਰੋਜ਼ੀ ਬਖਸ਼ਦਾ ਹੈ। ਅਜੇਹਾ ਕੋਈ ਕੰਮ ਨਹੀਂ ਜਿਸ ਨੂੰ ਕਰਨ ਦੇ ਉਹ ਅਸਮਰਥ ਹੋਵੇ। ਆਪੇ ਬਣਾ ਸਕਦਾ ਹੈ ਤੇ ਆਪ ਹੀ ਢਾਹ ਸਕਦਾ ਹੈ। ਵੱਡੇ ਵੱਡੇ ਸ਼ਾਹਾਂ ਸੁਲਤਾਨਾਂ ਨੂੰ ਕੀੜਿਆਂ ਮਕੌੜਿਆਂ ਦੀ ਹੈਸੀਅਤ ਵਿਚ ਬਦਲ ਸਕਦਾ ਹੈ ਤੇ ਗਰੀਬਾਂ ਨਿਰਧਨਾਂ ਨੂੰ ਨਿਵਾਜ ਕੇ ਪਲਾਂ ਵਿਚ ਬਾਦਸ਼ਾਹਤ ਸੌਂਪ ਦਿੰਦਾ ਹੈ -

ਖਿਨ ਮਹਿ ਨੀਚੁ ਕੀਟ ਕਉ ਰਾਜਿ।।[67]

ਸਗੁਣ ਬ੍ਰਹਮ ਦੀ ਸਰਬ ਸ਼ਕਤੀਮਾਨਤਾ ਦਾ ਚਿਤਰ ਖਿਚਦਿਆਂ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੇ ਵਿਰਾਟ ਸਰੂਪ ਦੀ ਵੀ ਬੜੀ ਸੁੰਦਰ ਕਲਪਨਾ ਕੀਤੀ ਹੈ -

"ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ।
ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ।[68]

ਆਪ ਨੇ ਬ੍ਰਹਮ ਦਾ ਅਜੇਹਾ ਵਿਸ਼ਵ ਵਿਆਪੀ ਸਰੂਪ ਚਿਤਰਿਆ ਹੈ ਜਿਸ ਵਿਚ ਸਮੁੱਚਾ ਬ੍ਰਹਿਮੰਡ ਸਮੋਇਆ ਹੋਇਆ ਹੈ। ਆਪ ਜੀ ਦਸਦੇ ਹਨ ਕਿ ਸੰਸਾਰ ਦੀ ਸਭਨਾਂ ਅੱਖਾਂ ਨਾਲ ਪ੍ਰਮਾਤਮਾ ਦੇਖਦਾ ਹੈ। ਪਰ ਉਸ ਦੀ ਆਪਣੀ ਕੋਈ ਅੱਖ ਨਹੀਂ। ਉਸ ਦੀਆਂ ਅਨੇਕਾਂ ਹੀ ਮੂਰਤਾਂ ਹਨ ਪਰ ਉਹ ਅਮੂਰਤ ਹੈ -

"ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ,
ਸਹਸ ਮੂਰਤਿ ਨਨਾ ਏਕ ਤੋਹੀ।[69]

ਬ੍ਰਹਮੰਡ ਵਿਚ ਚੇਤੰਨ ਤੇਜ਼, ਜਿੰਨੀਆਂ ਵੀ ਵਸਤੂਆਂ ਹਨ ਸਭ ਉਸ ਦਾ ਸਰੀਰ ਹਨ, ਉਹ ਆਪਣੀ ਮਹਿਮਾ ਆਪ ਹੀ ਸੁਣਦਾ ਹੈ। ਸਾਰੀ ਮਾਇਆ ਉਸ ਦੇ ਹੁਕਮ ਵਿਚ ਬੱਝੀ ਹੋਈ ਹੈ, ਆਵਾਗਵਣ ਉਸ ਦੀ ਇਕ ਖੇਡ ਮਾਤ੍ਰ ਹੈ। ਧਰਤੀ, ਅਕਾਸ਼, ਚੰਦ, ਸੂਰਜ, ਹਵਾ ਪਾਣੀ ਖੰਡ ਕੀ ਪਾਤਾਲ, ਪੁਰੀਆਂ ਬ੍ਰਹਮਾ, ਵਿਸ਼ਨੂੰ ਤੇ ਮਹੇਸ਼, ਤੇਤੀ ਕਰੋੜ ਦੇਵਤੇ, ਪਸ਼ੂ ਪੰਛੀ, ਬਨ, ਪਰਬਤ, ਵੇਲਾਂ ਸਾਖਾਂ ਸਭ ਉਸ ਦੇ ਕੈਦ ਵਿਚ ਹਨ। ਪ੍ਰਭੂ ਦੇ ਵਿਰਾਟ ਸਰੂਪ ਦਾ ਵਿਖਿਆਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਿਲਦਾ ਹੈ ਜਿਸ ਤੋਂ ਪਰਮਾਤਮਾ ਦੀ ਅਨੰਤਤਾ ਦਾ ਇਕ ਅਦਭੁਤ ਚਿਤਰ ਸਾਡੀਆਂ ਅੱਖਾਂ ਸਾਹਮਣੇ ਸਾਕਾਰ ਹੋ ਜਾਂਦਾ ਹੈ।

## ਅੰਤਰਜਾਮੀ

ਬ੍ਰਹਮ ਅੰਤਰਜਾਮੀ ਹੈ, ਉਹ ਮਨੁੱਖਾਂ ਦੇ ਮਨਾਂ ਦੀਆਂ ਸਾਰੀਆਂ ਗੱਲਾਂ ਤੇ ਭੇਦਾਂ ਤੋਂ ਜਾਣੂੰ ਹੈ। ਗੁਰਬਾਣੀ ਵਿਚ ਥਾਂ ਥਾਂ ਤੇ ਉਲੇਖ ਮਿਲਦੇ ਹਨ ਕਿ ਅਕਾਲ ਪੁਰਖ ਹਾਜ਼ਰਾ ਹਜ਼ੂਰ ਹੈ। ਉਹ ਜ਼ਾਹਿਰਾ ਜ਼ਹੂਰ ਜ਼ਾਹਿਰ ਗੰਭੀਰ, 'ਘਟ ਘਟ ਕੇ ਪਟ ਪਟ ਕੀ ਜਾਨਣ ਵਾਲਾ ਅਤੇ ਅੰਤਰ ਦੀ ਬਿਧ ਜਾਨਣ ਵਾਲਾ ਸਰਬ ਕਲਾ ਭਰਪੂਰ ਵਾਹਿਗੁਰੂ ਹੈ। ਉਹ ਸਭ ਕੋਲ ਵਸਦਾ ਹੈ, ਕੋਈ ਵੀ ਫੁਰਨਾ ਜਿਹੜਾ ਮਨੁੱਖੀ ਮਨ ਵਿਚ ਫੁਰਦਾ ਹੈ ਉਹ ਵੀ ਅੰਤਰਜਾਮੀ ਪਰਮੇਸ਼ਰ ਦੀ ਜਾਣਕਾਰੀ ਵਿਚ ਹ, ਕਿਉਂ ਕਿ ਜੀਵਾਤਮਾ ਪਰਮਾਤਮਾ ਦਾ ਹੀ ਨਿਖੜਵਾਂ ਤੱਤ ਹੈ। "ਪਰਮਾਤਮਾ ਕਿਸੇ ਸਤਵੇਂ ਅਕਾਸ਼ ਵਿਚ ਟਿਕਿਆ ਹੋਇਆ ਨਹੀਂ ਜਿਸ ਪਾਸੋਂ ਕੁਝ ਲੁਕਾਇਆ ਜਾ ਸਕਦਾ ਹੈ। ਨਾ ਹੀ ਉਹ ਪਾਤਾਲ ਵਿੱਚ ਸੁੱਤਾ ਹੈ। ਅਤੇ ਨਾ ਹੀ ਉਹ ਜੰਗਲਾਂ ਦਾ ਵਾਸੀ ਹੈ। ਉਹ ਤਾਂ ਹਰ ਥਾਂ ਤੇ ਹਾਜ਼ਰ ਨਾਜ਼ਰ ਹੈ।"[70] ਡਾ: ਜੈ ਰਾਮ ਮਿਸਰ ਇਸ ਪ੍ਰਸੰਗ ਵਿਚ ਲਿਖਦੇ ਹਨ, "ਉਂਜ ਤਾਂ ਅਕਾਸ਼ ਸਰਬ ਵਿਆਪਕ ਹੈ ਪਰ ਸਰਬ ਅੰਤਰਜਾਮੀ ਨਹੀਂ। ਪਰਮਾਤਮਾ ਚੇਤੰਨਮਈ ਹੈ। ਗਿਆਨ ਤੇ ਸ਼ਕਤੀ ਨਾਲ ਭਰਪੂਰ ਹੈ। ਉਹ ਸਭ ਦੇ ਅੰਦਰ ਬਾਹਰ ਸਥਿਤ ਹੋ ਕੇ, ਬਿਨਾਂ ਕੁਝ ਕਹੇ ਸੁਣੇ ਸਾਰੇ ਰਹੱਸਾਂ ਨੂੰ ਜਾਣਦਾ ਹੈ।"[71]

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨੁੱਖ ਸਾਰੀਆਂ ਬੁਰਾਈਆਂ ਇਸੇ ਲਈ ਕਰਦਾ ਹੈ ਕਿ ਉਹ ਰੱਬ ਨੂੰ ਅੰਗ ਸੰਗ ਨਹੀਂ ਸਮਝਦਾ। ਉਹ ਵਿਭਚਾਰ ਕਰਦਾ ਹੈ, ਠੱਗੀ ਤੇ ਬੇਈਮਾਨੀ ਕਰਦਾ ਹੈ, ਝੂਠ ਬੋਲਦਾ ਹੈ, ਮਾਇਆ ਦੇ ਪੰਜੇ ਵਿਚ ਫਸਦਾ ਹੈ। ਕਿਉਂ ਕਿ ਉਹ ਰੱਬ ਨੂੰ ਆਪਣੇ ਨੇੜੇ ਨਹੀਂ ਸਮਝਦਾ। ਆਪ ਆਖਦੇ ਹਨ ਕਿ ਹੇ ਜੀਵ ਤੂੰ ਇਹ ਸਾਰੇ ਪਾਪ ਕਿਸ ਪਾਸੋਂ ਲੁਕਾ ਰਿਹਾ ਹੈਂ? ਕੀ ਉਸੇ ਕੋਲੋਂ ਲੁਕਾਂਦਾ ਹੈ ਜਿਸ ਦੇ ਸਾਹਮਣੇ ਤੂੰ ਕੀਤੇ ਹਨ, ਜਿਹੜਾ ਸਦਾ ਤੇਰੇ ਨਾਲ ਰਹਿੰਦਾ ਹੈ ਤੇ ਜਾਣੀ ਜਾਣ ਹੈ?[72]

ਤੇਰੀ ਗਤਿ ਮਿਤਿ ਤੂੰ ਹੈ ਜਾਣਹਿ ਕਿਆ ਕੋ ਆਖਿ ਵਖਾਣੈ।।[73]

ਰੱਬ ਦੀ ਅੰਤਰਜਾਮਤਾ ਦੀ ਲੋੜ ਜਿਥੇ ਸਾਡੇ ਸਦਾਚਾਰੀ ਜੀਵਨ ਲਈ ਹੈ ਉਥੇ ਸਾਧਾਰਣ ਧਾਰਮਿਕ ਜੀਵਨ ਲਈ ਹੋਰ ਵੀ ਵਧੇਰੇ ਹੈ।

"ਉਸ ਨੇ ਸਾਡੀਆਂ ਅਰਦਾਸਾਂ ਨੂੰ ਜਾਣਨਾ ਹੈ, ਸਾਡੇ ਭਾਵਾਂ ਨੂੰ ਸਮਝਣਾ ਹੈ। ਉਸ ਨੇ ਬਿਨ੍ਹਾਂ ਬੋਲੇ ਬਿਨ੍ਹਾਂ ਮੰਗੇ 'ਸੈਲਪਥਰਾਂ' ਵਿਚ ਜੀਆਂ ਨੂੰ ਖੁਰਾਕ ਦਾ ਹੀਲਾ ਬਣਾਉਂਦਾ ਹੈ। ਕਰਤਾਰ ਨੂੰ ਆਪਣੀ ਕੀਤੀ ਰਚਨਾ ਦੀ ਹਰ ਗਲ ਦਾ ਪਤਾ ਹੈ ਕਿਉਂਕਿ ਉਸ ਨੇ ਇਸ ਦੀ ਪਾਲਣਾ ਵੀ ਕਰਨੀ ਹੈ। ਉਹ ਸਾਡੀਆਂ ਲੋੜਾਂ ਨੂੰ ਸਾਡੇ ਕਹਿਣ ਤੋਂ ਪਹਿਲਾਂ ਹੀ ਜਾਣਦਾ ਹੈ।[74] ਤੀਜੀ ਪਾਤਸ਼ਾਹੀ ਨੇ ਕਿਤਨੇ ਸੁੰਦਰ ਢੰਗ ਨਾਲ ਇਸ ਕਥਨ ਦੀ ਪੁਸ਼ਟੀ ਕੀਤੀ ਹੈ -

"ਹਰਿ ਅੰਦਰਿ ਬਾਹਰਿ ਇਕੁ ਤੂੰ, ਤੂੰ ਜਾਣਹਿ ਭੇਤੁ।
ਜੋ ਕੀਚੈ ਸੋ ਹਰਿ ਜਾਣਦਾ ਮੇਰੇ ਮਨ ਹਰਿ ਚੇਤੁ।।[75]

ਇਸੇ ਭਾਵ ਨੂੰ ਹੋਰ ਸਪਸ਼ਟ ਕਰਦਿਆਂ ਦਸਵੇਂ ਗੁਰੂ ਜੀ ਨੇ ਆਪਣੀ ਬਾਣੀ ਚੌਪਈ ਵਿਚ ਲਿਖਿਆ ਹੈ -

ਘਟਿ ਘਟਿ ਕੇ ਅੰਤਰਿ ਦੀ ਜਾਨਤ,
ਭਲੇ ਬੁਰੇ ਕੀ ਪੀਰ ਪਛਾਨਤ।।
ਚੀਂਟੀ ਤੇ ਕੁੰਚਰ ਅਸਥੂਲਾ,
ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ।
ਤੂੰ ਜਨੁ ਗਿਆਨੀ ਅੰਤਰਜਾਮੀ ਆਪੇ ਕਾਰਣ ਕੀਨਾ।[76]

ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੀ ਅੰਤਰ ਆਤਮਾ ਨੂੰ ਬੜੀ ਸੁਚੱਜਤਾ ਤੇ ਵਿਲੱਖਣਤਾ ਨਾਲ ਬਿਆਨਿਆ ਹੈ।

## ਦਾਤਾ ਤੇ ਦਾਨੀ

ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਨੂੰ ਇਕ ਵੱਡੇ ਦਾਤੇ ਤੇ ਦਾਨੀ ਦੇ ਰੂਪ ਵਿਚ ਚਿਤਰਿਆ ਹੈ। ਪਰਮਾਤਮਾ ਜਿਹਾ ਵਡਦਾਤਾ ਤੇ ਵਡਦਾਨੀ ਹੋਰ ਕੋਈ ਦੂਜਾ ਇਸ ਸੰਸਾਰ ਵਿਚ ਨਹੀਂ ਹੈ। ਜਿਸ ਪਾਸੋਂ ਜੋ ਦਾਤ ਮੰਗੀ ਉਹੀ ਪ੍ਰਾਪਤ ਹੋ ਜਾਂਦੀ ਹੈ -

ਅਗੰਮ ਅਗੋਚਰੁ ਤੂੰ ਧਣੀ ਸਚਾ ਅਲਖ ਅਪਾਰੁ।
ਤੂੰ ਦਾਤਾ ਸਭ ਮੰਗਤੇ ਇਕੋ ਦੇਵਣਹਾਰ।।[77]

ਪ੍ਰਕਿਰਤੀ ਦੀ ਹਰ ਵਸਤੂ ਵਿਚ ਪ੍ਰਮਾਤਮਾ ਨੇ ਗੁਣ ਭਰੇ ਹੋਏ ਹਨ ਪਰ ਕੋਈ ਵੀ ਅਜੇਹੀ ਵਸਤੂ ਨਹੀ ਜੋ ਸਰਬ ਗੁਣ ਸੰਪੰਨ ਹੋਵੇ। ਅਕਾਲ ਪੁਰਖ, ਪਰਮਾਤਮਾ ਗੁਣ ਦਾਤਾ ਹੈ, ਉਸ ਦੇ ਗੁਣ ਮੰਗਵੇਂ ਨਹੀ ਹਨ। ਤੇ ਨਾ ਹੀ ਉਨ੍ਹਾਂ ਗੁਣਾਂ ਵਿਚ ਘਾਟ ਵਾਧ ਹੁੰਦੀ ਹੈ। ਉਸ ਦੇ ਗੁਣਾਂ ਤੇ ਦਾਤਾਂ ਦਾ ਖਜ਼ਾਨਾ ਅਥਾਹ ਤੇ ਅਮੁੱਕ ਹੈ ਜੋ ਵੰਡਣ ਤੇ ਵੀ ਖਾਲੀ ਨਹੀਂ ਹੁੰਦਾ।

ਤੂੰ ਦਾਤਾ ਸਭ ਜਾਚਿਕ ਤੇਰੇ ਤੁਧੁ ਬਿਨੁ ਕਿਸ ਸਲਾਹੀ

... ... ...

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ।[78]

ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜੋ ਕੁਝ ਮੰਗਣਾ ਹੋਵੇ ਉਹ ਅਕਾਲ ਪੁਰਖ ਪਾਸੋਂ ਮੰਗਣਾ ਚਾਹੀਦਾ ਹੈ। ਉਹ ਸਭਨਾਂ ਜੀਵਾਂ ਦਾ ਦਾਤਾ ਹੈ। ਬਾਕੀ ਸਾਰੇ ਉਸ ਦੇ ਮੰਗਤੇ ਹਨ। ਮਨੁੱਖ ਪਾਸੋਂ ਮੰਗਣ ਦਾ ਕੀ ਲਾਭ ਹੈ। ਮਨੁੱਖ ਤਾਂ ਆਪ ਹੀ ਕਿਸੇ ਦਾ ਮੰਗਤਾ ਹੈ ਅਤੇ ਗੁਰੂ ਦੇ ਆਸਰਿਤ ਹੈ। ਪ੍ਰਭੂ ਹੀ ਅਜੇਹਾ ਸਮਰਥ ਦਾਤਾ ਤੇ ਦਾਨੀ ਹੈ ਜੋ ਅਨੇਕਾਂ ਹੀ ਵਸਤਾਂ ਪਰਦਾਨ ਕਰਦਾ ਹੈ ਕਿ ਮਨੁੱਖ ਦੀ ਤ੍ਰਿਸ਼ਨਾ ਤ੍ਰਿਪਤ ਹੋ ਜਾਂਦੀ ਹੈ। ਸੰਸਾਰ ਵਿਚ ਜੋ ਵੀ ਵੱਡਾ ਦਾਨੀ ਤੇ ਦਾਤਾ ਪੁਰਸ਼ ਦਿਸਦਾ ਹੈ ਉਸ ਨੇ ਤਾਂ ਅੰਤ ਇਕ ਦਿਨ ਮਿੱਟੀ ਵਿਚ ਮਿਲ ਜਾਣਾ ਹੈ। ਅਜੇਹੇ ਦਾਨੀ ਪੁਰਸ਼ ਦਾ ਆਸਰਾ ਕਿਵੇਂ ਲਿਆ ਜਾ ਸਕਦਾ ਹੈ। ਕਿਉਂ ਅਜੇਹੇ ਪੁਰਸ਼ ਦੀ ਸਿਫਤ ਸਲਾਘਾ ਕੀਤੀ ਜਾਵੇ। ਉਸ ਤੋਂ ਬਿਨਾਂ ਕਿਸੇ ਹੋਰ ਨੂੰ ਸਲਾਹੁਣ ਯੋਗ ਨਹੀ। ਉਹ ਦਾਤਿਆਂ ਦਾ ਵੀ ਦਾਤਾ ਹੈ ਦਾਨੀਆਂ ਦਾ ਵਡ ਦਾਨੀ, ਪਾਤਸ਼ਾਹਾਂ ਦਾ ਪਾਤਸ਼ਾਹ, ਰਾਜਿਆਂ ਦਾ ਰਾਜਾ। ਸਭ ਸੁੱਖਾਂ ਦਾ ਦਾਤਾ ਪ੍ਰਭੂ ਜੋ ਨੌਂ ਨਿਧੀਆਂ ਤੇ ਅਠਾਰਾਂ ਸਿਧੀਆਂ ਨਾਲ ਮਨੁੱਖ ਨੂੰ ਅਤੁਟ ਭੰਡਾਰ ਬਖਸ਼ਦਾ ਹੈ -

ਤੂੰ ਸਚਾ ਦਾਤਾਰ ਨਿਤ ਦੇਵਹਿ ਚੜਹਿ ਸਵਾਇਆ।।[79]

... ... ...

ਇਕ ਦਾਤਾ ਸਭਿ ਮੰਗਤੇ ਫਿਰਿ ਦੇਖਹਿ ਆਕਾਰ।।[80]

ਮਨੁੱਖ ਪਰਮਾਤਮਾ ਪਾਸੋ ਸਾਰੀਆਂ ਵਸਤਾਂ ਪਰਾਪਤ ਕਰਦਾ ਹੈ ਪਰ ਇਕ ਚੀਜ਼ ਨਾ ਮਿਲਣਕਰਕੇ ਮਨੁੱਖ ਰੱਬ ਉਤੇ ਗਿਲੇ ਰੋਸੇ ਕਰਦਾ ਹੈ। ਪਰ ਇਸ ਮੂਰਖ ਨੂੰ ਇਹ ਗਿਆਨ ਨਹੀ

ਕਿ ਜਿਸ ਪਰਮਾਤਮਾ ਨੇ ਬਾਕੀ ਵਸਤਾਂ ਦਿੱਤੀਆਂ ਹਨ ਜੇਕਰ ਉਹ ਵੀ ਨਾ ਦਿੰਦਾ ਤਾਂ ਉਸ ਦਾ ਕੀ ਵਿਗਾੜ ਲੈਣਾ ਸੀ। ਜੇਕਰ ਇਕ ਵਸਤੂ ਕਾਰਨ ਤੂੰ ਉਸ ਤੇ ਰੋਸ ਪ੍ਰਗਟ ਕਰਦਾ ਹੈ ਤਾਂ ਤੇਰੀ ਮੂਰਖਤਾ ਹੈ। ਅਕਾਲ ਪੁਰਖ ਸਰਬ ਦਾਤਾਂ ਦਾ ਮਾਲਕ ਹੈ। ਉਸ ਦੇ ਘਰ ਵਿਚ ਕੋਈ ਤੋਟ ਨਹੀਂ। ਉਸ ਦੀ ਦਰਗਾਹ ਵਿਚ ਅਤੁਟ ਭੰਡਾਰਾਂ ਦਾ ਖਜ਼ਾਨਾ ਹੈ ਸੋ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਰੱਬ ਹੀ ਸਭ ਤੋਂ ਵੱਡਾ ਦਾਨੀ ਹੈ -

ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ॥ [81]

## ਪਤਿਤਪਾਵਨ

ਪਰਮਾਤਮਾ, ਅਕਾਲ ਪੁਰਖ ਪਤਿਤ ਪਾਵਨ ਹੈ, ਉਹ ਸਰਣ ਆਏ ਪਾਪੀਆਂ ਨੂੰ ਵੀ ਬਖਸ਼ਦਾ ਹੈ। ਸਰਣ ਆਉਣਦਾ ਭਾਵ ਇਹ ਨਹੀਂ ਕਿ ਕੇਵਲ ਗੁਨਾਹਾਂ ਨੂੰ ਬਖਸ਼ਾਣ ਲਈ ਆ ਜਾਣਾ ਤੇ ਫਿਰ ਉਹੀ ਬੁਰੇ ਕੰਮ ਕਰਨ ਲਗ ਪੈਣਾ। ਸਗੋਂ ਸਰਣ ਆਉਣਾ ਉਸ ਦਾ ਸਮਝਿਆ ਜਾਂਦਾ ਹੈ ਜੋ ਪਿਛਲੇ ਮੰਦੇ ਕੰਮਾਂ ਦਾ ਪਿਛਤਾਵਾ ਕਰੇ ਅਤੇ ਮਨ ਦਾ ਸਾਰਾ ਮਾਣ ਤਿਆਗ ਕੇ ਨੇਕੀ ਕਰਨ ਦਾ ਬਚਨ-ਬੱਧ ਹੋਵੇ। ਅਜੇਹੇ ਸਰਣ ਆਏ ਪਤਿਤ ਤੇ ਪਾਪੀ ਨੂੰ ਵੀ ਪਰਮਾਤਮਾ ਗਲੇ ਨਾਲ ਲਗਾ ਲੈਂਦਾ ਹੈ। ਜਿਹੜੇ ਮਨੁੱਖ ਵਿਸ਼ੇ ਵਿਕਾਰਾਂ ਦੇ ਅਧੀਨ ਬੁਰਿਆਈਆਂ ਵਿਚ ਫਸੇ ਹੋਏ ਹਨ ਅਤੇ ਪਰਾਲਿਖਿਆ ਫੱਕ ਖਾਂਦੇ ਹਨ ਪਰ ਜਦੋਂ ਇਹ ਲੋਕ ਪਰਮਾਤਮਾ ਦੀ ਸਰਣ ਆ ਜਾਂਦੇ ਹਨ ਤਾਂ ਪਤਿਤ ਪਾਵਨ ਪ੍ਰਭੂ ਉਨ੍ਹਾਂ ਦੀ ਭੀ ਲਾਜ ਰੱਖਦਾ ਹੈ -

ਪਤਿਤ ਪੁਨੀਤ ਅਸੰਖ ਹੋਇ ਹਰਿ ਚਰਨੀ ਮਨੁ ਲਾਗ॥
ਅਠ ਸਠਿ ਤੀਰਥ ਨਾਮ ਪ੍ਰਭੁ ਨਾਨਕ ਜਿਸ ਮਸਤਕਿ ਭਾਗ॥ [82]

ਕਰੋੜਾਂ ਪਾਪੀਆਂ ਠੱਗਾਂ, ਜ਼ਾਲਮਾਂ ਦਾ ਪ੍ਰਭੂ ਕਲਿਆਣ ਕਰਦਾ ਹੈ ਪਰ ਉਸ ਦੀ ਸ਼ਰਨ ਵਿਚ ਕੇਵਲ ਉਹੀ ਪਾਪੀ ਜਾਂਦੇ ਹਨ ਜਿੰਨ੍ਹਾਂ ਉਤੇ ਉਹ ਆਪ ਮਿਹਰ ਕਰੇ। ਉਸ ਦੀ ਮਿਹਰ ਤੇ ਕਿਰਪਾ ਤੋਂ ਬਿਨ੍ਹਾਂ ਉਸ ਦੀ ਸ਼ਰਣ ਵਿਚ ਜਾ ਕੇ ਪਾਪਾਂ ਨੂੰ ਬਖਸ਼ਾਉਣਾ ਵੀ ਹਰ ਇਕ ਨੂੰ ਨਸੀਬ ਨਹੀਂ ਹੁੰਦਾ। ਜਿਸ ਤੇ ਉਸ ਦੀ ਕ੍ਰਿਪਾ-ਦ੍ਰਿਸ਼ਟੀ ਦੀ ਮਿਹਰ ਨਹੀਂ ਹੁੰਦੀ ਉਹ ਪਾਪਾਂ ਅੰਦਰ ਵੀ ਡੁਬੇ ਰਹਿੰਦੇ ਹਨ ਸਾਰੇ ਜੀਵਨ ਦਾ ਨਾਸ ਕਰ ਲੈਂਦੇ ਹਨ। ਅਨੇਕਾਂ ਪਤਿਤਾਂ ਨੇ ਉਸ ਦੀ ਕ੍ਰਿਪਾ ਦੁਆਰਾ ਇਸ ਸੰਸਾਰ ਸਾਗਰ ਨੂੰ ਪਾਰ ਕਰ ਲਿਆ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਨੇਕਾਂ ਹੀ ਸ਼ਬਦ ਆਉਂਦੇ ਹਨ ਜਿੰਨ੍ਹਾਂ ਤੋਂ ਪ੍ਰਭੂ ਦੇ ਪਤਿਤ ਪਾਵਨ ਸਰੂਪ ਦਾ ਗਿਆਨ ਹੁੰਦਾ ਹੈ। ਗੁਰੂ ਜੀ ਨੇ ਪਤਿਤਪਾਵਨ ਰੂਪ ਬ੍ਰਹਮ ਦਾ ਉਲੇਖ ਬ੍ਰਹਮ ਦੇ ਗੁਣਾਂ ਨੂੰ ਸਾਕਾਰ ਕਰਨ ਲਈ ਕੀਤਾ ਹੈ।

<u>ਨਿਆਂਕਾਰ</u>

ਬ੍ਰਹਮ (ਅਕਾਲ ਪੁਰਖ) ਜੋ ਸਾਰੀ ਸ੍ਰਿਸ਼ਟੀ ਦਾ ਕਰਤਾ ਧਰਤਾ ਹੈ ਅਤੇ ਸੂਤਰਧਾਰ ਹੈ, ਉਹ ਪੂਰਣ ਨਿਆਂਕਾਰ ਵੀ ਹੈ। ਉਸ ਸੱਚੇ ਦੀ ਕਚਹਿਰੀ ਵਿਚ ਹਰ ਕਿਸੇ ਨੂੰ ਪੂਰਨ ਇਨਸਾਫ਼ ਮਿਲਦਾ ਹੈ। ਸੰਸਾਰ ਦੀਆਂ ਕਚਹਿਰੀਆਂ ਵਿਚ ਬੇਇਨਸਾਫ਼ੀ ਹੋ ਸਕਦੀ ਹੈ ਪਰ ਪ੍ਰਭੂ ਦੀ ਅਦਾਲਤ (ਦਰਗਾਹ) ਅੰਦਰ ਕੋਈ ਬੇਇਨਸਾਫ਼ੀ ਨਹੀਂ ਹੁੰਦੀ। ਅਕਾਲ ਪੁਰਖ ਸਭ ਦੇ ਅੰਤਰ ਕੇ ਕੀਤੇ ਕਰਮਾਂ ਦਾ ਜਾਨਣਹਾਰ ਹੈ ਉਸ ਨੂੰ ਕਿਸੇ ਪੜਤਾਲ ਜਾਂ ਪੁਛਗਿਛ ਆਦਿ ਦੀ ਲੋੜ ਨਹੀਂ ਹੈ। ਉਹ ਫੈਸਲੇ ਕਿਸੇ ਹੋਰ ਜੱਜ ਪਾਸੋਂ ਨਹੀਂ ਕਰਵਾਂਦਾ ਸਗੋਂ ਸਾਰਾ ਨਿਆਉ ਆਪ ਹੀ ਕਰਦਾ ਹੈ।[83]

ਆਸਾਰ . ਸਾਹਿਬੁ ਸਚ ਤਪਾਵਸੁ।
ਸਚੜਾ ਨਿਆਉ ਕਰੇਗੁ ਮਸੋਲਾ।[84]

ਇਸ ਸੰਸਾਰ ਵਿਚ ਮਨੁੱਖ ਕਈ ਤਰ੍ਹਾਂ ਦੇ ਧੋਖੇ, ਠੱਗੀਆਂ ਤੇ ਪਾਪ ਕਰਦਾ ਹੈ। ਅਸੀ ਪਿਛੇ ਦੱਸ ਆਏ ਹਾਂ ਕਿ ਪਰਮਾਤਮਾ ਦੀ ਸ਼ਰਨ ਜਾ ਕੇ ਪਾਪ ਬਖਸ਼ੇ ਜਾਂਦੇ ਹਨ, ਪਰ ਉਸ ਦੀ ਸ਼ਰਨ ਵਿਚ ਉਹੀ ਜਾਂਦਾ ਹੈ ਜਿਸ ਤੇ ਉਹ ਆਪ ਮਿਹਰ ਕਰੇ ਤੇ ਮਿਹਰ ਵੀ ਹਰ ਇਕ ਤੇ ਨਹੀਂ ਕਰਦਾ। ਜਿਸ ਤੇ ਮਿਹਰ ਕਰਦਾ ਹੈ ਉਸ ਦੇ ਕਰਮਾਂ ਦਾ ਪੂਰਾ ਹਿਸਾਬ ਦੇਖ ਕੇ ਕਰਦਾ ਹੈ -

ਕਰਮੀ ਆਪੋ ਆਪਣੀ ਕੇ ਨੇੜੇ ਕੇ ਦੂਰਿ।।[85]

ਇਸ ਜਨਮ ਦੇ ਨਹੀਂ ਤਾਂ ਪੂਰਬਲੇ ਜਨਮ ਦੇ ਚੰਗੇ ਕਰਮਾਂ ਕਾਰਨ ਹੀ ਅਜੇਹਾ ਜੀਵ ਪਰਮਾਤਮਾ ਦੀ ਮਿਹਰ ਦਾ ਭਾਗੀ ਬਣਦਾ ਹੈ। ਇਸ ਲਈ ਸਪਸ਼ਟ ਹੈ ਕਿ ਪਰਮਾਤਮਾ ਦੀ ਜੋ ਕਿਰਪਾ ਅਥਵਾ ਮਿਹਰ ਹੁੰਦੀ ਹੈ ਤਾਂ ਵੀ ਕਿਸੇ ਇਨਸਾਫ਼ ਦੁਆਰਾ ਹੀ। ਸਮਾਜ ਵਿਚ ਜਦੋਂ ਕੋਈ ਮਨੁੱਖ ਅਪਰਾਧ ਕਰਦਾ ਹੈ ਤਾਂ ਉਹ ਕਈ ਵੇਰ ਰਿਸ਼ਵਤ ਜਾਂ ਹੋਰ ਉਚ ਪਦਵੀ ਕਾਰਨ ਬਚਿਆ ਰਹਿੰਦਾ ਹੈ। ਰੱਬ ਦੀ ਦਰਗਾਹ ਵਿਚ ਹਰ ਇਕ ਲਈ ਇਕੋ ਤਰ੍ਹਾਂ ਦਾ ਹੁਕਮ ਹੈ। ਸਭ ਬਰਾਬਰ ਹਨ - ਕੋਈ ਸਿਫਾਰਸ਼ ਆਦਿ ਨਹੀਂ ਚਲਦੀ। ਉਹ ਅੰਤਰਜਾਮੀ ਬਗੈਰ ਬੋਲੇ ਸੁਣੇ ਦੇ ਸਭ ਕੁਝ ਜਾਣਦਾ ਹੈ ਉਥੇ ਸਚੋ ਸੱਚ ਨਿਬੇੜਾ ਹੁੰਦਾ ਹੈ -

"ਉਥੈ ਸਚੇ ਹੀ ਸਚੁ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ।

ਉਸੇ ਸੱਚੇ ਸਿਰਜਨਹਾਰ ਦਾ ਇਨਸਾਫ ਧਰਮ ਉਤੇ ਆਸਰਿਤ ਹੈ। ਉਹ ਵਾਹਿਗੁਰੂ ਪਾਸ ਹੀ ਇਹ ਵਡਿਆਈਆਂ ਹਨ ਜਿਸ ਦਾ ਨਾਉਂ ਵੀ ਵੱਡਾ ਹੈ ਤੇ ਉਸ ਦਾ ਇਨਸਾਫ ਵੀ ਸੱਚ ਹੈ -

ਵਡੀ ਵਡਿਆਈ ਜਾ ਵਡਾ ਨਾਉ।।
ਵਡੀ ਵਡਿਆਈ ਜਾ ਸਚੁ ਨਿਆਉ।।[86]

ਸੋ ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸਗੁਣ ਬ੍ਰਹਮ ਦੇ ਸਰੂਪ ਨੂੰ ਚਿਤਰਿਆ ਬ੍ਰਹਮ ਦੇ ਗੁਣਾਂ ਦਾ ਨਿਰੂਪਣ ਕੀਤਾ ਹੈ। ਗੁਰੂ ਜੀ ਨੇ ਪਰਮਾਤਮਾ ਦੇ ਸਗੁਣ ਸਰੂਪ ਦਾ ਵਰਨਣ ਦੋ ਪਰਕਾਰ ਨਾਲ ਕੀਤਾ ਹੈ। ਪਰਮਾਤਮਾ ਦੇ ਵਿਰਾਟ ਸਰੂਪ ਦੇ ਮਾਧਿਅਮ ਰਾਹੀਂ ਪਰਮਾਤਮਾ ਦੇ ਦੂਜੇ ਗੁਣਾਂ ਦੇ ਚਿਤਰਣ ਰਾਹੀਂ।[87]

ਡਾ: ਸੁਰਿੰਦਰ ਸਿੰਘ ਜੀ ਕੋਹਲੀ ਨੇ 'ਆਊਟ ਲਾਈਨਜ਼ ਆਫ ਸਿੱਖ ਥਾਟ ' ਵਿਚ ਬ੍ਰਹਮ ਦੇ ਅਨੇਕਾਂ ਗੁਣਾਂ ਦੀ ਵਿਆਖਿਆ ਕੀਤੀ ਹੈ। ਪੂਰਣ, ਸੰਪੂਰਣ, ਗੁਣਤਾਸ, ਗੁਣਵਿਹੀਨ, ਅਵਗਤ ਅਮੋਲਕ, ਜੋਤ, ਸਰਬ ਸ਼ਕਤੀਮਾਨ, ਜਾਹਿਰ, ਸਮਰੱਥ , ਚਤੁਰ ਸੁਜਾਨ, ਸਰਬ ਨਿਵਾਸੀ, ਭਰਪੂਰ, ਮੂਲਤਤ, ਦਾਨਾ ਬੀਨਾ, ਅਪਰ ਅਪਾਰ, ਬੇਸੁਮਾਰ, ਅਤੋਲ, ਸੱਚ ਸਰਬੰਗ, ਸਰਬ ਨਿਵਾਸੀ ਆਦਿ ਅਨੇਕਾਂ ਹੀ ਗੁਣਾਂ ਦੀ ਵਿਆਖਿਆ ਕੀਤੀ ਹੋਈ ਹੈ।"[88]

ਡਾ: ਤਾਰਨ ਸਿੰਘ ਜੀ ਬੇਦੀ ਨੇ ਵੀ ਆਪਣੀ ਪੁਸਤਕ ਗੁਰੂ ਨਾਨਕ ਦਰਸ਼ਨ ਵਿਚ ਇਨ੍ਹਾਂ ਗੁਣਾਂ ਦਾ ਵਰਨਣ ਕੀਤਾ ਹੈ। "ਸਤਿਗੁਰੂ ਨੇ ਪਰਮਾਤਮਾ ਨੂੰ ਬਾਣੀ ਵਿਚ ਥਾਂ ਥਾਂ ਉਪਰ ਸਰਬ ਵਿਆਪੀ, ਘਟ ਘਟ ਵਾਸੀ, ਸਰਬ ਸ਼ਕਤੀਮਾਨ, ਦਾਤਾ ਭਗਤ ਵਛਲ, ਪਤਿਤਪਾਵਨ ਪਰਮ ਕਿਰਪਾਲੂ, ਸਭ ਨੂੰ ਪਰੇਰਨਾ ਦੇਣ ਵਾਲਾ, ਬਖਸ਼ਿੰਦ, ਸਖਾ ਸਹਾਇਕ, ਮਾਤਾ ਪਿਤਾ, ਸਵਾਮੀ, ਸਰਣਦਾਤਾ ਆਦਿ ਵਿਸ਼ੇਸ਼ਣਾਂ ਨਾਲ ਸ਼ੋਭਤ ਕੀਤਾ ਹੈ। ਅਤੇ ਇਸ ਢੰਗ ਨਾਲ ਸਗੁਣ ਬ੍ਰਹਮ ਦਾ ਨਿਰਗੁਣ ਹੋ ਗਿਆ ਹੈ।[89] ਗੁਰੂ ਜੀ ਨੇ ਅਵਤਾਰਵਾਦ ਦਾ ਖੰਡਨ ਕੀਤਾ ਹੈ।

ਸੋ ਗੁਰੂ ਨਾਨਕ ਦੇਵ ਜੀ ਨੇ ਸਗੁਣ ਬ੍ਰਹਮ ਦੇ ਸਰੂਪ ਨੂੰ ਚਿਤਰਣ ਲੱਗਿਆਂ ਉਸ ਨੂੰ ਕਈ ਵਿਸ਼ੇਸ਼ਣਾਂ ਨਾਲ ਸੁਸ਼ੋਭਤ ਕੀਤਾ ਹੈ। ਇਨ੍ਹਾਂ ਵਿਸ਼ੇਸ਼ਣਾਂ ਦੀ ਵਰਤੋਂ ਕਰਕੇ ਨਿਰਗੁਣ ਬ੍ਰਹਮ ਨੂੰ ਸਗੁਣ ਰੂਪ ਰਾਹੀਂ ਸਾਕਾਰ ਕੀਤਾ ਹੈ।

↓

## ਜੀਵ ਦਾ ਸਰੂਪ

ਜੀਵ ਤੋਂ ਭਾਵ ਜੀਵਾਤਮਾ ਹੈ। ਸਰੀਰ ਨਾਸ਼ਵਾਨ ਹੈ ਪਰ ਜੀਵਾਤਮਾ ਅਮਰ ਹੈ। "ਨਾ ਜੀਉ ਮਰੈ ਨਾ ਡੂਬੈ ਤਰੈ।।" ਜੀਵ ਤੇ ਬ੍ਰਹਮ ਦੇ ਸੰਬੰਧ ਬਾਰੇ ਹਿੰਦੂ ਫਿਲਾਸਫੀ (ਹਿੰਦੂ ਦਰਸ਼ਨ) ਵਿਚ ਵੱਖ ਵੱਖ ਵਿਚਾਰ ਮਿਲਦੇ ਹਨ। ਆਚਾਰਯ ਸ਼ੰਕਰ ਦੇ ਅਦਵੈਤ ਸਿਧਾਂਤ ਅਨੁਸਾਰ ਆਤਮਾ ਨਿਤ, ਅਜਨਮਾ, ਅਵਿਨਾਸੀ ਅਤੇ ਅਮਰ ਹੈ। ਇਸ ਆਤਮਾ ਨਾਲ ਬ੍ਰਹਮ ਦੀ ਸੁਭਾਵਕ ਏਕਤਾ ਹੈ ਆਤਮ ਵੀ ਚੇਤੰਨ ਸਰੂਪ ਹੈ ਤੇ ਬ੍ਰਹਮ ਵੀ ਚੇਤਨ ਸਰੂਪ ਹੈ। ਜੀਵ ਅੰਤਰਮੁਖੀ ਤੇ ਬਾਹਰ ਮੁਖੀ ਬ੍ਰਿਤੀਆਂ ਵਾਲਾ ਹੁੰਦਾ ਹੈ। ਬਾਹਰਮੁਖੀ ਬ੍ਰਿਤੀਆਂ ਜੀਵ ਨੂੰ ਸੰਸਾਰ ਵੱਲ ਖਿਚਦੀਆਂ ਹਨ ਅਤੇ ਅੰਤਰਮੁਖ ਈਸ਼ਵਰ ਪ੍ਰੇਰਦੀਆਂ ਹਨ। ਗਿਆਨ ਨਾਲ ਮਾਇਆ ਦਾ ਪੜਦਾ ਹਟਦਾ ਹੈ ਅਤੇ ਬ੍ਰਹਮ ਤੇ ਜੀਵ ਦੀ ਅਭੇਦਤਾ ਹੁੰਦੀ ਹੈ। ਸਵਾਮੀ ਰਾਮਾਨੁਜ ਆਚਾਰਯ ਤੇ ਵਿਸ਼ਿਸਟ ਅਦਵੈਤ ਵਿਚ ਜੀਵ ਨੂੰ ਨਿੱਤ ਅਤੇ ਸੁਤੰਤਰ ਪਦਾਰਥ ਮੰਨਿਆ ਗਿਆ ਹੈ, ਜੋ ਫਿਰ ਵੀ ਈਸ਼ਵਰ ਦੇ ਅਧੀਨ ਹੈ, ਅੰਤਰਜਾਮੀ ਰੂਪ ਵਿਚ ਈਸ਼ਵਰ ਦੋਹਾਂ ਵਿਚ ਬਿਰਾਜਮਾਨ ਹੈ। ਜੀਵਨ ਬ੍ਰਹਮ ਦੀ ਹੀ ਅੰਸ਼ ਹੈ। ਇਹ ਈਸ਼ਵਰ ਉਤੇ ਹੀ ਆਸਰਿਤ ਹੈ। ਜੀਵ ਬ੍ਰਹਮ ਨਹੀਂ ਹੈ, ਪਰ ਉਸ ਤੋਂ ਵੱਖਰਾ ਵੀ ਨਹੀਂ ਆਖਿਆ ਜਾ ਸਕਦਾ। ਇਨ੍ਹਾਂ ਦੋਹਾਂ ਮੱਤਾਂ ਤੋਂ ਅਗਲਾ ਮੱਤ "ਮਾਧਵਾਚਾਰਯ ਦਾ ਦਵੈਤ ਮੱਤ ਹੈ। ਜਿਸ ਵਿਚ ਪ੍ਰਮਾਤਮਾ ਨੂੰ ਜੀਵ ਅਤੇ ਜਗਤ ਤੋਂ ਵਿਲੱਖਣ ਦੱਸਿਆ ਗਿਆ ਹੈ। ਇਸ ਅਨੁਸਾਰ ਮੁਕਤੀ ਪ੍ਰਾਪਤ ਕਰਨਾ ਜੀਵਨ ਦਾ ਪਰਮ ਨਿਸ਼ਾਨਾ ਹੈ। ਮੁਕਤ ਹੋ ਕੇ ਹੀ ਜੀਵ ਪਰਮਸਤਾ (ਪਰਮ-ਤੱਤ) ਵਿਚ ਲੀਨ ਹੋ ਸਕਦਾ ਹੈ। ਮੁਕਤੀ ਪ੍ਰਾਪਤ ਕਰਨ ਲਈ ਪ੍ਰਮਾਤਮਾ ਦੀ ਅਰਾਧਨਾ (ਭਗਤੀ) ਕਰਨਾ ਹੀ ਸਭ ਤੋਂ ਵੱਡਾ ਸਾਧਨ ਹੈ। ਇਸ ਤੋਂ ਬਾਦ ਨਿੰਬਾਰਕਾਚਾਰਯ ਦਾ ਦਵੈਤਾਦਵੈਤ ਮੱਤ ਆਉਂਦਾ ਹੈ ਜਿਸ ਅਨੁਸਾਰ ਬ੍ਰਹਮ ਅਦਵੈਤ ਅਤੇ ਦੋਵੇਂ ਹੈ: ਜੀਵ ਸੁਤੰਤਰ ਹੈ ਪਰ ਭੋਗ ਪ੍ਰਾਪਤੀ ਲਈ ਉਹ ਪ੍ਰਮਾਤਮਾ ਦੇ ਅਧੀਨ ਹੈ। ਉਹ ਬ੍ਰਹਮ ਦਾ ਅੰਸ਼ ਰੂਪ ਹੁੰਦਿਆਂ ਹੋਇਆਂ ਵੀ ਉਸ ਤੋਂ ਵੱਖਰਾ ਹੈ।

ਗੁਰੂ ਨਾਨਕ ਅਨੁਸਾਰ ਜੀਵ ਬ੍ਰਹਮ ਦੀ ਅੰਸ਼ ਹੈ, ਬ੍ਰਹਮ ਦੇ ਗੁਣ ਜੀਵ ਵਿਚ ਵਿਆਪਕ ਹਨ। ਜੇ ਬ੍ਰਹਮ ਅਮਰ ਹੈ ਤਾਂ ਜੀਵ ਵੀ ਅਮਰ ਨਿਰਭਉ ਤੇ ਨਿਸਚਿੰਤ ਹੈ। ਜੇ ਬ੍ਰਹਮ ਧਨਵਾਨ ਹੈ ਤਾਂ ਇਸ ਜੀਵ ਨੂੰ ਵੀ ਕੋਈ ਭੁੱਖ ਨਹੀਂ। ਜੇ ਬ੍ਰਹਮ ਦੁਖ-ਰਹਿਤ ਹੈ ਤਾਂ ਜੀਵ ਵੀ ਦੁਖੀ ਨਹੀਂ। ਜੇ ਕਰ ਉਹ ਬੰਧਨਾਂ ਤੋਂ ਮੁਕਤ ਹੈ ਤਾਂ ਇਹ ਵੀ ਬੰਧਨ-ਹੀਨ ਹੈ, ਜੇ ਉਹ ਨਿਰਮਾਨ ਹੈ ਤਾਂ ਜੀਵ ਵੀ ਮੈਲਾ ਨਹੀਂ। ਜੇ ਬ੍ਰਹਮ ਅਨੰਦ-ਸਰੂਪ ਹੈ ਤਾਂ ਇਹ ਵੀ ਇਨ੍ਹਾਂ

ਗੁਣਾਂ ਦਾ ਧਾਰਨੀ ਹੈ। ਬ੍ਰਹਮ ਗਉਰਾ ਹੈ ਤੇ ਜੀਵ ਉਰਾ ਹੈ।[90] "ਇਸ ਸੰਬੰਧ ਨੂੰ ਗੁਣ ਅਤੇ ਗੁਣੀ ਜਾਂ ਸ਼ਕਤੀ ਅਤੇ ਸ਼ਕਤੀਮਾਨ ਦੇ ਸੰਬੰਧਾਂ ਦੁਆਰਾ ਅਭਿਵਿਅਕਤ ਕੀਤਾ ਜਾ ਸਕਦਾ ਹੈ।[91] ਬ੍ਰਹਮ ਹੀ ਜੀਵ ਦੀ ਉਤਪਤੀ ਦਾ ਕਾਰਣ ਹੈ। ਜਿਵੇਂ ਚੰਗਿਆੜੇ ਅਗਨੀ ਵਿਚੋਂ ਅੱਡ ਹੋਣ ਤੋਂ ਪਹਿਲਾਂ ਉਸੇ ਵਿਚ ਸਮਾਏ ਹੁੰਦੇ ਹਨ, ਇਵੇਂ ਹੀ ਜੀਵ ਆਤਮਾ ਦਾ ਅਸਲ ਰੂਪ ਬ੍ਰਹਮ ਹੀ ਹੈ। ਪ੍ਰਮਾਤਮਾ ਦੇ ਹੁਕਮ ਤੋਂ ਹੀ ਜੀਵ ਸ੍ਰਿਸ਼ਟੀ ਹੋਈ ਹੈ। ਜੀਵ ਪ੍ਰਮਾਤਮਾ ਦਾ ਮੰਦਰ ਹੈ। ਤੇ ਸਰੀਰ ਉਸ ਦਾ ਨਿਵਾਸ ਅਸਥਾਨ ਹੈ। ਇਸ ਵਿਚ ਪ੍ਰਮਾਤਮਾ ਦੀ ਜੋਤ ਦਾ ਵਾਸਾ ਹੈ -

ਕਾਇਆ ਨਗਰੁ ਨਗਰੁ ਗੜ ਅੰਦਰਿ
ਸਾਚਾ ਵਾਸਾ ਪੁਰਿ ਗਗਨੰਦਰਿ।।

ਇਸ ਜੀਵਆਤਮਾ ਨਾਲ ਹੀ ਸਰੀਰ ਦੀ ਪੁੱਛ ਪ੍ਰਤੀਤ ਅਤੇ ਮਾਨ-ਮਹੱਤਵ ਬਣਿਆ ਰਹਿੰਦਾ ਹੈ। ਆਤਮਾ ਤੋਂ ਬਗੈਰ ਸਰੀਰ ਮਿੱਟੀ ਦਾ ਪੁਤਲਾ ਹੈ। ਸਰੀਰ ਜੀਵ ਦਾ ਨਿਵਾਸ ਅਸਥਾਨ ਹੈ। ਜਿਥੇ ਉਹ ਕੁਝ ਸਮਾਂ ਬਿਤਾ ਕੇ ਫਿਰ ਪਰਮ-ਤੱਤ ਵਿਚ ਮਿਲ ਜਾਂਦਾ ਹੈ। ਇਹ ਨਾਸ਼ਵਾਨ ਸਰੀਰ ਖਤਮ ਹੋ ਜਾਂਦਾ ਹੈ, ਸਰੀਰ ਦੀਆਂ ਸਾਰੀਆਂ ਲੋੜਾਂ ਖੁਸ਼ੀਆਂ ਤੇ ਰੰਗ ਤਮਾਸ਼ੇ ਕੇਵਲ ਜੀਵ ਦੇ ਹੁੰਦਿਆਂ ਹੀ ਹਨ, ਰੂਹ, ਆਤਮਾ ਦੇ ਉਡ ਜਾਣ ਤੋਂ ਬਾਦ ਸਰੀਰ ਮਿੱਟੀ ਵਿਚ ਮਿਲ ਜਾਂਦਾ ਹੈ ਪਰ ਜੀਵ ਜਿਹੜਾ ਪਰਮਾਤਮਾ ਦਾ ਹੀ ਅੰਸ਼ ਹੈ ਅਤੇ ਉਸੇ ਤੋਂ ਉਤਪੰਨ ਹੋਕੇ, ਵਿਅਕਤੀਗਤ ਹੋਂਦ ਵੀ ਰੱਖਦਾ ਹੈ, ਆਪਣੀ ਇੱਛਾ ਅਨੁਸਾਰ ਕੁਝ ਵੀ ਨਹੀਂ ਕਰ ਸਕਦਾ। ਪਰਮਾਤਮਾ ਦੇ ਹੁਕਮ ਵਿਚ ਬੱਝਾ ਹੋਇਆ ਹੀ ਵੱਖ ਵੱਖ ਸਰੀਰਾਂ ਵਿਚ ਪ੍ਰਵੇਸ਼ ਕਰਦਾ ਹੈ। ਸਾਫ਼ ਪ੍ਰਗਟ ਹੈ ਕਿ ਜੀਵ ਜਿਸ ਵਿਚ ਪਰਮਾਤਮਾ ਦੇ ਗੁਣ ਵੀ ਮੌਜੂਦ ਹਨ ਪਰ ਉਸ ਦੇ ਹੁਕਮ ਅਧੀਨ ਹੈ। ਉਹ ਆਪ ਪਰਮਾਤਮਾ ਨਹੀਂ ਹੋ ਸਕਦਾ ਇਸ ਤਰ੍ਹਾਂ ਗੁਰੂ ਨਾਨਕ ਦੇ ਮੱਤ ਅਨੁਸਾਰ ਆਤਮਾ, ਪਰਮਾਤਮਾ ਦਾ ਰੂਪ ਹੁੰਦਿਆਂ ਹੋਇਆ ਵੀ ਪਰਮਾਤਮਾ ਨਹੀਂ ਹੈ। ਪਰਮਾਤਮਾ ਦੀ ਆਗਿਆ ਦਾ ਪਾਲਣ ਕਰਦਿਆਂ ਹੋਇਆ ਜੀਵਾਤਮਾ ਮਨੁੱਖੀ ਸਰੀਰ ਨੂੰ ਤਿਆਗ ਕੇ ਚਲੀ ਜਾਂਦੀ ਹੈ।

ਉਹ ਬੈਰਾਗੀ ਮਰੈ ਨਾ ਜਾਇ, ਹੁਕਮੇ ਬਾਧਾ ਕਾਰ ਕਮਾਇ।।

ਮਨੁੱਖੀ ਸਰੀਰ ਜੀਵ ਨੂੰ ਵਾਸਤੇ ਪਾਂਦਾ ਹੈ ਪਰ ਹੁਕਮ ਦਾ ਬੱਝਾ ਜੀਵ ਉਸ ਦੀ ਇਕ ਨਹੀਂ ਸੁਣਦਾ। ਗੁਰੂ ਨਾਨਕ ਨੇ ਪਤੀ-ਪਤਨੀ ਦੇ ਅਤਿ ਸੁੰਦਰ ਰੂਪਕ ਦੁਆਰਾ ਇਸ ਵਿਚਾਰ ਨੂੰ ਪ੍ਰਗਟ ਕੀਤਾ ਹੈ ਕਿ ਸਰੀਰ ਰੂਪੀ ਪਤਨੀ, ਜੀਵ ਰੂਪੀ ਪਤੀ ਨੂੰ ਬੇਨਤੀ ਕਰਦੀ ਹੈ ਕਿ ਉਹ ਉਸ ਨੂੰ ਛੱਡ ਕੇ ਨਾ ਜਾਵੇ। ਉਪਰੋਕਤ ਵਿਚਾਰਾਂ ਦੀ ਪ੍ਰੋੜਤਾ ਸਾਨੂੰ ਪੰਜਾਬੀ ਦੇ ਪ੍ਰਸਿੱਧ

ਵਿਵਰਣ ਡਾ: ਸੁਰਿੰਦਰ ਸਿੰਘ ਜੀ ਕੋਹਲੀ ਅਤੇ ਡਾ: ਸ਼ੇਰ ਸਿੰਘ ਦੁਆਰਾ ਮਿਲਦੀ ਹੈ। ਡਾ: ਕੋਹਲੀ ਜੀ ਇਸ ਸੰਬੰਧ ਵਿਚ ਲਿਖਦੇ ਹਨ ਕਿ "ਜੀਵ ਇਕ ਭਾਂਤ ਨਾਲ ਬ੍ਰਹਮ ਦਾ ਹੀ ਛੋਟਾ ਰੂਪ ਹੈ। ਇਸ ਦਾ ਆਪਣਾ ਨਿਜਤਵ ਹੈ ਪਰ ਕਿਉਂਕਿ ਇਹ ਬ੍ਰਹਮ ਵਿਚੋਂ ਆਇਆ ਹੈ ਇਸ ਲਈ ਇਸ ਵਿਚ ਬ੍ਰਹਮ ਵਾਲੇ ਗੁਣ ਮੌਜੂਦ ਹਨ।[92]

ਡਾ: ਸ਼ੇਰ ਸਿੰਘ ਅਨੁਸਾਰ ਵੀ ਜੀਵ ਆਤਮਾ ਪਰਮਾਤਮਾ ਦੀ ਅੰਸ਼ ਹੈ। ਪਰ ਆਪਣੀ ਮੌਜੂਦਾ ਹਾਲਤ ਵਿਚ ਇਹ ਪਰਮਾਤਮਾ ਨਹੀਂ ਹੈ। ਭਾਵੇਂ ਠੀਕ ਹੈ ਕਿ ਗੁਰਬਾਣੀ ਵਿਚ ਬਹੁਤ ਸਾਰੀਆਂ ਤੁਕਾਂ ਦਾ ਭਾਵ ਇਹੋ ਹੈ ਕਿ ਪ੍ਰਮਾਤਮਾ ਤੇ ਜੀਵਆਤਮਾ ਵਿਚ ਕੋਈ ਭੇਦ ਨਹੀਂ ਹੈ। ਪ੍ਰਮਾਤਮਾ ਜੀਵਆਤਮਾ ਵਿਚ ਹੈ ਤੇ ਜੀਵ ਆਤਮਾ ਪਰਮਾਤਮਾ ਵਿਚ। ਪਰ ਬਾਵਜੂਦ ਅਭੇਦਤਾ ਦੇ ਫਰਕ ਵਰ ਤੇ ਕਈ ਅਲੰਕਾਰਾਂ ਤੇ ਦ੍ਰਿਸ਼ਟਾਂਤਾਂ ਤੋਂ ਸਪਸ਼ਟ ਹੈ। ਜਲ ਤੇ ਜਲ-ਬੂੰਦ ਵਿਚ ਫਰਕ ਹੈ ਵੀ ਤੇ ਨਹੀਂ ਵੀ। ਸਾਗਰ ਤੇ ਲਹਿਰ ਵਿਚ ਜੋ ਫਰਕ ਹੈ ਉਹੀ ਫਰਕ ਪ੍ਰਮਾਤਮਾ ਤੇ ਆਤਮਾ ਵਿਚ ਸਮਝਣਾ ਚਾਹੀਦਾ ਹੈ।

ਜਿਵੇਂ ਦਰਿਆ ਤੇ ਚਸ਼ਮਾ (ਜਿਥੋਂ ਦਰਿਆ ਨਿਕਲਦਾ ਹੈ) ਇਕ ਵੀ ਹਨ ਤੇ ਵੱਖ ਵੱਖ ਵੀ। ਉਸੇ ਤਰ੍ਹਾਂ ਜੀਵਆਤਮਾ ਤੇ ਅਕਾਲ ਪੁਰਖ ਕਹੇ ਜਾ ਸਕਦੇ ਹਨ। ਜਿਸ ਤਰ੍ਹਾਂ ਲੱਕੜ ਤੇ ਕੁਰਸੀ ਬਿਲਕੁਲ ਦੋ ਵਸਤਾਂ ਹਨ ਜੀਵ ਆਤਮਾ ਤੇ ਪ੍ਰਮਾਤਮਾ ਵਾਸਤਵ ਵਿਚ ਇਕ ਹਨ ਅਸਲਾ ਤੇ ਅੰਸ਼ ਇਕੋ ਹੈ। ਪਰ ਇਹ ਨਹੀਂ ਕਿ ਜੀਵਆਤਮਾ ਹੁਣ ਜਿਵੇਂ ਹੈ ਉਸੇ ਤਰ੍ਹਾਂ ਹੀ ਉਹ ਰੱਬ ਹੈ। ਭਾਵੇਂ ਸਾਗਰ ਜਾਂ ਨਦੀ ਤੇ ਬੂੰਦ ਜਾਂ ਲਹਿਰ ਸਭ ਪਾਣੀ ਹਨ ਪਰ ਦੋਹਾਂ ਵਿਚ ਜਮੀਨ ਅਸਮਾਨ ਦਾ ਫਰਕ ਹੈ।[93]

ਭਾਈ ਜੋਧ ਸਿੰਘ ਜੀ ਵੀ ਜੀਵਾਤਮਾ ਨੂੰ ਰੱਬ (ਬ੍ਰਹਮ) ਮੰਨਣ ਤੋਂ ਇਨਕਾਰ ਕਰਦੇ ਹਨ ਆਪ ਜੀ ਲਿਖਦੇ ਹਨ ਕਿ ਗੁਰੂ ਸਾਹਿਬ ਇਹ ਨਹੀਂ ਮੰਨਦੇ ਕਿ ਜੀਵਆਤਮਾ ਜਿਸ ਹਾਲਤ ਵਿਚ ਹੈ ਇਹ ਬ੍ਰਹਮ ਹੈ। ਇਸ ਨੂੰ ਨਿਰੰਕਾਰ ਨੇ ਆਪਣੀ ਜੋਤ ਵਿਚੋਂ ਪੈਦਾ ਕੀਤਾ ਹੈ। ਇਹ ਬ੍ਰਹਮ ਰੂਪ ਹੋ ਸਕਦੀ ਹੈ ਅਤੇ ਉਹਦੇ ਨਾਲ ਅਸਲਾ ਇਕ ਹੋਣ ਕਰਕੇ ਨਰੰਕਾਰ ਨਾਲ ਮਿਲ ਸਕਦੀ ਹੈ ਪਰ ਨਰੰਕਾਰ ਪੂਰਾ ਹੈ ਤੇ ਜੀਵ ਊਣਾ। ਜਦੋਂ ਨਰੰਕਾਰ ਵਿਚ ਆਤਮਾ ਲੀਨ ਹੋਵੇਗੀ ਤਾਂ ਵੀ ਨਰੰਕਾਰ ਬੇਅੰਤ ਹੀ ਰਹੇਗਾ।[94]

ਬ੍ਰਹਮ ਮਾਇਆ ਦੇ ਲਗਾਓ ਤੋਂ ਸੁਤੰਤਰ ਹੈ ਪਰ ਜੀਵ ਇਸ ਦੇ ਲਗਾਓ ਵਿਚ ਆ ਜਾਂਦਾ ਹੈ। ਜੀਵ ਮਾਇਆ ਜਾਲ ਦੇ ਜਾਲ ਵਿਚ ਫਸ ਜਾਂਦਾ ਹੈ। ਜਿਵੇਂ ਮੱਛੀ ਜਾਲ ਵਿਚ ਫਸ ਜਾਂਦੀ ਹੈ ਤਿਵੇਂ ਹੀ ਜੀਵ ਮਾਇਆ ਵੱਸ ਹੋ ਜਾਂਦਾ ਹੈ -

ਜਿਉ ਮੱਛੀ ਤਿਉ ਮਾਣਸਾ - ਪਵੈ ਅਚਿੰਤਾ ਜਾਲੁ।।[95]

ਇਸ ਅਵਸਥਾ ਵਿਚ ਉਸ ਨੂੰ ਅਨੇਕਾਂ ਜੂਨਾਂ ਵਿਚ ਭ੍ਰਮਣਾ ਪੈਂਦਾ ਹੈ, ਕਦੀ ਰੁਖ, ਬਿਰਖ ਜੂਨ, ਕਦੀ ਪੰਛੀਆਂ ਦੀ ਜੂਨ, ਕਦੀ ਸਰਪ ਦੀ ਜੂਨ ਧਾਰਣ ਕਰਨੀ ਪੈਂਦੀ ਹੈ।[96]

ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ।।
ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ।।

ਗੁਰੂ ਨਾਨਕ ਦੇਵ ਜੀ ਨੇ ਜੀਵਾਂ ਦੇ ਬਹੁਤੇ ਭੇਦ, ਉਪਭੇਦ ਨਹੀਂ ਕੀਤੇ ਤਾਂ ਵੀ ਇਨ੍ਹਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। "ਭਗਤ ਅਤੇ ਸੰਸਾਰੀ" ਦੋਵੇਂ ਵਿਰੋਧੀ ਪ੍ਰਵਿਰਤੀਆਂ ਦੇ ਧਾਰਨੀ ਹਨ। ਦੋਹਾਂ ਵਿਚ ਜੋੜ ਹੋਣਾ ਅਸੰਭਵ ਹੈ -

ਭਗਤਾਂ ਤੇ ਸੰਸਾਰੀਆਂ
ਜੋੜ ਕਦੇ ਨਾ ਆਇਆ।[97]

ਸੰਸਾਰੀ ਜੀਵ ਜਗਤ ਦੇ ਮਾਇਕ ਪਦਾਰਥਾਂ ਵਿਚ ਗੜੁੱਚ ਅਤੇ ਭਗਤਾਂ ਨਾਲ ਵੈਰ ਵਿਰੋਧ (ਵਾਦ ਵਿਵਾਦ) ਵਿਚ ਲਗੇ ਰਹਿੰਦੇ ਹਨ। ਗੁਰੂ ਜੀ ਨੇ ਸ਼ਬਦ ਵਿਚ ਉਨ੍ਹਾਂ ਦੀ ਸੁਰਤੀ ਨਹੀਂ ਲਗਦੀ। ਇਸੇ ਲਈ ਨਾਂ ਤਾਂ ਉਹ ਪਰਮਾਤਮਾ ਦੇ ਰੰਗ ਵਿਚ ਰੰਗੇ ਜਾਏ ਹਨ ਅਤੇ ਨਾਹੀ ਉਸ ਦੇ ਅਲੌਕਿਕ ਅਨੰਦ ਨੂੰ ਮਾਣ ਸਕਦੇ ਹਨ। ਉਹ ਸਤਸੰਗ ਤੋਂ ਪ੍ਰਾਪਤ ਹੋਣ ਵਾਲੇ ਸਹਿਜ ਅਨੰਦ ਤੋਂ ਵੀ ਊਣੇ ਹਨ। ਇਹ ਜੀਵ ਪਰਮਾਤਮਾ ਤੋਂ ਬੇਮੁਖ ਹੋਕੇ ਅੰਤ ਆਪਣੇ ਕਰਮਾਂ ਦਾ ਫਲ ਭੋਗਦੇ ਅਤੇ ਨਰਕ ਦੇ ਭਾਗੀ ਬਣਦੇ ਹਨ।[98]

"ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ ਜਨ ਸਿਉ ਵਾਦੁ ਰਚਾਈ।।
ਜਮ ਦਰਿ ਬਾਧਾ ਠਉਰ ਨਾ ਪਾਵੈ ਅਪੁਨਾ ਕੀਆ ਕਮਾਈ।।

ਜੇਕਰ ਜੀਵ ਆਪਣੇ ਅਸਲੇ ਨੂੰ ਪਛਾਣ ਲਵੇ ਤਾਂ ਉਹ ਜੋਤ ਸਰੂਪ ਬਣ ਜਾਂਦਾ ਹੈ। ਇਸ ਅਸਲੇ ਦੀ ਪਹਿਚਾਣ ਕਿਸ ਤਰ੍ਹਾਂ ਹੋ ਸਕਦੀ ਹੈ? ਨਾਮ ਦੁਆਰਾ, ਨਾਮ ਕਿਸ ਦਾ? ਉਸ ਪਰਮਾਤਮਾ ਦਾ ਜਿਸ ਦੀ ਕਿਰਪਾ ਨਾਲ ਜੀਵ ਘੜਿਆ ਹੈ। ਜਦੋਂ ਉਸ ਦੇ ਗੁਣਾਂ ਦਾ ਜੀਵ ਧਾਰਣੀ ਹੋ ਜਾਂਦਾ ਹੈ ਤਦ ਇਕਮਿਕ ਹੋਕੇ ਉਸੇ ਦਾ ਰੂਪ ਬਣ ਜਾਂਦਾ ਹੈ। ਭਾਵ ਪ੍ਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ।

ਉਪਰੋਕਤ ਸਾਰੀ ਵਿਚਾਰ ਤੋਂ ਬਾਦ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਅਨੁਸਾਰ ਜੀਵ ਬ੍ਰਹਮ ਦਾ ਅੰਸ਼ ਹੈ, ਬ੍ਰਹਮ ਨਹੀਂ। ਪਰ ਜੇ ਉਹ ਮਾਇਆ ਤੇ ਹਉਮੈ ਤੋਂ ਛੁਟਕਾਰਾ ਪਾ ਲਵੇ ਤਾਂ ਉਹ ਬ੍ਰਹਮ ਰੂਪ ਹੋ ਜਾਂਦਾ ਹੈ। ਕੂੜ ਦੀ ਪਾਲ ਟੁਟ ਜਾਂਦੀ ਹੈ।

ਫਿਰ ਅਜਿਹੀ ਅਭੇਦਤਾ ਹੁੰਦੀ ਹੈ ਜਿਵੇਂ ਜੋਤ ਨਾਲ ਜੋਤ ਮਿਲ ਜਾਵੇ ਅਤੇ ਸੂਰਜ ਤੋਂ ਵਿਛੜੀ ਕਿਰਨ ਸੂਰਜ ਵਿਚ ਹੀ ਸਮਾ ਜਾਵੇ। ਸਾਗਰ ਵਿਚੋਂ ਵੱਖ ਹੋਈ ਬੂੰਦ ਜਦੋਂ ਦੁਬਾਰਾ ਸਾਗਰ ਵਿਚ ਮਿਲ ਜਾਂਦੀ ਹੈ ਤਾਂ ਉਹ ਸਾਗਰ ਰੂਪ ਬਣ ਜਾਂਦੀ ਹੈ। ਇਵੇਂ ਹੀ ਆਤਮਾ ਪਰਮਾਤਮਾ ਵਿਚ ਅਭੇਦ ਹੋ ਜਾਂਦੀ ਹੈ।

ਸੋ, ਇਹ ਸਾਰੇ ਵਿਚਾਰ ਤੋਂ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਜੀਵ ਬ੍ਰਹਮ ਦਾ ਹੀ ਰੂਪ ਹੈ। ਜਿਵੇਂ ਇਕ ਸੂਰਜ ਤੋਂ ਕਰੋੜਾਂ ਹੀ ਕਿਰਨਾਂ ਪ੍ਰਕਾਸ਼ਵਾਨ ਹਨ ਇਵੇਂ ਹੀ ਜੋਤੀ ਸਰੂਪ ਬ੍ਰਹਮ ਦੀ ਜੋਤ ਦਾ ਪਸਾਰਾ ਸਾਰੇ ਜੀਵਾਂ ਅੰਦਰ ਰੂਪਮਾਨ ਹੈ। ਬ੍ਰਹਮ ਦੀ ਅੰਸ਼ ਤੋਂ ਬਿਨਾਂ ਭਾਵ ਪ੍ਰਮਾਤਮਾ ਦੀ ਜੋਤੀ ਤੋਂ ਬਿਨ੍ਹਾਂ ਜੀਵ ਮੁਰਦਾ ਹੈ। ਜਦੋਂ ਤੀਕ ਬ੍ਰਹਮ ਦੀ ਜੋਤ ਦਾ ਜੀਵ ਅੰਦਰ ਪ੍ਰਕਾਸ਼ ਰਹੇਗਾ ਉਦੋਂ ਤੀਕ ਜੀਵ ਵਿਕਸਤ ਰੂਪ ਵਿਚ ਜੀਵਤ ਹੈ। ਜਦੋਂ ਇਹ ਜੋਤ ਖ਼ਤਮ ਹੋ ਜਾਂਦੀ ਹੈ ਤਾਂ ਜੀਵ ਦੀ ਰੂਹ (ਆਤਮਾ) ਮਨੁੱਖੀ ਸਰੀਰ ਨੂੰ ਛੱਡ ਜਾਂਦੀ ਹੈ ਤੇ ਪਰਮ-ਤੱਤ ਵਿਚ ਇਕਮਿਕ ਹੋਕੇ ਉਸੇ ਦਾ ਰੂਪ ਬਣ ਜਾਂਦੀ ਹੈ। ਸੋ, ਸੰਖੇਪ ਰੂਪ ਵਿਚ ਅਸੀਂ ਜੀਵ ਨੂੰ ਪਰਮਾਤਮਾ ਦੀ ਹੀ ਜੋਤੀ ਕਹਿ ਸਕਦੇ ਹਾਂ। ਜੀਵ ਬ੍ਰਹਮ ਤੋਂ ਵੱਖਰਾ ਨਹੀਂ ਹੈ।

↓

## ਜਗਤ ਦਾ ਸਰੂਪ

ਜਗਤ ਸੰਬੰਧੀ ਵੱਖ ਵੱਖ ਦਾਰਸ਼ਨਿਕਾਂ ਤੇ ਧਾਰਮਕ ਆਗੂਆਂ ਦੀ ਵਿਚਾਰਧਾਰਾ ਵਿਚ ਕਾਫੀ ਭਿੰਨ ਭੇਦ ਹੈ। ਭਿੰਨ ਭਿੰਨ ਮੱਤਾਂ ਨੇ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਇਸ ਸਮੱਸਿਆ ਦਾ ਹੱਲ ਲੱਭਣ ਦਾ ਜਤਨ ਕੀਤਾ ਹੈ। ਇਸ ਬਹੁ-ਭਾਂਤਕੀ ਰਚਨਾ ਦਾ ਪਸਾਰਾ ਕਿਵੇਂ ਹੋਇਆ। ਕਦੋਂ ਹੋਇਆ ਕਿਸ ਲਈ ਹੋਇਆ ਤੇ ਕਿਸ ਨੇ ਕੀਤਾ ਕਿਤਨਾ ਕੁ ਸਮਾਂ ਲੱਗਾ ਆਦਿ ਸਮੱਸਿਆਵਾਂ ਉਤੇ ਹਰ ਧਾਰਮਕ ਆਗੂ ਅਤੇ ਦਾਰਸ਼ਨਿਕ ਵਿਚਾਰਵਾਨਾਂ ਨੇ ਆਪਣੇ ਵਿਚਾਰ ਪ੍ਰਗਟਾਏ ਹਨ। ਭਾਵੇਂ ਇਨ੍ਹਾਂ ਦੀਰਘ ਤੇ ਕਠਨ ਮਸਲਿਆਂ ਉਤੇ ਵਿਚਾਰ ਕਾਫੀ ਔਖੇਰੇ ਤੇ ਵਿਰੋਧਿਤਰੇ ਹਨ ਪਰ ਸਮੁੱਚੇ ਰੂਪ ਵਿਚ ਸਾਰੇ ਵਿਚਾਰਵਾਨ ਇਕ ਗੱਲ ਉਤੇ ਸਹਿਮਤ ਹੋ ਜਾਂਦੇ ਹਨ, ਉਹ ਹੈ ! ਇਸ ਰਚਨਾ ਬਾਰੇ ਵਿਕਾਸ ਸ਼ੀਲ ਸਿਧਾਂਤ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸੰਸਾਰ ਦੇ ਬਾਕੀ ਧਰਮਾਂ ਦੇ ਆਗੂਆਂ ਤੇ ਵਿਚਾਰਵਾਨਾਂ ਦੇ ਵਿਚਾਰ ਦ੍ਰਿਸ਼ਟੀਗੋਚਰ ਕਰ ਲਏ ਜਾਣ ਤਾਂ ਜੋ ਪਤਾ ਲਗ ਸਕੇ ਕਿ ਹੋਰ ਧਰਮਾਂ ਦੇ ਵਿਚਾਰ ਇਸ ਦੀਰਘ ਸਮੱਸਿਆ ਬਾਰੇ ਕੀ ਵਿਚਾਰ ਹਨ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸ੍ਰਿਸ਼ਟੀ ਰਚਨਾ ਬਾਰੇ ਸਾਸ਼ਤਰਾਂ ਵਿਚ ਦਿੱਤੇ ਗਏ ਵਿਚਾਰ ਇਸ ਪ੍ਰਕਾਰ ਹਨ -

ਸਾਂਖ ਤੇ ਯੋਗ ਸ਼ਾਸਤਰ : ਇਨ੍ਹਾਂ ਦੋਹਾਂ ਸ਼ਾਸਤਰਾਂ ਵਿਚ ਦਵੈਤਵਾਦ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਇਹ ਪੁਰਸ਼ ਤੇ ਪ੍ਰਕਿਰਤੀ ਦੋਹਾਂ ਨੂੰ ਅਨਾਦੀ ਮੰਨਦੇ ਹਨ। ਭਾਵ ਦੋਹਾਂ ਨੂੰ ਹੀ ਆਦਿ ਕਾਲ ਤੋਂ ਹੋਂਦ ਵਿਚ ਮੰਨਦੇ ਹਨ। ਇਸ ਨੂੰ ਅਰੰਭਵਾਦ ਵੀ ਕਿਹਾ ਜਾਂਦਾ ਹੈ। ਇਨ੍ਹਾਂ ਸ਼ਾਸਤਰਾਂ ਅਨੁਸਾਰ ਪੁਰਸ਼ ਤੇ ਪ੍ਰਕਿਰਤੀ ਦੋਵੇਂ ਅਲਿਪਤ ਹਾਲਤ ਵਿਚ ਵੱਖੋ ਵੱਖਰੀਆਂ ਸ਼ਕਤੀਆਂ ਮੰਨੀਆਂ ਗਈਆਂ ਹਨ। ਇਨ੍ਹਾਂ ਅਨੁਸਾਰ ਪੁਰਸ਼ ਅਕਾਰਾਤਮਕ ਅਤੇ ਪ੍ਰਕ੍ਰਿਤੀ ਸੁਕਾਰਾਤਮਕ ਸ਼ਕਤੀ ਹੈ। ਪ੍ਰਕ੍ਰਿਤੀ ਵਿਚ ਤਿੰਨ ਗੁਣ ਰਜੋ ਸਤੋ ਤੇ ਤਮੋ ਮੌਜੂਦ ਹਨ। ਜਦੋਂ ਤੱਕ ਇਹ ਤਿੰਨੇ ਗੁਣ ਇਕ ਖਾਸ ਮਿਸ਼ਰਿਤ ਵਿਚ ਸਤੁੰਲਨ ਪ੍ਰਾਪਤ ਕਾਇਮ ਰੱਖਦੇ ਹਨ ਉਸ ਵੇਲੇ ਤੱਕ ਕਿਸੇ ਪ੍ਰਕਾਰ ਦੀ ਕੋਈ ਰਚਨਾ ਸੰਭਵ ਨਹੀਂ। ਪਰ ਜਦੋਂ ਵੀ ਇਸ ਸੰਤੁਲਨ ਵਿਚ ਕਿਸੇ ਪ੍ਰਕਾਰ ਦਾ ਵਾਧਾ ਘਾਟਾ ਹੋ ਜਾਂਦਾ ਹੈ ਉਸ ਵੇਲੇ ਰਚਨਾ ਹੋਂਦ ਵਿਚ ਆਉਂਦੀ ਹੈ। ਸੋ ਇਨ੍ਹਾਂ ਸ਼ਾਸਤਰਾਂ ਅਨੁਸਾਰ ਜਦੋਂ ਤੀਕ ਇਹ ਤਿੰਨ ਗੁਣ (ਤੱਤ) ਆਪਣੇ ਆਪ ਵਿਚ ਇਕ ਖਾਸ ਮਿਸ਼ਰਿਤ ਪ੍ਰਾਪਤ ਨਹੀਂ ਕਰ ਲੈਂਦੇ ਉਨੀ ਦੇਰ ਇਸ ਸੰਸਾਰ ਤੇ ਰਚਨਾ ਹੁੰਦੀ ਰਹਿੰਦੀ ਹੈ। ਉਤਪਤੀ ਤੇ ਵਿਨਾਸ਼ ਦਾ ਅਟੁੱਟ ਚੱਕਰ ਚਲਦਾ ਰਹਿੰਦਾ ਹੈ। ਗੁਰਮਤਿ ਅਨੁਸਾਰ ਸਿਰਫ਼ ਪੁਰਸ਼ ਹੀ ਅਨਾਦਿ ਹੈ। ਪ੍ਰਕ੍ਰਿਤੀ ਪੁਰਸ਼ ਦੀ ਕੀਤੀ ਹੋਈ ਹੈ।[99]

"ਦੂਈ ਕੁਦਰਤਿ ਸਾਜੀਐ ਕਰਿ ਆਸਣ ਡਿਠੋ ਚਾਉ। [100]

ਪੁਰਸ਼-ਵਾਹਿਗੁਰੂ ਵਿਚ ਮਾਰਨ, ਜੀਵਾਲਣ ਤੇ ਪਾਲਣ ਦੀਆਂ ਤਿੰਨੇ ਸ਼ਕਤੀਆਂ ਵਿਦਮਾਨ ਹਨ। ਉਹ ਆਪ ਹੀ ਇਸ ਰਚਨਾ ਨੂੰ ਜਨਮ ਦੇਣ ਵਾਲਾ ਹੈ, ਆਪ ਹੀ ਪਾਲਣਾ ਪੋਸ਼ਣਾ ਕਰਨ ਵਾਲਾ ਤੇ ਆਪ ਹੀ ਸੰਘਾਰਨ ਵਾਲਾ ਹੈ। ਇਹ ਮਾਇਆ ਉਸੇ ਦੀ ਕੀਤੀ ਹੋਈ ਹੈ।

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ।।
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ। [101]

ਪੱਛਮੀ ਵਿਚਾਰਵਾਨ ਸ੍ਰੀ ਐਮ.ਵਾਲਸ ਨੇ ਆਪਣੀ ਪੁਸਤਕ 'ਦੀ ਡਾਕਟਰਿਨ ਆਫ ਕਰੀਏਸ਼ਨ" ਵਿਚ ਆਪਣੇ ਵਿਚਾਰ ਪ੍ਰਗਟ ਕਰਦੇ ਹੋਇਆਂ ਦੱਸਿਆ ਹੈ, "ਪੁਰਸ਼ ਹੀ ਅਨਾਦਿ ਹੈ, [102] ਬਾਕੀ ਸਭ ਕੁਝ ਉਸ ਦਾ ਹੀ ਕੀਤਾ ਹੋਇਆ ਹੈ।

ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ ਅਨੁਸਾਰ "ਜੇ ਮਾਦਾ ਪੁਰਸ਼ ਦਾ ਕੀਤਾ ਹੋਇਆ ਨਾ ਹੁੰਦਾ ਤਾਂ ਉਹ ਪੁਰਸ਼ ਦੇ ਬਰਾਬਰ ਹੁੰਦਾ ਭਾਵ ਦੋਵੇਂ ਸ਼ਕਤੀਆਂ ਅਨਾਦਿ ਹੁੰਦੀਆਂ। [103] ਇਹ ਦੋਵੇਂ ਇਕ ਦੂਜੇ ਤੋਂ ਬਿਲਕੁਲ ਅਲਿਪਤ ਹੋਕੇ ਰਹਿੰਦੀਆਂ ਜਦੋਂ ਤੀਕ ਕਿ ਕੋਈ ਤੀਜੀ ਸ਼ਕਤੀ ਇਨ੍ਹਾਂ ਵਿਚ ਸਾਂਝ ਨਾ ਪਾਵਾਉਂਦੀ। ਪਰ ਅਸਲ ਗੱਲ ਇਹ ਹੈ ਕਿ ਮਾਦਾ ਦਾ ਪੁਰਸ਼ ਵਿਚੋਂ ਨਿਕਲਿਆ ਹੈ ਨਾ ਕਿ ਪੁਰਸ਼ ਮਾਦੇ ਵਿਚੋਂ। ਪੁਰਸ਼ ਨੇ ਸਰਬ ਪਾਲ ਹੋਣਲਈ ਮਾਦਾ ਪੈਦਾ ਕੀਤਾ ਹੋਵੇਗਾ। ਜੇ ਇਹ ਪੁਰਸ਼ ਦਾ ਕੀਤਾ ਹੋਇਆ ਨਾ ਹੁੰਦਾ ਤਾਂ ਇਸ ਸੰਸਾਰ ਦੀ ਘਾੜਤ ਕਰਨ ਵਾਲੇ ਮੌਸਾਲੇ ਵਿਚ ਉਹ ਗੁਣ ਨਾ ਹੁੰਦੇ ਜਿਹੜੇ ਕਿ ਰੱਬ ਨੂੰ ਇਸ ਰਚਨਾ ਲਈ ਲੋੜੀਂਦੇ ਸਨ। ਸੋ ਇਸ ਸਰਬ ਸ੍ਰੇਸ਼ਟ, ਨਿਪੁੰਨ, ਨਾਸਕੀ ਤੇ ਬਹੁ-ਭਾਂਤਨੀ ਦਾ ਕਰਤਾ ਜ਼ਰੂਰ ਕੋਈ ਮਾਹਿਰ, ਸੁਘੜ ਤੇ ਕਰਤਾਰੀ ਗੁਣਾਂ ਦਾ ਮਾਲਕ ਹੀ ਹੋ ਸਕਦਾ ਹੈ -

ਨਿਆਇ ਸ਼ਾਸ਼ਤਰ ਤੇ ਵਿਸ਼ੇਸ਼ਕ ਸ਼ਾਸਤ੍ਰ

ਇਹ ਸ਼ਾਸ਼ਤ੍ਰ ਰੱਬ ਬਾਰੇ ਕੁਝ ਨਹੀਂ ਦਸਦੇ। ਇਹ ਅੰਣੂ ਪ੍ਰਮਾਣੂ ਵਿਚ ਯਕੀਨ ਰੱਖਦੇ ਹਨ। ਜਦੋਂ ਇਹ ਅਣੂੰ ਤੇ ਪ੍ਰਮਾਣੂ ਕਿਸੇ ਖਾਸ ਹਾਲਤ ਤੇ ਖਾਸ ਮਿਸ਼ਰਤ ਵਿਚ ਇਕੱਠੇ ਹੁੰਦੇ ਹਨ ਅਤੇ ਉਨ੍ਹਾਂ ਵਿਚ ਰਗੜ ਕਾਰਨ ਪੈਦਾ ਹੋਈ ਗਰਮੀ ਤੋਂ ਰਚਨਾ ਹੁੰਦੀ ਹੈ। ਇਹ ਸ਼ਾਸ਼ਤ੍ਰ ਸਿਧੇ ਤੌਰ ਤੇ ਕਿਸੇ ਗੈਬੀ ਸ਼ਕਤੀ ਤੋਂ ਮੁਨਕਰ ਅਤੇ ਸ਼ੁਧ ਸਦਾਰਥਵਾਦੀ ਹਨ। ਪਦਾਰਥ ਨੂੰ ਹੀ ਸਰਬ ਸ਼੍ਰੇਸ਼ਟ ਕਰਤਾਰੀ ਗੁਣਾਂ ਦਾ ਮਾਲਕ ਮੰਨਦੇ ਹਨ। ਉਪਰੋਕਤ ਵਿਚਾਰ ਨੂੰ ਦ੍ਰਿਸ਼ਟੀਗੋਚਰ ਕੀਤਿਆਂ ਸਾਫ਼ ਤੌਰ ਤੇ ਸਿਧ ਕੀਤਾ ਜਾ ਸਕਦਾ ਹੈ ਕਿ [illegible] ਵੀ ਪਦਾਰਥ ਵੀ ਤਾਂ ਰੱਬ ਦਾ ਹੀ ਕੀਤਾ ਹੋਇਆ ਹੈ। ਜੇ

ਇਹ ਰੱਬ ਦਾ ਕੀਤਾ ਹੋਇਆ, ਨਹੀਂ ਇਸ ਦੀ ਸੁਤੰਤਰ ਹੋਂਦ ਹੈ ਤਾਂ ਇਹ ਕਿੱਥੋਂ ਆ ਗਿਆ ! ਇਸ ਦਾ ਆਦਿ ਕਿੱਥੋਂ ਹੋਇਆ ਇਸ ਬਾਰੇ ਪਦਾਰਥਵਾਦੀਆਂ ਪਾਸ ਕੋਈ ਉੱਤਰ ਨਹੀਂ -

ਉੱਤਰ - ਮੀਮਾਂਸਾ ਤੇ ~~[illegible]~~ ਪੂਰਵ-ਮੀਮਾਂਸਾ

ਇਸ ਨੂੰ ਵਿਵਰਤਵਾਦ ਜਾਂ ਭਰਮ ਵਾਦ ਕਹਿੰਦੇ ਹਨ। ਸ਼ੰਕਰਾਚਾਰੀਆ ਇਸੇ ਸਿਧਾਂਤ ਦਾ ਅਨੁਆਈ ਸੀ। ਸ਼ੰਕਰ ਅਨੁਸਾਰ ਇਹ ਸੰਸਾਰ ਮਾਇਆ ਹੈ, ਇਹ ਨਿਰਾ ਛਲਾਵਾ ਹੈ। ਇਕ ਪਰਦਾ ਹੈ ਜੋ ਆਤਮਾ ਤੇ ਪਰਮਾਤਮਾ ਵਿਚਾਲੇ ਪਸਰਿਆ ਹੋਇਆ ਹੈ। ਜਦੋਂ ਤੀਕ ਇਹ ਭਰਮ ਦਾ ਜਾਂ ਆਤਮਾ ਉੱਤੇ ਛਾਇਆ ਰਹੇਗਾ, ਆਤਮਾ ਇਸ ਸੰਸਾਰ ਨੂੰ ਮੰਨਦੀ ਰਹੇਗੀ। ਇਸ ਜਿਸ ਵੇਲੇ ਆਤਮਾ ਨੇ ਇਸ ਛਾਵੇ ਨੂੰ ਪਾਰ ਕਰਕੇ ਬ੍ਰਹਮ ਸਰੂਪ ਦੇ ਦਰਸ਼ਨ ਕੀਤੇ ਉਦੋਂ ਇਹ ਸੰਸਾਰ ਜਾਂ ਮਾਇਆ ਖ਼ਤਮ ਹੋ ਜਾਵੇਗੀ। ਪਰ, ਗੁਰੂ ਨਾਨਕ ਦੇਵ ਜੀ ਇਸ ਸਿਧਾਂਤ ਦਾ ਖੰਡਨ ਕਰਦੇ ਹਨ। ਗੁਰੂ ਜੀ ਅਨੁਸਾਰ ਇਸ ਸੰਸਾਰ ਦਾ ਪਸਾਰਾ ਛਲਾਵਾ ਨਹੀਂ ਸੱਤ ਹੈ -

ਸੱਚੇ ਤੇਰੇ ਖੰਡ ਸਚੇ ਬ੍ਰਹਮੰਡ।[104]

ਸ੍ਰਿਸ਼ਟੀ ਰਚਨਾ ਬਾਰੇ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਕੋਈ ਓਪਰੇ ਨਹੀਂ। ਉਨ੍ਹਾਂ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਅੱਜ ਦੀ ਵਿਗਿਆਨਕ ਖੋਜ ਸਾਫ਼ ਸਾਫ਼ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬੁੱਧੀ ਤੇ ਵਿਗਿਆਨਕ ਸੋਚਣੀ ਦੀ ਸ਼ਲਾਘਾ ਕਰਨੀ - ਛੋਟਾ ਮੂੰਹ ਤੇ ਵੱਡੀ ਗੱਲ ਹੈ। ਇਸ ਸੰਸਾਰ ਦੀ ਰਚਨਾ ਗੁਰੂ ਨਾਨਕ ਸਾਹਿਬ ਨੇ ਬਹੁਤ ਹੀ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ। ਇਸ ਜਗਤ ਰਚਨਾ ਤੋਂ ਪਹਿਲਾਂ ਬ੍ਰਹਮ ਹੀ ਆਪਣੀ ਸੁੰਨ ਸਮਾਧੀ ਵਿਚ ਤਥਾ ਅਫੁਰ ਅਵਸਥਾ ਵਿਚ ਮੌਜੂਦ ਸੀ।

ਅਰਬਦ ਨਰਬਦ ਧੁੰਧੂਕਾਰਾ ਧਰਣਿ ਨ ਗਗਨਾ ਹੁਕਮੁ ਅਪਾਰਾ ਨਾ ਦਿਨੁ
ਰੈਣਿ ਨਾ ਚੰਦੁ ਨ ਸੂਰਜੁ ਸੁੰਨਿ ਸਮਾਧਿ ਲਗਾਇਦਾ।[105]

ਉਸ ਸਮੇਂ ਉਸ ਤੋਂ ਬਿਨਾਂ ਕੁਝ ਵੀ ਹੋਰ ਨਹੀਂ ਸੀ। ਧਰਤੀ-ਆਕਾਸ਼, ਦਿਨ ਰਾਤ, ਪਾਤਾਲ, ਪਰਬਤ, ਚੰਦ ਸੂਰਜ, ਬਨਸਪਤੀ ਆਦਿ ਕਿਸੇ ਵੀ ਵਸਤੂ ਦੀ ਹੋਂਦ ਨਹੀਂ ਸੀ। ਦ੍ਰਿਸ਼ਟਮਾਨ ਵਸਤੂ ਕਿਧਰੇ ਵੀ ਨਹੀਂ ਸਨ ਦਿਸਦੀਆਂ। ਕੇਵਲ ਉਹ ਬ੍ਰਹਮ ਆਪ ਹੀ ਆਪ ਸੀ। "ਉਹੀ ਨਿਰਗੁਣ ਬ੍ਰਹਮ ਜਦੋਂ ਅਫੁਰ ਅਵਸਥਾ ਵਿਚ ਪ੍ਰਗਟ ਹੁੰਦਾ ਹੈ ਤਾਂ ਜਗਤ ਰਚਨਾ ਹੋਂਦ ਵਿਚ ਆਉਂਦੀ ਹੈ। ਅਫੁਰ ਅਵਸਥਾ ਚੇਤਨਤਾ ਦਾ ਉਹ ਸਰੂਪ ਹੈ ਜਿਸ ਵਿਚ ਸਾਧਾਰਨ ਮਾਨਸਿਕ ਫੁਰਨਿਆਂ ਦਾ ਅਭਾਵ ਹੈ। ਇਸ ਅਵਸਥਾ ਵਿਚ ਗਿਆਨ ਧਿਆਨ ਸਮਵੇਦਨ, ਦੁਖ-ਸੁਖ, ਇਛਾ

ਵਾਸਨਾ ਦੀ ਕੋਈ ਲੇਸ ਨਹੀਂ ਹੁੰਦੀ। ਚੇਤਨੰਤ ਹੁੰਦੀ ਹੈ। ਜਾਗਰਤ, ਸੁਪਨ। ਸਖੋਪਤ ਮੰਨੀਆਂ ਅਵਸਥਾਵਾਂ ਹਨ। ਜੇਕਰ ਸ਼ੁੱਧ-ਚੇਤਨਤਾ ਵਿਚ ਕੋਈ ਸਖੋਪਤ ਅਵਸਥਾ ਹੋਵੇ ਤਾਂ ਉਹ ਅਕੁਰ ਬ੍ਰਹਮ ਦਾ ਸਰੂਪ ਹੋਵੇਗਾ।[106]

ਗੁਰੂ ਨਾਨਕ ਜਗਤ ਰਚਨਾ ਦਾ ਮੂਲ ਕਾਰਣ ਇਕੱਲੇ ਨਿਰਗੁਣ ਬ੍ਰਹਮ ਨੂੰ ਹੀ ਮੰਨਦੇ ਹਨ। ਕਿਉਂਕਿ ਜਦ ਬ੍ਰਹਮ ਤੋਂ ਭਿੰਨ ਹੋਰ ਕੋਈ ਵਸਤੂ ਹੋਂਦ ਵਿਚ ਹੀ ਨਹੀਂ ਸੀ ਤਾਂ ਕਿਸੇ ਹੋਰ ਵਸਤੂ ਜਾਂ ਸ਼ਕਤੀ ਦਾ ਸਹਾਰਾ ਲੈ ਕੇ ਸ੍ਰਿਸ਼ਟੀ ਰਚਨਾ ਕਰਨ ਦਾ ਪ੍ਰਸ਼ਨ ਹੀ ਉਤਪੰਨ ਨਹੀਂ ਹੁੰਦਾ। ਸੋ, ਸਪਸ਼ਟ ਹੈ ਕਿ ਸ੍ਰਿਸ਼ਟੀ ਰਚਨਾ ਇਕੱਲੇ ਬ੍ਰਹਮ ਨੇ ਹੀ ਆਪਣੀ ਇੱਛਾ ਅਨੁਸਾਰ ਕੀਤੀ। ਕੋਈਵੀ ਬਾਹਰਲੀ ਸਹਾਇਤਾ ਉਸ ਨੇ ਨਹੀਂ ਲਈ। 'ਗੁਰੂ ਗ੍ਰੰਥ ਦਰਸ਼ਨ' ਦੇ ਕਰਤਾ ਡਾ: ਜੈ ਰਾਮ ਮਿਸ਼ਰ ਜੀ ਇਸ ਵਿਚਾਰ ਨੂੰ ਆਪਣੇ ਸ਼ਬਦਾਂ ਵਿਚ ਇਉਂ ਪ੍ਰਗਟਾਉਂਦੇ ਹਨ, "ਸਿੱਖ ਗੁਰੂ ਪ੍ਰਮਾਤਮਾ ਨੂੰ ਹੀ ਸ੍ਰਿਸ਼ਟੀ ਦਾ ਨਿਮਿੱਤ ਅਤੇ ਉਪਾਦਾਨ ਕਾਰਣ ਮੰਨਦੇ ਹਨ। ਪਰਮਾਤਮਾ ਤੋਂ ਸਿਵਾਏ ਉਨ੍ਹਾਂ ਨੂੰ ਹੋਰ ਕੋਈ ਕਾਰਣ ਸਵੀਕਾਰ ਨਹੀਂ। ਪਰਮਾਤਮਾ ਦੇ ਅਸਤਿਤਵ ਤੋਂ ਹੀ ਸ੍ਰਿਸ਼ਟੀ ਦ੍ਰਿਸ਼ ਰੂਪ ਵਿਚ ਪ੍ਰਗਟ ਹੋਈ ਹੈ।[107]

ਡਾ: ਸੁਰਿੰਦਰ ਸਿੰਘ ਕੋਹਲੀ ਜੀ ਵੀ ਇਸੇ ਕਥਨ ਦੀ ਪ੍ਰੋੜ੍ਹਤਾ ਕਰਦੇ ਹੋਏ ਗੁਰਮਤਿ ਦੇ ਸ੍ਰਿਸ਼ਟੀ ਰਚਨਾ ਦੇ ਸਿਧਾਂਤ ਨੂੰ ਉਪਨਿਸ਼ਦਾਂ ਤੋਂ ਪ੍ਰਭਾਵਿਤ ਮੰਨਦੇ ਹਨ, "ਉਪਨਿਸ਼ਦਾਂ ਵਿਚ ਆਇਆ ਸ੍ਰਿਸ਼ਟੀ ਰਚਨਾ ਦਾ ਇਹ ਸਿਧਾਂਤ ਕਿ ਬ੍ਰਹਮ ਹੀ ਇਸ ਸ੍ਰਿਸ਼ਟੀ ਦਾ ਕਰਤਾ ਹੈ, ਮੂਲ ਕਾਰਣ ਹੈ, ਗੁਰੂ ਸਾਹਿਬ ਨੇ ਅਪਣਾਇਆ ਹੈ।"[108]

ਈਸਾਈ ਮੱਤ ਤੇ ਇਸਲਾਮ ਮੱਤ ਵਿਚ ਸ੍ਰਿਸ਼ਟੀ ਰਚਨਾ ਦਾ ਮੂਲ ਕਾਰਣ ਪ੍ਰਮਾਤਮਾ ਨੂੰ ਮੰਨਿਆ ਗਿਆ ਹੈ। ਪ੍ਰਕ੍ਰਿਤੀ ਦਾ ਉਸ ਵਿਚ ਕੋਈ ਹੱਥ ਨਹੀਂ ਬਾਈਬਲ ਵਿਚ ਆਉਂਦਾ ਹੈ ਕਿ ਪ੍ਰਮਾਤਮਾ ਨੇ ਕਿਹਾ 'ਚਾਨਣ ਹੋ ਜਾਏ' ਅਤੇ ਉਸ ਵੇਲੇ ਚਾਨਣ ਹੋ ਗਿਆ। ਅਰਥਾਤ ਸ੍ਰਿਸ਼ਟੀ ਬਣ ਗਈ।"[109] ਕੁਰਾਨ ਵਿਚ ਵੀ ਇਹੋ ਵਿਚਾਰ ਦਰਜ ਹਨ ਕਿ ਖ਼ੁਦਾ ਨੇ ਕਿਹਾ ਕਿ 'ਕੁਨ' ਅਤੇ ਦੁਨੀਆਂ ਬਣ ਗਈ।[110]

ਸਿਧ ਗੋਸਟਿ ਵਿਚ ਸਿਧਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਸ੍ਰਿਸ਼ਟੀ ਰਚਨਾ ਦੇ ਆਰੰਭ ਸੰਬੰਧੀ ਪੁਛਿਆ -

"ਆਦਿ ਕਉ ਕਵਨੁ ਬੀਚਾਰੁ ਕਥੀਅਲੇ
ਸੁੰਨ ਕਹਾ ਘਰ ਵਾਸੋ।[111]

ਤਾਂ ਗੁਰੂ ਸਾਹਿਬ ਨੇ ਉੱਤਰ ਦਿੰਦੇ ਹੋਇਆਂ ਕਿਹਾ -

"ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ
ਸੁੰਨ ਨਿਰੰਤਰਿ ਵਾਸੁ ਲੀਆ।[112]

ਭਾਵ ਆਦਿ ਦਾ ਪ੍ਰਗਟ ਵਿਸਮਾਦੀ ਹੈ। ਇਸ ਬਾਰੇ ਸੋਚਣਾ ਅਸਮਰਥਤਾ ਤੋਂ ਸਿਵਾਏ ਹੋਰ ਕੁਝ ਵੀ ਨਹੀਂ। ਇਸ ਤੋਂ ਪਹਿਲਾਂ ਵੀ ਪ੍ਰਭੂ ਸਰਬ ਵਿਆਪੀ ਹੁੰਦਾ ਹੋਇਆ ਵਿਸਮਾਦ ਅਵਸਥਾ ਵਿਚ ਵਿਚਰਦਾ ਸੀ। ਗੁਰੂ ਨਾਨਕ ਸਾਹਿਬ ਅਨੁਸਾਰ ਇਸ ਸੰਸਾਰ ਦਾ ਪਸਾਰਾ ਨਿਰੰਤਰ ਵਿਕਾਸ ਕਰਦਾ ਹੋਇਆ ਹੈ। ਆਪ ਜੀ ਨੇ ਸਿਰੀ ਰਾਗ ਵਿਚ ਫਰਮਾਇਆ ਹੈ -

'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।।
ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ।।[113]

ਜਾਂ

ਪਵਣ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ।

ਕੁਝ ਪੱਛਮੀ ਵਿਚਾਰਵਾਨ ਵੀ ਇਸ ਰਚਨਾ ਦਾ ਮੂਲ ਤੱਤ ਪਾਣੀ ਨੂੰ ਹੀ ਮੰਨਦੇ ਹਨ। ਐਨਸਾਈਕਲੋਪੀਡੀਆ ਆਫ ਰਿਲੀਜਨ ਐਥਿਕਸ ਅਨੁਸਾਰ ਇਸ ਬ੍ਰਹਿਮੰਡ ਦਾ ਮੂਲ ਤੱਤਵ ਪਾਣੀ ਹੀ ਹੈ। ਸਿਰਫ ਪੱਛਮੀ ਵਿਚਾਰ ਹੀ ਨਹੀਂ ਸਗੋਂ ਭਾਰਤੀ ਬ੍ਰਹਿਮੰਡ ਉਤਪਤੀ ਸਿਧਾਂਤ ਵਿਚ ਵੀ ਇਸੇ ਪ੍ਰਕਾਰ ਦਰਜ ਹੈ।[114]

ਮਿਸਰ ਦੇਸ਼ ਵਿਚ ਰਚਨਾ ਸੰਬੰਧੀ ਵਿਚਾਰ ਭਾਰਤੀ ਵਿਚਾਰ ਨਾਲ ਕਾਫੀ ਮਿਲਦੇ ਜੁਲਦੇ ਹਨ। ਉਨ੍ਹਾਂ ਅਨੁਸਾਰ ਕਰਮ ਉਸ ਨੂੰ ਮਿਲਣ ਵਾਲੇ ਜੀਅ-ਦਾਨ ਦਾ ਫੈਸਲਾ ਕਰਦੇ ਹਨ। ਜਿਹੋ ਜਿਹਾ ਜੀਅ ਦਾਨ ਮਿਲਦਾ ਹੈ ਉਹ ਕਰਮਾਂ ਦੇ ਅਧਾਰ ਤੇ ਮਿਲਦਾ ਹੈ।[115] ਜਿਵੇਂ ਕਿ ਗੁਰਬਾਣੀ ਵਿਚ ਵੀ ਆਇਆ ਹੈ -

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ।।[116]

ਸੋ ਕਰਮਾਂ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ ਜੋ ਕੁਝ ਵੀ ਸਾਨੂੰ ਦਿਸਦਾ ਹੈ ਉਹ ਕਰਮਾਂ ਅਨੁਸਾਰ ਹੀ ਹੈ। "ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।[117] ਇਸ ਬ੍ਰਹਿਮੰਡ ਵਿਚ ਹੋ ਰਹੀ ਹਰ ਹਰਕਤ ਦਾ ਉਸ ਨੂੰ ਗਿਆਨ ਤੇ ਅਹਿਸਾਸ ਹੈ। ਇਹ ਸਭ ਕੁਝ ਉਸ ਦੇ ਹੁਕਮ ਅੰਦਰ ਹੀ ਹੋ ਰਿਹਾ ਹੈ। ਉਸ ਨੂੰ ਇਸ ਬਾਰੇ ਪੂਰਾ ਪੂਰਾ ਗਿਆਨ ਹੈ ਕਿ ਕੀ ਕੁਝ ਕਰਨਾ ਹੈ ਤੇ ਕੀ ਕੁਝ ਹੋ ਰਿਹਾ ਹੈ -

"ਜਿਵੇਂ ਜਿਵ ਹੁਕਮਿ ਤਿਵੈ ਤਿਵ ਕਾਰੁ।
ਵੇਖੈ ਵਿਗਸੈ ਕਰਿ ਬੀਚਾਰੁ।।[118]

ਜੋ ਕੁਝ ਵੀ ਅਸੀਂ ਵੇਖਦੇ ਹਾਂ ਸਭ ਕੁਝ ਪ੍ਰਭੂ ਪ੍ਰਮਾਤਮਾ ਨੇ ਨਿੱਜ ਦਾ ਹੀ ਵਿਖਾਵਾ ਕੀਤਾ ਹੈ। ਇਸ ਦੁਨੀਆਂ ਦੀ ਬਚਿੱਤਰ ਖੇਡ ਉਸ ਦੀ ਆਪਣੀ ਬਣਾਈ ਹੋਈ ਹੈ। ਇਹ ਦਾ ਰਚਨਹਾਰਾ ਉਹ ਕਰਤਾਰ ਆਪ ਹੀ ਹੈ। ਜਿਸ ਪ੍ਰਕਾਰ ਦੀ ਰਚਨਾ ਉਹ ਚਾਹੁੰਦਾ ਹੈ ਉਹ ਕਰ ਲੈਂਦਾ ਹੈ -

"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ,
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।[119]

ਇਹ ਆਕਾਰ ਤੇ ਪਸਾਰਾ ਸਭ ਕੁਝ ਉਸ ਦੇ ਭਾਣੇ ਅੰਦਰ ਹੁੰਦਾ ਹੈ। ਉਸ ਦੇ ਹੁਕਮ ਤੋਂ ਬਿਨਾਂ ਇਸ ਸੰਸਾਰ ਵਿਚ ਕੁਝ ਵੀ ਹੋਂਦ ਵਿਚ ਨਹੀਂ ਆ ਸਕਦਾ। ਜਦੋਂ ਉਹ ਚਾਹੁੰਦਾ ਹੈ ਜਨਮ ਦਾਨ ਦੇ ਦਿੰਦਾ ਹੈ ਤੇ ਜਦੋਂ ਠੀਕ ਸਮਝੇ ਵਾਪਸ ਲੈ ਲੈਂਦਾ ਹੈ। ਕੋਈ ਵੀ ਜੀਵ ਉਸ ਦੇ ਹੁਕਮ ਤੋਂ ਬਾਹਰ ਹੋਕੇ ਉਲੰਘਣਾ ਨਹੀਂ ਕਰ ਸਕਦਾ। ਉਹ ਆਪ ਹੀ ਹਰ ਪ੍ਰਕਾਰ ਦੀਆਂ ਦਾਤਾਂ ਦੇਣ ਵਾਲਾ ਹੈ। ਪਰ ਇਹ ਦਾਤ ਕਿਧਰੋਂ ਕਿਸੇ ਆਧਾਰ ਤੇ ਨਹੀਂ ਮਿਲ ਸਕਦੀ, ਉਸ ਦੀ ਨਦਰ ਸਦਕਾ ਹੀ ਪ੍ਰਾਪਤ ਹੁੰਦੀ ਹੈ।

ਉਹ ਆਪਣੀ ਖੇਡ ਨੂੰ ਦੇਖ ਰਿਹਾ ਹੈ ਅਤੇ ਵਿਗਸਦਾ ਹੈ। ਇਹ ਜੀਵਾਤਮਾ ਮੋਹ ਮਾਇਆ ਦੇ ਜਾਲ ਵਿਚ ਏਨੀ ਖੱਚਤ ਹੋ ਚੁੱਕੀ ਹੈ ਕਿ ਇਸ ਨੂੰ ਆਪਣੇ ਕਰਤਾਰ ਦੀ ਸੂਝ ਬੂਝ ਤੇ ਪਛਾਣ ਵੀ ਨਹੀਂ ਰਹੀ। ਇਹ ਹਉਮੈ ਦੀ ਮੈਲ ਵਿਚ ਗਰੱਸਕੇ ਆਪਣੇ ਰਚਨਹਾਰ ਤੋਂ ਦੂਰ ਹੁੰਦੀ ਜਾ ਰਹੀ ਹੈ। ਜਦੋਂ ਤੱਕ ਇਹ ਹਉਮੈ ਜੀਵਾਤਮਾ ਦੇ ਅੰਦਰ ਉਜਾਗਰ ਰਹਿੰਦੀ ਹੈ ਉਸ ਵੇਲੇ ਤੱਕ ਜਨਮ ਮਰਨ ਦੇ ਚੱਕਰ ਵਿਚ ਘੁੰਮਦੀ ਰਹਿੰਦੀ ਹੈ। ਜਦੋਂ ਸਿੱਧਾਂ ਨੇ ਗੁਰੂ ਸਾਹਿਬ ਪਾਸੋਂ ਸੰਸਾਰ ਉਤਪਤੀ ਤੇ ਇਸ ਦੇ ਵਿਕਾਸ ਦਾ ਕਾਰਣ ਪੁੱਛਿਆ ਤਾਂ ਗੁਰੂ ਨਾਨਕ ਦੇਵ ਜੀ ਨੇ ਇਉਂ ਉੱਤਰ ਦਿੱਤਾ ਸੀ-

"ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ,
ਕਿਤੁ ਕਿਤੁ ਦੁਖਿ ਬਿਨਸਿ ਜਾਈ।
ਹਉਮੈ ਵਿਚਿ ਜਗੁ ਉਪਜੈ ਪੁਰਖਾ,
ਨਾਮਿ ਵਿਸਰਿਐ ਦੁਖੁ ਪਾਈ।[120]

ਭਾਵ ਇਹ ਹਉਮੈ ਦੀ ਦੁਬਿਧਾ ਜੀਵਾਤਮਾ ਨੂੰ ਗਲਤ ਰਾਹ ਤੇ ਪਾਉਂਦੀ ਹੈ। ਇਸੇ ਨਾਲ ਸੰਸਾਰ ਵਿਚ ਜੀਵ ਨਈ ਦੁਖਾਂ ਕਲੇਸ਼ਾਂ ਦੇ ਅੰਬਾਰ ਉਸਰਦੇ ਹਨ। ਡਾ: ਸ਼ੇਰ ਸਿੰਘ ਜੀ ਅਨੁਸਾਰ :-

"ਨਿਰਗੁਣ ਬ੍ਰਹਮ ਨੂੰ ਜਦੋਂ ਜਗਤ ਰਚਨਾ ਦਾ ਫੁਰਨਾ ਫੁਰਿਆ ਤਾਂ ਉਸ ਸਮੇਂ ਦੇ 'ਹੁਕਮ' ਦੁਆਰਾ ਹਉਮੈ ਦੀ ਸਿਰਜਨਾ ਵੀ ਹੋਈ ਸੀ। ਇਹ ਹਉਮੈ ਹੀ ਸਾਰੇ ਮਾਦੀ ਤੇ ਮਾਨਸਿਕ ਸੰਸਾਰ ਦਾ ਕਾਰਣ ਹੈ। ਮਾਇਆ ਤੇ ਅਵਿਦਿਆ ਤੇ ਤਿੰਨੇ ਗੁਣ ਅਤੇ ਉਨ੍ਹਾਂ ਦੇ ਭਿੰਨ ਭਿੰਨ ਸੰਜੋਗ ਕਰਕੇ ਸਾਰਾ ਵਿਕਾਸ ਸਭ ਹਉਮੈ ਵਿਚ ਹੀ ਹਨ। ਬ੍ਰਹਮ ਤੋਂ ਭਿੰਨ ਪ੍ਰਕਿਰਤੀ ਦੀ ਕੋਈ ਹਸਤੀ ਨਹੀਂ ਹੈ। ਪ੍ਰਕਿਰਤੀ ਵੀ ਹਉਮੈ ਤੋਂ ਉਪਜਦੀ ਹੈ। ਇਹ ਤਰਤੀਬ ਸੇਖ-ਵੇਦਾਂਤ ਨਾਲੋਂ ਭਿੰਨ ਹੈ। ਪ੍ਰਕ੍ਰਿਤੀ ਕਰਕੇ ਹਉਮੈ ਨਹੀਂ ਉਪਜਦੀ, ਸਗੋਂ ਹਉਮੈ ਕਰਕੇ ਪ੍ਰਕ੍ਰਿਤੀ ਰੂਪ ਧਾਰਣ ਕਰਦੀ ਹੈ। ਤਿੰਨੇ ਗੁਣ ਵੀ ਹਉਮੈ ਦੇ ਵਿਚ ਹੀ ਹਨ ਅਤੇ ਹਉਮੈ ਕਰਕੇ ਹੀ ਸੰਜੋਗ ਵਿਜੋਗ ਦੇ ਅਮਲਾਂ ਰਾਹੀਂ ਸ੍ਰਿਸ਼ਟੀ-ਰਚਨਾ ਦਾ ਕਾਰਣ ਬਣਦੇ ਹਨ।[120]

ਇਸ ਹਉਮੈ ਸਦਕਾ ਹੀ ਜੀਵਾਂ ਅੰਦਰ ਭਿੰਨਤਾ ਆ ਗਈ ਹੈ ਅਤੇ ਇਸੇ ਲਈ ਜੀਵਾਤਮਾ ਪਰਮਾਤਮਾ ਤੋਂ ਵਿਛੜੀ ਹੋਈ ਵਿਚਰਦੀ ਹੈ। ਜੀਵ ਦਾ ਅਸਲੀ ਰੂਪ ਮੁੱਦਾ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰਨੀ ਹੈ। ਇਸ ਸੰਸਾਰ ਦੀ ਕਾਰ ਸੰਜੋਗ ਵਿਜੋਗ ਵਿਚ ਬੰਨ੍ਹੀ ਹੋਈ ਚਲ ਰਹੀ ਹੈ -

> ਸੰਜੋਗ ਵਿਜੋਗੁ ਦੋਇ ਕਾਰ ਚਲਾਵਹਿ,
> ਲੇਖੇ ਆਵਹਿ ਭਾਗ।[121]

ਸਾਰੀ ਰਚਨਾ ਸੰਜੋਗ ਵਿਜੋਗ ਵਿਚ ਨੜੀਬੱਧ ਹੈ। ਅਤੇ ਇਸ ਰਚਨਾ ਦੀ ਹਰ ਵਸਤੂ ਕਿਸੇ ਅੰਤ ਵੱਲ ਨੂੰ ਵਧ ਰਹੀ ਹੈ। ਪ੍ਰਭੂ ਦਾ ਸੰਜੋਗ ਪ੍ਰਾਪਤ ਕਰਨ ਲਈ ਤਤਪਰ ਤੇ ਜਤਨਸ਼ੀਲ ਹੈ। ਸਾਰੇ ਜੀਵ ਜੰਤੂ, ਤਾਰੇ ਤੇ ਆਕਾਸ਼ ਮੰਡਲ ਵਿਚਲੀ ਹਰ ਸ਼ੈ ਵਿਜੋਗ ਵਿਚ ਤੜਪ ਰਹੀ ਹੈ। ਇਸਦਾ ਕੋਈ ਅੰਦਾਜ਼ਾ ਨਹੀਂ ਲਗਾ ਸਕਦਾ ਕਿ ਰਚਨਾ ਕਿੰਨੀ ਕੁ ਹੈ। ਇਸ ਬਾਰੇ ਕਿਸੇ ਪਾਸ ਕੋਈ ਹਿਸਾਬ ਕਿਤਾਬ ਨਹੀਂ। ਇਹ ਰਚਨਾ ਅਣਗਿਣਤ ਹੈ, ਬੇਅੰਤ ਹੈ। ਇਸ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ -

> ਅੰਤ ਨਾ ਜਾਪੇ ਕੀਤਾ ਆਕਾਰ।।
> ਅੰਤ ਨਾ ਜਾਪੇ ਪਾਰਾਵਾਰੁ।।
> ਅੰਤ ਕਾਰਨ ਕੇਤੇ ਬਿਲ ਲਾਹਿ।।
> ਤਾ ਕੇ ਅੰਤ ਨਾ ਪਾਏ ਜਾਹਿ।।[122]

ਭਾਵੇਂ ਕਈ ਧਰਮਾਂ ਵਿਚ ਇਸ ਆਕਾਰੀ ਦੀ ਗਿਣਤੀ ਵੀ ਕਰਕੇ ਦੱਸੀ ਗਈ ਹੈ ਪਰ ਗੁਰਮਤਿ ਵਿਚ ਇਸ ਪ੍ਰਕਾਰ ਦੀ ਕਿਸੇ ਗਿਣਤੀ ਮਿਣਤੀ ਨੂੰ ਪ੍ਰਮਾਣੀਕਤਾ ਪ੍ਰਾਪਤ ਨਹੀਂ ਹੈ।

ਇਸਲਾਮ ਇਸ ਗੱਲ ਦਾ ਧਾਰਨੀ ਹੈ ਕਿ ਇਸ ਰਚਨਾ ਵਿਚ ਸੱਤ ਆਕਾਸ਼ ਤੇ ਸੱਤ ਪਾਤਾਲ ਹਨ ਪਰ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਪਾਤਾਲ ਤੇ ਆਕਾਸ਼ ਅਣਗਿਣਤ ਹਨ -

ਪਾਤਾਲਾ ਪਾਤਾਲ ਲਖ ਆਗਾਸਾ ਆਗਾਸੁ ॥
ਓੜਕਿ ਓੜਕਿ ਭਾਲਿ ਥਕੇ ਵੇਦੁ ਕਹਨ ਇਕਵਾਤੁ ॥ [123]

ਅੱਜ ਦੀ ਵਿਗਿਆਨਕ ਖੋਜ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਇਹ ਤਾਰਾ ਮੰਡਲ ਏਨਾ ਵਿਸ਼ਾਲ ਤੇ ਵਚਿੱਤਰ ਹੈ ਕਿ ਕੋਈ ਵੀ ਵਿਗਿਆਨਕ ਜੰਤਰ ਇਨ੍ਹਾਂ ਦੀ ਗਿਣਤੀ ਮਿਣਤੀ ਨਹੀਂ ਕਰ ਸਕਦਾ।

ਇਸ ਰਚਨਾ ਦੀ ਬਚਿੱਤ੍ਰਤਾ ਤੇ ਵਿਲੱਖਣਤਾ ਬਾਰੇ ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ ਕਿ ਇਸ ਰਚਨਾ ਦੇ ਦੋ ਪੱਖ ਹਨ। ਇਕ ਚੰਗਾ ਤੇ ਦੂਜਾ ਮੰਦਾ ਭਾਵ ਇਕ ਪਾਸੇ ਸੱਚ ਤੇ ਦੂਜੇ ਪਾਸੇ ਝੂਠ। ਦੋਵੇਂ ਦੇ ਪ੍ਰਕਾਰ ਦੀ ਰਚਨਾ ਕਰਨ ਵਾਲਾ ਇਕੋ ਪ੍ਰਭੂ ਹੈ। ਜੋਰ ਅ ਮੱਤ ਅਨੁਸਾਰ ਇਸ ਸੰਸਾਰ ਦੀ ਉਪਰੋਕਤ ਦੋਵੇਂ ਪ੍ਰਕਾਰ ਦੀ ਰਚਨਾ ਕਰਨ ਵਾਲੀਆਂ ਦੋ ਵੱਖਰੀਆਂ ਸ਼ਕਤੀਆਂ ਹਨ। ਇਕ ਪਾਸੇ ਰੱਬ ਹੈ। ਉਹ ਸਾਰੀ ਚੰਗੀ ਰਚਨਾ ਕਰਦਾ ਹੈ। ਦੂਜੇ ਪਾਸੇ ਸ਼ੈਤਾਨ ਹੈ ਜੋ ਮੰਦੀ ਰਚਨਾ ਕਰਦਾ ਹੈ। ਉਸ ਦਾ ਕੰਮ ਚੰਗੇਰੇ ਨੂੰ ਭੈੜਾ ਬਣਾਉਣਾ ਹੈ।

ਪਰ ਗੁਰਮਤਿ ਇਸ ਦੇ ਬਿਲਕੁਲ ਉਲਟ ਹੈ। ਗੁਰਮਤ ਅਨੁਸਾਰ ਸਾਰੀ ਰਚਨਾ ਇਕੱਲੇ ਪ੍ਰਭੂ ਦੀ ਹੀ ਹੈ। ਇਸ ਮਾਇਆ ਦੇ ਪਸਾਰੇ ਦਾ ਹਰ ਅੰਸ਼ ਉਸ ਪ੍ਰਭੂ ਦਾ ਆਪਣਾ ਸਾਜਿਆ ਹੋਇਆ ਹੈ।

ਸਭ ਤੇਰੀ ਕੁਦਰਤਿ ਤੂੰ ਕਾਦਰੁ ਕਰਤਾ ਪਾਕੀ
ਨਾਈ ਪਾਕੁ ॥ (ਆਸਾ ਦੀ ਵਾਰ)

ਇਸ ਰਚਨਾ ਵਿਚ ਕੀ ਕੁਝ ਹੈ ਭਾਵ ਕਿਹੋ ਜਿਹੀ ਰਚਨਾ ਹੈ। ਅਸੰਖਾਂ ਦੀ ਗਿਣਤੀ ਵਿਚ ਜੀਵਾਤਮਾਵਾਂ ਇਸ ਅੰਦਰ ਲੀਨ ਹਨ -

ਅਸੰਖ ਜਪ ਅਸੰਖ ਭਾਉ ॥
ਅਸੰਖ ਪੂਜਾ ਅਸੰਖ ਤਪਤਾਉ ॥
ਅਸੰਖ ਗ੍ਰੰਥ ਮੁਖਿ ਵੇਦ ਪਾਠ ॥

... ... ...

ਅਸੰਖ ਮੋਨਿ ਲਿਵ ਲਾਇ ਤਾਰ ॥
ਕੁਦਰਤਿ ਕਵਣ ਕਹਾ ਵਿਚਾਰੁ ॥

ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥[124]

ਭਾਵ ਅਸੰਖਾਂ ਦੀ ਗਿਣਤੀ ਵਿਚ ਜਪੀ, ਪ੍ਰੇਮੀ, ਤਪੀ, ਮੁਨੀ, ਹਠੀ, ਜੋਗੀ, ਉਦਾਸੀ, ਭਗਤ, ਗਿਆਨਵਾਨ, ਜਤੀ, ਸਤੀ, ਜੋਧੇ ਤੇ ਮਹਾਂਬਲੀ ਸੂਰਮੇ ਉਸਦੀ ਉਸਤਤੀ ਵਿਚ ਨਿਰੰਤਰ ਲਿਵਲੀਨ ਹਨ। ਆਪਣੇ ਮੂਲ ਸਰੋਤ ਨਾਲ ਮੁੜ ਸੰਜੋਗ ਪ੍ਰਾਪਤ ਕਰਨ ਲਈ ਤਤਪਰ ਹਨ। ਇਹ ਇਸ ਰਚਨਾ ਦਾ ਸੁਚਜਾ ਪੱਖ ਹੈ। ਇਸਦਾ ਕੁਚਜਾ ਪੱਖ ਇਸ ਪ੍ਰਕਾਰ ਦੱਸਿਆ ਗਿਆ ਹੈ -

ਅਸੰਖ ਮੂਰਖ ਅੰਧ ਘੋਰ॥
ਅਸੰਖ ਚੋਰ ਹਰਾਮਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥
... ... ...
ਅਸੰਖ ਨਿੰਦਕ ਸਿਰਿ ਕਰਹਿ ਭਾਰੁ॥
ਨਾਨਕੁ ਨੀਚੁ ਕਹੈ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥[125]

ਅਸੰਖਾਂ ਹੀ ਚੋਰ, ਮੂਰਖ, ਠੱਗ, ਧੋਖੇਬਾਜ, ਪਾਪੀ, ਹਤਿਆਰੇ ਤੇ ਹੋਰ ਕਈ ਪ੍ਰਕਾਰ ਦੇ ਤੋੜ ਕਰਨ ਵਾਲੇ ਵੀ ਇਸ ਰਚਨਾ ਵਿਚ ਮੌਜੂਦ ਹਨ। ਪਰ ਸਾਰੇ ਹੀ ਇਕ ਹੁਕਮ ਵਿਚ ਬੱਧੇ ਹੋਏ ਹਨ। ਇਹ ਉਸ ਪ੍ਰਭੂ ਦਾ ਅਟੱਲ ਹੁਕਮ ਹੈ। ਇਸ ਵਿਚ ਕਿਸੇ ਤਰ੍ਹਾਂ ਦੀ ਭੀ ਉਲੰਘਣਾ ਤੇ ਉਕਤਾਈ ਨਹੀਂ ਹੋ ਸਕਦੀ। ਉਸਦਾ ਹੁਕਮ ਅਟੱਲ ਹੈ। ਇਸੇ ਅਨੁਸਾਰ ਉਹ ਜੀਵਾਂ ਨੂੰ ਸੰਸਾਰ ਵਿਚ ਭੇਜਦਾ ਹੈ।

ਇਹ ਤਾਂ ਮਨੁੱਖੀ ਪੱਧਰ ਦੀ ਗੱਲ ਹੈ ਪਰ ਬ੍ਰਹਿਮੰਡ ਤਾਂ ਬਹੁਤ ਵਿਸ਼ਾਲ ਹੈ। ਇਸ ਵਿਚ ਮਨੁੱਖ ਤੇ ਪਸ਼ੂਆਂ ਬਿਨਾਂ ਹੋਰ ਵੀ ਅਨੇਕਾਂ ਵਸਤਾਂ ਹਨ। ਇਨ੍ਹਾਂ ਦੇ ਵਰਨਣ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਹੁਪੱਖੀ ਗਿਆਨਵਾਨ ਅਤੇ ਸੰਪੂਰਣ ਸੂਝਬੂਝ ਦੀ ਸ਼ਕਤੀ ਤੋਂ ਕੰਮ ਲਿਆ ਹੈ -

"ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ।।

ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।।

... ... ...

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।।

... ... ...

ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨਾ ਅੰਤੁ।। [126]

ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕੀਤਾ ਹੈ ਕਿ ਅਣਗਿਣਤ ਪੌਣ ਪਾਣੀ ਅਤੇ ਅਗਨੀਆਂ ਹਨ। ਕਈ ਵਿਸ਼ਨੂੰ ਮਹੇਸ਼, ਬ੍ਰਹਮੇ ਵੱਖ ਵੱਖਰੇ ਰੂਪਾਂ ਰੰਗਾਂ ਵਿਚ ਰਚਨਾ ਰਚ ਰਹੇ ਹਨ। ਪਹਾੜ, ਚੰਦ, ਸੂਰਜ, ਕਰਮ, ਭੂਮੀਆਂ, ਪਾਣੀਆਂ, ਬਾਣੀਆਂ, ਸਿੱਧ, ਬੁੱਧ, ਨਾਥ, ਜਤੀ, ਜੋਗੀ, ਦੇਵੀਆਂ, ਦੇਵਤੇ, ਰਿਸ਼ੀ, ਮੁਨੀ, ਰਾਖਸ਼ ਤੇ ਦੈਂਤ ਆਦਿ ਇਸ ਰਚਨਾ ਵਿਚ ਸਮਿਲਿਤ ਇਸ ਰਚਨਾਹਾਰ ਪ੍ਰਭੂ ਦੀ ਉਪਮਾ ਕਰ ਰਹੇ ਹਨ। ਵਿਛੜੇ ਹੋਏ ਆਤਮ ਤੱਤ ਨੂੰ ਮੁੜ ਪ੍ਰਾਪਤ ਕਰਨ ਦੇ ਉਪਰਾਲੇ ਕਰ ਰਹੇ ਹਨ।

ਇਸ ਵਿਸ਼ਾਲ, ਬਹੁ-ਪੱਖੀ ਤੇ ਬਹੁ-ਭਾਂਤੀ ਰਚਨਾ ਦੀ ਸੰਚਾਲਕ ਸ਼ਕਤੀ ਕੀ ਹੈ? ਭਾਵ ਇਸ ਸ਼ਕਤੀ ਨੂੰ ਕਿਸ ਨੇ ਨਜ਼ਰਬੰਦ ਕਰਕੇ ਇਸ ਕਾਰਜ ਨੂੰ ਚਾਲੂ ਰੱਖਿਆ ਹੋਇਆ ਹੈ। ਕਈ ਵੇਰ ਇਹ ਵੀ ਸੁਆਲ ਉਠਦਾ ਹੈ ਕਿ ਇਸ ਸਾਰੀ ਧਰਤੀ ਨੂੰ ਕਿਸ ਸ਼ਕਤੀ ਦਾ ਸਹਾਰਾ ਹੈ ਜਿਸ ਉਤੇ ਇਹ ਖੜੀ ਹੈ। ਵੇਦਾਂਤਕ ਵਿਚਾਰ ਇਹ ਹੈ ਕਿ ਸਾਡੀ ਧਰਤੀ ਇਕ ਧਉਲ ਦੇ ਸਿੰਗਾਂ ਤੇ ਟਿਕੀ ਹੋਈ ਹੈ। ਇਹ ਇਕ ਮਿਥਿਹਾਸਕ ਕਹਾਣੀ ਹੈ ਜਿਸ ਦੀ ਪ੍ਰਮਾਣੀਕਤਾ ਨੂੰ ਇਕ ਦਮ ਵੰਗਾਰਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਕੋਈ ਵੀ ਧੁੰਦਲਾ ਤੇ ਅਸਪਸ਼ਟ ਵਿਚਾਰ ਨਹੀਂ ਦਿੱਤਾ। ਉਹ ਅਜਿਹੇ ਖੋਜੀ ਸਨ ਜਿਸ ਨੇ ਕਦੀ ਵੀ ਆਪਣੇ ਵਿਚਾਰ ਨੂੰ ਸਚਾਈ ਤੋਂ ਓਹਲੇ ਨਹੀਂ ਰੱਖਿਆ। ਗੁਰੂ ਸਾਹਿਬ ਅਨੁਸਾਰ ਧਰਤੀ ਤੇ ਸਾਰਾ ਬ੍ਰਹਿਮੰਡ ਧਰਮ ਦੇ ਆਸਰੇ ਤੇ ਖੜਾ ਹੈ -

ਧੌਲ ਧਰਮੁ ਦਇਆ ਕਾ ਪੂਤੁ।।

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।।

... ... ...

ਧਰਤੀ ਹੋਰੁ ਪਰੈ ਹੋਰੁ ਹੋਰੁ।।

ਤਿਸ ਤੇ ਭਾਰੁ ਤਲੈ ਕਵਣੁ ਜੋਰੁ।। [127]

ਇਹ ਜੋ ਕੁਝ ਸਾਨੂੰ ਦਿਸਦਾ ਹੈ ਅਤੇ ਅਣਦਿਸ ਪਸਾਰਾ ਹੈ ਪ੍ਰਭੂ ਦੇ ਇਕੋ ਹੀ ਸ਼ਬਦ ਸਦਕਾ ਹੋਂਦ ਵਿਚ ਆਇਆ ਹੈ -

"ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥[128]

ਇਸ ਦਾ ਮਤਲਬ ਇਹ ਨਹੀਂ ਕਿ ਇਸ ਸਾਰੀ ਸ੍ਰਿਸ਼ਟੀ ਦਾ ਫੈਲਾਓ ਇਕੋ ਸ਼ਬਦ ਸਦਕਾ ਝਟ ਪਟ ਹੋ ਗਿਆ ਹੈ। ਜਿਵੇਂ ਕਿ ਕੁਰਾਨ ਦੇ ਸ਼ਬਦ "ਕੁੰਨ" ਤੋਂ ਭਾਵ ਲਿਆ ਜਾਂਦਾ ਹੈ ਕਿ ਇਕੋ ਹੀ ਮਿਹਰ ਦੀ ਨਜ਼ਰ ਨਾਲ ਸ੍ਰਿਸ਼ਟੀ ਹੋਂਦ ਵਿਚ ਆਈ ਹੈ।

ਇਹ ਰਚਨਾ ਕਦੋਂ ਹੋਈ? ਇਸ ਸੰਬੰਧ ਵਿਚ ਬਹੁਤ ਸਾਰੇ ਧਰਮਾਂ ਦੇ ਵੱਖ ਵੱਖ ਵਿਚਾਰ ਹਨ। ਕੋਈ ਇਸ ਨੂੰ ਪੰਜ ਹਜ਼ਾਰ ਸਾਲ ਪੁਰਾਣੀ ਦਸਦਾ ਹੈ। ਕੋਈ ਲੱਖਾਂ ਸਾਲਾਂ ਦੀ ਪੁਰਾਣੀ ਮੰਨਦਾ ਹੈ। ਪਰ ਇਸਦਾ ਆਦਿ ਕੋਈ ਵੀ ਨਹੀਂ ਦਸ ਸਕਿਆ ਤੇ ਨਾ ਹੀ ਦਸ ਸਕੇਗਾ। ਇਸਾਈ ਮੱਤ ਦਾ ਵਿਚਾਰ ਹੈ ਕਿ ਰੱਬ ਨੇ ਇਸ ਸੰਸਾਰ ਦੀ ਰਚਨਾ ਲਗਾਤਾਰ ਛੇ ਦਿਨਾਂ ਵਿਚ ਕੀਤੀ ਸੀ ਅਤੇ ਸਤਵੇਂ ਦਿਨ ਆਰਾਮ ਕੀਤਾ ਸੀ। ਅਜਿਹੇ ਬਹੁਤ ਸਾਰੇ ਵਿਰੋਲਿਤਰੇ ਵਿਚਾਰ ਮਿਲਦੇ ਹਨ। ਗੁਰਮਤਿ ਇਸ ਬਾਰੇ ਨਿਸਚਿਤ ਰੂਪ ਵਿਚ ਕੁਝ ਵੀ ਕਹਿਣ ਲਈ ਤਿਆਰ ਨਹੀਂ ਹੈ। ਗੁਰੂ ਨਾਨਕ ਦੇਵ ਜੀ ਜਪੁਜੀ ਵਿਚ ਲਿਖਦੇ ਹਨ -

ਕਵਣੁ ਸੁ ਵੇਲਾ ਵਖਤੁ ਕਵਣੁ॥
ਕਵਣੁ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ।
ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ,
ਜਿ ਹੋਵੈ ਲੇਖੁ ਪੁਰਾਣੁ।
ਵਖਤੁ ਨ ਪਾਇਓ ਕਾਦੀਆ,
ਜਿ ਲਿਖਨਿ ਲੇਖੁ ਕੁਰਾਣੁ।
ਥਿਤਿ ਵਾਰੁ ਨਾ ਜੋਗੀ ਜਾਣੈ,
ਰੁਤਿ ਮਾਹੁ ਨਾ ਕੋਈ।
ਜਾ ਕਰਤਾ ਸਿਰਠੀ ਕਉ ਸਾਜੇ,
ਆਪੇ ਜਾਣੈ ਸੋਈ।[129]

ਸ੍ਰਿਸ਼ਟੀ ਕਿਸ ਸਮੇਂ ਬਣੀ? ਉਸ ਵੇਲੇ ਕੀ ਵਕਤ ਸੀ? ਇਸ ਬਾਰੇ ਕੋਈ ਨਹੀ ਦਸ ਸਕਦਾ। ਨਾ ਕੋਈ ਥਿਤ ਦਸ ਸਕਦਾ ਹੈ ਨਾ ਮਹੀਨਾ। ਸ੍ਰਿਸ਼ਟੀ ਕਿਸੇ ਨਿਸਚਿਤ ਦਿਨ ਨਹੀਂ ਸਜੀ। ਇਸ ਲਈ ਮਹੀਨਾ, ਥਿਤ ਜਾਂ ਦਿਨ ਆਦਿ ਨਿਸਚਿਤ ਕਰਨਾ ਵਿਅਰਥ ਹੈ। ਇਸ ਭੇਦ ਨੂੰ ਪ੍ਰਭੂ ਨੇ ਅਜੇ ਤੀਕ ਕਿਸੇ ਨਾਲ ਸਾਂਝਿਆਂ ਨਹੀ ਕੀਤਾ ਤੇ ਨਾ ਹੀ ਕੋਈ ਇਸ ਭੇਦ ਨੂੰ ਸਾਂਝਾਂ ਕਰਨ ਦੇ ਯੋਗ ਹੈ। ਇਸ ਰਹੱਸ ਨੂੰ ਪ੍ਰਭੂ ਪ੍ਰਮੇਸ਼ਰ ਆਪ ਹੀ ਜਾਣਦਾ ਹੈ।

ਇਸ ਢੰਗ ਨਾਲ ਸ੍ਰਿਸ਼ਟੀ ਰਚਨਾ ਬਾਰੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਅਤੇ ਨਿੱਜੀ ਅਨੁਭਵ ਨੂੰ ਆਪਣੀ ਬਾਣੀ ਰਾਹੀ ਉਜਾਗਰ ਕੀਤਾ ਹੈ। ਗੁਰੂ ਸਾਹਿਬ ਨੇ ਨਿਖਰਵੇਂ ਤੇ ਸਪੱਸ਼ਟ ਰੂਪ ਵਿਚ ਆਪਣੇ ਭਾਵਾਂ ਦਾ ਪ੍ਰਗਟਾਅ ਕੀਤਾ ਹੈ।

## ਮਾਇਆ ਦਾ ਸਰੂਪ

ਮਾਇਆ ਦਾ ਸਿਧਾਂਤ ਭਾਰਤੀ ਅਧਿਆਤਮਿਕ ਖੇਤਰ ਵਿਚ ਪ੍ਰਮੁੱਖ ਵਿਸ਼ੇਸ਼ਤਾ ਰੱਖਦਾ ਹੈ, ਕਿਉਂਕਿ "ਰਿਗਵੇਦ ਤੋਂ ਲੈ ਕੇ ਤੰਤਰ ਯੁਗ ਦੇ ਅੰਤਰ ਤੱਕ ਕਿਸੇ ਨਾ ਕਿਸੇ ਰੂਪ ਵਿਚ ਇਸ ਦੀ ਪ੍ਰਤਿਸ਼ਠਾ ਰਹੀ ਹੈ। ਸ਼ੰਕਰਾਚਾਰੀਆ ਤੋਂ ਪਹਿਲਾਂ ਵੀ ਇਹ ਸਿਧਾਂਤ ਲਗਭਗ ਉਸੇ ਰੂਪ ਵਿਚ ਪ੍ਰਚੱਲਤ ਸੀ ਜਿਸ ਰੂਪ ਵਿਚ ਸ਼ੰਕਰ ਨੇ ਇਸ ਦੀ ਸਥਾਪਨਾ ਕੀਤੀ।"[130] ਮਾਇਆ ਦਾ ਬੀਜ ਰੂਪੀ ਵਰਣਨ ਤਾਂ ਸਾਨੂੰ ਰਿਗਵੇਦ ਵਿਚ ਮਿਲਦਾ ਹੈ।[131] "ਇੰਦਰੋ' ਮਾਇਆ ਭਿਆ ਪੁਰਸ਼ਈਸ ਤੇ" ਵਿਚ ਮਾਇਆ ਸ਼ਬਦ ਦੀ ਵਰਤੋਂ ਬਿਲਕੁਲ ਸਪੱਸ਼ਟ ਹੈ। ਇਥੇ ਇਸ ਦਾ ਅਰਥ ਕਪਟਵੇਸ ਧਾਰਨ ਕਰਨ ਦੇ ਰੂਪ ਵਿਚ ਲਿਆ ਗਿਆ ਹੈ। ਰਿਗਵੇਦ ਤੋਂ ਬਾਦ ਇਸ ਸ਼ਬਦ ਦਾ ਵਿਕਾਸ ਉਪਨਿਸ਼ਦਾਂ ਵਿਚ ਹੋਇਆ ਹੈ। ਪ੍ਰੋਫੈਸਰ ਰਾਨਾਡੇ ਨੇ ਇਸ ਗਲ ਨੂੰ ਸਿੱਧ ਕਰਨ ਲਈ ਕਿ ਮਾਇਆ ਵਾਦ ਦੀ ਭਾਵਨਾ ਦੀ ਉਤਪਤੀ ਉਪਨਿਸ਼ਦਾਂ ਵਿਚ ਹੋ ਗਈ ਸੀ, ਕਈ ਪ੍ਰਮਾਣ ਦਿੱਤੇ ਹਨ।[132]

ਸ਼ੰਕਰ ਦੇ ਅਦਵੈਤ ਅਨੁਸਾਰ ਮਾਇਆ ਨਾ ਸੱਤ ਹੈ ਅਸੱਤ। ਇਹ ਤਾਂ ਅਨਿਰਵਚਨੀ ਹੈ। ਇਹ ਈਸ਼ਵਰ ਦੀ ਸ਼ਕਤੀ ਹੈ ਜਿਸ ਤੋਂ ਸੰਸਾਰ ਦੀ ਉਤਪਤੀ (ਸ੍ਰਿਸ਼ਟੀ) ਹੁੰਦੀ ਹੈ। ਜਿਸ ਤਰ੍ਹਾਂ ਅਗਨੀ ਅਤੇ ਉਸਦੀ ਤਪਸ਼ ਅਭਿੰਨ ਹਨ। ਉਸੇ ਤਰ੍ਹਾਂ ਮਾਇਆ ਤੇ ਈਸ਼ਵਰ ਵੀ ਅਭਿੰਨ ਹਨ। ਜਦੋਂ ਮਾਇਆ ਬ੍ਰਹਮ ਦੇ ਯਥਾਰਥ ਰੂਪ ਉਪਰ ਪਰਦਾ ਪਾ ਲੈਂਦੀ ਹੈ ਤਾਂ ਉਹ ਸੰਸਾਰ ਦੇ ਰੂਪ ਵਿਚ ਦਿਖਾਈ ਦਿੰਦੀ ਹੈ। "ਮਾਇਆ ਦੇ ਦੋ ਰੂਪਾਂ, ਵਿਦਿਆ ਮਾਇਆ ਤੇ ਅਵਿਦਿਆ ਮਾਇਆ ਵਿਚ ਸ਼ੰਕਰ ਨੇ ਅਵਿਦਿਆ ਰੂਪ ਹੀ ਸਵੀਕਾਰ ਕੀਤਾ ਹੈ।"[133]

ਰਾਮਾਨੁਜ ਨੇ ਮਾਇਆ ਨੂੰ ਈਸ਼ਵਰ ਦੀ ਸ੍ਰਿਸ਼ਟੀ ਰਚਨਾ ਦੀ ਸ਼ਕਤੀ ਕਿਹਾ ਹੈ। ਈਸ਼ਵਰ ਜਗਤ ਦੀ ਸਿਰਜਨਾ ਆਪਣੀ ਮਾਇਆ ਕਾਰਣ ਹੀ ਕਰਦਾ ਹੈ। ਇਹ ਮਾਇਆ ਸਤ, ਰਜ ਤੇ ਤਮ ਗੁਣਾਂ ਤੋਂ ਬਣੀ ਹੈ।

ਮਾਧਵਾ ਚਾਰੀਆ ਦੀ ਦਵੈਤਵਾਦੀ ਧਾਰਨਾ ਅਨੁਸਾਰ ਮਾਇਆ ਈਸ਼ਵਰ ਦੀ ਸ਼ਕਤੀ ਹੈ ਜੋ ਇਕ ਪਾਸੇ ਈਸ਼ਵਰ ਨੂੰ ਸ੍ਰਿਸ਼ਟੀ ਰਚਨਾ ਕਰਨ ਵਿਚ ਸਹਾਇਤਾ ਦੇਂਦੀ ਹੈ। ਅਤੇ ਦੂਜੇ ਪਾਸੇ ਜੀਵਾਂ ਉਪਰ ਅਗਿਆਨ ਅਤੇ ਅਵਿਦਿਆ ਦਾ ਪਰਦਾ ਪਾ ਦਿੰਦੀ ਹੈ। ਇਸ ਸਿਧਾਂਤ ਅਨੁਸਾਰ ਮਾਇਆ ਪ੍ਰਭੂ ਦੀਆਂ ਚਿੰਤਨ ਸ਼ਕਤੀ ਹੈ ਜਿਸ ਦੁਆਰਾ ਨਾ ਕੇਵਲ ਸੰਸਾਰ ਦੀ ਸਿਰਜਣਾ ਹੁੰਦੀ ਹੈ ਸਗੋਂ ਪਾਲਣਾ ਤੇ ਨਾਸ਼ ਵੀ ਹੁੰਦਾ ਹੈ।

ਚੈਤੰਨਯ ਦੇ ਮਤ ਅਨੁਸਾਰ ਮਾਇਆ ਮਿਥਿਆ ਅਤੇ ਬਾਧਕ ਸ਼ਕਤੀ ਸਗੋਂ ਭਗਵਾਨ ਦੀ ਅਚਿੰਤ੍ਯ ਸ਼ਕਤੀ ਹੈ। ਸ੍ਰਿਸ਼ਟੀ ਈਸ਼ਵਰ ਦੀ ਅਚਿੰਤ੍ਯ ਸ਼ਕਤੀ ਦਾ ਹੀ ਕਰਮ (ਕਰਮ ਫਲ) ਹੈ ਅਗਿਆਨ ਦਾ ਨਹੀਂ। ਪਰਮਾਤਮਾ ਜਗਤ ਦਾ ਨਮਿੱਤ ਕਾਰਣ(ਕਰਤਾ) ਹੈ ਅਤੇ ਆਪਣੀਆਂ ਸ਼ਕਤੀਆਂ ਨਾਲ ਯੁਕਤ ਹੋਣ ਕਰਕੇ ਉਪਾਦਾਨ(ਸਮੱਗਰੀ ਜਿਸ ਤੋਂ ਵਸਤੂ ਬਣਦੀ ਹੈ - ਉਪਕਰਣ) ਕਾਰਣ ਵੀ ਹੈ। ਈਸ਼ਵਰ ਆਪਣੀ ਅਚਿੰਤ੍ਯ ਸ਼ਕਤੀ ਤੋਂ ਹੀ ਆਤਮ ਉਤਪਾਦਨ ਦੁਆਰਾ ਜਗਤ ਦੀ ਸ੍ਰਿਸ਼ਟੀ ਅਤੇ ਨਿਯੰਤ੍ਰਣ ਕਰਦਾ ਹੈ।

ਦੱਖਣ ਦੇ ਵੈਸ਼ਨਵ ਅਲਵਾਰਾਂ ਨੇ ਦੋ ਤਰ੍ਹਾਂ ਦੀ ਮਾਇਆ ਦੀ ਚਰਚਾ ਕੀਤੀ ਹੈ। ਉਨ੍ਹਾਂ ਅਨੁਸਾਰ ਇਕ ਭਗਵਾਨ ਦੀ ਸ਼ਕਤੀ ਰੂਪ ਮਾਇਆ ਹੈ। ਭਗਵਾਨ ਦੀ ਇਹੀ ਮਾਇਆ ਜਗਤ ਰਚਨਾ ਕਾਰਣ ਹੈ। ਦੂਜੀ ਮਾਇਆ ਹੈ ਜਿਸ ਦੇ ਅਧੀਨ ਕੇਵਲ ਜੀਵ ਹਨ, ਭਗਵਾਨ ਨਹੀਂ। ਇਸ ਮਾਇਆ ਕਾਰਣ ਜੀਵ ਸੰਸਾਰ ਵਿਚ ਘਿਰਿਤ ਰਹਿੰਦਾ ਹੈ। ਇਹ ਮਾਇਆ ਭਗਵਾਨ ਦੀ ਮਾਇਆ ਤੋਂ ਭਿੰਨ ਹੈ।

"ਨੇਮਆਲਵਾਰ" ਅਨੁਸਾਰ ਜਦੋਂ ਨਾ ਕੋਈ ਜਗਤ ਸੀ ਨਾ ਕੋਈ ਜੀਵ ਸੀ, ਬ੍ਰਹਮ ਨੇ ਆਪਣੀ ਸ਼ਕਤੀ ਰੂਪ ਮਾਇਆ ਤੋਂ ਪ੍ਰੇਰਤ ਹੋਕੇ ਸ੍ਰਿਸ਼ਟੀ ਦੇ ਵਿਕਾਸ ਲਈ ਪਹਿਲੇ ਬ੍ਰਹਮਾ ਦੀ ਉਤਪਤੀ ਕੀਤੀ ਜਿਸ ਨੇ ਅੱਗੋਂ ਸਮਸਤ ਜਗਤ ਤੇ ਜੀਵ ਦੀ ਰਚਨਾ ਬ੍ਰਹਮ ਦੇ ਹੁਕਮ ਨਾਲ ਕੀਤੀ। ਅਲਵਾਰ ਭਗਤਾਂ ਨੇ ਜਿਸ ਦੂਜੀ ਮਾਇਆ ਦੀ ਚਰਚਾ ਕੀਤੀ ਹੈ ਉਹ ਜੀਵ ਨੂੰ ਭਰਮ ਵਿਚ ਪਾਉਣ ਵਾਲੀ ਹੈ। ਇਹੀ ਮਾਇਆ ਜੀਵ ਨੂੰ ਲੌਕਿਕ ਵਿਸ਼ਿਆਂ ਵਿਚ ਫਸਾ ਕੇ ਉਸ ਨੂੰ ਅਗਿਆਨ ਵਿਚ ਸੁਟਦੀ ਹੈ। ਇਸੇ ਨੂੰ 'ਕੂਲਭ' ਨੇ ਅਵਿਦਿਆ ਮਾਇਆ ਅਤੇ ਹੋਰਨਾਂ ਨੇ ਅਗਿਆਨ ਭਰਮ, ਸੁਪਨਾ ਆਦਿ ਨਾਮ ਦਿੱਤੇ ਹਨ।

ਗੁਰੂ ਨਾਨਕ ਦੇਵ ਜੀ ਅਨੁਸਾਰ ਮਾਇਆ ਤ੍ਰੈਗੁਣਾਤਮਿਕ ਹੈ। ਇਸ ਦੀ ਉਤਪਤੀ ਦਾ ਕਾਰਣ ਬ੍ਰਹਮ ਹੀ ਹੈ।[134]

"ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ।
ਆਪੇ ਖੇਲ ਰਚਾਇਉਨ ਸਭ ਜਗਤੁ ਸਬਾਇਆ।
ਤ੍ਰੈਗੁਣ ਆਪਿ ਸਿਰਜਿਅਨ ਮਾਇਆ ਮੋਹ ਵਧਾਇਆ।

ਮਾਇਆ ਬ੍ਰਹਮ ਦੀ ਉਹ ਸ਼ਕਤੀ ਹੈ ਜਿਸ ਤੋਂ ਸ੍ਰਿਸ਼ਟੀ ਦੀ ਸਿਰਜਣਾ ਹੁੰਦੀ ਹੈ। ਬ੍ਰਹਮਾ ਵਿਸ਼ਨੂੰ ਅਤੇ ਸ਼ਿਵ ਆਦਿ ਵੀ ਇਸੇ ਤੋਂ ਉਤਪੰਨ ਹੁੰਦੇ ਹਨ -

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।।
ਇਕ ਸੰਸਾਰੀ ਇਕੁ ਭੰਡਾਰੀ ਇਕੁ ਲਾਇ ਦੀਬਾਣ।।[135]

... ... ...

"ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹ ਵਧਾਇਆ।।[136]

ਇਸੇ ਕਾਰਣ ਕਰਕੇ ਏਹੋ ਤ੍ਰੈਦੇਵ ਮਾਇਕ ਦੇ ਤ੍ਰੈਗੁਣਾਂ ਦੇ ਬੰਧਨਾਂ ਵਿਚ ਜਕੜੇ ਪਏ ਹਨ ਤੇ ਮੁਕਤੀ ਤੋਂ ਦੂਰ ਹਨ -

ਬ੍ਰਹਮਾ ਬਿਸਨੁ ਮਹੇਸੁ ਬੀਚਾਰੀ।
ਤ੍ਰੈਗੁਣ ਬਧਿਕ ਮੁਕਤਿ ਨਿਰਾਰੀ।।[137]

ਬ੍ਰਹਮਾ, ਬਿਸ਼ਨੂੰ, ਸ਼ਿਵ ਹੀ ਨਹੀਂ ਹੋਰ ਵੀ ਅਨੇਕਾਂ ਦੇਵੀ ਦੇਵਤੇ ਇਸ ਮਾਇਆ ਦੇ ਬੰਧਨ ਵਿਚ ਬੱਝੇ ਹੋਏ ਹਨ।

"ਮਾਇਆ ਮੋਹੇ ਦੇਵੀ ਸਭਿ ਦੇਵਾ।।[138]

ਬ੍ਰਹਮ ਦੀ ਸ਼ਕਤੀ ਅਤੇ ਸ੍ਰਿਸ਼ਟੀ ਉਤਪਤੀ ਦਾ ਕਾਰਣ ਹੋਣ ਕਰਕੇ ਇਸ ਨੂੰ ਕੁਦਰਤ ਦਾ ਨਾਮ ਵੀ ਦਿੱਤਾ ਗਿਆ ਹੈ। ਅਨੰਤਤਾ ਇਸ ਮਾਇਆ ਜਾਂ ਕੁਦਰਤ ਦਾ ਇਕ ਵਿਸ਼ੇਸ਼ ਸਰੂਪ ਲੱਛਣ ਹੈ। ਇਸ ਅਨੰਤਤਾ ਦਾ ਵਿਵਰਣ ਗੁਰੂ ਸਾਹਿਬ ਇਉਂ ਕੀਤਾ ਹੈ -

"ਕੁਦਰਤ ਕਵਣ ਕਹਾ ਵੀਚਾਰੁ।।[139]

... ... ..

ਆਪਣੀ ਕੁਦਰਤਿ ਆਪੇ ਜਾਣੈ।।[140]

ਜੋ ਕੁਝ ਦਿਸਦਾ ਹੈ, ਜੋ ਕੁਝ ਸੁਣੀਂਦਾ ਹੈ, ਉਸ ਦੀ ਕੁਦਰਤ ਹੈ। ਸੰਸਾਰ ਜੋ ਸੁਖਾਂ ਦਾ ਮੂਲ ਮੰਨਿਆ ਜਾਂਦਾ ਹੈ। ਪਰਮਾਤਮਾ ਦੀ ਕੁਦਰਤ ਦਾ ਪਰਿਣਾਮ ਹੈ। ਆਕਾਸ਼ ਤੇ ਪਾਤਾਲ ਵਿਚਾਲੇ ਵੀ ਉਸੇ 'ਕਰਤਾ' ਦੀ ਕੁਦਰਤ ਵਿਦਮਾਨ ਹੈ। ਵੇਦ, ਪੁਰਾਣ, ਕਿਤਾਬਾਂ ਸਾਬਤੁ ਉਸੇ ਦੀ ਕੁਦਰਤ ਦੇ ਅੰਤਰਗਤ ਹਨ। ਜੀਵਾਂ ਦੇ ਖਾਣ ਪੀਣ ਅਤੇ ਪਹਿਨਣ ਵਿਚ, ਸੰਸਾਰ ਦੇ ਸਮਸਤ ਪਿਆਰ ਰੂਪਾਂ ਵਿਚ ਜਾਤਾਂ, ਜਿਨਸਾਂ, ਰੰਗਾਂ ਸਮਸਤ ਜੀਵਾਂ ਵਿਚ, ਸੰਸਾਰ ਦੀ ਚੰਗਿਆਈ ਬੁਰਿਆਈ, ਮਾਨ, ਅਭਿਮਾਨ ਵਿਚ, ਪਵਣ, ਪਾਣੀ, ਅਗਨੀ, ਧਰਤੀ, ਆਕਾਸ਼ ਆਦਿ ਪੰਜ ਭੂਤਾਂ ਵਿਚ, ਗੱਲ ਕੀ ਜਿਥੋਂ ਤੀਕ ਦ੍ਰਿਸ਼ਟੀ ਜਾਂਦੀ ਹੈ ਉਥੋਂ ਤੀਕ ਪਰਮਾਤਮਾ ਦੀ ਕੁਦਰਤ ਦੇ ਹੀ ਦਰਸ਼ਨ ਹੁੰਦੇ ਹਨ। ਪ੍ਰਭੂ ਆਪਣੀ ਕੁਦਰਤ ਨੂੰ ਆਪਣੇ ਅਧੀਨ ਰੱਖਕੇ ਉਸਦੀ ਸੰਭਾਲ ਕਰ ਰਿਹਾ ਹੈ।

ਕੁਦਰਤਿ ਦਿਸੈ ਕੁਦਰਤਿ ਸੁਣੀਐ,
ਕੁਦਰਤਿ ਭਉ ਸੁਖ ਸਾਰੁ।।

.. ..

ਨਾਨਕ ਹੁਕਮੈ ਅੰਦਰਿ ਦੇਖੈ ਵਰਤੇ ਤਾਕੋ ਤਾਕੁ।[141]

ਉਸ ਦੀ ਕੁਦਰਤ, ਸ਼ਕਤੀ, ਤਾਕਤ, ਪ੍ਰਕਿਰਤੀ ਜਾਂ ਮਾਇਆ ਦਾ ਵਿਚਾਰ ਨਹੀਂ ਹੋ ਸਕਦਾ। ਕੇਵਲ ਵਿਸਮਾਦੀ ਅਵਸਥਾ ਵਿਚ (ਅਧੀਨ) ਉਸ ਤੋਂ ਬਲਿਹਾਰੇ ਜਾ ਸਕਦਾ ਹੈ।

ਕੁਦਰਤਿ ਕਵਣ ਕਹਾ ਵੀਚਾਰੁ।।

ਵਾਰਿਆ ਨ ਜਾਵਾ ਏਕ ਵਾਰ।।[142]

ਆਪਣੀ ਕੁਦਰਤ ਦੀ ਅਨੰਤਤਾ ਤੇ ਬੇਅੰਤਤਾ ਪਰਮਾਤਮਾ ਆਪ ਹੀ ਜਾਣਦਾ ਹੈ।

"ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ।।[143]

... ... ...

"ਮਾਇਆ ਮਮਤਾ ਮੋਹਣੀ ਜਿਨ ਕੀਤੀ ਸੋ ਜਾਣੁ।।[144]

ਗੁਰੂ ਨਾਨਕ ਦੇਵ ਜੀ ਨੇ ਮਾਇਆ ਨੂੰ ਕਈ ਰੂਪਕਾਂ ਦੁਆਰਾ ਵੀ ਪ੍ਰਤਿਪਾਦਿਤ ਕੀਤਾ ਹੈ। ਉਨ੍ਹਾਂ ਅਨੁਸਾਰ ਮਾਇਆ ਇਕ ਅਜੇਹੀ ਸੱਸ ਹੈ ਜੋ ਜੀਵ ਰੂਪੀ ਵਿਆਹੁਤਾ ਨਾਰ ਨੂੰ ਆਪਣੇ ਘਰ ਵਿਚ ਅਰਥਾਤ ਆਤਮ ਸੁਖ ਵਿਚ ਨਹੀਂ ਰਹਿਣ ਦਿੰਦੀ। ਇਹ ਜੀਵ ਰੂਪੀ ਨਾਰ ਨੂੰ ਪਰਮਾਤਮਾ ਰੂਪੀ ਪ੍ਰੀਤਮ ਨਾਲ ਮਿਲਣ ਨਹੀਂ ਦਿੰਦੀ।

"ਸਾਸੁ ਬੁਰੀ ਘਰਿ ਵਾਸੁ ਨ ਦੇਵੈ।

ਪਿਰ ਸਿਉ ਮਿਲਣੁ ਨ ਦੇਇ ਬੁਰੀ।।[145]

ਮਾਇਆ ਉਹ ਨਾਗਣ(ਸੱਪਣੀ) ਹੈ ਜਿਸ ਨੇ ਜੀਵ ਉਪਰ ਅਧਿਕਾਰ ਜਮਾਇਆ ਹੋਇਆ ਹੈ -

"ਜਿਉ ਸਰਪਨਿ ਕੈ ਵਸਿ ਜੀਅੜਾ।।[146]

ਗੁਰੂ ਸਾਹਿਬ ਨੇ ਮਾਇਆ ਨੂੰ ਵਿਭਚਾਰਣ ਜਾਂ ਕਾਮਇਆਰੀ ਨਾਰ ਦੇ ਰੂਪਕ ਦੁਆਰਾ ਵੀ ਪ੍ਰਤਿਪਾਦਿਤ ਕੀਤਾ ਹੈ -

"ਮਾਇਆ ਮੋਹੁ ਪਰਤਰੀ ਨਾਰਿ।।

ਭੂੰਡੀ ਕਾਮਣਿ ਕਾਮਣਿਆਰਿ।।[147]

ਮਾਇਆ ਦਾ ਜਾਲ ਖਾਈ ਦੇ ਸਮਾਨ ਹੈ। ਤ੍ਰਿਸ਼ਨ ਰੂਪੀ ਪਾਣੀ ਵਿਚ ਜੀਵ ਨੇ ਆਪਣਾ ਘਰ ਬਣਾਇਆ ਹੋਇਆ ਹੈ :-

"ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ।।[148]

ਮਾਇਆ ਮੋਹ ਨੂੰ ਗੁਰੂ ਸਾਹਿਬ ਨੇ ਭਵਜਲ ਵੀ ਆਖਿਆ ਹੈ।

"ਮਾਇਆ ਮੋਹੁ ਭਵਜਲੁ ਹੈ ਅਵਘਟੁ ਸਬਦਿ ਤਰੈ ਕੁਲਤਾਰੀ।।[149]

ਗੁਰੂ ਜੀ ਨੇ ਮਾਇਆ ਨੂੰ ਜ਼ਹਿਰ ਆਖਿਆ ਹੈ ਜੋ ਮਨ ਰੂਪੀ ਸਰਪ ਨੂੰ ਚਮੜੀ ਹੋਈ ਹੈ -

"ਮਾਇਆ ਬਿਖੁ ਭੁਇਅੰਗਮ ਨਾਲੇ॥" [150]

ਮਾਇਆ ਅਨੇਕ ਰੂਪ-ਧਾਰਨੀ ਅਤੇ ਬਹੁਤ ਰੰਗੀ ਹੈ। ਸੁਤ ਭਾਈ, ਇਸਤਰੀ, ਧਨ, ਜੋਬਨ, ਲਾਲਚ ਲੋਭ ਆਦਿ ਅਨੇਕ ਰੂਪਾਂ ਨਾਲ ਜੀਆਂ ਨੂੰ ਠੱਗ ਰਹੀ ਹੈ। ਭਾਵ ਆਪਣੀ ਲਪੇਟ ਵਿਚ ਸਾਰੇ ਸੰਸਾਰ ਨੂੰ ਲਈ ਬੈਠੀ ਹੈ।

"ਮਾਇਆ ਮਮਤਾ ਹੈ ਬਹੁ ਰੰਗੀ॥" [151]

"ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ॥" [152]

.. ... ..

ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ॥
ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ॥ [153]

ਸਮਸਤ ਸੰਸਾਰ ਮਾਇਆ ਦੇ ਜਾਲ ਵਿਚ ਗ੍ਰਸਤ ਹੈ। ਮਾਇਆ ਦਾ ਹੀ ਪਸਾਰਾ ਪਸਰਿਆ ਹੋਇਆ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਥਾਂ ਥਾਂ ਤੇ ਇਹ ਵਰਨਣ ਕੀਤਾ ਹੈ -

1. ਮਾਇਆ ਮੋਹਿ ਜਗੁ ਬਾਧਾ ਜਮਕਾਲਿ॥ [154]
2. ਮਾਇਆ ਮੋਹੇ ਚੇਤਹਿ ਨਾਹੀ ਅਹਿਲਾ ਜਨਮੁ ਗਵਾਇਆ॥ [155]
3. ਮਾਇਆ ਮਨੁ ਅਹਿਨਿਸਿ ਜਮੁ ਜੋ ਹੈ,
   ਨਾਮ ਨ ਲੇਵੈ ਮਰੈ ਬਿਖੁ ਖਾਈ। [156]

ਗੁਰੂ ਜੀ ਦਸਦੇ ਹਨ ਕਿ ਮਾਇਆ ਤੋਂ ਛੁਟਕਾਰਾ ਕੇਵਲ ਗੁਰੂ ਦੀ ਕਿਰਪਾ, ਬਖਸ਼ਿਸ਼ ਤੇ ਗੁਰੂ ਦੇ ਸ਼ਬਦ ਦੁਆਰਾ ਹੀ ਹੋ ਸਕਦਾ ਹੈ। ਇਸ ਮਾਇਆ ਦੇ ਜਾਲ ਨੂੰ ਖਤਮ ਕਰਨ ਦਾ ਇਕੋ ਸਾਧਨ ਹੈ, ਗੁਰੂ ਦਾ ਨਾਮ। ਮਾਇਆ ਦੇ ਮੋਹ ਨੂੰ ਗੁਰੂ ਸ਼ਬਦ ਹੀ ਜਾਣ ਸਕਦਾ ਹੈ ਤੇ ਮਾਇਆ ਦੇ ਭਰਮ ਤੇ ਅਗਿਆਨ ਦੇ ਚੱਕਰ ਵਿਚੋਂ ਮੁਕਤ ਕਰਾ ਸਕਦਾ ਹੈ।

"ਮਾਇਆ ਮੋਹੁ ਗੁਰ ਸਬਦਿ ਜਲਾਏ॥" [157]

## ਪੈਰ - ਟਿੱਪਣੀਆਂ

## ਅਧਿਆਇ - ਪੰਜਵਾਂ

1. ਸੂਰੀ, ਕਰਤਾਰ ਸਿੰਘ (ਡਾ:) - ਗੁਰੂ ਅਰਜਨ ਤੇ ਸੰਤ ਦਾਦੂ ਦਿਆਲ ਦਾ ਤੁਲਨਾਤਮਕ ਅਧਿਐਨ, ਪੰਨਾ 161.
2. ਰਾਧਾ ਕ੍ਰਿਸ਼ਨਨ (ਡਾ:) - ਭਾਰਤੀ ਦਰਸ਼ਨ (ਹਿੰਦੀ), ਪੰਨਾ 177.
3. Farquhar - Religious Literature of India, P.148.
4. Kohli, Surinder Singh (Dr.) A Critical Studies of Adi Grandh, P.262.
5. ਜੋਧ ਸਿੰਘ (ਭਾਈ) - ਗੁਰੂ ਨਾਨਕ ਜੀਵਨ ਰਚਨਾ ਤੇ ਕਾਵਿ-ਕਲਾ, ਪੰਨਾ 81-93
6. ਓਹੀ
7. ਓਹੀ
8. ਓਹੀ
9. ਕੋਹਲੀ, ਸੁਰਿੰਦਰ ਸਿੰਘ (ਡਾ:)- ਆਊਟ ਲਾਈਨਜ਼ ਆਫ਼ ਸਿੱਖ ਥਾਟ, ਪੰਨਾ 24.
10. ਸੂਰੀ, ਕਰਤਾਰ ਸਿੰਘ (ਡਾ:) - ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ ਤੁਲਨਾਤਮਿਕ ਅਧਿਐਨ, ਪੰਨਾ 161.
11. ਦੁਵੇਦੀ, ਹਜ਼ਾਰੀ ਪ੍ਰਸਾਦਿ - ਕਬੀਰ, ਛੇਵਾਂ ਸੰਸਕਰਣ, ਪੰਨਾ 99
12. ਬੇਦੀ, ਕਾਲਾ ਸਿੰਘ, (ਡਾ:) - ਗੁਰੂ ਨਾਨਕ ਦਰਸ਼ਨ, ਪੰਨਾ 125
13. ਮਿਸ਼ਰ, ਜੈ ਰਾਮ (ਡਾ:) - ਗੁਰੂ ਗ੍ਰੰਥ ਦਰਸ਼ਨ, ਪੰਨਾ 75
14. ਜੱਗੀ, ਰਤਨ ਸਿੰਘ (ਡਾ:) - ਗੁਰੂ ਨਾਨਕ ਅੰਕ, ਪੰਜਾਬੀ ਦੁਨੀਆਂ, 1969
15. ਆਦਿ ਗਰੰਥ - ਜਪੁਜੀ
16. ਆਦਿ ਗਰੰਥ - ਮਾਰੂ ਸੋਲਹੇ ਮ: ੧
17. ਓਹੀ
18. ਕੋਹਲੀ, ਸੁਰਿੰਦਰ ਸਿੰਘ (ਡਾ:)- ਆਊਟ ਲਾਈਨਜ਼ ਆਫ਼ ਸਿੱਖ ਥਾਟ, ਪੰਨਾ 20.
19. ਜੱਗੀ, ਰਤਨ ਸਿੰਘ (ਡਾ:) - ਪੰਜਾਬੀ ਦੁਨੀਆਂ 1969 - ਗੁਰੂ ਨਾਨਕ ਅੰਕ
20. ਗੁਰੂ ਗਰੰਥ - ਰਾਮ ਕਲੀ ਸਿਧ ਗੋਸਟਿ ਮਹੱਲਾ ੧
21. ਓਹੀ ਸਿਰੀ ਰਾਗ ਮਹੱਲਾ ੧
22. ਓਹੀ

23. ਗੁਰੂ ਗਰੰਥ, ਮਾਝ ਕੀ ਵਾਰ ਮ: ੧
24. ਓਹੀ - ਸਿਰੀ ਰਾਗ ਅਸਟਪਦੀਆ ਮ: ੧
25. ਓਹੀ, ਜਪੁਜੀ
26. ਓਹੀ
27. ਓਹੀ
28. ਆਦਿ ਗਰੰਥ, ਜਪੁਜੀ, ਪਉੜੀ 19
29. ਓਹੀ, ਗਉੜੀ ਬਾਵਨ ਅੱਖਰੀ ਕਬੀਰ ਜੀ
30. ਬ੍ਰਿਹਦਾਰਣਿਅਕ ਉਪਨਿਸ਼ਦ, 4.4 - 22.
31. ਆਦਿ ਗਰੰਥ - ਰਾਗ ਸੋਰਠਿ ਮ: ੧
32. ਓਹੀ, ਜਪੁਜੀ
33. ਕੇਨ ਉਪਨਿਸ਼ਦ 1/5
34. ਆਦਿ ਗਰੰਥ , ਰਾਗ ਸੂਹੀ ਮ: ੧ ਪੰਨਾ 833
35. ਸੂਰੀ, ਕਰਤਾਰ ਸਿੰਘ (ਡਾ:) - ਗੁਰੂ ਅਰਜਨ ਦੇਵ ਤੇ ਸੰਤ ਦਾਦੂ ਤੁਲਨਾਤਮਿਕ ਅਧਿਐਨ - ਪੰਨਾ 165.
36. ਆਦਿ ਗਰੰਥ - ਮਲਾਰ ਮ: ੧
37. ਓਹੀ, ਸੋਰਠਿ ਮ: ੧
38. ਓਹੀ - ਗੂਜਰੀ ਮ: ੧
39. ਓਹੀ, ਸੋਰਠਿ ਮ: ੧
40. ਮੁੰਡਕੋਪਨਿਸ਼ਦ ਸਲੋਕ 1, ਪ੍ਰਸ਼ਨੋਪਨਿਸ਼ਦ ਸਲੋਕ 2,ਪ੍ਰਸ਼ਨ 5
41. ਆਦਿ ਗਰੰਥ - ਰਾਗ ਆਸਾ ਮ: ੧
42. ਸੂਰੀ, ਕਰਤਾਰ ਸਿੰਘ (ਡਾ:) - ਗੁਰੂ ਅਰਜਨ ਦੇਵ ਤੇ ਸੰਤ ਦਾਦੂ ਆਲੋਚਨਾਤਮਿਕ ਅਧਿਐਨ, ਪੰਨਾ 166.
43. ਕੋਹਲੀ, ਸੁਰਿੰਦਰ ਸਿੰਘ (ਡਾ:) - ਆਊਟ ਲਾਈਨਜ਼ ਆਫ਼ ਸਿੱਖ ਥਾਟ
44. ਆਦਿ ਗਰੰਥ , ਆਸਾ ਮ: ੧
45. ਓਹੀ, ਬਿਲਾਵਲ ਮ: ੧
46. ਓਹੀ, ਰਾਮਕਲੀ ਮ: ੧
47. ਓਹੀ, ਸਾਰੰਗ ਮ: ੧
48. ਓਹੀ, ਆਸਾ ਮ: ੧

49. ਆਦਿ ਗ੍ਰੰਥ, ਜਪੁਜੀ
50. ਓਹੀ, ਵਾਰ ਆਸਾ ਮ: ੧
51. ਓਹੀ
52. ਓਹੀ , ਆਸਾ ਮ: ੧
53. ਓਹੀ, ਧਨਾਸਰੀ ਮ: ੧
54. ਓਹੀ, ਬਿਲਾਵਲ ਮ: ੧
55. ਓਹੀ, ਜਪੁਜੀ
56. ਓਹੀ
57. ਦ੍ਵਿਵੇਦੀ, ਹਜਾਰੀ ਪ੍ਰਸਾਦਿ, (ਡਾ:) - ਕਬੀਰ, ਪੰਨਾ 117.
58. ਸੂਰੀ, ਕਰਤਾਰ ਸਿੰਘ (ਡਾ:)- ਗੁਰੂ ਅਰਜਨ ਤੇ ਸੰਤ ਦਾਦੂ ਦਿਆਲ, ਪੰਨਾ 167
59. ਮਿਸ਼ਰ, ਜੈ ਰਾਮ, (ਡਾ:) - ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰਨਾ 79.
60. ਆਦਿ ਗ੍ਰੰਥ , ਰਾਮਕਲੀ ਮ: ੧
61. ਓਹੀ, ਧਨਾਸਰੀ ਮ: ੧
62. ਓਹੀ, ਸੂਹੀ ਛੰਤ ਮ: ੧
63. ਬੜਥਵਾਲ, ਪਿਤੰਬਰ ਦੱਤ (ਡਾ:)- ਹਿੰਦੀ ਕਾਵਿ ਮੇਂ ਨਿਰਗੁਣ ਸੰਪ੍ਰਦਾਇ, ਪੰਨਾ 100.
64. ਬ੍ਰਹਮ ਉਪਨਿਸ਼ਦ, ਸਲੋਕ - 16.
65. ਆਦਿ ਗ੍ਰੰਥ - ਆਸਾ ਮ: ੧
66. ਸ਼ਰਮਾ, ਮੁਨਸ਼ੀ ਰਾਮ, (ਡਾ:) - ਭਕਤੀ ਕਾ ਵਿਕਾਸ , ਪੰਨਾ 50
67. ਆਦਿ ਗ੍ਰੰਥ - ਮ: ੧
68. ਓਹੀ, ਤਿਲੰਗ ਮ: 2
69. ਸ਼ਬਦਾਰਥ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ ਪਟਿਆਲਾ, ਪੰਨਾ
70. ਵੀਰ ਸਿੰਘ (ਭਾਈ) - ਗੁਰਮੱਤ ਦਰਸ਼ਨ, ਪੰਨਾ 73.
71. ਮਿਸ਼ਰ, ਜੈ ਰਾਮ (ਡਾ:) - ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰਨਾ 85
72. ਆਦਿ ਗ੍ਰੰਥ - ਰਾਮ ਕਲੀ ਮ: ੧
73. ਓਹੀ, ਮਾਝ ਮ: ੧
74. ਸ਼ੇਰ ਸਿੰਘ (ਡਾ:) - ਗੁਰਮੱਤ ਦਰਸ਼ਨ, ਪੰਨਾ 214
75. ਆਦਿ ਗ੍ਰੰਥ - ਸਿਰੀ ਰਾਗ ਕੀ ਵਾਰ ਮ: 3

76. ਗੁਰੂ ਗੋਬਿੰਦ ਸਿੰਘ ਜੀ - ਚੌਪਈ

77. ਆਦਿ ਗਰੰਥ - ਮਲਾਰ ਮ: ੧

78. ਓਹੀ, ਆਸਾ ਮ: ੧

79. ਓਹੀ, ਮਾਝ ਮ: ੧

80. ਓਹੀ, ਸਾਰੰਗ ਮ: ੧

81. ਓਹੀ, ਮਾਝ ਮਹੱਲਾ ੧

82. ਆਦਿ ਗਰੰਥ - ਮਾਰੂ ਮ: ੧

83. ਵੀਰ ਸਿੰਘ (ਭਾਈ) - ਗੁਰਮਤ ਜੀਵ , ਪੰਨਾ 73.

84. ਆਦਿ ਗਰੰਥ - ਤਿਲੰਗ ਮ: ੧

85. ਓਹੀ, ਜਪੁਜੀ

86. ਓਹੀ, ਵਾਰ ਆਸਾ ਮ: ੧

87. ਬੇਦੀ, ਕਾਲਾ ਸਿੰਘ (ਡਾ:) - ਗੁਰੂ ਨਾਨਕ ਦਰਸ਼ਨ, ਪੰਨਾ 127

88. ਕੋਹਲੀ, ਸੁਰਿੰਦਰ ਸਿੰਘ (ਡਾ:) - ਆਊਟ ਲਾਈਨਜ਼ ਆਫ਼ ਸਿੱਖ ਥਾਟ , ਪੰਨਾ 22.

89. ਬੇਦੀ, ਕਾਲਾ ਸਿੰਘ (ਡਾ:)-ਗੁਰੂ ਨਾਨਕ ਦਰਸ਼ਨ, ਪੰਨਾ 127.

90. ਆਦਿ ਗਰੰਥ - ਸੋਰਠਿ ਮ: ੧

91. ਮਨਮੋਹਣ ਸਿੰਘ (ਡਾ:) ਗੁਰੂ ਨਾਨਕ ਅੰਕ, ਪੰਜਾਬੀ ਦੁਨੀਆਂ, 1969

92. ਕੋਹਲੀ, ਸੁਰਿੰਦਰ ਸਿੰਘ (ਡਾ:) - ਆਊਟ ਲਾਈਨਜ਼ ਆਫ਼ ਸਿੱਖ ਥਾਟ, ਪੰਨਾ 27

93. ਸ਼ੇਰ ਸਿੰਘ (ਡਾ:) - ਗੁਰਮਤਿ ਦਰਸ਼ਨ, ਪੰਨਾ 252.

94. ਜੋਧ ਸਿੰਘ (ਭਾਈ) - ਗੁਰਮਤ ਨਿਰਣਯ, ਪੰਨਾ 41.

95. ਆਦਿ ਗਰੰਥ - ਸਿਰੀ ਰਾਗ ਮ: ੧

96. ਓਹੀ, ਗਉੜੀ ਮ: ੧

97. ਓਹੀ, ਵਾਰ ਮਾਝ ਮ:੧

98. ਓਹੀ, ਸੋਰਠਿ ਮ: ੧

99. ਓਹੀ

100. ਓਹੀ, ਵਾਰ ਆਸਾ ਮ: ੧

101. ਓਹੀ, ਜਪੁਜੀ

102. ਵਾਲਸ, ਸੀ.ਐਮ - ਦੀ ਡਾਕਟਰਿਨ ਆਫ਼ ਕਰੇਏਸ਼ਨ - 1910

103. ਐਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ, ਜਿਲਦ 4, ਪੰਨਾ 125.
104. ਆਦਿ ਗ੍ਰੰਥ - ਆਸਾ ਵਾਰ ਮ: ੧
105. ਉਹੀ, ਮਾਰੂ ਮ: ੧
106. ਸ਼ੇਰ ਸਿੰਘ (ਡਾ:) - ਗੁਰਮਤ ਦਰਸ਼ਨ, ਪੰਨਾ 238.
107. ਮਿਸ਼ਰ, ਜੈ ਰਾਮ, (ਡਾ:) - ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰਨਾ 101.
108. ਕੋਹਲੀ, ਸੁਰਿੰਦਰ ਸਿੰਘ (ਡਾ:) - ~~ਆਦਿ ਗ੍ਰੰਥ ਦਾ ਆਲੋਚਨਾਤਮਿਕ ਅਧਿਐਨ,~~ "A Critical Study of Adi Granth" ਪੰਨਾ 265.
109. ਸੂਰੀ, ਕਰਤਾਰ ਸਿੰਘ (ਡਾ:) - ਗੁਰੂ ਅਰਜਨ ਦੇਵ ਤੇ ਦਾਦੂ ਦਿਆਲ, ਪੰਨਾ 192.
110. ਕੁਰਾਨ ਅ-60 - ਸੂਰਾ 36 ਆਯਤ 82 (ਯਾਸੀਨ)
111. ਆਦਿ ਗ੍ਰੰਥ - ਰਾਮਕਲੀ ਮ: ੧
112. ਉਹੀ
113. ਉਹੀ , ਸਿਰੀ ਰਾਗ ਮ: ੧
114. ਐਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ ਜਿਲਦ 4, ਪੰਨਾ 125.
115. ਉਹੀ, ਪੰਨਾ 126
116. ਆਦਿ ਗ੍ਰੰਥ , ਜਪੁਜੀ
117. ਉਹੀ
118. ਉਹੀ
119. ਉਹੀ
120 ੳ. ਉਹੀ, ਸਿਧ ਗੋਸਟਿ ਮ: ੧
120 ਅ. ਸ਼ੇਰ ਸਿੰਘ (ਡਾ:) - ਗੁਰਮਤ ਦਰਸ਼ਨ, ਪੰਨਾ 238.
121. ਆਦਿ ਗ੍ਰੰਥ - ਜਪੁਜੀ
122. ਉਹੀ
123. ਉਹੀ
124 ਉਹੀ
125 ਉਹੀ
126 ਉਹੀ
127 ਉਹੀ

128. ਆਦਿ ਗਰੰਥ, ਜਪੁਜੀ
129. ਉਹੀ
130. ਰਾਨਾਡੇ, ਕਨਸਟ੍ਰਕਟਿਵ ਸਰਵੇ ਆਫ਼ ਉਪਨਿਸ਼ਦਿਕ ਫਿਲਾਸਫੀ, ਪੰਨਾ 227.
131. ਰਿਗਵੇਦ, 6/47/18
132. ਰਾਨਾਡੇ - ਕਨਸਟ੍ਰਕਟਿਵ ਸਰਵੇ ਆਫ਼ ਉਪਨਿਸ਼ਦਿਕ ਫਿਲਾਸਫੀ, ਪੰਨਾ 258.
133. Das Gupta, S.N. - Indian Philosophy, P.
134. ਆਦਿ ਗਰੰਥ - ਸਾਰੰਗ ਕੀ ਵਾਰ ਮ: ੧
135. ਉਹੀ, ਜਪੁਜੀ
136. ਉਹੀ, ਮਾਝ ਮਹੱਲਾ ੧
137. ਉਹੀ
138. ਉਹੀ, ਰਾਗ ਗਉੜੀ ਮ: ੧
139. ਉਹੀ, ਜਪੁਜੀ
140. ਉਹੀ , ਸਿਰੀ ਰਾਗ ਮ: ੧
141. ਉਹੀ, ਵਾਰ ਆਸਾ ਮ: ੧
142. ਉਹੀ, [illegible] ਜਪੁਜੀ
143. ਉਹੀ, ਸਿਰੀ ਰਾਗ ਮ: ੧
144. ਉਹੀ, ਰਾਮਕਲੀ ਮ: ੧
145. ਉਹੀ, ਆਸਾ ਮ: ੧
146. ਉਹੀ, ਸਿਰੀ ਰਾਗ ਮ: ੧
147. ਉਹੀ, ਬਿਲਾਵਲ ਮ: ੧
148. ਉਹੀ, ਰਾਮ ਕਲੀ ਮ: ੧
149. ਉਹੀ
150 ਉਹੀ, ਮਾਝ ਮ: ੧
151. ਉਹੀ, ਪ੍ਰਭਾਤੀ ਮ: ੧
152. ਉਹੀ, ਸਿਰੀ ਰਾਗ ਮ: ੧
153. ਉਹੀ, ਤੁਖਾਰੀ ਮ: ੧
154. ਉਹੀ, ਆਸਾ ਮ: ੧

155. ਆਦਿ ਗ੍ਰੰਥ , ਵਡਹੰਸ ਮ: ੧
156. ਉਹੀ, ਸੋਰਠਿ ਮ: ੧

**ਅਧਿਆਇ ਛੇਵਾਂ**

## ਗੁਰੂ ਨਾਨਕ-ਬਾਣੀ ਵਿਚ ਪ੍ਰਕਿਰਤੀ ਦਾ ਸੰਕਲਪ

- ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਲਈ ਵਰਤੇ ਗਏ ਵਿਭਿੰਨ ਸ਼ਬਦ
- ਪ੍ਰਾਕਿਰਤਕ ਰੂਪਾਂ ਦਾ ਵਰਗੀਕਰਨ
- ਕਾਦਰ ਤੇ ਕੁਦਰਤ (ਪ੍ਰਮਾਤਮਾ ਤੇ ਪ੍ਰਕਿਰਤੀ)
- ਪ੍ਰਕਿਰਤੀ ਦਾ ਸਿਰਜਨਾ ਸਿਧਾਂਤ
- ਪ੍ਰਕਿਰਤੀ ਦਾ ਸਿਰਜਨਾ ਸਿਧਾਂਤ
- ਪ੍ਰਕਿਰਤੀ ਤੇ ਤੇਰੂਫ
- ਪ੍ਰਕਿਰਤੀ ਦੀ ਵਿਵਹਾਰਕ-ਸੱਤਾ
- ਪ੍ਰਕਿਰਤੀ ਦੀ ਆਰਤੀ
- ਪ੍ਰਕਿਰਤੀ ਤੇ ਵਿਸਮਾਦ
- ਪ੍ਰਕਿਰਤੀ ਦੀ ਅਨੰਤਤਾ
- ਪ੍ਰਕਿਰਤੀ ਤੇ ਹੁਕਮ ਸਿਧਾਂਤ
- ਪ੍ਰਕਿਰਤੀ ਦੀ ਉਪਦੇਸ਼ਾਤਮਿਕਤਾ
- ਗੁਰੂ-ਬਾਣੀ ਵਿੱਚ ਪ੍ਰਕਿਰਤੀ ਦਾ ਰਹੱਸਾਤਮਿਕ-ਚਿਤ੍ਰਣ

ਪੈਰ - ਟਿੱਪਣੀਆਂ

## ਅਧਿਆਇ ਛੇਵਾਂ

## ਗੁਰੂ ਨਾਨਕ-ਬਾਣੀ ਵਿਚ ਪ੍ਰਕਿਰਤੀ ਦਾ ਸਰੂਪ

ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਸ਼ਬਦ ਦੀ ਵਰਤੋਂ ਹੋਈ ਕਿਧਰੇ ਵੀ ਨਹੀਂ ਮਿਲਦੀ। ਸਾਮੀ ਭਾਸ਼ਾਵਾਂ ਅਤੇ ਇਸਲਾਮਿਕ ਸ਼ਬਦਾਵਲੀ ਦੇ ਪ੍ਰਭਾਵ ਅਧੀਨ ਗੁਰੂ ਨਾਨਕ ਦੇਵ ਜੀ ਨੇ ਹਰ ਥਾਂ ਪ੍ਰਕਿਰਤੀ ਲਈ 'ਕੁਦਰਤ' ਸ਼ਬਦ ਵਰਤਿਆ ਹੈ। ਉਰਦੂ-ਫਾਰਸੀ ਸ਼ਬਦ-ਕੋਸ਼ਾਂ ਅਨੁਸਾਰ[1] ਕੁਦਰਤ ਦਾ ਸ਼ਬਦ-ਕੋਸ਼ੀ ਅਰਥ ਹੈ। ਤਾਕਤ, ਜ਼ੋਰ, ਬਲ, ਕੁਵੱਤ,[2] ਤੌਫੀਕ ਅਥਵਾ ਸ਼ਕਤੀ ਅਤੇ ਸਮਰੱਥਾ ਹੈ। ਕੁਦਰਤ ਅਰਬੀ ਭਾਸ਼ਾ ਦਾ ਸ਼ਬਦ ਹੈ। ਮਹਾਨ ਕੋਸ਼ ਅਨੁਸਾਰ ਕੁਦਰਤ ਦਾ ਅਰਥ ਮਾਇਆ ਅਤੇ ਕਰਤਾਰ ਦੀ ਰਚਨਾ-ਸ਼ਕਤੀ ਹੈ।[3] ਇਸ ਕੁਦਰਤ ਨੂੰ ਰਚਨ ਵਾਲਾ ਕਾਦਰ ਹੈ। ਇਸ ਲਈ ਗੁਰੂ ਨਾਨਕ ਨੇ ਕਾਦਰ ਅਤੇ ਕੁਦਰਤ ਸ਼ਬਦ ਪ੍ਰਮਾਤਮਾ ਅਤੇ ਪ੍ਰਕਿਰਤੀ ਦੇ ਸਮਾਨਾਰਥਕ ਰੂਪ ਵਿਚ ਵਰਤਿਆ ਹੈ। ਪ੍ਰਕਿਰਤੀ ਸੰਸਕ੍ਰਿਤ ਭਾਸ਼ਾ ਦਾ ਅਨੇਕਾਰਥਕ ਸ਼ਬਦ ਹੈ ਜਿਵੇਂ ਸੁਭਾਅ, ਮਿਜਾਜ਼, ਤਾਸੀਰ, ਮਾਇਆ, ਅਵਿਧਾਨ, ਪ੍ਰਮਾਤਮਾ, ਮਨ ਦੇ ਸੱਤ ਅੰਗ, ਸ਼ਕਤੀ, ਤਾਕਤ, ਕਿਸੇ ਸ਼ਬਦ ਦਾ ਮੂਲ, ਧਾਤੂ, ਭਗ ਯੋਨਿ ਅਥਵਾ ਲਿੰਗ ਆਦਿਕ ਪ੍ਰਕਿਰਤੀ ਦੇ ਵੱਖ ਵੱਖ ਸੰਦਰਭਾਂ ਵਿਚੋਂ ਪ੍ਰਾਪਤ ਹੋਣ ਵਾਲੇ ਅਰਥ ਹਨ।[4] ਕਪਲ ਮੁਨੀ ਦੇ ਸਾਂਖ ਮੱਤ ਵਿਚ ਪ੍ਰਕਿਰਤੀ ਸ਼ਬਦ ਸਿਧਾਂਤਕ ਰੂਪ ਧਾਰਨ ਕਰ ਗਿਆ ਹੈ। ਜਿਸ ਤੋਂ ਸਭ ਵਸਤੂਆਂ ਬਣੀਆਂ ਹਨ ਅਤੇ ਜੋ ਆਪ ਕਿਸੇ ਤੋਂ ਨਹੀਂ ਬਣੀ ਅਤੇ ਜੋ ਸਤ, ਰਜ ਅਤੇ ਤਮ ਤਿੰਨਾਂ ਗੁਣਾਂ ਦੀ ਸਮ-ਅਵਸਥਾ ਹੈ। ਕਪਲ-ਮੁਨੀ ਪ੍ਰਕਿਰਤੀ ਨੂੰ ਜਗਤ ਦਾ ਮੂਲ ਕਾਰਣ ਅਥਵਾ ਬੀਜ-ਰੂਪ ਮੰਨਦਾ ਹੈ, ਜਿਸ ਦਾ ਪ੍ਰੀਣਾਮ ਸਾਰਾ ਜਗਤ ਹੈ। ਇਸ ਤੋਂ ਹੀ ਮਹੱਤਵ, ਤਨ ਮਾਤ੍ਰ ਆਦਿ ਉਪਜ ਕੇ ਵਿਸਤਾਰ ਵਾਲਾ ਜਗਤ ਬਣਦਾ ਹੈ। ਅਤੇ ਪ੍ਰਕਿਰਤੀ ਵਿਚ ਹੀ ਅਖੀਰ ਲੀਨ ਹੋ ਜਾਂਦਾ ਹੈ। ਗੁਰੂ ਨਾਨਕ ਜੀ ਅਨੁਸਾਰ ਕੁਦਰਤ ਜਾਂ ਪ੍ਰਕਿਰਤੀ ਦ੍ਰਿਸ਼ਟ ਅਤੇ ਅਦ੍ਰਿਸ਼ਟ ਦੋਹਾਂ ਸੀਮਾਵਾਂ ਵਿਚ ਵਿਆਪਕ ਹੈ। 'ਕਾਦਿਰ' ਨੂੰ ਛੱਡਕੇ ਬਾਕੀ ਸਭ ਕੁਝ ਪ੍ਰਕਿਰਤੀ ਦੀ ਸੀਮਾ ਦੇ ਅੰਤਰਗਤ ਆਉਂਦਾ ਹੈ।

ਸਭ ਤੇਰੀ ਕੁਦਰਤਿ ਤੂੰ ਕਾਦਿਰ ਕਰਤਾ ਪਾਕੀ ਨਾਈ ਪਾਕੁ॥[5]

ਗੁਰੂ ਨਾਨਕ ਦੀ ਦ੍ਰਿਸ਼ਟੀ ਵਿਚ ਪ੍ਰਕਿਰਤੀ ਅਪਾਰ, ਅਸੀਮ, ਅਨੰਤ ਤੇ ਬੇਅੰਤ ਹੈ। ਜੋ ਕੁਝ ਮਨੁੱਖ ਨੂੰ ਨਜ਼ਰ ਆਉਂਦਾ ਹੈ ਅਤੇ ਜੋ ਕੁੱਝ ਮਨੁੱਖ ਸੁਣਦਾ, ਮਹਿਸੂਸਦਾ ਜਾਂ ਕਿਸੇ ਹੱਦ ਤੱਕ ਅਨੁਭਵ ਕਰਦਾ ਹੈ, ਉਹ ਸਭ ਕੁਝ ਪ੍ਰਮਾਤਮਾ ਦੀ ਕੁਦਰਤ ਹੀ ਹੈ। ਪ੍ਰਮਾਤਮਾ ਦਾ ਭੈਅ ਵੀ ਇਕ ਪ੍ਰਕਾਰ ਦੀ, ਉਸ ਦੀ ਕੁਦਰਤ ਹੀ ਹੈ। ਪਾਤਾਲ ਤੋਂ ਲੈ ਕੇ ਆਕਾਸ਼ ਤੱਕ ਸਾਰਾ ਫੈਲਾਅ ਤੇ ਅਕਾਰ, ਕੁਦਰਤ ਹਨ। ਗੁਰੂ ਸਾਹਿਬ ਜੀ ਕੁਦਰਤ ਦੇ ਸਰੂਪ ਨੂੰ ਬਿਆਨਦੇ ਹੋਏ ਅਤੇ ਕਾਦਿਰ ਤੋਂ ਇਸ ਦੀ ਅਨਹਿਦਗੀ ਨੂੰ ਸਮਝਾਉਂਦੇ ਹੋਏ ਫੁਰਮਾਉਂਦੇ ਹਨ -

ਆਪੀਨੈ ਆਪਿ ਸਾਜਿਉ ਆਪੀਨੈ ਰਚਿਓ ਨਾਉ।।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।।[6]

ਪ੍ਰਕਿਰਤੀ ਦੇ ਵਿਭਿੰਨ ਸਰੂਪਾਂ ਜਾਂ ਪੱਖਾਂ ਦਾ ਗੁਰੂ ਨਾਨਕ ਦੇਵ ਜੀ ਨੇ ਆਪਣੀ ਨਿਮਨ-ਲਿਖਤ ਬਾਣੀ ਵਿਚ ਬੜੇ ਸੰਖੇਪ ਤੇ ਢੁੱਕਵੇਂ ਰੂਪ ਵਿਚ ਨਿਰੂਪਣ ਕੀਤਾ ਹੈ।

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।।
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ।।
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ।।
ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ।।
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ।।
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ।।
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ।।
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।।
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ।।[7]

ਗੁਰੂ ਨਾਨਕ ਮੱਤ ਅਨੁਸਾਰ ਪ੍ਰਕਿਰਤੀ ਦਾ ਸਰੂਪ ਬੜਾ ਵਿਆਪਿਕ, ਵਿਸ਼ਾਲ ਤੇ ਵਿਸਤ੍ਰਿਤ ਹੈ। ਸੰਸਾਰਕ ਅਤੇ ਅਧਿਆਤਮਿਕ ਦੋਹਾਂ ਅੰਤਰ-ਸੰਬੰਧਿਤ ਅਰਥਾਂ ਦਾ ਧਾਰਨੀ ਹੈ। ਕਾਦਰ ਦੀ ਹਰ ਕਿਰਤ, ਪਦਾਰਥ, ਜੀਵ-ਜੰਤ, ਬਨਸਪਤੀ, ਖੰਡ, ਮੰਡਲ, ਬ੍ਰਹਿਮੰਡ, ਜੜ੍ਹ-ਚੇਤਨ ਭਾਵ ਦ੍ਰਿਸ਼ਟ ਅਤੇ ਅਦ੍ਰਿਸ਼ਟ, ਸਭ ਕੁਝ ਪ੍ਰਕਿਰਤੀ ਹੈ।

ਆਪ ਜੀ ਪ੍ਰਕਿਰਤੀ ਦੇ ਸਰੂਪ ਨੂੰ ਹੋਰ ਸਪੱਸ਼ਟਤਾ ਸਹਿਤ ਉਜਾਗਰ ਕਰਦੇ ਹੋਏ ਬਸੰਤ ਰਾਗ ਵਿਚ ਮੁਖਰਿਤ ਹਨ:

ਆਪੀ ਕੁਦਰਤਿ ਕਰੀ ਕੁਦਰਤਿ ਮੁਖ ਆਖਹਿ ਸਭੁ ਨਾਮਾ।।[8]

ਗੁਰੂ ਜੀ ਨੇ ਪ੍ਰਕਿਰਤੀ ਦੀ ਇਕ ਹੋਰ ਪ੍ਰਭਾਸ਼ਾ ਮਾਝ ਰਾਗ ਵਿਚ ਵੀ ਦਿੱਤੀ ਹੈ। ਉਹਨਾਂ ਦੇ ਵਿਚਾਰ ਅਨੁਸਾਰ ਕਾਦਰ ਦੀ ਸਮੁੱਚੀ ਰਚਨਾ 'ਪ੍ਰਕਿਰਤੀ' ਹੈ ਅਤੇ ਉਹ ਇਸ ਸਾਰੀ ਪ੍ਰਕਿਰਤੀ ਦਾ ਰਚਨਹਾਰ, ਸਿਰਜਕ ਅਥਵਾ ਕਰਤਾ ਹੈ:

ਸਭ ਤੇਰੀ ਕੁਦਰਤਿ ਤੂੰ ਸਿਰਿ ਸਿਰਿ ਦਾਤਾ।।
ਸਭ ਤੇਰੇ ਕਾਰਣੁ ਕੀਨਾ ਹੇ।।[9]

ਆਪ ਪ੍ਰਕਿਰਤੀ ਦੀ ਵਿਵਿੱਧਤਾ, ਵਿਸ਼ਾਲਤਾ ਅਤੇ ਸਰਬ-ਵਿਆਪਕਤਾ ਨੂੰ ਦੇਖ ਕੇ ਕਾਦਰ ਦੀ ਸਰਬ-ਸਮਰਥਾ ਉਤੇ ਵਿਸਮਕ ਹੁੰਦੇ ਹੋਏ ਫੁਰਮਾਉਂਦੇ ਹਨ:

ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ।।
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ।।
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ।।[10]

ਇਉਂ ਗੁਰੂ ਨਾਨਕ ਨੇ ਆਪਣੀ ਵਿਸ਼ਾਲ ਦ੍ਰਿਸ਼ਟੀ ਰਾਹੀਂ ਪ੍ਰਕਿਰਤੀ ਦੀ ਵਿਆਪਕਤਾ ਵਿਚੋਂ ਕਾਦਰ ਦੀ ਮਹਾਂਸ਼ਕਤੀ ਦੇ ਦਰਸ਼ਨਾਂ ਦਾ ਉਲੇਖ ਕੀਤਾ ਹੈ:

ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ।।[11]

ਗੁਰੂ ਨਾਨਕ ਕੁਦਰਤ (ਪ੍ਰਕਿਰਤੀ) ਦੇ ਕਣ ਕਣ ਵਿਚ ਕਾਦਰ ਦੀ ਹੋਂਦ ਨੂੰ ਸਰਬ-ਵਿਆਪਕ ਮੰਨਦੇ ਹਨ ਅਤੇ ਇਸ ਸਾਰੇ ਬ੍ਰਹਿਮੰਡ ਨੂੰ ਉਸ ਦੀ ਬਰਿੰਦੂ ਲੀਲਾ ਕਹਿੰਦੇ ਹਨ। ਗੁਰੂ ਜੀ ਨੇ ਪ੍ਰਕਿਰਤੀ ਦੀ ਸੁਤੰਤਰ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਅਤੇ ਨਾ ਹੀ ਇਸ ਨੂੰ ਅਨਾਦੀ ਮੰਨਿਆ ਹੈ।

## ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਲਈ ਵਰਤੇ ਗਏ ਵਿਭਿੰਨ ਸ਼ਬਦ

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਪ੍ਰਕਿਰਤੀ ਲਈ ਸਭ ਤੋਂ ਵਧੇਰੇ 'ਕੁਦਰਤ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਇਹ ਸ਼ਬਦ ਸ਼ਕਤੀ ਦੇ ਅਰਥਾਂ ਵਿਚ ਵੀ ਵਰਤਿਆ ਗਿਆ ਹੈ।

ਗੁਰੂ ਸਾਹਿਬ, ਪ੍ਰਕਿਰਤੀ ਦਾ ਬਿਅੰਤਤਾ ਨੂੰ ਕੁਦਰਤ ਦੇ ਰੂਪ ਵਿਚ ਬਿਆਨ ਕਰਦੇ ਹੋਏ ਫੁਰਮਾਉਂਦੇ ਹਨ ਕਿ ਇਹ ਸ਼ਕਤੀ ਇਤਨੀ ਬੇਅੰਤ ਤੇ ਅਪਾਰ ਹੈ, ਜਿਸਨੂੰ ਮਨੁੱਖੀ ਬੁੱਧੀ ਨਾ ਸਮਝ ਸਕਦੀ ਹੈ ਤੇ ਨਾ ਵਿਚਾਰ ਸਕਦੀ ਹੈ:

ਕੁਦਰਤਿ ਕਵਣੁ ਕਹਾ ਵੀਚਾਰੁ।।
ਵਾਰਿਆ ਨਾ ਜਾਵਾ ਏਕ ਵਾਰ।।
ਜੋ ਤੁਧੁ ਭਾਵੈ ਸਾਈ ਭਲੀ ਕਾਰੁ।।
ਤੂੰ ਸਦਾ ਸਲਾਮਤ ਨਿਰੰਕਾਰ।।[12]

ਗੁਰੂ ਜੀ ਨੇ ਪ੍ਰਕਿਰਤੀ (ਕੁਦਰਤ) ਲਈ ਸਿਰਠਿ ਤੇ ਸਿਰਠੀ ਸ਼ਬਦ ਵੀ ਵਰਤੇ ਹਨ। ਉਨ੍ਹਾਂ ਦੀ ਰਚਨਾ ਜਪੁਜੀ ਵਿਚ ਇਹ ਸ਼ਬਦ ਕਈ ਥਾਵਾਂ ਤੇ ਆਏ ਹਨ ਤੇ ਪ੍ਰਕਿਰਤੀ ਦੀ ਉਤਪਤੀ ਸਬੰਧੀ ਵਿਚਾਰ ਪੇਸ਼ ਕਰਦੇ ਲਿਖਦੇ ਹਨ:

ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।
ਮਤ ਵਿਚਿ ਰਤਨੁ ਜਵਾਹਰੁ ਮਾਣਿਕ, ਜੇ ਇਕ ਗੁਰੂ ਕੀ
ਸਿਖ ਸੁਣੀ।।[13]

... ... ...

ਜਾ ਕਰਤਾ ਸਿਰਠੀ ਕਉ ਸਾਜੇ
ਆਪੇ ਜਾਣੈ ਸੋਇ।।[14]

... ... ...

ਸ੍ਰਿਸਟਿ ਉਪਾਈ ਜੇਤੀ ਤੂੰ ਜਾਤਿ।
ਸਬਦੁ ਵੀਚਾਰਿ ਮਿਲਣ ਨਹੀ ਭ੍ਰਾਤਿ।।[15]

... ... ...

ਸਭੇ ਸੋਇ ਸ੍ਰਿਸਟਿ ਜਿਨਿ ਸਾਜੀ ਸਚਾ ਸਾਹਿਬ ਏਕ ਭਇਆ।[16]

... ... ...

ਤੂੰ ਕਰਤਾ ਪੁਰਖ ਅਗੰਮੁ ਹੈ ਆਪ ਸ੍ਰਿਸਟਿ ਉਪਾਤੀ।[17]

ਪ੍ਰਕਿਰਤੀ ਲਈ ਗੁਰੂ ਜੀ ਨੇ 'ਜਗਤ' ਸ਼ਬਦ ਦਾ ਪ੍ਰਯੋਗ ਵੀ ਕੀਤਾ ਹੈ। ਇਥੇ ਜਗਤ ਤੇ ਜਗ ਸ਼ਬਦ ਤੋਂ ਭਾਵ ਮਨੁੱਖਤਾ ਲਿਆ ਹੈ ਪਰੰਤੂ ਮਨੁੱਖਤਾ ਵੀ ਪ੍ਰਕਿਰਤੀ ਦਾ ਹੀ ਅੰਗ ਹੈ। ਸਾਰੇ

ਦ੍ਰਿਸ਼ਟਮਾਨ ਜਗਤ ਵਿਚ ਪ੍ਰਾਕਿਰਤਕ ਪਸਾਰਾ ਵੀ ਤਾਂ ਪਸਰਿਆ ਹੋਇਆ, ਜਿਸ ਨੂੰ ਗੁਰੂ ਜੀ ਨੇ ਕੁਦਰਤ ਦਾ ਹੀ ਨਾਂ ਦਿੱਤਾ ਹੈ। ਜਪੁਜੀ ਦੇ ਅੰਤਲੇ ਸਲੋਕ ਵਿਚ ਜਗਤ ਤੋਂ ਬਾਹਰੀ ਪ੍ਰਕਿਰਤੀ ਮਨੁੱਖਤਾ ਨੂੰ ਪੈਦਾ ਕਰਨ ਵਾਲੀ ਤੇ ਸੰਭਾਲ ਕਰਨ ਵਾਲੀ ਦਸਿਆ ਹੈ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲੁ ਜਗਤੁ। [18]

ਗੁਰੂ ਜੀ ਨੇ ਜਗਤੁ ਸ਼ਬਦ ਜਿਥੇ ਮਨੁੱਖਤਾ ਲਈ ਵਰਤਿਆ ਹੈ, ਉਥੇ ਸਮੁੱਚੀ ਪ੍ਰਕਿਰਤੀ ਦੇ ਅਰਥਾਂ ਵਿਚ ਵੀ ਵਰਤਿਆ ਹੈ:

ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ।
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ। [19]

...

ਜਿਨਿ ਜਗੁ ਸਿਰਜਿ ਸਮਾਇਆ
ਸੋ ਸਾਹਿਬੁ ਕੁਦਰਤਿ ਜਾਣੋਵਾ। [20]

... ... ...

ਸਸੈ ਸਭੁ ਜਗੁ ਸਹਜਿ ਉਪਾਇਆ
ਤੀਨਿ ਭਵਣ ਇਕ ਜੋਤੀ। [21]

... ... ...

ਆਪੇ ਜਗਤੁ ਉਪਾਇਕੈ ਕੁਦਰਤਿ ਕਰੇ ਵੀਚਾਰੁ।। [22]

... ...

ਸਭੁ ਜਗੁ ਤੇਰਾ ਤੂੰ ਏਕੋ ਦਾਤਾ ਅਵਰੁ ਨਾ ਦੂਜਾ ਭਾਈ।

... ...

ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ। [23]

... ...

ਜਗੁ ਤਿਸ ਕੀ ਛਾਇਆ ਜਿਸੁ ਬਾਪੁ ਨਾ ਮਾਇਆ। [24]

... ...

ਆਪਿ ਉਪਾਇਆ ਜਗਤੁ ਸਬਾਇਆ।
ਜਿਨਿ ਸਿਰਿਆ ਤਿਨਿ ਧੰਧੈ ਲਾਇਆ। [25]

... ... ...

ਜਗਤੁ ਉਪਾਇ ਖੇਲੁ ਰਚਾਇਆ।।
ਪਵਣੈ ਪਾਣੀ ਅਗਨੀ ਜਿਉ ਪਾਇਆ।[26]

... ...

ਆਪੇ ਜਗਤੁ ਉਪਾਇਕੈ ਗੁਣ ਅਵਗੁਣ ਕਰੇ ਵੀਚਾਰ।।
ਤ੍ਰੈਗੁਣ ਸਰਬ ਜੰਜਾਲ ਹੈ ਨਾਮਿ ਨ ਧਰੇ ਪਿਆਰ।।
ਤ੍ਰਿਭਣ ਤੁਝਹਿ ਕੀਆ ਸਭ ਜਗਤ ਸਬਾਇਆ।।

ਜਗਤ, ਸਿਰਠਿ, ਸਿਰਠੀ ਤੇ ਜਗ ਨਾਲੋਂ ਵੱਖਰੀ ਕਿਸਮ ਦਾ ਸ਼ਬਦ 'ਆਕਾਰ' ਵੀ ਪ੍ਰਕਿਰਤੀ (ਕੁਦਰਤ) ਦੇ ਅਰਥਾਂ ਵਿਚ ਵਰਤਿਆ ਹੈ। ਇਸ ਸ਼ਬਦ ਦੁਆਰਾ ਗੁਰੂ ਸਾਹਿਬ ਨੇ ਕੁਦਰਤ ਦੇ ਗੋਚਰ ਅਤੇ ਅਗੋਚਰ ਦੋਹਾਂ ਸਰੂਪਾਂ ਨੂੰ ਬੜੀ ਸੁੰਦਰਤਾ ਨਾਲ ਪ੍ਰਗਟ ਕੀਤਾ ਹੈ। 'ਆਕਾਰ' ਸ਼ਬਦ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਨੂੰ ਵੀ ਸਾਕਾਰ ਕਰਦਾ ਹੈ ਅਤੇ ਇਸਦੀ ਵਿਆਪਕਤਾ ਨੂੰ ਵੀ :

ਹੁਕਮੀ ਹੋਵਨਿ ਆਕਾਰ।।
ਹੁਕਮ ਨਾ ਕਹਿਆ ਜਾਈ।[27]

ਪ੍ਰਕਿਰਤੀ ਲਈ ਪਸਾਉ ਸ਼ਬਦ ਭਾਵ (ਪਸਾਰਾ) ਵੀ ਵਰਤਿਆ ਹੈ। ਇਹ ਸ਼ਬਦ 'ਕਾਦਰ' ਅਤੇ ਕੁਦਰਤ ਦੇ ਆਪਸੀ ਸੰਬੰਧਾਂ ਨੂੰ ਵੀ ਪ੍ਰਗਟ ਕਰਦਾ ਹੈ -

ਕੀਤਾ ਪਸਾਉ ਏਕੋ ਕਵਾਉ
ਤਿਸ ਤੇ ਹੋਇ ਲਖ ਦਰਿਆਉ।[28]

ਪਸਾਰੇ ਲਈ 'ਚੀਰਾ' ਸ਼ਬਦ ਵੀ ਨਾਨਕ ਬਾਣੀ ਵਿਚ ਅਨੇਕ ਵਾਰੀ ਵਰਤੋਂ ਵਿਚ ਆਇਆ ਹੈ:

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ।[29]

ਪ੍ਰਕਿਰਤੀ ਦੇ ਸੰਬੰਧ ਵਿਚ ਸ਼ਬਦ 'ਰਚਨਾ' ਦਾ ਵੀ ਪ੍ਰਯੋਗ ਹੋਇਆ ਹੈ। ਗੁਰੂ ਜੀ ਨੇ ਇਹ ਰਚਨਾ, ਅਨੇਕ ਰੰਗਾਂ, ਰੂਪਾਂ ਤੇ ਆਕਾਰਾਂ ਦੀ ਦੱਸੀ ਹੈ :

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ।[30]

... ... ...

ਨਾਨਕ ਰਚਨਾ ਜਿਨਿ ਰਚੀ, ਜਿਨਿ ਸਿਰਿਆ ਆਕਾਰੁ।।

ਉਪਰੋਕਤ ਤੁਕਾਂ ਵਿਚ ਸ਼ਬਦ 'ਮਾਇਆ' ਵੀ ਪ੍ਰਕਿਰਤੀ ਦੇ ਅਰਥਾਂ ਦਾ ਹੀ ਸੂਚਕ ਹੈ। ਪ੍ਰਕਿਰਤੀ ਨੂੰ ਮਾਇਆ ਦੇ ਅਰਥਾਂ ਵਿਚ ਹੋਰ ਵੀ ਕਈ ਥਾਈਂ ਵਰਤਿਆ ਮਿਲਦਾ ਹੈ:

ਏਕਾ ਮਾਈ ਜਗਤਿ ਵਿਆਈ
ਤਿਨ ਚੇਲੇ ਪਰਵਾਣੁ
ਇਕ ਸੰਸਾਰੀ ਇਕ ਭੰਡਾਰੀ ਇਕ
ਇਕ ਲਾਇ ਦੀ ਬਾਣੁ। [31]

... . . .

ਦੂਜੀ ਮਾਇਆ ਜਗਤ ਚਿਤਿ ਵਾਸੁ।। [32]

... ...

ਸੰਸਾਰ ਮਾਇਆ ਮੋਹੁ ਮੀਠਾ
ਅੰਤਿ ਭਰਮੁ ਚੁਕਾਇਆ।।

ਗੁਰੂ ਸਾਹਿਬ ਨੇ ਕੁਦਰਤ ਨੂੰ ਰੱਬ ਦਾ 'ਖੇਲ' ਵੀ ਦਸਿਆ ਹੈ। ਇਹ ਸਾਰੀ ਪ੍ਰਕਿਰਤੀ ਪ੍ਰਭੂ ਦੀ ਲੀਲਾ ਤੇ ਖੇਡ ਹੀ ਤਾਂ ਹੈ:

ਤੁਧ ਆਪੇ ਆਪੁ ਉਪਾਇਆ।।
ਦੂਜਾ ਖੇਲੁ ਕਰਿ ਦਿਖਲਾਇਆ।। [33]

... ...

ਸਦਾ ਸਦਾ ਤੂੰ ਏਕੁ ਹੈ
ਤੁਧ ਦੂਜਾ ਖੇਲੁ ਰਚਾਇਆ। [34]

... ...

ਜਗਤ ਉਪਾਇ ਖੇਲੁ ਰਚਾਇਆ।।
ਪਵਣੈ ਪਾਣੀ ਅਗਨੀ ਜੀਉ ਪਾਇਆ।।

... ...

ਪਉਣ ਪਾਣੀ ਅਗਨੀ ਇਕ ਵਾਸਾ।
ਆਪੇ ਕੀਤੋ ਖੇਲ ਤਮਾਸਾ।।

ਨਾਨਕ ਬਾਣੀ ਵਿਚ ਸੰਸਾਰ ਸ਼ਬਦ ਨੂੰ ਵੀ ਪ੍ਰਕਿਰਤੀ ਦੇ ਅਰਥ ਹੀ ਦਿੱਤੇ ਗਏ ਹਨ :

ਤੁਧੁ ਸੰਸਾਰੁ ਉਪਾਇਆ।
ਸਿਰੇ ਸਿਰਿ ਧੰਧੇ ਲਾਇਆ।
ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ।।[35]

... ...

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ।

ਨਾਨਕ ਬਾਣੀ ਵਿਚ ਕੁਦਰਤ (ਪ੍ਰਕਿਰਤੀ) ਲਈ ਦਾਤਿ, ਪਰਪੰਚ ਤੇ ਹਰੀ ਦਾ ਮੰਦਰ ਆਦਿ ਸ਼ਬਦ ਵੀ ਆਏ ਹਨ:

ਜੇਵਡ ਆਪਿ ਤੇਵਡ ਤੇਰੀ ਦਾਤਿ।।
ਜਿਨਿ ਦਿਨੁ ਕਰਿਕੈ ਕੀਤੀ ਰਾਤਿ।।[36]

... ... ...

ਪਪੈ ਪਾਤਸਾਹੁ ਪਰਮੇਸਰੁ ਵੇਖਣ ਕਉ ਪਰਪੰਚ ਕੀਆ।।[37]

... ... ...

ਹਰਿ ਕਾ ਮੰਦਰ ਸੋਹਣਾ ਕੀਆ ਕਰਣੈਹਾਰ।।
ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣ ਜੋਤ ਅਪਾਰੁ।।[38]

... ... ...

ਗੁਰੂ ਜੀ ਨੇ ਇਸ ਪ੍ਰਕਿਰਤੀ ਨੂੰ 'ਬਾਜ਼ੀ' ਦਾ ਨਾਂ ਵੀ ਦਿੱਤਾ ਹੈ :

ਜਿਨਿ ਕੀਆ ਤਿਨ ਦੇਖਿਆ ਕਿਆ ਕਹੀਐ ਰੇ ਭਾਈ ।।
ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ।[39]

ਇਸ ਸੰਸਾਰ (ਪ੍ਰਕਿਰਤੀ) ਨੂੰ ਗੁਰੂ ਸਾਹਿਬ ਨੇ 'ਕੋਠੀ' ਵੀ ਕਿਹਾ ਹੈ। ਉਨ੍ਹਾਂ ਅਨੁਸਾਰ ਪ੍ਰਭੂ ਦੇ ਰਹਿਣ ਦੀ ਥਾਂ ਹੈ :

ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ।।[40]

ਕਿਉਂਕਿ ਗੁਰੂ ਨਾਨਕ ਦਾ ਕਾਦਰ ਆਪਣੀ ਪ੍ਰਕਿਰਤੀ ਵਿਚ ਹੀ ਮੌਜੂਦ ਹੈ। ਉਨ੍ਹਾਂ ਨੇ ਕੁਦਰਤ ਨੂੰ ਸੱਚੇ ਦਾ ਤੱਖਤ ਵੀ ਆਖਿਆ ਹੈ ਭਾਵ ਇਹ ਪ੍ਰਭੂ ਦਾ ਸਿੰਘਾਸਣ ਹੈ, ਜਿਸ ਉਤੇ ਬੈਠ ਕੇ ਉਹ ਆਪਣੀ ਲੀਲਾ ਨੂੰ ਵੇਖ ਰਿਹਾ ਹੈ ।

ਪ੍ਰਕਿਰਤੀ ਨੂੰ ਦੁਨੀਆਂ ਦੇ ਅਰਥ ਵੀ ਦਿੱਤੇ ਗਏ ਹਨ :

ਸਚੀ ਕੀਮਤਿ ਪਾਇ ਤੁਧੁ ਰਜਾਇਆ।।
ਦੁਨੀਆਂ ਧੰਧੈ ਲਾਇ ਆਪਿ ਛਪਾਇਆ।। [41]

... ...

ਮੂਰਖ ਸਚੁ ਨਾ ਜਾਣਨੀ ਮਨਮੁਖੀ ਜਨਮ ਗਵਾਇਆ।।
ਵਿਚਿ ਦੁਨੀਆਂ ਕਾਹੇ ਆਇਆ।। [42]

... ...

ਵਿਚਿ ਦੁਨੀਆਂ ਸੇਵਿ ਕਮਾਈਐ ਤਾਂ ਦਰਗਹਿ ਬੈਸਣਿ ਪਾਈਐ।।

ਗੁਰੂ ਨਾਨਕ ਬਾਣੀ ਵਿਚ 'ਕੁਦਰਤ' ਸ਼ਬਦ ਮਨੁੱਖੀ ਤਾਕਤ ਲਈ ਵੀ ਵਰਤਿਆ ਗਿਆ ਮਿਲਦਾ ਹੈ। ਗੁਰੂ ਜੀ ਅਨੁਸਾਰ ਮਨੁੱਖ ਦੀ ਹਸਤੀ ਹੈ ਕਿ ਉਹ ਪ੍ਰਭੂ ਦੇ ਸਰੂਪ ਦੀ ਲਖਤਾ ਕਰ ਸਕੇ ਅਤੇ ਉਸ ਦੁਆਰਾ ਰਚੀ ਗਈ ਪ੍ਰਕਿਰਤੀ ਦੀ ਥਾਹ ਪਾ ਸਕੇ ਤੇ ਉਸ ਦੀ ਰਜ਼ਾ ਦੇ ਉਲਟ ਚਲ ਸਕੇ। ਪ੍ਰਭੂ ਸਮਰਥਾਵਾਨ ਹੈ ਜਦ ਕਿ ਮਨੁੱਖ ਤੁਛਤਾ ਦਾ ਪ੍ਰਤੀਕ ਹੈ :

ਕੁਦਰਤਿ ਕਵਣੁ ਕਹਾ ਵੀਚਾਰੁ,
ਵਾਰਿਆ ਨਾ ਜਾਵਾ ਏਕ ਵਾਰ।। [43]

ਗੁਰੂ ਜੀ ਕਹਿੰਦੇ ਹਨ ਕਿ ਮੇਰੀ ਕੀ ਤਾਕਤ ਹੈ ਜੋ ਤੇਰੀ ਵੀਚਾਰ ਕਰ ਸਕਾਂ। ਮੈਂ ਤਾਂ ਇਕ ਵਾਰ ਵੀ ਤੇਰੇ ਉੱਤੇ ਬਲਿਹਾਰ ਜਾਣ ਜੋਗਾ ਵੀ ਨਹੀਂ ਹਾਂ। ਇਸੇ ਭਾਵ ਨੂੰ ਹੋਰ ਥਾਂ ਵੀ ਪ੍ਰਗਟ ਕੀਤਾ ਹੈ :

ਜੇ ਤੂੰ ਮੀਰ ਮਹੀਪਤ ਸਾਹਿਬੁ ਕੁਦਰਤਿ ਕਉਣ ਹਮਾਰੀ।।
ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮਾਰੀ।। [44]

ਉਪਰੋਕਤ ਵਿਚਾਰ ਕਰਿਆਂ ਇਸ ਸਿੱਟੇ ਤੇ ਅਪੜਦੇ ਹਾਂ ਕਿ ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਲਈ ਅਨੇਕ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ।

## ਪ੍ਰਾਕਿਰਤਕ ਰੂਪਾਂ ਦਾ ਵਰਗੀਕਰਣ

ਪ੍ਰਕਿਰਤੀ ਆਪਣੇ ਹਜ਼ਾਰਾਂ ਹੀ ਨਹੀਂ ਸਗੋਂ ਲੱਖਾਂ ਕਰੋੜਾਂ ਪਦਾਰਥਿਕ ਰੂਪਾਂ ਵਿਚ, ਇਸ ਬ੍ਰਹਿਮੰਡ ਵਿਚ ਵਿਦਮਾਨ ਹੈ। ਇਹ ਬ੍ਰਹਿਮੰਡ ਇੰਨਾਂ ਵਿਸ਼ਾਲ ਹੈ ਕਿ ਜਿਉਂ ਜਿਉਂ ਮਨੁੱਖੀ ਪ੍ਰਾਕਰਮ, ਇਸ ਦੀ ਵਿਸ਼ਾਲਤਾ ਨੂੰ ਨਾਪਣ ਦਾ ਪ੍ਰਯਤਨ ਕਰਦਾ ਹੈ ਤਿਉਂ ਤਿਉਂ ਇਹ ਹੋਰ ਵਿਸ਼ਾਲਤਰ ਹੁੰਦਾ ਜਾਂਦਾ ਹੈ। ਹਰ ਕਵੀ ਆਪਣੀ ਪ੍ਰਤਿਭਾ, ਅਨੁਭਵ ਅਤੇ ਗਿਆਨ ਅਨੁਸਾਰ ਪ੍ਰਕਿਰਤੀ ਦੇ ਰੂਪਾਂ ਨੂੰ ਆਪਣੇ ਕਾਵਿ ਵਿਚ ਸੁਭਾਵਿਕ ਹੀ ਮੂਰਤੀਮਾਨ ਕਰਦਾ ਹੈ, ਪ੍ਰਾਕਿਰਤਕ ਵਿਗਿਆਨੀਆਂ ਨੇ ਪ੍ਰਕਿਰਤੀ ਦਾ ਵਰਗ-ਵਿਭਾਜਨ ਕਰਦਿਆਂ ਇਸ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ। ਮਨੁੱਖੀ ਅਨੁਭਵ ਵਿਚ ਸਭ ਤੋਂ ਪਹਿਲਾ ਪ੍ਰਿਥਵੀ ਉਤਲੇ ਸਥਿਰ ਅਤੇ ਅਸਥਿਰ ਪਦਾਰਥ ਆਉਂਦੇ ਹਨ। ਪਹਾੜ, ਮੈਦਾਨ, ਬਾਗ ਬਗੀਚੇ, ਬ੍ਰਿਛ-ਬੂਟੇ ਵਣ ਤੇ ਬਨਸਪਤੀ ਆਦਿ ਸਥਿਰ ਪਦਾਰਥ ਹਨ। ਸਾਗਰ, ਦਰਿਆ, ਨਦੀਆਂ, ਨਾਲੇ, ਝੀਲਾਂ, ਚਸ਼ਮੇ, ਪੌਣ-ਪਾਣੀ, ਅਗਨੀ ਆਦਿਕ ਤਰਲ ਪਦਾਰਥ ਅਸਥਿਰ ਹਨ। ਤੀਜੀ ਸ਼੍ਰੇਣੀ ਵਿਚ ਅਰਸ਼ੀ ਦ੍ਰਿਸ਼, ਜਿਵੇਂ ਆਕਾਸ਼, ਪਾਤਾਲ, ਮੇਘ, ਚੰਨ, ਸੂਰਜ, ਤਾਰੇ ਊਸ਼ਾ, ਸੰਝ, ਰਾਤ ਆਦਿਕ ਹਨ। ਹਰੇਕ ਕਵੀ ਆਪਣੇ ਅਨੁਭਵ ਦੀ ਸੀਮਾ ਅਨੁਸਾਰ ਇਨ੍ਹਾਂ ਪ੍ਰਾਕਿਰਤਕ ਰੂਪਾਂ ਨੂੰ ਆਪਣੇ ਕਾਵਿ-ਨਕਸ਼ ਦੀ ਸਿਧੀ ਲਈ ਪ੍ਰਯੁਕਤ ਕਰਦਾ ਹੈ।

ਅਸੀਂ ਪਿਛਲੇ ਕਾਂਡਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਵਿਸ਼ਾਲ ਪ੍ਰਤਿਭਾ, ਰੁਚੀ ਤੇ ਤਤਕਾਲੀਨ ਚਿੰਤਨ ਮੌਲਿਕ ਕਾਵਿ-ਕਲਾਕਾਰ ਅਤੇ ਤਤਕਾਲੀਨ ਗਿਆਤ ਸੰਸਾਰ ਦਾ ਦੀਰਘ ਭ੍ਰਮਣ ਦਰਸਾ ਆਏ ਹਾਂ।

ਭ੍ਰਮਣ ਦੇ ਪੱਖੋਂ ਗੁਰੂ ਨਾਨਕ ਆਪਣੇ ਤਮਾਮ ਪੂਰਵ-ਕਾਲੀ ਤੇ ਸਮਕਾਲੀ ਭਾਰਤੀਆਂ ਵਿਚੋਂ ਨਿਸ਼ਚੇ ਹੀ ਸਰਬੋਤਮ ਹੈ। ਗੁਰੂ ਨਾਨਕ ਨੇ ਇਕ ਥਾਂ ਨਿਚਲੇ ਬੈਠ ਕੇ ਕਰਮਹੀਣ ਸਮਾਧੀਆਂ ਲਾਉਣ ਦੀ ਬਜਾਏ ਤਤਕਾਲੀਨ ਸੰਸਾਰ ਨੂੰ ਵਿਅਕਤੀਗਤ ਤੌਰ ਤੇ ਵਾਚਿਆ, ਪ੍ਰਚੱਲਤ ਦਰਸ਼ਨਾਂ ਨੂੰ ਦੇਖਿਆ, ਪਛਾਣਿਆ ਅਤੇ ਇਉਂ ਜ਼ਿੰਦਗੀ ਦੀ ਰੰਗ-ਬਿਰੰਗਤਾ ਨੂੰ ਆਪਣੇ ਕਾਵਿ-ਅਨੁਭਵ ਦਾ ਬੇਨਜ਼ੀਰ ਸਾਧਨ ਬਣਾ ਕੇ ਆਪਣੀ ਸੁਸੰਗਤ ਬਾਣੀ ਦੀ ਸਿਰਜਣਾ ਕੀਤੀ। ਇਸ ਗੁਰੂ ਨਾਨਕ ਅਨੁਭਵ ਦੀ ਵਿਸ਼ਾਲਤਾ ਦਾ ਸਿੱਟਾ ਹੀ ਹੈ ਕਿ ਉਨ੍ਹਾਂ ਦੀ ਬਾਣੀ ਵਿਚ ਕੁਦਰਤ ਆਪਣੀ ਪ੍ਰਾਪਤ ਵਿਸ਼ਾਲਤਰ ਜਾਣਕਾਰੀ ਦੇ ਰੂਪ ਵਿਚ ਅੰਕਿਤ ਹੋਈ ਮਿਲਦੀ ਹੈ।

## ਪ੍ਰਕਿਰਤੀ ਦੇ ਸਥਿਰ ਰੂਪ

ਬਾਗਿ - ਬਨ ਫੂਲੇ ਮੰਝ ਬਾਗਿ ਮੈ ਪਿਰੁ ਘਰਿ ਬਾਹੁੜੈ॥ [45]
ਫੁੱਲ - ਭਵਰਾ ਫੂਲ ਭਵੰਤਿਆ ਦੁਖ ਅਤਿ ਭਾਰੀ ਰਾਮ॥ [46]
ਚੰਦ ਕੁਮੁਦਨੀ ਦੂਰਹੁ ਨਿਰਖੈ ਸਹਿ ਅਨਭਉ ਕਾਰਨਿ ਰੇ॥ [47]

ਬ੍ਰਿਛ - ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥ [48]
ਫਲ - ਖਿਨ ਫਲੁ ਮੀਠਾ ਖਾਇ ਦਿਨ ਫਿਰਿ ਹੋਵਹਿ ਤਾਤਾ ਰਾਮ॥
ਜੀਅ ਜੰਤ - ਕੇਤੇ ਤੇਰੇ ਜੀਅ - ਜੰਤ ਸਿਫਤਿ ਕਰਹਿ ਦਿਨ ਰਾਤਿ॥
ਪਹਾੜ - ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ॥ [49]
ਕੇਸਰ - ਕੁੰਗੂ ਕੀ ਕਾਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ॥
ਚੰਦਨਿ - ਜਾਣਹੁ ਚੰਦਨਿ ਖੁਲੀਐ ਭੀ ਸਾਧੂ ਸਿਉ ਪਾਣ॥ [50]

## ਅਸਥਿਰ ਅਥਵਾ ਤਰਲ

ਦਰਿਆ - ਤੂੰ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ॥ [51]
ਨਦੀਆਂ - ਨਦੀਆਂ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ॥
ਨਾਲੇ - ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥ [52]

... ...

ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥ [53]

ਥਲ - ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ॥
ਸਰੋਵਰ - ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ॥
ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ॥
ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ॥ [54]
ਸਾਗਰ - ਗੁਰ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ॥ [55]

ਸਮੁੰਦਰ - ਉਹ ਜੇਵਡ ਸਾਇਰ ਦੇਇ ਹੁਲਾਰੀ ਬਿਜੁਲ ਜਿਵੈ ਚਮਕਾਏ॥ [56]

ਜੇਤਾ ਸਮੁੰਦ ਸਾਗਰ ਨੀਰ ਭਰਿਆ

ਤੇਤੇ ਅਉਗਣ ਹਮਾਰੇ॥ [57]

ਧਰਤੀ - ਧਰਤਿ ਰਸ ਸੋਖੇ ਸਰਬੇ ਪੋਖੇ ਭੀ ਸੋ ਕਿਰਤ ਨ ਹਾਰੇ॥ [58]

... ...

ਜਸਿਕਾ ਧਰਤਿ ਬਰਾਬਰ ਤਪੈ ਭੀਤਰ ਵਰੈ ਕਾਤੀ॥

ਪਉਣ ਪਾਣੀ - ਸ੍ਰਿਸਟਿ ਉਪਾਇ ਰਹੇ ਪ੍ਰਭ ਛਾਜੈ॥

ਪਉਣ ਪਾਣੀ ਬੈਸੰਤਰ ਗਾਜੈ॥

ਪਉਣ ਪਾਣੀ ਅਗਨੀ ਇਕ ਰੂਪਾ॥ [59]

... ..

ਰਾਤੀ ਰੁਤੀ ਥਿਤੀ ਵਾਰ॥

ਪਵਣ ਪਾਣੀ ਅਗਨੀ ਪਾਤਾਲ॥ [60]

ਖੁਸ਼ਬੋ - ਧੂਪ ਮਲਆਨਲੋ ਪਵਣੁ ਚਵਰੋ ਕਰੇ

ਸਗਲ ਬਨਰਾਇ ਫੂਲੰਤ ਜੋਤੀ॥ [61]

ਰੇਖਾ - ਰੇਖਾ ਰੰਗੁ ਨਾਹੀ ਕਪੜੁ ਰੂਪ ਸੀਗਾਰ॥ [62]

<u>ਅਰਸ਼ੀ ਬਿੰਬ</u>

ਆਕਾਸ਼ - ਆਕਾਸ਼ੀ ਪਾਤਾਲ ਤੂੰ ਤ੍ਰਿਭਵਣਿ ਰਹਿਆ ਸਮਾਇ॥ [63]

ਪਾਤਾਲ - ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ [64]

ਸੂਰਜ - ਉਗਵੈ ਸੂਰੁ ਅਸੁਰ ਸੰਘਾਰੈ॥

... ...

ਸੂਰਜ ਚੜਿਆ ਪਿੰਡੁ ਪੜਿਆ ਭਵਰ ਬੇਲੀ ਰਾਤਉ॥ [65]

ਚੰਦ - ਚੰਦ ਸੂਰਜ ਦੁਇ ਹਿਰਦੇ ਰਾਖਹਿ ਨਿਹਚਲ ਹੋਵੈ ਥਾਉ॥ [66]

ਤਾਰੇ - ਸੈਈ ਚੰਦੁ ਚੜ੍ਹਹਿ ਸੇ ਤਾਰੇ ਸੋਈ ਦਿਨੀਅਰ ਤਪਤ ਰਹੈ।।

ਬੱਦਲ - ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।।[67]

ਬਰਖਾ - ਉਨਵਿ ਘਣ ਛਾਏ ਬਰਸੁ ਸੁਹਾਏ ਮਨਿ ਤਨਿ ਪ੍ਰੇਮ ਸੁਖਾਵੈ।।

ਦਾਮਨਿ - ਪਿਰ ਘਰਿ ਨਹੀ ਆਵੈ ਮਰੀਐ ਹਾਵੈ
ਦਾਮਨਿ ਚਮਕਿ ਡਰਾਏ।।[68]

ਦਿਨ ਰਾਤ - ਬਰਸੈ ਨਿਸਿ ਕਾਲੀ ਕਿਉ ਸੁਖ ਬਾਲੀ ਦਾਦਰ ਮੋਰ ਲਵੰਤੇ।।[69]

... ...

ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ।।

... ...

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।।

ਚਾਨਣ - ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।।[70]

ਕਿਰਣ - ਪਸਰੀ ਕਿਰਣਿ ਰਸਿ ਕਮਲ ਬਿਗਾਸੇ
ਸਸਿ ਘਰਿ ਸੂਰ ਸਮਾਇਦਾ।।[71]

ਸਵੇਰ - ਸੁਬਹੀ ਸਾਲਾਹ ਜਿਨੀ ਧਿਆਇਆ ਇਕ ਮਨਿ।।[72]

... ...

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।।

ਇਨ੍ਹਾਂ ਤੋਂ ਬਿਨਾਂ ਹੋਰ ਵੀ ਅਨੇਕਾਂ, ਸਥਿਰ, ਅਸਥਿਰ, ਤਰਲ, ਆਕਾਸ਼ੀ ਤੇ ਪਾਤਾਲੀ ਪ੍ਰਾਕਿਰਤਕ ਪਦਾਰਥਾਂ ਦਾ ਗੁਰੂ- ਬਾਣੀ ਵਿਚ ਜ਼ਿਕਰ ਹੋਇਆ ਹੈ। ਸ਼ਾਇਦ ਹੀ ਕੋਈ ਪਦਾਰਥ ਅਜਿਹਾ ਹੋਵੇ ਜਿਸ ਦਾ ਵਰਨਣ ਗੁਰਬਾਣੀ ਵਿਚ ਨਾ ਆਇਆ ਹੋਵੇ।

## ਕਾਦਰ ਅਤੇ ਕੁਦਰਤ (ਪ੍ਰਮਾਤਮਾ ਤੇ ਪ੍ਰਕਿਰਤੀ)

ਕਾਦਰ ਅਤੇ ਕੁਦਰਤ ਦਾ ਇਕੱਠਾ ਜ਼ਿਕਰ ਅਨਿਵਾਰਜ ਹੈ। ਇਹ ਦੋਵੇਂ ਸ਼ਬਦ ਇਕ ਦੂਜੇ ਦੇ ਪੂਰਕ ਅਤੇ ਪਰਸਪਰ ਨਿਰਭਰ ਹਨ। ਕਾਦਰ ਕਰਕੇ ਹੀ ਕੁਦਰਤ ਹੈ ਅਤੇ ਕੁਦਰਤ ਰਾਹੀਂ ਹੀ ਕਾਦਰ ਦੀ ਹੋਂਦ ਦਾ ਪ੍ਰਕਾਸ਼ ਹੁੰਦਾ ਹੈ। ਗੁਰੂ ਜੀ ਪ੍ਰਕਿਰਤੀ ਵਿਚ ਰਮੇ ਕਾਦਰ ਤੋਂ ਬਲਿਹਾਰ ਜਾਂਦੇ ਹਨ।

ਬਲਿਹਾਰੀ ਕੁਦਰਤਿ ਵਸਿਆ
ਤੇਰਾ ਅੰਤੁ ਨਾ ਜਾਈ ਲਖਿਆ।।[73]

ਗੁਰਬਾਣੀ ਦਾ ਕੁਦਰਤ ਨਾਲ ਬੜਾ ਨੇੜੇ ਦਾ ਸੰਬੰਧ ਹੈ ਕਿਉਂਕਿ ਗੁਰੂ ਦੀ ਪਰਮਾਤਮਾ ਨੂੰ ਕਰਤਾ ਪੁਰਖ ਮੰਨਦੇ ਹਨ । ਪ੍ਰਮਾਤਮਾ ਹੀ ਸਾਰੀ ਸ੍ਰਿਸ਼ਟੀ ਦਾ ਸਿਰਜਕ ਹੈ। ਗੁਰੂ ਜੀ ਦਾ ਬ੍ਰਹਮ, ਸ੍ਰਿਸ਼ਟੀ ਜਾਂ ਪ੍ਰਕਿਰਤੀ ਰੱਚਕੇ, ਅੱਡ ਨਹੀਂ ਰਹਿੰਦਾ, ਉਹ ਤਾਂ ਸਗੋਂ ਆਪਣੀ ਰਚਨਾ ਵਿਚ ਸਦਾ ਬਿਰਾਜਮਾਨ ਰਹਿੰਦਾ ਹੈ:

ਕੁਦਰਤਿ ਕਰਿਕੈ ਵਸਿਆ ਸੋਇ।।
ਵਖਤੁ ਵੀਚਾਰੇ ਸੁ ਬੰਦਾ ਹੋਇ।।
ਕੁਦਰਤਿ ਹੈ ਕੀਮਤਿ ਨਹੀਂ ਪਾਇ।।
ਜਾ ਕੀਮਤਿ ਪਾਇ ਤਾ ਕਹੀ ਨ ਜਾਇ।।[74]

ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਤੇ ਪ੍ਰਕਿਰਤੀ ਦੇ ਪਰਸਪਰ ਸੰਬੰਧਾਂ ਬਾਰੇ ਆਪਣੇ ਸਿਧਾਂਤ ਦਾ ਨਿਰੂਪਣ ਕਰਦਿਆਂ ਹੋਇਆ ਫੁਰਮਾਇਆ ਹੈ ਕਿ ਪ੍ਰਮਾਤਮਾ ਨੇ ਆਪਣੇ ਨਿਰਗੁਣ ਸਰੂਪ ਨੂੰ ਪ੍ਰਕਿਰਤੀ ਰਾਹੀਂ ਸਰਗੁਣ ਸਰੂਪ ਵਿਚ ਮੂਰਤੀਮਾਨ ਕੀਤਾ ਹੈ ਅਤੇ ਉਸ ਵਿਚ ਆਪਣਾ ਆਸਣ ਸਥਾਪਿਤ ਕਰਕੇ, ਆਪਣੀ ਰਚਨਾ ਵਿਚ ਸਰਬ-ਵਿਆਪਕ ਹੋਕੇ, ਆਪਣੀ ਕੀਤੀ, ਕੁਦਰਤਿ ਦੀ ਲੀਲਾ ਭਾਵ ਤਮਾਸ਼ਾ ਵੇਖ ਰਿਹਾ ਹੈ। ਉਨ੍ਹਾਂ ਅਨੁਸਾਰ ਕੁਦਰਤ ਹੀ ਪ੍ਰਭੂ ਦਾ ਨਿਵਾਸ-ਅਸਥਾਨ ਹੈ। ਕਾਦਰ ਨੇ ਸਮੁੱਚੀ ਪ੍ਰਕਿਰਤੀ ਸਿਰਜਕੇ ਆਪਣੇ ਲਈ ਇਕ ਤਖਤ ਜਾਂ ਸਿੰਘਾਸਣ ਤਿਆਰ ਕੀਤਾ ਹੈ। ਵਡਹੰਸ ਰਾਗ ਵਿਚ ਗੁਰੂ ਜੀ ਲਿਖਦੇ ਹਨ:

ਖਾਣੀ ਬਾਣੀ ਤੇਰੀਆ ਦੇਹਿ ਜੀਅ ਆਧਾਰੇ।।
ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੇ।।[75]

ਸਾਰੀ ਪ੍ਰਕਿਰਤੀ ਦਾ ਸਿਰਜਣਹਾਰ ਅਤੇ ਪਾਲਣਹਾਰ ਪ੍ਰਮਾਤਮਾ ਆਪ ਹੀ ਹੈ। ਪਰਮਾਤਮਾ ਦੇ ਸਰੂਪ ਦੀ ਲਖਤਾ ਵੀ ਪ੍ਰਕਿਰਤੀ ਰਾਹੀਂ ਹੀ ਹੁੰਦੀ ਹੈ। ਪ੍ਰਮਾਤਮਾ ਅਤੇ ਪ੍ਰਕਿਰਤੀ ਇਕ ਦੂਜੇ ਨਾਲ ਇਸ ਤਰ੍ਹਾਂ ਸਬੰਧਿਤ ਹਨ ਜਿਵੇਂ ਕਲਾਕਾਰ ਅਤੇ ਉਸ ਦੀ ਕਲਾ ਇਕ ਦੂਜੇ ਨਾਲ ਸਬੰਧਿਤ ਹੁੰਦੇ ਹਨ। ਦੋਵੇਂ ਇਕ ਦੂਜੇ ਨਾਲ ਉਤਪੋਤ ਹੋਏ ਰਹਿੰਦੇ ਹਨ। ਇਕ ਦੂਜੇ ਤੋਂ ਵੱਖਰੇ ਹੁੰਦੇ ਹੋਏ ਵੀ ਇਕ ਦੂਜੇ ਵਿਚ ਸਮਾਏ ਰਹਿੰਦੇ ਹਨ।

ਜਿਨਿ ਜਗ ਸਿਰਜ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ।।
ਸਚੜਾ ਦੂਰਿ ਨ ਭਾਲਿਹੁ ਘਟਿ ਘਟਿ ਸਬਦੁ ਪਛਾਣੋਵਾ।।[76]

- ਵਡਹੰਸ ਅਲਾਹੁਣੀਆ।

ਗੁਰੂ ਨਾਨਕ ਦੇਵ ਜੀ ਜਦੋਂ ਪਰਮਾਤਮਾ ਦੇ ਪ੍ਰਕਿਰਤੀ ਅੰਦਰ ਰਮੇ ਹੋਏ ਕਿਸੇ ਸਰੂਪ ਦੀ ਗੱਲ ਕਰਦੇ ਹਨ ਤਾਂ ਪ੍ਰਕਿਰਤੀ ਦਾ ਜ਼ਿਕਰ ਆਪਣੇ ਆਪ ਹੀ ਹੋ ਜਾਂਦਾ ਹੈ ਅਤੇ ਪ੍ਰਕਿਰਤੀ ਦੇ ਕਿਸੇ ਰੂਪ ਦੀ ਗੱਲ ਕਰਦਿਆਂ ਪ੍ਰਭੂ ਸਰੂਪ ਦੀ ਅਨੁਭੂਤੀ ਵੀ ਸਹਿਜੇ ਹੀ ਹੋ ਜਾਂਦੀ ਹੈ।[77] ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਵਰਨਣ ਪ੍ਰਭੂ-ਵਿਹੀਨ ਨਹੀਂ ਕਿਉਂਕਿ ਗੁਰੂ ਜੀ ਦੀ ਬਾਣੀ ਵਿਚ ਪ੍ਰਭੂ-ਵਿਹੀਨ ਪ੍ਰਕਿਰਤੀ ਦੀ ਕੋਈ ਥਾਂ ਤੇ ਵਿਸ਼ੇਸ਼ਤਾ ਨਹੀਂ ਹੈ।

ਪਰਮਾਤਮਾ ਤੇ ਪ੍ਰਕਿਰਤੀ ਦੇ ਪ੍ਰਸਪਰ ਸੰਬੰਧਾਂ ਪ੍ਰਤਿ ਇਕ ਹੋਰ ਸਿਧਾਂਤ ਵੀ ਗੁਰੂ ਬਾਣੀ ਵਿਚ ਨਿਰਮਿਤ ਹੋਇਆ ਉਪਲਬਧ ਹੈ। ਗੁਰੂ ਜਿਥੇ ਪ੍ਰਕਿਰਤੀ ਦਾ ਮੂਲ ਪਰਮ ਤੱਤ ਨੂੰ ਮੰਨਦੇ ਹਨ, ਉਥੇ ਪ੍ਰਕਿਰਤੀ ਦਾ ਅੰਤ ਵੀ ਪਰਮ-ਤੱਤ ਨੂੰ ਹੀ ਸਵੀਕਾਰਦੇ ਹਨ ਭਾਵ ਪ੍ਰਕਿਰਤੀ ਉਤਪੰਨ ਵੀ ਸੱਚ ਤੋਂ ਹੋਈ ਅਤੇ ਇਸ ਨੇ ਅੰਤ ਨੂੰ ਸਮਾਉਣਾ ਵੀ ਸੱਚ ਵਿਚ ਹੀ ਹੈ:

ਜਿਸ ਤੇ ਉਪਜੈ ਤਿਸ ਤੇ ਬਿਨਸੈ
ਘਟਿ ਘਟਿ ਸਚੁ ਭਰਪੂਰਿ।।
ਆਪੇ ਮੇਲਿ ਮਿਲਾਵਹੀ ਸਚੇ ਮਹਲਿ ਹਦੂਰਿ।।[78]

ਸਿਰੀ ਰਾਗ ਮ: 1

... ...

ਸ੍ਰਿਸਟਿ ਉਪਾਇ ਰਹੇ ਪ੍ਰਭ ਛਾਜੈ।।
ਪਉਣ ਪਾਣੀ ਬੈਸੰਤਰੁ ਗਾਜੈ।।

ਪ੍ਰਕਿਰਤੀ ਨੂੰ ਪਰਮਾਤਮਾ ਦੀ ਰਚਨਾ ਦਰਸਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਰਾਗ ਗੂਜਰੀ ਵਿਚ ਲਿਖਦੇ ਹਨ ਕਿ ਸੂਰਜ, ਚੰਦਰਮਾ, ਦੀਪਕ ਅਤੇ ਤ੍ਰਿਭਵਣ ਸਭ ਪ੍ਰਭੂ ਦੇ ਨਿਰਮਾਣ ਕੀਤੇ ਹੋਏ ਪਿੰਡ ਹਨ ਤੇ ਇਨ੍ਹਾਂ ਵਿਚ ਉਸ ਦੀ ਪਰਮ ਜੋਤੀ ਪ੍ਰਜਵਲਤ ਹੈ:

ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ
ਏਕਾ ਜੋਤਿ ਮੁਰਾਰਿ।।[79]

ਰਾਗ ਗੂਜਰੀ ਮਹੱਲਾ 1

ਸਰਬ - ਵਿਆਪਕ, ਘਟ ਘਟ ਵਿਚ ਪ੍ਰਵਿਸ਼ਟ ਪ੍ਰਭੂ ਦਾ ਅਨੁਭਵ ਹਰ ਵਿਅਕਤੀ ਨੂੰ ਨਹੀਂ ਹੋ ਸਕਦਾ ਪਰ ਅਧਿਆਤਮਿਕ ਅਨੁਭਵ ਵਾਲਾ ਇਸ ਰਹੱਸ ਨੂੰ ਬੁਝ ਲੈਂਦਾ ਹੈ ਅਤੇ ਉਸ ਨੂੰ ਪ੍ਰਕਿਰਤੀ ਦੇ ਕਣ ਕਣ 'ਚੋਂ "ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰ; ਸਾਚਾ ਠਾਕਰ ਤ੍ਰਿਭਵਣ ਮੇਰਾ, ਘਟਿ ਘਟਿ ਰਵਿ ਰਹਿਆ ਬਨਵਾਰੀ, ਸਰਬ ਜੋਤਿ ਤੇਰੀ ਪਸਰਿ ਰਹੀ ਦਾ ਅਹਿਸਾਸ ਹੋ ਜਾਂਦਾ ਹੈ।

ਪ੍ਰਮਾਤਮਾ ਅਤੇ ਪ੍ਰਕਿਰਤੀ ਬਾਰੇ ਗੁਰੂ ਨਾਨਕ ਦੀ ਵਿਚਾਰਧਾਰਾ ਸਪੱਸ਼ਟ ਹੈ। ਉਨ੍ਹਾਂ ਅਨੁਸਾਰ ਪਰਮਾਤਮਾ ਪ੍ਰਕਿਰਤੀ ਦਾ ਸਾਜਨਹਾਰ ਵੀ ਹੈ ਤੇ ਸੰਘਾਰ ਕਰਤਾ ਵੀ। ਸਾਰੀ ਪ੍ਰਕਿਰਤੀ ਪਰਮਾਤਮਾ ਦੀ ਰਚਨਾ ਹੈ, ਭਾਵ ਪਰਮਾਤਮਾ ਦੀ ਕੀਤੀ ਹੋਈ ਹੈ। ਇਹ ਆਪਣੇ ਆਪ ਤੋਂ ਨਹੀਂ ਅਤੇ ਨਾ ਹੀ ਇਸ ਦੀ ਕੋਈ ਵੱਖਰੀ ਸੱਤਾ ਹੈ। ਵੇਖਣ ਵਿਚ ਭਾਵੇਂ ਪ੍ਰਕਿਰਤੀ ਸੁਤੰਤਰ ਤੇ ਇਸ ਦੇ ਨਿਯਮ ਅਟੱਲ ਪ੍ਰਤੀਤ ਹੁੰਦੇ ਹਨ ਪਰੰਤੂ ਇਹ ਸਭ ਕੁਝ ਪਰਮਾਤਮਾ ਦੇ ਹੁਕਮ ਦਾ ਹੀ ਖੇਡ ਹੈ। ਹੁਕਮ ਨਾਲ ਪ੍ਰਕਿਰਤੀ ਉਪਜਦੀ, ਵਿਗਸਦੀ ਤੇ ਵਿਨਾਸ਼ ਹੁੰਦੀ ਹੈ। ਪ੍ਰਕਿਰਤੀ ਪ੍ਰਭੂ ਦੀ ਖੇਡ ਹੈ। ਉਹ ਇਸ ਨੂੰ ਰਚਣ ਤੇ ਸਮੇਟਣ ਦੀ ਸਮਰੱਥਾ ਰੱਖਦਾ ਹੈ।

## ਪ੍ਰਕਿਰਤੀ ਦਾ ਸਿਰਜਨਾ - ਸਿਧਾਂਤ

ਪ੍ਰਕਿਰਤੀ ਤੱਤਾਂ ਦਾ ਉਤਪੰਨਹਾਰਾ ਪ੍ਰਭੂ ਆਪ ਹੈ। ਪ੍ਰਕਿਰਤੀ ਹੋਂਦ ਤੋਂ ਪਹਿਲਾਂ ਆਪਣੇ ਅਸਲੇ ਵਿਚ ਹੀ ਸਮਾਈ ਹੋਈ ਸੀ। ਪਰਮਾਤਮਾ ਦਾ ਨਿਰਗੁਣ ਸਰੂਪ ਅਫੁਰ ਅਵਸਥਾ ਵਾਲਾ ਸੀ। ਗੁਰੂ ਨਾਨਕ ਜੀ ਨੇ ਇਸ ਨੂੰ ਸੱਚ ਦਾ ਨਾਂ ਦਿੱਤਾ ਹੈ। ਇਹ ਸੱਚ ਤ੍ਰੈਕਾਲ ਅਤੀਤ ਤੇ ਸਰਬ-ਵਿਆਪੀ ਹੈ ਅਤੇ ਇਸ ਸੱਚ ਤੋਂ ਹੀ ਪ੍ਰਕਿਰਤੀ ਪੈਦਾ ਹੋਈ ਹੈ :

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।
ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤ ਸਮੋਇ।।[80]
ਸ੍ਰੀ ਰਾਗ ਮਹੱਲਾ ੧

ਸਾਰਾ ਪਸਾਰਾ ਰਚਕੇ ਪਰਮਾਤਮਾ ਆਪ ਅਦ੍ਰਿਸ਼ਟ ਤੇ ਅਲਿਪਤ ਰਿਹਾ ਹੈ। ਵਿਰੋਧੀ ਤੱਤਾਂ ਦੀ ਸੁਮੇਲਤਾ ਕਰਨ ਵਿਚ ਪ੍ਰਭੂ ਨੇ ਮਨੁੱਖੀ ਬੁਧੀ ਨੂੰ ਚਕ੍ਰਿਤ ਕਰਨ ਵਾਲਾ ਕਮਾਲ ਕੀਤਾ ਹੋਇਆ ਹੈ। ਗੁਰੂ ਨਾਨਕ ਦਾ ਇਨ੍ਹਾਂ ਪ੍ਰਾਕਿਰਤਕ ਤੱਤਾਂ ਦੀ ਹੋਂਦ ਬਾਰੇ ਦ੍ਰਿਸ਼ਟੀਕੋਣ ਵਿਗਿਆਨਕ ਹੈ।[81]

ਪਉਣ ਉਪਾਇ ਧਰੀ ਸਭ ਧਰਨਾ
ਜਲ ਅਗਨੀ ਕਾ ਬੰਧੁ ਕੀਆ।[82]
ਰਾਗ ਆਸਾ ਮਹੱਲਾ ੧

ਅਗਨੀ ਅਤੇ ਪਾਣੀ ਦੋਵੇਂ ਪਰਸਪਰ ਵਿਰੋਧੀ ਤੱਤ ਹਨ ਅਤੇ ਪ੍ਰਕਿਰਤੀ ਅਤੇ ਮਨੁੱਖ ਅਥਵਾ ਬ੍ਰਹਿਮੰਡ ਤੇ ਪਿੰਡ ਵਿਚ ਇਨ੍ਹਾਂ ਦਾ ਵਾਸਾ ਇਕ ਥਾਂ ਹੀ ਹੈ। ਪਰਮਾਤਮਾ ਆਪਣੇ ਇਸ ਕੌਤਕ ਨੂੰ ਆਪ ਜਾਣਦਾ, ਵੇਖਦਾ ਤੇ ਵੇਖ ਵੇਖੀ ਵਿਗਸਦਾ ਹੈ। ਗੁਰੂ ਜੀ ਰਾਗ ਆਸਾ ਵਿਚ ਫੁਰਮਾਉਂਦੇ ਹਨ।

ਪਪੈ ਪਾਤਿਸਾਹੁ ਪਰਮੇਸਰ ਵੇਖਣ ਕਉ ਪਰਪੰਚੁ ਕੀਆ।।

ਪ੍ਰਾਕਿਰਤਕ ਤੱਤਾਂ ਦੇ ਵਜੂਦ ਵਿਚ ਆਉਣ ਤੋਂ ਪਹਿਲਾਂ ਦੀ ਅਵਸਥਾ ਨੂੰ ਗੁਰੂ ਜੀ ਇਉਂ ਬਿਆਨਦੇ ਹਨ:

ਜਲੁ ਥਲੁ ਧਰਣਿ ਗਗਨੁ ਤਹਿ ਨਾਹੀ
ਆਪੇ ਆਪੁ ਕੀਆ ਕਰਤਾਰ।।
ਨ ਤਦ ਮਾਇਆ ਮਗਨੁ ਨ ਛਾਇਆ
ਨ ਸੂਰਜ ਚੰਦ ਨ ਜੋਤਿ ਅਪਾਰ।। [83]

ਇਹ ਅਵਸਥਾ 'ਸੁੰਨ' ਦੀ ਅਵਸਥਾ ਸੀ। ਹਰ ਪਾਸੇ ਅੰਧਕਾਰ ਪਸਰਿਆ ਹੋਇਆ ਸੀ ਅਤੇ ਪਰਮਾਤਮਾ ਸੁੰਨ ਅਥਵਾ ਅਫੁਰ ਅਵਸਥਾ ਵਿਚ ਬਿਰਾਜਮਾਨ ਸੀ। ਗੁਰੂ ਜੀ ਨੇ ਇਸ ਸਮੇਂ ਦਾ ਬੜਾ ਸੁੰਦਰ ਤੇ ਦਰਸ਼ਾਵਕ ਚਿਤ੍ਰ ਪ੍ਰਸਤੁਤ ਕੀਤਾ ਹੈ:

ਅਰਬਦ ਨਰਬਦ ਧੁੰਧੂਕਾਰਾ।
ਧਰਣਿ ਨ ਗਗਨਾ ਹੁਕਮੁ ਅਪਾਰਾ।।
ਨ ਦਿਨੁ ਰੈਣਿ ਨ ਚੰਦ ਨਾ ਸੂਰਜ
ਸੁੰਨ ਸਮਾਧਿ ਲਗਾਇਦਾ।।
ਖਾਣੀ ਨ ਬਾਣੀ ਪਉਣ ਨ ਪਾਣੀ।।
ਓਪਤਿ ਖਪਤਿ ਨ ਆਵਣ ਜਾਣੀ।
ਖੰਡ ਪਤਾਲ ਸਪਤ ਨਹੀ ਸਾਗਰ
ਨਦੀ ਨ ਨੀਰੁ ਵਹਾਇਦਾ।
ਨ ਤਦਿ ਸੁਰਗੁ ਮਛੁ ਪਇਆਲਾ।
ਦੋਜਕੁ ਭਿਸਤੁ ਨਹੀ ਖੈ ਕਾਲਾ।।
ਨਰਕੁ ਸਰਗੁ ਨਹੀ ਜੰਮਣਾ ਮਰਣਾ
ਨਾ ਕੋ ਆਇ ਨ ਜਾਇਦਾ।।

ਬ੍ਰਹਮਾ ਬਿਸਨੁ ਮਹੇਸ ਨ ਕੋਈ।
ਅਵਰੁ ਨ ਦੀਸੈ ਏਕੋ ਸੋਈ।
ਨਾਰਿ ਪੁਰਖਿ ਨਹੀ ਜਾਤਿ ਨ ਜਨਮਾ
ਨਾ ਕੋ ਦੁਖੁ ਸੁਖੁ ਪਾਇਦਾ।।
ਨ ਤਦਿ ਜਤੀ ਸਤੀ ਬਨਵਾਸੀ।
ਨ ਤਦਿ ਸਿਧ ਸਾਧਿਕ ਸੁਖੁ ਵਾਸੀ।
ਜੋਗੀ ਜੰਗਮ ਭੇਖੁ ਨ ਕੋਈ
ਨ ਕੋ ਨਾਥ ਕਹਾਇਦਾ।।
ਜਪੁ ਤਪੁ ਸੰਜਮ ਨ ਬ੍ਰਤ ਪੂਜਾ।
ਨ ਕੋ ਆਖਿ ਵਖਾਣੈ ਦੂਜਾ।।
ਆਪੇ ਆਪਿ ਉਪਾਇ ਵਿਗਸੈ
ਆਪੇ ਕੀਮਤ ਪਾਇਦਾ।।
ਨ ਸੁਚਿ ਸੰਜਮੁ ਤੁਲਸੀ ਮਾਲਾ।।
ਗੋਪੀ ਕਾਨ੍ਹੁ ਨ ਗਊ ਗੋਪਾਲਾ।।
ਤੰਤੁ ਮੰਤੁ ਪਾਖੰਡੁ ਨ ਕੋਈ
ਨ ਕੋ ਵੰਸ ਵਜਾਇਦਾ।।
ਕਰਮ ਧਰਮ ਨਹੀ ਮਾਇਆ ਮਾਖੀ।
ਜਾਤਿ ਜਨਮੁ ਨਹੀ ਦੀਸੈ ਆਖੀ।।
ਮਮਤਾ ਜਾਲੁ ਕਾਲੁ ਨਹੀ ਮਾਥੈ
ਨ ਕੋ ਕਿਸੈ ਧਿਆਇਦਾ।।
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ।।
ਨ ਤਦਿ ਗੋਰਖੁ ਨ ਮਾਛਿੰਦੋ।।
ਨ ਤਦਿ ਗਿਆਨੁ ਧਿਆਨੁ ਕੁਲ ਓਪਤਿ
ਨ ਕੋ ਗਣਿਤ ਗਣਾਇਦਾ।।

... ... ...

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ।
ਬਾਝੁ ਕਲਾ ਆਡਾਣੁ ਰਹਾਇਆ।।
ਬ੍ਰਹਮਾ ਬਿਸਨੁ ਮਹੇਸੁ ਉਪਾਏ

ਮਾਇਆ ਮੋਹੁ ਵਧਾਇਦਾ ॥

ਖੰਡ ਬ੍ਰਹਮੰਡ ਪਾਤਾਲ ਅਰੰਭੇ

ਗੁਪਤਹੁ ਪਰਗਟੀ ਆਇਦਾ ॥[84]

ਪਰਮਾਤਮਾ ਨੇ ਇਹ ਸਾਰੀ ਰਚਨਾ ਸਵੈ-ਇੱਛਾ ਅਧੀਨ ਹੀ ਕੀਤੀ ਹੈ। ਉਸ ਨੇ ਰਚਨਾ ਰਚਨ ਵੇਲੇ ਕਿਸੇ ਵੀ ਹੋਰ ਸੱਤਾ-ਸ਼ਕਤੀ ਦਾ ਸਹਾਰਾ ਨਹੀਂ ਲਿਆ ਕਿਉਂਕਿ ਪਰਮਾਤਮਾ ਤੋਂ ਛੁਟ ਹੋਰ ਦੂਜਾ ਕੋਈ ਹੈ ਹੀ ਨਹੀਂ। ਪਰਮਾਤਮਾ ਇਕ ਅਤੇ ਕੇਵਲ ਇਕ ਹੀ ਸਮਰਥਾਵਾਨ ਸ਼ਕਤੀ ਹੈ। ਇਹ ਤਾਂ ਉਸ ਦੇ ਨਿਰਗੁਣ ਦਾ ਸਰਗੁਣ ਪ੍ਰਗਟਾਵਾ ਹੀ ਹੈ:

ਆਪੇ ਆਪੁ ਉਪਾਇ ਨਿਰਾਲਾ ॥

ਸਾਚਾ ਥਾਨ ਕੀਓ ਦਇਆਲਾ ॥

ਪਉਣ ਪਾਣੀ ਅਗਨੀ ਕਾ ਬੰਧਨ

ਕਾਇਆ ਕੋਟੁ ਰਚਾਇਦਾ ॥

... ...

ਰਵਿ ਸਸਿ ਦੀਪਕ ਜੋਤਿ ਸਬਾਈ

ਆਪੇ ਕਰਿ ਵੇਖੈ ਵਡਿਆਈ ॥

ਗੁਰੂ ਜੀ ਨੇ ਇਸ ਸੁੰਨ ਅਵਸਥਾ ਦਾ ਹੋਰ ਸਪੱਸ਼ਟਤਾ ਤੇ ਵਿਸਤਾਰਤਾ ਸਹਿਤ ਉਲੇਖ ਕੀਤਾ ਹੈ:

ਸੁੰਨ ਕਲਾ ਅਪਰੰਪਰ ਧਾਰੀ ॥

ਆਪਿ ਨਿਰਾਲਮੁ ਅਪਰ ਅਪਾਰੀ ॥

ਆਪੇ ਕੁਦਰਤਿ ਕਰਿ ਕਰਿ ਦੇਖੈ

ਸੁੰਨਹੁ ਸੁੰਨ ਉਪਾਇਦਾ ॥

ਪਉਣ ਪਾਣੀ ਸੁੰਨੈ ਤੇ ਸਾਜੇ ॥

ਸ੍ਰਿਸਟਿ ਉਪਾਇ ਕਾਇਆ ਗੜ੍ਹ ਰਾਜੇ ॥

ਅਗਨਿ ਪਾਣੀ ਜੀਉ ਜੋਤਿ ਤੁਮਾਰੀ

ਸੁੰਨੇ ਕਲਾ ਰਹਾਇਦਾ ॥

... ... ...

ਸੁੰਨਹੁ ਚੰਦੁ ਸੂਰਜੁ ਗੈਣਾਰੇ ॥

ਤਿਸ ਕੀ ਜੋਤਿ ਤ੍ਰਿਭਵਣ ਸਾਰੇ ॥

ਸੁੰਨਹੁ ਧਰਤਿ ਅਕਾਸੁ ਉਪਾਏ।।
ਬਿਨੁ ਥੰਮਾ ਰਾਖੇ ਸਚੁ ਕਲ ਪਾਏ।।

... ...

ਸੁੰਨਹੁ ਸਪਤ ਪਾਤਾਲ ਉਪਾਏ।।
ਸੁੰਨਹੁ ਭਵਣ ਰਾਖੇ ਲਿਵ ਲਾਏ।।

... ...

ਸੁੰਨਹੁ ਉਪਜੇ ਦਸ ਅਵਤਾਰਾ।।
ਸ੍ਰਿਸਟਿ ਉਪਾਇ ਕੀਆ ਪਾਸਾਰਾ।

ਗੁਰੂ ਸਾਹਿਬ ਦੀ ਪ੍ਰਕਿਰਤੀ ਦੀ ਹੋਂਦ ਸੰਬੰਧੀ ਵਿਚਾਰਧਾਰਾ ਮੌਲਿਕ ਅਤੇ ਨਵੀਨ ਹੈ ਜਿਸ ਨੂੰ ਉਨ੍ਹਾਂ ਤੋਂ ਪਿਛਲੇਰੇ ਸਮੇਂ ਦੀਆਂ ਵਿਸ਼ਾਲ ਵਿਗਿਆਨਿਕ ਖੋਜਾਂ ਨੇ ਦਰੁਸਤ ਪ੍ਰਮਾਣਿਤ ਕਰ ਦਿੱਤਾ ਹੈ। ਭਾਵੇਂ ਗੁਰੂ ਨਾਨਕ ਵਿਗਿਆਨੀ ਸ਼ਬਦ ਆਧੁਨਿਕ ਅਰਥਾਂ ਅਨੁਸਾਰ ਵਿਗਿਆਨੀ ਨਹੀਂ ਸਨ ਪਰ ਅਸੀਂ ਉਨ੍ਹਾਂ ਦੇ ਦਰੁਸਤ, ਢੁਕਵੇਂ ਤੇ [illegible] ਵਿਗਿਆਨਿਕ ਸੰਕਲਪਾਂ ਦੇ ਆਧਾਰ ਉੱਤੇ ਵਿਗਿਆਨੀ ਦਾਰਸ਼ਨਿਕ ਸਾਹਿੱਤਕਾਰ ਕਹਿ ਸਕਦੇ ਹਾਂ। ਗੁਰੂ ਨਾਨਕ ਬਾਣੀ ਵਿਆਪਕ ਪੱਧਰ ਉੱਤੇ ਇਕ ਸਜੀਵ ਜੀਵਨ-ਦਰਸ਼ਨ ਦੀ ਸਿਰਜਣਾ ਕਰਨ ਵਿਚ ਸਮਰੱਥ ਸਾਬਤ ਹੋਈ ਹੈ, ਜਿਸ ਦਾ ਅਸਲ ਆਧਾਰ ਉਨ੍ਹਾਂ ਦਾ ਪ੍ਰਕਿਰਤੀ ਦੇ ਵਿਸ਼ਾਲ ਪਸਾਰੇ ਸੰਬੰਧੀ ਦ੍ਰਿਸ਼ਟੀਕੋਣ ਦਾ ਦਾਰਸ਼ਨਿਕ, ਤਰਕਸ਼ੀਲ, ਮੈਤਕੀ ਅਤੇ ਸਮਰਥਨੀ ਹੋਣਾ ਸੀ :

ਕਹਣਾ ਹੈ ਕਿਛੁ ਕਹਣੁ ਨਾ ਜਾਇ
ਤਉ ਕੁਦਰਤਿ ਕੀਮਤਿ ਨਹੀ ਪਾਇ।।

ਗੁਰੂ ਜੀ ਨੇ ਭਾਵੇਂ ਪ੍ਰਕਿਰਤੀ ਦੇ ਰਚਨਾ ਕਾਲ ਦਾ ਨਿਸ਼ਚਿਤ ਰੂਪ ਵਿਚ ਨਿਰਣਾ ਕਰਨਾ ਇਕ [illegible] ਵਿਅਰਥ ਕਰਮ ਦਸਿਆ ਹੈ ਪਰ ਫਿਰ ਵੀ ਇਸ ਦਾ ਮਤਲਬ ਇਹ ਨਹੀਂ ਕਿ ਉਹ ਪ੍ਰਕਿਰਤੀ ਦੇ ਅਨੰਤ ਹੋਣ ਸੰਬੰਧੀ ਕਿਸੇ ਸ਼ੰਕੇ ਵਿਚ ਹਨ। ਜਪੁਜੀ ਦੇ ਅੰਤਰਗਤ, ਸੱਚਖੰਡ ਦਾ ਵਰਣਨ ਕਰਨ ਸਮੇਂ ਨਿਰਾਕਾਰ ਤੋਂ ਆਕਾਰ ਧਾਰਨ ਦੀ ਪ੍ਰਕਿਰਿਆ ਨੂੰ ਗੁਰੂ ਜੀ ਨੇ ਅਤਿਅੰਤ ਸਫਲਤਾ ਸਹਿਤ ਕਲਾਤਮਿਕ ਵਿਧੀ ਰਾਹੀਂ ਉਜਾਗਰ ਕੀਤਾ ਹੈ:

ਸਚ ਖੰਡਿ ਵਸੈ ਨਿਰੰਕਾਰ।।
ਕਰਿ ਕਰਿ ਵੇਖੈ ਨਦਰਿ ਨਿਹਾਲ।।
ਤਿਥੈ ਖੰਡ ਮੰਡਲ ਵਰਭੰਡ।।
ਜੇ ਕੋ ਕਥੈ ਤੇ ਅੰਤ ਨ ਅੰਤ।।

ਤਿਥੈ ਲੋਅ ਲੋਅ ਆਕਾਰ।।
ਜਿਵ ਜਿਵ ਹੁਕਮ ਤਿਵੈ ਤਿਵ ਕਾਰ।।
ਵੇਖੈ ਵਿਗਸੈ ਕਰਿ ਵੀਚਾਰ।।
ਨਾਨਕ ਕਥਨਾ ਕਰੜਾ ਸਾਰ।।

ਇਕ ਹੋਰ ਥਾਂ ਫੁਰਮਾਉਦੇ ਹਨ ।

ਪੁਛਿ ਨਾ ਸਾਜੇ ਪੁਛਿ ਨਾ ਢਾਹੇ
ਪੁਛਿ ਨਾ ਲੇਵੈ ਦੇਇ।।
ਆਪਣੀ ਕੁਦਰਤਿ ਆਪੇ ਜਾਣੈ
ਆਪੇ ਕਰਣੁ ਕਰੇਇ।।

ਪ੍ਰਕਿਰਤੀ ਦੇ ਜਨਮ ਅਤੇ ਵਿਕਾਸ ਸਬੰਧੀ ਭਾਰਤੀ ਦਰਸ਼ਨ ਸ਼ਾਸਤ੍ਰਾਂ ਵਿਚ ਵਿਸਤਾਰ ਸਹਿਤ ਵਿਆਖਿਆ ਮਿਲਦੀ ਹੈ। ਨਿਰਾਕਾਰ, ਆਕਾਰ ਰੂਪ ਵਿਚ ਕਦੋਂ ਕਿਵੇਂ ਅਤੇ ਕਿਸ ਤਰ੍ਹਾਂ ਆਇਆ, ਆਦਿ ਪ੍ਰਸ਼ਨਾਂ ਦਾ ਸਮਾਧਾਨ ਕਰਨ ਹਿੱਤ ਅਨੇਕਾਂ ਸਿਧਾਂਤ ਘੜੇ ਗਏ। ਪ੍ਰੋ. ਰਾਮ ਸਿੰਘ ਅਨੁਸਾਰ ਵੈਦਿਕ ਕਾਲ ਵਿਚ ਪ੍ਰਕਿਰਤੀ ਦੇ ਹੋਂਦ ਵਿਚ ਆਉਣ ਦਾ ਮਸਲਾ ਆਰੰਭ ਹੋਇਆ ਅਤੇ ਕਈ ਇਤਿਹਾਸਿਕ ਆੜਤਾਂ ਘੜਦਾ ਵੇਦਾਂਤ ਦੇ ਮਾਇਆ ਸਿਧਾਂਤ, ਸਾਂਖ ਦੇ ਰਜੋ, ਤਮੋ, ਸਤੋ ਤਿੰਨਾਂ ਗੁਣਾਂ ਦਾ ਸੰਤੁਲਨ ਹਿਲ ਜਾਣ ਦੇ ਸਿਧਾਂਤ, ਵੈਸ਼ੇਸ਼ਕ ਸ਼ਾਸਤ੍ਰ ਦੇ ਅਣੂ-ਪ੍ਰਮਾਣੂ ਦੇ ਸੰਜੋਗ ਦੇ ਸਿਧਾਂਤ ਤੇ ਸ਼ੈਵ-ਸ਼ਾਕਤ ਮੱਤ ਦੀ ਤ੍ਰਿਕਾ ਸ਼ਾਖ ਦੇ ਆਣਵਮਲ, ਕਰਮਮਲ, ਮਾਈਯਮਲ ਦੇ ਸਿਧਾਂਤ ਦੇ ਰੂਪ ਵਿਚ ਵੰਨ-ਸੁਵੰਨੇ ਹੱਲ ਪੇਸ਼ ਕਰਦਾ ਰਿਹਾ ਹੈ । ਪੰਜ ਤੱਤ, ਪੰਜੀ ਤੱਤ, ਛੱਤੀ ਤੱਤ ਆਦਿਕ ਕਈ ਤਤ-ਗਿਣਤੀਆਂ ਸਾਕਾਰ ਪ੍ਰਕਿਰਤੀ ਦੀ ਬਣਤਰ ਦੀ ਵਿਆਖਿਆ ਲਈ ਵਰਤੀਆਂ ਗਈਆਂ ਹਨ। ਗੁਰੂ ਨਾਨਕ ਦੇਵ ਜੀ ਅਜਿਹੇ ਮਸਲਿਆਂ ਦੀਆਂ ਬਹਿਸਾਂ ਵਿਚ ਪੈ ਕੇ ਵਾਦ-ਵਿਵਾਦ ਨਹੀਂ ਛੇੜਦੇ। ਪ੍ਰਕਿਰਤੀ ਨੂੰ ਅਨਾਦੀ ਨਾ ਮੰਨਣ ਕਰਕੇ ਸਾਂਖ ਮੱਤ ਨਾਲ ਉਨ੍ਹਾਂ ਦਾ ਮਤ-ਭੇਦ ਤਾਂ ਸਪੱਸ਼ਟ ਹੈ। ਸ਼ੈਵ ਮੱਤ ਦੇ ਇਤਿਹਾਸ ਤੇ ਦਾਰਸ਼ਨਿਕ ਸਿਧਾਂਤਾਂ ਦੀ ਝਲਕ ਵੇਖੀ ਜਾ ਸਕਦੀ ਹੈ।[85]

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।।

ਗੁਰੂ ਨਾਨਕ ਪ੍ਰਕਿਰਤੀ ਰਚਨਾ ਕਾਲ ਦੇ ਸਮੇਂ ਸਬੰਧੀ ਉਪਰੋਕਤ ਮੱਤਾਂ ਦੇ ਵਾਦ-ਵਿਵਾਦ ਨੂੰ ਇਹ ਕਹਿ ਕੇ ਖ਼ਤਮ ਕਰ ਦਿੰਦੇ ਹਨ ਕਿ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣੁ ਥਿਤਿ ਕਵਣੁ ਵਾਰੁ।।
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।।
ਵੇਲ ਨਾ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।
ਵਖਤੁ ਨਾ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।
ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ।
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ।

<u>ਪ੍ਰਕਿਰਤੀ ਤੇ ਤ੍ਰੈਗੁਣ</u>

ਪ੍ਰਕਿਰਤੀ ਤ੍ਰੈਗੁਣਾਤਮਿਕ ਹੈ। ਪ੍ਰਕਿਰਤੀ ਦਾ ਕਾਰਜ-ਖੇਤਰ ਰਜਸ, ਸਤਵ ਤੇ ਤਾਮਸ ਗੁਣਾਂ ਦਾ ਪਸਾਰਾ ਹੈ। ਸਾਂਖ ਤੇ ਜੋਗ ਸ਼ਾਸਤ੍ਰ ਵੀ ਮਹੱਤ ਗੁਣਾਂ ਦੇ ਸੰਜੋਗ ਦਾ ਕਾਰਨ ਮੰਨਦੇ ਹਨ। ਪ੍ਰਕਿਰਤੀ ਤਿੰਨਾਂ ਗੁਣਾਂ ਦਾ ਸੁਮੇਲ ਹੈ । ਤਿੰਨ ਗੁਣ ਹੀ ਪ੍ਰਕਿਰਤੀ ਹਨ। ਪ੍ਰਕਿਰਤੀ ਅਤੇ ਤਿੰਨਾਂ ਗੁਣਾਂ ਦਾ ਅਟੁੱਟ ਤੇ ਅਨਿਖੜਵਾਂ ਸਬੰਧ ਹੈ ਕਿਉਂਕਿ ਪ੍ਰਕਿਰਤੀ ਦੀ ਉਤਪਤੀ ਇੰਨ੍ਹਾਂ ਤਿੰਨਾਂ ਗੁਣਾਂ ਕਾਰਨ ਹੀ ਹੋਈ ਮੰਨੀ ਜਾਂਦੀ ਹੈ।[86] ਇਸ ਲਈ ਮਾਇਆ ਰੂਪੀ ਪ੍ਰਕਿਰਤੀ ਦੇ ਤਿੰਨ ਗੁਣ ਹੀ ਵਿਸ਼ੇਸ਼ ਹਨ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਤਿੰਨਾਂ ਗੁਣਾਂ ਦੀ ਉਤਪਤੀ ਦਾ ਕਾਰਨ ਬ੍ਰਹਮ ਨੂੰ ਹੀ ਮੰਨਿਆ ਹੈ:

ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ।
ਆਪੇ ਖੇਲ ਰਚਾਇਓਨ ਸਭ ਜਗਤ ਸਬਾਇਆ।
ਤ੍ਰੈ ਗੁਣ ਆਪੁ ਸਿਰਜਿਅਨੁ ਮਾਇਆ ਮੋਹ ਵਧਾਇਆ।।

... ... ...

ਆਪੇ ਜਗਤ ਉਪਾਇਕੈ ਗੁਣ ਅਵਗੁਣ ਕਰੇ ਬੀਚਾਰੁ।।
ਤ੍ਰੈਗੁਣ ਸਰਬ ਜੰਜਾਲੁ ਹੈ ਨਾਮਿ ਨ ਧਰੇ ਪਿਆਰ।।[87]

- ਪ੍ਰਕਿਰਤੀ ਦੇ ਇੰਨ੍ਹਾਂ ਤਿੰਨਾਂ ਗੁਣਾਂ ਦੇ ਆਪਸੀ ਸੰਬੰਧਾਂ ਨੂੰ ਗੁਰੂ ਜੀ ਨੇ ਇਸ ਤਰ੍ਹਾਂ ਪ੍ਰਗਟ ਕੀਤਾ ਹੈ ।

ਮਾਇਆ ਮਾਈ ਤ੍ਰੈਗੁਣ ਪ੍ਰਸੂਤ ਜਮਾਇਆ।।
ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ।।
ਵਰੇ ਮਾਹ ਵਾਰ ਥਿਤੀ ਕਰਿ ਇਸ ਜਗ ਮਹਿ ਸੋਝੀ ਪਾਇਦਾ।।[88]

ਪ੍ਰਕਿਰਤੀ ਦੇ ਇਹ ਤਿੰਨ ਗੁਣ ਆਪਸੀ ਸੰਜੋਗ ਨਾਲ ਰਲਕੇ ਜਗਤ ਦੀ ਕਾਰਜਸ਼ੀਲਤਾ ਕਾਇਮ ਰੱਖਦੇ ਭਾਵ ਜਗਤ ਦੀ ਸਮੁੱਚੀ ਕਾਰ ਚਲਾਉਂਦੇ ਹਨ। ਪ੍ਰਭੂ ਇੰਨ੍ਹਾਂ ਤਿੰਨਾਂ ਗੁਣਾਂ ਦੁਆਰਾ ਜਗਤ ਦੀ ਚੇਤਨਤਾ ਪੈਦਾ ਕਰਦਾ ਹੈ। ਭਗਵਾਨ ਕ੍ਰਿਸ਼ਨ ਨੇ ਵੀ ਪ੍ਰਕਿਰਤੀ ਨੂੰ ਤ੍ਰੈਗੁਣਾਤਮਿਕ ਆਖਿਆ ਹੈ।[89] ਇੰਨ੍ਹਾਂ ਤਿੰਨਾਂ ਗੁਣਾਂ ਦੇ ਫਲਸਰੂਪ ਹੀ ਪ੍ਰਕਿਰਤੀ ਦਾ ਸਮੱਸਤ ਪਸਾਰਾ ਵਿਚਰ ਰਿਹਾ ਹੈ। ਗੁਰੂ ਜੀ ਜਪੁਜੀ ਵਿਚ ਇੰਨ੍ਹਾਂ ਤਿੰਨਾਂ ਗੁਣਾਂ ਦੀ ਜਨਮਦਾਤੀ ਮਾਇਆ ਨੂੰ ਮੰਨਦੇ ਹਨ। ਉਨ੍ਹਾਂ ਨੇ ਸੰਸਾਰ ਦੀ ਪਦਾਰਥਕ, ਸਮਾਜਕ ਵਿਵਸਥਾ ਦੇ ਪ੍ਰਚੱਲਤ ਅਲੰਕਾਰ ਰਾਹੀਂ ਪ੍ਰਕਿਰਤੀ ਦੇ ਇਨ੍ਹਾਂ ਗੁਣਾਂ ਦੀ ਸੋਝੀ ਕਰਵਾਈ ਹੈ:

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ
ਇਕ ਸੰਸਾਰੀ ਇਕੁ ਭੰਡਾਰੀ ਇਕੁ ਲਾਇ ਦੀਬਾਣੁ।।

ਪ੍ਰਕਿਰਤੀ ਵਿਚੋਂ ਪਰਮਾਤਮਾ ਦੇ ਸੰਕਲਪ ਨੂੰ ਮਨਫ਼ੀ ਕਰਨ ਨਾਲ ਪਿਛੇ ਕੇਵਲ ਮਾਇਆ ਹੀ ਰਹਿ ਜਾਂਦੀ ਹੈ। ਇਹ ਤਿੰਨ ਗੁਣ ਨਾਸ਼ਮਾਨ ਹਨ। ਨਾਸ਼ਵੰਤ ਗੁਣਾਂ ਦਾ ਮੋਹ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਲੈ ਜਾਂਦਾ ਹੈ ਤੇ ਪ੍ਰਭੂ-ਮਿਲਾਪ ਵਿਚ ਬਾਧਕ ਬਣ ਜਾਂਦਾ ਹੈ। ਪਰਮਾਤਮਾ ਦੀ ਪ੍ਰਾਪਤੀ ਦਾ ਲਕਸ਼ ਤੇ ਨਾਮ ਦੀ ਚੇਤਨਤਾ ਮਨੁੱਖ ਨੂੰ ਤ੍ਰੈਗੁਣ ਅਤੀਤ ਬਣਾਉਂਦੀ ਹੈ ਕਿਉਂਕਿ ਪ੍ਰਭੂ ਆਪ ਤ੍ਰੈਗੁਣ ਅਤੀਤ ਹੈ। ਜਿਸ ਮਨੁੱਖ ਵੀ ਜੋਤਸਰੂਪ ਬਣਕੇ ਤ੍ਰੈਗੁਣ ਅਤੀਤ ਹੋ ਜਾਂਦਾ ਹੈ। ਪ੍ਰਕਿਰਤੀ ਦੇ ਤਿੰਨ-ਗੁਣਾਂ ਦੀ ਮਾਇਆਸਰੂਪੀ ਚੇਤਨਾ ਮਨੁੱਖ ਨੂੰ ਭਰਮ ਵਿਚ ਭੁਲਾਈ ਫਿਰਦੀ ਹੈ। ਇਥੋਂ ਤੱਕ ਕਿ ਬ੍ਰਹਮ, ਬਿਸ਼ਨ, ਮਹੇਸ਼ ਆਦਿ ਸ਼ਕਤੀਆਂ ਵੀ ਇਨ੍ਹਾਂ ਗੁਣਾਂ ਤੋਂ ਨਿਰਲੇਪ ਨਹੀਂ ਹੋ ਸਕੀਆਂ:

ਬ੍ਰਹਮਾ ਬਿਸਨੁ ਮਹੇਸ਼ ਵੀਚਾਰੀ।।
ਤ੍ਰੈਗੁਣ ਬਧਕ ਮੁਕਤਿ ਨਿਰਾਰੀ।।[90]

ਪ੍ਰਮਾਤਮਾ ਤ੍ਰੈਗੁਣ-ਅਤੀਤ ਹੈ, ਇਸ ਲਈ ਗੁਰੂ ਜੀ ਦੀ ਵਿਚਾਰਧਾਰਾ ਦਾ ਮੁੱਖ ਪ੍ਰਯੋਜਨ ਤ੍ਰੈਗੁਣ ਅਤੀਤ ਪਰਮ ਸੱਚ ਵਿਚ ਅਭੇਦ ਹੋਣਾ ਹੈ।

ਤ੍ਰੈਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਲੀ।[91]

ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਦੇ ਤ੍ਰੈਗੁਣ ਸਰੂਪ ਨਾਲੋਂ ਨਾਮ ਦਾ ਵਧੇਰੇ ਮਹੱਤਵ ਹੈ ਕਿਉਂਕਿ ਪ੍ਰਕਿਰਤੀ ਅਤੇ ਇਸ ਦੇ ਇਹ ਗੁਣ ਪ੍ਰਭੂ ਦੇ ਹੀ ਪੈਦਾ ਕੀਤੇ ਹੋਏ ਹਨ। ਪ੍ਰਕਿਰਤੀ ਅਤੇ ਇਸ ਦੇ ਤ੍ਰੈਗੁਣਾਂ ਦੀ ਵਿਆਖਿਆ ਕਰਨਾ ਗੁਰੂ ਨਾਨਕ ਦੇਵ ਜੀ ਦਾ ਮਨੋਰਥ ਨਹੀਂ ਸਗੋਂ ਇਨ੍ਹਾਂ ਰਾਹੀਂ ਪਰਮਾਤਮਾ ਦੇ ਸਰੂਪ ਨੂੰ ਉਜਾਗਰ ਕਰਨਾ ਹੈ।

<u>ਪ੍ਰਕਿਰਤੀ ਦੀ ਵਿਵਹਾਰਕ - ਸੱਤਾ</u>

ਗੁਰੂ ਨਾਨਕ ਦੇਵ ਜੀ ਨੇ ਪਰਮ ਸੱਤ, ਪ੍ਰਮਾਤਮਾ ਦੀ ਪ੍ਰਕਿਰਤੀ ਨੂੰ ਸੱਚੀ ਮੰਨਿਆ ਹੈ। ਉਨ੍ਹਾਂ ਨੇ ਇਹ ਵੀ ਪ੍ਰਮਾਣਿਤ ਕੀਤਾ ਹੈ ਕਿ ਪ੍ਰਮਾਤਮਾ ਦੇ ਬਣਾਏ ਸਭ ਖੰਡ, ਬ੍ਰਹਿਮੰਡ, ਲੋਅ, ਆਕਾਰ, ਕੰਮ ਕਾਰ, ਹਕੂਮਤ ਤੇ ਦਰਬਾਰ, ਹੁਕਮ ਤੇ ਫੁਰਮਾਣ, ਕ੍ਰਿਪਾ ਤੇ ਕ੍ਰਿਪਾ-ਪ੍ਰਾਪਤੀ ਦੇ ਪ੍ਰਮਾਣ ਸਭ ਸੱਚੇ ਹਨ:

ਸਚੇ ਤੇਰੇ ਖੰਡ ਸਚੇ ਬ੍ਰਹਿਮੰਡ।।
ਸਚੇ ਤੇਰੇ ਲੋਅ ਸਚੇ ਆਕਾਰੁ।।
ਸਚੇ ਤੇਰੇ ਕਰਣੇ ਸਰਬ [illegible] ਬੀਚਾਰੁ।।
ਸਚਾ ਤੇਰਾ ਅਮਰੁ ਸਚਾ ਦੀਬਾਣੁ।।
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ।।
ਸਚਾ ਤੇਰਾ ਕਰਮੁ ਸਚਾ ਨੀਸਾਣੁ।।
ਸਚੇ ਤੁਧੁ ਆਖਹਿ ਲਖ ਕਰੋੜਿ।।
ਸਚੈ ਸਭਿ ਤਾਣਿ ਸਚੈ ਸਭਿ ਜੋਰਿ।।
ਸਚੀ ਤੇਰੀ ਸਿਫਤਿ ਸਚੀ ਸਾਲਾਹ।।
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ।।
ਨਾਨਕ ਸਚੁ ਧਿਆਇਨਿ ਸਚੁ।।
ਜੋ ਮਰਿ ਜੰਮੇ ਸੁ ਕਚੁ ਨਿਕਚੁ।।[92]

ਪ੍ਰਕਿਰਤੀ ਦਾ ਇਹ ਕੰਮ ਅਨਾਦੀ, ਨਿਰੰਤਰ ਅਤੇ ਸਦੀਵੀ ਨਿਯਮ ਦਾ ਧਾਰਨੀ ਹੈ, ਉਂਝ ਇਸ ਵਿਚ ਵਿਦਿਮਾਨ ਵੱਖ ਵੱਖ ਜੀਵ-ਜੰਤ, ਬਨਸਪਤੀ, ਮਨੁਖ-ਸਰੀਰ ਸਭ ਨਾਸ਼ਵਾਨ ਹਨ। ਡਾ: ਰਤਨ ਸਿੰਘ ਜੱਗੀ ਦਾ ਮੱਤ ਹੈ ਕਿ ਜੇ ਜਗਤ ਨੂੰ ਸਤ-ਸਰੂਪ ਮੰਨਣਾ ਹੀ ਗੁਰੂ ਨਾਨਕ

ਦਾ ਪ੍ਰਮੁੱਖ ਦ੍ਰਿਸ਼ਟੀਕੋਣ ਹੁੰਦਾ ਤਾਂ ਉਹ ਇਸ ਦੇ ਅਦ੍ਰਿਸ਼ਟ ਅਤੇ ਅਸੱਤ ਰੂਪ ਨੂੰ ਇੰਨੇ ਵਿਸਤਾਰ ਨਾਲ ਨਾ ਚਿਤਰਦੇ।[93] ਗੁਰੂ ਨਾਨਕ ਅਦਵੈਤਵਾਦੀ ਸਨ। ਉਨ੍ਹਾਂ ਦਾ ਅਦਵੈਤਵਾਦ ਸ਼ੰਕਰ ਦੇ ਸ਼ਾਸਤ੍ਰੀ ਅਦਵੈਤਵਾਦ ਨਾਲੋਂ ਵਧੇਰੇ ਖੁੱਲ੍ਹਾ-ਡੁੱਲ੍ਹਾ ਤੇ ਭਗਤੀ-ਯੁਕਤ ਹੈ। ਜੇ ਜਗਤ ਨੂੰ ਸਤ ਮੰਨ ਲਿਆ ਜਾਵੇ ਤਾਂ ਗੁਰੂ ਨਾਨਕ ਦੀ ਵਿਚਾਰਧਾਰਾ ਸਵੈ-ਵਿਰੋਧੀ ਹੋ ਜਾਂਦੀ ਹੈ। ਇਥੇ ਅਸੀਂ ਉਨ੍ਹਾਂ ਦੇ ਜਗਤ ਦੇ ਅਸੱਤ ਹੋਣ ਸਬੰਧੀ ਦ੍ਰਿਸ਼ਟੀਕੋਣ ਦੇ ਆਧਾਰ ਤੇ ਕਹਿ ਸਕਾਂਗੇ ਕਿ ਉਨ੍ਹਾਂ ਦੀ ਵਿਚਾਰਧਾਰਾ ਬੜੀ ਤੇ ਸਵੈ-ਵਿਰੋਧੀ ਤੱਤਾਂ ਤੋਂ ਮੁਕਤ ਹੈ। ਗੁਰੂ ਨਾਨਕ ਜੀ ਨੇ ਇਸ ਦੁਨੀਆਂ ਨੂੰ ਫਾਨੀ ਅਥਵਾ ਨਾਸ਼ਵਾਨ ਕਿਹਾ ਹੈ:

ਦੁਨੀਆ ਮੁਕਾਮੇ ਫਾਨੀ ।

ਇਹੋ ਵੀਚਾਰ ਉਨ੍ਹਾਂ ਨੇ ਮਲਾਰ ਦੀ ਵਾਰ ਅਤੇ ਸਿਰੀ ਰਾਗ ਦੀਆਂ ਅਸ਼ਟਪਦੀਆਂ ਵਿਚ ਵੀ ਅੰਕਿਤ ਕੀਤੇ ਹਨ। ਜਿਸ ਅਨੁਸਾਰ ਉਨ੍ਹਾਂ ਨੇ ਸੰਸਾਰ ਨੂੰ ਪੱਕਾ ਮੁਕਾਮ ਬਣਾਉਣ ਵਾਲੇ ਲੋਕਾਂ ਨੂੰ ਸੰਬੋਧਨ ਕਰਦਿਆਂ ਇਸ ਦੀ ਨਾਸ਼ਵਾਨਤਾ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ ਅਤੇ ਦਸਿਆ ਹੈ ਕਿ ਇਹ ਵਾਸਤਵਿਕ ਮੁਕਾਮ ਨਹੀਂ ਹੈ। ਪ੍ਰਕਿਰਤੀ ਦੀ ਹਰੇਕ ਵਸਤ ਨਾਸ਼ਮਾਨ ਹੈ। ਸਦਾ ਰਹਿਣ ਵਾਲਾ ਤਾਂ ਕੇਵਲ ਪ੍ਰਮਾਤਮਾ ਦਾ ਨਾਮ ਹੀ ਹੈ। ਗੁਰੂ ਨਾਨਕ ਦੇਵ ਜੀ ਦਾ ਦ੍ਰਿੜ ਸੰਕਲਪ ਹੈ ਕਿ ਇਹ ਜਗ ਧੂੰਏਂ ਦਾ ਅਸਥਾਈ ਮਹੱਲ ਹੈ:

ਵਡੇਲਿਮ ਵੰਞਿਮੁ ਬਿਨੁ ਮੈ ਨਾਨਕ
ਜਗ ਧੂੰਏਂ ਕਾ ਧਉਲਹਰ ॥

ਰਾਜ, ਮਾਲ, ਜੋਬਨ ਸਭ ਪਰਛਾਵੇਂ ਹਨ, ਜਵਾਰੀਏ ਦੇ ਧਨ ਵਾਂਗ ਬੇਕ-ਫਿਰੇ ਹਨ, ਫੁੱਲਾਂ ਵਾਂਗ ਇਨ੍ਹਾਂ ਦੀ ਚਮਕ ਦਮਕ ਚਾਰ ਦਿਨਾਂ ਦੀ ਮਹਿਮਾਨ ਹੈ:

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰਿ ॥

ਚਾਰ ਦਿਨ ਰੰਗ-ਰਲੀਆਂ ਮਨਾਈਆਂ ਜਾ ਸਕਦੀਆਂ ਹਨ, ਫਿਰ ਬਿਰਧ ਹੋਣੇ ਸਰੀਰ ਨਸ਼ਟ ਹੋ ਜਾਂਦਾ ਹੈ। ਸੰਸਾਰ ਵਿਚ ਜੋ ਜਨਮਿਆ, ਉਸ ਨੇ ਬਿਨਸਣਾ ਹੈ। ਮਾਝ ਦੀ ਵਾਰ

ਛੇ ਸਲੋਕਾਂ ਵਿਚ ਇਸ ਨਾਸ਼ਵਾਨਤਾ ਦੀਆਂ ਸ਼ਿਕਾਰ ਹੋਈਆਂ ਸੰਸਾਰਕ ਵਸਤਾਂ ਦਾ ਪੂਰਾ ਵੇਰਵਾ ਅੰਕਤ ਹੈ:

ਰਾਜੇ ਰਯਤਿ ਸਿਕਦਾਰ ਕੋਇ ਨਾ ਰਹਿਸੀਓ।।
ਹਟ ਪਟਣ ਬਾਜਾਰ ਹੁਕਮੀ ਢਹਸੀਓ।।
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ।
ਦਰਬਿ ਭਰੇ ਭੰਡਾਰ ਰੀਤੇ ਇਕਿ ਖਿਣੇ।
ਤਾਜੀ ਰਥ ਤੁਖਾਰ ਹਾਥੀ ਪਾਖਰੇ।।
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ।।
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ।
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ।

ਰਾਜਾ-ਪਰਜਾ, ਖਾਨ-ਸੁਲਤਾਨ, ਚਊਧਰੀ, ਮੁਖੀ, ਸਰਦਾਰ, ਕਾਜ਼ੀ, ਸ਼ੇਖ ਮਸਾਇਕ, ਅਉਲੀਏ, ਪੀਰ, ਪੈਗੰਬਰ, ਮਹਿਲ-ਮਾੜੀਆਂ, ਧਨ-ਦੌਲਤ, ਬਾਗ - ਬਗੀਚੇ, ਰੰਗ-ਤਮਾਸ਼ੇ, ਘਰ-ਬਾਰ; ਹਾਥੀ-ਘੋੜੇ, ਪਲੰਘ, ਤੰਬੂ ਅਤੇ ਹੋਰ ਸਭ ਖੂਬਸੂਰਤ ਵਸਤਾਂ ਬਿਨਸਣ ਵਾਲੀਆਂ ਹਨ।

ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਨੂੰ ਮਿਥਿਆ ਵੀ ਕਿਹਾ ਹੈ। ਰਾਜਾ ਪਰਜਾ, ਮੰਡਪ-ਮਾੜੀ ਸੋਨਾ-ਚਾਂਦੀ ਕਪੜਾ-ਰੂਪ, ਮੀਆਂ-ਬੀਵੀ ਸਭ ਕੂੜ ਹਨ। ਇਹ ਸਭੇ ਮਿਥਿਆ(ਕੂੜ) ਨਾਲ ਲਿਪਟੇ, ਖੱਪ ਖੱਪ ਕੇ ਖੁਆਰ ਹੋ ਰਹੇ ਹਨ ਅਤੇ ਪਰਮਾਤਮਾ ਦਾ ਨਾਮ ਵਿਸਾਰ; ਦੁਖੀ ਹੋ ਰਹੇ ਹਨ। ਸੰਸਾਰਕ ਮਿਥਿਆ ਸ਼ਹਿਦ ਵਾਂਗ ਮਿੱਠੀ ਹੈ। ਜਿਵੇਂ ਮੱਖੀ ਗੁੜ ਦੀ ਪਰਤ ਵਿਚ ਆਕੇ ਫਸ ਜਾਂਦੀ ਹੈ ਉਵੇਂ ਹੀ ਮਨੁੱਖ ਮਾਇਆ ਗ੍ਰਸਤ ਹੋਏ ਹੋਏ ਹਨ। ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਪਰਮਾਤਮਾ ਤੋਂ ਬਿਨਾਂ ਸਭ ਕੁਝ ਮਿਥਿਆ ਹੀ ਮਿਥਿਆ ਹੈ।

ਕੂੜ ਰਾਜਾ ਕੂੜੁ ਪਰਜਾ ਕੂੜ ਸਭੁ ਸੰਸਾਰ।।
ਕੂੜ ਮੰਡਪ ਕੂੜ ਮਾੜੀ ਕੂੜ ਬੈਸਣਹਾਰੁ।।
ਕੂੜ ਸੋਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ।।
ਕੂੜ ਕਾਇਆ ਕੂੜੁ ਕਪੜੁ ਕੂੜੁ ਰੂਪ ਅਪਾਰੁ।।
ਕੂੜ ਮੀਆਂ ਕੂੜੁ ਬੀਬੀ ਖਪਿ ਹੋਇ ਖਾਰੁ।।
ਕੂੜ ਕੂੜੈ ਨੇਹੁ ਲਗਾ ਵਿਸਰਿਆ ਕਰਤਾਰ।।

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ।।
ਕੂੜੁ ਮਿਠਾ ਕੂੜ ਮਾਖਿਉ ਕੂੜੁ ਡੋਬੈ ਪੂਰੁ।।
ਨਾਨਕ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ।।[94]

ਇਹੋ ਦ੍ਰਿਸ਼ਟੀਕੋਨ ਉਨ੍ਹਾਂ ਨੇ ਮਾਝ ਰਾਗ ਪਉੜੀ 19 ਵਿਚ ਵੀ ਦਰਸਾਇਆ ਹੈ ਕਿ ਸਤਿਸਰੂਪ ਪਰਮਾਤਮਾ ਤੋਂ ਬਿਨਾਂ ਸਭ ਸੰਸਾਰਿਕ ਵਸਤਾਂ, ਨੇਹ-ਪਰੀਤ ਅਤੇ ਖਾਣਾ ਪੀਣਾ ਪਹਿਨਣ ਸਭ ਝੂਠ ਤੇ ਮਿਥਿਆ ਹੈ।

ਗੁਰੂ ਨਾਨਕ ਨੇ ਸੰਸਾਰ ਨੂੰ ਵਿਅਰਥ ਅਤੇ ਬਿਨਸੰਤ ਕਿਹਾ ਹੈ। ਇਹ ਖੋਟੀ ਪੂੰਜੀ ਵਾਂਗ ਹੈ, ਜਿਸ ਦਾ ਸਾਰਾ ਵਿਉਪਾਰ ਝੂਠਾ ਹੈ। ਇਹ ਸੰਸਾਰ ਮਿਥਿਆ ਹੈ ਅਤੇ ਇਸ ਦੇ ਸਿਰ ਉਤੇ ਕਾਲ ਹਰ ਸਮੇਂ ਖੜ੍ਹਾ ਰਹਿੰਦਾ ਹੈ। ਇਹ ਸਾਰਾ ਪਸਾਰਾ ਕਾਲ ਦੁਆਰਾ ਘੇਰਿਆ ਹੋਇਆ ਹੈ। ਇਹ ਜਗਤ ਕਾਜਲ ਦੀ ਕੋਠੜੀ ਹੈ ਅਤੇ ਤਨ, ਮਨ ਅਤੇ ਦੇਹ ਸੁਆਹ ਦੀ ਨਿਆਈਂ ਹਨ। ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਇਹ ਦੁਨੀਆਂ ਘਰ ਵਾਂਗ ਸੜ ਰਹੀ ਹੈ। ਕੇਵਲ ਪ੍ਰਮਾਤਮਾ ਦਾ ਨਾਮ ਹੀ ਸੁਖਦਾਈ ਤੇ ਸੀਤਲਤਾ ਦਿੰਦਾ ਹੈ:

ਆਤਸ਼ ਦੁਨੀਆਂ ਖੁਨਕ ਨਾਮ ਖੁਦਾਇਆ।

ਅਸਲ ਵਿਚ ਕੋਈ ਵੀ ਦ੍ਰਿਸ਼ਟਮਾਨ ਵਸਤੂ ਆਪਣੇ ਬਾਹਰੀ ਸਰੂਪ ਵਿਚ ਸਥਾਈ ਨਹੀਂ ਰਹਿੰਦੀ। ਪ੍ਰਕਿਰਤੀ ਦੀ ਹਰ ਬਾਤ ਪਰਿਵਰਤਨਸ਼ੀਲ ਹੈ, ਇਸ ਲਈ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਮਾਇਆ ਦਾ ਰੂਪ ਦਿੱਤਾ ਹੈ। ਇਸ ਦੀ ਪਰਿਵਰਤਨਸ਼ੀਲਤਾ ਕਾਰਨ, ਇਸ ਨੂੰ ਸੱਚ ਨਹੀਂ ਕਿਹਾ ਜਾ ਸਕਦਾ। ਸੱਤ-ਤੱਤ ਦੀ ਹੋਂਦ ਵਿਚ ਕਦੇ ਤਬਦੀਲੀ ਨਹੀਂ ਆਉਂਦੀ। ਜੇ ਜਗਤ ਦੇ ਉਤਪਾਦਕ ਕਾਰਨ ਨੂੰ [redacted] ਸਤ ਮੰਨਿਆ ਜਾਵੇ ਤਾਂ ਨਿਆਇ ਅਨੁਸਾਰ ਉਸ ਦੇ ਕਾਰਜ ਜਗਤ ਨੂੰ ਵੀ ਸਤ ਮੰਨਣਾ ਪੈਂਦਾ ਹੈ :

ਨਾਨਕ ਸਾਚੇ ਕੀ ਸਾਚੀ ਕਾਰ।।

ਪ੍ਰਕਿਰਤੀ ਦਾ ਉਤਪਾਦਕ ਕਾਰਨ ਅਸੱਤ ਨਹੀਂ ਹੋ ਸਕਦਾ ਇਸ ਲਈ ਉਸ ਦੀ ਸਿਰਜੀ ਵਸਤੂ ਵੀ ਲਾਜ਼ਮੀ ਤੌਰ ਤੇ ਸੱਤ ਹੋਵੇਗੀ ਕਿਉਂਕਿ ਹਰੇਕ ਪਦਾਰਥ ਦੀ ਹੋਂਦ ਨੂੰ ਅਸੀਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਅਨੁਭਵ ਕਰ ਸਕਦੇ ਹਾਂ। ਗੁਰੂ ਨਾਨਕ ਦੇਵ ਜੀ ਦਾ ਮਤ ਇਹ ਹੈ ਕਿ

ਪ੍ਰਮਾਤਮਾ ਨੇ ਪ੍ਰਕਿਰਤੀ ਰੂਪ ਵਿਚ ਜੋ ਕੁਝ ਵੀ ਰਚਿਆ ਹੈ ਉਹ ਸਤ ਹੈ। ਇਸ ਦਾ ਮਾਇਆਵਾਦੀ ਖੰਡਣ ਪਦਾਰਥ ਦੀ ਸਰੂਪ ਪ੍ਰਵਿਰਤਨਸ਼ੀਲਤਾ ਉਤੇ ਆਧਾਰਿਤ ਹੈ। ਦੁੱਧ ਤੋਂ ਦਹੀ ਬਣਦਾ ਹੈ ਪਾਣੀ ਤੋਂ ਨਹੀਂ, ਤਿੱਲ ਤੋਂ ਤੇਲ ਬਣਦਾ ਹੈ ਰੇਤ ਤੋਂ ਨਹੀਂ। ਇਸ ਲਈ ਸਤਿ ਪ੍ਰਮਾਤਮਾ ਤੋਂ ਸਤਿ ਸ੍ਰਿਸ਼ਟੀ ਦੀ ਉਤਪਤੀ ਹੋਈ, ਅਸਤਿ ਸ੍ਰਿਸ਼ਟੀ ਦੀ ਨਹੀਂ। ਡਾ. ਜੈ ਰਾਮ ਮਿਸ਼ਰ ਦਾ ਮੱਤ ਹੈ ਕਿ ਪ੍ਰਮਾਤਮਾ ਦੇ ਬਣਾਏ ਖੰਡ, ਬ੍ਰਹਿਮੰਡ, ਨੌਆਕਾਰ, ਜੀਅ-ਜੰਤ ਦਾ ਕ੍ਰਮ ਭਰਮ ਰੂਪ ਨਹੀਂ ਹੈ, ਸਗੋਂ ਪ੍ਰਮਾਤਮਾ ਦੀ ਸਤਿ ਰਚਨਾ ਹੈ।[95] ਗੁਰੂ ਸਾਹਿਬ ਨੇ ਇਸ ਜਗਤ ਨੂੰ ਸਚੇ ਦੀ ਕੋਠੜੀ ਕਿਹਾ ਹੈ, ਇਸ ਲਈ ਉਸ ਦਾ ਸਿਰਜਿਆ ਪਦਾਰਥਕ ਜਗਤ ਅਸਤਿ ਨਹੀਂ ਹੋ ਸਕਦਾ। ਇਉਂ ਗੁਰੂ ਨਾਨਕ ਨੇ ਸ਼ੰਕਰਾਚਾਰੀਆ ਦੇ ਮਾਇਆਵਾਦੀ ਸਿਧਾਂਤ ਦਾ ਖੰਡਨ ਕਰਕੇ ਇਸ ਦ੍ਰਿਸ਼ਟਮਾਨ ਸੰਸਾਰ ਦੀ ਸਤਿਅਤਾ ਸਥਾਪਿਤ ਕੀਤੀ ਹੈ।

## ਪ੍ਰਕਿਰਤੀ ਦੀ ਆਰਤੀ

ਗੁਰੂ ਨਾਨਕ ਦੇਵ ਜੀ ਇਕ ਅਧਿਆਤਮਿਕ ਕਵੀ ਸਨ। ਉਨ੍ਹਾਂ ਨੇ ਪ੍ਰਕਿਰਤੀ ਦਾ ਕੇਵਲ ਪ੍ਰਕਿਰਤੀ ਲਈ ਹੀ ਚਿਤ੍ਰਣ ਨਹੀਂ ਕੀਤਾ ਸਗੋਂ ਪ੍ਰਮਾਤਮਾ ਦੇ ਸਰੂਪ ਨੂੰ ਉਜਾਗਰ ਕਰਨ ਲਈ ਕੀਤਾ ਹੈ। ਗੁਰੂ ਜੀ ਆਪਣੇ ਪ੍ਰੀਤਮ ਦੇ ਬਲਿਹਾਰ ਜਾਂਦੇ ਹਨ ਤੇ ਵਿਸਮਾਦ ਅਵਸਥਾ ਵਿਚ ਗਾਇ ਉਠਦੇ ਹਨ, "ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨਾ ਜਾਈ ਲਖਿਆ।" ਉਨ੍ਹਾਂ ਨੂੰ ਸਮੁੱਚੀ ਪ੍ਰਕਿਰਤੀ ਪ੍ਰਭੂ ਦੇ ਗੁਣ ਗਾਉਂਦੀ ਤੇ ਆਰਤੀ ਉਤਾਰਦੀ ਨਜ਼ਰ ਪੈਂਦੀ ਹੈ। ਗੁਰੂ ਜੀ ਦੀ ਦ੍ਰਿਸ਼ਟੀ ਵਿਚ ਪ੍ਰਕਿਰਤੀ ਅਤੇ ਉਸ ਦਾ ਹਰ ਅੰਗ ਆਪਣੇ ਸਿਰਜਕ ਪ੍ਰਭੂ ਦਾ ਉਪਾਸ਼ਕ ਬਣਕੇ, ਇਸ ਦੀ ਮਹਿਮਾ ਦਾ ਮੰਗਲਾਚਾਇਨ ਕਰ ਰਿਹਾ ਹੈ ਅਤੇ ਇਹ ਆਰਤੀ ਇੰਨੇ ਵਿਸ਼ਾਲ ਪੱਧਰ ਤੇ ਹੋ ਰਹੀ ਹੈ ਕਿ ਇਹ ਸਾਰੇ ਬ੍ਰਹਿਮੰਡ ਤੇ ਤਮਾਮ ਪਿੰਡ ਪ੍ਰਭੂ ਦੀ ਆਰਤੀ ਉਤਾਰਨ ਤੇ ਗੁਣ ਗਾਉਣ ਵਿਚ ਕਿਰਿਆਸ਼ੀਲ ਹਨ। ਪ੍ਰਕਿਰਤੀ ਦੀ ਹਰੇਕ ਨਿਰਜਿੰਦ ਤੇ ਸਜਿੰਦ ਵਸਤੂ ਆਪਣੇ ਸਿਰਜਕ ਦੀ ਕ੍ਰਿਪਾਲਤਾ ਤੇ ਬਖਸ਼ਿਸ਼ ਦਾ ਵਿਰਧ ਗਾਉਂਦੀ ਹੋਈ ਵਿਸਮਾਦ ਵਿਸਮਾਦ ਹੋਈ ਜਾਪਦੀ ਹੈ। ਆਰਤੀ ਦੇ ਇਹ ਮਹਾਂ-ਆਕਾਰੀ ਸੰਕਲਪ ਦੀ ਵਿਸ਼ਾਲਤਾ ਨੂੰ ਅਜੋਕੀਆਂ ਨਛੱਤਰ-ਵਿਗਿਆਨੀ ਖੋਜਾਂ ਨੇ ਸਿੱਧ ਕਰ ਦਿੱਤਾ ਹੈ, ਜਿਸ ਨਾਲ ਗੁਰੂ ਨਾਨਕ ਦੀ ਕਲਪਨਾ ਦੀ ਵਿਸ਼ਾਲਤਾ ਤੇ ਯਥਾਰਥਕਤਾ ਸਿੱਧ ਹੁੰਦੀ ਹੈ। ਸੰਸਾਰ ਦੇ ਸਾਰੇ ਅਧਿਆਤਮਿਕ ਅਥਵਾ ਸਾਹਿੱਤਕ ਕਾਵਿ ਵਿਚ ਏਡੀ ਵਿਸ਼ਾਲ ਕਲਪਨਾ ਦੀ ਕੋਈ ਵੀ ਹੋਰ ਮਿਸਾਲ ਨਹੀਂ ਮਿਲਦੀ। ਇਹ ਉਨ੍ਹਾਂ ਦੀ ਦੈਵੀ ਤੇ ਡੂੰਘੀ-ਦ੍ਰਿਸ਼ਟੀ ਦਾ ਪ੍ਰਮਾਣ ਹੈ :

ਗਾਵਨਿ ਤੁਧ ਨੋ ਪਉਣ ਪਾਣੀ ਬੈਸੰਤਰ
ਗਾਵੈ ਰਾਜਾ ਧਰਮੁ ਦੁਆਰੇ।।
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ
ਲਿਖਿ ਲਿਖਿ ਧਰਮੁ ਵੀਚਾਰੇ।।
ਗਾਵਹਿ ਇੰਦ ਇੰਦਾਸਣਿ ਬੈਠੇ
ਦੇਵਤਿਆ ਦਰਿ ਨਾਲੇ।।
ਗਾਵਹਿ ਸਿਧ ਸਮਾਧੀ ਅੰਦਰਿ
ਗਾਵਨਿ ਸਾਧ ਵਿਚਾਰੇ।।
ਗਾਵਹਿ ਜਤੀ ਸਤੀ ਸੰਤੋਖੀ
ਗਾਵਹਿ ਵੀਰ ਕਰਾਰੇ।।
ਗਾਵਨਿ ਪੰਡਿਤ ਪੜਨਿ ਰਖੀਸਰੁ
ਜੁਗੁ ਜੁਗੁ ਵੇਦਾ ਨਾਲੇ।।
ਗਾਵਹਿ ਮੋਹਣੀਆ ਮਨੁ ਮੋਹਨਿ
ਸੁਰਗਾ ਮਛੁ ਪਇਆਲੇ।।
ਗਾਵਨਿ ਰਤਨੁ ਉਪਾਏ ਤੇਰੇ
ਅਠਸਠਿ ਤੀਰਥ ਨਾਲੇ।।
ਗਾਵਹਿ ਜੋਧ ਮਹਾ ਬਲ ਸੂਰਾ
ਗਾਵਹਿ ਖਾਣੀ ਚਾਰੇ।।
ਗਾਵਹਿ ਖੰਡ ਮੰਡਲ, ਵਰਭੰਡਾ
ਕਰਿ ਕਰਿ ਰਖੇ ਧਾਰੇ।।
ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ।।
ਹੋਰ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ
ਨਾਨਕ ਕਿਆ ਵੀਚਾਰੇ।।[96]

ਪ੍ਰਕਿਰਤੀ ਦੇ ਉਪਰੋਕਤ ਰੂਪ ਪ੍ਰਭੂ ਉਸਤਤੀ ਵਿਚ ਲੀਨ ਤੇ ਮੁਗਧ ਹੋਕੇ ਉਸਦੇ ਗੁਣ ਗਾਇਨ ਕਰ ਰਹੇ ਹਨ। ਪ੍ਰਾਕਿਰਤਕ ਤੱਤ, ਪਉਣ, ਪਾਣੀ, ਬੈਸੰਤਰ, ਚਿਤ੍ਰਗੁਪਤ, ਖੰਡ,

ਮੰਡਲ, ਰਾਜੇ ਰਾਣੀਆਂ, ਸੁਰਗ, ਮਿਰਤ, ਪਇਆਲ; ਦੇਵੀ ਦੇਵਤੇ, ਜੋਧੇ-ਸੂਰਮੇ ਸਭ ਉਸ ਦਾ ਜਸ ਕਰ ਰਹੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਕਿੰਨੇ ਮਨੁੱਖ ਜੀਵ-ਪਰਿੰਦ, ਬਨਸਪਤੀ, ਗਗਨ ਤੇ ਸਥੂਲ ਤੱਤ, ਪ੍ਰਭੂ ਕੀਰਤੀ ਕਰ ਰਹੇ ਹਨ। ਜਿਨ੍ਹਾਂ ਵੱਲ ਗੁਰੂ ਸਾਹਿਬ ਨੇ ਸੰਕੇਤ ਦੇ ਕੇ ਆਪਣੇ ਗਿਆਨ ਦੀ ਵਿਸ਼ਾਲਤਾ ਦਾ ਅਹਿਸਾਸ ਕਰਵਾਇਆ ਹੈ, ਉਨ੍ਹਾਂ ਅਰਬਾਂ ਖਰਬਾਂ, ਜੀਵ - ਪ੍ਰਾਣੀਆਂ ਦਾ ਨਾਂ ਲੈ ਸਕਣਾ ਤੇ ਕਾਵਿ ਦੇ ਸੰਦਰਭ ਵਿਚ ਨਿਰੂਪਿਤ ਕਰਨਾ ਸੰਭਵ ਨਹੀਂ। ਇਕ ਹੋਰ ਥਾਂ ਗੁਰੂ ਜੀ, ਪ੍ਰਕਿਰਤੀ ਵਲੋਂ ਹੋ ਰਹੀ ਪ੍ਰਭੂ-ਉਸਤਤੀ ਦਾ ਉਲੇਖਨ ਕਰਦੇ ਹੋਏ ਫੁਰਮਾਉਂਦੇ ਹਨ :

ਕੇਤੀਆ ਤੇਰੀ ਕੁਦਰਤੀ ਕੇਵਡ ਤੇਰੀ ਦਾਤਿ॥
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨ ਰਾਤਿ॥[97]

ਬੇਸ਼ੁਮਾਰ ਪ੍ਰਾਕ੍ਰਿਤਕ ਦ੍ਰਿਸ਼, ਤੱਤ, ਰੂਪ, ਰੁਤਾਂ ਤੇ ਜੀਵ-ਜੰਤ ਬੇਓੜਕ ਪਸਾਰੇ ਦੇ ਸਿਰਜਨਹਾਰ ਪ੍ਰਮਾਤਮਾ ਦੀ ਸਿਫ਼ਤ ਕਰ ਰਹੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬੁੱਧੀ ਤੇ ਤਰਕਸ਼ੀਲਤਾ ਦੀ ਅਸਮਰੱਥਾ ਪ੍ਰਗਟਾਉਣ ਲਈ 'ਕੇਤੇ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਪ੍ਰਕਿਰਤੀ ਦਾ ਅਸੀਮ ਪਸਾਰਾ ਮਾਨਵੀ ਬੁੱਧੀ ਦੀ ਸੀਮਾ ਵਿਚ ਆ ਵੀ ਕਿਵੇਂ ਸਕਦਾ ਹੈ? ਗੁਰੂ ਸਾਹਿਬ ਭਾਰਤੀ ਮੱਤਾਂ ਦੇ ਸਰਗੁਣ ਉਪਾਸਨਾ-ਸਿਧਾਂਤ ਦਾ ਖੰਡਨ ਕਰਦੇ ਹੋਏ ਆਖਦੇ ਹਨ ਕਿ ਥਾਲ ਵਿਚ ਦੀਵੇ ਬਾਲਕੇ, ਸਮੱਗਰੀ ਰੱਖਕੇ, ਧੂਪ ਦੀਪ ਕਰਕੇ, ਉਸ ਸੱਚੇ ਪ੍ਰਭੂ ਦੀ ਸਹੀ ਆਰਤੀ ਨਹੀਂ ਕੀਤੀ ਜਾ ਸਕਦੀ। ਪ੍ਰਭੂ ਦੀ ਆਰਤੀ ਤਾਂ ਹਰ ਸਮੇਂ ਤੇ ਹਰ ਕਾਲ ਵਿਚ ਹੋ ਰਹੀ ਹੈ ਭਾਵ ਉਸ ਦੀ ਪ੍ਰਕਿਰਤੀ ਤਾਂ ਆਪਣੇ ਕਾਦਰ ਦੀ ਆਰਤੀ ਨਿਰੰਤਰ ਉਤਾਰੀ ਜਾ ਰਹੀ ਹੈ। ਗਗਨ, ਚੰਦ, ਸੂਰਜ, ਤਾਰੇ, ਪੌਣ ਪਾਣੀ, ਬਨਸਪਤੀ, ਇਸ ਆਰਤੀ ਦੀ ਸਮੱਗਰੀ ਹੈ। ਜਿਵੇਂ ਕਿਸੇ ਮੰਦਰ ਦਾ ਪੁਜਾਰੀ ਦੇਵਤੇ ਦੇ ਸਨਮੁਖ ਹੋਕੇ ਆਰਤੀ ਕਰਦਾ ਹੈ, ਇਵੇਂ ਗੁਰੂ ਜੀ ਨੇ ਸਰਬ-ਪ੍ਰਕਿਰਤੀ ਨੂੰ ਇਕ ਪੁਜਾਰੀ ਦੇ ਰੂਪ ਵਿਚ ਅਨੁਭਵ ਕਰਦਿਆਂ ਪ੍ਰਕਿਰਤੀ ਤੋਂ ਆਰਤੀ ਕਰਵਾਈ ਹੈ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥

ਕੈਸੀ ਆਰਤੀ ਹੋਇ।।

ਭਵਖੰਡਨਾ ਤੇਰੀ ਆਰਤੀ।।

ਅਨਹਤਾ ਸਬਦ ਵਾਜੰਤ ਭੇਰੀ।। ੧ ।। ਰਹਾਉ।।

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ

ਸਹਸ ਮੂਰਤਿ ਨਨਾ ਏਕ ਤੋਹੀ।

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨ

ਸਹਸ ਤਵ ਗੰਧ ਇਵ ਚਲਤ ਮੋਹੀ।

... ... ...

ਜੋ ਤਿਸੁ ਭਾਵੈ ਸੋ ਆਰਤੀ ਹੋਇ। [98]

ਉਪਰੋਕਤ ਦਰਸਾਈ ਗਈ ਆਰਤੀ ਵਿਚ ਪ੍ਰਕਿਰਤੀ, ਅੰਬਰ ਰੂਪੀ ਥਾਲ ਵਿਚ ਚੰਦ ਤੇ ਸੂਰਜ ਰੂਪੀ ਦੋ ਦੀਵੇ, ਤਾਰਿਆਂ ਰੂਪੀ ਮੋਤੀ; ਬਨਸਪਤੀ ਦੇ ਫੁੱਲ ਸਜਾਕੇ ਮਹਿਕ ਤੇ ਸੁਗੰਧੀਆਂ ਭਰਪੂਰ ਪੌਣ ਦੀ ਚੌਰ ਕਰ ਰਹੀ ਹੈ। ਅਨਹਤ ਨਾਦ ਇਸ ਆਰਤੀ ਨੂੰ ਸੰਗੀਤਕ ਰਸ ਪ੍ਰਦਾਨ ਕਰ ਰਹੇ ਹਨ। ਸਰਬ-ਪ੍ਰਕਿਰਤੀ ਵਿਚ ਜੋਤ-ਸਰੂਪ ਨਾਦਰ ਵਿਦਮਾਨ ਹੈ, ਜਿਸਦੇ ਹਜ਼ੂਰ ਵਿਚ ਖਲੋਤੀ ਸਮਸਤ ਪ੍ਰਕਿਰਤੀ ਆਪਣੀਆਂ ਤਮਾਮਤਰ ਸ਼ਕਤੀਆਂ ਰਾਹੀਂ, ਉਸਦੀ ਆਰਤੀ ਉਤਾਰ ਰਹੀ ਹੈ। ਇਹ ਵਿਸ਼ਾਲ ਆਰਤੀ, ਉਸ ਪ੍ਰਭੂ ਪ੍ਰਮਾਤਮਾ ਦੀ ਸ਼ਕਤੀ ਨੂੰ ਪ੍ਰਗਟਾਉਣ ਦਾ ਇਕ ਸਰਵ-ਵਿਕਸਿਤ ਢੰਗ ਹੈ। ਗੁਰੂ ਨਾਨਕ ਦੇਵ ਜੀ ਦਾ ਮੱਤ ਹੈ ਕਿ ਉਹ ਨਿਰਗੁਣ ਤੇ ਸਰਗੁਣ ਦੋਹਾਂ ਸਰੂਪਾਂ ਵਿਚ ਵਿਦਮਾਨ ਹੈ। ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਨੂੰ ਵਧੇਰੇ ਆਤਮਿਕ ਢੰਗ ਨਾਲ ਸ੍ਰੀ ਗੁਰੂ ਅਮਰ ਦਾਸ ਜੀ ਨੇ ਆਪਣੀ ਬਾਣੀ ਵਿਚ ਦਰਸਾਇਆ ਹੈ :

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ

ਸਭ ਹਰਿ ਹਰਿ ਨਾਮੁ ਧਿਆਵੈ ਰਾਮ।।

ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ

ਨਿਤ ਹਰਿ ਹਰਿ ਜਸੁ ਗਾਵੈ ਰਾਮ।।

ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ

ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ।। [99]

ਕਰਤੇ ਦੀ ਰਚਨਾ ਦਾ ਕੋਈ ਅੰਤ-ਸ਼ੁਮਾਰ ਨਹੀਂ। ਧਰਤੀ, ਪਾਤਾਲ, ਆਕਾਸ਼, ਹਵਾ, ਪਾਣੀ, ਅਗਨੀ, ਵਣ-ਤ੍ਰਿਣ ਆਕਾਰ, ਬਨਸਪਤੀ ਸਭ ਆਪਣੇ ਰਚਨਹਾਰ ਪ੍ਰਭੂ ਦੀ ਸ਼ੋਭਾ ਅਥਵਾ ਉਸਤਤੀ ਕਰ ਰਹੇ ਹਨ ਭਾਵ ਪ੍ਰੀਤਮ ਦੇ ਸਚੇ ਨਾਮ ਦੀ ਵਡਿਆਈ ਕਰ ਰਹੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਸਮੁੱਚੀ ਪ੍ਰਕਿਰਤੀ, ਪਰਮਾਤਮਾ ਦੀ ਅਸੀਮ-ਸ਼ਕਤੀ ਦੀ ਵਡਿਆਈ ਨੂੰ ਦਰਸਾਉਣ ਲਈ ਉਸ ਦਾ ਜਸ ਗਾਉਂਦੀ ਹੋਈ, ਉਸ ਦੀ ਆਰਤੀ ਉਤਾਰ ਰਹੀ ਹੈ।

## ਪ੍ਰਕਿਰਤੀ ਤੇ ਵਿਸਮਾਦ

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਵਿਸਮਾਦ ਸ਼ਬਦ ਦਾ ਕਾਫ਼ੀ ਪ੍ਰਯੋਗ ਕੀਤਾ ਹੈ। ਇਸ ਸ਼ਬਦ ਦਾ ਪ੍ਰਯੋਗ ਹੋਣਾ ਸੁਭਾਵਕ ਸੀ ਕਿਉਂਕਿ ਗੁਰੂ ਜੀ ਇਕ ਰਹੱਸਵਾਦੀ ਸਾਧਕ ਸਨ। ਰਹੱਸਵਾਦੀ ਕੁਦਰਤ ਤੋਂ ਕਾਦਰ ਦਾ ਜਲਵਾ ਮਾਣਦਾ ਮਾਣਦਾ ਉਸਦੇ ਰੰਗ ਵਿਚ ਹੀ ਰੰਗਿਆ ਜਾਂਦਾ ਹੈ। ਗੁਰੂ ਜੀ ਵੀ ਕਾਦਰ ਦੀ ਕੁਦਰਤ ਦੀ ਬੇਅੰਤਤਾ, ਅਨੰਤਤਾ, ਅਸੀਮਤਾ, ਗੰਭੀਰਤਾ, ਵੰਨ-ਸੁਵੰਨਤਾ ਤੇ ਸੁੰਦਰਤਾ ਨੂੰ ਵੇਖ ਵੇਖ ਵਿਸਮਾਦਿਤ ਹੁੰਦੇ ਹਨ। ਕਾਦਰ ਦੀ ਪ੍ਰਕਿਰਤੀ ਅਸੀਮ ਹੈ ਅਤੇ ਸੰਸਾਰਕ ਮਨੁੱਖ ਆਪਣੀ ਲਘੂ-ਦ੍ਰਿਸ਼ਟੀ ਕਾਰਨ ਇਸ ਦੀ ਵਿਆਪਕਤਾ ਨੂੰ ਲਖ ਨਹੀਂ ਸਕਦਾ। ਗੁਰੂ ਜੀ ਆਪਣੀ ਵਿਸ਼ੇਸ਼-ਬਾਣੀ ਜਪੁਜੀ ਦੇ ਅੰਤਰਗਤ, ਪ੍ਰਕਿਰਤੀ ਦੀ ਵਿਸ਼ਾਲਤਾ ਨੂੰ ਅਨੁਭਵ ਕਰਦੇ ਹੋਏ ਆਖਦੇ ਹਨ :

ਜੇ ਕੋ ਕਹੈ ਕਰੈ ਵੀਚਾਰੁ।।
ਕਰਤੇ ਕੈ ਕਰਣੈ ਨਾ ਹੀ ਸੁਮਾਰੁ।।
ਧੌਲ ਧਰਮੁ ਦਇਆ ਕਾ ਪੂਤੁ।।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।।
ਧਰਤੀ ਹੋਰ ਪਰੈ ਹੋਰੁ ਹੋਰੁ।।
ਤਿਸੁ ਤੇ ਭਾਰੁ ਤਲੈ ਕਵਣੁ ਜੋਰੁ।।
ਜੀਅ ਜਾਤਿ ਰੰਗਾ ਕੇ ਨਾਵ।।
ਸਭਨਾ ਲਿਖਿਆ ਵੁੜੀ ਕਲਾਮ।।
ਇਹੁ ਲੇਖਾ ਲਿਖਿ ਜਾਣੈ ਕੋਇ।।
ਲੇਖਾ ਲਿਖਿਆ ਕੇਤਾ ਹੋਇ।

ਕੇਤਾ ਤਾਣੁ ਸੁਆਲਿਹੁ ਰੂਪੁ ॥
ਕੇਤੀ ਦਾਤਿ ਜਾਣੈ ਕਉਣੁ ਕੂਤੁ ॥
ਕੀਤਾ ਪਸਾਉ ਕੀਤਾ ਕਵਾਉ ॥
ਤਿਸ ਤੇ ਹੋਇ ਲਖ ਦਰਿਆਉ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ [100]

ਕਾਦਰ ਦੀ ਇਨ੍ਹਾਂ ਲੀਲਾ ਨੂੰ ਵੇਖਕੇ ਗੁਰੂ ਜੀ ਵਿਸਮਾਦ ਦੀ ਅਵਸਥਾ ਵਿਚ ਆ ਜਾਂਦੇ ਹਨ ਅਤੇ ਇਹ ਅਧਿਆਤਮਿਕ ਵਿਸਮਾਦੀ ਅਵਸਥਾ ਹੀ ਕਿਸੇ ਅਧਿਆਤਮਵਾਦੀ ਸਾਧਕ ਦੀ ਪਰਮ-ਪ੍ਰਾਪਤੀ ਹੁੰਦੀ ਹੈ। ਸਾਰੇ ਰਹੱਸਵਾਦੀ ਅਨੁਭਵ ਅਥਵਾ ਸਾਹਿੱਤ ਦੀ, ਇਹ ਵਿਸਮਾਦੀ ਅਵਸਥਾ, ਆਧਾਰਸ਼ਿਲਾ ਹੈ ਅਥਵਾ ਪ੍ਰੇਰਨਸੋਮਾ ਹੈ। ਗੁਰੂ ਜੀ ਨੇ ਆਸਾ ਦੀ ਵਾਰ ਵਿਚ ਵੀ ਪ੍ਰਕਿਰਤੀ ਦੇ ਨਾਦਾਂ, ਰੂਪਾਂ, ਰੰਗਾਂ ਜੀਆਂ-ਜੰਤਾਂ, ਜਾਤਾਂ, ਜਿਨਸਾਂ, ਪਉਣ ਪਾਣੀਆਂ, ਅਗਨੀਆਂ, ਧਰਤੀਆਂ ਖਾਣੀਆਂ ਬਾਣੀਆਂ ਅਤੇ ਹੋਰ ਵਿਵਿਧ ਦ੍ਰਿਸ਼ਟਮਾਨ ਰੂਪਾਂ, ਜਿਨ੍ਹਾਂ ਦਾ ਅਨੁਭਵ ਪੰਜਾਂ ਗਿਆਨ-ਇੰਦਰੀਆਂ ਰਾਹੀਂ ਪ੍ਰਾਪਤ ਹੁੰਦਾ ਹੈ, ਦੀ ਅਸਚਰਜਤਾ ਬਾਰੇ ਵਿਸਤਾਰ ਸਹਿਤ ਉਲੇਖ ਕੀਤਾ ਹੈ। ਉਨ੍ਹਾਂ ਦੀ ਕਾਵਿ-ਪ੍ਰਤਿਭਾ ਪ੍ਰਕਿਰਤੀ ਦੀ ਹਰ ਇਕ ਵਸਤੂ ਵਿਸਮਾਦ ਦੀ ਅਵਸਥਾ ਨੂੰ ਪੁੱਜੀ ਪ੍ਰਤੀਤ ਹੁੰਦੀ ਹੈ ਅਤੇ ਪ੍ਰਭੂ ਮਹਿਮਾ ਵਿਚ ਲਿਵਲੀਨ, ਉਸ ਦਾ ਮੰਗਲ ਗਾ ਰਹੀ ਹੈ:

ਵਿਸਮਾਦੁ ਨਾਦ ਵਿਸਮਾਦੁ ਵੇਦ ॥
ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪੁ ਵਿਸਮਾਦੁ ਰੰਗ ॥
ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥
ਵਿਸਮਾਦੁ ਭੁਖ ਵਿਸਮਾਦੁ ਭੋਗੁ ॥

ਵਿਸਮਾਦੁ ਸਿਫਤਿ ਵਿਸਮਾਦੁ ਸਲਾਹ॥
ਵਿਸਮਾਦੁ ਉਜੜਿ ਵਿਸਮਾਦੁ ਰਾਹ॥
ਵਿਸਮਾਦੁ ਨੇੜੈ ਵਿਸਮਾਦਿ ਦੂਰਿ॥
ਵਿਸਮਾਦੁ ਦੇਖੈ ਹਾਜਰਾ ਹਜੂਰਿ॥
ਵਿ ਵੇਖ ਵਿਡਾਣੁ ਰਹਿਆ ਵਿਸਮਾਦੁ॥
ਨਾਨਕ ਬੁਝਣੁ ਪੂਰੈ ਭਾਗਿ॥ 101

ਇਹ ਬਿਸਮੈ ਅਵਸਥਾ ਜੋ ਪ੍ਰਭੂ ਦੀ ਅਨੰਤਤਾ ਨੂੰ ਅਨੁਭਵ ਕਰਕੇ ਅਸਚਰਜਤਾ ਤੇ ਆਤਮਿਕ ਅਨੰਦ ਵਿਚ ਪ੍ਰਵੇਸ਼ ਕਰਵਾਉਂਦੀ ਹੈ। ਇਹ ਵਿਸਮਮਈ ਤੇ ਅਨੰਦਮਈ ਅਵਸਥਾ, ਪ੍ਰਮਾਤਮਾ ਦੀ ਮਿਹਰ ਅਤੇ ਵੱਡੇ ਭਾਗਾਂ ਸਦਕਾ ਹੀ ਪ੍ਰਾਪਤ ਹੁੰਦੀ ਹੈ ਅਤੇ ਇਸ ਦਾ ਕਾਰਨ ਪ੍ਰਕਿਰਤੀ ਦੇ ਵਿਸਤ੍ਰਿਤ ਆਕਾਰ, ਰੂਪ, ਰੰਗ, ਰੁੱਤਾਂ ਥਿੰਤਾਂ, ਜੀਵਾਂ, ਜੰਤਾਂ ਜਿਨਸਾਂ ਅਤੇ ਬਨਸਪਤੀ ਵਿਚਲੀ ਵਚਿੱਤ੍ਰਤਾ ਹੈ। ਪ੍ਰਕਿਰਤੀ ਦੀ ਪਰਿਵਰਤਨਸ਼ੀਲਤਾ ਇਸ ਨੂੰ ਨਿੱਤ ਨਵੇਂ ਰੂਪ ਅਤੇ ਵੰਨਸੁਵੰਨਤਾ ਪ੍ਰਦਾਨ ਕਰਦੀ ਰਹਿੰਦੀ ਹੈ :

ਕੇਤੀ ਕੇਤੀ ਜੰਤ ਉਪਾਏ॥
ਦੁਇ ਪੰਥੀ ਦਹਦਿਸਿ ਰਾਹ ਚਲਾਏ॥ 102

ਗੁਰੂ ਨਾਨਕ ਦੀ ਪ੍ਰਕਿਰਤੀ ਪ੍ਰਭੂ ਦੁਆਰਾ ਸਿਰਜੀ ਲੱਖ-ਕਰੋੜੀ ਵਿਵਿਧਤਾ ਨੂੰ ਵੇਖ ਕੇ ਹਰੀਸਤ ਤੇ ਵਿਸਮਿਤ ਹੁੰਦੇ ਹਨ। ਜੀਵਾਂ ਦੀ ਵ੍ਰਿਧੀ ਤੇ ਜਨਮ ਚਾਰ ਵਿਧੀਆਂ ਰਾਹੀਂ ਹੁੰਦਾ ਹੈ ਜਿੰਨ੍ਹਾਂ ਨੂੰ ਅੰਡਜ, ਜੇਰਜ, ਉਤਭੁਜ ਤੇ ਸੇਤਜ ਕਿਹਾ ਜਾਂਦਾ ਹੈ। ਗੁਰੂ ਜੀ ਇਸ ਉਤਪਤੀ-ਵਿਕਾਸ ਨੂੰ ਪ੍ਰਭੂ ਦੀ ਵਿਧੀ-ਪੂਰਵਕ ਸਿਰਜਨਾਤਮਿਕ ਸ਼ਕਤੀ ਨਾਲ ਜੋੜਦੇ ਹੋਏ ਲਿਖਦੇ ਹਨ :

ਪ੍ਰਭੂ ਧਰਤੀ ਪ੍ਰਭੂ ਪਾਣੀ ਆਸਣੁ ਚਾਰਿ ਕੁੰਟ ਚਉਬਾਣਾ।
ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ॥
ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ।
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ। ਰਹਾਉ॥
ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪ ਕਿਨੇਹਾ॥

ਇਕਤੁ ਰੂਪ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ।।
ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ।।
ਏਕ ਪੁਰਬੁ ਮੈ ਤੇਰਾ ਦੇਖਿਆ ਤੂੰ ਸਭਨਾ ਮਾਹਿ ਰਵੰਤਾ।। [103]

ਗੁਰੂ ਨਾਨਕ ਦੇਵ ਜੀ ਦੀ ਬਾਣੀ ਪ੍ਰਕਿਰਤੀ ਦੀ ਉਪਜੀ ਅਦਭੁਦਤਾ, ਅਸਚਰਜਤਾ ਤੇ ਵੈਰਾਗ-ਰੰਗ ਅਨੁਭੂਤੀ ਨਾਲ ਭਰਪੂਰ ਹੈ। ਉਨ੍ਹਾਂ ਦਾ ਕਾਦਰ ਸਮਸਤ ਪ੍ਰਕਿਰਤੀ ਦਾ ਰਚਨਹਾਰ ਹੈ ਅਤੇ ਉਹ ਅਨੇਕ-ਭਾਂਤੀ ਰਚਨਾ ਕਰਕੇ ਇਸ ਵਿਚ ਸੁਵੰਨਤਾ ਪੈਦਾ ਕਰਦਾ ਹੈ :

ਸੂਰਜ ਏਕੋ ਰੁਤ ਅਨੇਕ
ਨਾਨਕ ਕਰਤੇ ਕੇ ਕੇਤੇ ਵੇਸੁ।। [104]

ਜਪੁਜੀ ਵਿਚ ਗੁਰੂ ਜੀ ਨੇ ਪ੍ਰਕਿਰਤੀ ਦੀ ਵਿਭਿੰਨਤਾ ਦਰਸਾਉਣ ਤੇ ਵਿਸਮਾਦੀਭਾਵ ਉਤਪੰਨ ਕਰਨ ਲਈ 'ਕੇਤੇ' ਸ਼ਬਦ ਦਾ ਪ੍ਰਯੋਗ ਕੀਤਾ ਹੈ ਅਤੇ ਇਸ ਨਾਲ ਪ੍ਰਕਿਰਤੀ ਦੀ ਅਨੰਤਤਾ, ਅਸੀਮਤਾ ਤੇ ਵਿਲੱਖਣਤਾ ਦੀ ਉਜਾਗਰ ਹੁੰਦੀ ਹੈ :

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ।।
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।।
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।।
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।।
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ।।
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ।।
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ।।
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ।। [105]

ਗੁਰੂ ਜੀ ਅਜਿਹੇ ਸਰਬ-ਵਿਆਪੀ ਪਰਮਾਤਮਾ, ਜੋ ਪ੍ਰਕਿਰਤੀ ਦੇ ਅਨੇਕ-ਭਾਂਤੀ ਰੂਪ ਵਿਚ ਸਮਾਇਆ ਹੋਇਆ ਹੈ, ਤੋਂ ਕੁਰਬਾਨ ਜਾਂਦੇ ਹਨ ਅਤੇ ਉਸ ਦੀ ਅਚੰਭਿਤ ਕਰਨ ਵਾਲੀ ਵਿਸਮਾਦਨਕ ਰਚਨਾ ਨੂੰ ਵੇਖ ਬਲਿਹਾਰੇ ਬਲਿਹਾਰੇ ਜਾਂਦੇ ਹਨ :

ਵਾਹੁ ਖਸਮੁ ਤੂੰ ਵਾਹੁ ਜਿਨਿ ਰਚਿ ਰਚਨਾ ਹਮ ਕੀਏ।।

ਇਸ ਤਰ੍ਹਾਂ ਆਪ ਪ੍ਰਕਿਰਤੀ ਨੂੰ ਵਿਸਮਾਦ, ਅਨੰਦ ਤੇ ਰਹੱਸ ਦਾ ਸੋਮਾ ਮੰਨਦੇ ਹਨ।

## ਪ੍ਰਕਿਰਤੀ ਦੀ ਅਨੰਤਤਾ

'ਪ੍ਰਕਿਰਤੀ ਤੇ ਵਿਸਮਾਦ' ਸਿਰਲੇਖ ਹੇਠਾਂ ਅਸੀਂ ਇਹ ਤੱਥ ਉਜਾਗਰ ਕਰ ਆਏ ਹਾਂ ਕਿ ਪ੍ਰਕਿਰਤੀ ਦਾ ਬੇ-ਓੜਕ, ਬੇ-ਸ਼ੁਮਾਰ ਤੇ ਅਨੰਤ ਪਸਾਰਾ ਹੀ ਵਿਸਮਾਦ ਦਾ ਕਾਰਨ ਹੈ। ਪ੍ਰਭੂ ਦੀ ਅਸੀਮਤਾ ਤੇ ਬੇਅੰਤਤਾ ਵਾਂਗ ਉਸ ਦੀ ਰਚਨਾ ਭਾਵ ਪ੍ਰਕਿਰਤੀ ਵੀ ਅਸੀਮ ਤੇ ਅਨੰਤ ਹੈ। ਪ੍ਰਭੂ ਪ੍ਰਕਿਰਤੀ ਕਿਸੇ ਗਿਣਤੀ ਮਿਣਤੀ ਦੀ ਸੀਮਾ ਵਿਚ ਬੰਨ੍ਹੀ ਨਹੀਂ ਜਾ ਸਕਦੀ ਤੇ ਨਾ ਹੀ ਇਸ ਨੂੰ ਬਿਆਨਿਆਂ ਜਾ ਸਕਦਾ ਹੈ। ਇਹ ਤਾਂ ਅਵਰਨਣ ਹੈ। ਗਉੜੀ ਰਾਗ ਵਿਚ ਗੁਰੂ ਜੀ ਫੁਰਮਾਉਂਦੇ ਹਨ :

ਕਹਣਾ ਹੈ ਕਿਛੁ ਕਹਣ ਨਾ ਜਾਇ।।
ਤਉ ਕੁਦਰਤਿ ਕੀਮਤਿ ਨਹੀ ਪਾਇ।। ੧ ।। ਰਹਾਉ।। [106]

ਕਾਦਰ ਦੀ ਪ੍ਰਕਿਰਤੀ ਕਹਿਣ ਕਥਨ ਤੇ ਬਿਆਨਣ ਵਿਚ ਹੋਵੇ ਤਾਂ ਕੁਝ ਕਹਿ ਸਕੀਏ। ਇਹ ਤਾਂ ਅਕੀਮਤ ਤੇ ਅਕਥਨੀਯ ਹੈ। ਇਸ ਪ੍ਰਕਿਰਤੀ ਦੀ ਥਾਹ ਤਾਂ ਕੋਈ ਪਾ ਹੀ ਨਹੀਂ ਸਕਿਆ। ਪਰਮਾਤਮਾ ਦੀ ਪ੍ਰਕਿਰਤੀ ਤਾਂ ਅਲੇਖ, ਅਲੱਖ, ਅਗੱਥ ਤੇ ਅਗੋਚਰ ਹੈ। ਅਨੇਕਾਂ ਆਕਾਸ਼, ਧਰਤੀਆਂ, ਚੰਦ, ਸੂਰ , ਜੀਵ-ਜੰਤ, ਜੀਵ-ਪਰਾਣਿ, ਬਨਸਪਤੀ, ਦਰਿਆ, ਨਦੀਆਂ ਨਾਲੇ, ਪਹਾੜਾਂ, ਝੀਲਾਂ, ਚਸ਼ਮੇ, ਖਾਣੀਆਂ, ਬਾਣੀਆਂ ਅਤੇ ਹੋਰ ਅਨੇਕਾਂ ਹੀ ਪ੍ਰਾਕਿਰਤਕ ਵਸਤਾਂ ਤੇ ਸ਼ਕਤੀਆਂ ਹਨ ਜਿੰਨ੍ਹਾਂ ਦਾ ਲੇਖਾ ਕਰਨਾ ਕਠਨ ਹੀ ਨਹੀਂ ਸਗੋਂ ਅਸੰਭਵ ਹੈ। ਇਹ ਮਾਨਵੀ ਗਿਆਨ ਇੰਦਰੀਆਂ ਦੀ ਪਹੁੰਚ ਤੋਂ ਪਰ੍ਹੇ ਦੀ ਗੱਲ ਹੈ। ਮਨੁੱਖੀ ਗਿਆਨ ਸੀਮਾਬੱਧ ਹੈ। ਅਜੋਕਾ ਵਿਗਿਆਨੀ ਪ੍ਰਕਿਰਤੀ ਦੇ ਅਨੰਤ ਪਸਾਰੇ ਨੂੰ ਜਾਣਨ ਤੇ ਸਮਝਣ ਲਈ ਯਤਨਸ਼ੀਲ ਤਾਂ ਹੈ ਪਰ ਕਿਸੇ ਨਿਸ਼ਚਿਤ ਤੇ ਠੋਸ ਨਤੀਜੇ ਤੇ ਨਹੀਂ ਅਪੜ ਸਕਿਆ। ਗੁਰੂ ਜੀ ਨੇ ਮਨੁੱਖੀ ਬੁੱਧੀ ਦੀ ਤੁੱਛਤਾ ਤੇ ਅਪਹੁੰਚਤਾ ਦਾ ਜ਼ਿਕਰ ਜਪੁਜੀ ਵਿਚ ਕੀਤਾ ਹੈ :

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।।
ਓੜਕ ਓੜਕ ਭਾਲਿ ਥਕੇ ਵੇਦ ਕਹਿਣ ਇਕ ਵਾਤ।।
ਲੇਖਾ ਹੋਇ ਤਾ ਲਿਖੀਐ ਲੇਖੈ ਹੋਇ ਵਿਣਾਸੁ।। [107]

.. ... ...

ਕੋਇ ਨਾ ਜਾਣੈ ਤੇਰਾ ਕੇਤਾ ਕੇਵਡ ਚੀਰਾ। [108]

ਗੁਰੂ ਜੀ ਪ੍ਰਕਿਰਤੀ ਦੀ ਅਪਾਰ ਵਿਸ਼ਾਲਤਾ ਤੇ ਅਨੰਤਤਾ ਬਾਰੇ ਸਿਧਾਂਤ ਨਿਰੂਪਣ ਕਰਦੇ ਹੋਏ ਆਖਦੇ ਹਨ :

ਤਿਥੈ ਖੰਡ ਮੰਡਲ ਵਰਭੰਡੁ।।
ਜੇ ਕੋ ਕਥੈ ਤਾਂ ਅੰਤੁ ਨ ਅੰਤ।।

ਵਿਚਾਰਵਾਨਾਂ ਨੇ ਪ੍ਰਕਿਰਤੀ ਦੀ ਵਰਗ-ਵੰਡ ਕਰਨ ਲੱਗਿਆਂ ਇਸ ਨੂੰ ਮਾਤਲੋਕ, ਪਾਤਾਲ, ਲੋਕ ਤੇ ਸੁਰਗ-ਲੋਕ ਆਦਿ ਨਾਂ ਦਿੱਤੇ ਹਨ ਭਾਵ ਤਿੰਨਾਂ ਲੋਕਾਂ ਵਿਚ ਵੰਡੀ ਹੋਈ ਹੈ। ਕੁਝ ਸਿਆਣਿਆਂ ਨੇ ਇਸ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਵੀ ਕੀਤਾ ਹੈ : ਅੰਡਜ (ਆਂਡਿਆਂ ਤੋਂ ਪੈਦਾ ਹੋਣ ਵਾਲੀ ਦੁਨੀਆਂ, ਜੇਰਜ: ਭਾਵ ਗਰਭ'ਚੋਂ ਪੈਦਾ ਹੋਣ ਵਾਲੇ ਜੀਅਜੰਤ, ਸੇਤਜ, ਪਸੀਨੇ ਤੋਂ ਪੈਦਾ ਹੋਣ ਵਾਲੇ ਜੀਵ ਅਤੇ ਉਤਭੁਜ, (ਧਰਤੀ'ਚੋਂ ਆਪਣੇ ਆਪ ਪੈਦਾ ਹੋਣ ਵਾਲੀ ਬਨਸਪਤੀ ਤੇ ਜੀਵ ਸ਼੍ਰੇਣੀ। ਗੁਰੂ ਜੀ ਨੇ ਆਪਣੀ ਬਾਣੀ ਵਿਚ ਇਨ੍ਹਾਂ ਤਿੰਨਾਂ-ਲੋਕਾਂ ਤੇ ਖਾਣੀਆਂ ਦਾ ਜ਼ਿਕਰ ਤਾਂ ਕੀਤਾ ਹੈ ਪਰ ਇਸ ਨੂੰ ਕਿਸੇ ਗਿਣਤੀ ਮਿਣਤੀ ਦੀ ਸੀਮਾ ਵਿਚ ਨਹੀਂ ਰੱਖਿਆ। ਉਨ੍ਹਾਂ ਦੇ ਪ੍ਰਕਿਰਤੀ ਸਬੰਧੀ ਗਿਆਨ-ਦ੍ਰਿਸ਼ਟੀਕੋਣ ਨੂੰ ਦੇਖ ਕੇ ਵਿਗਿਆਨਕ ਤੇ ਵਿਚਾਰਕ ਚਕ੍ਰਿਤ ਰਹਿ ਜਾਂਦੇ ਹਨ। ਗੁਰੂ ਜੀ ਪ੍ਰਕਿਰਤੀ ਦੇ ਅਪਾਰ ਪਸਾਰੇ ਲਈ ਲੱਖ, ਅਸੰਖ ਤੇ ਕੋੜ ਆਦਿ ਸ਼ਬਦਾਂ ਦਾ ਪ੍ਰਯੋਗ ਕਰਦੇ ਹੋਏ ਵੀ ਪ੍ਰਕਿਰਤੀ ਦੇ ਫੈਲਾਵ ਦੀ ਅਨੰਤਤਾ, ਵਿਸ਼ਾਲਤਾ ਤੇ ਬੇਅੰਤਤਾ ਪ੍ਰਤਿ ਆਪਣੀ ਸੰਤੁਸ਼ਟਤਾ ਦਾ ਇਜ਼ਹਾਰ ਨਹੀਂ ਕਰਦੇ। ਉਨ੍ਹਾਂ ਦੇ ਇਸ ਉਲੇਖ ਦੀ ਪੁਸ਼ਟੀ ਲਈ ਕੁਝ ਉਦਾਹਰਣ ਪੇਸ਼ ਹਨ :

ਧਰਤੀ ਹੋਰੁ ਪਰੈ ਹੋਰੁ ਹੋਰੁ।।
ਤਿਸ ਤੇ ਭਾਰੁ ਤਲੈ ਕਵਣੁ ਜੋਰੁ।। [109]

... ... ...

ਅਸੰਖ ਜਪੁ ਅਸੰਖ ਭਾਉ।।
ਅਸੰਖ ਪੂਜਾ ਅਸੰਖ ਤਪ ਤਾਉ।।
ਅਸੰਖ ਭਗਤ ਗੁਣ ਗਿਆਨ ਵੀਚਾਰੁ।।
ਅਸੰਖ ਸਤੀ ਅਸੰਖ ਦਾਤਾਰੁ।।

ਅਸੰਖ ਸੂਰ ਮੁਹ ਭਖ ਸਾਰ ॥
ਅਸੰਖ ਮੋਨਿ ਲਿਵ ਲਾਇ ਤਾਰ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨਾ ਜਾਵਾ ਏਕ ਵਾਰ ॥

... ... ...

ਅਸੰਖ ਮੂਰਖ ਅੰਧ ਘੋਰ ॥
ਅਸੰਖ ਚੋਰ ਹਰਾਮ ਖੋਰ ॥

... ... ...

ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥
ਨਾਨਕ ਨੀਚੁ ਕਹੈ ਵੀਚਾਰੁ ॥
ਵਾਰਿਆ ਨਾ ਜਾਵਾ ਏਕ ਵਾਰ ॥

... ... ...

ਅਸੰਖ ਨਾਵ ਅਸੰਖ ਥਾਵ ॥
ਅਗੰਮ ਅਗੰਮ ਅਸੰਖ ਲੋਅ ॥

... ... ...

ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ 110

ਉਪਰੋਕਤ ਗੁਰਬਾਣੀ ਵਾਕਾਂ ਤੋਂ ਗੁਰੂ ਜੀ ਦੀ ਪ੍ਰਕਿਰਤੀ ਪ੍ਰਤਿ ਡੂੰਘੇਰੀ ਸੂਝ ਦਾ ਪ੍ਰਗਟਾਵਾ ਹੁੰਦਾ ਹੈ। ਇਨ੍ਹਾਂ ਕੁਝ ਕਹਿਣ ਦੇ ਬਾਵਜੂਦ ਵੀ ਇਹ ਆਪਣੀ ਵਿਦਵਤਾ ਦਾ ਦਮ ਨਹੀਂ ਭਰਦੇ ਸਗੋਂ ਨਿਰਮਾਣਤਾ ਨਾਲ ਕਹਿ ਉਠਦੇ ਹਨ :

ਕੁਦਰਤਿ ਕਰਨੈ ਹਾਰ ਅਪਾਰਾ।
ਕੀਤੇ ਕਾ ਨਾਹੀ ਕਿਹੁ ਚਾਰਾ। 111

ਸੋ ਇਸ ਸਾਰੀ ਵਿਚਾਰ ਦਾ ਤਾਤਪਰਜ ਇਹ ਹੋਇਆ ਕਿ ਕਾਦਰ ਦੀ ਪ੍ਰਕਿਰਤੀ ਅਸੀਮ, ਬੇਅੰਤ, ਅਨੰਤ ਤੇ ਅਪਾਰ ਪਸਾਰੇ ਵਾਲੀ ਹੈ। ਇਸ ਦੀ ਅਨੰਤਤਾ ਨੂੰ ਕੇਵਲ ਇਸ ਦਾ ਸਿਰਜਕ ਸਮਰਥਾਵਾਨ ਕਾਦਰ ਹੀ ਜਾਣ ਸਕਦਾ ਹੈ।

## ਪ੍ਰਕਿਰਤੀ ਤੇ ਹੁਕਮ ਸਿਧਾਂਤ

ਗੁਰੂ ਨਾਨਕ ਬਾਣੀ ਦਾ ਪ੍ਰਸਿਧ ਪ੍ਰਮੁਖ ਸਿਧਾਂਤ ਹੈ ਕਿ ਪ੍ਰਕਿਰਤੀ ਸਿਰਜਨਾ ਪਰਮ ਸੱਤ ਦੁਆਰਾ ਹੋਈ ਹੈ। ਪ੍ਰਕਿਰਤੀ ਰਚਨਾ (ਸ੍ਰਿਸ਼ਟੀ ਉਤਪਤੀ) ਸੰਬੰਧੀ ਗੁਰੂ ਨਾਨਕ ਦੇਵ ਜੀ ਦੇ ਤਿੰਨ ਸਿਧਾਂਤ ਵਿਸ਼ੇਸ਼ ਤੌਰ ਤੇ ਦ੍ਰਿਸ਼ਟੀਗੋਚਰ ਹੁੰਦੇ ਹਨ :

ੳ. ਹੁਕਮ ਦੁਆਰਾ ਸ੍ਰਿਸ਼ਟੀ ਰਚਨਾ
ਅ. ਓਅੰਕਾਰ ਦੁਆਰਾ ਸ੍ਰਿਸ਼ਟੀ ਰਚਨਾ
ੲ. ਅਤੇ ਹਉਮੈ ਦੁਆਰਾ ਸ੍ਰਿਸ਼ਟੀ ਰਚਨਾ ।[112]

ਹੁਕਮ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਫੁਰਮਾਣ, ਆਦੇਸ਼ ਤੇ ਆਗਿਆ ਹੈ । ਇਸਲਾਮੀ ਮੱਤ ਵੀ ਹੁਕਮ ਸਿਧਾਂਤ ਨੂੰ ਮੰਨਦਾ ਹੈ। 'ਕੁਰਾਨ' ਵਿਚ ਵਰਤਿਆ 'ਕੁੰਨ' ਸ਼ਬਦ ਹੁਕਮ ਦਾ ਹੀ ਪ੍ਰਤੀਕ ਹੈ। ਜਦੋਂ ਪ੍ਰਭੂ ਦੀ ਸ੍ਰਿਸ਼ਟੀ ਰਚਨ ਦੀ ਇੱਛਾ ਹੋਈ ਤਾਂ ਰੱਬੀ ਹੁਕਮ ਹੋਇਆ 'ਕੁੰਨ' ਭਾਵ ਹੋ ਜਾ, ਤਾਂ ਉਸੇ ਵਕਤ ਸ੍ਰਿਸ਼ਟੀ ਉਤਪੰਨ ਹੋ ਗਈ।[113] ਪੱਛਮੀ ਮੱਤਾਂ ਵਿਚ ਸ੍ਰਿਸ਼ਟੀ ਰਚਨਾ ਬਾਰੇ ਹੁਕਮ ਦਾ ਸਿਧਾਂਤ ਹੀ ਮੰਨਿਆ ਗਿਆ ਹੈ।[114] ਡਾ: ਸ਼ੇਰ ਸਿੰਘ ਇਸਲਾਮੀ 'ਕੁੰਨ' ਗੁਰੂ ਨਾਨਕ ਦੇ 'ਕਵਾਉ' ਵਿਚ ਅੰਤਰ ਮੰਨਦੇ ਹਨ। ਉਨ੍ਹਾਂ ਅਨੁਸਾਰ, ਗੁਰੂ ਨਾਨਕ ਦੀ ਪ੍ਰਕਿਰਤੀ ਦਾ ਪਸਾਰ ਸਹਿਜੇ ਸਹਿਜੇ ਹੋਇਆ ਹੈ।[115]

ਵਿਚਾਰਵਾਨਾਂ, ਚਿੰਤਕਾਂ ਤੇ ਵਿਦਿਵਾਨਾਂ ਨੇ ਹੁਕਮ ਦੇ ਭਿੰਨ ਭਿੰਨ ਅਰਥ ਕੀਤੇ ਹਨ। ਗੁਰਮੱਤ ਦੇ ਪ੍ਰਸਿੱਧ ਵਿਦਿਵਾਨ ਡਾ: ਸ਼ੇਰ ਸਿੰਘ ਨੇ ਆਪਣੀ ਪੁਸਤਕ ਗੁਰਮਤ-ਦਰਸ਼ਨ ਵਿਚ ਹੁਕਮ ਨੂੰ ਰਬੀ-ਇੱਛਾ ਜਾਂ ਇਰਾਦਾ ਕਿਹਾ ਹੈ ਤੇ ਇਸ ਤੋਂ ਭਾਵ ਰਬੀ ਕੁਦਰਤ ਲਿਆ ਹੈ।[116] ਡਾ: ਸੁਰਿੰਦਰ ਸਿੰਘ ਕੋਹਲੀ ਨੇ ਹੁਕਮ ਨੂੰ ਰਬੀ ਨਿਯਮ ਆਖਿਆ ਹੈ।[118]

ਇਨ੍ਹਾਂ ਵਿਦਵਾਨਾਂ ਦੇ ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਪ੍ਰਕਿਰਤੀ ਦੀ ਉਤਪਤੀ ਰੱਬੀ ਹੁਕਮ ਦੁਆਰਾ ਹੋਈ ਅਤੇ ਇਸ ਦੀ ਗਤੀਸ਼ੀਲਤਾ ਵੀ ਰਬੀ ਹੁਕਮ (ਨਿਯਮ) ਅਧੀਨ ਹੈ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮਿ ਨਾ ਕੋਇ।।[119]

ਪ੍ਰਭੂ ਨੇ ਪ੍ਰਕਿਰਤੀ ਦੇ ਬੇਅੰਤ, ਬੇਓੜਕ ਤੇ ਅੰਤਾਂ ਦੇ ਵਿਸਤ੍ਰਿਤ ਪਸਾਰੇ ਨੂੰ ਕਿਸੇ ਨਿਯਮ ਅਧੀਨ ਰੱਖਣਾ ਸੀ। ਗੁਰੂ ਜੀ ਨੇ ਸਮੁੱਚੀਆਂ ਪ੍ਰਾਕਿਰਤਕ ਸ਼ਕਤੀਆਂ ਨੂੰ ਪ੍ਰਭੂ ਦੇ ਭੈ ਅਧੀਨ ਵਿਚਰ ਰਹੀਆਂ ਮੰਨਿਆ ਹੈ :

ਭੈ ਵਿਚਿ ਪਵਣੁ ਵਹੈ ਸਦਵਾਉ॥
ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥
ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥
ਭੈ ਵਿਚਿ ਰਾਜਾ ਧਰਮ ਦੁਆਰੁ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ॥
ਭੈ ਵਿਚਿ ਸਿਧ ਬੁਧ ਸੁਰ ਨਾਥ॥
ਭੈ ਵਿਚਿ ਆਡਾਣੇ ਆਕਾਸ॥
ਭੈ ਵਿਚਿ ਜੋਧ ਮਹਾਬਲ ਸੂਰ॥
ਭੈ ਵਿਚਿ ਆਵਹਿ ਜਾਵਹਿ ਪੂਰ॥
ਸਗਲਿਆ ਭਉ ਲਿਖਿਆ ਸਿਰਿ ਲੇਖੁ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ [120]

ਇਸ ਤਰ੍ਹਾਂ ਪ੍ਰਕਿਰਤੀ ਦੇ ਵਿਵਿਧ ਰੂਪ ਭਾਵ ਦ੍ਰਿਸ਼ਟ ਤੇ ਅਦ੍ਰਿਸ਼ਟ, ਸੂਖਮ ਤੇ ਅਸਥੂਲ ਸਮੁੱਚਾ ਪ੍ਰਾਕਿਰਤਕ ਪਸਾਰਾ ਪ੍ਰਭੂ ਦੇ ਭੈ ਵਿਚ ਚਲ ਰਿਹਾ ਹੈ। ਕੇਵਲ ਇਕੋ ਇਕ ਸਿਰਜਨਹਾਰ ਪ੍ਰਭੂ ਹੀ ਇਸ ਹੁਕਮ ਤੇ ਭੈ ਤੋਂ ਬਾਹਰਾ ਹੈ। ਗੁਰੂ ਅਰਜਨ ਦੇਵ ਜੀ ਨੇ ਹੁਕਮ ਤੇ ਭੈ ਦੇ ਸਿਧਾਂਤ ਨੂੰ 'ਡਰ' ਸ਼ਬਦ ਦੁਆਰਾ ਨਿਰੂਪਣ ਕੀਤਾ ਹੈ।

ਡਰਪੈ ਧਰਤਿ ਅਕਾਸੁ ਨਖੵਤ੍ਰਾ ਸਿਰ ਊਪਰਿ ਅਮਰੁ ਕਰਾਰਾ।
ਪਉਣੁ ਪਾਣੀ ਬੈਸੰਤਰੁ ਡਰਪੈ, ਡਰਪੈ ਇੰਦ੍ਰੁ ਬਿਚਾਰਾ। [121]

ਉਪਰੋਕਤ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸਮੁੱਚੀ ਪ੍ਰਕਿਰਤੀ, ਕਰਤੇ ਦੇ ਹੁਕਮ ਵਿਚ ਚਲ ਰਹੀ ਹੈ। ਪ੍ਰਕਿਰਤੀ ਤੇ ਹੁਕਮ ਦਾ ਆਪਸੀ ਸੰਬੰਧ ਕਾਦਰ ਤੇ ਪ੍ਰਕਿਰਤੀ ਦੇ ਆਪਸੀ ਸੰਬੰਧਾਂ ਦੀ ਨਿਆਈਂ ਹੈ।

## ਪ੍ਰਕਿਰਤੀ ਦੀ ਉਪਦੇਸ਼ਾਤਮਿਕਤਾ

ਗੁਰੂ ਨਾਨਕ ਦੇਵ ਜੀ ਇਕ ਅਧਿਆਤਮਿਕ ਕਵੀ ਹਨ। ਉਹ ਪ੍ਰਕਿਰਤੀ ਨੂੰ ਪ੍ਰਕਿਰਤੀ ਲਈ ਘੱਟ ਅਤੇ ਪ੍ਰਕਿਰਤੀ ਨੂੰ ਕਾਦਰ ਲਈ ਵਧੇਰੇ ਪਿਆਰ ਕਰਦੇ ਹਨ।[122] ਗੁਰੂ ਨਾਨਕ ਬਾਣੀ ਵਿਚ ਜਿੰਨਾ ਵੀ ਪ੍ਰਕਿਰਤੀ ਚਿਤ੍ਰਣ ਹੋਇਆ ਹੈ ਉਹ ਅਧਿਆਤਮਿਕ ਅਰਥਾਂ ਵਿਚ ਹੀ ਹੋਇਆ ਹੈ। ਪ੍ਰਕਿਰਤੀ ਕਿਉਂਕਿ ਕਾਦਰ ਦੀ ਸਿਰਜਣਾ ਹੈ, ਇਸ ਲਈ ਇਹ ਮਨੁੱਖੀ ਜੀਵਨ ਨੂੰ ਸਚਿਆਰਾ ਬਣਾਉਣ ਅਤੇ ਸਦਾਚਾਰਕ ਗੁਣ ਪ੍ਰਦਾਨ ਕਰਨ ਵਾਲੀ ਸਿਖਿਆਦਾਤੀ ਹੈ।

ਗੁਰੂ ਨਾਨਕ ਅਨੁਸਾਰ ਪ੍ਰਕਿਰਤੀ ਜਿਥੇ ਸਰਬ-ਸ਼ਕਤੀਮਾਨ ਪ੍ਰਭੂ ਦੇ ਸਰੂਪ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ, ਉਥੇ ਇਹ ਮਨੁੱਖ ਨੂੰ ਪਰਮਾਰਥਕ, ਸਮਾਜਕ ਤੇ ਵਿਹਾਰਕ ਜੀਵਨ ਪ੍ਰਤਿ ਪ੍ਰੇਰਨਾਤਮਕ ਸਿਖਿਆ ਵੀ ਦਿੰਦੀ ਹੈ। ਗੁਰੂ ਜੀ ਮਨੁੱਖ ਨੂੰ ਸਚਿਆਰਾ ਬਣਨ ਦੀ ਤਾਕੀਦ ਕਰਦੇ ਹਨ ਕਿਉਂਕਿ ਸੱਚਸਰੂਪ ਪਰਮਾਤਮਾ ਨਾਲ ਮਨੁੱਖੀ ਆਤਮਾ ਦੀ ਅਭੇਦਤਾ ਤੱਕ ਹੀ ਸੰਭਵ ਹੈ, ਜੇ ਮਨੁੱਖ ਪ੍ਰਭੂ ਵਾਲੇ ਗੁਣਾਂ ਦਾ ਧਾਰਨੀ ਹੋਵੇ। ਗੁਰੂ ਜੀ ਮਿਰਗ ਦੀ ਮਿਸਾਲ ਦੇ ਕੇ ਖੋਟੇ ਕੰਮ ਕਰਨ ਵਾਲਿਆਂ ਨੂੰ ਸਿਖਿਆ ਦਿੰਦੇ ਹਨ ਕਿ ਉਨ੍ਹਾਂ ਦਾ ਮਿਰਗ ਵਰਗਾ ਹੀ ਹਾਲ ਹੋਵੇਗਾ।

ਖੋਟੇ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥
ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥[123]

ਪਰੰਤੂ ਜਿਹੜੇ ਜਿਹੜੇ ਗੁਰੂ ਦੀ ਸਿਖਿਆ ਗ੍ਰਹਿਣ ਕਰਕੇ ਪ੍ਰਭੂ ਪ੍ਰਮਾਤਮਾ ਦਾ ਨਾਮ ਜਪਦੇ, ਸੱਚੀ ਸੁੱਚੀ ਕਿਰਤ ਕਰਦੇ ਇਖ਼ਲਾਕੀ ਗੁਣਾਂ ਦੇ ਧਾਰਨੀ ਹੁੰਦੇ ਹਨ, ਉਨ੍ਹਾਂ ਨੂੰ ਜਮ-ਜਾਲ ਵਿਚੋਂ ਗੁਰੂ ਉਬਾਰ ਲੈਂਦਾ ਹੈ ਅਤੇ ਜਿਹੜੇ ਮਾਇਆ ਦੇ ਭਰਮ ਜਾਲ ਵਿਚ ਫਸ, ਨਾਮ-ਰੂਪੀ ਅਮੋਲਕ ਧਨ ਨੂੰ ਵਿਸਾਰ ਦਿੰਦੇ ਹਨ, ਉਹ ਮਿਰਗ ਤੇ ਪੰਛੀਆਂ ਵਾਂਗ ਸ਼ਿਕਾਰੀ ਦੇ ਜਾਲ ਵਿਚ ਫਸਕੇ ਦੁਖ ਸਹਿੰਦੇ ਹਨ :

ਸਰਿਹੈ ਜਿਉ ਪੰਖੀਆ ਜਾਲੀ ਬਧਿਕ ਹਾਥਿ ॥
ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੇ ਸਾਥਿ ॥[124]

ਮਨੁੱਖ ਨੂੰ ਇਖਲਾਕੀ ਤੇ ਸਦਾਚਾਰਕ ਸ਼ੁੱਧਤਾ ਧਾਰਨ ਕਰਨ ਦਾ ਉਪਦੇਸ਼ ਦੇਣ ਲਈ ਗੁਰੂ ਜੀ ਨੇ ਪ੍ਰਕਿਰਤੀ ਚੋਂ ਹਿਰਨ ਦਾ ਰੂਪ ਵਰਤਿਆ ਹੈ। ਮਨ-ਰੂਪੀ ਹਿਰਨ ਨੂੰ ਸੰਬੋਧਤ ਹੁੰਦੇ ਗੁਰੂ ਜੀ, ਵਿਕਾਰਾਂ ਵਿਚ ਖੁਭੇ ਮਨੁੱਖ ਨੂੰ ਇਨ੍ਹਾਂ ਸੰਸਾਰਕ ਤੇ ਪਦਾਰਥਕ ਰਸਾਂ ਕਸਾਂ ਦੀ ਛਿਨ-ਭੰਗਰਤਾ ਦਾ ਅਹਿਸਾਸ ਕਰਵਾਉਂਦੇ, ਵਿਕਾਰਾਂ, ਭੋਗਾਂ ਤੇ ਵਿਸ਼ਿਆਂ ਤੋਂ ਨਿਰਲੇਪ ਰਹਿਣ ਦਾ ਉਪਦੇਸ਼ ਦਿੰਦੇ ਹਨ।

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ ॥
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੇ ਤਾਤਾ ਰਾਮ ॥[125]

ਪ੍ਰਕਿਰਤੀ ਦੇ ਬਨਸਪਤੀ ਜਗਤ ਵਿਚ ਗੁਲਾਬ ਦਾ ਫੁੱਲ ਅਤਿ ਸੁੰਦਰ, ਸੁਹਣਾ ਤੇ ਖੁਸ਼ਬੋ ਵਾਲਾ ਫੁੱਲ ਹੈ। ਰੰਗ ਅਤੇ ਰੂਪ ਪੱਖੋਂ ਤਾਂ ਇਹ ਸਾਰੇ ਫੁੱਲਾਂ ਚੋਂ ਸ਼੍ਰੋਮਣੀ ਮੰਨਿਆ ਜਾਂਦਾ ਹੈ। ਇਵੇਂ ਹੀ ਮਨੁੱਖ ਸਭ ਜੀਵ-ਜੰਤੂਆਂ ਵਿਚੋਂ ਸਰੇਸ਼ਟ ਉੱਤਮ ਤੇ ਸੁੰਦਰ ਹੈ। ਇਸ ਧਰਤੀ ਉਤੇ ਇਸ ਦੀ ਸਿਕਦਾਰੀ ਹੈ। ਜਿਹੜੇ ਮਨੁੱਖ ਧਨ, ਦੌਲਤ, ਜੋਬਨ, ਰੂਪ-ਸੁੰਦਰਤਾ ਤੇ ਬਲ ਨੂੰ ਸਥਾਈ ਮੰਨਕੇ ਹੰਕਾਰ ਵਿਚ ਖਿੜਦੇ ਫਿਰਦੇ, ਖੁਸ਼ੀਆਂ ਤੇ ਰੰਗ ਰਲੀਆਂ ਮਨਾਉਂਦੇ, ਮਨੁੱਖ ਨੂੰ ਤਾਂ ਕੀ ਪ੍ਰਭੂ ਨੂੰ ਵੀ ਨਹੀਂ ਸਿਆਣਦੇ, ਉਨ੍ਹਾਂ ਨੂੰ ਜੀਵਨ ਦੀ ਵਾਸਤਵਿਕਤਾ ਦਰਸਾਉਣ ਲਈ ਗੁਰੂ ਜੀ ਨੇ ਜੀਵਨ-ਸੱਚ ਪੇਸ਼ ਕੀਤਾ ਹੈ :

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨਿ ਚਾਰਿ ॥
ਪਬਣਿ ਕੇਰੇ ਪਤ ਜਿਉ ਢਲਿ ਢਲਿ ਜੁੰਮਣਹਾਰ ॥[126]

ਗੁਰੂ ਜੀ ਪ੍ਰਕਿਰਤੀ ਦੇ ਜੀਵ-ਪਰੰਦ ਜਗਤ ਚੋਂ ਚਿੜੀ ਅਤੇ ਅੱਕਟਿੱਡੇ ਦੀ ਮਿਸਾਲ ਦੇ ਕੇ ਮਾਨਵਤਾ ਨੂੰ ਸਬਰ, ਸੰਤੋਖ, ਸਿਦਕ ਤੇ ਰਜ਼ਾ ਵਾਲਾ ਜੀਵਨ ਜਿਉਣ ਦਾ ਉਪਦੇਸ਼ ਦਿੰਦੇ ਹਨ :

ਅਧੁ ਗੁਲਾ ਚਿੜੀ ਕਾ ਚੁਗਣੁ ਗੈਣ ਚੜੀ ਬਿਲਲਾਇ ।
ਖਸਮੈ ਭਾਵੈ ਉਹਾ ਚੰਗੀ ਜਿ ਕਰੇ ਖੁਦਾਇ ਖੁਦਾਇ ।

... ... ...

ਅਕ ਸਿਉ ਪ੍ਰੀਤਿ ਕਰੇ ਅਕਤਿੜਾ ਅਕ ਡਾਲੀ ਬਹਿ ਖਾਇ ॥
ਖਸਮੈ ਭਾਵੈ ਉਹਾ ਚੰਗਾ ਜਿ ਕਰੇ ਖੁਦਾਇ ਖੁਦਾਇ ॥[127]

ਸਿੰਮਲ ਰੁਖ ਦੇ ਦ੍ਰਿਸ਼ਟਾਂਤ ਰਾਹੀਂ ਗੁਰੂ ਜੀ ਅਜਿਹੇ ਦੁਨਿਆਵੀ ਬੰਦਿਆਂ ਦਾ ਚਿਤਰ ਪੇਸ਼ ਕਰਦੇ ਹਨ, ਜਿਹੜੇ ਵੇਖਣ ਨੂੰ ਤਾਂ ਸੁਹਣੇ-ਸੁਨੱਖੇ, ਰਿਸ਼ਟ ਪੁਸ਼ਟ ਧੰਨ ਤੇ ਬਲ ਵਾਲੇ ਪ੍ਰਤੀਤ ਹੁੰਦੇ ਹਨ ਪਰ ਉਹ ਮਨੁੱਖਤਾ ਦੇ ਕਿਸੇ ਕੰਮ ਨਹੀਂ ਆਉਂਦੇ ਭਾਵ ਉਨ੍ਹਾਂ ਤੋਂ ਮਨੁੱਖਤਾ ਨੂੰ ਕੋਈ ਲਾਭ ਨਹੀਂ। ਗੁਰੂ ਜੀ ਪ੍ਰਕਿਰਤੀ ਦੇ ਇਸ ਰੁੱਖ ਰਾਹੀਂ ਉਪਦੇਸ਼ ਦਿੰਦੇ ਆਖਦੇ ਹਨ ਕਿ ਅਜਿਹੇ ਨਿਰਗੁਣੀਏ, ਨਿਰਾਰਥਕ ਤੇ ਪਾਖੰਡੀ ਲੋਕਾਂ ਦੀ ਸੰਗਤ ਕੋਈ ਫਲ ਨਹੀਂ ਦਿੰਦੀ ਤੇ ਨਾ ਹੀ ਅਜਿਹੇ ਮਨੁੱਖਾਂ ਪਾਸੋਂ ਕੋਈ ਆਸ ਰੱਖਣੀ ਚਾਹੀਦੀ ਹੈ। ਅਜਿਹੇ ਲੋਕ ਦੂਜਿਆਂ ਪ੍ਰਤਿ ਨਿਰਾਸਤਾ ਦਾ ਕਾਰਨ ਬਣਦੇ ਹਨ। ਸਿੰਮਲ ਰੁੱਖ ਸਰੀਰਕ ਆਕਾਰ ਕਰਕੇ ਬੜਾ ਉਚਾ-ਲੰਮਾ ਤੇ ਫਲਦਾਰ ਹੈ ਪਰ ਇਸ ਦੇ ਫੱਲ ਤੇ ਫੁੱਲ ਫਿੱਕੇ ਤੇ ਬਕਬਕੇ ਹਨ। ਪੰਛੀ ਇਸ ਦੇ ਲੁਭਾਇਮਾਨ ਸਰੂਪ ਨੂੰ ਵੇਖਕੇ ਆਕਰਸ਼ਤ ਤਾਂ ਹੁੰਦੇ ਹਨ ਪਰ ਉਨ੍ਹਾਂ ਨੂੰ ਨਿਰਾਸਤਾ ਸਹਿਤ ਪਰਤਣਾ ਪੈਂਦਾ ਹੈ।

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥

... ...

ਸਿੰਮਲ ਰੁਖ ਸਰੀਰ ਮੈ ਮੈਜਨ ਦੇਖਿ ਭੁਲੰਨਿ ॥
ਸੇ ਫਲ ਕੰਮਿ ਨਾ ਆਵਨੀ ਤੇ ਗੁਣ ਮੈ ਤਨਿ ਹੰਨਿ ॥ [128]

ਗੁਰੂ ਜੀ ਸੰਸਾਰ ਦੀ ਨਾਸ਼ਮਾਨਤਾ ਤੇ ਜੀਵਨ ਦੀ ਥੁੜ-ਚਿਰਤਾ ਦਾ ਅਹਿਸਾਸ ਕਰਵਾਉਂਦੇ ਹੋਏ ਮੌਤ ਦੇ ਭੈ ਤੇ ਪ੍ਰਭੂ ਦੀ ਯਾਦ ਵੱਲ ਸੰਕੇਤ ਕਰਦੇ ਹਨ। ਸੰਸਾਰ ਰੂਪੀ ਸਰੋਵਰ ਵਿਚ ਅਣਗਿਣਤ ਜੀਵ ਖੇਡਾਂ ਖੇਡਦੇ ਖ਼ਤਮ ਹੋ ਗਏ :

ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ ॥
ਘੜੀਕਿ ਮੁਹਤ ਕਿ ਚਲਣਾ ਖੇਲਣੁ ਅਜੁ ਕਿ ਕਲਿ ॥ [129]

ਗੁਰੂ ਜੀ ਨੇ ਪ੍ਰਾਕਿਰਤਕ ਵਸਤਾਂ, ਪਦਾਰਥਾਂ, ਰੁੱਖ-ਬੂਟਿਆਂ ਜੀਵ-ਪਰਿੰਦਾਂ ਤੇ ਪਸ਼ੂਆਂ ਆਦਿ ਤੋਂ ਅਨੇਕ ਪ੍ਰਕਾਰ ਦੀ ਸਿਖਿਆ ਲਈ ਹੈ। ਇਹ ਮਨੁੱਖ ਨੂੰ ਅਧਿਆਤਮਿਕ, ਸਮਾਜਿਕ ਤੇ ਵਿਵਹਾਰਕ ਜੀਵਨ ਉਚੇਰਾ, ਸੁਚੇਰਾ ਤੇ ਸ਼੍ਰੇਸ਼ਟਤਮ ਬਣਾਉਣ ਵਿਚ ਸਹਾਇਕ ਹੁੰਦੇ ਹਨ। ਇਸ ਲਈ ਪ੍ਰਕਿਰਤੀ, ਗੁਰੂ ਨਾਨਕ ਦੇਵ ਜੀ ਲਈ, ਉਪਦੇਸ਼ਾਂ, ਨੀਤੀਆਂ ਤੇ ਸਿਖਿਆਵਾਂ ਦਾ ਭੰਡਾਰ ਹੈ।

## ਗੁਰੂ ਬਾਣੀ ਵਿਚ ਪ੍ਰਕਿਰਤੀ ਦਾ ਰਹੱਸਾਤਮਿਕ ਚਿਤ੍ਰਣ

ਗੁਰੂ ਨਾਨਕ ਸਿੱਖ ਰਹੱਸਵਾਦ ਦੇ ਨਿਰਮਾਤਾ ਹਨ। ਉਨ੍ਹਾਂ ਆਪਣੇ ਅਧਿਆਤਮਿਕ ਅਨੁਭਵ ਨੂੰ ਪ੍ਰਕਿਰਤੀ ਦੀ ਵਿਆਪਕ, ਦ੍ਰਿਸ਼ਟੀਗਤ ਅਤੇ ਅਦ੍ਰਿਸ਼ਟ ਵਿਵੱਸਥਾ ਰਾਹੀ ਰੂਪਮਾਨ ਕੀਤਾ ਹੈ। ਉਹ ਕੁਦਰਤ ਰਾਹੀ ਕਾਦਰ ਦੀ ਮਹਾਨਤਾ ਨੂੰ ਸਥਾਪਿਤ ਕਰਨ ਵਾਲੇ ਮਹਾਨ ਅਨੁਭਵਸ਼ੀਲ ਦਾਰਸ਼ਨਿਕ ਕਵੀ ਸਨ। ਕਾਵਿ ਦੇ ਮਾਧਿਅਮ ਰਾਹੀ ਉਨ੍ਹਾਂ ਨੇ ਆਪਣੇ ਸਮਾਜਿਕ ਅਧਿਆਤਮਿਕ ਅਤੇ ਸੰਸਾਰਕ ਫਲਸਫੇ ਨੂੰ ਰੂਪਮਾਨ ਕੀਤਾ ਹੈ। ਉਨ੍ਹਾਂ ਦੇ ਰਹੱਸਵਾਦ ਨੂੰ ਪ੍ਰਕਿਰਤੀ ਦੇ ਸੰਦਰਭ ਵਿਚ ਵਾਚਣ ਤੋਂ ਪਹਿਲਾਂ ਰਹੱਸਵਾਦ ਦੇ ਸ਼ਾਸਤ੍ਰੀ ਲੱਛਣਾਂ ਦਾ ਉਲੇਖ ਕਰਨਾ ਜ਼ਰੂਰੀ ਜਾਪਦਾ ਹੈ। ਸ਼ਿਪਲੇ ਅਨੁਸਾਰ "ਰਹੱਸਵਾਦ ਉਹ ਵਾਦ ਹੈ ਜਿਸ ਦੀ ਬੁਨਿਆਦ ਅਗਿਆਤ ਜਾਂ ਲੁਕਿਆ ਹੋਇਆ ਬ੍ਰਹਮ-ਤੱਤਵ ਹੈ।[130] ਮਾਨਵੀ ਚਿੰਤਨ ਲਈ ਸਭ ਤੋਂ ਵੱਡਾ ਰਹੱਸ ਉਹ ਪਰਮ ਤੱਤ ਜਾਂ ਪ੍ਰਮਾਤਮਾ ਹੈ, ਜਿਸ ਨੇ ਇਹ ਸਾਰੀ ਬ੍ਰਹਿਮੰਡੀ ਸ੍ਰਿਸ਼ਟੀ ਸਿਰਜੀ ਅਤੇ ਜਿਸ ਦੀ ਅਸਲੀਅਤ ਨੂੰ ਜਾਨਣ ਲਈ ਅਨੇਕਾਂ ਸਦੀਆਂ ਤੋਂ ਅਸੰਖਾਂ ਸਰੇਸ਼ਠ-ਦਾਰਸ਼ਨਿਕ, ਸਾਧਕ, ਭਗਤ, ਰਿਸ਼ੀ, ਮੁਨੀ ਮਹਾਤਮਾ, ਪੀਰ ਤੇ ਪੈਗੰਬਰ ਤਪੱਸਿਆ ਕਰਦੇ ਚਲੇ ਆ ਰਹੇ ਹਨ ਪਰ ਉਹ ਪ੍ਰਭੂ ਫਿਰ ਵੀ ਅਗਿਆਤ ਅਤੇ ਅਦ੍ਰਿਸ਼ਟ ਹੈ। ਸ੍ਰਿਸ਼ਟੀ ਦੇ ਇਸ ਕਾਦਰ ਦੀ ਸੀਮਾ ਅਜੇ ਤੱਕ ਲਖੀ ਨਹੀਂ ਜਾ ਸਕੀ। ਬਰਤਾਨਵੀ ਵਿਸ਼ਵ-ਕੋਸ਼ ਅਨੁਸਾਰ ਰਹੱਸਵਾਦ ਅਗਿਆਤ ਈਸ਼ਵਰ ਨੂੰ ਖੋਜਣ ਤੇ ਉਸ ਨਾਲ ਏਕਤਾ ਸਥਾਪਿਤ ਕਰਨ ਦੀ ਭਾਵਨਾ ਹੁੰਦੀ ਹੈ।[131]

ਰਹੱਸਵਾਦੀ ਕਵੀ ਜਾਂ ਸਾਧਕ ਭਾਵਨਾ ਦੀ ਸਾਧਨਾ ਰਾਹੀ ਹੀ ਰਸ-ਰੂਪ ਵਿਚ ਅਦਵੈਤ - ਅਵੱਸਥਾ ਨੂੰ ਪਹੁੰਚਦਾ ਹੈ ਅਤੇ ਵਿਆਪਕ ਵਿਸ਼ਵ-ਹਿਰਦੇ ਵਿਚ ਇਕਮਿਕਤਾ ਦਾ ਅਨੁਭਵ ਪ੍ਰਾਪਤ ਕਰਦਾ ਹੈ। ਦ੍ਰਿਸ਼ਮਾਨ ਅਨੇਕਤਾ ਵਿਚ ਆਪਣੀ ਅੰਤਰ-ਦ੍ਰਿਸ਼ਟੀ ਰਾਹੀ ਉਹ ਅਦ੍ਰਿਸ਼ਟ ਏਕਤਾ ਅਤੇ ਉਸ ਏਕਤਾ ਦੇ ਬੁਨਿਆਦੀ ਕਾਰਨ "ਪਰਮਸੱਤਾ" ਦੇ ਦਰਸ਼ਨ ਕਰਦਾ ਹੈ।[132] ਜਦੋਂ ਦਰਸ਼ਨ ਦਾ ਅਦਵੈਤ-ਵਾਦ ਭਾਵਾਂ ਦੀ ਪੂਜਾ ਕਰਕੇ ਅਨੁਭਵ ਕੀਤਾ ਜਾਂਦਾ ਹੈ ਤਾਂ ਉਹ ਕਾਵਿ ਦੇ ਖੇਤਰ ਦਾ ਰਹੱਸਵਾਦ ਬਣ ਜਾਂਦਾ ਹੈ। ਇਸ ਲਈ Spurgon ਅਨੁਸਾਰ ਰਹੱਸਵਾਦ ਕੋਈ ਸਿਧਾਂਤ ਜਾਂ ਦਰਸ਼ਨ ਨਹੀਂ ਸਗੋਂ ਮਨੁੱਖੀ ਅਨੁਭਵ ਦੀ ਹੀ ਇਕ ਸਹਿਜ ਅਵਸਥਾ ਅਤੇ ਉਸ ਦੇ ਅੰਤਹਿਕਰਣ ਵਿਚਲਾ ਵਾਤਾਵਰਣ ਹੈ।[133] ਅੰਤਰਹਿਲ ਦਾ ਵੀ ਅਜੇਹਾ ਹੀ ਸਮ-ਭਾਵੀ ਕਥਨ ਹੈ ਕਿ ਰਹੱਸਵਾਦ ਹਿਰਦੇ ਦੀ ਇਕ ਅਜੇਹੀ ਲਹਿਰ ਹੈ, ਜੋ ਵਿਅਕਤੀ ਦੀਆਂ ਸੀਮਾਵਾਂ ਨੂੰ ਪਾਰ ਕਰਕੇ ਅੰਤਮ-ਸੱਚ ਵਿਚ ਸਮਾ ਜਾਣ ਦੀ ਅਭਿਲਾਖਾ ਰੱਖਦੀ ਹੈ।[134] ਪ੍ਰੋ. ਭਾਰਤ ਭੂਸ਼ਣ ਨੇ ਡਾ: ਗੋਬਿੰਦ ਤ੍ਰਿਗੁਣਾਇਤ ਦੇ ਹਵਾਲੇ ਨਾਲ ਸਪੱਸ਼ਟ ਕੀਤਾ ਹੈ ਕਿ ਜਦ

ਸਾਕਾਰ ਭਾਵਨਾ ਦੇ ਸਹਾਰੇ ਅਧਿਆਤਮਿਕ ਸਤਾ ਦੀਆਂ ਰਹੱਸਮਈ ਅਨੁਭੂਤੀਆਂ ਨੂੰ ਬਾਣੀ ਰਾਹੀ ਸ਼ਬਦਮਈ ਰੂਪਾਂ ਵਿਚ ਸਜਾ ਕੇ ਰੱਖਦਾ ਹੈ ਤਾਂ ਸਾਹਿਤ ਵਿਚ ਰਹੱਸਵਾਦ ਦੀ ਸ੍ਰਿਸ਼ਟੀ ਹੁੰਦੀ ਹੈ।[135]

ਭਾਰਤੀ ਦਰਸ਼ਨ ਦੇ ਪ੍ਰਸਿੱਧ ਇਤਿਹਾਸਕਾਰ ਐਸ.ਐਨ. ਦਾਸ ਗੁਪਤਾ ਨੇ ਰਹੱਸਵਾਦ ਨੂੰ ਇਕ ਅਜਿਹੇ ਸਿਧਾਂਤ, ਨਿਯਮ ਅਤੇ ਦ੍ਰਿਸ਼ਟੀਕੋਣ ਵਜੋਂ ਪ੍ਰਭਾਸ਼ਿਤ ਕੀਤਾ ਹੈ ਜਿਹੜਾ ਦਲੀਲ ਨੂੰ ਪਰਮਸੱਤ ਦੀ ਖੋਜ ਦੇ ਅਯੋਗ ਸਮਝਦਾ ਹ। ਇਸ ਪਰਮਸੱਤ ਦਾ ਸਰੂਪ ਚਾਹੇ ਕੁੱਝ ਵੀ ਹੋਵੇ ਪਰ ਉਸ ਮੰਜ਼ਲ ਤੱਕ ਪੁੱਜਣ ਦੇ ਹੋਰ ਅਨੇਕਾਂ ਸਾਧਨਾਂ ਦੀ ਸੰਭਵਤਾ ਵਿਚ ਵਿਸ਼ਵਾਸ਼ ਰੱਖਦਾ ਹੈ।[136] ਇਹ ਗੱਲ ਗੁਰੂ ਨਾਨਕ ਦੇ ਅਨੁਭਵ ਨਾਲ ਬਿਲਕੁਲ ਢੁਕਵੀ ਹੈ। ਨਾਨਕ ਮੱਤ ਹੈ ਕਿ ਸੰਸਾਰਕ ਅਕਲ ਨਾਲ ਪ੍ਰਮਸੱਤ ਦੀ ਸੋਝੀ ਨਹੀਂ।

ਚਤੁਰਾਈ ਨਾਹੀ ਚੀਨਿਆ ਜਾਈ॥।[137]

ਇਸ ਸੱਚ ਦੀ ਪ੍ਰਾਪਤੀ ਸਾਧਨਾਂ ਨਾਲ ਹੁੰਦੀ ਹੈ ਗੱਲੀ ਬਾਤੀ ਨਹੀਂ।
ਗਲੀਂ ਜੋਗ ਨ ਹੋਈ।।[138]

ਹੋਰ ਸਪੱਸ਼ਟ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਆਤਮਾ ਤੇ ਪ੍ਰਮਾਤਮਾ ਦੇ ਪਰੇਮ ਦੀਆਂ ਅਨੁਭੂਤੀਆਂ ਦੀ ਰਹੱਸਮਈ ਅਭਿਵਿਅਕਤੀ ਹੀ ਰਹੱਸਵਾਦ ਹੈ। ਪ੍ਰਸਿੱਧ ਆਲੋਚਕ ਡਾ. ਗੁਰਚਰਨ ਸਿੰਘ ਮਹਿਤਾ ਦਾ ਕਿਹਣਾ ਹੈ ਕਿ ਇਹ ਰਹੱਸਵਾਦੀ ਪ੍ਰਵਿਰਤੀ ਸਾਰੀ ਜੀਵਨ-ਸ੍ਰਿਸ਼ਟੀ ਵਿਚੋਂ ਕੇਵਲ ਮਨੁੱਖ ਦੇ ਹਿੱਸੇ ਹੀ ਆਈ ਹੈ।[139] ਇਹ ਪ੍ਰਵਿਰਤੀ ਅਜੇਹੀ ਹੈ ਜੋ ਮਾਨਵੀ ਚੇਤਨਾ ਨੂੰ ਖੁਦ ਹੀ ਆਪਣੇ ਅੰਦਰ ਵਿਦਮਾਨ, ਆਪਣੇ ਮੂਲ ਸਰੋਤ ਨਾਲ ਜੁੜਨ ਲਈ ਮਜਬੂਰ ਕਰਦੀ ਹੈ। ਮਨੁੱਖ ਆਪਣੇ ਅੰਤਰ-ਜਗਤ ਵਿਚ ਆਪਣੀਆਂ ਸੰਪੂਰਨ ਬਿਰਤੀਆਂ ਨੂੰ ਕੇਂਦਰਿਤ ਕਰਦਾ ਹੈ, ਜਿਸ ਨਾਲ ਉਸ ਦੇ ਆਪਣੇ ਹੀ ਅੰਤਰ-ਜਗਤ ਦੇ ਵਿਸਤਾਰ ਦੀ ਲਾਲਸਾ ਅਗਿਆਤ ਰੂਪ ਵਿਚ ਹੀ ਅਲੌਕਿਕ ਸਤਾ ਦਾ ਨਿਰਮਾਣ ਕਰਦੀ ਹੈ।[140]

ਪੰਜਾਬੀ ਸਹਿਤ ਵਿਚ ਰਹੱਸਵਾਦੀ ਅਨੁਭਵ ਦਾ ਦਾਰਸ਼ਨਿਕ ਅਥਵਾ ਸਾਹਿੱਤਕ ਵਿਵੇਚਨ ਡਾ. ਦੀਵਾਨ ਸਿੰਘ ਜੀ ਨੇ ਬੜੀ ਗੰਭੀਰਤਾ ਨਾਲ ਕੀਤਾ ਹੈ। ਉਨ੍ਹਾਂ ਅਨੁਸਾਰ ਰਹੱਸਵਾਦ ਨੂੰ ਵਿਚਾਰ-ਗੋਚਰ ਕੇ ਕਿ ਸਹਿਤ ਕਰਨਾ ਲਗਭਗ ਅਸੰਭਵ ਹੈ ਕਿਉਂਕਿ ਇਹ ਬੁਧੀ, ਸਿਆਣੇ ਤੇ ਵਿਚਾਰ ਦੀ ਹੱਦ ਹੈ ਪਰ ਇਸ ਦਾ ਕੋਈ ਅਧਿਆਤਮਿਕ ਅਨੁਭਵ ਹੈ ਜੋ ਕਿ ਰਹੱਸਵਾਦੀ ਆਪਣੇ ਅੰਤਰ-ਆਤਮੇ ਜਿਵੇਂ ਅਨੁਭਵ ਕਰਦਾ ਹੈ ਉਸ ਦੇ ਕਾਵਿਕ-ਪ੍ਰਗਟਾਵੇ ਨੂੰ ਰਹੱਸਵਾਦ ਦਾ ਨਾਂ ਦਿੱਤਾ

ਜਾਂਦਾ ਹੈ, ਇਹ ਇਕ ਰਹੱਸਵਾਦੀ ਸਾਧਕ ਦੀ ਪ੍ਰਾਪਤੀ ਦਾ ਹੀ ਦੂਜਾ ਨਾਮ ਹੈ। ਆਤਮਿਕ ਪੱਧਰ ਤੇ ਹੋਣ ਕਰਕੇ ਇਹ ਅਨੁਭਵ ਅਤੀ ਸੂਖਸ਼ਮ ਤੇ ਅਕਥ ਹੁੰਦਾ ਹੈ, ਇਸੇ ਕਰਕੇ ਇਸ ਨੂੰ ਇੰਦ੍ਰੀਆਂ ਤੋਂ ਪਰੇ ਦਾ ਸਹਿਜ ਅਨੁਭਵ ਜਾਂ ਸਹਿਜ ਗਿਆਨ ਵੀ ਕਹਿੰਦੇ ਹਨ।[141]

ਵਿਦਵਾਨਾਂ ਨੇ ਰਹੱਸਵਾਦੀ ਅਨੁਭਵ ਦਾ ਅੰਤਰ-ਨਿਖੇੜਾ ਕਰਕੇ ਵਰਗੀਕਰਨ ਕੀਤਾ ਹੈ। ਜਿਨਾਰਜਦਾਸ ਅਨੁਸਾਰ ਰਹੱਸਵਾਦੀ ਅਨੁਭਵ ਦੀਆਂ ਛੇ ਸ਼੍ਰੇਣੀਆਂ ਹਨ :

1. ਨਦਰ ਦਾ ਰਹੱਸਵਾਦ
2. ਪ੍ਰੇਮ ਦਾ ਰਹੱਸਵਾਦ
3. ਸਰਵੇਸ਼ਰਵਾਦੀ ਰਹੱਸਵਾਦ
4. ਪ੍ਰਕਿਰਤੀ ਦਾ ਰਹੱਸਵਾਦ
5. ਉਪਾਸਨਾ ਦਾ ਰਹੱਸਵਾਦ
6. ਬ੍ਰਹਮਵਾਦੀ ਰਹੱਸਵਾਦ[142]

ਅਸਲ ਵਿਚ ਰਹੱਸਵਾਦ ਵਿਚ ਪ੍ਰੇਮ ਅਤੇ ਅਦਵੈਤਾ ਦਰਸ਼ਨ ਦੀ ਸਤਾ ਦਾ ਹੋਣਾ ਜ਼ਰੂਰੀ ਹੈ। ਸਾਡਾ ਸਬੰਧ ਕੇਵਲ ਪ੍ਰਕਿਰਤੀ ਦੇ ਰਹੱਸਵਾਦ ਨਾਲ ਹੈ ਅਤੇ ਅਸੀਂ ਗੁਰੂ ਨਾਨਕ ਦੇ ਵਿਆਪਕ ਰਹੱਸਵਾਦ ਵਿਚਲੇ ਪ੍ਰਕਿਰਤੀ ਨਾਲ ਸਬੰਧਿਤ ਤੱਤਾਂ ਨੂੰ ਹੀ ਉਜਾਗਰ ਕਰਨਾ ਹੈ।

ਗੁਰੂ ਨਾਨਕ ਸਾਹਿਬ ਮੁੱਖ ਰੂਪ ਵਿਚ ਇਕ ਮਹਾਨ ਰਹੱਸਵਾਦੀ ਸਨ, ਆਦਿ ਅਤੇ ਅੰਤ ਰਹੱਸਵਾਦੀ ਕਿਉਂਕਿ ਜਿਸ ਪਰਮਾਤਮਾ ਨੂੰ ਉਨ੍ਹਾਂ ਆਪਣੀ ਬਾਣੀ ਰਾਹੀਂ ਉਲਿਖਾਰਿਆ ਹੈ ਉਹ ਆਦਿ, ਅੰਤ ਰਹਿਤ ਹੈ। ਗੁਰੂ ਨਾਨਕ ਸਾਹਿਬ ਦੇ ਰਹੱਸਵਾਦੀ ਹੋਣ ਦਾ ਸਪੱਸ਼ਟ ਪ੍ਰਮਾਣ ਹੈ, ਉਨ੍ਹਾਂ ਦਾ ਆਪਣਾ ਜੀਵਨ ਚਰਿੱਤਰ ਆਤਮ ਗੌਰਵ, ਅਨੁਭੂਤੀ ਨੂੰ ਪ੍ਰਗਟਾਉਣ ਕਰਨ ਵਾਲੀ ਉਨ੍ਹਾਂ ਦੀ ਸੱਚੀ ਸੁੱਚੀ ਬਾਣੀ ਅਤੇ ਉਨ੍ਹਾਂ ਦਾ ਸੰਸਾਰ ਸਮਾਜ ਨੂੰ ਸਿੱਖ ਫਲਸਫੇ ਦੇ ਰੂਪ ਵਿਚ ਦਿੱਤਾ ਧਾਰਮਿਕ ਅਤੇ ਸਿੱਖ ਸਮਾਜ ਦੇ ਰੂਪ ਵਿਚ ਦਿੱਤਾ ਸਭਿਆਚਾਰਕ ਯੋਗਦਾਨ ਹੈ। ਆਪ ਨਿਰੰਕਾਰੀ ਪ੍ਰਭੂ ਦੇ ਅਮੋਲ ਉਪਾਸ਼ਕ ਸਨ, ਜੋ ਨਿਰਗੁਣ ਹੈ ਨਿਰਾਕਾਰ ਹੈ, ਸੂਖਮ ਤੋਂ ਸੂਖਮ ਹੈ, ਜੋ ਪਰੇ ਤੋਂ ਪਰੇ ਹੈ।

ਨਿਰੰਕਾਰ ਪ੍ਰਭੂ ਦਾ ਸੰਕਲਪ ਨਿਰੋਲ ਰਹੱਸਵਾਦੀ ਸੰਕਲਪ ਹੈ, ਜੋ ਗੁਰੂ ਸਾਹਿਬ ਨੇ ਮੂਲ ਮੰਤਰ ਵਿਚ ਸੰਕਲਿਤ ਕੀਤਾ ਹੈ :

੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।।

ਅਰਥਾਤ ਉਹ ਇਕ ਹੈ, ਸਤਿ ਹੈ, ਕਰਤਾ ਹੈ, ਨਿਰਭਉ ਹੈ, ਨਿਰਵੈਰ ਹੈ, ਕਾਲ-ਰਹਿਤ ਹੈ, ਅਵਿਨਾਸ਼ੀ ਹੈ, ਜਨਮ ਮਰਨ ਤੋਂ ਰਹਿਤ ਹੈ ਜੋ ਆਪਣੇ ਆਪ ਹੋਂਦ ਵਿਚ ਆਇਆ ਹੈ, ਉਹ ਕਿਸੇ ਦਾ ਬਣਾਇਆ ਹੋਇਆ ਨਹੀਂ ਅਤੇ ਜਿਸ ਦੀ ਸੋਝੀ ਗੁਰੂ ਕ੍ਰਿਪਾ ਦੁਆਰਾ ਹੀ ਹੋ ਸਕਦੀ ਹੈ। ਗੁਰੂ ਸਾਹਿਬ ਇਸ ਟਿਕਾਣੇ ਤੱਕ ਨਿਰੋਲ ਆਪਣੀ ਅਨੁਭੂਤੀ, ਸਾਧਨਾ ਅਤੇ ਅਟੱਲ ਨਿਸ਼ਚੇ ਨਾਲ ਪੁੱਜੇ ਸਨ, ਉਹ ਅਜਿਹੇ ਰਹੱਸਵਾਦੀ ਸਨ, ਜੋ ਆਪਣੇ ਪ੍ਰਭੂ ਪ੍ਰੀਤਮ ਨਾਲ ਅਭੇਦ ਹੋਕੇ, ਉਸ ਦਾ ਮੇਲ ਪ੍ਰਾਪਤ ਕਰ ਚੁੱਕੇ ਸਨ, ਆਤਮ ਦਰਸ਼ੀ ਹੋਕੇ ਪ੍ਰਮਾਤਮਾ ਰੂਪ ਹੋ ਗਏ ਸਨ। ਪਰਮਾਤਮਾ ਦਾ ਅਨਾਦਿ-ਜੁਗਾਦਿ, ਸਰਬ-ਕਾਲੀਨ, ਹਰ ਥਾਂ ਵਿਦਮਾਨ ਹੋਣ ਦਾ ਸਰੂਪ ਇਕ ਤਰ੍ਹਾਂ ਨਾਲ ਗੁਰੂ ਨਾਨਕ ਸਾਹਿਬ ਦੀ ਸਖਸ਼ੀਅਤ ਨੇ ਖੁਦ ਗ੍ਰਹਿਣ ਕਰ ਲਿਆ ਸੀ।

ਗੁਰਮੱਤ ਦੇ ਰਹੱਸਵਾਦ ਦਾ ਮੂਲ-ਤੱਤ 'ਸੱਚ' ਸ਼ਬਦ ਨੂੰ ਮੰਨਿਆ ਜਾ ਸਕਦਾ ਹੈ। ਸੱਚ ਤੋਂ ਭਾਵ ਉਹ ਆਤਮਿਕ ਸਚਾਈ ਹੈ ਜੋ, ਅਮਰ ਹੈ, ਸਥਿਰ ਹੈ, ਅਵਿਨਾਸ਼ੀ ਹੈ ਅਤੇ ਇਹੋ ਹੀ ਪ੍ਰਮਾਤਮਾ ਦਾ ਮੁਢਲਾ ਲੱਛਣ ਹੈ।

ਗੁਰੂ ਨਾਨਕ ਦੇ ਰਹੱਸਵਾਦ ਦੇ ਦੋ ਬੁਨਿਆਦੀ ਤੱਤ ਨਾਮ ਅਤੇ ਬਾਣੀ ਹਨ, ਇਨ੍ਹਾਂ ਦੋਹਾਂ ਵਿਚ ਰੱਬੀ ਹੁਕਮ ਅਤੇ ਰਜ਼ਾ ਦੇ ਮੰਨਣ ਦਾ ਡੂੰਘਾ ਭੇਦ ਲੁਕਿਆ ਹੋਇਆ ਹੈ। ਨਾਮ ਦਾ ਸੰਕਲਪ ਨਿਰੋਲ ਰਹੱਸਵਾਦੀ ਹੈ। ਅਸਲ ਵਿਚ ਨਾਮ ਦੇ ਸੰਕਲਪ ਦਾ ਸੰਬੰਧ ਅਧਿਆਤਮਿਕ ਅਨੁਭਵ ਨਾਲ ਹੈ ਫ਼ਲਸਫ਼ੇ ਨਾਲ ਨਹੀਂ, ਇਹ ਇਕ ਨਿਸ਼ਚੇ ਦੀ ਸਾਧਨਾ ਹੈ, ਜਿਸ ਅਧੀਨ ਨਿਰੰਤਰ ਸਿਮਰਨ ਰਾਹੀਂ ਪਰਮ ਤੱਤ ਦੇ ਦਰਸ਼ਨ ਤੱਕ ਪੁੱਜਣ ਦੀ ਇਬਾਦਤ ਹੈ। ਡਾ: ਦੀਵਾਨ ਸਿੰਘ ਅਨੁਸਾਰ "ਨਾਮ ਇਕ ਤਰ੍ਹਾਂ ਗੁਰਮਤਿ ਵਿਚਾਰਧਾਰਾ ਦਾ ਸਭ ਤੋਂ ਪ੍ਰਯੋਗ ਤੇ ਢੁਕਵਾਂ ਪ੍ਰਤੀਕ ਹੈ ਜੋ ਬੁਨਿਆਦੀ ਰਹੱਸਵਾਦੀ ਸੰਕੇਤ ——→ ਦਾ ਪਰਿਆਇਵਾਚੀ ਹੈ"[143] ਨਾਨਕ ਕੇ ਘਰਿ ਕੇਵਲ ਨਾਮੁ" ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਪਾਸ ਸਭ ਤੋਂ ਵੱਧ ਰਹੱਸ ਨਾਮ ਤੇ ਬਾਣੀ ਦਾ ਹੈ। ਨਾਮ ਹੀ ਸਭ ਕੁਝ ਹੈ, ਨਾਮ ਤੋਂ ਬਿਨ੍ਹਾਂ ਕੁਝ ਨਹੀਂ, ਨਾਮ ਹੀ ਬ੍ਰਹਮ ਹੈ, ਜਿਸ ਨੂੰ ਨਾਮ ਦੀ ਸੋਝੀ ਹੋ ਗਈ ਸਮਝੋ ਉਸ ਨੂੰ ਬ੍ਰਹਮ ਦੀ ਸੋਝੀ ਹੋ ਗਈ ਤੇ ਉਹ ਖੁਦ ਬ੍ਰਹਮ ਸਰੂਪ ਹੋ ਗਿਆ, 'ਬ੍ਰਹਮ-ਗਿਆਨੀ'।

ਪਰਮਾਤਮਾ ਦੇ ਰਹੱਸਵਾਦੀ, ਗੁਪਤ ਪਰ ਸਦਾ ਸੁਭਾਇਮਾਨ ਸਰੂਪ ਨੂੰ ਦ੍ਰਿਸ਼ਟਮਾਨ ਪ੍ਰਕਿਰਤੀ ਦੇ ਅਨੇਕ ਰੂਪੀ ਪ੍ਰਕਿਰਿਆ ਅਤੇ ਤੱਤਾਂ ਵਿਚੋਂ ਦਰਸਾਇਆ ਹੈ, ਜਿਸ ਨਾਲ ਰਹੱਸਵਾਦੀ ਰਮਜ਼ਾਂ ਨੂੰ ਦਰਸਾਉਣ ਲਈ ਪ੍ਰਕਿਰਤੀ ਦਾ ਮਹੱਤਵ ਮੰਨਿਆ ਹੈ :

ਜੈਸੇ ਜਲਿ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ [144]

ਇਉਂ ਪ੍ਰਕਿਰਤੀ ਰਹੱਸਵਾਦੀ ਸੰਸਾਰ ਨੂੰ ਪ੍ਰਗਟਾਉਣ ਦਾ ਸਾਧਨ ਬਣਦੀ ਹੈ।

ਗੁਰੂ ਨਾਨਕ ਦੇ ਹੁਕਮ ਰਜ਼ਾ ਦੇ ਰਹੱਸ ਦਾ ਪ੍ਰਕਿਰਤੀ ਨਾਲ ਗੂੜ੍ਹਾ ਸੰਬੰਧ ਹੈ। ਪ੍ਰਕਿਰਤੀ ਦੀ ਸਾਰੀ ਰਚਨਾ ਉਸ ਕਾਦਰ ਦੇ ਹੁਕਮ, ਰਜ਼ਾ, ਅਥਵਾ ਮਰਜ਼ੀ ਨਾਲ ਹੋਈ ਹੈ :

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ [145]

ਕੁਦਰਤ ਦਾ ਇਹ ਸਾਰਾ ਪਸਾਰਾ ਰੱਬ ਦੇ ਹੁਕਮ ਵਿਚ ਬੱਝੀ ਸਾਰੀ ਖੇਡ ਹੈ। ਇਹ ਸਾਰਾ ਸੰਸਾਰ ਉਸ ਦੇ ਹੁਕਮ ਵਿਚ ਹੀ ਉਪਜਦਾ ਤੇ ਬਿਨਸਦਾ ਹੈ। ਸਭ ਆਕਾਰ ਤੇ ਜੀਅ ਉਸ ਦੇ ਬਣਾਏ ਬਣਦੇ ਤੇ ਵਧਿੰਦੇ ਹਨ, ਉਹੀ ਸਭ ਨੂੰ ਮਾਣ ਬਖਸ਼ਦਾ, ਕੀਰਤੀ ਤੇ ਮਹੱਤਵ ਪ੍ਰਦਾਨ ਕਰਦਾ ਹੈ, ਉਹਦੇ ਹੁਕਮ ਨਾਲ ਹੀ ਮਾਨ-ਪ੍ਰਤਿਸ਼ਠਤਾ ਉਸ ਉਪਜਦੀ ਹੈ ਤੇ ਬਿਨਸਦੀ ਹੈ, ਉਹੀ ਜੀਆਂ ਨੂੰ ਵਿਕਾਸ ਦੇ ਪੰਧ ਪਾਂਦਾ, ਭਟਕਣ ਵਿਚ ਪਾਉਂਦਾ ਅਤੇ ਗਲਤਕਾਰੀਆਂ ਦੀ ਸਜ਼ਾ ਦਿੰਦਾ ਹੈ। ਇਹ ਸਭ ਵਰਤਾਰਾ ਉਸ ਦੇ ਆਪਣੇ ਵੱਸ ਵਿਚ ਹੈ, ਜੋ ਇਕ ਅਟੱਲ ਨਿਯਮ ਦਾ ਅਨੁਸਾਰੀ ਹੋਕੇ ਚਲਦਾ ਹੈ। ਕੋਈ ਵੀ ਪ੍ਰਕਿਰਿਆ ਉਸ ਦੇ ਅੱਟਲ ਹੁਕਮ ਤੋਂ ਬਾਹਰ ਨਹੀਂ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ [146]

ਇਸ ਵਿਸ਼ਾਲ ਬ੍ਰਹਿਮੰਡ ਵਿਚ ਮਨੁੱਖ ਦੀ ਹਸਤੀ ਕੋਈ ਮਹੱਤਵ ਨਹੀਂ ਰੱਖਦੀ। ਪਰਮਾਤਮਾ ਦੀ ਮਰਜ਼ੀ ਅੱਗੇ ਮਨੁੱਖ ਦੀ ਹਉਮੈ ਕਦਾਚਿਤ ਨਹੀਂ ਟਿਕ ਸਕਦੀ। ਸਰਵਸ਼੍ਰੇਸ਼ਟ ਜੀਵ ਹੋਣ ਦੇ ਬਾਵਜੂਦ ਮਨੁੱਖ ਉਸ ਦਾ ਸਿਰਜਿਆ ਇਕ ਪ੍ਰਾਕਿਰਤਕ ਪ੍ਰਾਣੀ ਹੈ, ਜੋ ਉਸ ਦੀ ਰਜ਼ਾ ਵਿਚ ਚਲ ਕੇ ਹੀ ਪਰਮਾਤਮਾ ਦੀ ਪੂਰਨਤਾ ਪ੍ਰਾਪਤ ਕਰਕੇ ਉਸ ਵਿਚ ਅਭੇਦ ਹੋਣਾ ਅਸੰਭਵ ਬਣਾ ਸਕਦਾ ਹੈ।

ਸਾਧਾਰਨ ਮਨੁੱਖ ਲਈ ਪ੍ਰਕਿਰਤੀ ਦੀ ਦ੍ਰਿਸ਼ਟਮਾਨ ਸੀਮਾ ਤੋਂ ਪਰੇਰੇ ਵੇਖ ਸਕਣਾ ਸੰਭਵ ਨਹੀਂ। ਸੋ ਪਰਮਾਤਮਾ ਦੇ ਗੁੱਝੇ ਭੇਦਾਂ ਨੂੰ ਪ੍ਰਕਿਰਤੀ ਦੇ ਮਾਧਿਅਮ ਬਿਨਾਂ ਦਰਸਾਇਆ ਨਹੀਂ ਜਾ ਸਕਦਾ, ਇਉਂ ਰਹੱਸਵਾਦੀ ਸੰਕਲਪ ਨਾਲ ਵੀ ਪ੍ਰਕਿਰਤੀ ਦਾ ਗੂੜ੍ਹਾ ਸੰਬੰਧ ਹੈ। ਪ੍ਰਕਿਰਤੀ ਦੀ ਵੰਨ-ਸੁਵੰਨਤਾ, ਪ੍ਰਭੂ ਦੀ ਮਹਾਨ-ਸਿਰਜਨਾਤਮਿਕ ਸ਼ਕਤੀ ਦੀ ਲਖਾਇਕ ਹੈ। ਰਹੱਸਵਾਦੀ ਅਤੇ ਅਧਿਆਤਮਵਾਦੀ ਆਸਤਿਕਤਾ ਦੇ ਧਾਰਨੀ ਹੋਣ ਕਰਕੇ ਪਰਮਾਤਮਾ ਨੂੰ ਸੱਤ ਮੰਨਦੇ ਹਨ, ਜੇ ਪ੍ਰਮਾਤਮਾ ਨੂੰ ਸੱਤ ਮੰਨ ਲਈਏ ਤਾਂ ਉਸ ਦੀ ਰਚੀ ਸ੍ਰਿਸ਼ਟੀ ਅਸੱਤ ਕਦਾਚਿਤ ਨਹੀਂ ਹੋ ਸਕਦੀ, ਇਸੇ ਲਈ ਗੁਰੂ ਨਾਨਕ ਮਧਕਾਲ ਦੇ ਸਰਵੋਤਮ ਰਹੱਸਵਾਦੀ ਹੋਣ ਦੇ ਬਾਵਜੂਦ ਪ੍ਰਕਿਰਤੀ ਨੂੰ ਸੱਤ ਮੰਨਦੇ ਹਨ। ਸਾਂਖ ਅਤੇ ਯੋਗ-ਮੱਤਾਂ ਵਿਚ ਪ੍ਰਕਿਰਤੀ ਨੂੰ ਸੁਚੇਤ ਅਤੇ ਕ੍ਰਿਆਸ਼ੀਲ ਮੰਨਿਆ ਗਿਆ ਹੈ। ਇਥੇ ਇਹ ਦ੍ਰਿਸ਼ਮਾਨ ਜਗਤ ਦਾ ਸਾਰੇ ਦਾ ਸਾਰਾ ਪ੍ਰਪੰਚ ਹੀ ਪ੍ਰਕਿਰਤੀ ਹੈ। ਅਤੇ ਇਹ 'ਪੁਰਸ਼, ਸ਼ਿਵ ਜਾਂ ਮਹਾਂ ਸ਼ਿਵ ਦੀ ਤਰ੍ਹਾਂ ਅਮਰ ਹੈ'। ਪਰ ਸ਼ੰਕਰਾਚਾਰੀਆ ਵਰਗੇ ਕਈ ਸ਼ਰੁਤੀ ਆਸਤਕ ਇਸ ਜਗਤ ਨੂੰ ਮਿਥਿਆ, ਭਰਮ ਅਤੇ ਭੁਲੇਖਾ ਹੀ ਦਸਦੇ ਹਨ ਅਤੇ ਇਸ ਪ੍ਰਕਿਰਤੀ ਨੂੰ ਅਸੱਤ ਮੰਨਦੇ ਹਨ। ਗੁਰੂ ਨਾਨਕ ਇਸ ਮਾਇਆਵਾਦੀ ਸਿਧਾਂਤ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਦਾ ਦ੍ਰਿਸ਼ਟੀਕੋਨ ਮੌਲਿਕ ਅਤੇ ਸੁਤੰਤਰ ਹੈ ਉਹ ਸਾਂਖ ਜਾਂ ਜੋਗ ਮੱਤ ਦੀ ਤਰ੍ਹਾਂ ਪ੍ਰਕਿਰਤੀ ਨੂੰ ਅਮਰ, ਸੁਤੰਤਰ ਅਤੇ ਬ੍ਰਹਮ ਨਾਲੋਂ ਵੱਖਰੀ ਕੋਈ ਚੀਜ਼ ਨਹੀਂ ਮੰਨਦੇ ਪਰ ਉਹ ਮਾਇਆਵਾਦੀ ਵਾਂਗ ਇਸ ਨੂੰ ਨਿਰੋਲ ਭਰਮ ਜਾਂ ਭੁਲੇਖਾ ਵੀ ਨਹੀਂ ਮੰਨਦੇ। ਗੁਰੂ ਨਾਨਕ ਸਾਹਿਬ ਦਾ ਮੱਤ ਹੈ ਕਿ ਇਹ ਪ੍ਰਕਿਰਤੀ ਹੋਂਦ ਵਾਲੀ ਹੈ, ਕਿਰਦਾਰ ਵਾਲੀ ਹੈ, ਚੇਤਨ ਹੈ ਅਤੇ ਸੱਤ ਹੈ, ਇਸ ਦਾ ਕਾਰਨ ਇਹ ਹੈ ਕਿ ਇਹ ਪ੍ਰਕਿਰਤੀ ਅਥਵਾ ਕੁਦਰਤ ਦਾ ਕਾਦਰ ਇਨ੍ਹਾਂ 'ਸੱਤਸ' 'ਕੂੜਾ' ਦਾ ਮਾਲਕ ਹੈ ਅਤੇ ਪ੍ਰਕਿਰਤੀ ਨੂੰ ਹੋਂਦ ਅਤੇ ਗੁਣ ਆਪਣੀ ਮਰਜ਼ੀ ਨਾਲ ਬਖਸ਼ੇ ਹਨ, ਅਤੇ ਇਹ ਤਦ ਤੱਕ ਹੀ ਰਹੇਗੀ, ਜਦ ਤੱਕ ਉਸ ਦੀ ਮਰਜ਼ੀ, ਇਸ ਨੂੰ ਕਾਇਮ ਰੱਖਣ ਦੀ ਹੈ।

ਪ੍ਰਕਿਰਤੀ ਦੀ ਇਹ ਸਾਰੀ ਲੀਲਾ ਪ੍ਰਮਾਤਮਾ ਦੀ ਗੁੱਝੀ ਵੰਨ-ਸੁਵੰਨੀ ਸ਼ਕਤੀ ਨੂੰ ਪ੍ਰਗਟਾਉਣ ਵਾਲੀ ਮੰਨੀ ਜਾਂਦੀ ਹੈ। ਉਜੱਲ ਚਿਤ ਗੁਰੂ ਨਾਨਕ ਨੂੰ ਪ੍ਰਕਿਰਤੀ ਦਾ ਜ਼ੱਰਾ ਜ਼ੱਰਾ ਪ੍ਰਮਾਤਮਾ ਦਾ ਰੂਪ ਦਿਸਦਾ ਹੈ ਅਤੇ ਇਕਰੂਪਤਾ ਦੀ ਇਸ ਸਾਂਝ ਕਾਰਨ ਉਸ ਨੂੰ ਸਭ ਵਿਚੋਂ ਆਪਣਾ ਆਪ ਦਿਸਦਾ ਹੈ। ਉਸ ਦੇ ਆਪਣੇ ਆਪ ਅਤੇ ਪ੍ਰਕਿਰਤੀ ਵਿਚ ਕੋਈ ਅੰਤਰ ਨਹੀਂ ਉਸ ਦਾ ਇਹ ਦ੍ਰਿੜ੍ਹ ਨਿਸਚਾ ਬਣ ਗਿਆ ਹੈ ਕਿ ਪ੍ਰਕਿਰਤੀ ਉਸ ਦਾ ਆਪਣਾ ਹੀ ਰੂਪ ਹੈ ਜਾਂ ਉਸ ਦੇ ਪਿਆਰ ਦਾ ਰੂਪ ਹੈ, ਇਉਂ ਉਨ੍ਹਾਂ ਨੂੰ ਕਾਦਰ ਅਤੇ ਕੁਦਰਤ ਅਤੇ ਕੁਦਰਤ ਅਤੇ ਆਪਣੇ ਆਪ ਵਿਚ ਕੋਈ ਅੰਤਰ ਨਹੀਂ ਦਿਸਦਾ।[147] ਇਸ ਕਾਦਰ ਕੁਦਰਤ ਦੀ ਪ੍ਰਸਪਰ ਸਾਂਝ ਨਾਲ ਗੁਰੂ ਨਾਨਕ ਦਰਸ਼ਨ ਵਿਚ ਵਧੇਰੇ ਵਿਆਪਕਤਾ, ਤਰਕਸ਼ੀਲਤਾ ਅਤੇ ਨਿਸ਼ਚਤਨ ਵਧੇਰੇ ਵਿਗਿਆਨਕਤਾ ਹੈ।

ਇਹ ਵਿਸ਼ਾਲ ਪ੍ਰਕਿਰਤੀ ਪ੍ਰਭੂ ਦੀ ਸਵੈ-ਇੱਛਾ ਨਾਲ ਨਿਰਮਿਤ ਹੋ ਕੇ ਆਪਣੇ ਕਰੋੜਾਂ ਰੂਪਾਂ ਵਿਚ ਵਿਕਸਿਤ ਹੋਈ ਸਰੰਚਨਾ ਹੈ। ਇਸ ਦੀ ਸਿਰਜਨਾ ਪਿਛੇ ਇਕ ਅਜਿਹੀ ਵਿਆਪਕ ਸ਼ਕਤੀ ਦਾ ਹੱਥ ਅਨੁਭਵ ਕੀਤਾ ਗਿਆ ਹੈ ਜਿਸ ਨੂੰ ਆਸਤਕ ਮਾਨਵੀ ਸੰਸਾਰ ਨੇ ਨਿਰਗੁਣ ਤੇ ਸਰਗੁਣ ਬ੍ਰਹਮ ਦਾ ਨਾਂ ਦਿੱਤਾ ਹੈ।

ਗੁਰੂ ਨਾਨਕ ਇਕ ਮਹਾਨ ਆਸਤਕ ਅਤੇ ਦਾਰਸ਼ਨਿਕ - ਵਿਗਿਆਨੀ ਸਨ, ਉਨ੍ਹਾਂ ਨੇ ਆਪਣੇ ਵਿਸ਼ਾਲ ਨਿਰੀਖਣ, ਅਨੁਭੂਤੀ ਅਤੇ ਚਿੰਤਨ ਰਾਹੀਂ ਪਰਮਾਤਮਾ ਦੀ ਅਪਾਰ ਸ਼ਕਤੀ ਅਤੇ ਉਸ ਦੀ ਵਿਆਪਕਤਾ ਦਾ ਅਨੁਭਵ ਕੀਤਾ ਤੇ ਉਸ ਨੂੰ ਗੁਰਮੰਤ - ਦਰਸ਼ਨ ਵਜੋਂ ਸੰਕਲਪ ਕੇ ਆਪਣੇ ਅਦੁੱਤੀ-ਕਾਵਿ ਵਿਚ ਸਮੋ ਦਿੱਤਾ ਹੈ। ਚਿੰਤਨਸ਼ੀਲ, ਦੂਰਦਰਸ਼ੀ, ਮਨੁੱਖ ਦਾ ਕਲਿਆਣ ਕਰਨ ਵਾਲੇ ਮਹਾਨ-ਭਾਵੀ ਮਹਾਂਕਵੀ ਗੁਰੂ ਨਾਨਕ ਨੇ ਪ੍ਰਕਿਰਤੀ ਦੇ ਸੱਚ - ਸੁੱਚ ਨੂੰ ਦ੍ਰਿਸ਼ਟੀ ਵਿੱਚ ਰੱਖਦਿਆਂ, ਇਕ ਅਦੁੱਤੀ ਜੀਵਨ ਫਲਸਫਾ ਆਪਣੇ ਅਨੁਆਈਆਂ ਨੂੰ ਪ੍ਰਦਾਨ ਕੀਤਾ। ਗੁਰੂ ਨਾਨਕ ਦੇਵ ਜੀ ਦਾ ਕੋਈ ਵੀ ਅਜਿਹਾ ਸੰਕਲਪ ਨਹੀਂ, ਜੋ ਕਿਸੇ ਉਸਾਰੂ ਨਵੀਂ ਅਨੁਭੂਤੀ ਉਤੇ ਆਧਾਰਿਤ ਹੋਵੇ ਜਾਂ ਸਿਆਣੇ ਚਿੰਤਨ ਦਾ ਸਿੱਟਾ ਹੋਵੇ। ਉਨ੍ਹਾਂ ਦੇ ਹਰ ਵਾਕ ਵਿਚ ਉਨ੍ਹਾਂ ਦੀ ਸੁਰਜੀ ਮੌਲਿਕਤਾ ਝਲਕਾਰੇ ਮਾਰਦੀ ਹੈ। ਉਨ੍ਹਾਂ ਦਾ ਕੋਈ ਵੀ ਭਾਵ, ਵਿਚਾਰ ਜਾਂ ਦ੍ਰਿਸ਼ਟੀਕੋਣ ਅਜਿਹਾ ਨਹੀਂ ਜਿਸ ਨੂੰ ਵਿਗਿਆਨਕ ਤਰਕਸ਼ੀਲਤਾ ਰਾਹੀਂ ਪ੍ਰਮਾਣਿਤ ਨਾ ਕੀਤਾ ਜਾ ਸਕੇ।

## ਪੈਰ - ਟਿੱਪਣੀਆਂ

## ਅਧਿਆਇ - ਛੇਵਾਂ

1. ਫ਼ਿਰੋਜ਼ ਡਸਕਵੀ, ਮੁਹੰਮਦ ਫ਼ਿਰੋਜ਼ਦੀਨ - ਉਰਦੂ ਲੁਗਾਤ ਫ਼ਿਰੋਜ਼ੀ, ਪੰਨਾ 778.
2. ਮੁਨਸ਼ੀ, ਬਿਸ਼ੰਭਰ ਦਿਆਲ - ਜਵਾਹਰ - ਅਲ-ਲੁਗਾਤ ਫ਼ਾਰਸੀ, ਅਲਾਹਾਬਾਦ 1929, ਪੰਨਾ 290.
3. ਨਾਭਾ, ਕਾਹਨ ਸਿੰਘ - ਮਹਾਨ ਕੋਸ਼, ਪੰਨਾ 253-54.
4. ਉਹੀ, ਪੰਨਾ 597
5. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 206.
6. ਉਹੀ, ਪੰਨਾ 204
7. ਉਹੀ, ਪੰਨਾ 206
8. ਉਹੀ, ਪੰਨਾ 500
9. ਉਹੀ, ਪੰਨਾ 452
10. ਉਹੀ, ਪੰਨਾ 30
11. ਉਹੀ, ਪੰਨਾ 216
12. ਉਹੀ, ਜਪੁਜੀ
13. ਉਹੀ,
14. ਉਹੀ
15. ਉਹੀ, ਪੰਨਾ 170
16. ਉਹੀ, ਪੰਨਾ 190
17. ਉਹੀ, ਪੰਨਾ 82
18. ਉਹੀ, ਜਪੁਜੀ
19. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 82
20. ਉਹੀ, ਪੰਨਾ 250
21. ਉਹੀ, ਪੰਨਾ 354
22. ਉਹੀ, ਪੰਨਾ 262
23. ਉਹੀ, ਪੰਨਾ 308
24. ਉਹੀ, ਪੰਨਾ 462

25. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 430
26. ਉਹੀ, ਪੰਨਾ 448
27. ਜਪੁਜੀ
28. ਉਹੀ
29. ਆਦਿ ਗਰੰਥ - ਰਾਗ ਆਸਾ ਮ: ੧
30. ਜਪੁਜੀ
31. ਉਹੀ
32. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 122.
33. ਉਹੀ, ਪੰਨਾ 72
34. ਉਹੀ, ਪੰਨਾ 82
35. ਉਹੀ, ਪੰਨਾ 70
36. ਉਹੀ, ਪੰਨਾ 142
37. ਉਹੀ, ਪੰਨਾ 192
38. ਉਹੀ, ਪੰਨਾ 547
39. ਉਹੀ, ਪੰਨਾ 290
40. ਉਹੀ, ਪੰਨਾ 426
41. ਉਹੀ, ਪੰਨਾ 552
42. ਉਹੀ, ਪੰਨਾ 212
43. ਜਪੁਜੀ
44. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 516
45. ਉਹੀ, ਪੰਨਾ 480
46. ਉਹੀ, ਪੰਨਾ 202
47. ਉਹੀ, ਪੰਨਾ 404
48. ਉਹੀ, ਪੰਨਾ 200
49. ਉਹੀ, ਪੰਨਾ 58
50. ਉਹੀ, ਪੰਨਾ 214
51. ਉਹੀ, ਪੰਨਾ 44
52. ਉਹੀ, ਪੰਨਾ 202

53. ਜਪੁਜੀ, - ਗੁਰੂ ਨਾਨਕ

54. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 400

55. ਉਹੀ, ਪੰਨਾ 198

56. ਉਹੀ, ਪੰਨਾ 202

57. ਉਹੀ, ਪੰਨਾ 114

58. ਉਹੀ, ਪੰਨਾ 80

59. ਉਹੀ, ਪੰਨਾ 354

60. ਜਪੁਜੀ

61. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 20

62. ਉਹੀ, ਪੰਨਾ 66

63. ਉਹੀ, ਪੰਨਾ 64

64. ਜਪੁਜੀ

65. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 202

66. ਉਹੀ, ਪੰਨਾ 88

67. ਉਹੀ, ਪੰਨਾ 480

68. ਉਹੀ, ਪੰਨਾ ਉਹੀ,

69. ਉਹੀ,

70. ਉਹੀ, ਪੰਨਾ 20

71. ਉਹੀ, ਪੰਨਾ 580

72. ਉਹੀ, ਪੰਨਾ 49

73. ਉਹੀ, ਪੰਨਾ 216

74. ਉਹੀ, ਪੰਨਾ 78

75. ਉਹੀ, ਪੰਨਾ 248

76. ਉਹੀ, ਪੰਨਾ 250

77. ਨਰੈਣ ਸਿੰਘ - ਗੁਰਬਾਣੀ ਤੇ ਕੁਦਰਤ, ਪੰਜਾਬੀ ਦੁਨੀਆਂ, ਅਪਰੈਲ, 1967, ਪੰਨਾ 46.

78. ਆਦਿ ਗਰੰਥ (ਸਟੀ ਬੀੜ ਭਾਗ -1) ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ,
ਅੰਮ੍ਰਿਤਸਰ, ਪੰਨਾ 20

79. ਉਹੀ, ਪੰਨਾ 492

80. ਉਹੀ, ਪੰਨਾ 19

81. ਗੁਰਦੇਵ ਸਿੰਘ (ਡਾ.) - ਪੰਜਾਬੀ ਕਾਵਿ ਵਿਚ ਪ੍ਰਕਿਰਤੀ ਚਿਤ੍ਰਣ, ਪੰਨਾ 216.

82. ਆਦਿ ਗ੍ਰੰਥ (ਸਰਬੀ ਬੀੜ ਭਾਗ - 1), ਪੰਨਾ 351

83. ਓਹੀ, ਪੰਨਾ 505

84. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 456

85. ਰਾਮ ਸਿੰਘ (ਪ੍ਰੋ.) - ਜਪੁਜੀ ਦਾ ਵਿਸ਼ਾ-ਵਸਤੂ, ਪੰਨਾ 44

86. Sraswati C.K. - Concept of Mind in Indian Philosophy, P.22

87. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 556.

88. ਆਦਿ ਗ੍ਰੰਥ, ਪੰਨਾ 1066

89. ਸ੍ਰੀ ਮੱਦ ਭਗਵਤ ਗੀਤਾ, ਅਧਿਆਇ - 7 ਸਲੋਕ 13

90. ਆਦਿ ਗ੍ਰੰਥ - ਮਾਰੂ ਮਹੱਲਾ ੧

91. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 352.

92. ਆਦਿ ਗ੍ਰੰਥ - ਸਲੋਕ ਵਾਰ ਆਸਾ, ਸ਼ਬਦ - 3

93. ਜੱਗੀ, ਰਤਨ ਸਿੰਘ (ਡਾ.) - ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 268

94. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 214

95. ਮਿਸ਼ਰ, ਜੈ ਰਾਮ (ਡਾ.) - ਨਾਨਕ ਬਾਣੀ, ਪੰਨਾ 326

96. ਜਪੁਜੀ

97. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 30

98. ਓਹੀ, ਪੰਨਾ 20

99. ਆਦਿ ਗ੍ਰੰਥ (ਸਰਬੀ ਬੀੜ ਭਾਗ - 1), ਪੰਨਾ 540

100. ਆਦਿ ਗ੍ਰੰਥ - ਜਪੁਜੀ

101. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, 206.

102. ਓਹੀ, ਪੰਨਾ 327

103. ਓਹੀ, ਪੰਨਾ 256

104. ਓਹੀ, ਪੰਨਾ 158

105. ਆਦਿ ਗ੍ਰੰਥ - ਜਪੁਜੀ ਸਲੋਕ - 35

106. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 106

107. ਓਹੀ, ਜਪੁਜੀ

108. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 142.

109. ਉਹੀ, ਜਪੁਜੀ

110. ਉਹੀ

111. ਉਹੀ, ਪੰਨਾ 470

112. ਜੱਗੀ, ਰਤਨ ਸਿੰਘ (ਡਾ:) - ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 208

113. ਰਾਹੁਲ ਸਾਂਕ੍ਰਿਤਾਇਨ, (ਪੰ:) - ਦਰਸ਼ਨ ਦਿਗਦਰਸ਼ਨ, ਪੰਨਾ 59

114. ਬੇਦੀ, ਕਾਲਾ ਸਿੰਘ, (ਡਾ:) - ਗੁਰੂ ਨਾਨਕ ਦਰਸ਼ਨ, ਪੰਨਾ 253.

115 Sher Singh (Dr.) - Philosophy of Sikhism, P.184.

116. ਸ਼ੇਰ ਸਿੰਘ (ਡਾ:) - ਗੁਰਮਤ ਦਰਸ਼ਨ, ਪੰਨਾ 235

117. ਮੋਹਨ ਸਿੰਘ (ਡਾ:) - ਪੰਜਾਬੀ ਭਾਖਾ ਵਿਗਿਆਨ ਤੇ ਗੁਰਮਤ ਦਰਸ਼ਨ, ਪੰਨਾ 29

118 Kohli, Surinder Singh (Dr.) - Outlines of Sikh Thought, P.36.

119. ਆਦਿ ਗਰੰਥ - ਜਪੁਜੀ

120. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 206

121. ਆਦਿ ਗਰੰਥ, ਪੰਨਾ 998

122. ਗੁਪਤ, ਸਰਿੰਦਰ ਸਿੰਘ (ਡਾ:) - ਗੁਰੂ ਨਾਨਕ ਦੇਵ ਜੀ ਦੀ ਕਵਿਤਾ ਵਿਚ ਪ੍ਰਕਿਰਤੀ - ਗੁਰੂ ਨਾਨਕ ਜੀਵਨ, ਦਰਸ਼ਨ ਤੇ ਕਾਵਿ-ਕਲਾ, ਸੰਪਾਦਕ, ਸੁਰਿੰਦਰ ਸਿੰਘ ਕੋਹਲੀ, ਪੰਨਾ 334

123. ਆਦਿ ਗਰੰਥ - ਸਿਰੀ ਰਾਗ ਮ: ੧

124. ਉਹੀ

125. ਉਹੀ, ਰਾਗ ਆਸਾ ਮ: ੧

126. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 40

127 ਉਹੀ, ਪੰਨਾ 558

128. ਉਹੀ, ਪੰਨਾ 218

129. ਉਹੀ, ਪੰਨਾ 60

130. Shipley- Dictionary of World Literature, New York-1943

131. Encyclopaedia of Britanica Vol-16, P.1129.

132. Rudolf -Otto, Mysticism in East & West, P.43

133. F.E.Spurgeon, Carolin- Mysticism in English Literature, P.2

134. Underhill, Elevn, Mysticism, P.71

135. ਭਾਰਤ ਭੂਸ਼ਨ (ਪ੍ਰੋ:) - ਸਾਹਿਤਿਅਕਵਾਦ, ਪੰਨਾ 58

136. Dass Gupta, S.N.-Hindu Mysticism, A Essay in his Book, The History of Indian Philosophy, P.17.

137. ਆਦਿ ਗ੍ਰੰਥ - ਗਉੜੀ ਗੁਆਰੇਰੀ ਮ: ੧

138. ਓਹੀ, ਪੰਨਾ 730.

139. ਮਹਿਤਾ, ਗੁਰਚਰਨ ਸਿੰਘ (ਡਾ:) - ਭਾਈ ਵੀਰ ਸਿੰਘ ਦੀ ਕਵਿਤਾ, ਭਾਸ਼ਾ ਵਿਭਾਗ - 1972, ਪੰਨਾ 280.

140. Russel, Bertrand, Mysticism & Logic and other Essays, P.8-9

141. ਦੀਵਾਨ ਸਿੰਘ (ਡਾ:) - ਗੁਰੂ ਨਾਨਕ ਦਾ ਰਹੱਸਵਾਦ (ਗੁਰੂ ਨਾਨਕ ਜੀਵਨ, ਦਰਸ਼ਨ ਤੇ ਕਾਵਿ ਕਲਾ), ਪੰਜਾਬ ਯੂਨੀਵਰਸਿਟੀ, 1969 ,ਪੰਨਾ 72.

142. Jinarjadasa, C, The Nature of Mysticism, P.17.

143. ਦੀਵਾਨ ਸਿੰਘ (ਡਾ:) -ਗੁਰੂ ਨਾਨਕ ਦਾ ਰਹੱਸਵਾਦ (ਗੁਰੂ ਨਾਨਕ ਜੀਵਨ, ਦਰਸ਼ਨ ਤੇ ਕਾਵਿ ਕਲਾ) ਪੰਜਾਬ ਯੂਨੀਵਰਸਿਟੀ- 1969, ਪੰਨਾ 73.

144. ਆਦਿ ਗ੍ਰੰਥ - ਸਿਧ ਗੋਸਟਿ - 5

145. ਓਹੀ, ਜਪੁਜੀ

146. ਓਹੀ

147. ਦਰਸ਼ਨ ਸਿੰਘ (ਡਾ:) - ਗੁਰੂ ਨਾਨਕ ਬਾਣੀ ਵਿਚ ਸੁਹਜ-ਭਾਵ ਗੁਰੂ ਨਾਨਕ ਜੀਵਨ, ਦਰਸ਼ਨ ਤੇ ਕਾਵਿ ਕਲਾ ,ਪੰਨਾ 286.

## ਅਧਿਆਇ ਸੱਤਵਾਂ

### ਭਾਗ ਪਹਿਲਾ

- ਗੁਰੂ ਨਾਨਕ - ਬਾਣੀ ਵਿਚ ਪ੍ਰਕਿਰਤੀ ਦਾ ਬਿੰਬਾਤਮਿਕ - ਚਿਤ੍ਰਣ
- ਜਲ ਨਾਲ ਸਬੰਧਿਤ ਬਿੰਬ
- ਆਕਾਸ਼ ਨਾਲ ਸਬੰਧਤ ਬਿੰਬ
- ਬਨਸਪਤੀ ਨਾਲ ਸਬੰਧਤ ਬਿੰਬ
- ਰੁੱਤਾਂ ਨਾਲ ਸਬੰਧਤ ਬਿੰਬ
- ਜੀਵਾਂ - ਪਰਿੰਦਿਆਂ (ਪੰਛੀਆਂ) ਨਾਲ ਸਬੰਧਤ ਬਿੰਬ
- ਧਰਤੀ ਨਾਲ ਸਬੰਧਿਤ ਬਿੰਬ

### ਭਾਗ ਦੂਜਾ

- ਗੁਰੂ ਨਾਨਕ - ਬਾਣੀ ਵਿਚ ਆਈਆਂ ਕੁਦਰਤ ਸਬੰਧੀ ਤੁਕਾਂ

ਪੈਰ - ਟਿੱਪਣੀਆਂ

## ਅਧਿਆਇ - ਸੱਤਵਾਂ

## ਭਾਗ - ਪਹਿਲਾ

## ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਦਾ ਬਿੰਬਾਤਮਿਕ ਚਿਤ੍ਰਣ

ਅਸੀਂ ਪਿਛੇ ਸੰਕੇਤ ਕਰ ਆਏ ਹਾਂ ਕਿ ਮਨੁੱਖ ਪ੍ਰਕਿਰਤੀ ਦਾ ਸਰਵਸ਼੍ਰੇਸ਼ਟ ਸ਼ਾਹਕਾਰ ਹੈ। ਚਿੰਤਨ ਸ਼ੀਲਤਾ ਅਤੇ ਪੁਨਰ ਸਿਰਜਨਾ ਉਸ ਦੇ ਕਰਤਾਰੀ ਗੁਣ ਹਨ। ਪ੍ਰਕਿਰਤੀ ਨਾਲ ਉਹ ਅਧਾਰ ਮੂਲਕ- ਰੂਪ ਵਿਚ ਓਤਪੋਤ ਹੈ। ਮਨੁੱਖਾਂ ਵਿਚ ਕਵੀ ਇਕ ਕਵਿਤਾ ਦੀ ਬਖਸ਼ਿਸ਼ ਨਾਲ ਨਿਵਾਜਿਆ ਹੋਇਆ ਵਿਲੱਖਣ ਜੀਵ ਹੈ। ਹਰੇਕ ਵਿਅਕਤੀ ਕਵੀ ਅਥਵਾ ਮੌਲਿਕ ਕਵੀ ਨਹੀਂ ਹੋ ਸਕਦਾ। ਕਿਸੇ ਨੂੰ ਕਵੀ ਬਣਾਇਆ ਨਹੀਂ ਜਾ ਸਕਦਾ। ਕਾਵਿ-ਸਿਰਜਨਾ ਕਵੀ ਦੀ ਇਕ ਸੁਭਾਵਿਕ ਪ੍ਰਕਿਰਤੀ ਹੁੰਦੀ ਹੈ। ਕੁਦਰਤ ਨੂੰ ਕਵੀ ਦੀ ਜਿੰਦ ਕਿਹਾ ਜਾਂਦਾ ਹੈ।[1] ਜਿਸ ਦੀ ਸਹਾਇਤਾ ਨਾਲ ਉਸ ਦੀ ਕਵਿਤਾ ਸਾਹ ਲੈਂਦੀ ਹੈ। ਕੁਦਰਤ ਦੀ ਉਹ ਕਿੰਨੀ ਮਨ-ਮੋਹਣੀ ਤੇ ਨਿੱਘੀ ਗੋਦੀ ਸੀ, ਜਿਸ ਵਿਚ ਮੁਢਲਾ ਮਨੁੱਖ ਖੇਡਿਆ ਅਤੇ ਜਿਸ ਵਿਚ ਖੇਡਦਿਆਂ, ਉਸ ਮੁਢਲੀ ਸਾਹਿੱਤਕ ਰਚਨਾ ਕਵਿਤਾ ਦੇ ਰੂਪ ਵਿਚ ਕੀਤੀ। ਕੁਦਰਤ ਪਰੋਖ ਤੇ ਅਪਰੋਖ ਰੂਪ ਵਿਚ ਕਵਿਤਾ ਨਾਲ ਜੁੜੀ ਹੋਈ ਹੈ। ਪਰੋਖ ਰੂਪ ਵਿਚ ਜਿਥੇ ਕੁਦਰਤਿ ਨਵੇਂ ਨਵੇਂ ਵਿਸ਼ਿਆਂ ਤੇ ਨਜ਼ਾਰਿਆਂ ਨਾਲ ਕਵੀ ਦੀ ਕਲਪਨਾ ਨੂੰ ਟੁੰਬਦੀ ਹੈ, ਉਥੇ ਅਪਰੋਖ ਰੂਪ ਵਿਚ ਸਜਰੇ ਤੇ ਮੌਲਿਕ ਬਿੰਬ ਪ੍ਰਦਾਨ ਕਰਕੇ ਕਵਿਤਾ ਨੂੰ ਸੱਜਰਾਪਨ ਬਖਸ਼ਦੀ ਹੈ। ਕੁਦਰਤ ਦੀ ਬਹੁ-ਰੰਗੀ ਅਨੇਕ-ਰੂਪਤਾ ਮਨੁੱਖ ਨੂੰ ਕਾਦਰ ਦੀ ਵਿਸ਼ਾਲ ਸਮਰੱਥਾ ਦਾ ਅਭਾਸ ਕਰਾਉਂਦੀ ਹੈ। ਕੁਦਰਤ ਦੇ ਕਾਦਰ ਨਾਲ ਸੰਬੰਧ ਤੇ ਕਾਦਰ ਨਾਲ ਮਨੁੱਖੀ ਰੂਹ ਦੇ ਰਿਸ਼ਤੇ ਦੇ ਰਹੱਸ ਨੂੰ ਕਵੀ ਸਾਧਕ ਪ੍ਰਾਕਿਰਤਕ ਚਿੰਨ੍ਹਾਂ ਰਾਹੀਂ ਪ੍ਰਤਿਬਿੰਬਤ ਕਰਨ ਦਾ ਜਤਨ ਕਰਦਾ ਹੈ।

ਗੁਰੂ ਨਾਨਕ ਯੁੱਗ ਵਿਚ ਮਨੁੱਖੀ ਕੌਮਾਂ ਦਾ ਅੱਜ ਵਰਗਾ ਸ਼ਹਿਰੀਕਰਨ ਨਹੀਂ ਹੋਇਆ ਸੀ। ਧਰਤੀ ਦੇ ਪਿੰਡੇ ਉਤੇ ਪ੍ਰਕਿਰਤੀ ਆਪਣੇ ਸਵੈ-ਖੁਦ ਰੂਪ ਵਿਚ ਨਿੰਮਦੀ ਬਿਨਸਦੀ ਸੀ। ਮਨੁੱਖ ਨੂੰ ਪ੍ਰਕਿਰਤੀ ਦੇ ਇਸ ਸੁਭਾਵਿਕ ਕਾਰਜ ਵਿਚ ਬਹੁਤ ਦਖਲ ਹਾਸਲ ਨਹੀਂ ਸੀ। ਗੁਰੂ ਨਾਨਕ ਦੇਵ ਜੀ ਦਾ ਸਾਰਾ ਜੀਵਨ ਪ੍ਰਕਿਰਤੀ ਨਾਲ ਇਕਮਿਕ ਰਿਹਾ। ਇਸੇ ਲਈ ਉਨ੍ਹਾਂ ਦੇ ਚਿੰਤਨ ਤੇ ਪ੍ਰਕਿਰਤੀ ਦਾ ਗੂੜ੍ਹੀ ਛਾਪ ਲਗੀ ਹੋਈ ਹੈ। ਨਾਨਕ-ਪ੍ਰਕਿਰਤੀ ਸੰਪਰਕ ਉਨ੍ਹਾਂ ਦੀ ਕਵਿਤਾ ਵਿਚ ਰੂਪਮਾਨ ਹੋਈ ਬਿੰਬਾਵਲੀ ਸਹਿਜੇ ਹੀ ਦਰਸਾਇਆ ਜਾ ਸਕਦਾ ਹੈ। ਗੁਰੂ ਨਾਨਕ

ਦੀ ਪ੍ਰਕਿਰਤੀ ਨਾਲ ਡੂੰਘੀ ਆਤਮੀਅਤਾ ਦਰਸਾਣ ਲਈ ਅਸੀਂ ਇਥੇ ਨਾਨਕ ਬਾਣੀ ਦੇ ਪ੍ਰਸਿੱਧ ਹਿੰਦੀ ਵਿਦਵਾਨ ਡਾ: ਜੈ ਰਾਮ ਮਿਸ਼ਰ ਦੀ ਇਕ ਉਕਤੀ ਅਤੀ ਪ੍ਰਸੰਗਤ ਸਮਝਦੇ ਹਾਂ," ਗੁਰੂ ਨਾਨਕ ਦੇਵ ਪ੍ਰਕਿਰਤੀ ਦੀ ਗੋਦ ਵਿਚ ਪਲੇ ਸਨ। ਇਸ ਲਈ ਪ੍ਰਕਿਰਤੀ ਦੇ ਪ੍ਰਤਿ ਉਨ੍ਹਾਂ ਦਾ ਮਹਾਨ ਆਕਰਸ਼ਣ ਸੀ। ਪ੍ਰਕਿਰਤੀ ਦੀ ਅਨੇਕ-ਰੂਪਤਾ ਦੇ ਸਹਾਰੇ ਉਨ੍ਹਾਂ ਨੇ ਪ੍ਰਮਾਤਮਾ ਦੀ ਮਹੱਤਤਾ ਦਰਸਾਈ। ਉਸ ਹਰੀ ਦੁਆਰਾ ਨਿਰਮਿਤ ਪ੍ਰਕਿਰਤੀ ਜਦ ਇਤਨੀ ਮੋਹਕ ਹੈ ਤਾਂ ਉਸ ਦਾ ਨਿਰਮਾਤਾ ਕਿੰਨਾ ਸੁੰਦਰ ਹੋਵੇਗਾ। ਇਹੀ ਕਾਰਨ ਹੈ ਕਿ ਵਿਸਤ੍ਰਿਤ ਨੀਲਾ ਆਕਾਸ਼ ਉਨ੍ਹਾਂ ਨੂੰ ਪ੍ਰਭੂ ਦੀ ਆਰਤੀ ਦਾ ਥਾਲ, ਚੰਦ੍ਰਮਾ, ਸੂਰਜ ਦੀਪਕ ਅਤੇ ਤਾਰੇ ਮੋਤੀ ਪ੍ਰਤੀਤ ਹੁੰਦੇ ਹਨ। ਹਵਾ ਉਸ ਆਰਤੀ ਦੀ ਧੂਪ ਅਤੇ ਸਮੱਸਤ ਪੁਸ਼ਪ-ਰਾਸ਼ੀ ਆਰਤੀ ਦੇ ਨਿਮਿੱਤ ਪੁਸ਼ਪ ਹਨ। ਵਾਯੂ, ਨਦੀਆਂ, ਅਗਨੀ, ਪ੍ਰਿਥਵੀ, ਇੰਦਰ, ਧਰਮ ਰਾਜਨ ਸੂਰਜ, ਚੰਦਰਮਾ, ਸਿਧ ਬੁੱਧ, ਦੇਵਤਾਗਣ, ਆਕਾਸ਼ ਆਦਿ ਪ੍ਰਮਾਤਮਾ ਦੇ ਭੈ ਵਿਚ ਸਥਿਤ ਹਨ।[2]

ਗੁਰੂ ਨਾਨਕ ਕਾਵਿ ਦੇ ਸਰਵ-ਪੱਖੀ ਤੁਲਨਾਤਮਿਕ ਅਧਿਐਨ ਤੋਂ ਵੀ ਇਹ ਗੱਲ ਸਭ ਤੋਂ ਵੱਧ ਨਿੱਖਰਕੇ ਸਾਹਮਣੇ ਆਉਂਦੀ ਹੈ ਕਿ ਭਾਵੇਂ ਉਨ੍ਹਾਂ ਨੇ ਜੀਵਨ ਦੇ ਹਰੇਕ ਅੰਗ ਨੂੰ ਬੜੀ ਗੌਰ ਨਾਲ ਨੇੜਿਓਂ ਹੋਕੇ ਤੱਕਿਆ ਪਰ ਮਾਨਵੀ ਜੀਵਨ ਨਾਲੋਂ ਉਹ ਪ੍ਰਕਿਰਤੀ ਤੋਂ ਵਧੇਰੇ ਪ੍ਰਭਾਵਿਤ ਹੋਏ। ਪ੍ਰਕਿਰਤੀ ਰਾਹੀਂ ਹੀ ਉਨ੍ਹਾਂ ਕਾਦਰ-ਰੂਪ ਵਿਚ ਪ੍ਰਮਾਤਮਾ ਦੀ ਮਹੱਤਤਾ ਨੂੰ ਚਿਤਰਿਆ। ਪ੍ਰਕਿਰਤੀ ਦੀ ਸੁੰਦਰਤਾ ਤੋਂ ਹੀ ਕਾਦਰ ਦੀ ਅਪੂਰਵ ਸੁੰਦਰਤਾ ਦਾ ਗੁਰੂ ਨਾਨਕ ਨੇ ਅਨੁਮਾਨ ਲਗਾਇਆ ਹੈ ਅਤੇ ਪ੍ਰਕਿਰਤੀ ਦੇ ਉਹ ਚਿੱਤ੍ਰ-ਰੂਪ ਆਪਣੇ ਕਾਵਿ ਵਿਚ ਅਲੰਕ੍ਰਿਤ ਕੀਤੇ ਜਿੰਨ੍ਹਾਂ ਦਾ ਉਲੇਖ ਉਚੇਚੇ ਡਾ: ਜੈ ਰਾਮ ਮਿਸ਼ਰ ਨੇ ਕੀਤਾ ਹੈ। ਪ੍ਰਮਾਤਮਾ ਨਾਲ ਪ੍ਰੀਤ ਪਾਉਣ ਦੀਆਂ ਵਿਧੀਆਂ ਪ੍ਰਾਕਿਰਤਕ ਜੀਵਾਂ ਦੀ ਪਰਸਪਰ ਨਿਰਭਰਤਾ ਵਿਚੋਂ ਦਰਸਾਈਆਂ ਹਨ ਅਤੇ ਮਨ ਨੂੰ ਪ੍ਰਮਾਤਮਾ ਨਾਲ ਅਜਿਹੀ ਪ੍ਰੀਤ ਕਰਨ ਦੀ ਪ੍ਰੇਰਨਾ ਦਿੱਤੀ ਹੈ ਜਿਸ ਤਰ੍ਹਾਂ ਕਮਲ, ਪਾਣੀ, ਮਛਲੀ, ਨਦੀ ਨਾਲੇ, ਚਕਵੀ ਸੂਰਜ ਨਾਲ ਤੇ ਚਾਤ੍ਰਿਕ ਬਟੇਨ ਨਾਲ ਕਰਦਾ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੇ ਬਹੁਤੇ ਸਿਧਾਂਤਾਂ ਦੀ ਵਿਆਖਿਆ ਤੇ ਪੁਸ਼ਟੀ ਕੁਦਰਤ ਦੇ ਰੂਪ-ਕਾਰਜ ਵਿਚੋਂ ਸਥਾਪਿਤ ਕੀਤੀ ਹੈ। ਅਜਿਹੇ ਬਿੰਬਾਂ ਦਾ ਨਿਰਮਾਣ ਕੀਤਾ ਹੈ ਜਿੰਨ੍ਹਾਂ ਤੋਂ ਸਿੱਧ ਹੋ ਸਕੇ ਕਿ ਬਲਿਹਾਰ ਜਾਣ ਵਾਲਾ ਕਾਦਰ, "ਜਿਸਦਾ" ਅੰਤ ਨਾ ਜਾਈ ਲਖਿਆ," ਇਸ ਕੁਦਰਤ ਵਿਚ ਵਸਦਾ ਹੈ ਅਤੇ ਸਾਡਾ ਇਹ ਮਹਾਨ ਅਧਿਆਤਮਕਵਾਦੀ ਕਵੀ ਕੁਦਰਤ ਨੂੰ ਕੁਦਰਤ ਖਾਤਰ ਘੱਟ ਤੇ ਕੁਦਰਤ ਨੂੰ ਕਾਦਰ ਦੀ ਖਾਤਰ ਵਧੇਰੇ ਪਿਆਰ ਕਰਦਾ ਹੈ। ਗੁਰੂ ਨਾਨਕ ਨੇ ਕੁਦਰਤ ਰਾਹੀਂ ਵਧੇਰੇ ਜੋਰ ਇਸ ਦੇ ਰਚਨ ਵਾਲੇ ਕਾਦਰ ਦੀ ਸਰਵ-ਸਮਰੱਥਾ ਨੂੰ ਉਜਾਗਰ ਕਰਨ ਉਤੇ ਦੇਣਾ ਚਾਹਿਆ ਹੈ। ਕੁਦਰਤ ਅਤੇ ਕਾਦਰ ਸਬੰਧੀ ਗੁਰੂ ਨਾਨਕ ਦੇ ਨਿਸਬਤਨ ਕਾਦਰ

ਵੱਲ ਵਧੇਰੇ ਰੁਚਿਤ ਹੋਣ ਦਾ ਕਾਰਨ ਇਹ ਜਾਪਦਾ ਹੈ ਅਤੇ ਕੁਦਰਤ ਉਤੇ ਵਧੇਰੇ ਜ਼ੋਰ ਦੇਣ ਨਾਲ ਕਾਦਰ ਦੀ ਮਹੱਤਤਾ ਘਟ ਜਾਵੇ ਅਤੇ ਉਹ ਵਤੀਰਾ ਮਨੁੱਖ ਨੂੰ ਕਾਦਰ ਤੋਂ ਪਰੇ ਲੈ ਜਾਣ ਦਾ ਕਾਰਨ ਬਣੇ। ਗੁਰੂ ਨਾਨਕ ਦੀ ਤਮਾਮ ਬਿੰਬਾਵਲੀ ਪ੍ਰਕਿਰਤੀ ਦੇ ਸਰੂਪ ਰਾਹੀਂ ਕਾਦਰ ਦਾ ਸਰੂਪ ਉਘਾੜਨ ਵਿਚ ਕ੍ਰਿਆਸ਼ੀਲ ਦ੍ਰਿਸ਼ਟੀਗੋਚਰ ਹੁੰਦੀ ਹੈ।

ਇਸ ਤੋਂ ਪਹਿਲਾਂ ਕਿ ਗੁਰੂ ਨਾਨਕ ਦੇ ਬਿੰਬ-ਵਿਧਾਨ ਦਾ ਸਰੂਪ ਨਿਰਧਾਰਿਤ ਕੀਤਾ ਜਾਵੇ, ਕਾਵਿ ਵਿਚ ਬਿੰਬ ਦੇ ਮਜ਼ਬੂਤੀ ਮਹੱਤਵ ਦਾ ਉਲੇਖ ਕਰਨਾ ਜ਼ਰੂਰੀ ਜਾਪਦਾ ਹੈ। ਕਾਵਿ-ਸਾਹਿੱਤ ਵਿਚ ਬਿੰਬ ਸ਼ਬਦ ਦੀ ਵਿਸ਼ੇਸ਼ ਮਹੱਤਤਾ ਤੇ ਵਿਆਪਕਤਾ ਹੈ। ਸਮਸਤ ਮਾਨਵੀ ਜੀਵਨ, ਇਸ ਨਾਲ ਸਬੰਧਤ ਤਰਲਾ ਤੇ ਸਥੂਲ ਪਦਾਰਥ, ਪ੍ਰਕਿਰਤੀ ਦਾ ਦ੍ਰਿਸ਼ਟ ਤੇ ਅਦ੍ਰਿਸ਼ਟ ਹਰ ਕਾਰਜ ਤੇ ਜਗਤ ਦਾ ਸਰਬ-ਪਸਾਰਾ ਇਸ ਦੀ ਪਕੜ ਵਿਚ ਆਉਂਦਾ ਹੈ। ਵਿਲੀਅਮ ਬਲੇਕ ਦੇ ਸ਼ਬਦਾਂ ਵਿਚ ਹਰ ਵਿਸ਼ਵਾਸਯੋਗ ਵਸਤੂ ਸੱਚ ਦਾ ਬਿੰਬ ਹੈ।[3] ਸਧਾਰਨ ਅਰਥਾਂ ਵਿਚ ਬਿੰਬ ਸ਼ਬਦ ਦਾ ਪ੍ਰਯੋਗ ਛਾਇਆ ਪ੍ਰਤਿਛਾਇਆ ਨਕਲ, ਸਮਤਾ ਤੇ ਅਕਸ ਆਦਿ ਰੂਪਾਂ ਵਿਚ ਹੋਇਆ ਮਿਲਦਾ ਹੈ। ਬਿੰਬ ਦਾ ਪ੍ਰਾਏਵਾਚੀ ਅੰਗਰੇਜ਼ੀ ਸ਼ਬਦ Image ਹੈ, ਬਿੰਬ ਸ਼ਬਦ ਦਾ ਪ੍ਰਯੋਗ ਬੜਾ ਵਿਸਤ੍ਰਿਤ ਅਤੇ ਵਿਆਪਕ ਹੁੰਦਾ ਹੈ। ਬਿੰਬ ਦੇ ਅਰਥ ਆਕਸਫੋਰਡ ਸ਼ਬਦ ਕੋਸ਼[4] ਅਤੇ ਬ੍ਰਿਟੇਨ ਦਾ ਵਿਸ਼ਵ ਕੋਸ਼[5] ਵਿਚ ਵੀ ਛਾਇਆ, ਅਕਸ, ਸਮਤ ਅਤੇ ਨਕਲ ਹੀ ਮੰਨੇ ਗਏ ਹਨ। ਬਿੰਬ ਦਾ ਸਾਹਿਤ, ਦਰਸ਼ਨ ਤੇ ਮਨੋਵਿਗਿਆਨ ਆਦਿ ਵਿਚ ਵਿਸ਼ੇਸ਼ਤਮ ਮਹੱਤਵ ਹੈ।

ਮਾਨਸਿਕ ਵਿਗਿਆਨ ਵਿਚ ਬਿੰਬ ਦਾ ਪੁਨਰ-ਨਿਰਮਾਣ ਦਾ ਭਾਵ ਲਿਆ ਜਾਂਦਾ ਹੈ ਅਤੇ ਮਨੋਵਿਗਿਆਨ ਵਿਚ ਬਿੰਬ ਸ਼ਬਦ ਦੇ ਅਰਥਾਂ ਵਿਚ ਕੁਝ ਅੰਤਰ ਹੈ। ਸਾਹਿਤ ਵਿਚ ਬਿੰਬ ਪ੍ਰਮਾਣਤਾ ਦਾ ਸੂਚਕ ਹੈ ਪਰ ਮਨੋਵਿਗਿਆਨ ਵਿਚ ਵਸਤੂ ਹੀ ਕੇਵਲ ਪਰਛਾਈ ਹੀ ਹੈ। ਬਿੰਬ ਵਸਤੂ ਦੀ ਨਿਰਜੀਵਤਾ ਨੂੰ ਸਜੀਵਤਾ ਦਾ ਰੂਪ ਦਿੰਦਾ ਹੈ। ਸਾਹਿਤਕ ਬਿੰਬ ਪ੍ਰਕਿਰਤੀ ਜਗਤ ਤੇ ਮਾਨਵੀ ਸਹਿਚਾਰਕ ਸੰਬੰਧਾਂ ਦੀ ਪ੍ਰਕਾਸ਼ਨਾ ਕਰਦੇ ਹਨ।

ਅਧਿਆਤਮਕ ਜਗਤ ਵਿਚ ਬਿੰਬ ਦਾ ਵਿਆਪਕ ਪ੍ਰਯੋਗ ਹੋਇਆ ਮਿਲਦਾ ਹੈ। ਇਹ ਗੂੜ੍ਹ ਤੇ ਗੰਭੀਰ ਅਧਿਆਤਮਕ ਵਿਚਾਰਾਂ ਨੂੰ ਸਪੱਸ਼ਟ ਭਾਂਤ ਅਭਿਵਿਅਕਤ ਕਰਨ ਦਾ ਸਭ ਤੋਂ ਉੱਤਮ ਮਾਧਿਅਮ ਹੈ। ਅਧਿਆਤਮਕ ਭਾਵਾਂ ਨੂੰ ਸਹਿਜਮਈ ਵਿਧੀ ਨਾਲ ਗ੍ਰਹਿਣ ਕਰਨਯੋਗ ਬਣਾਉਣ ਲਈ ਬਿੰਬ ਸਹਾਰੇ ਦੀ ਅਵੱਸ਼ਕਤਾ ਬਣ ਜਾਂਦੀ ਹੈ। ਅਧਿਆਤਮਿਕ ਵਿਚਾਰਾਂ ਨੂੰ ਰਹੱਸਮਈ ਅਨੁਭੂਤੀ ਇਨ੍ਹਾਂ ਵਿਚ ਪ੍ਰਗਟਾਈਆਂ ਅਸੀਮ ਦੀਆਂ ਸਸੀਮ ਛੋਹਾਂ ਤੇ ਭਾਵਾਂ ਦੀ ਡੂੰਘਾਈ ਨੂੰ ਬਿੰਬਾਂ ਦੁਆਰਾ ਪ੍ਰਗਟ ਕਰਨ ਨਾਲ ਸਹਿਜੇ ਹੀ ਪਾਠਕ ਦੇ ਮਨ ਤੱਕ ਪਹੁੰਚਾਇਆ ਜਾ ਸਕਦਾ ਹੈ। ਬਿੰਬ ਦੀ ਸਰਲਤਾ ਅਡੋਲ ਹੀ ਉਸ ਚੌਗਿਰਦੇ ਵਿਚ ਲੈ ਜਾਂਦੀ ਹੈ ਜਿਥੇ ਉਸ ਨੂੰ ਹਰ ਚੀਜ਼, ਹਰ ਭਾਵ 'ਚੋਂ

ਅਪਣੱਤ ਤੇ ਸਾਂਝ ਭਾਸਦੀ ਹੈ।[6] ਅਤੇ ਇਸ ਤਰ੍ਹਾਂ ਇਹ ਉਨ੍ਹਾਂ ਗੂੜ੍ਹ ਭਾਵਾਂ ਨੂੰ ਜੀਵਨ ਦੇ ਪ੍ਰਕਰਣ ਵਿਚ ਚੰਗੀ ਤਰ੍ਹਾਂ ਗ੍ਰਹਿਣ ਕਰ ਲੈਂਦਾ ਹੈ।

ਬਿੰਬ ਨੂੰ ਅਧਿਆਤਮਿਕ ਭਾਵਾਂ ਦੇ ਸੰਚਾਰ ਦਾ ਪ੍ਰਮੁੱਖ ਸਾਧਨ ਮੰਨਿਆ ਜਾਂਦਾ ਹੈ। ਪ੍ਰਮੁੱਖ ਅਧਿਆਤਮਿਕਵਾਦੀ ਮੈਥੇਨ ਬਾਏਬਨ ਦੇ ਭਾਵ-ਪ੍ਰਕਾਸ਼ਨ ਦਾ ਵਿਸ਼ੇਸ਼ ਕਾਰਨ ਬਿੰਬ ਹੀ ਮੰਨਦਾ ਹੈ।[7] ਹਜ਼ਰਤ ਮੁਹੰਮਦ ਕੁਰਾਨ ਸ਼ਰੀਫ਼ ਵਿਚ ਕਹਿੰਦੇ ਹਨ ਕਿ ਅੱਲਾ ਸਭ ਕੁਝ ਜਾਣਨ ਵਾਲਾ ਹੈ ਅਤੇ ਮਨੁੱਖਾਂ ਨਾਲ ਉਹ ਰੂਪਕਾਂ ਦੀ ਭਾਸ਼ਾ ਵਿਚ ਬੋਲਦਾ ਹੈ।

ਸਾਹਿਤ ਵਿਚ 'ਬਿੰਬ' ਦੀ ਵਿਸ਼ੇਸ਼ ਮਹੱਤਤਾ ਹੈ। ਇਹ ਭਾਵਾਂ ਤੇ ਵਿਚਾਰਾਂ ਨੂੰ ਪ੍ਰਗਟਾਉਣ ਦੀ ਸਰਲ, ਸਹਿਜ ਤੇ ਸਪਸ਼ਟ ਵਿਧੀ ਹੈ, ਹੋਰ ਕਿਸੇ ਢੰਗ ਨਾਲ ਭਾਵ ਅਭਿਵਿਅਕਤ ਕਰਨੇ ਸੌਖੇ ਨਹੀਂ, ਜਿਤਨੇ ਬਿੰਬ ਰਾਹੀਂ ਹੁੰਦੇ ਹਨ। ਅੰਗਰੇਜ਼ੀ ਕਾਵਿ-ਸਮੀਖਿਆ ਵਿਚ ਕਲਪਨਾ ਤੇ ਬਿੰਬ ਦੀ ਨਿਰਮਾਣਤਾ ਉਤੇ ਅਧਿਕ ਜ਼ੋਰ ਦਿੱਤਾ ਜਾਂਦਾ ਹੈ। ਬਿੰਬ ਕਾਵਿ ਦਾ ਬੁਨਿਆਦੀ ਤੱਤ ਹੈ। ਅੰਗਰੇਜ਼ੀ ਕਵੀ ਵਰਡਜ਼ਵਰਥ ਨੇ ਕਵਿਤਾ ਨੂੰ ਪ੍ਰਕਿਰਤੀ ਤੇ ਮਨੁੱਖ ਦਾ ਬਿੰਬ ਕਿਹਾ ਹੈ।[8] ਡੰਟਨ ਨੇ ਐਨਸਾਈਕਲੋਪੀਡੀਆ ਵਿਚ ਬ੍ਰਿਟੇਨਕਾ ਵਿਚ ਕਵਿਤਾ ਦੀ ਪਰਿਭਾਸ਼ਾ ਦਿੰਦੇ ਹੋਏ ਉਸ ਦੀ ਚਿਤ੍ਰਾਤਮਿਕ ਅਭਿਵਿਅਕਤੀ ਉਤੇ ਭਰਪੂਰ ਬਲ ਦਿੱਤਾ ਹੈ।[9]

ਬਿੰਬਵਾਦ ਦੇ ਨਿਰਮਾਤਾ ਹਿਊਮ (Hulme) ਅਨੁਸਾਰ ਕਵਿਤਾ ਵਿਚ ਬਿੰਬ ਕੇਵਲ ਅਲੰਕਾਰ ਲਈ ਨਹੀਂ ਵਰਤਿਆ ਜਾਂਦਾ ਸਗੋਂ ਉਹ ਕਵਿਤਾ ਦੀ ਜਿੰਦ ਜਾਨ ਦੇ ਰੂਪ ਵਿਚ ਹੁੰਦਾ ਹੈ।

Poetry is not a counter Language but a visual concrete one. It is a compromise for a language of intuition which hand over sensations bodily. It always endeavours to arrest you and to make you continuously see a physical thing to prevent you gliding through an abstract process, visual meanings can only be transferred by the new bowl of Meta-Phors. Image in verse are not mere decoration but the very essence of an intuitive Language."[10]

ਆਧੁਨਿਕ ਹਿੰਦੀ ਕਵਿਤਾ ਵਿਚ ਵਿਸ਼ੇਸ਼ ਸਥਾਨ ਰੱਖਣ ਵਾਲੇ ਕਵੀ ਪੰਤ ਨੇ ਕਵਿਤਾ ਦੀ ਚਿਤ੍ਰਾਤਮਿਕ ਭਾਸ਼ਾ ਦੇ ਮਹੱਤਵ ਨੂੰ ਪ੍ਰਵਾਨਦਿਆਂ ਹੋਇਆਂ ਲਿਖਿਆ ਹੈ, " ਕਵਿਤਾ ਲਈ ਚਿਤਰ ਭਾਸ਼ਾ ਦੀ ਜ਼ਰੂਰਤ ਭਾਸਦੀ ਹੈ ਉਸ ਦੇ ਸ਼ਬਦ ਸਸਵਰ ਹੋਣੇ ਅਤੇ ਆਵੱਸ਼ਕ ਹਨ ਜਿਨ੍ਹਾਂ ਵਿਚ ਬੋਲ ਹੋਣ ਅਤੇ ਸੇਬ ਦੀ ਤਰ੍ਹਾਂ, ਜਿਸਦੀ ਲਾਲੀ ਰਸ ਵਿਚ ਨਾ ਸਮਾਉਂਦੀ ਹੋਈ ਬਾਹਰ ਝਲਕਦੀ ਹੋਵੇ। ਜੋ ਝਨਕਾਰ ਵਿਚ ਚਿਤਰ ਤੇ ਚਿਤਰ ਵਿਚ ਝਨਕਾਰ ਪੈਦਾ ਕਰ ਸਕਣ ਦੀ ਸਮਰਥਾ ਰੱਖਦੇ ਹਨ, ਉਹ ਕਾਵਿਕ ਬਿੰਬ ਹਨ।[11] ਦਾਰਸ਼ਨਿਕ ਸ਼ਾਸਤ੍ਰੀ ਅਰਸਤੂ ਪ੍ਰਸਿੱਧ ਰੂਪਕਾਂ ਉਤੇ ਅਧਿਕਾਰ ਜਮਾਉਣਾ, ਕਵੀ ਦਾ ਪਹਿਲਾ ਕਰਤੱਵ ਮੰਨਦਾ ਹੈ, ਕਿਉਂਕਿ ਉਹ ਕਵੀ ਦੀ ਪ੍ਰਤਿਭਾ ਦੇ ਲਖਾਇਕ ਹੁੰਦੇ ਹਨ।[12] **The greatest this by for is to have a comand of Metaphors. This alone can't be imported by another, it is the mark of genius.** ਲੂਈਸ Lewis ਇਕ ਹੋਰ ਥਾਂ ਉਪਰੋਕਤ ਕਥਨ ਦੀ ਪ੍ਰੋੜ੍ਹਤਾ ਕਰਦੇ ਹੋਏ ਲਿਖਦੇ ਹਨ ਕਿ ਸਮੇਂ ਦੀ ਤਬਦੀਲੀ ਨਾਲ ਕਵਿਤਾ ਦੀ ਸਮੱਗਰੀ ਵੀ ਬਦਲਦੀ ਹੈ, ਛੰਦ ਕਾਲ, ਰੂਪ-ਆਕਾਰ, ਭਾਵ ਆਦਿ ਇਥੋਂ ਤੱਕ ਕਿ ਕਵਿਤਾ ਦਾ ਵਿਸ਼ਾ ਤੇ ਵਸਤੂ ਵੀ ਪਰਿਵਰਤਿਤ ਹੋ ਜਾਂਦੀ ਹੈ ਪਰੰਤੂ ਬਿੰਬ ਸਦੀਵੀ ਵਿਦਮਾਨ ਰਹਿੰਦਾ ਹੈ ਭਾਵ ਉਸ ਵਿਚ ਕਿਸੇ ਕਿਸਮ ਦਾ ਪਰਿਵਰਤਨ ਨਹੀਂ ਆਉਂਦਾ।[13]

ਸਟੀਫ਼ਨ ਬਰਾਊਨ ਬਿੰਬ ਦੀ ਵਿਆਪਿਕਤਾ ਸਬੰਧੀ ਕਹਿੰਦੇ ਹਨ ਕਿ ਰੂਪਕ, ਉਪਮਾ, ਮਾਨਵੀਕਰਨ, ਪ੍ਰਤੀਕ ਮੁਹਾਵਰੇ, ਚਿੰਨ੍ਹ, ਲੋਕਕਥਾ ਆਦਿ ਨੂੰ ਸਧਾਰਨ ਸਿਰਲੇਖ ਹੇਠ ਰੱਖਿਆ ਜਾਵੇ ਤਾਂ ਉਹ ਬਿੰਬ ਹੈ।[14] ਸਾਹਿਤ ਸਿਰਜਣਾ ਵਿਚ ਬਿੰਬ ਦਾ ਪ੍ਰਯੋਗ ਵਧੇਰੇ ਕਰਕੇ ਕਵੀ ਜਾਂ ਸਾਹਿਤਕਾਰ ਦੇ ਆਪਣੇ ਵਿਅਕਤਿਤਵ ਉਤੇ ਨਿਰਭਰ ਹੁੰਦਾ ਹੈ। ਕੇਵਲ ਸ਼ੈਲੀ ਤੋਂ ਹੀ ਕਿਸੇ ਸਾਹਿਤਕਾਰ ਦੇ ਵਿਅਕਤਿਤਵ ਦਾ ਅਨੁਮਾਨ ਨਹੀਂ ਲਾਇਆ ਜਾ ਸਕਦਾ ਸਗੋਂ ਬਿੰਬ-ਵਿਧਾਨ ਵੀ ਇਕ ਮਾਧਿਅਮ ਹੈ। ਕਵੀ ਦੇ ਅਨੁਭਵ ਦੀ ਭਿੰਨਤਾ ਕਾਰਨ ਬਿੰਬਾਂ ਦੀ ਭਿੰਨਤਾ ਵੀ ਹੁੰਦੀ ਹੈ। ਆਦਿ ਗ੍ਰੰਥ ਦੇ ਵਿਸ਼ੇਸ਼ਗ ਡਾ: ਐਸ.ਐਸ. ਕੋਹਲੀ ਬਿੰਬਾਂ ਦੀ ਵਿਭਿੰਨਤਾ ਬਾਰੇ ਲਿਖਦੇ ਹਨ :

**Adi Granth as we have seen, contains the poetry of Indian saints who lived from twelfth to seventeenth century. Thus we find great diversity of imagery in Adi Granth.**[15]

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਸਥਾਨ ਪ੍ਰਾਕਿਰਤਕ ਨਜ਼ਾਰਿਆਂ ਨਾਲ ਘਿਰਿਆ ਹੋਇਆ ਸੀ, ਜਦ ਚੁਫੇਰੇ ਹਰੀਆਂ ਖੇਤੀਆਂ ਨਜ਼ਰ ਆਉਂਦੀਆਂ ਸਨ। ਵਣਾਂ ਦੇ ਬੂਟੇ ਤੇ ਉਨ੍ਹਾਂ ਉਪਰ ਹਰੀਆਂ ਵੇਲਾਂ ਤੇ ਨਾਲ ਨਾਲ ਪੰਛੀ ਅਜੀਬ ਕਿਸਮ ਦਾ ਦ੍ਰਿਸ਼ ਪੇਸ਼ ਕਰਦੇ ਸਨ। ਕਾਲੀਆਂ ਕਾਲੀਆਂ ਘਟਾਂ ਦਾ ਚੜ੍ਹ ਆਉਣਾ ਤੇ ਉਸ ਤੋਂ ਪਹਿਲੋਂ ਟਿੱਡਿਆਂ ਦੀ ਟੀਂ ਟੀਂ ਸੁਣਾਈ ਦਿੰਦੀ ਸੀ। ਮੀਂਹ ਪੈਣ ਤੇ ਡੱਡੂਆਂ ਦਾ ਸ਼ੋਰ ਬੜਾ ਹੀ ਅਕਰਸ਼ਕ ਹੁੰਦਾ ਸੀ। ਜਦ ਗੁਰੂ ਦੇਵ ਸੁਲਤਾਨਪੁਰ ਰਹੇ, ਉਥੋਂ ਵੀ ਪ੍ਰਕਿਰਤੀ ਦਾ ਅਨੰਦ ਵੇਈਂ ਨਦੀ ਦੇ ਕੰਢੇ ਮਾਣਦੇ ਸਨ। ਉਦਾਸੀਆਂ ਸਮੇਂ ਜੰਗਲਾਂ ਅਤੇ ਪਹਾੜਾਂ ਵਿਚ ਘੁੰਮਦੇ ਰਹੇ, ਪ੍ਰਕਿਰਤੀ ਨੂੰ ਗੁਰੂ ਜੀ ਨੇ ਬਹੁਤ ਹੀ ਨੇੜੇ ਹੋ ਕੇ ਦੇਖਿਆ ਤੇ ਇਸ ਦਾ ਡੂੰਘਾ ਅਧਿਐਨ ਕੀਤਾ। ਪ੍ਰਕਿਰਤੀ ਤੋਂ ਪ੍ਰਭਾਵਿਤ ਹੋਕੇ ਸੁੰਦਰ ਬਿੰਬਾਂ ਦੀ ਸਿਰਜਨਾ ਕੀਤੀ ਅਤੇ ਇਨ੍ਹਾਂ ਪ੍ਰਾਕਿਰਤਕ ਤਸਵੀਰਾਂ ਰਾਹੀਂ ਪਰਮਾਤਮਾ ਦੀ ਖੋਜ ਤੇ ਉਸਦੀ ਪ੍ਰਾਪਤੀ ਦਾ ਸੰਦੇਸ਼ ਦਿੱਤਾ ਤੇ ਨਾਲ ਨਾਲ ਭਰਮਾਂ, ਵਹਿਮਾਂ ਦਾ ਖੰਡਨ ਕੀਤਾ। ਆਪ ਜ਼ਾਹਰਾ ਤੌਰ ਤੇ ਪ੍ਰਕਿਰਤੀ ਦਾ ਚਿਤ੍ਰਣ ਕਰ ਰਹੇ ਹਨ, ਪਰ ਅੰਤਰਿਕ ਤੌਰ ਤੇ ਪ੍ਰਕਿਰਤੀ ਦੇ ਮਾਲਕ ਨੂੰ ਯਾਦ ਕਰ ਰਹੇ ਹਨ। ਗੁਰੂ ਜੀ ਨੇ ਬਿੰਬਾਂ ਰਾਹੀਂ ਪ੍ਰਕਿਰਤੀ ਚਿਤਰਣ ਕੀਤਾ ਹੈ।[16] ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪ੍ਰਕਿਰਤੀ ਦਾ ਬਿੰਬਾਤਮਿਕ ਚਿਤ੍ਰਣ ਜਾਰੀ ਹੋਇਆ ਹੈ। ਗੁਰੂ ਜੀ ਨੇ ਪ੍ਰਕਿਰਤੀ ਵਿਚੋਂ ਅਨੇਕਾਂ ਬਿੰਬ ਚੁਣੇ ਹਨ, ਜਿਨ੍ਹਾਂ ਰਾਹੀਂ ਪ੍ਰਕਿਰਤੀ ਦੇ ਸੁਹਜ ਨੂੰ ਰੂਪਮਾਨ ਕੀਤਾ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਭਾਵੇਂ ਅਧਿਆਤਮਕ ਖੇਤਰ ਦੀਆਂ ਸਿਖਰਾਂ ਨੂੰ ਛੋਹਿਆ ਹੈ ਪਰ ਉਨ੍ਹਾਂ ਦਾ ਧਰਤੀ ਨਾਲੋਂ ਸਬੰਧ ਨਹੀਂ ਟੁੱਟਿਆ। ਉਨ੍ਹਾਂ ਨੇ ਤਾਂ ਧਰਤ, ਅਕਾਸ਼, ਖੇਤ, ਮਹੌਲ, ਬ੍ਰਹਿਮੰਡ, ਦ੍ਰਿਸ਼ਟ ਤੇ ਅਦ੍ਰਿਸ਼ਟ ਜਗਤ ਸਥੂਲ ਅਤੇ ਸੂਖਮ ਹਰ ਪ੍ਰਾਕਿਰਤਕ ਵਸਤੂ ਨੂੰ ਨੀਝ ਲਾ ਕੇ ਤੱਕਿਆ ਹੈ। ਗੁਰੂ ਜੀ ਨੇ ਮਨੁੱਖੀ ਜੀਵਨ ਨਾਲ ਪ੍ਰਕਿਰਤੀ ਪ੍ਰੇਮ, ਸਹਿਚਾਰ ਅਤੇ ਮਹੱਤਵ ਨੂੰ ਪ੍ਰਾਕਿਰਤਕ ਬਿੰਬਾਂ ਰਾਹੀਂ ਉਜਾਗਰ ਕਰਨ ਦਾ ਸਫਲ ਯਤਨ ਕੀਤਾ ਹੈ। ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਚਿਤ੍ਰਣ ਬਹੁਤਾਤ ਵਿਚ ਹੋਇਆ ਮਿਲਦਾ ਹੈ। ਉਨ੍ਹਾਂ ਦੀ ਸਮੁੱਚੀ ਰਚਨਾ ਵਿਚ ਪ੍ਰਕਿਰਤੀ ਚਿਤ੍ਰਣ ਕਿਸੇ ਨਾ ਕਿਸੇ ਰੂਪ ਵਿਚ ਹੋਇਆ ਮਿਲਦਾ ਹੈ ਪਰ ਕੁਝ ਵਿਸ਼ੇਸ਼ ਰਚਨਾਵਾਂ ਤਾਂ ਨਿਰੋਲ ਪ੍ਰਕਿਰਤੀ ਚਿਤ੍ਰਣ ਕਰਨ ਵਾਲੀਆਂ ਹੀ ਹਨ, ਜਿਨ੍ਹਾਂ ਵਿਚੋਂ ਬਾਰਾਮਾਹ, ਤੁਖਾਰੀ ਵਿਸ਼ੇਸ਼ਤਮ ਹੈ। ਪ੍ਰਕਿਰਤੀ ਪ੍ਰਤਿ ਗੁਰੂ ਜੀ ਦੀ ਪ੍ਰਮੁੱਖ ਰੁਚੀ ਰਹੀ ਹੈ। ਪ੍ਰਕਿਰਤੀ ਦੀ ਇਸ ਅਥਾਹ ਡੂੰਘਾਈ ਵਿਸ਼ਾਲਤਾ ਤੇ ਅਨੰਤਤਾ ਤੀਕ ਅਪੜੇ ਹਨ ਉਹ ਆਪਣੀ ਮਿਸਾਲ ਆਪ ਹੀ ਹਨ। ਉਨ੍ਹਾਂ ਨੇ ਹਰ ਪਾਸੇ ਪ੍ਰਕਿਰਤੀ ਦੀ ਹੋਂਦ ਹੀ ਸਵੀਕਾਰ ਕੀਤੀ ਹੈ ਭਾਵ ਪ੍ਰਕਿਰਤੀ ਸਰਬ-ਪਾਸਾਰੇ ਵਾਲੀ ਪ੍ਰਭੂ ਦੀ ਕੀਤੀ ਰਚਨਾ ਹੈ। ਗੁਰੂ ਜੀ ਅਨੁਸਾਰ ਦਿਸਣ, ਸੁਣਨ, ਖਾਣ ਪੀਣ, ਪਹਿਨਣ, ਅਕਾਸ਼, ਪਾਤਾਲ ਸਭ ਪ੍ਰਕਿਰਤੀ ਹੀ ਹੈ।-

ਕੁਦਰਤਿ ਦਿਸੈ ਕੁਦਰਤਿ ਸੁਣੀਐ, ਕੁਦਰਤਿ ਭਉ ਸੁਖ ਸਾਰੁ।।
ਕੁਦਰਤਿ ਅਕਾਸੀ, ਪਾਤਲੀ ਕੁਦਰਤਿ ਸਰਬ ਅਕਾਰ।।
ਕੁਦਰਤਿ ਵੇਦ ਪੁਰਾਣ ਕਤੇਬਾ, ਕੁਦਰਤਿ ਸਰਬ ਵੀਚਾਰ।।
ਕੁਦਰਤਿ ਖਾਣਾ ਪੀਣਾ ਪਹਿਨਣ ਕੁਦਰਤਿ ਸਰਬ ਪਿਆਰੁ।।
ਕੁਦਰਤਿ ਜਾਤੀ ਜਿਨਸ ਰੰਗੀ ਕੁਦਰਤਿ ਜੀਅ ਜਹਾਨ।।
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ।।
ਕੁਦਰਤਿ ਪਉਣ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ।।
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।।[17]

ਗੁਰੂ ਜੀ ਨੇ ਬਿੰਬਾਂ ਨੂੰ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ ਹੈ ਤੇ ਉਨ੍ਹਾਂ ਵਸਤੂਆਂ ਨੂੰ ਬਿੰਬਾਤਮਿਕ ਰੂਪ ਵਿਚ ਪ੍ਰਸਤੁਤ ਕੀਤਾ ਹੈ, ਜੋ ਸਭਨਾਂ ਸਾਹਮਣੇ ਪ੍ਰਤੱਖ ਹਨ। ਮਾਨਵੀ ਸਮਝ, ਸੋਚ, ਅਤੇ ਗਿਆਨ, ਪ੍ਰਕਿਰਤੀ ਦੀ ਇਸ ਖੁਦਾਈ ਤੱਕ ਅਪੜਨ ਤੋਂ ਅਸਮਰੱਥ ਹੈ, ਕਿਉਂ ਜੋ ਇਸ ਦੀ ਸੀਮਾ ਨਹੀਂ, ਅੰਤ ਨਹੀਂ, ਸੁਮਾਰ ਨਹੀਂ, ਭਾਵ ਬੇਸੁਮਾਰ, ਬੇਅੰਤ ਤੇ ਅਨੰਤ ਹੈ:

ਕੇਤੇ ਪਵਣ ਪਾਣੀ ਬੈਸੰਤਰ ਕੇਤੇ ਕਾਨ੍ਹ ਮਹੇਸ।।
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।।
ਕੇਤੀਆ ਕਰਮ ਭੂਮੀ ਮੇਰ ਕੇਤੇ, ਕੇਤੇ ਧੂ ਉਪਦੇਸ।।
ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ।।
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ।।
ਕੇਤੇ ਦੇਵ ਦਾਨਵ ਮੁਨਿ ਕੇਤੇ, ਕੇਤੇ ਰਤਨ ਸਮੁੰਦ।।
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ।।
ਕੇਤੀਆ ਸੁਰਤੀ ਸੇਵਕ ਕੇਤੇ, ਨਾਨਕ ਅੰਤ ਨਾ ਅੰਤੁ।।[18]

ਪ੍ਰਕਿਰਤੀ ਪ੍ਰਤਿ ਗੁਰੂ ਜੀ ਦੇ ਪ੍ਰੇਮ ਦਾ ਪਤਾ ਉਨ੍ਹਾਂ ਦੇ ਪ੍ਰਕਿਰਤੀ ਵਿਚੋਂ ਲਏ ਗਏ ਬਿੰਬ ਦਸਦੇ ਹਨ। ਮੋਟੇ ਤੌਰ ਤੇ ਪ੍ਰਾਕਿਰਤਕ ਬਿੰਬਾਂ ਨੂੰ ਪੰਜ ਭਾਗਾਂ, ਜਲ, ਅਕਾਸ਼, ਬਨਸਪਤੀ, ਰੁੱਤਾਂ, ਜੀਅਜੰਤ ਆਦਿ ਵਿੱਚ ਵੰਡਿਆ ਜਾ ਸਕਦਾ ਹੈ।[19]

ਜਲ ਨਾਲ ਸਬੰਧਤ ਬਿੰਬ - ਜਲ ਪ੍ਰਕਿਰਤੀ ਨਾਲ ਸਬੰਧਤ ਹੈ। ਜਲ ਤੇ ਮਛਲੀ ਦੇ ਬਿੰਬ ਨੂੰ ਗੁਰੂ ਜੀ ਨੇ ਬੜੀ ਕਮਾਲ ਨਾਲ ਪੇਸ਼ ਕੀਤਾ ਹੈ। ਇਨ੍ਹਾਂ ਬਿੰਬਾਂ ਨੇ ਗੁਰੂ ਹਿਰਦੇ

ਨੂੰ ਵਧੇਰੇ ਪ੍ਰਭਾਵਿਤ ਤੇ ਆਕਰਸ਼ਿਤ ਕੀਤਾ ਹੈ।

ਗੁਰੂ ਜੀ ਨੇ ਇਨ੍ਹਾਂ ਬਿੰਬਾਂ ਨੂੰ ਅਧਿਆਤਮਿਕ ਅਰਥਾਂ ਵਿਚ ਵਰਤਿਆ ਹੈ। ਪਰਮਾਤਮਾ ਨੂੰ ਜਲ ਤੇ ਆਪਣੇ ਆਪ ਨੂੰ ਮਛਲੀ ਕਿਹਾ ਹੈ। ਜਿਵੇਂ ਮਛਲੀਆਂ ਜਲ ਨਾਲ ਅਟੁੱਟ ਸੰਬੰਧ ਰੱਖਦੀਆਂ ਹਨ, ਇਸੇ ਤਰ੍ਹਾਂ ਦਾ ਸੰਬੰਧ ਤੇ ਪਿਆਰ ਮਨੁੱਖ ਦਾ ਪ੍ਰਮਾਤਮਾ ਪ੍ਰਤਿ ਹੋਣਾ ਚਾਹੀਦਾ ਹੈ :

ਰੇ ਮਨ ਐਸੀ ਹਰਿ ਸਿਉ ਪ੍ਰੀਤ ਕਰਿ, ਜੈਸੀ ਮਛੁਲੀ ਨੀਰ।।
ਜਿਉ ਅਧਿਕਉ ਤਿਉ ਸੁਖੁ ਘਣੋ, ਮਨਿ ਤਨਿ ਸਾਂਤਿ ਸਰੀਰ।।
ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ।।[20]

ਜਲ-ਮਛਲੀ ਦਾ ਬਿੰਬ ਗੁਰੂ ਜੀ ਨੂੰ ਅਤਿ ਪਿਆਰਾ ਹੈ। ਮਾਇਆ ਦੇ ਜਾਲ ਵਿਚ ਫਸੇ ਮਨੁੱਖ ਨੂੰ ਸੁਚੇਤ ਕਰਨ ਲਈ ਅਨੇਕਾਂ ਬਿੰਬ ਵਰਤ ਕੇ ਪ੍ਰਕਿਰਤੀ ਚਿਤ੍ਰਣ ਕੀਤਾ ਹੈ। ਗਫਲਤ ਵਿਚ ਫਸਿਆ ਮਨੁੱਖ ਮੌਤ ਆ ਜਾਣ ਤੇ ਪਛਤਾਂਦਾ ਤੇ ਭੈ ਨਾਲ ਡਰ ਕੇ ਰੋਂਦਾ ਕੁਰਲਾਂਦਾ ਹੈ, ਇਨ੍ਹਾਂ ਪ੍ਰਾਕਿਰਤਕ ਬਿੰਬਾਂ ਰਾਹੀਂ ਅਮੂਰਤ ਭਾਵ ਨੂੰ ਮੂਰਤੀਮਾਨ ਕੀਤਾ ਗਿਆ ਹੈ :

ਮਛੁਲੀ ਵਿਛੁੰਨੀ ਨੈਣ ਰੁੰਨੀ, ਜਾਲੁ ਬਧਿਕਿ ਮਾਇਆ।[21]

ਮਨੁੱਖੀ ਜੀਵਨ ਦੀ ਨਾਸ਼ਵਾਨਤਾ ਤੇ ਮੌਤ ਦੀ ਅਟੱਲਤਾ ਦਰਸਾਉਣ ਲਈ ਗੁਰੂ ਜੀ ਨੇ ਸਚਾਈ ਤੋਂ ਵਿਰਵੇ ਤੇ ਮੌਤ ਦੇ ਤੱਥਾਂ ਤੋਂ ਅਭਿਜ ਸੰਸਾਰਕ ਬੰਧਨਾਂ ਵਿਚ ਫਸ, ਰੱਬ ਨੂੰ ਭੁਲਾ ਬੈਠੇ ਮਨੁੱਖ ਨੂੰ ਜਮ ਰੂਪ ਕੀਤਾ ਹੈ। ਮਨੁੱਖ ਮਛਲੀ ਵਾਂਗ ਸੰਸਾਰ-ਰੂਪੀ ਸਰੁ ਸਾਗਰ ਨੂੰ ਹੀ ਸਭ ਕੁਝ ਸਮਝ ਬੈਠਦਾ ਹੈ ਤੇ ਅੰਤ ਪਛਤਾਉਂਦਾ ਹੈ :

ਮਛੁਲੀ ਜਾਲ ਨ ਜਾਣਿਆ, ਸਰੁ ਖਾਰਾ ਅਸਗਾਹੁ।।
ਅਤਿ ਸਿਆਣੀ ਸੋਹਣੀ ਕਿਉਂ ਕੀਤੋ ਵਿਸਾਹੁ।।
ਕੀਤੇ ਕਾਰਣਿ ਪਾਕੜੀ ਕਾਲੁ ਨਾ ਟਲੈ ਸਿਰਾਹੁ।।[22]

ਜਲ ਅਤੇ ਮਛਲੀ ਦਾ ਬਿੰਬ ਗੁਰੂ ਜੀ ਲਈ ਪ੍ਰਮੁੱਖ ਤੇ ਮਨਭਾਉਂਦਾ ਬਿੰਬ ਪ੍ਰਤੀਤ ਹੁੰਦਾ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਦੀ ਇਸ ਬਿੰਬ ਪ੍ਰਤਿ ਵਿਸ਼ੇਸ਼ ਰੁਚੀ ਤੇ ਝੁਕਾਅ ਹੈ। ਉਨ੍ਹਾਂ ਲਈ ਅਧਿਆਤਮਿਕ ਸੋਚ ਉਜਾਗਰ ਕਰਨ ਲਈ ਵਿਸ਼ੇਸ਼ ਮਹੱਤਵ ਰੱਖਣ ਵਾਲਾ ਬਿੰਬ ਹੈ :

ਮਛੁਲੀ ਹੋਵਾਂ ਜਲੁ ਕਰਾਂ ਜੀਅ ਜੰਤ ਸਭਿ ਸਾਰੁ।।[23]

ਜਲ ਤੇ ਦੁੱਧ ਦੇ ਬਿੰਬ ਰਾਹੀਂ, ਗੁਰੂ ਨਾਨਕ ਦੇਵ ਜੀ ਨੇ ਵਿਵਹਾਰਕ, ਤੇ ਅਧਿਆਤਮਿਕ ਪ੍ਰੀਤੀ ਦਾ ਅਹਿਸਾਸ ਕਰਵਾਇਆ ਹੈ :

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਜਲ ਦੁਧ ਹੋਇ।।
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ।।
ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ।।[24]

ਇਹ ਸੰਸਾਰ ਮਿਥਿਆ, ਨਾਸ਼ਵੰਤ, ਤ੍ਰਿਸ਼ਨਾਂ ਦੀ ਅੱਗ ਤੇ ਨਾ ਤਰਿਆ ਜਾਣ ਵਾਲਾ ਸਮੁੰਦਰ ਹੈ। ਇਸ ਤੋਂ ਪਾਰ ਉਤਰਨ ਦੇ ਸਾਧਕ ਪੁਛਣ ਵਾਲੇ ਸਿਧਾਂ ਦਾ ਉਤਰ ਦਿੰਦੇ ਗੁਰੂ ਜੀ, ਜਲ ਦੇ ਬਿੰਬ ਰਾਹੀਂ ਆਪਣੇ ਵਿਚਾਰਾਂ ਨੂੰ ਸਾਕਾਰ ਰੂਪ ਪ੍ਰਦਾਨ ਕਰਦੇ ਹਨ:

ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੇ।।
ਸੁਰਤਿ ਸਬਦਿ ਭਵ - ਸਾਗਰ ਤਰੀਐ ਨਾਨਕ ਨਾਮ ਵਖਾਣੇ।।[25]

ਜਲ-ਕਮਲ ਤੇ ਮੁਰਗਾਬੀ ਦੀ ਨਿਰਮਲਤਾ ਤੇ ਨਿਰਲੇਪਤਾ ਦਾ ਬਿੰਬ ਪ੍ਰਸਤੁਤ ਕਰਕੇ ਮੋਹ ਮਾਇਆ ਤੋਂ ਪ੍ਰਭਾਵ-ਮੁਕਤ ਜੀਵਨ ਜੀਉਣ ਦਾ ਉਪਦੇਸ਼ ਦਿੰਦੇ ਹਨ। ਗੁਰੂ ਜੀ ਨੇ ਸੰਸਾਰ ਨੂੰ ਜਲ-ਨਿਧੀ (ਸਮੁੰਦਰ) ਦੇ ਬਿੰਬ ਰਾਹੀਂ ਉਘਾੜਿਆ ਹੈ। ਗੁਰੂ ਜੀ ਪ੍ਰਭੂ ਦੀ ਮਿਹਰ, ਕ੍ਰਿਪਾ ਤੇ ਨਦਰ ਦੀ ਜਾਚਨਾ ਲਈ ਪਪੀਹੇ ਦੀ ਸੁਆਂਤ-ਬੂੰਦ ਪ੍ਰਤਿ ਤੜਪ ਦਾ ਬਿੰਬ ਪੇਸ਼ ਕਰਦੇ ਹਨ:

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਬਾਸਾ।।[26]

ਗੁਰੂ ਜੀ ਨੇ ਮੂਰਤ ਭਾਵ ਨੂੰ ਅਮੂਰਤ-ਮਈ ਬਣਾਇਆ ਹੈ। ਅਰੂਪ ਨੂੰ ਰੂਪਮਾਨ ਕਰਕੇ ਭਾਵ ਸੰਚਾਰਮਈ ਤੇ ਦ੍ਰਿਸ਼ਟੀਗੋਚਰ ਬਣਾ ਦਿੱਤਾ ਹੈ। ਮਨੁੱਖੀ-ਜੀਵ, ਪਰਮਾਤਮਾ ਤੋਂ ਇਸ ਨਿਖੜਕੇ ਆਇਆ ਹੈ, ਜਿਵੇਂ ਬੂੰਦ ਸਮੁੰਦ-ਸਾਗਰ ਤੋਂ ਵਿਛੜਦੀ ਹੈ ਅਤੇ ਫਿਰ ਇਸ ਦਾ ਆਪਣੇ ਅਸਲੇ ਨਾਲ ਮਿਲਾਪ ਸੰਜੋਗ ਕਾਰਨ ਹੀ ਹੁੰਦਾ ਹੈ :

ਨਦੀਆ ਵਾਹੁ ਵਿਛੁੰਨਿਆ ਮੇਲਾ ਸੰਜੋਗੀ ਰਾਮ।।[27]

ਗੁਰੂ ਕਵੀ ਨੇ ਜਲ ਸਬੰਧੀ ਬਿੰਬਾਂ ਦਾ ਪ੍ਰਯੋਗ ਕਰਕੇ ਜੀਵਨ ਦੀ ਸਾਤਵਿਕ ਸਚਾਈ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਗੁਰੂ ਜੀ ਅੰਤਹਕਰਨ ਦੀ ਸ਼ੁੱਧਤਾ ਦੀ ਵਿਧੀ ਦਰਸਾਉਂਦੇ ਜੱਲ ਦੇ

ਬਿੰਬ ਦੀ ਕਿੰਨੀ ਸਾਰਥਿਕ, ਢੁਕਵੀਂ ਤੇ ਢਬਵੀਂ ਵਰਤੋਂ ਕਰਦੇ ਹਨ। ਪ੍ਰਕਿਰਤੀ ਨੂੰ ਮਾਧਿਅਮ ਬਣਾਕੇ ਜੀਵਨ-ਜੁਗਤ ਦੇ ਗੁਰਮੰਤ੍ਰ ਨੁਸਖੇ ਦ੍ਰਿੜ ਕਰਵਾਉਂਦੇ ਹਨ। ਜਪੁਜੀ ਦੇ ਅੰਤਰਗਤ ਕਿੰਨੇ ਭਾਵਪੂਰਤ ਸ਼ਬਦਾਂ ਰਾਹੀਂ ਆਤਮਿਕ ਸ਼ੁੱਧਤਾ ਦੀ ਵਿਧੀ ਦਸਦੇ ਹਨ :

ਭਰੀਐ ਹਥੁ ਪੈਰੁ ਤਨੁ ਦੇਹ। ਪਾਣੀ ਧੋਤੈ ਉਤਰਸੁ ਖੇਹ।।
ਮੂਤ ਪਲੀਤੀ ਕਪੜੁ ਹੋਇ। ਦੇ ਸਾਬੂਣੁ ਲਈਐ ਓਹੁ ਧੋਇ।।
ਭਰੀਐ ਮਤਿ ਪਾਪਾ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ।।[28]

ਗੁਰੂ ਦੇ ਮਹੱਤਵ ਨੂੰ ਦਰਸਾਉਣ ਲਈ ਵੀ ਗੁਰੂ ਜੀ ਨੇ ਪ੍ਰਾਕਿਰਤਕ ਬਿੰਬ ਜੱਲ ਦਾ ਪ੍ਰਯੋਗ ਕੀਤਾ ਹੈ। ਮਿੱਟੀ ਦਾ ਘੜਾ ਪਾਣੀ ਨੂੰ ਆਪਣੇ ਅੰਦਰ ਸਾਂਭੀ ਰੱਖਦਾ ਅਤੇ ਪਾਣੀ ਤੋਂ ਬਿਨਾਂ ਘੜਾ ਹੋਂਦ ਵਿਚ ਆ ਹੀ ਨਹੀਂ ਸਕਦਾ। ਇਸੇ ਤਰ੍ਹਾਂ ਗਿਆਨ ਦੇ ਬੰਧਨ ਵਿਚ ਮਨ ਰਹਿੰਦਾ ਹੈ ਪਰ ਗੁਰੂ ਤੋਂ ਬਿਨਾਂ, ਗਿਆਨ ਉਪਜ ਹੀ ਨਹੀਂ ਸਕਦਾ:

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ।।
ਗਿਆਨ ਕਾ ਬਧਾ ਮਨੁ ਰਹੈ, ਗੁਰ ਬਿਨੁ ਗਿਆਨੁ ਨ ਹੋਇ।।[29]

ਗੁਰੂ ਜੀ ਨੇ ਕਿੰਨੇ ਸੁੰਦਰ ਅਧਿਆਤਮਿਕ ਅਰਥਾਂ ਵਿਚ ਜਲ ਦੇ ਬਿੰਬ ਨੂੰ ਵਰਤਿਆ ਹੈ :

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾਤੇ ਤੇਰੈ ਨਾਇ ਵਾਸਾ।[30]

<u>ਆਕਾਸ਼ ਨਾਲ ਸਬੰਧਿਤ ਬਿੰਬ</u>

ਗੁਰੂ ਨਾਨਕ ਬਾਣੀ ਵਿਚ ਬਿੰਬਾਂ ਰਾਹੀਂ ਹੋਏ ਪ੍ਰਕਿਰਤੀ ਚਿਤ੍ਰਣ ਵਿਚ ਅਕਾਸ਼ ਦਾ ਬਿੰਬ ਵੀ ਸ੍ਰੇਸ਼ਟ ਤੇ ਮਹੱਤਵ-ਪੂਰਣ ਬਿੰਬ ਹੈ। ਅਕਾਸ਼ ਪ੍ਰਕਿਰਤੀ ਦਾ ਅਨਿਖੜਵਾਂ ਅੰਗ ਹੈ। ਅਕਾਸ਼ ਨਾਲ ਸਬੰਧਤ ਹੋਰ [illegible] ਉਪਕਰਣ ਚੰਦ, ਸੂਰਜ, ਤਾਰੇ, ਗ੍ਰਹਿ-ਮੰਡਲ, ਬਿਜਲੀ, ਬੱਦਲ - ਵਰਖਾ ਤੇ ਪੌਣ ਆਦਿ ਦਾ ਜ਼ਿਕਰ ਅਧਿਕ ਰੂਪ ਵਿਚ ਹੋਇਆ ਹੈ। ਇਹ ਗੁਰੂ ਜੀ ਦੇ ਮਨ ਭਾਉਂਦੇ ਪ੍ਰਾਕਿਰਤਕ ਬਿੰਬ ਹਨ। ਗੁਰੂ ਜੀ ਨੂੰ ਸੂਰਜ ਅਤੀ ਸੁੰਦਰ, ਪਿਆਰਾ ਤੇ ਮਨ-ਮੋਹਣਾ ਲਗਦਾ ਹੈ। ਚਕਵੀ ਤੇ ਸੂਰਜ ਦੀ ਪ੍ਰੀਤ ਦਾ ਉਲੇਖ ਕਰਕੇ ਗੁਰੂ ਜੀ ਨੇ ਪ੍ਰਭੂ ਪ੍ਰਤੀ ਪਿਆਰ ਦਾ ਰੱਜਵਾਂ ਪ੍ਰਗਟਾਵਾ ਕੀਤਾ ਹੈ:

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ।।[31]

ਸਾਡੇ ਜੀਵਨ ਦੇ ਦੋ ਮਹੱਤਵਪੂਰਨ ਪਹਿਲੂ ਹਨ। ਇਸ ਦੀ ਨਿਰੰਤਰ ਗਤੀਸ਼ੀਲਤਾ ਨੂੰ ਕਾਇਮ ਰੱਖਣ ਵਿਚ ਮਿਲਨ ਤੇ ਵਿਛੋੜੇ ਦੀ ਵਾਸਤਵਿਕਤਾ ਹੈ। ਪਤੀ ਦੇ ਵਿਯੋਗ ਵਿਚ ਤੜਪ ਰਹੀ ਬਿਰਹੋਂ-ਕੁਠੀ ਇਸਤ੍ਰੀ ਦੀ ਬਿਹਬਲਤਾ ਨੂੰ ਗੁਰੂ ਜੀ ਨੇ ਅਧਿਆਤਮਕ ਅਰਥਾਂ ਵਿਚ, ਪ੍ਰਾਕਿਰਤਕ ਬਿੰਬ ਰਾਹੀ ਰੂਪਮਾਨ ਕਰਨ ਦਾ ਸਫਲ ਜਤਨ ਕੀਤਾ ਹੈ:

ਪਿਰ ਘਰਿ ਨਾਹੀ ਆਵੈ ਮਰੀਐ ਹਾਵੈ
ਦਾਮਨਿ ਚਮਕਿ ਡਰਾਏ।।[32]

ਉਪਰੋਕਤ ਤੁਕ ਵਿਚ ਗੁਰੂ ਜੀ ਨੇ ਬੱਦਲਾਂ'ਚ ਘਿਰੀ ਰਾਤ ਦਾ ਦ੍ਰਿਸ਼ ਪੇਸ਼ ਕੀਤਾ ਹੈ ਕਿ ਜਿਵੇਂ ਬਿਜਲੀ ਦੀ ਚਮਕ ਡਰ ਤੇ ਸਹਿਮ ਪੈਦਾ ਕਰਦੀ ਹੈ, ਇਸੇ ਤਰ੍ਹਾਂ ਇਸਤ੍ਰੀ-ਮਨ ਆਪਣੇ ਪ੍ਰੀਤਮ ਦੀ ਜੁਦਾਈ ਵਿਚ ਡੋਲਦਾ ਤੇ ਸਹਿਮਦਾ ਹੈ। ਇਹ ਭੈ-ਭਰੀ ਰਾਤ ਇਸਤ੍ਰੀ ਨੂੰ ਇਕੱਲਤਾ ਦਾ ਅਹਿਸਾਸ ਕਰਵਾਉਂਦੀ ਪਤੀ ਦੇ ਮਿਲਨ ਦਾ ਮਹੱਤਵ ਵੀ ਪ੍ਰਗਟਾਉਂਦੀ ਹੈ। ਗੁਰੂ ਜੀ ਇਸਤ੍ਰੀ ਰੂਪ ਵਿਚ ਪ੍ਰਾਕਿਰਤਕ ਦ੍ਰਿਸ਼ ਪੇਸ਼ ਕਰਕੇ ਆਪਣੇ ਮਨ ਦੀ ਦਸ਼ਾ, ਪ੍ਰਭੂ ਪਿਆਰ ਅਤੇ ਪ੍ਰੀਤਮ ਪ੍ਰਭੂ ਦੀ ਜਗਿਆਸਾ ਦਾ ਅਹਿਸਾਸ ਕਰਵਾਉਂਦੇ ਹਨ।

ਇਸੇ ਤਰ੍ਹਾਂ ਅੰਧਕਾਰ, ਅਗਿਆਨਤਾ ਅਤੇ ਜ਼ੁਲਮ ਦੇ ਭਾਵ ਅਭਿਵਿਅਕਤ ਕਰਨ ਲਈ ਪ੍ਰਕਿਰਤੀ ਦਾ ਸਹਾਰਾ ਲੈਂਦੇ ਹਨ:

ਕਲਿ ਕਾਤੀ ਰਾਜੇ ਕਸਾਈ, ਧਰਮ ਪੰਖ ਕਰਿ ਉਡਰਿਆ।
ਕੂੜ ਅਮਾਵਸੁ ਸਚੁ ਚੰਦਰਮਾ ਦੀਸੈ ਨਾਹੀ ਕਹ ਚੜਿਆ।[33]

## ਬਨਸਪਤੀ ਨਾਲ ਸਬੰਧਿਤ ਬਿੰਬ

ਗੁਰੂ ਨਾਨਕ ਨੇ ਬਨਸਪਤੀ ਦੀ ਕਾਫੀ ਬਿੰਬ ਵਰਤੋਂ ਕੀਤੀ ਹੈ [redacted] ਅਤੇ ਇਸ ਨਾਲ ਚੋਖਾ ਪ੍ਰਕਿਰਤੀ ਚਿਤ੍ਰਣ ਹੋਇਆ ਹੈ। ਇਹ ਉਨ੍ਹਾਂ ਦੇ ਸੂਖਮ ਪ੍ਰਕਿਰਤੀ ਨਿਰੀਖਣ ਲਖਾਇਕ ਹਨ। ਆਪ ਨੇ ਫੁੱਲਾਂ, ਪੱਤਿਆਂ, ਬੂਟਿਆਂ, ਬ੍ਰਿਛਾਂ, ਵੇਲਾਂ ਆਦਿ ਦੇ ਭਿੰਨ ਭਿੰਨ ਰੂਪਾਂ, ਅਵਸਥਾਵਾਂ ਤੇ ਕਾਰਜਾਂ ਦੇ ਸੁੰਦਰ ਚਿਤਰ ਉਲੀਕੇ ਹਨ। ਗੁਰੂ ਜੀ ਰੱਬੀ ਪ੍ਰਾਪਤੀ ਅਤੇ ਗੁਰੂ ਦੀ ਬਖਸ਼ਿਸ਼ ਜਿਹੀਆਂ ਸਰਬੋਤਮ ਦਾਤਾਂ ਲਈ ਹਰਨੀ ਬਣਕੇ ਜੰਗਲਾਂ ਵਿਚ ਜਾ ਕੇ ਕੰਦ ਮੂਲ ਖਾਣ ਲਈ ਵੀ ਤਤਪਰ ਹਨ, ਜੇ ਇੰਝ ਕੀਤਿਆਂ, ਇਹ ਅਮੋਲਕ ਦਾਤਾਂ ਪ੍ਰਾਪਤ ਹੋ ਜਾਣ, ਭਾਵ ਗੁਰੂ ਜੀ ਸਾਰੇ ਸੰਸਾਰਕ ਸੁੱਖਾਂ ਅਤੇ ਉਨ੍ਹਾਂ ਦੇ ਸੋਮਿਆਂ ਨੂੰ ਤਿਆਗਣ ਲਈ ਤਿਆਰ ਹਨ। ਕਿਉਂ ਜੋ

ਉਨ੍ਹਾਂ ਦਾ ਜੀਵਨ ਪ੍ਰਯੋਜਨ ਪ੍ਰਭੂ ਨਾਲ ਮਿਲਾਪ ਕਰਨਾ ਹੀ ਤਾਂ ਹੈ :

ਹਰਣੀ ਹੋਵਾਂ, ਬਨਿ ਬਸਾ ਕੰਦਿ ਮੂਲ ਚੁਣਿ ਖਾਉ।।
ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ।।[34]

ਗੁਰੂ ਜੀ ਜੀਵਨ ਦੀ ਯਥਾਰਥਕ ਨੂੰ ਪ੍ਰਗਟਾਉਂਦੇ ਹੋਏ ਸੰਸਾਰਕ ਵਿਸ਼ਿਆਂ ਵਿਚ ਲੀਨ ਮਨੁੱਖ ਨੂੰ ਦਸਦੇ ਹਨ ਕਿ ਪਰਮਾਤਮਾ ਦੀ ਯਾਦ ਵਿਚ ਹੀ ਸੱਚਾ ਫਲ ਹੈ, ਜਿਹੜੇ ਲੋਕ ਪਦਾਰਥਕ ਰਸਾਂ ਵਿਚ ਲੀਨ ਹੋ ਕੇ ਜਨਮ ਅਜਾਈਂ ਗਵਾ ਦਿੰਦੇ ਹਨ ਉਸ ਨੂੰ ਅੰਤ ਪਛਤਾਉਣਾ ਪੈਂਦਾ ਹੈ। ਸੰਸਾਰਕ ਪਦਾਰਥ ਧਨ, ਜੋਬਨ ਤਾਂ ਕੇਵਲ ਚਾਰ ਦਿਨ ਦੇ ਚਮਤਕਾਰ ਹੀ ਹਨ। ਜਿਹੜੇ ਮਨੁੱਖ ਇਸ ਭੇਦ ਨੂੰ ਸਮਝਦੇ ਹੋਏ ਪ੍ਰਮਾਤਮਾ ਨੂੰ ਯਾਦ ਰੱਖਦੇ ਹਨ, ਉਹ ਜੀਵਨ ਮੁਕਤ ਹੋ ਜਾਂਦੇ ਹਨ ਪਰ ਜਿਹੜੇ ਇਨ੍ਹਾਂ ਵਸਤਾਂ ਨੂੰ ਅਮਰ ਤੇ ਸਦੀਵੀ ਜਾਣ ਲੈਂਦੇ ਹਨ, ਉਨ੍ਹਾਂ ਪ੍ਰਤਿ ਗੁਰੂ ਜੀ ਇੰਜ ਫੁਰਮਾਉਂਦੇ ਹਨ :

ਧਨੁ ਜੋਬਨੁ ਅਰ ਫੁਲੜਾ ਨਾਠੀਅੜੇ ਦਿਨ ਚਾਰਿ।।
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣ ਹਾਰਿ।।[35]

ਪ੍ਰਕਿਰਤੀ ਵਿਚੋਂ ਲਏ ਗਏ ਇਸ ਬਿੰਬ ਰਾਹੀਂ ਭਾਵਾਂ ਤੇ ਵਿਚਾਰਾਂ ਦਾ ਜੋ ਸਫ਼ਲ ਪ੍ਰਗਟਾਅ ਹੋ ਸਕਿਆ ਹੈ, ਉਹ ਕਿਸੇ ਹੋਰ ਵਿਧੀ ਨਾਲ ਸੰਭਵ ਨਹੀਂ। ਪਾਣੀ ਤੇ ਕੰਵਲ ਦੀ ਪ੍ਰੀਤ ਦੇ ਬਿੰਬ ਰਾਹੀਂ ਨਿਰਲੇਪਤਾ ਦਾ ਅਹਿਸਾਸ ਵੀ ਕਰਵਾਇਆ ਹੈ । ਗੁਰੂ ਜੀ ਜਲ ਅਤੇ ਕਮਲ ਦੀ ਅਟੁੱਟ ਪ੍ਰੀਤ ਦਾ ਪ੍ਰਗਟਾਵਾ ਵੀ ਇਨ੍ਹਾਂ ਸੁੰਦਰ ਬਿੰਬਾਂ ਰਾਹੀਂ ਕਰਦੇ ਹਨ। ਮਾਨੋ ਪ੍ਰਕਿਰਤੀ ਮਨੁੱਖੀ ਮਨ ਦੀਆਂ ਅੰਤਰੀਵ ਸਾਂਝਾਂ ਨੂੰ ਸਾਕਾਰਤਾ ਪ੍ਰਦਾਨ ਕਰਨ ਦੀ ਸਮਰਥਾ ਰੱਖਦੀ ਹੈ:

ਰੇ ਮਨ ਐਸੀ ਹਰਿ ਸਿਉ ਪ੍ਰੀਤ ਕਰਿ ਜੈਸੀ ਜਲ ਕਮਲੇਹਿ।।[36]

ਗੁਣੀਆਂ ਦੀ ਵਡਿਆਈ ਕਿਸੇ ਕੰਮ ਨਹੀਂ, ਨਿਮਰਤਾ ਹੀ ਮਨੁੱਖੀ ਮਨ ਦੀ ਪਵਿੱਤਰਤਾ ਵਿਚ ਸਹਾਇਕ ਹੁੰਦੀ ਹੈ। ਦ੍ਰਿਸ਼ਟਮਾਨ ਨੂੰ ਸਿੰਮਲ ਰੁੱਖ ਨਾਲ ਤੁਲਨਾ ਦੇ ਕੇ ਮਨੁੱਖ ਨੂੰ ਗਿਆਨ ਦਿੰਦੇ ਹਨ। ਪ੍ਰਕਿਰਤੀ ਗੁਰੂ ਜੀ ਲਈ ਗਿਆਨ ਤੇ ਸਦਾਚਾਰੀ ਗੁਣਾਂ ਦਾ ਭੰਡਾਰ ਵੀ ਹੈ :

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ।।
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ।।[37]
ਫਲ ਫਿਕੇ ਫੁਲ ਬਕਬਕੇ, ਕੰਮ ਨਾ ਆਵਹਿ ਪਤਿ।।

ਗੁਰੂ ਨਾਨਕ ਦੇਵ ਜੀ ਕੁਦਰਤ ਦੀ ਗੋਦ ਵਿਚ ਜੰਮੇ-ਪਲੇ, ਉਨ੍ਹਾਂ ਦਾ ਵਿਅਕਤਿਤਵ ਰੁੱਤਾਂ ਤੋਂ ਵੀ ਬੜਾ ਪ੍ਰਭਾਵਤ ਸੀ। ਵਰਖਾ ਤੇ ਬਸੰਤ ਰੁੱਤ ਨੇ ਤਾਂ ਗੁਰੂ - ਮਨ ਨੂੰ ਮੋਹਿਤ ਤੇ ਆਕਰਸ਼ਿਤ ਕੀਤਾ ਹੈ।[38]

ਬਾਰਾਂਮਾਹ ਤੁਖਾਰੀ ਵਿਚ ਰੁੱਤਾਂ ਦੀ ਤਬਦੀਲੀ ਨਾਲ ਪ੍ਰਕਿਰਤੀ ਵਿਚ ਜੋ ਪਰਿਵਰਤਨ ਆਇਆ, ਉਸ ਦਾ ਬੜਾ ਕਲਾਤਮਿਕ ਚਿਤ੍ਰ ਪ੍ਰਸਤੁਤ ਕੀਤਾ ਹੈ। ਬਸੰਤ ਦੀ ਰੁੱਤ ਵਿਚ ਚੌਤਰਫੀਂ ਖਿੜੇ ਫੁੱਲ-ਬੂਟੇ, ਗੁਰੂ ਮਨ ਨੂੰ ਅਨੰਦ ਤੇ ਵਿਸਮਾਦ ਪ੍ਰਦਾਨ ਕਰਦੇ ਹਨ। ਇਸ ਅਨੰਦ-ਮਈ ਵਾਤਾਵਰਣ ਵਿਚ ਉਸ ਵੇਲੇ ਚਾਰ ਚੰਦ ਲਗ ਜਾਂਦੇ ਹਨ ਜਦੋਂ ਉਨ੍ਹਾਂ ਦਾ ਪ੍ਰੀਤਮ ਪਿਆਰਾ, ਬਸੰਤ ਦੀ ਸੁਹਾਵਣੀ ਰੁੱਤ ਨੂੰ ਮਾਨਣ ਲਈ ਆ ਪਹੁੰਚਦਾ ਹੈ।[39]

ਚੇਤ ਬਸੰਤ ਭਲਾ ਭਵਰੁ ਸੁਹਾਵੜੇ
ਬਨ ਫੂਲੇ ਮੰਝ ਬਾਰਿ ਮੈ ਪਿਰ ਘਰਿ ਬਾਹੁੜੈ।।[40]

ਰੁੱਤਾਂ ਨਾਲ ਸਬੰਧਿਤ ਬਿੰਬ

ਬਰਸਾਤ ਦਾ ਮੌਸਮ ਇਸ ਕਰਕੇ ਸਾਡੇ ਜੀਵਨ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ, ਕਿਉਂਕਿ ਸਖਤ ਗਰਮੀ ਉਪਰੰਤ ਇਹ ਰੁੱਤ ਆਉਂਦੀ ਹੈ। ਜੀਵ-ਜੰਤੂ, ਪਸ਼ੂ-ਪੰਛੀ ਅਤੇ ਬਨਸਪਤੀ ਸਭਿ ਪਾਣੀ ਦੀ ਅਤਿਅੰਤ ਆਵੱਸ਼ਕਤਾ ਮਹਿਸੂਸਦੇ ਹਨ, ਇਸ ਦੀ ਆਮਦ ਦੀ ਉਡੀਕ ਕਰਦੇ ਹਨ। ਜਿਉਂ ਹੀ ਸਾਵਣ ਦਾ ਮਹੀਨਾ ਆਉਂਦਾ ਹੈ, ਮਾਨੋ ਨੌਰ-ਦਿਨ ਹਰਿਆਵਲ ਨਾਲ ਭਰ ਜਾਂਦੇ ਹਨ। ਸਭ ਜੀਵ ਜੰਤ, ਪਸ਼ੂ-ਪੰਛੀ, ਬਨਸਪਤੀ ਨੂੰ ਨਵ-ਜੀਵਨ ਮਿਲਦਾ ਹੈ ਤੇ ਚੌਗਿਰਦਾ ਹਰਿਆਵਲ ਨਾਲ ਭਰ ਜਾਂਦਾ ਹੈ। ਦਰਖੱਤ ਮੂੰਹ-ਧੋਤੇ ਜਾਪਣ ਲਗ ਪੈਂਦੇ ਹਨ, ਦਰਿਆ, ਨਦੀਆਂ, ਨਾਲੇ ਸਭ [illegible] ਪਾਣੀ ਨਾਲ ਭਰ ਜਾਂਦੇ ਹਨ। ਪ੍ਰਕਿਰਤੀ ਦੇ ਅਲੌਕਿਕ, ਆਨੰਦਮਈ ਚਿਤ੍ਰਣ ਦੀ ਅਨੁਪਮ ਤਸਵੀਰ ਗੁਰੂ ਨਾਨਕ ਜੀ ਨੇ ਬੜੇ ਸੁਚੱਜੇ, ਸਾਰਥਿਕ ਬਿੰਬਾਂ ਰਾਹੀਂ ਪ੍ਰਸਤੁਤ ਕੀਤੀ ਹੈ:

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।।
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸ ਸਿਧਾਏ।।
ਪਿਰ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ।।

... ...

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ।।
ਨਾਗਾਂ, ~~ਮਿਰਗਾਂ~~ ਮੱਛੀਆਂ ਰਸੀਆਂ ਘਰਿ ਧਨੁ ਹੋਇ।।
ਮਿਰਗਾਂ

... ...

ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥
ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥

ਜਿੱਥੇ ਸਾਵਣ ਦੇ ਮਹੀਨੇ ਜੀਵ-ਜੰਤੂਆਂ ਨੂੰ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ, ਉਥੇ ਕੁਝ ਕੁ ਨੂੰ ਔਖਿਆਈ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।

## ਜੀਵ-ਪੰਛੀਆਂ ਨਾਲ ਸਬੰਧਿਤ ਬਿੰਬ

ਗੁਰੂ ਜੀ ਪ੍ਰਕਿਰਤੀ ਵਿਚੋਂ ਹਿਰਨ ਤੇ ਬਾਜਾਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕਰਦੇ ਹਨ। ਇਨ੍ਹਾਂ ਪ੍ਰਾਕਿਰਤਕ ਪ੍ਰਤੀਕਾਂ ਤੇ ਬਿੰਬਾਂ ਰਾਹੀਂ ਮਨੁੱਖੀ ਮਨਾਂ ਦੇ ਸੁਭਾਵਾਂ ਨੂੰ ਚਿਤ੍ਰਦੇ ਹਨ :

ਹਰਣਾ ਬਾਜਾਂ ਤੈ ਸਿਕਦਾਰਾਂ ਏਨਾ ਪੜਿਆ ਨਾਉ॥
ਫਾਸੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥[41]

ਗੁਰੂ ਜੀ ਨੇ ਪ੍ਰਕਿਰਤੀ ਚੋਂ ਅੱਕ ਦੇ ਟਿੱਡੇ ਦੇ ਬਿੰਬਾਂ ਰਾਹੀਂ ਸਿੱਖਿਆ ਦਿੱਤੀ ਹੈ। ਇੰਜ ਪ੍ਰਤੀਤ ਹੁੰਦਾ ਹੈ, ਜਿਵੇਂ ਉਹ ਪ੍ਰਕਿਰਤੀ ਦਾ ਅਧਿਆਤਮੀਕਰਨ ਕਰ ਰਹੇ ਹਨ:

ਅਧੁ ਗੁਲਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ॥[42]

... ... ...

ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ॥

ਗੁਰੂ ਜੀ ਨੇ ਹਿਰਨ ਦੇ ਪ੍ਰਾਕਿਰਤਕ ਬਿੰਬ ਰਾਹੀਂ ਵਿਕਾਰਾਂ ਵਿਚ ਫਸੇ ਮਨੁੱਖ ਨੂੰ ਸੁਚੇਤ ਕੀਤਾ ਹੈ ਕਿ ਤੂੰ ਨਾਮ ਰੂਪੀ ਅਮੋਲਕ ਫਲ ਨੂੰ ਭੁਲਾ, ਵਿਸ਼ਿਆਂ ਤੇ ਵਿਕਾਰਾਂ ਰੂਪੀ ਫੁੱਲਵਾੜੀ ਵਿਚ ਰਤਿਆ ਹੋਇਆ ਹੈ। ਹਿਰਨ ਦੇ ਇਸ ਬਿੰਬ ਰਾਹੀਂ ਆਪ ਨੇ ਅਧਿਆਤਮਕ ਭਾਵ ਅਭਿਵਿਅੰਕਤ ਕੀਤੇ ਹਨ। ਹਰਣੀ, ਕੋਇਲ, ਮਛਲੀ ਤੇ ਨਾਗਨ ਆਦਿਕ ਪ੍ਰਾਕਿਰਤਕ ਬਿੰਬਾਂ ਰਾਹੀਂ ਗੁਰੂ ਜੀ ਨੇ ਪ੍ਰਕਿਰਤੀ ਦਾ ਜੋ ਚਿਤ੍ਰਣ ਕੀਤਾ ਹੈ, ਉਹ ਕਲਾਤਮਿਕ ਸਿਖਰਾਂ ਛੂਹਣ ਵਾਲਾ ਹੈ। ਕੁਝ ਕੁ ਉਦਾਹਰਣ ਪ੍ਰਸਤੁਤ ਹਨ :

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।।
ਬਿਖੁ ਫਲ ਮੀਠਾ ਚਾਰਿ ਦਿਨ ਫਿਰ ਹੋਵੈ ਤਾਤਾ ਰਾਮ।।[43]

... ... ...

ਹਰਣੀ ਹੋਵਾਂ ਬਨਿ ਬਸਾ ਕੰਦ ਮੂਲ ਚੁਣਿ ਖਾਉ।।
ਗੁਰਪ੍ਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ।।[44]

... ... ...

ਕੋਕਿਲ ਹੋਵਾਂ ਅੰਬਿ ਬਸਾ ਸਹਜਿ ਸਬਦ ਬੀਚਾਰ।।
ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪ ਅਪਾਰ।।[45]

... ... ...

ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭੁ ਸਾਰਿ।।
ਨਾਨਕ ਸਦਾ ਸੁਹਾਗਣੀ ਜਿਨ ਜੋਤੀ ਜੋਤਿ ਸਮਾਇ।।[46]

ਗੁਰੂ ਜੀ ਨੇ ਗੁਰਮੁਖਿ ਤੇ ਮਨ ਮੁੱਖ ਦਾ ਅੰਤਰ ਦਰਸਾਉਣ ਲਈ ਹੰਸ ਅਤੇ ਬਗੁਲੇ ਦੇ ਰੂਪਕ ਰਚੇ ਹਨ। ਹੰਸ ਸਰੋਵਰ ਵਿਚੋਂ ਮੋਤੀ ਚੁਗਦਾ ਹੈ ਤੇ ਬਗਲਾ ਛਪੜੀ ਦੇ ਡੱਡੂ ਪਕੜਦਾ ਹੈ। ਭਾਵ ਸੰਤ ਰੂਪੀ ਹੰਸ, ਨਾਮ ਰੂਪੀ ਅੰਮ੍ਰਿਤ ਪੀਂਦੇ ਹਨ । ਗੁਰੂ ਕਵੀ ਨੇ ਕੁਦਰਤ ਦੇ ਮਹੱਤਵ ਪੂਰਨ ਬਿੰਬ ਸਰੋਵਰ ਨੂੰ ਵੀ ਪ੍ਰਕਿਰਤੀ ਚਿਤ੍ਰਣ ਦਾ ਅੰਗ ਬਣਾਇਆ ਹੈ :

ਗੁਰੁ ਸਾਗਰ ਰਤਨੀ ਭਰਪੂਰੇ।।
ਅੰਮ੍ਰਿਤ ਸੰਤ ਚੁਗਹਿ ਨਹੀ ਦੂਰੇ।।
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ।।
ਸਰਵਰ ਮਹਿ ਹੰਸ ਪ੍ਰਾਨਪਤਿ ਪਾਵੈ।।

... ... ...

ਸਰਵਰ ਮਹਿ ਹੰਸੁ ਹੰਸੁ ਮਹਿ ਸਰਵਰੁ।।
ਅਕਥ ਕਥਾ ਗੁਰ ਬਚਨੀ ਆਦਰੁ।।[47]

... ... ...

ਭੋਜਨ ਨਾਮੁ ਨਿਰੰਜਨ ਸਾਰੁ।।
ਪਰਮ ਹੰਸੁ ਸਚੁ ਜੋਤਿ ਅਪਾਰੁ।।
ਜਹ ਦੇਖਉ ਤਹ ਏਕੰਕਾਰ।।[48]

ਸਰੋਵਰ ਵਿਚ ਉਗੇ ਕਮਲ ਦੀਆਂ ਪੱਤੀਆਂ ਤੇ ਪੈ ਰਹੀਆਂ ਸੂਰਜੀ ਕਿਰਨਾਂ ਜਿੰਜ ਖੇੜਾ ਤੇ ਖੁਸ਼ੀ ਦਾ ਕਾਰਨ ਬਣਦੀਆਂ ਹਨ, ਦੇ ਅਲੌਕਿਕ ਦ੍ਰਿਸ਼ ਨੂੰ ਗੁਰੂ ਜੀ ਨੇ ਬੜੇ ਕਲਾਤਮਿਕ ਢੰਗ ਰਾਹੀ ਬ੍ਰਯਾਨ ਕੀਤਾ ਹੈ:

ਸਰਵਰਿ ਕਮਲੁ ਕਿਰਣਿ ਆਕਾਸੀ ਬਿਗਸੈ ਸਹਿਜ ਸੁਭਾਈ।
ਪ੍ਰੀਤਮ ਪ੍ਰੀਤ ਬਨੀ ਅਭਿ ਐਸੀ ਜੋਤੀ ਜੋਤਿ ਮਿਲਾਈ।[49]

ਚਾਤ੍ਰਿਕ ਅਤੇ ਮੀਨ ਦੀ ਮਾਨਸਿਕ ਸਥਿਤੀ ਅਤੇ ਅੰਦਰਲੀ ਤਪਸ਼ ਨੂੰ ਕਿੰਨੇ ਸੁੰਦਰ ਤੇ ਢੁਕਵੇਂ ਪ੍ਰਾਕਿਰਤਕ ਬਿੰਬਾਂ ਰਾਹੀ ਉਜਾਗਰ ਕੀਤਾ ਹੈ:

ਚਾਤ੍ਰਿਕ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ।
ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ।[50]

.. .. ..

ਮੀਨ ਨਿਵਾਸ ਉਪਜੈ ਜਲ ਹੀ ਤੇ ਸੁਖ ਦੁਖ ਪੁਰਬਿ ਕਮਾਈ।
ਖਿਨੁ ਤਿਲੁ ਰਹਿ ਨ ਸਕੈ ਪਲੁ ਜਲ ਬਿਨੁ ਮਰਨੁ ਜੀਵਨੁ ਤਿਸੁ ਤਾਂਈ।[51]

ਭੌਰੇ ਅਤੇ ਫੁੱਲ ਦਾ ਆਪਸੀ ਬੜਾ ਨੇੜੇ ਦਾ ਪਿਆਰ ਹੈ। ਕਵੀਆਂ ਨੂੰ ਭੌਰੇ ਅਤੇ ਫੁੱਲ ਨੇ ਹਮੇਸ਼ਾਂ ਹੀ ਆਕਰਸ਼ਤ ਕੀਤਾ ਹੈ। ਗੁਰੂ ਕਵੀ ਨੂੰ ਪ੍ਰਕਿਰਤੀ ਦੇ ਇਨ੍ਹਾਂ ਮਹੱਤਵਪੂਰਨ ਰੂਪਕਾਂ ਨੇ ਪ੍ਰਭਾਵਤ ਕੀਤਾ ਹੈ। ਭੌਰਾ, ਫੁੱਲ ਦੀ ਸੁਗੰਧੀ ਦਾ ਅਨੰਦ, ਰਸ ਤੇ ਸੁਆਦ ਮਾਣਦਾ ਹੈ। ਪਰ ਉਸ ਨੂੰ ਇਸ ਦੀ ਖੁਣਨ ਵਿਚ ਆਪਣੇ ਪ੍ਰਾਣ ਵੀ ਤਿਆਗਣੇ ਪੈਂਦੇ ਹਨ, ਇਵੇਂ ਹੀ ਸੰਸਾਰਕ ਸੁੱਖਾਂ, ਰਸਾਂ ਤੇ ਸੁਆਦਾਂ ਵਿਚ ਗਲਤਾਨ ਮਨੁੱਖ ਨਾਲ ਵਾਪਰਦੀ ਹੈ :

ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ।।
ਮੈ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ।।
ਸੂਰਜ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਇਆ।

ਗੁਰੂ ਜੀ ਨੇ ਪ੍ਰਕਿਰਤੀ ਦੇ ਉਘੇ ਅੰਗ ਸਮੁੰਦਰ ਨੂੰ ਵੀ ਆਪਣੀ ਬਾਣੀ ਵਿਚ ਅਨੇਕ ਬਾਰੀਂ ਵਰਤਿਆ ਹੈ। ਇਸ ਨੂੰ ਸਾਗਰ, ਸਰੁ ਸਾਗਰ ਸਮੁੰਦ ਤੇ ਸਮੁੰਦਰ ਆਦਿ ਰੂਪਾਂ ਵਿਚ ਵਰਤਿਆ ਹੈ। ਗੁਰੂ ਜੀ ਅਨੁਸਾਰ ਪ੍ਰਮਾਤਮਾ ਇਕ ਸਾਗਰ ਹੈ, ਬਾਕੀ ਸਾਰਾ ਬ੍ਰਹਿਮੰਡ, ਬਨਸਪਤੀ,

ਜੀਵ ਜੰਤੂ ਅਤੇ ਲੋਕਾਈ, ਇਸ ਸਾਗਰ ਦੀਆਂ ਲਹਿਰਾਂ ਤੇ ਬੂੰਦਾਂ ਹਨ। ਸਾਗਰ, ਲਹਿਰਾਂ ਤੇ ਬੂੰਦਾਂ ਹਨ ਅਤੇ ਲਹਿਰਾਂ ਤੇ ਬੂੰਦਾਂ, ਸਾਗਰ ਹਨ ਭਾਵ - ਪਰਮਾਤਮਾ ਸੰਸਾਰ ਵਿਚ ਰਮਿਆ ਹੋਇਆ ਹੈ ਤੇ ਸੰਸਾਰ ਪ੍ਰਭਤਾ ਨਾਲ ਓਤਪੋਤ ਹੈ :

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ।।

ਸਮੁੰਦਰ ਵਾਂਗ ਛੱਪੜੀ ਵੀ ਪ੍ਰਕਿਰਤੀ ਦਾ ਇਕ ਅੰਗ ਹੈ। ਸੰਤ-ਪੁਰਖ ਸਾਗਰ ਵਿਚ ਇਸ਼ਨਾਨ ਕਰਦਾ ਹੈ ਅਤੇ ਮਨਮੁਖੀ ਪ੍ਰਵਿਰਤੀ ਵਾਲਾ ਵਿਅਕਤੀ ਕਾਮ ਵਸ ਵਿਕਾਰਾਂ ਦੀ ਛੱਪੜੀ ਵਿਚ ਰੰਦਾ ਹੁੰਦਾ ਹੈ। ਜੇਕਰ ਵਿਕਾਰੀ ਮਨੁੱਖ ਗੁਣਾਂ ਰੂਪੀ ਸਾਗਰ ਵਿਚ ਨਹਾਏਗਾ ਤਾਂ ਉਹ ਵੀ ਪਵਿੱਤ੍ਰ ਤੇ ਨਿਰਮਲ ਹੋ ਜਾਏਗਾ। ਛੱਪੜੀ ਤੇ ਕਾਂ ਦੇ ਬਿੰਬਾਂ ਰਾਹੀਂ ਉਪਰੋਕਤ ਭਾਵ ਨੂੰ ਪ੍ਰਗਟਾਇਆ ਗਿਆ ਹੈ :

ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ।।[52]

ਗੁਰੂ ਜੀ ਬਿਰਛ ਦਾ ਬਿੰਬ ਵਰਤ ਕੇ ਅਜਿਹੇ ਮਨੁੱਖ ਨੂੰ ਜੀਵਨ ਦੀ ਸਫ਼ਲਤਾ ਦਾ ਜ਼ਿਕਰ ਕਰਦੇ ਹਨ, ਜੋ ਬਿਰਛ ਵਾਂਗ ਗੁਣਸਪੰਨ ਹੈ। ਬ੍ਰਿਛ ਜਿਵੇਂ ਮਿੱਠੇ ਫਲ, ਠੰਡੀ ਛਾਂ ਅਤੇ ਆਪਣੀ ਲੱਕੜ ਨਾਲ ਮਨੁੱਖੀ ਜੀਵਨ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਆਪਾ ਗਵਾ ਕੇ ਵੀ ਦੂਜਿਆਂ ਦੇ ਕੰਮ ਆਉਂਦਾ ਹੈ, ਇਵੇਂ ਹੀ ਗੁਣਾਂ ਵਾਲੇ ਮਨੁੱਖ ਸਮਾਜ ਦੀ ਸੇਵਾ ਕਰਕੇ ਜਨਮ ਸਫ਼ਲ ਕਰਦੇ ਹਨ :

ਸਫਲਿਓ ਬਿਰਖੁ ਹਰਿਆਵਲਾ ਛਾਵ ਘਣੇਰੀ ਹੋਇ।।[53]

## ਧਰਤੀ ਨਾਲ ਸਬੰਧਿਤ ਬਿੰਬ

ਮਨੁੱਖ, ਪ੍ਰਕਿਰਤੀ ਤੇ ਧਰਤੀ ਦਾ ਆਪਸੀ ਸਹਿਚਾਰ ਹੈ। ਧਰਤੀ ਸਬੰਧੀ ਹਿੰਦੂ-ਮਤ ਤੇ ਇਸਲਾਮੀ ਮੱਤ ਦੇ ਵਿਚਾਰਾਂ ਅਨੁਸਾਰ ਧਰਤੀ ਬਲਦ ਦੇ ਸਿੰਗਾਂ ਉਤੇ ਖੜੀ ਹੈ, ਪਰ ਗੁਰੂ ਜੀ ਨੇ ਵਿਗਿਆਨਕ ਦ੍ਰਿਸ਼ਟੀ ਨਾਲ ਇਸ ਨੂੰ ਕਿਸੇ ਅਟੱਲ ਨਿਯਮ ਵਿਚ ਬੱਝੀ ਹੋਈ ਮੰਨਿਆ ਹੈ। ਧਰਤੀ ਵੀ, ਸੂਰਜ ਵੀ, ਚੰਦਰਮਾ ਤੇ ਤਾਰਾ-ਮੰਡਲ ਵਾਂਗ ਅਡੋਲ ਖੜੀ ਹੈ। ਜੇਕਰ ਧਰਤੀ ਬਲਦ ਦੇ ਆਸਰੇ ਖੜੀ ਮੰਨ ਲਈਏ ਤਾਂ ਇਹ ਖੰਡ-ਮੰਡਲ, ਚੰਦ, ਸੂਰਜ, ਤਾਰੇ ਕਿਸ

ਆਸਰੇ ਖੜੇ ਹਨ। ਗੁਰੂ ਜੀ ਪ੍ਰਕਿਰਤੀ ਦੀ ਬੇਅੰਤਤਾ ਤੇ ਅਨੰਤਤਾ ਨੂੰ ਕਿੰਨੇ ਸਾਰਥਿਕ ਤੇ ਢੁਕਵੇਂ ਸ਼ਬਦਾਂ ਰਾਹੀਂ ਪ੍ਰਗਟਾਉਂਦੇ ਹਨ :

ਧੌਲੁ ਧਰਮੁ ਦਇਆ ਕਾ ਪੂਤੁ।।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।।
ਜੇਕੋ ਬੁਝੈ ਹੋਵੈ ਸਚਿਆਰੁ।।
ਧਵਲੈ ਉਪਰਿ ਕੇਤਾ ਭਾਰੁ।।
ਧਰਤੀ ਹੋਰੁ ਪਰੈ ਹੋਰ ਹੋਰੁ।।
ਤਿਸਤੇ ਭਾਰ ਤਲੈ ਕਵਣੁ ਜੋਰ।।[54]

ਗੁਰੂ ਜੀ ਨੇ ਧਰਤੀ ਨੂੰ ਧਰਮਸਾਲ ਦਾ ਨਾਂ ਵੀ ਦਿੱਤਾ ਹੈ, ਪ੍ਰਕਿਰਤੀ ਦੇ ਇਸ ਮਹੱਤਵ-ਪੂਰਣ ਅੰਗ ਉਪਰ ਅਸੀਂ ਆਪਣੇ ਫ਼ਰਜ਼ਾਂ ਦੀ ਪਾਲਣਾ ਕਰਦੇ ਹਾਂ। ਪ੍ਰਕਿਰਤੀ ਦੀ ਇਹ ਅਲੌਕਿਕ ਲੀਲਾ ਹੈ, ਜਿਸ ਵਿਚ ਮਨੁੱਖ ਕਿਰਿਆਸ਼ੀਲ ਤੇ ਕਰਮਸ਼ੀਲ ਰਹਿੰਦਾ ਹੈ :

ਰਾਤੀ ਰੁਤੀ ਥਿਤੀ ਵਾਰ।।
ਪਵਣ ਪਾਣੀ ਅਗਨੀ ਪਾਤਾਲ।।
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ।।[55]

ਇਸਲਾਮ ਮੱਤ ਅਨੁਸਾਰ ਸੱਤ ਅਕਾਸ਼ ਤੇ ਸੱਤ ਪਾਤਾਲ ਹਨ। ਭਾਵ ਚੌਦਾਂ ਤਬਕ ਹਨ। ਇਸਲਾਮ-ਮੱਤ ਵਿਚ ਇਹ ਤੱਬਕ ਹਨ, ਜਦੋਂ ਕਿ ਹਿੰਦੂ ਮੱਤ ਵਿਚ ਭਵਣ ਆਖੇ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਮੱਤਾਂ ਮੱਤਾਂਤਰਾਂ ਦੇ ਪਰਚੱਲਤ ਭਰਮਵਾਦ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਤੋੜਿਆ ਅਤੇ ਪ੍ਰਕਿਰਤੀ ਦੇ ਪਸਾਰੇ ਦੀ ਅਸੀਮਤਾ ਦਰਸਾਉਣ ਲਈ 'ਲਖ' ਸ਼ਬਦ ਦਾ ਪ੍ਰਯੋਗ ਕੀਤਾ ਹੈ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।।
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।।
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ।।
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ।।[56]
ਨਾਨਕ ਵੱਡਾ ਆਖੀਐ, ਆਪੇ ਜਾਣੈ ਆਪੁ।।

... ... ...

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।।
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ।।[57]

'ਜਪੁਜੀ' ਵਿਚਲੀ ਸੋਦਰੁ ਦੀ ਪਉੜੀ ਵਿਚ ਵੀ ਗੁਰੂ ਜੀ ਨੇ ਪ੍ਰਕਿਰਤੀ ਦੀ ਅਨੰਤਤਾ ਦਾ ਵਿਸਮਾਦ-ਜਨਕ ਉਲੇਖ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਦਾ ਪ੍ਰਕਿਰਤੀ ਨਾਲ ਬੜਾ ਗੂੜ੍ਹਾ ਤੇ ਨੇੜਤਾ ਵਾਲਾ ਪਿਆਰ ਹੈ ਕਿਉਂਕਿ ਆਪ ਕੁਦਰਤ ਰਾਹੀਂ ਕਾਦਰ ਦੇ ਪ੍ਰਤੱਖ ਦੀਦਾਰ ਤੱਕਦੇ ਸਨ।

ਗੁਰੂ ਜੀ ਨੇ ਸਮਕਾਲੀ ਸਮਾਜਿਕ ਸਥਿਤੀ ਅਤੇ ਰਾਜਾ ਪਰਜਾ ਦੀ ਪ੍ਰਵਿਰਤੀ ਦੀ ਪ੍ਰਕਿਰਤੀ ਦੇ ਸੁੰਦਰ ਪ੍ਰਤੀਕ ਚੰਦਰਮਾ ਰਾਹੀਂ, ਇਕ ਅਦੁੱਤੀ ਤੇ ਵਚਿੱਤਰ ਤਸਵੀਰ ਪ੍ਰਸਤੁਤ ਕੀਤੀ ਹੈ। ਇਸ ਬਿੰਬ ਰਾਹੀਂ ਸਮਾਜ ਤੇ ਰਾਜਨੀਤੀ ਦੀ ਝਲਕ ਪ੍ਰਤੱਖ ਦਿਖਾਈ ਦਿੰਦੀ ਹੈ। ਸਮਾਜ ਵਿਚਲੇ ਕੂੜ ਨੂੰ ਕਾਲੀ ਹਨ੍ਹੇਰੀ ਰਾਤ ਅਤੇ ਚੰਦਰਮਾ ਨੂੰ ਸੱਚ ਦਾ ਪ੍ਰਕਾਸ਼ ਕਿਹਾ ਹੈ। ਇਹ ਰਾਤ ਅਨੋਖੀ ਰਾਤ ਹੈ, ਮੱਸਿਆ ਦੀ ਰਾਤ ਵਾਂਗ ਹੈ ਕਿਉਂਕਿ ਇਸ ਰਾਤ ਨੂੰ ਸੱਚ ਰੂਪੀ ਚੰਦਰਮਾ ਚੜ੍ਹ ਹੀ ਨਹੀਂ ਸਕਦਾ।

# ਭਾਗ - ਦੂਜਾ

## ਗੁਰੂ ਨਾਨਕ ਬਾਣੀ ਵਿਚ ਆਈਆਂ ਕੁਦਰਤ ਸੰਬੰਧੀ ਤੁਕਾਂ

ਗੁਰੂ ਨਾਨਕ ਦੇ ਪ੍ਰਕਿਰਤੀ ਸਬੰਧੀ ਸੰਕਲਪਾਂ, ਵਿਚਾਰਾਂ ਅਤੇ ਦ੍ਰਿਸ਼ਟੀ ਕੋਣਾਂ ਨੂੰ ਅਸਾਂ ਕਈ ਸੰਦਰਭਾਂ ਵਿਚ ਪਿਛੇ ਸੰਕਲਿਤ ਕਰ ਆਏ ਹਾਂ। ਰਹੱਸਵਾਦੀ ਗੁਰੂ ਨਾਨਕ ਦ੍ਰਿਸ਼ਟਮਾਨ ਪ੍ਰਕਿਰਤੀ ਦੇ ਉਨੇ ਹੀ ਗਿਆਨਵਾਨ ਉਪਾਸ਼ਕ ਹਨ ਜਿੰਨੇ ਉਸ ਨਿਰਗੁਣ ਸਰੂਪ ਪ੍ਰਮਾਤਮਾ ਦੀ ਹੋਂਦ ਦੀ ਹਕੀਕਤ ਦੇ ਵਿਸ਼ਵਾਸੀ, ਸਾਧਕ, ਉਪਾਸ਼ਕ ਅਤੇ ਭਗਤ ਹਨ। ਉਹ ਇਤਿਹਾਸਕ ਯੁਗ ਪੁਰਸ਼ ਸਨ ਜਿਨ੍ਹਾਂ ਨੇ ਆਪਣੀ ਬਾਣੀ ਰਾਹੀਂ ਵਿਤੇ ਕਸਬੇ ਨਾਲ ਮਨੁੱਖਤਾ ਦੀ ਅਪਾਰ ਸੇਵਾ ਕੀਤੀ ਹੈ। ਆਪਣੇ ਕਾਲ ਦੇ ਸਭ ਤੋਂ ਵੱਡੇ ਇਸ ਮਹਾਂਮਾਨਵ ਪਾਂਧੀ ਨੇ ਜਿਥੇ ਆਪਣੇ ਸਮੇਂ ਦਾ ਅੰਧਾ ਗਿਆਤ ਜਗਤ ਉਸ ਅੰਧਕਾਰ ਯੁਗ ਵਿਚ ਗਾਹਿਆ, ਉਥੇ ਉਸ ਨੇ ਆਪਣੇ ਸੰਪਰਕ-ਘੇਰੇ ਵਿਚ ਆਉਣ ਵਾਲੇ ਮੱਤ - ਮਤਾਂਤਰਾਂ ਦਾ ਗੰਭੀਰ ਅਧਿਐਨ ਕੀਤਾ। ਹਰ ਮੱਤ ਦੇ ਸਿਧਾਂਤਾਂ ਨੂੰ ਆਪਣੀ ਕਸਵੱਟੀ ਤੇ ਪਰਖਿਆ, ਅਸੰਗਤੀ ਮੱਤਾਂ ਦਾ ਜੋਰਦਾਰ ਖੰਡਨ ਕੀਤਾ ਅਤੇ ਆਪਣੇ ਨਿਰਣੈਜਨਕ ਵਿਚਾਰਾਂ ਨੂੰ ਆਪਣੀ ਬਾਣੀ ਵਿਚ ਅੰਕਿਤ ਕਰਕੇ ਹਮੇਸ਼ਾਂ ਲਈ ਸਿਲੇਖਬਧ ਕਰ ਦਿੱਤਾ।

ਜੀਵਨ ਦਾ ਕੋਈ ਅਜਿਹਾ ਬਾਹਰੀ ਅਤੇ ਅੰਤਰਿਕ ਤੱਤ ਨਹੀਂ ਜਿਸ ਨੂੰ ਗੁਰੂ ਨਾਨਕ ਨੇ ਘੱਟ ਵੱਧ ਮਾਤਰਾ ਵਿਚ ਨਾ ਛੁਹਿਆ ਹੋਵੇ। ਉਨ੍ਹਾਂ ਦੀ ਚਮਤਕਾਰੀ ਬਾਣੀ ਵਿਚ ਪ੍ਰਕਿਰਤੀ ਨੂੰ ਬੜਾ ਮਹੱਤਵ-ਪੂਰਣ ਸਥਾਨ ਮਿਲਿਆ ਹੈ। ਇਥੇ ਅਸੀਂ ਪ੍ਰਕਿਰਤੀ ਨਾਲ ਸਬੰਧਤ ਨਾਨਕ ਬਾਣੀ ਨੂੰ ਮੂਲ ਰੂਪ ਵਿਚ ਦੁਬਾਰਾ ਅੰਕਿਤ ਕਰਦੇ ਹਾਂ ਤਾਂ ਜੋ ਪ੍ਰਕਿਰਤੀ ਸੰਬੰਧੀ ਨਾਨਕ ਮੱਤ ਦਾ ਸਮਨਵੈ ਕੀਤਾ ਜਾ ਸਕੇ ।

### ਕੁਦਰਤ ਸਬੰਧੀ ਤੁਕਾਂ

ਕੀਤਾ ਪਸਾਉ ਏਕੋ ਕਵਾਉ॥

ਤਿਸ ਤੇ ਹੋਏ ਲਖ ਦਰੀਆਉ॥

ਕੁਦਰਤਿ ਕਵਣ ਕਹਾ ਵੀਚਾਰੁ।।
ਵਾਰਿਆ ਨ ਜਾਵਾ ਏਕ ਵਾਰੁ।।[1]

'ਜਪੁਜੀ'

... ... ...

ਜੇਤਾ ਕੀਤਾ ਤੇਤਾ ਨਾਉ
ਵਿਣੁ ਨਾਵੈ ਨਾਹੀ ਕੋ ਥਾਉ।।
ਕੁਦਰਤਿ ਕਵਣ ਕਹਾ ਵੀਚਾਰ।।
ਵਾਰਿਆ ਨਾ ਜਾਵਾ ਏਕ ਵਾਰ।।[2]

'ਜਪੁਜੀ'

... ... ...

ਅਸੰਖ ਸੂਰ ਮੁਹ ਭਖ ਸਾਰ।।
ਅਸੰਖ ਮੋਨਿ ਲਿਵ ਲਾਇ ਤਾਰ।।
ਕੁਦਰਤਿ ਕਵਣੁ ਕਹਾ ਵੀਚਾਰੁ।।
ਵਾਰਿਆ ਨ ਜਾਵਾ ਏਕ ਵਾਰ।।[3]

'ਜਪੁਜੀ'

... ... ...

ਕੇਤੀਆ ਤੇਰੀ ਕੁਦਰਤੀ ਕੇਵਡ ਤੇਰੀ ਦਾਤਿ।।
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨ ਰਾਤਿ।।
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ।।[4]

'ਮਾਰੂ ਮਹੱਲਾ ੧ ।।

... ... ...

ਆਪੇ ਕੇੜ੍ਹ ਚੁਣਿ ਆਪੇ ਹੀ ਆਪੇ ਮੰਡਿ ਮਿਲਾਏ।।
ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋ।।
ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋ।।[5]

'ਸਿਰੀ ਰਾਗੁ ਮਹੱਲਾ ੧ ।।

... ... ...

ਪੁਛਿ ਨਾ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੈਇ।।
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ।।[6]

'ਸਿਰੀ ਰਾਗੁ ਮਹੱਲਾ ੧ ।।

... ... ...

ਤੁਧੁ ਸੰਸਾਰ ਉਪਾਇਆ।
ਸਿਰੇ ਸਿਰਿ ਧੰਧੇ ਲਾਇਆ।
ਵੇਖਹਿ ਕੀਤਾ ਆਪਣਾ ਕਰਿ ਕੁਦਰਤ ਪਾਸਾ ਢਾਲਿ ਜੀਉ।[7]

'ਸਿਰੀ ਰਾਗ ਮ: ੧ ॥

... ... ...

ਕੁਦਰਤਿ ਕਰਿ ਕੈ ਵਸਿਆ ਸੋਇ॥
ਵਖਤੁ ਵੀਚਾਰੇ ਸੁ ਬੰਦਾ ਹੋਇ॥
ਕੁਦਰਤਿ ਹੈ ਕੀਮਤਿ ਨਹੀ ਪਾਇ॥
ਜਾ ਕੀਮਤਿ ਪਾਇ ਤਾ ਕਹੀ ਨ ਜਾਇ॥[8]

'ਸਿਰੀ ਰਾਗੁ ਕੀ ਵਾਰ ਮ: ੧

... ... ...

ਆਪੇ ਕੁਦਰਤਿ ਸਾਜਿਕੈ ਆਪੇ ਕਰੇ ਬੀਚਾਰੁ॥
ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ॥[9]

'ਮਾਝ ਕੀ ਵਾਰ ਮਹਲਾ ੧ ॥ ਪਉੜੀ।

... ... ...

ਕਰਣਾ ਹੈ ਕਿਛੁ ਕਹਣ ਨ ਜਾਇ॥
ਤਉ ਕੁਦਰਤਿ ਕੀਮਤਿ ਨਹੀਂ ਪਾਇ॥ ੧ ॥ ਰਹਾਉ॥[10]

'ਗਉੜੀ ਮਹਲਾ ੧ ॥

... ... ...

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥[11]

'ਆਸਾ ਕੀ ਵਾਰ ਮ: ੧ ॥ ਪਉੜੀ।

... ... ...

ਸਚੀ ਤੇਰੀ ਸਿਫਤਿ ਸਚੀ ਸਾਲਾਹੁ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹੁ॥[12]

'ਆਸਾ ਕੀ ਵਾਰ ਸਲੋਕ ਮ: ੧

... ... ...

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥
ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨੁ ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ ੧ ॥ [13]

'ਆਸਾ ਮ: ੧

... ... ...

ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥ ੧ ॥ ਰਹਾਉ ॥ [14]

ਸਲੋਕ ਮ: ੧

... ... ...

ਨਾਨਕ ਕਿਸਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥
ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ ॥
ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ ॥
ਆਪੇ ਵੇਖੈ ਆਪੇ ਬੂਝੈ ਆਪੇ ਹੁਕਮੁ ਪਛਾਣੈ ॥ [15]

'ਵਡਹੰਸ ਮ: ੧

... ... ...

ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ ॥
ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥ ੧ ॥ [16]

'ਵਡਹੰਸ ਮ: ੧ ਦਖਣੀ

... ... ...

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ ॥
ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ ॥ [17]

'ਵਡਹੰਸ ਮ: ੧

ਸਰਬ ਜੀਅ ਸਿਰਿ ਲੇਖੁ ਧੁਰਾਹੂ॥
ਬਿਨ ਲੇਖੈ ਨਹੀ ਕੋਈ ਜੀਉ॥
ਆਪਿ ਅਲੇਖੁ ਕੁਦਰਤਿ ਕਰਿ ਦੇਖੈ
ਹੁਕਮਿ ਚਲਾਏ ਸੋਈ ਜੀਉ॥ ੧ ॥ [18]

'ਸੋਰਠਿ ਮਹਲਾ ੧ ॥

... ... ...

ਨਾਰਦੁ ਸਾਰਦ ਸੇਵਕ ਤੇਰੇ॥
ਤ੍ਰਿਭਵਣਿ ਸੇਵਕ ਵਡਹੁ ਵਡੇਰੇ॥
ਸਭ ਤੇਰੀ ਕੁਦਰਤਿ ਤੂੰ ਸਿਰਿ ਸਿਰਿ ਦਾਤਾ
ਸਭੁ ਤੇਰੋ ਕਾਰਣੁ ਕੀਨਾ ਹੇ॥ 15 ॥ [19]

'ਮਾਰੂ ਮਹਲਾ ੧ ॥

... ... ...

ਸੁੰਨ ਕਲਾ ਅਪਰੰਪਰਿ ਧਾਰੀ।
ਆਪਿ ਨਿਰਾਲਮੁ ਅਪਰ ਅਪਾਰੀ॥
ਆਪੇ ਕੁਦਰਤਿ ਕਰਿ ਕਰਿ ਵੇਖੈ
ਸੁਨਹੁ ਸੁੰਨ ਉਪਾਇਦਾ। ੧ ॥ [20]

'ਮਾਰੂ ਮਹਲਾ ੧ ॥

... ... ...

ਨਿਰਭਉ ਸੋ ਸਿਰਿ ਨਾਹੀ ਲੇਖਾ।
ਆਪਿ ਅਲੇਖੁ ਕੁਦਰਤਿ ਹੈ ਦੇਖਾ।
ਆਪਿ ਅਤੀਤੁ ਅਜੋਨੀ ਸੰਭਉ।
ਨਾਨਕ ਗੁਰਮਤਿ ਸੋ ਪਾਇਆ। [21]

'ਮਾਰੂ ਮਹਲਾ ੧ ॥

... ...

ਕੁਦਰਤਿ ਕਰਨੈਹਾਰ ਅਪਾਰਾ।
ਕੀਤੇ ਕਾ ਨਾ ਹੀ ਕਿਹੁ ਚਾਰਾ।
ਜੀਅ ਉਪਾਇ ਰਿਜਕ ਦੇ ਆਪੇ
ਸਿਰਿ ਸਿਰਿ ਹੁਕਮੁ ਚਲਾਇਆ॥ ੧ ॥ [22]

'ਮਾਰੂ ਮਹਲਾ ੧

ਕੁਦਰਤਿ ਦੇਖਿ ਰਹੇ ਮਨੁ ਮਾਨਿਆ ।
ਗੁਰ ਸਬਦੀ ਸਭੁ ਬ੍ਰਹਮੁ ਪਛਾਣਿਆ ।
ਨਾਨਕ ਆਤਮਰਾਮ ਸਬਾਇਆ
ਗੁਰ ਸਤਿਗੁਰ ਅਲਖੁ ਲਖਾਇਆ ।।[23]

'ਮਾਰੂ ਮਹਲਾ ੧

... ... ...

ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ।
ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨ ।।[24]

'ਰਾਗ ਬਸੰਤ ਮ: ੧ '

... ... ...

ਆਪੇ ਕੁਦਰਤਿ ਕਰੇ ਸਾਜਿ ।।
ਸਚੁ ਆਪਿ ਨਿਬੇੜੇ ਰਾਜੁ ਰਾਜਿ ।।[25]

'ਬਸੰਤ ਮਹਲਾ ੧ '

... ... ...

ਜੇ ਤੂੰ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ।
ਚਾਰੇ ਕੁੰਟ ਸਲਾਮ ਕਰਹਿਗੇ ਘਰਿ ਘਰਿ ਸਿਫਤਿ ਤੁਮਾਰੀ ।[26]

'ਬਸੰਤ ਹਿੰਡੋਲ ਮਹਲਾ ੧ ।।

... ... ...

ਆਡਾਣੇ ਆਕਾਸ ਕਰਿ ਖਿਨ ਮਹਿ ਢਾਹਿ ਉਸਾਰਣਹਾਰੁ ।।
ਆਪੇ ਜਗਤੁ ਉਪਾਇ ਕੈ ਕੁਦਰਤਿ ਕਰੇ ਬੀਚਾਰੁ ।।[27]

ਮਲਾਰ ਕੀ ਵਾਰ '

... ... ...

ਆਪੇ ਜੋੜਿ ਵਿਛੋੜਿਦੇ ਆਪੇ ਕੁਦਰਤਿ ਦੇਇ ਦਿਖਾਇ ।।
ਮੇਲੁ ਸੋਗੁ ਵਿਜੋਗੁ ਹੈ ਪੂਰਬਿ ਲਿਖਿਆ ਕਮਾਇ ।।[28]

'ਮਲਾਰ ਕੀ ਵਾਰ '

... ... ...

ਪੁਰਬ ਖਾਮ ਕੂਜੈ ਹਿਕਮਤਿ ਖੁਦਾਇਆ ।
ਮਨ ਤੁਆਨਾ ਤੂ ਕੁਦਰਤੀ ਆਇਆ ।[29]

'ਮਲਾਰ ਕੀ ਵਾਰ ਮਹਲਾ ੧ '

## ਪੈਰ ਟਿੱਪਣੀਆਂ

### ਅਧਿਆਇ - ਸੱਤਵਾਂ

( ਭਾਗ ਪਹਿਲਾ)

1. ਉਪਲ, ਸਵਿੰਦਰ ਸਿੰਘ (ਡਾ:) ਗੁਰੂ ਨਾਨਕ ਦੀ ਕਵਿਤਾ ਵਿਚ ਪ੍ਰਕਿਰਤੀ - ਗੁਰੂ ਨਾਨਕ ਜੀਵਨ, ਦਰਸ਼ਨ ਤੇ ਕਾਵਿ-ਕਲਾ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ 333.
2. ਮਿਸ਼ਰ, ਜੈ ਰਾਮ (ਡਾ:) - ਗੁਰੂ ਨਾਨਕ ਬਾਣੀ (ਹਿੰਦੀ), ਪੰਨਾ- 35.
3. Lewis, C.D.- Poetic Image, P.27.
4. Oxford Dictionary, P.347.
5. ਬ੍ਰਿਟੇਨਕਾ ਵਿਸ਼ਵ-ਕੋਸ਼ (ਅੰਗਰੇਜ਼ੀ), ਪੰਨਾ 407.
6. ਸਤਿੰਦਰ ਸਿੰਘ (ਡਾ:) - ਗੁਰੂ ਨਾਨਕ ਕਾਵਿ-ਅਧਿਐਨ, ਪੰਨਾ 7.
7. Macall, C.L., Words & Image, P.109.
8. Wordsworth- English Critical Essays, 19th Century, P.14.
9. Hunton, T.W. Encyclopaedia Britanica Vol-18, P.106.
10. Hulme, T.E., Speculation, P.634-35.
11. ਪੰਤ, ਸੁਮਿੱਤਰਾਨੰਦਨ, ਪਲਵ, ਭੂਮਿਕਾ, ਪੰਨਾ 30.
12. Lewis, C.D., Poetic Image, P.17.
13. ਉਹੀ
14. Brown, J.Stephen- The World of Imagery, P.I
15. Kohli, S.S. (Dr.)- A Critical Study of Adi Granth, P.177.
16. ਬੇਦੀ, ਕਾਲਾ ਸਿੰਘ (ਡਾ:) - ਗੁਰੂ ਨਾਨਕ - ਕਾਵਿ ਚਿਤ੍ਰਣ, ਪੰਨਾ 145.
17. ਆਦਿ ਗਰੰਥ, ਪੰਨਾ 464
18. ਉਹੀ, ਜਪੁਜੀ
19. ਸਤਿੰਦਰ ਸਿੰਘ (ਡਾ:) ਗੁਰੂ ਨਾਨਕ ਕਾਵਿ ਅਧਿਐਨ, ਪੰਨਾ 34.
20. ਆਦਿ ਗਰੰਥ, ਪੰਨਾ 60
21. ਉਹੀ, ਪੰਨਾ 55
22. ਉਹੀ, ਪੰਨਾ 55

23. ਆਦਿ ਗ੍ਰੰਥ, ਪੰਨਾ 157.
24. ਉਹੀ, ਸਿਰੀ ਰਾਗ ਅਸ਼ਟਪਦੀਆ ਮ: ੧
25. ਉਹੀ, ਸਿਧ ਗੋਸਟਿ
26. ਉਹੀ, ਪੰਨਾ 663.
27. ਉਹੀ, ਪੰਨਾ 439
28. ਉਹੀ, ੴ ਜਪੁਜੀ
29. ਉਹੀ, ਪੰਨਾ 469
30. ਉਹੀ, ਪੰਨਾ 663
31. ਉਹੀ, ਪੰਨਾ 60
32. ਉਹੀ, ਪੰਨਾ 1108
33. ਉਹੀ, ਪੰਨਾ 145
34. ਉਹੀ, ਪੰਨਾ 157
35. ਉਹੀ, ਪੰਨਾ 23
36. ਉਹੀ, ਪੰਨਾ 59
37. ਉਹੀ, ਪੰਨਾ 470
38. ਮਿਸ਼ਰ, ਜੈ ਰਾਮ (ਡਾ:) - ਨਾਨਕ ਬਾਣੀ (ਹਿੰਦੀ) ਪੰਨਾ 35.
39. ਸੁਰਿੰਦਰ ਸਿੰਘ (ਡਾ:) - ਗੁਰੂ ਨਾਨਕ ਕਾਵਿ-ਅਧਿਐਨ, ਪੰਨਾ 38.
40. ਆਦਿ ਗ੍ਰੰਥ - ਪੰਨਾ 1108
41. ਉਹੀ, ਮਲਾਰ ਕੀ ਵਾਰ ਮ: ੧
42. ਉਹੀ
43. ਉਹੀ
44. ਉਹੀ
45. ਉਹੀ
46. ਉਹੀ
47. ਉਹੀ, ਰਾਗ ਧਨਾਸਿਰੀ ਮ: ੧
48. ਉਹੀ, ਰਾਗ ਗਉੜੀ ਮ: ੧
49. ਉਹੀ, ਮਲਾਰ ਮ: ੧

50. ਆਦਿ ਗਰੰਥ, ਮਲਾਰ ਮ: ੧

51. ਉਹੀ

52. ਉਹੀ

53. ਉਹੀ

54. ਉਹੀ, ਜਪੁਜੀ

55. ਉਹੀ

56. ਉਹੀ

57. ਉਹੀ


## ( ਭਾਗ ਦੂਜਾ )


1. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ

2. ਉਹੀ

3. ਉਹੀ

4. ਉਹੀ, ਪੰਨਾ 30

5. ਉਹੀ, ਪੰਨਾ 44

6. ਉਹੀ, ਪੰਨਾ 46

7. ਉਹੀ, ਪੰਨਾ 70

8. ਉਹੀ, ਪੰਨਾ 78

9. ਉਹੀ, ਪੰਨਾ 90

10. ਉਹੀ, ਪੰਨਾ 106

11. ਉਹੀ, ਪੰਨਾ 204

12. ਉਹੀ, ਪੰਨਾ ਉਹੀ

13. ਉਹੀ, ਪੰਨਾ 206

14. ਉਹੀ, ਪੰਨਾ 216

15. ਉਹੀ, ਪੰਨਾ 248

16. ਉਹੀ

17. ਸ਼ਬਦਾਰਥ ਸ੍ਰੀ ਗੁਰੂ ਨਾਨਕ ਦੇਵ ਜੀ - ਭਾਸ਼ਾ ਵਿਭਾਗ, ਪਟਿਆਲਾ, ਪੰਨਾ 250

18. ਉਹੀ, ਪੰਨਾ 260

19. ਉਹੀ, ਪੰਨਾ 442

20. ਉਹੀ, ਪੰਨਾ 460

21. ਉਹੀ, ਪੰਨਾ 470

22. ਉਹੀ

23. ਉਹੀ, ਪੰਨਾ 472

24. ਉਹੀ, ਪੰਨਾ 500

25. ਉਹੀ, ਪੰਨਾ 504

26. ਉਹੀ, ਪੰਨਾ 516

27. ਉਹੀ ਪੰਨਾ 552

28. ਉਹੀ

29. ਉਹੀ, ਪੰਨਾ 568

## ਅਧਿਆਇ ਅੱਠਵਾਂ

### ਸਾਰਾਂਸ਼

- ਪ੍ਰਕਿਰਤੀ ਦਾ ਸਰੂਪ
- ਗੁਰੂ ਨਾਨਕ - ਬਾਣੀ ਅਤੇ ਭਾਰਤੀ ਮੱਤਾਂ ਅਨੁਸਾਰ ਪ੍ਰਕਿਰਤੀ - ਸੰਕਲਪ
- ਪੱਛਮੀ - ਦਰਸ਼ਨ ਅਤੇ ਗੁਰੂ ਨਾਨਕ - ਬਾਣੀ ਦੇ ਪ੍ਰਕਿਰਤੀ ਸੰਕਲਪ ਦਾ ਤੁਲਨਾਤਮਕ ਵਿਵੇਚਨ

## ਸਾਰੰਸ਼

ਮਹਾਂ ਕਵੀ ਗੁਰੂ ਨਾਨਕ ਇਕ ਯੁਗ-ਪੁਰਸ਼ ਸਨ। ਭਾਰਤੀ ਹੀ ਨਹੀ ਸਗੋਂ ਸਮੁੱਚੀ ਮਨੁੱਖਤਾ ਦੇ ਇਤਿਹਾਸ ਵਿਚ, ਉਨ੍ਹਾਂ ਦੀ ਪ੍ਰਤਿਭਾ ਇਕ ਚਮਤਕਾਰੀ, ਗੌਰਵ ਦੀ ਮਾਲਕ ਸੀ। ਗੁਰੂ ਨਾਨਕ-ਬਾਣੀ ਜਿਥੇ ਆਪਣੇ, ਯੁਗ ਦਾ ਸਜੀਵ - ਚਿਤ੍ਰਣ ਕਰਦੀ ਹੈ ਉਥੇ ਮਾਨਵਤਾ ਲਈ ਸਰਬ-ਕਾਲੀ ਸੁਨੇਹੇ ਦੇ ਕੇ, ਨਿਰਲ ਸਿੱਖ - ਸਮਾਜ ਦੀ ਸੰਸਥਾਪਿਕ ਸਿੱਧ ਹੋਈ ਹੈ। ਗੁਰੂ ਨਾਨਕ ਬਾਣੀ ਵਿਚ ਅਨੇਕਾਂ ਭਾਰਤੀ ਅਤੇ ਅਭਾਰਤੀ ਦਰਸ਼ਨਾਂ, ਪਰੰਪਰਾਵਾਂ, ਵਿਚਾਰਧਾਰਾਵਾਂ ਜੀਵ- ਜਾਚਾਂ ਅਤੇ ਪ੍ਰਚੱਲਤ ਕਰਮ ਕਾਂਡਾਂ ਤੇ ਰੀਤੀ ਰਿਵਾਜਾਂ ਆਦਿਕ, ਦਾ ਉਤਕ੍ਰਿਸ਼ਟ ਕਾਵਿ - ਰੂਪਾਂ ਵਿਚ ਵਿਵੇਚਨ ਕੀਤਾ ਗਿਆ ਹੈ। ਨਿਸ਼ਚੇ ਹੀ ਗੁਰੂ ਨਾਨਕ ਬਾਣੀ, ਅਧਿਆਤਮਿਕ, ਸਮਾਜਿਕ, ਸਭਿਆਚਾਰਕ ਅਤੇ ਪ੍ਰਾਕਿਰਤਕ ਵਿਰਸਤਾ ਦਾ ਸੋਮਾ ਹੈ। ਗੁਰੂ ਨਾਨਕ ਇਕ ਪ੍ਰਤਿਭਾਵਾਨ, ਚੇਤਨਸ਼ੀਲ ਅਤੇ ਸੰਵੇਦਨਸ਼ੀਲ ਕਵੀ ਸਨ। ਉਨ੍ਹਾਂ ਆਪਣੀ ਵਿਚਾਰਧਾਰਾ ਤੇ ਦ੍ਰਿਸ਼ਟੀਕੋਣ ਨੂੰ ਆਪਣੀ ਬਾਣੀ ਵਿਚ ਸਚੀਵੀ ਤੌਰ ਤੇ ਵਾਨੀ - ਬਧ ਕੀਤਾ ਹੈ, ਉਹ ਮਾਨਵਤਾ ਤੇ ਪ੍ਰਕਿਰਤੀ ਦੇ ਮਹਾਨ ਉਪਾਸ਼ਕ ਸਨ। ਕੁਦਰਤ ਨੂੰ ਕਾਦਰ ਦੀ ਸਿਰਜਨਾ ਮੰਨਦੇ ਸਨ ਅਤੇ ਕੁਦਰਤ ਦੀ ਵਿਵਿਧਤਾ ਵਿਚੋਂ ਕਾਦਰ ਦੀ ਸਮਰਥ - ਕਿਰਤਾਰਤਾ ਦੇ ਦਰਸ਼ਨ ਕਰਦੇ ਸਨ।

ਮੈਂ ਸਮੁੱਚੇ ਖੋਜ - ਕਾਰਜ ਵਿਚ ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਚਿਤ੍ਰਣ ਦੇ ਸਰੂਪ, ਮਾਤਰਾ ਅਤੇ ਵਿਧੀਆਂ ਦਾ ਲੇਖਾ ਜੋਖਾ ਕੀਤਾ ਹੈ। ਅਸਲ ਵਿਚ ਗੁਰੂ ਨਾਨਕ ਦੇਵ ਜੀ ਦੀ ਸਰਬ-ਪੱਖੀ ਕਾਵਿ - ਪ੍ਰਤਿਭਾ ਸਵੈ- ਸਿਧ ਹੈ। ਮੈਂ ਆਪਣੇ ਇਸ ਸ਼ੋਧ - ਪ੍ਰਬੰਧ ਵਿਚ, ਕਾਵਿ - ਵਿਚ ਪ੍ਰਕਿਰਤੀ ਦੀ ਅਹਿਮੀਅਤ ਅਤੇ ਗੁਰੂ ਨਾਨਕ ਬਾਣੀ ਵਿਚ ਉਸ ਦੇ ਨਿਰੂਪਣ ਦਾ ਅਧਿਐਨ ਕਰਨ ਦਾ ਯਤਨ ਕੀਤਾ ਹੈ। ਇਸ ਅਧਿਐਨ ਦੇ ਸਿੱਟਿਆਂ ਦਾ ਸਾਰੰਸ਼ ਇਸ ਅਧਿਆਇ ਵਿਚ ਦੇਣ ਦਾ ਯਤਨ ਕੀਤਾ ਗਿਆ ਹੈ।

ਬ੍ਰਹਿਮੰਡ ਦਾ ਸਮੁੱਚਾ ਪਸਾਰ ਹੀ ਪ੍ਰਕਿਰਤੀ ਹੈ। ਮਨੁੱਖ ਪ੍ਰਕਿਰਤੀ ਦਾ ਸ਼ਾਹਕਾਰੀ ਜੀਵ ਹੈ ਅਤੇ ਪ੍ਰਾਕਿਰਤਕ ਚੇਤਨਾ ਦਾ ਸਰੇਸ਼ਟਤਮ ਨਮੂਨਾ ਹੈ। ਉਸ ਦੇ ਅਸਤਿਤਵ ਤੇ ਜ਼ਿੰਦਗੀ ਦੀ ਬਰਕਰਾਰੀ ਪ੍ਰਾਕਿਰਤਕ ਪਦਾਰਥਾਂ ਉਤੇ ਹੀ ਨਿਰਭਰ ਕਰਦੀ ਹੈ। ਮਨੁੱਖ ਪ੍ਰਕਿਰਤੀ ਵਿਚ ਹੀ ਜਨਮਿਆ ਮੌਲਿਆ ਤੇ ਪਰਵਾਨ ਚੜ੍ਹਿਆ ਹੈ। ਪ੍ਰਕਿਰਤੀ ਹੀ ਮਨੁੱਖ ਦਾ ਮੂਲ ਆਧਾਰ ਹੈ। ਮਨੁੱਖ ਤੇ ਪ੍ਰਕਿਰਤੀ ਦੀ ਸਾਂਝ ਦੀ ਕਹਾਣੀ ਜੀਵਾਂ ਦੇ ਵਿਕਾਸ ਤੋਂ ਵੀ ਪਹਿਲਾਂ ਸ਼ੁਰੂ ਹੁੰਦੀ ਹੈ। ਮਨੁੱਖ ਪ੍ਰਕਿਰਤੀ ਦੀ ਅਨੁਪਮ - ਸੁੰਦਰਤਾ ਤੇ ਮੋਹਿਤ ਹੋਇਆ ਅਤੇ ਇਸ ਦੀ ਵਿਰਾਟਤਾ ਤੇ

ਭਰਿਆ ਹੈ। ਪ੍ਰਕਿਰਤੀ ਦੇ ਪਸਾਰ ਵਿਚੋਂ ਹੀ ਉਸ ਨੇ ਕਾਰਜ ਦੀ ਕਲਪਨਾ ਕੀਤੀ ਤੇ ਉਸ ਦੀ ਮਹਾਨ ਸਮਰਥਾ ਦਾ ਮੰਗਲ ਗਾਇਆ ਹੈ। ਪ੍ਰਕਿਰਤੀ ਦੇ ਗੋਚਰ ਤੇ ਅਗੋਚਰ ਸਾਰੇ ਰੂਪ ਮਨੁੱਖ ਦੀ ਵਿਚਾਰ ਵਿਮਰਸ਼ ਦੇ ਵਿਸ਼ੇ ਰਹੇ ਹਨ।

ਮਨੁੱਖ ਨੇ ਸੂਖਮ ਨਿਰੀਖਣ ਨਾਲ ਪ੍ਰਕਿਰਤੀ ਦੇ ਕਾਰਜ - ਸਿਧਾਂਤ ਲੱਭੇ ਹਨ ਅਤੇ ਵਚਿਤ੍ਰ ਉਪਕਰਨਾਂ ਦਾ ਅਵਿਸ਼ਕਾਰ ਕੀਤਾ ਹੈ। ਪ੍ਰਕਿਰਤੀ ਦੀ ਹਰੇਕ ਪ੍ਰਕਿਰਿਆ ਸਬੰਧੀ ਮਨੁੱਖ ਕੋਲ ਗਿਆਨ ਮੌਜੂਦ ਹੈ, ਇਸ ਗਿਆਨ ਵਿਚ ਯਥਾ - ਸਮਰਥਾ ਹਰੇਕ ਅਧਿਆਤਮਵਾਦੀ ਸਾਧਿਕ ਕਲਾਕਾਰ, ਚਿੰਤਕ ਅਤੇ ਵਿਗਿਆਨੀ ਨੇ ਵਾਧਾ ਕੀਤਾ ਹੈ।

ਵੇਦਾਂ, ਉਪਨਿਸ਼ਦਾਂ, ਬ੍ਰਾਹਮਣ- ਗ੍ਰੰਥਾਂ, ਗੀਤਾ ਅਤੇ ਰਮਾਇਣ ਆਦਿ ਵਿਚ ਪ੍ਰਕਿਰਤੀ ਦੇ ਸਰੂਪ ਸਬੰਧੀ ਭਿੰਨ ਭਿੰਨ ਮੱਤ ਪ੍ਰਾਪਤ ਹਨ। ਵੈਦਿਕ ਕਾਲ ਦੇ ਦਾਰਸ਼ਨਿਕਾਂ ਨੇ ਪ੍ਰਕਿਰਤੀ ਨੂੰ ਦੇਵ - ਰੂਪ ਵੀ ਕਿਹਾ ਹੈ ਅਤੇ ਬ੍ਰਹਮ ਦੀ ਸਿਰਜਨਾਤਮਿਕ ਸ਼ਕਤੀ ਦਾ ਨਾਂ ਵੀ ਦਿੱਤਾ ਹੈ। ਸਾਂਖ ਮੱਤ ਪ੍ਰਕਿਰਤੀ ਨੂੰ ਅਨਾਦੀ ਤੇ ਤ੍ਰੈਗੁਣਾਤਮਿਕ ਮੰਨਦਾ ਹੈ। ਉਪਨਿਸ਼ਦਾਂ ਵਿਚ ਪ੍ਰਕਿਰਤੀ ਨੂੰ ਪਰਮ - ਸੱਤਾ ਦਾ ਚਿੰਨ੍ਹ ਕਿਹਾ ਗਿਆ ਹੈ। ਭਗਵਤ ਗੀਤਾ ਅਨੁਸਾਰ ਪ੍ਰਕਿਰਤੀ, ਪੁਰਸ਼ੋਤਮ ਦੀ ਸ਼ਕਤੀ ਦਾ ਹੀ ਸਾਕਾਰ ਰੂਪ ਹੈ। ਪ੍ਰਕਿਰਤੀ ਸਬੰਧੀ ਸੰਕਰਾਚਾਰੀਆ ਨੇ ਮਾਇਆ ਦਾ ਸਿਧਾਂਤ ਪੇਸ਼ ਕੀਤਾ ਹੈ। ਉਸ ਅਨੁਸਾਰ ਪ੍ਰਕਿਰਤੀ ਅਵਰਨਣ - ਸ਼ਕਤੀ ਹੈ, ਉਹ ਸ਼ਕਤੀ ਜਿਹੜੀ ਏਕਤਾ ਨੂੰ ਅਨੇਕਤਾ ਵਿਚ ਪ੍ਰਦਰਸ਼ਿਤ ਕਰਦੀ ਹੈ। ਪ੍ਰਕਿਰਤੀ ਰਜਸ, ਸਤਵ ਅਤੇ ਤਮਸ ਤਿੰਨਾਂ ਗੁਣਾਂ ਦੇ ਸੰਯੋਗ ਦੀ ਲਖਾਇਕ ਹੈ। ਰਾਮਾਨੁਜ ਦਾ ਵੀ ਇਹੋ ਮੱਤ ਹੈ। ਇਉਂ ਉਪਰੋਕਤ ਪ੍ਰਾਚੀਨ ਭਾਰਤੀ ਵਿਚਾਰਧਾਰਾ ਅਨੁਸਾਰ ਪ੍ਰਕਿਰਤੀ ਦੇਵ - ਰੂਪ, ਬ੍ਰਹਮ ਦੀ ਸਿਰਜਨਾਤਮਿਕ ;ਕਤੀ, ਮਾਇਆ, ਜਗਤ, ਸ੍ਰਿਸ਼ਟੀ, ਪਰਮ - ਸੱਤਾ ਦਾ ਵਿਅੰਕਤ ਰੂਪ ਅਤੇ ਪੁਰਸ਼ੋਤਮ ਦੀ ਕਿਰਤ ਆਦਿ, ਅਨੇਕ ਸਰੂਪਾਂ ਵਿਚ ਵਿਚਾਰੀ ਗਈ ਹੈ।

ਅਭਾਰਤੀ ਮੱਤਾਂ ਵਿਚੋਂ ਵਿਸ਼ੇਸ਼ ਕਰਕੇ ਇਸਲਾਮ, ਇਸਾਈ, ਯਹੂਦੀ ਅਤੇ ਜਰੁੱਤਸ਼ਤ[3] ਮੱਤ ਵਰਨਣਯੋਗ ਹਨ। ਇਨ੍ਹਾਂ ਮੱਤਾਂ ਅਨੁਸਾਰ ਥੋੜ੍ਹੀ ਬਹੁਤੀ ਭਿੰਨਤਾ ਨਾਲ ਪ੍ਰਕਿਰਤੀ ਨੂੰ ਪ੍ਰਮਾਤਮਾ ਦੀ ਰਚਨਾ ਹੀ ਮੰਨਿਆ ਗਿਆ ਹੈ। ਇਥੇ ਇਹ ਵੀ ਵਰਨਣ ਯੋਗ ਹੈ ਕਿ ਅਭਾਰਤੀ ਮੱਤਾਂ ਵਿਚੋਂ ਇਸਲਾਮ ਮੱਤ ਪ੍ਰਕਿਰਤੀ ਦੇ ਸੀਮਿਤ ਸਰੂਪ ਦੀ ਵਿਆਖਿਆ ਕਰਦਾ ਹੋਇਆ ਇਸ ਨੂੰ ਸੱਤ ਅਕਾਸ਼ਾਂ ਅਤੇ ਸੱਤ ਪਾਤਾਲਾਂ ਤੱਕ ਸੀਮਿਤਬੱਧ ਕਰਦਾ ਹੈ। ਇਥੇ ਇਹ ਦਸਣਾ ਵੀ ਉਚਿਤ ਜਾਪਦਾ ਹੈ ਕਿ ਅਭਾਰਤੀ ਮੱਤਾਂ ਵਿਚੋਂ ਇਸਲਾਮ ਤੋਂ ਬਿਨ੍ਹਾਂ ਇਸਾਈ ਯਹੂਦੀ ਅਤੇ ਜਰੁੱਤਸ - ਮੱਤਾਂ ਵਿਚ ਪ੍ਰਕਿਰਤੀ ਸਰੂਪ ਦੀ ਕੋਈ ਨਿਸ਼ਚਤ ਤੇ ਵਿਸਤਰਤ ਵਿਆਖਿਆ ਉਪਲਬਧ ਨਹੀਂ ਹੈ। ਇਨ੍ਹਾਂ ਮੱਤਾਂ ਦੇ ਟਾਕਰੇ ਵਿਚ ਗੁਰੂ ਨਾਨਕ ਸਾਹਿਬ ਦੀ ਪ੍ਰਕਿਰਤੀ ਧਾਰਨਾ ਵੱਖਰੀ ਕਿਸਮ ਦੀ ਹੈ। ਜਿਥੇ ਇਸਲਾਮ

ਪ੍ਰਕਿਰਤੀ ਦੇ ਪਸਾਰੇ ਨੂੰ ਸੱਤ ਅਕਾਸ਼ਾਂ ਤੇ ਸੱਤ ਪਤਾਲਾਂ ਤੱਕ ਸੀਮਿਤ ਮੰਨਦਾ ਹੈ ਉਥੇ ਗੁਰੂ ਨਾਨਕ ਦੀ ਪ੍ਰਕਿਰਤੀ ਆਪਣੇ ਸਿਰਜਣਹਾਰੇ ਬ੍ਰਹਮ ਵਾਂਗ ਅਸੀਮ ਤੇ ਅਨੰਤ ਹੈ। ਗੁਰਵਾਕ ਹੈ :

ਪਤਾਲਾ ਪਤਾਲ ਲਖ ਅਗਾਸਾ ਅਗਾਸ।।
ਓੜਕਿ ਓੜਕਿ ਭਾਲਿ ਥਕੇ ਵੇਦਿ ਕਹਨਿ ਇਕ ਵਾਤੁ।।

ਜਿਥੇ ਉਪਰੋਕਤ ਅਭਾਰਤੀ ਮੱਤਾਂ ਵਿਚ ਪ੍ਰਕਿਰਤੀ ਦੇ ਸਰੂਪ ਦੀ ਕੋਈ ਨਿਸ਼ਚਤ ਤੇ ਨਿਰੋ-ਬੱਧ ਵਿਆਖਿਆ ਨਹੀਂ ਮਿਲਦੀ ਉਥੇ ਗੁਰੂ ਨਾਨਕ ਨੇ ਪ੍ਰਕਿਰਤੀ - ਸਰੂਪ ਦੀ ਨਿਯਮਕ / ਵਿਗਿਆਨਕ ਨਿਰੋਬੱਧ, ਤੇ ਵਿਸਤਾਰਤ ਵਿਆਖਿਆ ਕੀਤੀ ਹੈ। ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਨੂੰ ਬ੍ਰਹਮ ਦੀ ਰਚਨਾ, ਜਗਤ ਲੀਲਾ, ਖੇਲ, ਮਾਇਆ, ਮਾਂ (ਮਾਈ) ਪਸਾਰਾ ਆਦਿ, ਸਰੂਪਾਂ ਵਿਚ ਉਘਾੜਿਆ ਗਿਆ ਹੈ:

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।।

ਭਾਰਤੀ ਖਟ - ਦਰਸ਼ਨ ਅਤੇ ਗੁਰੂ ਨਾਨਕ ਬਾਣੀ ਦੇ ਪ੍ਰਕਿਰਤੀ ਸੰਕਲਪ ਦਾ ਤੁਲਨਾਤਮਿਕ ਵਿਵੇਚਨ :

ਭਾਰਤੀ ਅਧਿਆਤਮਿਕ ਸਾਹਿੱਤ ਵਿਚ ਖਟ - ਦਰਸ਼ਨ ਦਾ ਵਿਸ਼ੇਸ਼ ਤੇ ਮਹੱਤਵਪੂਰਨ ਸਥਾਨ ਹੈ। ਇਨ੍ਹਾਂ ਛੇਆਂ ਮੱਤਾਂ ਵਿਚੋਂ ਸਾਂਖ ਨੂੰ ਸਭ ਤੋਂ ਪੁਰਾਣਾ ਮੱਤ ਮੰਨਿਆ ਜਾਂਦਾ ਹੈ, ਇਸ ਦਾ ਜ਼ਿਕਰ ਉਪਨਿਸ਼ਦਾਂ ਵਿਚ ਵੀ ਮਿਲਦਾ ਹੈ। ਸਾਂਖ ਵਿਚ ਪ੍ਰਕਿਰਤੀ ਨੂੰ ਤ੍ਰੈਗੁਣਾਤਮਿਕ ਮੰਨਿਆ ਜਾਂਦਾ ਹੈ, ਅਤੇ ਇਸ ਦੇ ਨਾਲ ਹੀ ਇਹ ਮੱਤ ਪੁਰਸ਼ ਅਤੇ ਪ੍ਰਕਿਰਤੀ ਦੋਹਾਂ ਨੂੰ ਅਨਾਦੀ ਮੰਨਦਾ ਹੈ। ਗੁਰੂ ਨਾਨਕ ਸਾਹਿਬ ਅਨਾਦੀ ਕੇਵਲ ਪਰਮ - ਸੱਤ ਨੂੰ ਹੀ ਮੰਨਦੇ ਹਨ ਪਰ ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਨੂੰ ਪਰਮਾਤਮਾ ਦੀ ਅਧੀਨ ਸ਼ਕਤੀ ਜਾਂ ਉਤਪੰਨ ਸ਼ਕਤੀ ਦੇ ਰੂਪ ਵਿਚ ਜ਼ਰੂਰ ਵਰਨਣ ਕੀਤਾ ਗਿਆ ਹੈ। ਸਾਂਖ ਵਾਂਗ ਗੁਰੂ ਨਾਨਕ ਦੀ ਪ੍ਰਕਿਰਤੀ ਤ੍ਰੈਗੁਣਾਤਮਿਕ ਜ਼ਰੂਰ ਹੈ ਪਰ ਅਨਾਦੀ ਨਹੀਂ। ਗੁਰੂ ਨਾਨਕ ਅਨੁਸਾਰ ਕਾਦਰ ਦਾ ਸਮੁੱਚਾ ਪਸਾਰਾ ਹੀ ਪ੍ਰਕਿਰਤੀ ਹੈ ਅਤੇ ਇਹ ਪਸਾਰਾ ਕਾਦਰ ਦੇ ਹੁਕਮ ਅਧੀਨ ਹੀ ਵਿਚਰਦਾ ਹੈ।

ਯੋਗ - ਸ਼ਾਸਤ੍ਰ, ਪ੍ਰਕਿਰਤੀ ਨੂੰ ਮਨੁੱਖੀ ਇੰਦਰੀਆਂ ਦਾ ਸੰਸਾਰ ਮੰਨਦਾ ਹੈ। ਇਹ ਮੱਤ ਸਾਂਖ ਮੱਤ ਦਾ ਹੀ ਭਾਗ ਹੈ, ਅੰਤਰ ਕੇਵਲ ਇਤਨਾ ਹੈ ਕਿ ਜਿਥੇ ਸਾਂਖ ਨਾਸਤਕ ਹੈ, ਉਥੇ ਯੋਗ ਆਸਤਕ ਹੈ। ਯੋਗ, ਪਿੰਡ ਅਤੇ ਅਪਿੰਡ ਦੇ ਸੰਜੋਗ ਦਾ ਕਰਤਾ ਈਸ਼ਵਰ ਨੂੰ ਮੰਨਦਾ ਹੈ, ਤੇ ਪ੍ਰਕਿਰਤੀ ਦੇ ਆਂਤਰਿਕ ਸਰੂਪ ਨੂੰ ਹੀ ਵਰਨਣ ਕਰਦਾ ਹੈ। ਗੁਰੂ ਨਾਨਕ ਬਾਣੀ ਵਿਚ ਕੇਵਲ ਪ੍ਰਕਿਰਤੀ ਦਾ ਆਂਤਰਿਕ ਸਰੂਪ ਹੀ ਨਹੀਂ ਸਗੋਂ ਬਾਹਰੀ ਸਰੂਪ ਬੜੇ ਸੁੰਦਰ ਤੇ ਵਿਸਤ੍ਰਿਤ ਢੰਗ ਨਾਲ ਨਿਰੂਪਣ ਕੀਤਾ ਗਿਆ ਹੈ।

ਨਿਆਏ ਤੇ ਵਿਸ਼ੇਸ਼ਨ ਦੇ ਵੱਖ ਵੱਖ ਪਰ - ਸਮਾਨ-ਅੰਤਰ ਪ੍ਰਣਾਲੀਆਂ ਹਨ। ~~ਇਹ [illegible]~~ ਨਿਆਏ ਵਿਸ਼ੇਸ਼ਕ ਪ੍ਰਕਿਰਤੀ ਨੂੰ ਅਣੂ - ਪ੍ਰਮਾਣੂ ਰੂਪ ਵਿਚ ਲੈਂਦਾ ਹੋਇਆ ਅਨੇਕ ਜੀਵਾਂ ਤੇ ਪ੍ਰਮਾਣੂਆਂ ਨੂੰ ਅਨਾਦੀ ਮੰਨਦਾ ਹੈ। ਸਮੁੱਚੇ ਰੂਪ ਵਿਚ ਆਖ ਸਕਦੇ ਹਾਂ ਕਿ ਨਿਆਏ - ਵਿਸ਼ੇਸ਼ਕ - ਪ੍ਰਕਿਰਤੀ ਦੇ ਅਧਿਆਤਮਿਕ ਨਹੀਂ ਸਗੋਂ ਪਦਾਰਥਕ ਸਰੂਪ ਨੂੰ ਵਧੇਰੇ ਮਹੱਤਵ ਦਿੰਦਾ ਹੈ। ਇਸ ਦੇ ਵਿਪਰੀਤ ਗੁਰੂ ਨਾਨਕ ਸਾਹਿਬ, ਪ੍ਰਕਿਰਤੀ ਦੇ ਪਦਾਰਥਕ ਪੱਖ ਦੀ ਕੋਈ ਅਹਿਮੀਅਤ ਨਹੀਂ ਰੱਖਦੇ ਸਗੋਂ ਪ੍ਰਕਿਰਤੀ ਦੇ ਅਧਿਆਤਮਿਕ ਸਰੂਪ ਨੂੰ ਹੀ ਮਹੱਤਵ ਦਿੰਦੇ ਹਨ, ਇਥੋਂ ਤੱਕ ਕਿ ਗੁਰੂ ਸਾਹਿਬ, ਪ੍ਰਕਿਰਤੀ ਨੂੰ ਨਿਰਗੁਣ ਪ੍ਰਭੂ ਦਾ ਸਾਕਾਰ ਰੂਪ ਮੰਨਦੇ ਹਨ :

> ਆਪੀਨੈ ਆਪੁ ਸਾਜਿਓ,
> ਆਪੀਨੈ ਰਚਿਓ ਨਾਉ॥
> ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

ਮੀਮਾਂਸਾ ਦਰਸ਼ਨ ਦੇ ਦੋ ਭਾਗ ਹਨ, ਪੂਰਵ ਮੀਮਾਂਸਾ ਤੇ ਉਤਰ - ਮੀਮਾਂਸਾ। ~~ਪੂਰਵ ਮੀਮਾਂਸਾ ਕਰਮਕਾਂਡੀ ਮੱਤ ਹੈ ਜਦੋਂ ਕਿ ਉਤਰ - ਮੀਮਾਂਸਾ, ਆਤਮਾ ਤੇ ਪਰਮਾਤਮਾ ਦੇ ਸੰਦਰਭ ਵਿਚ ਪ੍ਰਕਿਰਤੀ ਦੀ [illegible] ਰੂਪ ਵਿਆਖਿਆ ਕਰਦਾ ਹੈ। ਇਸ ਦੇ ਮੁਕਾਬਲੇ ਗੁਰੂ ਨਾਨਕ ਬਾਣੀ ਨੇ ਪ੍ਰਕਿਰਤੀ ਨੂੰ [illegible] ਅਤੇ ਪਰਮ - ਸੱਤ ਦੀ ਸਿਰਜ - ਰਚਨਾ ਸਵੀਕਾਰ ਕੀਤਾ ਹੈ।~~

ਭਾਰਤੀ ਖੱਟ - ਦਰਸ਼ਨ ਵਿਚੋਂ (ਉੱਤਰ-ਮੀਮਾਂਸਾ) ਵੇਦਾਂਤ ਸਭ ਤੋਂ ਵਧੇਰੇ ਮਹੱਤਵ - ਪੂਰਨ ਮੱਤ ਹੈ, ਜਿਸ ਵਿਚ ਬ੍ਰਹਮ ਪ੍ਰਕਿਰਤੀ ਅਤੇ ਮਨੁੱਖ ਦੇ ਸੰਬੰਧ ਵਿਚ ਬਹੁ - ਪੱਖੀ ਵਿਆਖਿਆ ਪ੍ਰਾਪਤ ਹੈ। ਇਥੇ ਸਾਡਾ ਸਬੰਧ ਕੇਵਲ ਪ੍ਰਕਿਰਤੀ ਨਾਲ ਹੈ। ਵੇਦਾਂਤ ਨੇ ਪ੍ਰਕਿਰਤੀ ਦੇ ਸੂਖਮ ਤੇ ਸਥੂਲ ਦੋਹਾਂ ਸਰੂਪਾਂ ਨੂੰ ਵਰਨਣ ਕੀਤਾ ਹੈ ਪਰ ਇਥੇ ਇਹ ਦੱਸਣਾ ਅਤੀ ਆਵੱਸ਼ਕ ਜਾਪਦਾ ਹੈ ਕਿ ਇਹ ਮੱਤ ਪ੍ਰਕਿਰਤੀ ਨੂੰ ਪ੍ਰਭੂ ਦੀ ਸਹਿਯੋਗੀ ਰਚਨਾ ਦੇ ਰੂਪ ਵਿਚ ਲੈਂਦਾ ਹੈ। ਵੇਦਾਂਤ ਅਨੁਸਾਰ ਪ੍ਰਕਿਰਤੀ ਦੁਆਰਾ ਪਰਮ - ਸੱਤ ਜਗਤ ਦੀ ਕਾਰ - ਵਿਹਾਰਤਾ ਨੂੰ ਚਲਾਉਂਦਾ ਹੈ। ਵੇਦਾਂਤ ਨੇ ਪ੍ਰਕਿਰਤੀ ਤੇ ਪਰਮ - ਸੱਤ ਦੇ ਆਪਸੀ - ਸਬੰਧਾਂ ਦੀ ਕੋਈ ਵਿਆਖਿਆ ਨਹੀਂ ਕੀਤੀ। ਵੇਦਾਂਤ ਅਨੁਸਾਰ ਪ੍ਰਕਿਰਤੀ ਪ੍ਰਭੂ ਦੀ ਸਿਰਜਨਾਤਮਿਕ ਤੇ ਸਮਰਥਕ ਸ਼ਕਤੀ ਹੈ, ਗੁਰੂ ਨਾਨਕ ਪ੍ਰਕਿਰਤੀ ਨੂੰ ਪ੍ਰਭੂ ਦੀ ਸਿਰਜਨਾਤਮਿਕ ਸ਼ਕਤੀ ਤਾਂ ਮੰਨਦੇ ਹਨ ਪਰ ਇਸ ਨੂੰ ਪ੍ਰਭੂ ਦੀ ਸਹਿਯੋਗੀ - ਸ਼ਕਤੀ ਦੇ ਰੂਪ ਵਿਚ ਕਿਸੇ ਵੱਖਰੀ ਹੋਂਦ ਦੀ ਲਖਾਇਕ ਨਹੀਂ ਮੰਨਦੇ ਸਗੋਂ ਇਸ ਨੂੰ ਬ੍ਰਹਮ ਦੀ ਸਿਰਜੀ ਹੋਈ ਪਰਿਵਰਤਨਸ਼ੀਲ ਰਚਨਾ ਮੰਨਦੇ ਹਨ।

ਸਮੁੱਚੇ ਰੂਪ ਵਿਚ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਦਾ ਬੜਾ ਵਿਆਪਕ, ਵਿਸ਼ਾਲ ਤੇ ਵਿਸਤ੍ਰਿਤ ਵਰਨਣ ਕੀਤਾ ਗਿਆ ਹੈ। ਸੰਸਾਰਕ ਅਤੇ ਅਧਿਆਤਮਿਕ ਦੋਹਾਂ ਸਰੂਪਾਂ ਵਿਚ ਪ੍ਰਕਿਰਤੀ ਨੂੰ ਨਿਰੂਪਣ ਕੀਤਾ ਗਿਆ ਹੈ। ਗੁਰੂ ਨਾਨਕ ਬਾਣੀ ਅਨੁਸਾਰ ਕਾਦਰ ਦੀ ਹਰ ਵਸਤੂ - ਪਦਾਰਥ, ਜੀਵ - ਜੰਤੂ ਬਨਸਪਤੀ, ਖੰਡ, ਮੰਡਲ, ਬ੍ਰਹਿਮੰਡ, ਦ੍ਰਿਸ਼ਟ ਅਤੇ ਅਦ੍ਰਿਸ਼ਟ ਸਭ ਕੁੱਝ ਪ੍ਰਕਿਰਤੀ ਹੈ ਅਤੇ ਕਾਦਰ ਖੁਦ ਇਸ ਪ੍ਰਕਿਰਤੀ ਵਿਚ ਰਮਿਆ ਹੋਇਆ ਹੈ।

ਇਥੇ ਵਿਸ਼ੇਸ਼ ਤੌਰ ਤੇ ਸਾਨੂੰ ਇਸ ਸਿੱਟੇ ਤੇ ਪੁੱਜਣ ਵਿਚ ਗੌਰਵ ਮਹਿਸੂਸ ਹੋ ਰਿਹਾ ਹੈ ਕਿ ਗੁਰੂ ਨਾਨਕ - ਬਾਣੀ ਵਿਚ ਪ੍ਰਕਿਰਤੀ ਦਾ ਸਰੂਪ ਆਪਣੇ ਤੋਂ ਪਹਿਲਾਂ ਹੋਏ ਭਾਰਤੀ ਤੇ ਅਭਾਰਤੀ ਮੱਤਾਂ ਦੇ ਟਾਕਰੇ ਤੇ ਵਿਗਿਆਨਿਕ ਤੇ ਮੌਲਿਕ ਦ੍ਰਿਸ਼ਟੀਕੋਨ ਦਾ ਲਖਾਇਕ ਹੈ। ਗੁਰੂ ਸਾਹਿਬ ਦੀ ਪ੍ਰਕਿਰਤੀ ਦੀ ਹੋਂਦ ਸਬੰਧੀ ਵਿਚਾਰਧਾਰਾ ਮੌਲਿਕ ਤੇ ਨਵੀਨ ਹੈ।

ਪ੍ਰਕਿਰਤੀ ਸਬੰਧੀ ਜਿਹੜੀਆਂ ਅਨੇਕਾਂ ਵਿਗਿਆਨਕ ਉਪਲਬਧੀਆਂ ਹਨ, ਉਨ੍ਹਾਂ ਨੂੰ ਗੁਰੂ ਜੀ ਨੇ ਪੰਜ ਸੌ ਸਾਲ ਪਹਿਲਾਂ ਆਪਣੇ ਤੀਖਣ ਅਨੁਭਵ ਦੁਆਰਾ ਜਾਣ ਲਿਆ ਸੀ। ਅੱਜ ਵਿਗਿਆਨੀ ਆਪਣੀਆਂ ਖੋਜਾਂ ਦੁਆਰਾ ਪ੍ਰਕਿਰਤੀ ਦੀਆਂ ਗਿਣਤੀ - ਯੋਗ ਗੁੰਝਲਾਂ ਨੂੰ ਖੋਲ੍ਹਣ ਵਿਚ ਹੀ ਸਮਰੱਥ ਹੋਏ ਹਨ ਪਰ ਗੁਰੂ ਨਾਨਕ ਸਾਹਿਬ ਨੇ ਪ੍ਰਕਿਰਤੀ ਦਾ ਅਨੰਤ ਤੇ ਅਸੀਮਤਾ ਨੂੰ ਰੂਪਮਾਨ ਕਰਦਿਆਂ ਹੋਇਆਂ ਇੰਜ ਫੁਰਮਾਇਆ ਹੈ :

ਤਿਥੈ ਖੰਡ ਮੰਡਲ ਵਰਭੰਡੁ
ਜੇ ਕੋ ਕਥੈ ਤ ਅੰਤੁ ਨਾ ਅੰਤੁ।।

ਭਾਵ ਇਹ ਕਿ ਗੁਰੂ ਨਾਨਕ - ਬਾਣੀ ਵਿਚ ਪ੍ਰਕਿਰਤੀ ਦੀ ਅਨੇਕ ਸਰੂਪਾਂ ਦੁਆਰਾ ਵਿਆਖਿਆ ਕੀਤੀ ਗਈ ਹੈ। ਗੁਰੂ ਨਾਨਕ ਸਾਹਿਬ ਦੀ ਪ੍ਰਕਿਰਤੀ ਸੂਖਮ ਵੀ ਹੈ ਸਥੂਲ ਵੀ।

ਅੰਤਿਮ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਬਾਣੀ ਦਾ ਪ੍ਰਕਿਰਤੀ- ਸੰਕਲਪ ਅਧਿਆਤਮਿਕ ਦ੍ਰਿਸ਼ਟੀਕੋਨ ਦਾ ਲਖਾਇਕ ਹੈ :

ਬਲਿਹਾਰੀ ਕੁਦਰਤਿ ਵਸਿਆ
ਤੇਰਾ ਅੰਤੁ ਨਾ ਜਾਇ ਲਖਿਆ।।

# ਪੁਸਤਕ - ਸੂਚੀ

## ਪੰਜਾਬੀ ਪੁਸਤਕਾਂ


| | | |
|---|---|---|
| ਆਦਿ ਗ੍ਰੰਥ ਸਾਹਿਬ | (ਸਤਰੀ ਬੀੜ) | ਅੰਮ੍ਰਿਤਸਰ - ਭਾਈ ਜਵਾਹਰ ਸਿੰਘ ਚਤਰ ਸਿੰਘ |
| ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ | - | ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ |
| ਅਤਰ ਸਿੰਘ ਕਾਹਲੋਂ (ਡਾ:) | ਆਦਿ ਗ੍ਰੰਥ ਦੇ ਗੁਰੂ-ਕਾਵਿ ਵਿਚ ਮਾਇਆ ਦਾ ਸੰਕਲਪ | ਥੀਸਿਸ |
| ਸਰਦੂਲ ਸਿੰਘ, ਕਵੀਸ਼ਰ | ਸਿੱਖ ਧਰਮ ਦਰਸ਼ਨ ਸੰਪਾਦਿਕ ਡਾ: ਵਜ਼ੀਰ ਸਿੰਘ | ਪਟਿਆਲਾ - ਪੰਜਾਬੀ ਯੂਨੀ: 1969 |
| ਸ਼ੇਰ ਸਿੰਘ (ਡਾ:) | ਗੁਰਮੱਤ ਦਰਸ਼ਨ | ਲੁਧਿਆਣਾ - ਲਾਹੌਰ ਬੁੱਕ ਸ਼ਾਪ 1963 |
| ਸਾਹਿਬ ਸਿੰਘ (ਪ੍ਰੋ:) | ਸਲੋਕ ਫਰੀਦ | —— |
| - | ਸ਼ਬਦਾਰਥ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ | ਪਟਿਆਲਾ, ਭਾਸ਼ਾ ਵਿਭਾਗ, 1970 |
| ਸ਼ਾਂਤੀ ਨਾਥ ਗੁਪਤਾ (ਡਾ:) | ਭਾਰਤੀ ਦਰਸ਼ਨ | ਚੰਡੀਗੜ੍ਹ, ਯੂਨੀ: ਟੈਕਸਟ ਬੁੱਕ ਬੋਰਡ, 1974 |
| ਸਤਿੰਦਰ ਸਿੰਘ (ਡਾ:) | ਗੁਰੂ ਨਾਨਕ ਕਾਵਿ-ਅਧਿਐਨ | —— |
| ਸੂਰੀ, ਕਰਤਾਰ ਸਿੰਘ (ਡਾ:) | ਗੁਰੂ ਅਰਜਨ ਦੇਵ ਅਤੇ ਸੰਤ ਦਾਦੂ ਦਿਆਲ | ਚੰਡੀਗੜ੍ਹ, ਪੰਜਾਬੀ ਲੇਖਕ ਸਦਨ, 1969 |
| ਕੋਹਲੀ, ਸੁਰਿੰਦਰ ਸਿੰਘ (ਡਾ:) (ਸੰਪਾਦਕ) | ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ- ਕਲਾ | ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ 1969 |
| ਕਾਨ੍ਹ ਸਿੰਘ, ਨਾਭਾ (ਭਾਈ) | ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ | ਪਟਿਆਲਾ, ਭਾਸ਼ਾ ਵਿਭਾਗ, 1960 |

| | | |
|---|---|---|
| ਕਿਸ਼ਨ ਸਿੰਘ (ਪ੍ਰੋ:) | ਗੁਰਮੱਤ ਪ੍ਰਭਾਕਰ | ਪਟਿਆਲਾ, ਭਾਸ਼ਾ ਵਿਭਾਗ, 1970 |
| ਕਸੇਲ, ਕ੍ਰਿਪਾਲ ਸਿੰਘ, ਪ੍ਰਮਿੰਦਰ ਸਿੰਘ (ਡਾ:) | ਪੰਜਾਬੀ ਸਾਹਿੱਤ ਦੀ ਉਤਪਤੀ ਤੇ ਵਿਕਾਸ | |
| ਗੁਪਾਲ ਸਿੰਘ (ਡਾ:) | ਗੁਰੂ ਗਰੰਥ ਸਾਹਿਬ ਦੀ ਸਾਹਿੱਤਕ ਵਿਸ਼ੇਸ਼ਤਾ | ਦਿੱਲੀ, ਪੰਜਾਬੀ ਅਕਾਡਮੀ, 1958 |
| ਗੁਰਚਰਨ ਸਿੰਘ (ਡਾ:) | ਆਦਿ ਗਰੰਥ ਸ਼ਬਦ ਅਨੁਕ੍ਰਮਣਿਕਾ | ਪਟਿਆਲਾ, ਪੰਜਾਬੀ ਯੂਨੀ: 1977 |
| ਗੁਰਦੇਵ ਸਿੰਘ (ਡਾ:) | ਪੰਜਾਬੀ ਕਾਵਿ ਵਿਚ ਪ੍ਰਕਿਰਤੀ - ਚਿਤ੍ਰਣ | ਪਟਿਆਲਾ, ਭਾਸ਼ਾ ਵਿਭਾਗ |
| | ਗੁਰੂ ਨਾਨਕ ਵਿਚਾਰ ਤੇ ਕਾਵਿ ਕਲਾ | |
| ਗੁਪਾਲ ਸਿੰਘ (ਡਾ:) | ਪੰਜਾਬੀ ਸਾਹਿੱਤ ਦਾ ਇਤਿਹਾਸ | |
| ਗੁਰਚਰਨ ਸਿੰਘ (ਮਹਿਤਾ) | ਭਾਈ ਵੀਰ ਸਿੰਘ ਦੀ ਕਵਿਤਾ | ਪਟਿਆਲਾ, ਭਾਸ਼ਾ ਵਿਭਾਗ |
| ਗੁਰੂ ਗੋਬਿੰਦ ਸਿੰਘ ਜੀ | ਚੋਪਈ | |
| ਜੱਗੀ, ਰਤਨ ਸਿੰਘ (ਡਾ:) | ਗੁਰੂ ਨਾਨਕ ਦੀ ਵਿਚਾਰਧਾਰਾ | ਦਿੱਲੀ, ਨਵਯੁਗ ਪਬਲਿਸ਼ਰਜ਼, 1969 |
| ਜੋਧ ਸਿੰਘ (ਭਾਈ) | ਗੁਰਮਤ ਨਿਰਣਯ ਭਗਤੀ ਰਤਨਾਕਰ | ਲੁਧਿਆਣਾ, ਲਾਹੌਰ ਬੁੱਕ ਸ਼ਾਪ, 1962 |
| ਤਾਰਨ ਸਿੰਘ (ਡਾ:) | ਗੁਰੂ ਨਾਨਕ ਚਿੰਤਨ ਤੇ ਕਲਾ | ਅੰਮ੍ਰਿਤਸਰ, ਕਸਤੂਰੀ ਲਾਲ ਐਂਡ ਸਨਜ਼, 1969 |
| | ਪੰਜਾਬੀ ਸਾਹਿੱਤ ਦੇ ਮੁਢਲੇ ਸੋਮੇ | ਪਟਿਆਲਾ, ਭਾਸ਼ਾ ਵਿਭਾਗ, 1961 |
| ਦੀਪ, ਦਲੀਪ ਸਿੰਘ (ਡਾ:) | ਜਪੁਜੀ - ਇਕ ਤੁਲਨਾਤਮਿਕ ਅਧਿਐਨ | ਦਿੱਲੀ, ਪੰਜਾਬੀ ਬੁੱਕ ਸਟੋਰ, 1969 |
| | ਕਾਵਿ ਬਿੰਬ | ਚੰਡੀਗੜ੍ਹ, ਯੂਨੀ: ਟੈਕਸਟ ਬੁੱਕ ਬੋਰਡ - 1982 |

| | | |
|---|---|---|
| ਦੀਵਾਨ ਸਿੰਘ (ਡਾ:) | ਕਬੀਰ ਦਰਸ਼ਨ | ਲੁਧਿਆਣਾ, ਲਾਹੌਰ ਬੁੱਕ ਸ਼ਾਪ, 1973 |
| ਪ੍ਰੀਤਮ ਸਿੰਘ (ਪ੍ਰੋ:) | ਸਿੱਖ ਵਿਚਾਰਧਾਰਾ | ਅੰਮ੍ਰਿਤਸਰ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, 1960 |
| ਪ੍ਰੇਮ ਪ੍ਰਕਾਸ਼ ਸਿੰਘ (ਡਾ:) | ਗੁਰੂ ਨਾਨਕ ਤੇ ਨਿਰਗੁਣ ਧਾਰਾ | ਪਟਿਆਲਾ, ਭਾਸ਼ਾ ਵਿਭਾਗ, 1975 |
| ਬੇਦੀ, ਕਲਾ ਸਿੰਘ (ਡਾ:) | ਗੁਰੂ ਨਾਨਕ ਦਰਸ਼ਨ | ਦਿੱਲੀ, ਪੰਜਾਬੀ ਪ੍ਰਕਾਸ਼ਨ 1965 |
| | ਗੁਰੂ ਨਾਨਕ ਕਾਵਿ-ਚਿਤ੍ਰਣ | |
| ਭਗਤ ਸਿੰਘ (ਹੀਰਾ) | ਗੁਰਮੱਤ ਵਿਚਾਰਧਾਰਾ, | ਦਿੱਲੀ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, 1969 |
| ਭਗਤ ਸਿੰਘ (ਗਿਆਨੀ) | ਉਪਦੇਸ਼ ਸਾਗਰ | |
| ਮਨਮੋਹਨ ਸਿੰਘ (ਡਾ:) | ਗੁਰੂ ਨਾਨਕ ਤੇ ਭਗਤੀ ਅੰਦੋਲਨ | ਨਵੀਂ ਦਿੱਲੀ, ਮਨਦੀਪ ਪ੍ਰਕਾਸ਼ਨ 1969 |
| ਮੋਹਨ ਸਿੰਘ (ਡਾ:) | ਪੰਜਾਬੀ ਭਾਖਾ ਵਿਗਿਆਨ ਤੇ ਗੁਰਮੱਤ ਗਿਆਨ | |
| ਰਾਮ ਸਿੰਘ (ਪ੍ਰੋ:) | ਗੁਰੂ ਨਾਨਕ ਦੀ ਸੁਹਜ-ਕਲਾ | ਅੰਮ੍ਰਿਤਸਰ, ਸਿੰਘ ਬ੍ਰਦਰਜ਼ 1968 |
| | ਜਪੁਜੀ ਦਾ ਵਿਸ਼ਾ-ਵਸਤੂ | |
| ਰਾਜਿੰਦਰ ਕੌਰ | ਭਾਈ ਗੁਰਦਾਸ ਦੀਆਂ ਵਾਰਾਂ ਦਾ ਸਾਹਿੱਤਕ ਅਧਿਐਨ | ਨਿਊ ਬੁੱਕ ਕੰਪਨੀ 1971 |
| ਵੀਰ ਸਿੰਘ (ਭਾਈ) | ਗੁਰਮੱਤ ਦਰਸ਼ਨ | |

ਖੋਜ ਪੱਤ੍ਰਿਕਾ ਅੰਕ

| | | |
|---|---|---|
| ਪੰਜਾਬੀ ਦੁਨੀਆਂ | ਗੁਰੂ ਨਾਨਕ ਅੰਕ | ਪਟਿਆਲਾ, ਭਾਸ਼ਾ ਵਿਭਾਗ 1969 |
| ਖੋਜ ਪੱਤ੍ਰਿਕਾ | ਗੁਰੂ ਨਾਨਕ ਵਿਸ਼ੇਸ਼ ਅੰਕ | ਪਟਿਆਲਾ, ਪੰਜਾਬੀ ਯੂਨੀਵਰਸਿਟੀ, 1969 |

| | | |
|---|---|---|
| ਪਰਖ | ਗੁਰੂ ਨਾਨਕ ਸਿਮ੍ਰਿਤੀ ਅੰਕ | ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1969 |
| ਆਲੋਚਨਾ | ਗੁਰੂ ਨਾਨਕ ਵਿਸ਼ੇਸ਼ ਅੰਕ | ਲੁਧਿਆਣਾ, ਪੰਜਾਬੀ ਸਾਹਿਤ ਅਕਾਡਮੀ, 1969 |
| ਨਾਨਕ ਪ੍ਰਕਾਸ਼ ਪੱਤ੍ਰਿਕਾ | ਗੁਰੂ ਨਾਨਕ ਵਿਸ਼ੇਸ਼ ਅੰਕ | ਪਟਿਆਲਾ, ਪੰਜਾਬੀ ਯੂਨੀਵਰਸਿਟੀ, 1969 |

**ਅੰਗਰੇਜ਼ੀ ਪੁਸਤਕਾਂ**

| | | |
|---|---|---|
| Aurobindo, Shri | The Life Divine Vol. 18th | Pondichery, G.I, Aurobindo Ashram, 1970 & 1972 |
| Alexander Herzen's Selected Philosophical Works | | Moscow, 1956 |
| Bahm J. Archie | World's Living Religions | ——— |
| Banerji, A.K. | Discourses on Hindu Spiritual Culture, Vol.II | Sikandrabad-U.P. Rama Ashram, Satsang Publication, 1971. |
| **Bible** | | |
| Brown, J.Stephen | The world of Imagery | ——— |
| C.D. Lewis | The Poetic Image | London, Jonathan, Cape Thirty Bedford, Square 1961 |
| Chamber's Twentieth Century Dictionary | | |
| Dass Gupta, S.N. | A History of Indian Philosophy Vol.II | Cambridge Uni. Press, 1957 |
| Darshan Singh (Dr.) | The Religion of Guru Nanak | Ludhiana, Lyall Book Depot, 1970 |

| | | |
|---|---|---|
| Buntton, T.W. | Encyclopaedia Britanica | |
| E.W.F. Tomlin | Great Philosophers of the West | |
| Edmund Blunden | Nature in English Literature | |
| Ernest Trumpp | The Adi Granth | London, Ist. Ed. 1877 |
| Encyclopaedia of Britanica | | |
| English - Panjabi Dictionary | | Chandigarh, Pb.Uni. Text Book Board, 1982 |
| F.E. Spurgeon, Carolin | Mysticism in English Literature | |
| George Allen | A History of Aesthetics | |
| Gough, A.E. | Philosophy of Upnishad | Delhi, ESS ESS Publication, 1975 |
| Greenlees Duncan | The Gospel of Narda | Madras - Theosophical Publishing House, 1971 |
| Hulme, T.E. | Speculation | London, Rout Ledge & Kegan Paul, 2nd Ed. 1949 |
| Hastings James | Encyclopaedia of Religion & ethics | New York, 1972 |
| Hymns of Rigveda | | |
| Jinarja Dasa, C | The Nature of Mysticism | |
| J.N. Farguhar | The Outlines of the Religious Literature of India | Delhi, Moti Lal Banarsi Dass, 1967 |

| | | |
|---|---|---|
| Kohli, Surinder Singh( Dr.) | A Critical Study of Adi Granth | Delhi Pbi. Writer's Coop. Society, 1961 |
| ——— | Outlines of Sikh Thought | New Delhi, 1966 |
| ——— | Philosophy of Guru Nanak | Chandigarh, P.U.1969 |
| Lewis, C.D. | Poetic Image | ——— |
| Mascall, C.L. | Words & Image | ——— |
| Oxford Dictionary | | |
| Quran | | |
| Russel, Bertrand | Mysticism & Logic and Other Essays | |
| Rudolt -otto | Mysticism in East & West | |
| Ranade | Constructive Survey of upnishdik Philosophy | |
| Sarsvati, Channa Kesvan | The Concept of Mind in Indian Philosophy | New York, Asia Publishing House, 1960 |
| Sharma, Chandradher | A Critical Survey of Indian Philosophy | Delhi, Moti Lal Banasi Dass, 1964 |
| Siva Nand Swami, | The Concept of Mind | Siva Nanda Nagar( U.P.) Divine Light Society, 1968 |
| Shipley | Dictionary of World Literature | New York, 1940 |
| Sher Singh ( Dr.) | Philosophy of Sikhism | Jullundur, Sterling Publications, 1966 |

| | | |
|---|---|---|
| Underhill, Elnin | Mysticism | |
| Viveka Nand, Swami | Complete Works of Swami Viveka Nand Vol.II. | Calcutta, Advitta Ashram, 1958 |
| Webster's Third New Dictionary | | |
| Walse, C.M. | The Doctrine of Creation | 1910 |
| Wordsworth | English Critical Essays, 19th Century. | |

<u>ਹਿੰਦੀ ਪੁਸਤਕਾਂ</u>

| | | |
|---|---|---|
| ਅਮਰ ਕੋਸ਼ | ਰੇਖਾ ਸੰਸਕਰਣ | ਬੰਬਈ, 1915 |
| ਸਹਿਗਲ, ਮਨਮੋਹਣ (ਡਾ.) | ਸ੍ਰੀ ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਖਣ | ਪਟਿਆਲਾ, ਭਾਸ਼ਾ ਵਿਭਾਗ, 1971 |
| ਸ਼ਰਮਾ, ਹਰਬੰਸ ਲਾਲ (ਡਾ.) | ਭਾਰਤੀਯ ਦਰਸ਼ਨ ਪਰੰਪਰਾ ਔਰ ਆਦਿ ਗ੍ਰੰਥ | ਦਿੱਲੀ, ਨੈਸ਼ਨਲ ਪਬਲਿਸ਼ਿੰਗ ਹਾਊਸ, 1972 |
| ਸ਼ਰਮਾ, ਰਾਮ ਮੂਰਤੀ (ਡਾ.) | ਅਦਵੈਤ ਵੇਦਾਂਤ | ਦਿੱਲੀ, ਨੈਸ਼ਨਲ ਪਬਲਿਸ਼ਿੰਗ ਹਾਊਸ, 1972 |
| ਸ਼ਰਮਾ, ਮਹੀਧਰ, | ਗੋਰਖ ਬਾਣੀ (ਟੀਕਾ) | ਬੰਬਈ, 1960 |
| | ਹਿੰਦੀ ਕੋਸ਼ | |
| | ਹਿੰਦੀ ਸਾਹਿਤਯ ਕਾ ਇਤਿਹਾਸ | |
| | ਕੇਨ ਉਪਨਿਸ਼ਦ | |
| ਗੁਪਤਾ, ਕਿਰਣ ਕੁਮਾਰੀ | ਹਿੰਦੀ ਕਾਵਯ ਮੇਂ ਪ੍ਰਕ੍ਰਿਤੀ-ਚਿਤ੍ਰਣ | |
| - | ਸ੍ਰੀਮਦ ਭਗਵਤ ਗੀਤਾ | ਗੋਰਖਪੁਰ, ਗੀਤਾ ਪ੍ਰੈਸ, 1964 |
| ਗੋਬਿੰਦ ਤ੍ਰਿਗੁਣਾਇਤ (ਡਾ.) | ਹਿੰਦੀ ਕੀ ਨਿਰਗੁਣ ਕਾਵਿ-ਧਾਰਾ ਔਰ ਉਸ ਕੀ ਦਾਰਸ਼ਨਿਕ ਪਿਸ਼ਠ ਭੂਮੀ | |
| ਚਟੋਪਾਧਿਆਇ, ਸਤੀਸ਼ ਚੰਦਰ (ਡਾ.) | ਭਾਰਤੀ ਦਰਸ਼ਨ | |

| | | |
|---|---|---|
| ਦਵੇਦੀ, ਹਜਰੀ ਪ੍ਰਸਾਦਿ(ਡਾ:) | ਨਾਥ ਸੰਪ੍ਰਦਾਇ | ਵਾਰਾਨਸੀ, ਨਵੇਦਨ ਨਿਕੇਤਨ, 1966 |
| | ਕਬੀਰ - ਛੇਵਾਂ ਸੰਸਕਰਣ | |
| ਧਰਮਵੀਰ ਭਾਰਤੀ | ਸਿਧ ਸਾਹਿਤਅ | |
| | ਨਾਥ ਸਾਹਿਤਅ | |
| ਨਰਿੰਦਰ ਧੀਰ | ਸਿਧ - ਨਾਥ - ਏਕ ਵਿਵੇਚਨ | |
| ਪੰਤ, ਸੁਮਿਤਰਾ ਨੰਦ | ਪਲਵ | |
| ਬਾਗਚੀ, ਪ੍ਰਬੋਧ ਚੰਦਰ(ਡਾ:) | ਦੋਹਾ ਕੋਸ਼ | ਕਲਕੱਤਾ, 1938 |
| ਬ੍ਰਿਹਦਾਰਣਾਇਕ ਉਪਨਿਸ਼ਦ | | |
| ਬ੍ਰਹਮ ਉਪਨਿਸ਼ਦ | | |
| ਬਾਲਮੀਕ ਰਮਾਇਣ | | |
| ਬੜਥਵਾਲ, ਪਿਤਾਂਬਰ ਦੱਤ | ਗੋਰਖਬਾਣੀ | |
| | ਹਿੰਦੀ ਕਾਵਯ ਮੇਂ ਨਿਰਗੁਣ ਸੰਪਰਦਾਇ | |
| ਭਾਰਤ ਭੂਸ਼ਣ (ਪ੍ਰੋ:) | ਸਾਹਿਤਅਕਵਾਦ | |
| ਮਿਸ਼ਰ, ਜੈ ਰਾਮ(ਡਾ:) | ਸ੍ਰੀ ਗੁਰੂ ਗਰੰਥ ਦਰਸ਼ਨ | ਅਲਾਹਾਬਾਦ ਸਾਹਿਤਅ ਭਵਨ, 1960 |
| | ਨਾਨਕ ਬਾਣੀ | 2018 ਬਿਕਰਮੀ |
| ਮੁਨਸ਼ੀ ਰਾਮ ਸ਼ਰਮਾ(ਡਾ:) | ਭਕਤੀ ਕਾ ਵਿਕਾਸ | ਬਾਰਾਨਸੀ, 1958 |
| ਸੈਨੀ, ਧਰਮਪਾਲ(ਡਾ:) | ਸੰਤੋ ਕੇ ਧਾਰਮਿਕ ਵਿਸ਼ਵਾਸ | ਮਲੇਰਕੋਟਲਾ, ਨਵਜੋਤ ਪਬਲਿਸ਼ਰਜ਼, 1966 |
| ਮੁੰਡਕਪਨਿਸ਼ਦ | | |
| ਰਾਹੁਲ ਸਾਂਸਕ੍ਰਿਤਆਯਨ(ਪੰ) | ਦਰਸ਼ਨ ਦਿਗਦਰਸ਼ਨ | ਅਲਾਹਾਬਾਦ, 1961 |
| ਰਘੁਵੰਸ਼ (ਡਾ:) | ਪ੍ਰਕਿਰਤੀ ਔਰ ਹਿੰਦੀ ਕਾਵਯ | ਪ੍ਰਯਾਗ 2023 |
| ਰਮੇਸ਼ਵਰ ਨਾਥ ਖੰਡੇਲਵਾਲ ਤਰੁਣ | ਕਵਿਤਾ ਮੇਂ ਪ੍ਰਕਿਰਤੀ-ਚਿਤ੍ਰਣ | ਦਿੱਲੀ, 1959 |
| ਰਿਗਵੇਦ | | |
| ਰਾਧਾ ਕ੍ਰਿਸ਼ਨਨ(ਡਾ:) | ਭਾਰਤੀਯ ਦਰਸ਼ਨ | ਬੰਬਈ 1915 |
| | ਭਾਗ 2 | |

| | | |
|---|---|---|
| ਵਿਦਿਆ ਭਾਸਕਰ ਅਰੁਣ | ਅਧਿਆਤਮਿਕ ਕਾਵਿਧਾਰਾ ਤੇ ਨਾਥ ਜੋਗੀ | |
| ਵਿਯੋਗੀ ਹਰੀ | ਸੰਤ - ਸੁਧਾਸਾਰ | |

**<u>ਉਰਦੂ ਪੁਸਤਕਾਂ</u>**

ਫਿਰੋਜ਼ੀ ਮਲਵੀ - ਮੁਹੰਮਦ ਫਿਰੋਜ਼ਦੀਨ - ਉਰਦੂ ਲੁਗਾਤ ਫਿਰੋਜ਼ੀ

| | | |
|---|---|---|
| ਮੁਨਸ਼ੀ ਬਿਸ਼ੰਭਰ ਦਿਆਲ | ਜਵਾਹਰ-ਅਲ- ਲੁਗਾਤ ਫਾਰਸੀ | ਅਲਾਹਾਬਾਦ, 1929 |

*****
****